ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਰਾਸਿ ਦਸਵੀਂ Raas 10

# Sri Gur Partap Suraj Granth


ਕ੍ਰਿਤ:

ਭਾਈ ਸੰਤੋਖ ਸਿੰਘ ਜੀ ‘ਕਵਿ ਚੂੜਾਮਣਿ’

By

Bhai Santokh Singh ‘Kavi Churamani’


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji’s
Four Sahibzadas & Mata Gujri ji


ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji



© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਕੀ-ਸਟ੍ਰੋਕ ਸੂਚੀ

## ਤਤਕਰਾ ਰਾਸਿ ਦਸਵੀਂ

## ਰਾਸਿ ਦਸਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਦਸਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ੧੦ ਉਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

੫੨ ੫੩ ੫੪ ੫੫ ੫੬

# ਕੀ-ਸਟ੍ਰੋਕ ਸੂਚੀ

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫਾਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

| | | | | | | | | | |
|---|---|---|---|---|---|---|---|---|---|
| ੳ | ਅ | ੲ | ਸ | ਹ | ਕ | ਖ | ਗ | ਘ | ਙ |
| A | a | e | s | h | k | K | g | G | Alt+ 249 |
| ਚ | ਛ | ਜ | ਝ | ਞ | ਟ | ਠ | ਡ | ਢ | ਣ |
| c | C | j | J | Alt+ 248 | t | T | f | F | N |
| ਤ | ਥ | ਦ | ਧ | ਨ | ਪ | ਫ | ਬ | ਭ | ਮ |
| q | Q | d | D | n | p | P | b | B | m |
| ਯ | ਰ | ਕ | ਵ | ੜ | ਸ਼ | ਖ਼ | ਗ਼ | ਜ਼ | ਫ਼ |
| X | r | k | v | V | S | Alt+ 222 | Alt+ 223 | Z | Alt+ 227 |
| ਲ਼ | ਨੂੰ | ਜ | ੍ਯ | ਾ | ਾਂ | ਿ | ੀ | ੁ | ੂ |
| Alt+ 253 | L | Alt+ 206 | Alt+ 236 | w | W | i | I | u | Alt+ 252 |
| ੂ | ੂ | ੑ | ੇ | ੈ | ੋ | ੌ | ਂ | ੰ | ੰ |
| U | Alt+ 193 | Alt+ 216 | y | Y | o | O | x | M | Alt+ 251 |
| ੱ | ੱ | ੍ | ੍ਚ | ੍ਹ | ੍ਥ | ੍ਟ | ੍ਤ | ੍ਵ | ੍ਰ |
| z | Alt+ | Alt+ 196 | Alt+ 180 | H | Alt+ 231 | Alt+ 195 | Alt+ 156 | Alt+ 205 | R |
| ੑ | ਼ | ਃ | | | | | | | |
| Alt+ 216 | Alt+ 230 | Alt+ 218 | | | | | | | |

# ਤਤਕਰਾ ਰਾਸਿ ੧੦



| | ਰਾਸਿ ਦਸਵੀਂ |
|---|---|
| ੧ | ਅੰਸੂ ੧. [ਮੰਗਲ। ਸ਼੍ਰੀ ਹਰਿਰਾਇ ਕਰਤਾਰਪੁਰਿ ਆਗਵਨ]<br>੧. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।<br>੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।<br>੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।<br>੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।<br>੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।<br>੬. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।<br>੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।<br>੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।<br>੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।<br>੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।<br>੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।<br>੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿਘੰ ਜੀ-ਮੰਗਲ।<br>[ਬਿਨਤੀ]<br>੧੩. ਸਮਸਤ ਗੁਰ ਮੰਗਲ।<br>[ਮੰਗਲ ਸਮਾਪਤਿ ਤੇ ਕਥਾ ਆਰੰਭ] |
| ੨ | ੨. [ਕਰਤਾਰ ਪੁਰ ਵਸਾਉਣ ਦੀ ਕਥਾ] |
| ੩ | ੩. [ਕਰਤਾਰ ਪੁਰ ਦੀ ਕਥਾ] |
| ੪ | ੪. [ਭਾਈ ਭਗਤੂ] |
| ੫ | ੫. [ਕੌੜੇ ਤੇ ਮਰ੍ਹਾਜਕੇ ਰਾਹਕ] |
| ੬ | ੬. [ਮਰ੍ਹਾਜ ਕੇ ਤੇ ਕੌੜੇ ਰਾਹਕ] |
| ੭ | ੭. [ਮਰ੍ਹਾਜ ਕੇ ਤੇ ਕੌੜੇ ਰਾਹਕ] |
| ੮ | ੮. [ਜੈਤ ਪਿਰਾਣਾ ਬੁੱਧ] |
| ੯ | ੯. [ਮਰ੍ਹਾਜ ਕਿਆਂ ਦਾ ਵੱਸਣਾ] |
| ੧੦ | ੧੦. [ਗੌਰਾ ਜਨਮ, ਭਗਤੂ ਦੀ ਨਵੀਂ ਵਿਆਹੁਤਾ ਦਾ ਹਾਲ। ਜੱਸੇ ਦੀ ਬੋਲੀ] |
| ੧੧ | ੧੧. [ਜੱਸੇ ਦੀ ਮੌਤ। ਗੌਰੇ ਨੂੰ ੧੦੧ ਸ੍ਰਾਪ। ਕੀਰਤਪੁਰ ਪੁੱਜੇ] |
| ੧੨ | ੧੨. [ਸ਼੍ਰੀ ਗੁਰ ਨਿੱਤ ਬਿਵਹਾਰ] |
| ੧੩ | ੧੩. [ਗੁਰੂ ਜੀ ਦਾ ਡੇਰਾ ਤੁਰਕਾਂ ਦੇ ਘੇਰੇ ਵਿਚ] |
| ੧੪ | ੧੪. [ਗੌਰੇ ਦਾ ਤੁਰਕਾਂ ਨਾਲ ਯੁੱਧ] |
| ੧੫ | ੧੫. [ਗੌਰੇ ਦੇ ਸ੍ਰਾਪ ਬਖਸ਼ੇ] |

| | |
|---|---|
| ੧੬ | ੧੬. [ਕਰਤਾਰ ਪੁਰ ਨਿਵਾਸ। ਦਿਜ ਪੁੱਤ੍ਰ ਮੋਇਆ] |
| ੧੭ | ੧੭. [ਬ੍ਰਾਹਮਣ ਦਾ ਪੁੱਤ੍ਰ ਜਿਵਾਇਆ] |
| ੧੮ | ੧੮. [ਸ਼ਕਰ ਗੰਗ ਲੱਗਣ ਦੀ ਕਥਾ] |
| ੧੯ | ੧੯. [ਰਾਮਰਾਇ ਬਾਬਤ ਧੀਰਮਲ ਦਾ ਗੁਰੂ ਜੀ ਨੂੰ ਕਹਿਣਾ] |
| ੨੦ | ੨੦. [ਗੁਰ ਜੀ ਦਾ ਉੱਤਰ। ਵਾਪਸ ਕੀਰਤਪੁਰਿ ਆਉਣਾ] |
| ੨੧ | ੨੧. [ਗੁਰਬਾਣੀ ਮਹਿਮਾਂ। ਸਿੱਖੀ ਜਹਾਜ਼ ਫੁਟਿਆ ਦਾ ਵਾਕ] |
| ੨੨ | ੨੨. [ਪੌਰਾਣਕ ਪ੍ਰਸੰਗ-ਧੁੰਧ ਤੇ ਉਤੰਕ ਰਿਖੀ] |
| ੨੩ | ੨੩. [ਧੁੰਧੂ ਨਾਲ ਜੰਗ ਦੀ ਤਿਆਰੀ] |
| ੨੪ | ੨੪. [ਧੁੰਧੂ ਬੱਧ ਕਥਾ] |
| ੨੫ | ੨੫. [ਗਾਲਵ ਦੇ ਛੇ ਸੌ ਘੋੜਾ ਪ੍ਰਾਪਤ ਕਰਨ ਦੀ ਕਥਾ] |
| ੨੬ | ੨੬. [ਗਾਲਵ ਦੀ ਭੇਟਾ। ਰਾਜਾ ਜਜਾਤੀ] |
| ੨੭ | ੨੭. [ਸ਼੍ਰੀ ਹਰਿਰਾਇ ਬੈਕੁੰਠ ਗਮਨ] |
| ੨੮ | ੨੮. [ਸ਼੍ਰੀ ਰਾਮਰਾਇ ਜੀ ਦੀ ਈਰਖਾ] |
| ੨੯ | ੨੯. [ਸ਼੍ਰੀ ਰਾਮਰਾਇ ਜੀ ਦੀ ਈਰਖਾ] |
| ੩੦ | ੩੦. [ਰਾਮਰਾਇ ਜੀ ਦੀ ਦ੍ਵੈਸ਼] |
| ੩੧ | ੩੧. [ਸ਼੍ਰੀ ਰਾਮਰਾਇ ਜੀ ਦੀ ਦ੍ਵੈਸ਼] |
| ੩੨ | ੩੨. [ਸ਼੍ਰੀ ਰਾਮਰਾਇ ਜੀ ਦੀ ਦ੍ਵੈਸ਼ਤਾ] |
| ੩੩ | ੩੩. [ਸਤਿਗੁਰੂ ਜੀ ਨੂੰ ਲੈਣ ਜੈ ਸਿੰਘ ਦਾ ਦੂਤ ਗਿਆ] |
| ੩੪ | ੩੪. [ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਪਾਸ ਰਾਜਾ ਜੈ ਸਿੰਘ ਦਾ ਪਰਧਾਨ ਪੁੱਜਾ] |
| ੩੫ | ੩੫. [ਪਰਧਾਨ ਗੁਰੂ ਜੀ ਪਾਸ] |
| ੩੬ | ੩੬. [ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਲੀ ਨੂੰ ਜਾਣਾ] |
| ੩੭ | ੩੭. [ਸੰਗਤਾਂ ਦੇ ਮੇਲੇ] |
| ੩੮ | ੩੮. [ਝੀਵਰ ਤੋਂ ਗੀਤਾ ਦੇ ਅਰਥ] |
| ੩੯ | ੩੯. [ਦਿੱਲੀ ਪੁੱਜੇ] |
| ੪੦ | ੪੦. [ਦਿੱਲੀ ਵਿਖੇ ਨਿਵਾਸ] |
| ੪੧ | ੪੧. [ਗੁਰੂ ਜੀ ਦੀ ਮਹਿਮਾਂ ਸੁਣਕੇ ਰਾਮਰਾਇ ਦੀ ਈਰਖਾ। ਸ੍ਰਾਪ] |
| ੪੨ | ੪੨. [ਰਾਮਰਾਇ ਬਾਬਤ ਭਵਿੱਖਤ ਵਾਕ] |
| ੪੩ | ੪੩. [ਸਹਿਜ਼ਾਦਾ ਭੇਟਾ ਲੈ ਕੇ ਆਇਆ] |
| ੪੪ | ੪੪. [ਜੈ ਸਿੰਘ ਦੀ ਪਟਰਾਣੀ ਪ੍ਰੀਖਯਾ] |
| ੪੫ | ੪੫. [ਜੈ ਸਿੰਘ ਗੁਰੂ ਜੀ ਨੂੰ ਲੈਣ ਆਯਾ] |
| ੪੬ | ੪੬. [ਪਟਰਾਣੀ ਪਛਾਣੀ] |

| | |
|---|---|
| ੪੭ | ੪੭. [ਰਾਜਾ ਸਿੱਖ ਹੋਇਆ] |
| ੪੮ | ੪੮. [ਸ਼੍ਰੀ ਗੁਰੂ ਜੀ ਦੇ ਸ਼ਰੀਰ ਨੂੰ ਖੇਚਲ। ਸ਼ਹਿਰੋਂ ਬਾਹਰ ਡੇਰਾ] |
| ੪੯ | ੪੯. [ਸਰੀਰ ਨੂੰ ਖੇਚਲ] |
| ੫੦ | ੫੦. [ਸੀਤਲਾ ਨਿਕਲੀ] |
| ੫੧ | ੫੧. [ਸੰਗਤਾਂ ਨੂੰ ਉਪਦੇਸ਼] |
| ੫੨ | ੫੨. [ਸੰਗਤ ਨੂੰ ਉਪਦੇਸ਼] |
| ੫੩ | ੫੩. [ਸੱਚਖੰਡ ਪਯਾਨ] |
| ੫੪ | ੫੪. [ਸਰੀਰ ਦਾ ਸਸਕਾਰ] |
| ੫੫ | ੫੫. [ਸੰਗਤਿ ਵਿੱਚ ਵਿਚਾਰ] |
| ੫੬ | ੫੬. [ਮਸੰਦਾਂ ਦਾ ਜ਼ੋਰ। ਗੁਰੂ ਦੀ ਭਾਲ] |

# ਰਾਸ਼ਿ ਦਸਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ਼੍ਰੀ ਵਾਹਿਗੁਰੂ ਜੀ ਕੀ ਫਤੇ ॥

## ਅਥ ਦਸਮਿ ਰਾਸ਼ਿ ਕਥਨੰ ॥

ਅਰਥ: ਹੁਣ ਦਸਵੀਂ ਰਾਸ ਦਾ ਕਥਨ ਕਰਦੇ ਹਾਂ।

### ਅੰਸੂ ੧. [ਮੰਗਲ। ਸ਼੍ਰੀ ਹਰਿਰਾਇ ਕਰਤਾਰਪੁਰਿ ਆਗਵਨ]

<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨

੧. ਇਸ਼੍ਰ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

ਦੋਹਰਾ: ਸਤਿ ਚਿੰਤ ਅਨੰਦ ਪ੍ਰਮਾਤਮਾ, ਸਭਿ ਜੀਵਨ ਕੋ ਜੀਵ।
ਸਦਾ ਸ਼ਾਂਤਿ, ਨਭ ਸਮ ਰਵ੍ਯੋ, ਸਰਬ ਸ਼ਕਤਿ ਕੋ ਸੀਵ ॥੧ ॥

ਸਤਿ ਚਿਤ ਅਨੰਦ = ਅਰਥਾਂ ਲਈ ਦੇਖੋ ਰਾਸ ੧ ਅੰਸੂ ੧ ਅੰਕ ੫ ਦੇ ਪਦ ਅਰਥ। ਸ਼ਾਂਤਿ = ਜਿਸ ਉੱਤੇ ਕਿਸੇ ਹੋਰ ਦਾ ਕੋਈ ਪ੍ਰਭਾਵ ਨਾ ਪੈ ਸਕੇ। ਜਿਸ ਵਿਚ ਕੋਈ ਵਿਕਾਰ ਆਦਿ ਨਾ ਉਪਜੇ। ਅਡੋਲ। ਨਭ = ਅਕਾਸ਼। ਸੀਵ = ਹੱਦ, ਅਵਧੀ।

ਅਰਥ: ਸਤਿ ਚਿਤ ਆਨੰਦ (ਸਰੂਪ ਜੋ) ਪ੍ਰਮਾਤਮਾ ਹੈ ਸੋ ਸਦਾ ਸ਼ਾਂਤਿ ਹੈ (ਫਿਰ ਉਹ ਸਾਰੇ ਅਕਾਸ਼ ਵਤ ਰਵ ਰਿਹਾ ਹੈ (ਤੇ ਨਿਰਾ ਵਜਾਪਕ ਹੀ ਨਹੀਂ, ਪਰ) ਸਾਰੀਆਂ ਸ਼ਕਤੀਆਂ ਦੀ ਹੱਦ ਹੈ ਤੇ ਸਾਰੇ ਜੀਵਾਂ ਨੂੰ ਜੀਵਨ (ਦਾਨ ਕਰ ਰਿਹਾ ਹੈ)।

ਭਾਵ: ਜਿਵੇਂ ਪਿੱਛੇਂ ਰਾਸ ੬ ਅੰਸੂ ੧ ਅੰਕ ਦੇ ਮੰਗਲ ਵਿਚ ਵਰਣਿਤ ਹੋਇਆ ਹੈ ਕਿ ਪ੍ਰਮਾਤਮਾਂ ਸਤਿ ਚਿਤ ਆਨੰਦ ਸਰੂਪ ਹੈ ਉਹ ਕਿਸੇ ਜੋਸ਼, ਵਿਕਾਰ, ਖੋਭ ਕਿਸੇ ਦੂਸਰੇ ਦੇ ਅਸਰ ਹੇਠ ਆਉਣ ਤੋਂ ਪਰੇ ਸਦਾ ਅਡੋਲ ਹੈ। ਫਿਰ ਵਜਾਪਕ ਹੈ ਅਕਾਸ਼ ਵਾਂਙੂ, ਪਰ ਅਕਾਸ਼ ਵਾਂਙੂ ਸ਼ੁਨ ਨਹੀਂ, ਸ਼ਕਤੀਮਾਨ ਹੈ, ਪਰ ਸੁੱਤੀਆਂ ਸ਼ਕਤੀਆਂ ਦਾ ਧਾਰਨ ਹਾਰ ਨਹੀਂ, ਸਗੋਂ ਸਭ ਜ਼ਿੰਦਗੀ ਦਾ ਜੀਵਨ ਦਾਤਾ ਹੋ ਕੇ ਉਨ੍ਹਾਂ ਸ਼ਕਤੀਆਂ ਨੂੰ ਵਰਤ ਰਿਹਾ ਹੈ। ਜੀਵਨ ਦਾਤਾ ਬੀ ਹੈ ਜੀਵਨ ਦਾ ਆਧਾਰ ਬੀ ਹੈ। ਪਾਲਦਾ ਹੈ, ਰੱਖਦਾ ਹੈ, ਇਸ ਕਰਕੇ ਸਭ ਸ਼ਕਤੀਆਂ ਦਾ ਮਾਲਿਕ ਤੇ ਵਰਤਨਹਾਰ ਕਿਹਾ ਹੈ। ਭਾਵ ਇਹ ਹੈ ਕਿ 'ਪਾਕੀ ਨਾਈ ਪਾਕ' ਬੀ ਹੈ ਤੇ ਫਿਰ 'ਕਰਤਾ ਤੇ ਕਾਦਿਰੁ' ਬੀ ਹੈ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਕਬਿੱਤ: ਚੰਦ੍ਰਮਾ ਬਦਨ, ਸ਼ੁਭ ਮੱਤਿ ਕੀ ਸਦਨ ਸਦ,
ਬਿਸਦ ਰਦਨ ਕੀ ਦਿਪਤਿ ਦੁਤਿ ਦਾਮਨੀ।
ਬਾਨੁ ਦੰਡ ਪਾਣੀ ਤੀਨ ਲੋਕ ਮੈਂ ਸੁਜਾਨ ਜਾਣੀ,
ਸਭੈ ਮਨ ਭਾਣੀ ਮਹਾਰਾਣੀ ਅਭਿਰਾਮਨੀ।
ਪੁੰਜ ਗੁਨਖਾਣੀ, ਗਨ ਬਿਘਨ ਪਰਾਣੀ ਗਾਣੀ,
ਅਰੁਣ ਬਰਣ ਪਾਣੀ, ਸਲਿਤਾ ਪ੍ਰਗਾਮਨੀ।
ਮਹਾਂ ਮੋਦ ਮਾਣੀ, ਬਾਣੀ ਰੂਪ ਹੈ ਸਮਾਣੀ ਜਗ,
ਬੰਦਨਾ ਸੰਤੋਖ ਸਿੰਘ ਰਾਣੀ ਦਿਨ ਜਾਮਨੀ ॥੨॥

ਬਦਨ = ਮੁੱਖ। ਬਿਸਦ = ਚਿੱਟੇ [ਸੰਸ: ਵਿਸਦ]
ਬਿਸਦ ਰਦਨ = ਚਿੱਟੇ ਦੰਦ। ਦਾਮਨੀ = ਬਿਜਲੀ।
ਬੇਨੁ ਦੰਡ ਪਾਣੀ = ਦੇਖੋ ਰਾਸ ੪ ਅੰਸੂ ੧ ਅੰਕ ੧ ਦੇ ਅਰਥ।
ਅਭਿਰਾਮਨੀ = ਸੁੰਦਰ। ਮਨ ਨੂੰ ਪਿਆਰੀ ਲੱਗਣ ਵਾਲੀ।
ਪਰਾਣੀ = ਭੁਜਾ ਦੇਣ ਵਾਲੀ, ਦੂਰ ਕਰਨ ਵਾਲੀ; ਨਾਸ਼ ਕਰਤਾ, [ਸੰਸ: ਪਲਾਯਨ = ਭੱਜਣਾ। ਗਾਣੀ = ਜਿਸ ਦੀ ਕੀਰਤੀ ਕੀਤੀ ਜਾਦੀ ਹੈ। ਅਰੁਣ ਬਰਣ ਪਾਣੀ = ਲਾਲਾ ਰੰਗ ਦੇ ਹੱਥਾਂ ਵਾਲੀ। ਸਲਿਤਾ = ਨਦੀ।
ਪ੍ਰਗਾਮਨੀ = ਭਲੀ ਤਰ੍ਹਾਂ ਚੱਲਣ ਵਾਲੀ। ਮਾਣੀ = ਮਾਉਣ ਵਾਲੀ ਭਾਵ ਧਾਰਨ ਕਰਨ ਵਾਲੀ। ਸਮਾਣੀ = ਚੰਗੀ ਤਰ੍ਹਾਂ ਮੰਨੀ ਗਈ। (ਅ) ਸਮਾ ਰਹੀ ਹਾ। ਰਾਣੀ = ਪ੍ਰਕਾਸ਼ ਸਰਪਾ।
ਜਾਮਨੀ = ਰਾਤਿ।

ਅਰਥ: ਚੰਦ੍ਰਮਾਂ (ਵਰਗੇ) ਮੁਖੜੇ ਵਾਲੀ, ਸਦਾ ਸ੍ਰੇਸ਼ਟ ਮਤਿ ਦਾ ਘਰ, ਜਿਸਦੇ ਚਿੱਟੇ ਦੰਦਾਂ ਦੀ ਸ਼ੋਭਾ ਬਿਜਲੀ ਵਤ ਪ੍ਰਕਾਸ਼ਦੀ ਹੈ। ਵੀਣਾਂ ਦੰਡ ਜਿਸ ਦੇ ਹੱਥ ਵਿੱਚ ਹੈ (ਤੇ) ਤਿਨਾ ਲੋਕਾਂ ਵਿਚ ਜੋ (ਵੀਣਾ ਵਜਾਉਣ ਵਿਚ) ਸੁਜਾਨ ਜਾਣੀ ਜਾਂਦੀ ਹੈ, ਸਭਨਾਂ ਦੇ ਮਨ ਨੂੰ ਭਾਉਂਦੀ ਹੈ (ਇਹ) ਸੁਦਰ ਮਹਾਂਰਾਣੀ।

ਸਮੂਹ ਗੁਣਾਂ ਦੀ ਖਾਣ ਤੇ 'ਸਾਰੇ ਬਿਘਨਾਂ ਦੀ ਨਾਸ਼ ਕਰਤਾ' (ਜਿਸ ਦੀ ਕੀਰਤੀ) ਗਾਵੀਂ ਜਾਂਦੀ ਹੈ, ਲਾਲ ਰੰਗ ਦੇ ਜਿਸ ਦੇ ਹੱਥ ਹਨ ਤੇ ਚਾਲ ਜਿਸ ਦੀ ਨਦੀ (ਵਤ ਗੰਭੀਰ) ਹੈ। (ਜੋ) ਮਹਾਂ ਅਨੰਦ ਦੇ ਧਾਰਨ ਵਾਲੀ ਹੈ ਤੇ ਜਗਤ ਵਿਖੇ ਬਾਣੀ ਸ੍ਵਰੂਪ ਮੰਨੀ ਗਈ ਹੈ, ਕਵੀ ਸੰਤੋਖ ਸਿੰਘ ਜੀ (ਕਹਿੰਦੇ ਹਨ ਕਿ ਮੈਂ ਰਾਤ ਦਿਨੇ ਐਸੀ ਪ੍ਰਕਾਸ਼ ਸਰੂਪਾ ਨੂੰ ਬੰਦਨਾ ਕਰਦਾ ਹਾਂ।

ਭਾਵ: ਬਾਣੀ ਦਾ ਮੰਗਲ ਕਰਦੇ ਹਨ, ਉਸਨੂੰ ਵਜਕਤੀਵਾਨ ਕਥਨ ਕਰਦੇ ਹੋਏ ਸ਼ੁਭ ਮਤਿ ਦੀ ਦਾਤੀ, ਪ੍ਰਕਾਸ਼ ਸਰੂਪਾ, ਦੁਤੀ ਜਿਸ ਦੀ ਉੱਜਲ ਹੈ ਦੰਦਾਂ ਸਮਾਨ ਤੇ ਬਿਜਲੀ ਸਮਾਨ, ਯਾ ਦੰਦ ਜਿਸ ਦੇ ਉੱਜਲ ਹਨ, ਦੱਸਦੇ ਹਨ। ਦੰਦਾਂ ਦਾ ਇਸ਼ਾਰਾ ਸਾਹਿਤਜ ਵਿੱਚ ਦੂਸ਼ਨ ਭੂਸ਼ਨ ਦੀ ਛਾਂਨ ਵੱਲ ਹੈ। 'ਵੀਣਾ ਹੱਥ ਵਿਚ' ਤੋਂ ਮੁਰਾਦ ਸੰਗੀਤ ਵਿਦਿਆਂ ਦੀ ਦਾਤੀ ਹੋਣ ਤੋਂ ਹੈ। ਸਾਰੇ ਸਾਹਿਤਜ ਤੇ ਰਾਗ ਆਦਿ ਕੋਮਲ ਗੁਣਾਂ ਵਾਲੀ ਹੋਣ ਕਰਕੇ ਸਭ ਨੂੰ ਭਾਉਂਦੀ ਦੱਸਿਆ ਹੈ। ਸਾਰੇ ਸਾਹਿਤਜ, ਕਾਵਜ, ਚਿੱਤ੍ਰਕਾਰੀ, ਸ਼ਿਲਪ ਆਦਿ ਗੁਣਾਂ ਦੀ ਅਧਿਸ਼ਠਾਤਾ ਹੈ ਤੇ ਕਲਾਮ ਕੌਸਲੀਆਂ ਦੇ ਵਿਘਨਾਂ ਨੂੰ ਹਰਨ ਵਾਲੀ ਹੈ। ਸਲਿਤਾ ਵਰਗੀ ਚਾਲ ਹੈ ਤੇ ਹੱਥ ਲਾਲ ਹਨ। ਨਦੀ ਸਰਸ੍ਵਤੀ ਦੇ ਨਾਮ ਤੋਂ ਹੀ ਸ਼ਾਰਦਾ ਦਾ ਨਾਮ ਸਰਸ੍ਵਤੀ ਪਿਆ ਸੀ। ਫਿਰ ਇਸ ਵਿਚ ਇਹ ਕਟਾਖਜ ਹੈ ਕਿ ਸੁੰਦਰ ਰਚੀ ਹੋਈ ਬਾਣੀ ਬਣਤ ਤੇ ਉਚਾਰਣ ਨਦੀ ਦੀ ਚਾਲ ਵਤ ਗੰਭੀਰ ਹੋਇਆ ਕਰਦੀ ਹੈ। ਹੱਥ ਲਾਲ ਕਹਿਣ ਵੇਲੇ ਕਵੀ ਜੀ ਦੇ ਨੈਣਾਂ ਅੱਗੇ ਜਲ ਵਿਚ ਕਮਲ ਦਿੱਸ ਰਹੇ ਹਨ ਤੇ ਇਥੇ ਸ਼ਲੇਖ ਅਰਥ ਵਿਚ ਕਹਿ ਰਹੇ ਹਨ ਕਿ 'ਹੇ ਸਰਸ੍ਵਤੀ ਤੇਰਾ ਪਾਣੀ ਲਾਲ ਰੰਗ ਦਾ ਹੈ।' ਗੰਗਾ ਦਾ ਚਿੱਟਾ, ਜਮਨਾ ਦਾ ਕਾਲਾ, ਸੁਰੱਸ੍ਵਤੀ ਦਾ ਲਾਲ ਰੰਗ ਮੰਨਿਆ ਹੈ। ਫਿਰ ਸ਼ਲੇਖ ਵਿਚ ਇਹ ਬੀ ਹੈ:- 'ਅਰਣ ਬਰਣ ਪਾਣੀ' = ਹੱਥ ਵਿਚ ਅੱਖਰਾਂ ਦੀ ਅਰਣੀ ਹੈ, ਅਰਣੀ ਉਹ ਲਕੜੀ ਹੈ ਜੋ ਯੋਗ ਅਗਨੀ ਪ੍ਰਜ੍ਵਲਤ ਕੀਤੀ ਜਾਂਦੀ ਹੈ,

ਸਰਸ੍ਵਤੀ ਦੇ ਸਾਹਿਤਕ ਯੱਗ ਦਾ ਸਾਰਾ ਹੋਮ ਅੱਖਰਾਂ ਨਾਲ ਹੀ ਹੁੰਦਾ ਹੈ। ਫਿਰ ਸਾਹਿਤ ਪੜ੍ਹਕੇ ਸੁਆਦ ਆਉਂਦਾ ਹੈਂ ਇਸ ਕਰਕੇ ਮੋਦ ਦੇ ਧਾਰਨ ਵਾਲੀ ਕਹੀ ਹੈ।

### ੩. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਦੋਹਰਾ: ਸੁੰਦਰ ਕੀਰਤਿ ਚੰਦ੍ਰਿਕਾ, ਚਹੁੰਦਿਸ਼ਿ ਤਨਜੋ ਬਿਤਾਨ।
ਸ਼੍ਰੀ ਨਾਨਕ ਜਗ ਗੁਰੂ ਕੋ, ਨਮੋ ਜੋਰਿ ਜੁਗ ਪਾਨ ॥੩॥

ਬਿਤਾਨ = ਚੰਦੋਆ। ਚੰਦ੍ਰਿਕਾ = ਚੰਦ ਦੀ ਚਾਨਣੀ। ਪਾਨ = ਹੱਥ।

ਅਰਥ: ਸ਼੍ਰੀ (ਗੁਰੂ) ਨਾਨਕ ਦੇਵ ਜਗਤ ਗੁਰੂ ਜੀ ਦੀ ਕੀਰਤੀ (ਚੰਦ੍ਰਮਾਂ ਦੀ) ਚਾਨਣੀ (ਵਾਂਙੂ ਉੱਜਲ) ਹੈ (ਇਸ ਚਾਂਦਨੀ ਦਾ ਮਾਨੋ) ਚੰਦੋਆ (ਸਾਰੇ ਜਗਤ ਤੇ) ਚਾਰੋਂ ਪਾਸੇ ਤਣ ਰਿਹਾ ਹੈ (ਐਸੇ ਗੁਰੂ ਜੀ ਨੂੰ) ਦੋਵੇ ਹੱਥ ਜੋੜਕੇ ਮੇਰੀ ਨਮਸਕਾਰ ਹੈਂ।

### ੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਅਜਰ ਜਰਨਿ, ਧੀਰਜ ਧਰਨਿ, ਧਰਨਿ ਮਨਿੰਦ ਬਿਲੰਦ।
ਸ਼੍ਰੀ ਅੰਗਦ ਪਦ ਪਦਮ ਕੋ, ਬੰਦਨ ਬਿਘਨ ਨਿਕੰਦ ॥੪ ॥

ਧਰਨਿ ਮਨਿੰਦ = ਧਰਤੀ ਵਤ। ਪਦ ਪਦਮ = ਚਰਨ ਕਵਲ।
ਨਿਕੰਦ = ਕੱਟਣ ਵਾਲੇ।

ਅਰਥ: ਸ਼੍ਰੀ (ਗੁਰੂ) ਅੰਗਦ ਦੇਵ ਜੀ (ਜੋ) ਅਜਰ (ਵਸਤੂ) ਦੇ ਜਰਨ ਵਾਲੇ ਤੇ ਧਰਤੀ ਵਤ ਬੜੇ ਧੀਰਜ ਧਾਰੀ (ਹੋਏ) ਹਨ, (ਤਿਨ੍ਹਾਂ ਦੇ) ਬਿਘਨ ਨਾਸ਼ਕ ਚਰਨ ਕਵਲਾਂ ਪਰ (ਮੈਂ) ਨਮਸਕਾਰ ਕਰਦਾ ਹਾਂ।

### ੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

ਕੁਲ ਭੱਲਜਨਿ ਕੀ ਕਲਸ਼ ਭੇ, ਅਜ਼ਮਤ ਕੇ ਦਾਤਾਰ।
ਸ਼੍ਰੀ ਗੁਰ ਅਮਰ ਅਨੰਦ ਮੈ, ਨਮੋ ਚਰਨ ਪਰਿ ਧਾਰਿ ॥੫॥

ਕਲਸ = ਸ਼ਿਰੋਮਣੀ [ਸੰਸ: ਕਲਸ਼ = ਘੋੜਾ] ਸੋਨੇ ਦਾ ਲੰਮਾ ਘੜੇ ਨੁਮਾ ਬਣਾਉ ਜੋ ਗੁਬੰਦਾਂ ਉੱਤੇ ਲਗਦਾ ਹੈ, ਇਸ ਕਰਕੇ ਕਲਸ ਦਾ ਅਰਥ 'ਸ਼ਿਰੋਮਣੀ' ਲਾਉਂਦੇ ਹਨ।
ਅਜ਼ਮਤਿ = ਕਰਾਮਾਤ (ਅ) ਬਜ਼ੁਰਗੀ। [ਅ: ਅਜ਼ਮਤ]
{ਅਨੰਦ ਮੈ = ਅਨੰਦ ਮਯ। ਅਨੰਦ ਸਰੂਪ}।

ਅਰਥ: ਅਨੰਦ ਸਰੂਪ ਸ਼੍ਰੀ ਗੁਰੂ ਅਮਰ ਦੇਵ ਜੀ (ਜੋ) ਭੱਲਿਆ ਦੀ ਕੁਲ ਵਿਖੇ ਸ਼ਿਰੋਮਣੀ ਤੇ ਅਜ਼ਮਤ ਤੇ ਦਾਤਾ ਹੋਏ ਹਨ (ਤਿਨ੍ਹਾਂ ਦੇ) ਚਰਨਾਂ (ਕਵਲਾਂ) ਪਰ (ਸਿਰ) ਧਰਕੇ ਨਮਸਕਾਰ ਕਰਦਾ ਹਾਂ।

ਭਾਵ: ਆਪਣੇ ਨਿਜ ਸਰੂਪ ਵਿਚ ਗੁਰੂ ਅਮਰਦੇਵ ਜੀ ਆਨੰਦ ਸਰੂਪ ਹਨ, ਸੰਸਾਰ ਦੇ ਸੰਬੰਧ ਵਿਚ ਅਜ਼ਮਤ ਦੇ ਦਾਤਾ ਹਨ, ਅਤੇ ਕੁਲ ਦੇ ਸੰਬੰਧ ਵਿਚ ਆਪਣੀ ਕੁਲ ਨੂੰ ਚਾਰ ਚੰਦ ਲਾਉਣ ਵਾਲੇ ਹਨ।

### ੬. ਇਸ਼੍ਰ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

ਸਦਾ ਸ਼ਾਂਤਿ ਚਿਤ ਗ੍ਰਿਹਸਤ ਮਹਿਂ, ਬਡਿ ਸੋਢੀ ਸੁਲਤਾਨ।
ਰਾਮਦਾਸ ਸ਼੍ਰੀ ਸਤਿਗੁਰੂ, ਤਿਨਿ ਪਦ ਬੰਦਨ ਠਾਨਿ ॥੬॥

{ਸੁਲਤਾਨ = ਪਾਤਸ਼ਾਹ। [ਅ: ਸੁਲਤਾਨ] ਸ਼ਾਂਤਿ = ਅਡੋਲ, ਖੋਭ ਰਹਿਤ}।

ਅਰਥ: ਵੱਡੇ ਸੋਢੀ ਸੁਲਤਾਨ ਸ੍ਰੀ ਸਤਿਗੁਰੂ ਰਾਮਦਾਸ ਜੀ ਗ੍ਰਿਹਸਤ ਵਿਖੇ ਸਦਾ ਹੀ ਸ਼ਾਂਤਿ ਚਿਤ ਰਹਿਣ ਵਾਲੇ ਹਨ, ਤਿਨ੍ਹਾਂ ਦੇ ਚਰਨਾਂ (ਕਵਲਾਂ) ਪਰ ਬੰਦਨਾ ਕਰਦਾ ਹਾਂ।

ਭਾਵ: ਗ੍ਰਿਹਸਤ ਧਰਮ ਦੇ ਨਿਰਬਾਹ ਵਿਚ ਸ਼ਾਂਤਿ ਚਿਤ ਹਨ, ਕੁਲ ਦੇ ਸੰਬੰਧ ਵਿਚ ਸੁਲਤਾਨ (ਸ਼ਿਰੋਮਣੀ) ਹਨ ਤੇ ਜਗਤ ਉਧਾਰਨ ਵਿਚ ਸੱਚੇ ਗੁਰੂ ਹਨ।

### ੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਹੇਤ ਭਵਿੱਖਜਤ ਤਾਰਿਬੇ, ਰਚԄ ਗ੍ਰਿੰਥ ਸ਼੍ਰੁਤਿ ਸਾਰ।
ਸ੍ਰੀ ਅਰਜਨ ਪਗ ਕਮਲ ਪਰ, ਨਮਸਕਾਰ ਸਿਰ ਧਾਰਿ ॥੭॥

{ਸ਼੍ਰੁਤਿ ਸਾਰ = ਸ਼੍ਰੁਤੀਆਂ ਤੋਂ ਸ਼੍ਰੇਸ਼ਟ। (ਅ) ਸ਼੍ਰੁਤੀਆਂ ਵਿਚੋਂ ਅਸਾਰ ਛੱਡ ਕੇ ਸਾਰ ਰੂਪ।}

ਅਰਥ: ਸ਼੍ਰੀ (ਗੁਰੂ) ਅਰਜਨ ਦੇਵ ਜੀ (ਜਿਨ੍ਹਾ ਨੇ) ਆਉਣ ਵਾਲੇ ਸਮੇਂ (ਦੇ ਲੋਕਾਂ ਨੂੰ) ਤਾਰਨੇ ਵਾਸਤੇ ਸ਼੍ਰੀ (ਗੁਰੂ) ਗ੍ਰੰਥ (ਸਾਹਿਬ ਜੀ) ਰਚੇ ਜੋ ਸ਼੍ਰੁਤੀਆਂ ਤੋਂ ਬੀ ਸ਼੍ਰੇਸ਼ਟ ਹਨ, (ਤਿਨ੍ਹਾਂ ਦੇ) ਚਰਨਾਂ ਕਵਲਾਂ ਉੱਪਰ ਸਿਰ ਧਰਕੇ ਨਮਸਕਾਰ ਕਰਦਾ ਹਾਂ।

ਭਾਵ: ਭਵਿੱਖਜਤ ਇਸ ਵਾਸਤੇ ਕਿਹਾ ਹੈ ਕਿ ਵਰਤਮਾਨ ਵਿਚ ਤਾਂ ਆਪ ਬੈਠੇ ਸਨ ਤੇ ਬਾਣੀ ਬੀ ਉਚਾਰ ਸੁਣਾ ਕੇ ਗਾ ਰਹੇ ਸਨ। ਤੇ ਅਗਲੇ ਸਮੇਂ ਵਿਚ ਬਾਣੀ ਵਿਚ ਰਲੇ ਪੈ ਕੇ ਉਸ ਦੀ ਸ਼ੁਧ ਰੂਪ ਵਿਚ ਅਪ੍ਰਾਪਤਿ ਹੋ ਜਾਣ ਦਾ ਡਰ ਸੀ, ਇਸ ਨੂੰ ਅਨੁਭਵ ਕਰਕੇ ਆਪ ਨੇ ਆਪਣਾ ਤੇ ਪਹਿਲੇ ਗੁਰਾਂ ਦੀ ਬਾਣੀ ਸ਼ੁੱਧ ਰੂਪਾ ਸੰਕਲਤਿ ਕਰ ਦਿੱਤੀ, ਜਿਸ ਦਾ ਅੱਜ ਲਾਭ ਪ੍ਰਤੀਤ ਦੇ ਰਿਹਾ ਹੈ। ਫਿਰ ਇਹ ਬਾਣੀ ਕੈਸੀ ਹੈ? ਵੇਦਾਂ ਤੋਂ ਸ਼੍ਰੇਸ਼ਟ ਹੈ, ਅਥਵਾ ਵੇਦਾਂ ਵਿਚ ਜੋ ਗਲ ਸ਼੍ਰੇਸ਼ਟ ਹੈ ਉਸ ਨਾਲ ਤਾਂ ਮਿਲੇਗੀ, ਜੋ ਅਸ਼੍ਰੇਸ਼ਟ ਹੈ ਉਸ ਨਾਲ ਨਹੀਂ ਮਿਲੇਗੀ। ਵਿਸ਼ੇਸ਼ ਵੀਚਾਰ ਲਈ ਦੇਖੋ ਰਾਸ ੩ ਅੰਸੂ ੪੧ ਅੰਕ ੧੧ ਤੇ ੫੦ ਦੀਆਂ ਹੇਠਲੀਆਂ ਟੂਕਾਂ। ਫਿਰ ਰਾਸ ੩ ਦੇ ਅੰਸੂ ੪੨ ਅੰਕ ੩੫ ਤੇ ਅੰਸੂ ੫ ਦੀ ਹੇਠਲੀ ਟੂਕ ਵੀ ਤੱਕੋ।

### ੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

ਕਟ ਨਿਖੰਗ, ਕਰ ਧਨੁ ਧਰੇ, ਸਿਪਰ, ਦੋਇ ਸ਼ਮਸ਼ੇਰ।
ਮ੍ਰਿਗ ਸ਼ੱਤ੍ਰੂ ਸਮੁਦਾਇ ਕੋ, ਸੰਘਰ ਮਹਿਂ ਸਮ ਸ਼ੇਰ ॥੮॥

ਸ਼ਮਸ਼ੇਰ = ਤਲਵਾਰ।    ਸ਼ਮ ਸ਼ੇਰ = ਸ਼ੇਰ ਵਤ।

ਅਰਥ: (ਸ਼੍ਰੀ ਗੁਰੂ ਹਰਿਗੋਬਿੰਦ ਜੀ ਨੇ) ਲੱਕ ਭੱਥਾ, ਹੱਥ (ਵਿਚ) ਧਨੁੱਖ ਧਰ ਕੇ (ਪਿੱਠ ਪਿੱਛੇ) ਢਾਲ ਤੇ (ਤਨ ਨਾਲ) ਦੋ ਤਲਵਾਰਾਂ (ਸਜਾਕੇ) ਰੰਗ ਵਿਖੇ ਮ੍ਰਿਗ (ਰੂਪੀ) ਸਾਰੇ ਵੈਰੀਆਂ ਨੂੰ ਸ਼ੇਰ ਵਾਂਙੂ (ਬਲ ਪ ਕੇ ਨਾਸ਼ ਕੀਤਾ, ਤਿਨ੍ਹਾਂ ਨੂੰ) ਮੈਂ ਨਮਸਕਾਰ ਕਰਦਾ ਹਾਂ।

### ੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।

ਕਰੇ ਰੰਕ ਤੇ ਰਾਵ ਗਨ, ਸ਼੍ਰੀ ਮੁਖ ਤੇ ਕਹਿਂ ਬੈਨ।
ਸ਼੍ਰੀ ਸਤਿਗੁਰ ਹਰਿਰਾਇ ਜੀ, ਸਿਮਰੇ ਜਿਨ ਜਮ ਭੈ ਨ ॥੯॥

ਰਾਵ ਗਨ = ਸਾਰੇ ਰਾਜੇ। (ਅ) ਰਾਜੇ ਲੋਕ।

ਅਰਥ: ਸ਼੍ਰੀ ਸਤਿਗੁਰ ਹਰਿਰਾਇ ਜੀ (ਜਿਨ੍ਹਾਂ ਨੇ) ਸ਼੍ਰੀ ਮੁੱਖ ਤੋਂ (ਇਕ) ਬਚਨ ਕਹਿ ਕੇ ਹੀ ਕੰਗਾਲਾਂ ਨੂੰ ਰਾਜੇ ਲੋਕ ਬਣਾ ਦਿੱਤਾ (ਅਤੇ) ਜਿਨ੍ਹਾਂ ਦੇ ਸਿਮਰਨ ਨਾਲ ਯਮ ਦਾ ਭੈ ਨਹੀਂ ਰਹਿੰਦਾ (ਤਿਨ੍ਹਾਂ ਨੂੰ ਮੇਰੀ ਨਮਸਕਾਰ ਹੈ)।

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਬਾਲਕਿ ਬਯ ਅਤਿ ਸ਼ਕਤਿ ਮਹਿਂ, ਦਰਸ਼ਨ ਤੇ ਦੁਖ ਜਾਇ।
ਸ਼੍ਰੀ ਹਰਿਕ੍ਰਿਸ਼ਨ ਅਨੰਦ ਘਨ, ਬੰਦੌਂ ਪੰਕਜ ਪਾਇ ॥੧੦॥

ਅਨੰਦ ਘਨ = ਅਨੰਦ ਦੇ ਬੱਦਲ, ਬੱਦਲ ਵਤ ਅਨੰਦ ਦਾਤੇ ਭਾਵ ਨਿਰੋਲ ਅਨੰਦ ਸਰੂਪ। ਪੰਕਜ ਪਾਇ = ਚਰਨ ਕਵਲ।

ਅਰਥ: ਸ਼੍ਰੀ (ਗੁਰੂ) ਹਰਿ ਕ੍ਰਿਸ਼ਨ ਜੀ (ਜੋ) ਬੱਦਲ (ਵਤ) ਅਨੰਦ (ਦੇ ਦਾਤੇ) ਹਨ (ਤੇ ਜੇਹੜੇ) ਬਾਲਿਕ ਅਵਸਥਾ ਵਿਚ ਹੀ ਬੜੀ ਭਾਰੀ ਸ਼ਕਤੀ ਵਾਲੇ ਹਨ (ਤੇ ਜਿਨ੍ਹਾਂ ਦੇ) ਦਰਸ਼ਨ ਤੋਂ ਦੁਖ ਨਾਸ਼ ਹੁੰਦੇ ਹਨ (ਤਿਨ੍ਹਾਂ ਦੇ) ਚਰਨਾਂ ਕਵਲਾਂ ਪਰ (ਮੈਂ) ਨਮਸਕਾਰ ਕਰਦਾ ਹਾਂ।

੧੧. ਇਸ਼੍ਰ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਸਿਮਰੇ ਹਾਦਰ ਹੋਤਿ ਹੈਂ, ਚਾਦਰ ਸੇਵਕ ਬ੍ਰਿੰਦ।
ਤੇਗ ਬਹਾਦਰ ਸਤਿਗੁਰੂ, ਸਾਦਰ ਤਿਨਿ ਪਦ ਬੰਦਿ ॥੧੧॥

ਚਾਦਰ = ਰੱਖਯਕ, ਵਿਸ਼ੇਸ਼ ਲਈ ਦੇਖੋ ਰਾਸਿ ੬ ਅੰਸੂ ੧ ਅੰਕ ੧੧ ਦਾ ਭਾਵ।

ਅਰਥ: (ਸ਼੍ਰੀ) ਸਤਿਗੁਰੂ ਤੇਗ ਬਹਾਦਰ ਜੀ ਸਮੂਹ ਸੇਵਕਾਂ ਦੇ ਰੱਖਯਕ (ਹਨ ਤੇ ਜਿੱਥੇ ਉਹਨਾਂ ਨੂੰ) ਸਿਮਰਨ ਕਰੋ (ਝੱਟ) ਹਾਜ਼ਰ ਹੁੰਦੇ ਹਨ, ਤਿਨ੍ਹਾਂ (ਸਤਿਗੁਰਾਂ ਦੇ) ਚਰਨਾਂ (ਕਵਲਾਂ ਉਪਰ) ਆਦਰ ਨਾਲ (ਮੈਂ) ਨਮਸਕਾਰ ਕਰਦਾ ਹਾਂ।

੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿਘੰ ਜੀ-ਮੰਗਲ।

ਤੁਰਕ ਤੇਜ ਤਮ ਤੋਮ ਕੋ, ਹਰਤਾ ਭਾਨੁ ਮਨਿੰਦ।
ਸ਼੍ਰੀ ਗੁਰੁ ਗੋਵਿੰਦ ਸਿੰਘ ਜੀ, ਕਰਤਾ ਦਾਸ ਨਰਿੰਦ ॥੧੨॥

ਤੋਮ = ਬਹੁਤ, ਅਧਿਕ, ਗਾੜ੍ਹਾ, ਭਾਰੀ ਸੰਸ: ਸ੍ਤੋਮ = ਸਮੂਹ।

ਅਰਥ: ਸ਼੍ਰੀ ਗੁਰੂ ਗੋਵਿੰਦ ਸਿੰਘ ਜੀ (ਜੋ ਆਪਣੇ) ਦਾਸਾਂ ਨੂੰ ਰਾਜੇ ਬਣਾ ਦੇਣ ਵਾਲੇ (ਹਨ ਤੇ ਜੋ) ਤੁਰਕਾਂ ਦੇ ਤੇਜ ਰੂਪੀ ਗਾੜ੍ਹੇ ਅੰਧੇਰੇ ਨੂੰ ਸੂਰਜ ਵਤ (ਹੋਕੇ) ਨਾਸ਼ ਕਰਨ ਹਾਰ ਹਨ (ਉਨ੍ਹਾਂ ਦੇ ਚਰਨਾਂ ਉੱਪਰ ਮੇਰੀ ਨਮਸਕਾਰ ਹੈ)।

[ਬਿਨਤੀ]

ਕਬਿੱਤ: ਸਭੈ ਗੁਨ ਉਰ, ਭਰਪੂਰ ਭਯੋ ਔਗੁਨਨਿ,
ਕਾਮ ਕ੍ਰੋਧ ਕੂਰ ਹੁ ਕੀ ਬਿੱਧ੍ਰਤਾ ਫਰਦ ਕੀ।
ਹੋਯੋ ਮਨਿ ਚੂਰ ਚੂਰ, ਰਹੀ ਮਤਿ ਝੂਰਿ ਝੂਰਿ
ਦੇਖਿ ਰਹਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰੁ ਪੂਰਨ ਸੰਤੋਖ ਸਿੰਘ ਤੂਰਨ, ਸੋ
ਲਖਿ ਦੁਖ ਭੂਰ, ਗਤਿ ਏਕਲੀ ਨਰਦ ਕੀ।
ਨਾਮ ਰੇ ਸ਼ਰਨ ਸੂਰ, ਪਾਵਨ ਪਤਿਤ ਰੂਰ
ਰਾਖਿ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ ॥੧੩॥

ਅਰਥਾਂ ਲਈ ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰ੍ਾਰਧ ਅਧਯਾਯ ੫੭ ਅੰਕ ੧੧੨। ਇਹ ਛੰਦ ਉਥੇ ਭੀ ਆਇਆ ਹੈ ਤੇ ਅਰਥ ਉੱਥੇ ਦਿੱਤੇ ਹਨ।

## ੧੩. ਸਮਸਤ ਗੁਰ ਮੰਗਲ।

ਦੋਹਰਾ: ਬਰਨੌਂ ਦਸਮੀ ਰਾਸ ਕੋ, ਸਭਿ ਸਤਿਗੁਰੂ ਮਨਾਇ।
ਬਿਘਨ ਬਿਨਾਸ਼ਨਿ ਕੋ ਕਰਹਿਂ, ਹੋਵਹਿਂ ਸਦਾ ਸਹਾਇ ॥੧੪॥

ਮਨਾਇ = ਸਤਿਕਾਰ ਕਰਕੇ। ਪੂਜਕ।

ਅਰਥ: ਸਾਰੇ ਸਤਿਗੁਰਾਂ ਨੂੰ ਪੂਜਕੇ (ਹੁਣ ਮੈਂ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ) ਦਸਮੀ ਰਾਸਿ ਕਥਨ ਕਰਦਾ ਹਾਂ (ਤੇ ਸਤਿਗੁਰਾਂ ਅੱਗੇ ਇਹ ਬੇਨਤੀ ਕਰਦਾ ਹਾਂ ਕਿ ਉਹ ਮੇਰੇ) ਬਿਘਨਾਂ ਦਾ ਨਾਸ਼ ਕਰਨ ਤੇ ਸਦਾ ਹੀ (ਇਸ ਮਹਾਨ ਕਾਰਯ ਵਿਖੇ ਮੇਰੇ) ਸਹਾਈ ਹੋਣਾ।

[ਮੰਗਲ ਸਮਾਪਤਿ ਤੇ ਕਥਾ ਆਰੰਭ]

ਚੌਪਈ: ਕੀਰਤਿ ਪੁਰ ਕੇਤਿਕ ਦਿਨ ਬਾਸੇ।
ਦਾਸ ਉਧਾਰਨਿ ਬਿਲਸ ਬਿਲਾਸੇ।
ਨੇਤੀ* ਮਾਤਾ ਦੋਨਹੁ ਭ੍ਰਾਤਾ।
ਪ੍ਰਿਥਕ ਪ੍ਰਿਥਕ ਜਾਨੇ ਨਿਜ ਤਾਤਾ[੧] ॥੧੫॥
ਹਿਤ ਕੇ ਮਧੁਰ ਬਚਨ ਕਹਿ ਕਰਿ ਕੈ।
ਚਹਿਤਿ ਮਿਲਾਵਨਿ ਕੋ ਸੁਖ ਧਰਿ ਕੈ।
ਸ੍ਰੀ ਹਰਿਰਾਇ ਸੰਗ ਬਹੁ ਕਹਜੋ।
'ਗੁਰਤਾ ਪਦ ਦੀਰਘ ਤੁਮ ਲਹਜੋ ॥੧੬॥
ਬਡੇ ਭ੍ਰਾਤ ਸੋਂ ਰਾਖਹੁ ਮੇਲ।
ਚਲੋ ਪਿਤਾਮੇ ਪੁਰਿ[੨] ਕੈ ਗੈਲ।'
ਇੱਤਜਾਦਿਕ ਜਨਨੀ ਬਹੁ ਭਾਖਾ।
[੩]'ਪੁਰਿਕਰਤਾਰ ਚਲਨਿ ਕੀ ਕਾਂਖਾ ॥੧੭॥
ਨਿਜ ਮਸੰਦ ਧੀਰ ਮੱਲ ਏਕ।
ਭੇਜਜੋ ਤਬਿ ਕਹਿ ਬਾਤ ਅਨੇਕ[੩]।
-ਅਪਨੇ ਘਰ ਮਹਿਂ ਇਹ ਬਡਿਆਈ।
ਹਮ ਤੁਮ ਏਕ ਮਾਤ ਤੇ ਭਾਈ ॥੧੮॥
ਅਪਰ ਸ਼ਰੀਕ ਲੇਤਿ ਜੇ ਕੋਈ।
ਨਹਿਂ ਆਛੀ ਹਮ ਕੋ ਕਿਮ ਸੋਈ।
ਕ੍ਰਿਪਾ ਕਰਹੁ ਆਵਹੁ ਪੁਰਿ ਮਾਂਹੀ।

---

*ਇਹ ਨਾਮ 'ਨੇਤੀ' ਤੇ 'ਨੇਤੀ' ਦੋਹਾਂ ਤਰ੍ਹਾਂ ਨਾਲ ਆਇਆ ਹੈ।

[੧]ਨੇਤੀ ਮਾਤਾ ਨੇ ਦੋਵੇਂ ਭਰਾ, ਅਪਣੇ ਪੁੱਤ੍ਰ (ਸ੍ਰੀ ਗੁਰੂ ਹਰਿਰਾਇ ਜੀ ਤੇ ਧੀਰ ਮੱਲ ਜੀ) ਨੂੰ ਵੇਖੋ ਵੱਖ ਹੋਏ ਹੋਏ ਜਾਣਕੇ।

[੨]ਬਾਬੇ ਜੀ ਦਾ ਵਸਾਇਆ ਸ਼ਹਿਰ ਕਰਤਾਰ ਪੁਰ।

[੩](ਮੇਰੀ ਬੀ) ਕਰਤਾਰ ਪੁਰਿ ਚਲਨੇ ਦੀ ਇਛਾ ਹੈ। ਤੇ ਫੇਰ ਮਾਤਾ ਨੇਤੀ ਦੱਸਦੀ ਹੈ ਕਿ ਤਦੋਂ ਬੀ (ਅਰਥਾਤ ਅੱਗੇ ਇਕ ਵੇਰ) ਧੀਰਮੱਲ ਨੇ ਮਸੰਦ ਘੱਲਿਆਂ ਸੀ, ਉਸ ਦਾ ਸੁਨੇਹਾ ਮਾਤਾ ਜੀ ਦੱਸਦੇ ਹਨ।

ਏਕੋ ਸਦਨ ਭੇਦ ਕੋ ਨਾਂਹੀ-' ॥੧੯॥
ਸ਼੍ਰੀ ਹਰਿਰਾਇ ਸ਼ਾਂਤਿ ਚਿਤ ਧੀਰਾ।
ਕਹੀ ਮਾਤ ਕੀ ਮਾਨਿ ਗਹੀਰਾ।
ਤਯਾਰੀ ਕਰੀ ਅਰੂਢਨਿ ਕੇਰੀ।
ਸਭਿ ਮਹਿਂ ਸੁਧ ਬਿਦਤੀ ਤਿਸ ਬੇਰੀ ॥੨੦॥
ਦੁੰਦਭਿ ਚੋਬਨਿ ਹਨੇ ਬਜਾਏ।
ਤਯਾਰੀ ਸਕਲ ਸੈਨ ਕਰਿਵਾਏ।
ਪਰੇ ਤੁਰੰਗਨਿ ਪਰ ਬਰ ਜ਼ੀਨ।
ਬਸਤ੍ਰ ਸ਼ਸਤ੍ਰ ਭਟ ਧਾਰਨਿ ਕੀਨਿ ॥੨੧॥
ਚਢੇ ਪਾਲਕੀ ਸ਼੍ਰੀ ਹਰਿਰਾਇ।
ਚਮਤਕਾਰ ਦੀਪਤਿ ਬਹੁ ਭਾਇ।
ਕੰਚਨ ਲਗਯੋ ਗੋਲ ਗਨ ਮੋਤੀ।
ਲਰੀ ਝਾਲਰਾਂ ਜੋਤਿ ਉਦੋਤੀ ॥੨੨॥
ਸਰਬ ਸਨੁਖਾ ਕੇਰ ਸਮੇਤੀ।
ਡੋਰੇ ਸਯੰਦਨ ਮਹਿਂ ਚਢਿ ਨੇਤੀ।
ਗਮਨੀ ਸੰਗਿ ਹਰਖ ਕਹੁ ਧਾਰਾ।
ਤਟ ਥਿਰ ਸਤੱਦ੍ਰਵ ਤੀਰ ਨਿਹਾਰਾ ॥੨੩॥
ਕੇਟਵ ਤਰਾ ਲਯਾਇ ਤਤਕਾਲਾ।
ਸਰਿਤਾ ਸਰਬ ਤਰਾਇ ਉਤਾਲਾ।
ਸੈਨਾ ਸਹਿਤ ਸਮਾਜ ਬਿਸਾਲੇ।
ਪਰੇ ਪਾਰ ਤਟ ਮਾਰਗ ਚਾਲੇ ॥੨੪॥
ਕ੍ਰਮ ਕ੍ਰਮ ਪੰਥ ਉਲੰਘਤਿ ਭਏ।
ਸ਼੍ਰੀ ਕਰਤਾਰ ਪੁਰਾ ਨਿਯਰਏ।
ਆਗੈ ਲੈਨਿ ਧੀਰਮੱਲ ਆਯੋ।
ਅਨੁਜ ਸਮਾਜ ਪਿਖਯੋ ਬਿਰਧਾਯੋ ॥੨੫॥
ਮਿਲੇ ਪਰਸਪਰ ਹਰਖ ਉਪਾਵਤਿ।
ਬੂਝਤਿ ਸਗਲੀ ਕੁਸ਼ਲ ਬਤਾਵਤਿ।
ਡੇਰਾ ਕਰਯੋ ਆਨਿ ਪੁਰਿ ਮਾਂਹੀ।
ਉਪਬਨ ਛਾਯਾ ਪਿਖਿ ਕਰਿ ਤਾਂਹੀ ॥੨੬॥
ਉਤਰੀ ਚਮੂੰ ਸੁਥਲ ਅਵਿਲੋਕਾ।
ਹਰਖੇ ਹੇਰਿ ਨਗਰ ਕੇ ਲੋਕਾ।

ਸਭਿ ਮਿਲਿ ਲੈ ਲੈ ਕਰਿ ਉਪਹਾਰੇ[1]।
ਆਨਿ ਧਰੀ ਸਤਿਗੁਰੂ ਅਗਾਰੇ ॥੨੭॥
ਕਰਿ ਕਰਿ ਬੰਦਨ ਬੈਠੇ ਪਾਸ।
ਦਰਸ਼ਨ ਕੀਨੋ ਅਨੰਦ ਪ੍ਰਕਾਸ਼।
ਸ੍ਰੀ ਹਰਿਰਾਇ ਸਭਿਨਿ ਕੈ ਸੰਗ।
ਬੂਝੀ 'ਕੁਸ਼ਲ ਅਹੈ ਸਰਬੰਗ? ॥੨੮॥
ਸੁਖ ਸੋਂ ਬਾਸ ਅਹੈ ਗੁਰ ਪੁਰਿ ਮੈ?
ਕਹੋ ਜਥਾਰਥ ਜੈਸੇ ਉਰ ਮੈਂ।
ਗੁਰੂ ਪਿਤਾਮੇ ਨੇ ਰਨ ਕੀਨਿ।
ਪੁਨ ਚਢਿ ਗਏ ਨਰਨ ਸੁਖ ਚੀਨ[2] ॥੨੯॥
ਤੁਰਕ ਸੈਨ ਪੁਨ ਆਵਹਿ ਨਾਂਹੀ।
ਇਸ ਹਿਤ ਗੇ ਕੀਰਤਪੁਰਿ ਮਾਂਹੀ।
-ਪਿਤਾ ਬਸਾਯਹੁ ਨਗਰ ਉਦਾਰਾ[3]-।
ਯਾਂ ਤੇ ਸੁਖ ਦੇਵਿਨਿ ਹਤਿ ਧਾਰਾ' ॥੩੦॥
ਸੁਨਿ ਸਭਿਹੂੰ ਕਰ ਜੋਰਿ ਉਚਾਰੀ।
'ਸਭਿ ਹੀ ਸੁਖ ਹੈ ਕ੍ਰਿਪਾ ਤੁਮਾਰੀ।
ਸਤਿਗੁਰ ਮਾਲਿਕ ਹੈਂ ਜਿਨ ਕੇਰੇ।
ਕਿਮ ਸੰਕਟ ਤਿਨ ਆਵਤਿ ਨੇਰੇ ॥੩੧॥
ਰੱਛਾ ਕਰਤਿ ਹਾਥ ਦੇ ਸਾਰੇ।
ਲੋਕ ਪ੍ਰਲੋਕ ਕਸ਼ਟ ਨਿਰਵਾਰੇ।
ਤੁਰਕ ਸੈਨ ਜਬਿ ਗਨ ਚਢਿ ਆਈ।
ਹਿਤ ਸ੍ਰੀ ਹਰਿਗੋਵਿੰਦ ਲਰਾਈ ॥੩੨॥
ਸਗਰੋ ਨਗਰ ਬਚਾਵਨਿ ਕਰਿਓ।
ਰਿਪੁ ਕੋ ਦਲ ਬਾਹਰ ਪਰਹਰਿਓ।
ਕਰਤਿ ਰਹੇ ਬਲ ਅਨਿਕ ਪ੍ਰਕਾਰੇ।
ਪ੍ਰਵਿਸ਼ੇ ਪੁਰ ਤੇ[4] ਵਹਿਰ ਨਿਕਾਰੇ ॥੩੩॥
ਕੈ ਖੜਗਨਿ ਸੋਂ ਕਟਾ ਕਰੇ ਹੈਂ।
ਕਰਤਿ ਹੇਲ ਤਤਕਾਲ ਮਰੇ ਹੈਂ।

---

[1]ਭੇਟਾ।
[2]ਚੜ੍ਹਕੇ (ਕੀਰਤ ਪੁਰ) ਗਏ (ਪ੍ਰਜਾ) ਦਾ ਸੁਖ ਦੇਖਕੇ।
[3](ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੋਚਿਆ) ਕਿ ਸਾਡੇ ਪਿਤਾ (ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ) ਸੁਹਣਾ ਨਗਰ ਵਸਾਇਆ ਹੋਇਆ ਹੈ)।
[4]ਨਗਰ ਵਿੱਚ ਪ੍ਰਵੇਸ਼ ਕਰਨ ਤੋਂ।

ਰਣ ਬਿਸਾਲ ਤੇ ਸ਼ਸਤ੍ਰ ਪ੍ਰਹਾਰੇ।
ਸਤਿਗੁਰ ਜੋਧਾ ਬਲ ਮਹਿਂ ਭਾਰੇ ॥੩੪॥
ਸ਼੍ਰੀ ਗੁਰ ਅਰਜਨ ਨਗਰ ਬਸਾਯੋ।
ਤਬਿ ਕੋ ਸੰਕਟ ਨੇਰ ਨ ਆਯੋ।
ਭਏ ਸਹਾਇਕ ਜਿਸ ਕਿਸ ਭਾਇ।
ਜਾਨਿ ਆਪਨੇ ਲੇਤਿ ਬਚਾਇ ॥੩੫॥
ਬਡੇ ਜਤਨ ਤੇ ਨਰ ਬੁਲਿਵਾਏ।
ਦੇ ਦੇ ਹਿਤ[1] ਪੁਰਿ ਬਿਖੇ ਬਸਾਏ।
ਤਬਿ ਕੇ ਬਸਹਿਂ ਮਹਾਂ ਸੁਖ ਪਾਵਹਿਂ।
ਸ਼੍ਰੀ ਅਰਜਨ ਕੇ ਗੁਨ ਗਨ ਗਾਵਹਿਂ ॥੩੬॥
ਅਬਿ ਗਾਦੀ ਕੇ ਮਾਲਿਕ ਆਪ।
ਧਾਰਹੁ ਸ਼ਕਤਿ ਉਥਾਪਨ ਥਾਪ।'
ਇਮ ਪੁਰਿ ਜਨ ਕੇ ਬਾਕਨਿ ਸੁਨੇ।
ਸ਼੍ਰੀ ਹਰਿਰਾਇ ਬਡਨਿ ਜਸੁ ਗੁਨੇ ॥੩੭॥
ਸੁਨੇ ਚਹਿਤ ਗੁਨ ਬਹੁਰ ਤਿਨਹੁਂ ਕੇ।
ਬਰਨਨਿ ਕੀਨੇ ਪ੍ਰਥਮ ਜਿਨਹੁਂ ਕੇ।
'ਸ਼੍ਰੀ ਅਰਜਨ ਪੂਰਬ ਕਿਮ ਆਏ?
ਕਹਾਂ ਬੈਠਿ ਕਰਿ ਪਾਵਨ ਥਾਏ[2]? ॥੩੮॥
ਕਿਮ ਇਹੁ ਪੁਰਿ ਕਰਤਾਰ ਬਸਾਯਹੁ?
ਅਪਰਿ ਬਾਸ ਹਿਤ ਮਹਿਲ ਚਿਨਾਯਹੁ।
ਕਹਹੁ ਪ੍ਰਸੰਗ ਬਿਲੋਕਜੋ ਜੈਸੇ।
ਕਿਧੌਂ ਸੁਨਜੋ ਬਡਿਯਨਿ ਤੇ ਕੈਸੇ' ॥੩੯॥
ਪੁਰਿ ਬਸਾਇਬੇ ਕੋ ਬਿਰਤਾਂਤ।
ਸ਼੍ਰੀ ਹਰਿਰਾਇ ਸੁ ਬੂਝੀ ਬਾਤ।
ਸੁਨਿ ਕੈ ਪੁਰਿ ਜਨ ਸਕਲ ਬਿਚਾਰਾ।
ਹੇਤੁ ਸੁਨਾਵਨਿ ਬਦਨ ਉਚਾਰਾ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਰਾਇ ਕਰਤਾਰਪੁਰ ਆਵਨਿ' ਪ੍ਰਸੰਗ ਬਰਨਨੰ ਨਾਮ ਪ੍ਰਥਮੋਂ ਅੰਸੂ ॥੧॥

---

[1] ਪ੍ਰੇਮ।
[2] ਥਾਂ ਪਵਿੱਤ੍ਰ ਕੀਤਾ।

## ੨. [ਕਰਤਾਰ ਪੁਰ ਵਸਾਉਣ ਦੀ ਕਥਾ]

੧<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩

ਦੋਹਰਾ: ਸ਼੍ਰੀ ਸਤਿਗੁਰ ਹਰਿਰਾਇ ਤੇ, ਸੁਨਿ ਬੂਝਨਿ ਪੁਰਿ ਬਾਤ[1]।
ਹੁਤੇ ਬ੍ਰਿੱਧ ਜੇ ਤਿਨ ਬਿਖੈ, ਜਾਨਤਿ ਭਨਜੋ ਬ੍ਰਿਤਾਂਤ ॥੧॥
ਚੌਪਈ: ਸ੍ਰੀ ਸਤਿਗੁਰ! ਤੁਮ ਸਭਿ ਕੇ ਸੁਆਮੀ।
ਭੂਤ ਭਵਿੱਖਜਤ ਅੰਤਰਜਾਮੀ।
ਹਮ ਅਲਪੱਗਜ ਕਹਾਂ ਕੁਛ ਕਹੈਂ।
ਤਊ ਆਪ ਕੀ ਆਇਸੁ ਅਹੈ ॥੨॥
ਯਾਂ ਤੇ ਜਿਮ ਦੇਖਜੋ ਹਮ ਤਬੈ।
ਰਾਵਰ ਨਿਕਟ ਬਖਾਨੈਂ ਸਬੈ।
ਸਹਿਜ ਸੁਭਾਇਕ ਸ਼੍ਰੀ ਗੁਰੂ ਅਰਜਨ।
ਗਮਨ ਸੁਧਾਸਰ ਤੇ ਗਿਨ ਕਰਿ ਮਨ ॥੩॥
ਕੇਤਿਕ ਸਿੱਖ ਸੰਗ ਲੇ ਚਾਲੇ।
ਤਜਾਗਜੋ ਮਾਝਾ ਦੇਸ਼ ਬਿਸਾਲੇ।
ਗੋਇੱਦਵਾਲ ਬਸੇ ਦਿਨ ਚਾਰ।
ਮਿਲਿ ਕਰਿ ਭੱਲਜਨਿ ਕੁਲ ਪਰਿਵਾਰਿ ॥੪॥
ਜਥਾ ਜੋਗ ਸਾਦਰ ਮਿਲਿ ਕਰਿ ਕੈ।
ਨਦੀ ਬਿਪਾਸਾ ਪਾਰਿ ਉਤਰਿ ਕੈ।
ਸ਼ਕਰਗੰਗ ਜਹਿਂ ਕੂਪ ਬਨਾਯੋ।
ਇਹਾਂ ਆਨਿ ਉਤਰੇ ਸੁਖ ਪਾਯੋ ॥੫॥
ਹੁਤੋ ਤਰੋਵਰੁ ਸੰਘਨੀ ਛਾਯਾ।
ਡੇਰਾ ਕਰਜੋ ਭਲੇ ਮਨ ਭਾਯਾ।
ਬਿੱਪ੍ਰ ਮਲਕ ਜਾਤੀ ਮਤਿਵਾਨ।
ਸਾਥ ਸੰਘੇੜਾ, ਜੇਠਾ ਆਨ[2] ॥੬॥
ਅਮੀਆਂ ਹੇਹਰ ਰਾਹਕ ਪਾਸ।
ਮੁਹਰੂ ਰਿੰਧਾਵਾ ਗੁਰਦਾਸ।
ਉੱਦਾ ਦਾਊ ਦੋਇ ਹਰੀਕੇ।
ਇੱਤਜਾਦਿਕ ਸਿਖ ਸੰਗ ਗੁਰੂ ਕੇ ॥੭॥
ਬਸਹਿ ਗ੍ਰਾਮ ਲਘੁ ਤਬਿ ਇਸ ਥਾਇ।
ਰਾਹਕ ਕੇਤਿਕ ਸਦਨ ਬਨਾਇ।

---

[1]ਨਗਰ ਦੀ ਬਾਤ ਪੁੱਛਣ ਤੇ।
[2]ਹੋਰ।

ਸੱਦੂ*, ਬੂੜਾ, ਅਰੁ ਪੀਰਾਣਾ।
ਇੱਤਯਾਦਿਕ ਤਿਨ ਨਾਮ ਬਖਾਣਾ ॥੮॥
ਸਭਿਹਿਨਿ ਕੋ ਸਤਿਗੁਰੂ ਹਕਾਰਾ।
ਸੁਨਿ ਆਏ ਕੁਛ ਲੇ ਉਪਹਾਰਾ।
ਕਰਿ ਕਰਿ ਬੰਦਨ ਬੈਠੇ ਪਾਸ।
ਦਰਸ਼ਨ ਕਰਤਿ ਭਏ ਸੁਖਰਾਸ ॥੯॥
ਤਿਨ ਕੀ ਦਿਸ਼ਾ ਦੇਖਿ ਗੋਸਾਈਂ।
ਪੁਰਿ ਬਸਾਇਬੇ ਹੇਤੁ ਅਲਾਈ।
'ਦੀਜਹਿ ਜਾਚੀ ਹਮ ਕੋ ਅਵਨੀ।
ਕਰੈਂ ਬਸਾਵਨਿ ਨਗਰੀ ਰਵਨੀ ॥੧੦॥
ਸਭਿ ਸੁਖ ਪ੍ਰਾਪਤਿ ਹੋਹਿਂ ਤੁਮਾਰੇ।
ਗੁਰ ਪੁਰਿ ਬਸਹਿ ਵਧਹਿ ਵਿਵਹਾਰੇ।
ਬਹੁ ਜਨ ਪਰ ਉਪਕਾਰ ਤੁਹਾਰਾ।
ਅਰੁ ਸਫਲਹਿ ਗੁਰ ਸੇਵ ਉਦਾਰਾ' ॥੧੧॥
ਰਾਹਕ ਸੁਨਹਿਂ ਧਿਰਾ ਦੁਇ ਤਿਨ ਕੀ।
ਇਕ ਤੌਂ ਹੁਇ ਅਨੁਸਾਰਿ ਬਚਨ ਕੀ।
ਹਾਥ ਜੋਰਿ ਕਰਿ ਬਿਨੈ ਸੁਨਾਈ।
'ਸ਼੍ਰੀ ਗੁਰ ਸਭਿ ਰਾਵਰ ਕੀ ਥਾਈਂ ॥੧੨॥
ਨਗਰ ਬਸਾਇ ਪਾਲਨਾ ਕਰੀਯਹਿ।
ਆਪ ਬਾਸ ਕਰਿ ਦਾਸ ਉਧਰੀਯਹਿ।
ਦਰਸ਼ਨ ਦਰਸਹਿਂ ਅਨੰਦ ਹਮੇਸ਼ਾ।
ਹਮ ਤੇ ਅਪਰ ਨ ਭਾਗ ਵਿਸ਼ੇਸ਼*' ॥੧੩॥
ਸੁਨਿ ਕਰਿ ਸਤਿਗੁਰ ਭਏ ਪ੍ਰਸੰਨ।
ਖੁਸ਼ੀ ਕਰੀ ਕਹਿ ਮ੍ਰਿਦੁਲ ਬਚਨ।
ਦੂਸਰ ਧਿਰ ਕੌ ਬੂਝਜੋ ਜਬੈ।
ਸ਼ਰਧਾ ਹੀਨ ਕਹਤਿ ਭਾ ਤਬੈ ॥੧੪॥
'ਹਮਰੇ ਮਾਨਵ ਅਹੈਂ ਘਨੇਰੇ।
ਅਵਨੀ ਅਲਪ ਨ ਮੇਵਹਿਂ ਹੇਰੇ[੧]।
ਯਾਂ ਤੇ ਦਈ ਨ ਜਾਇ ਹਮਹੁਂ ਤੇ।

---

*ਪਾ:-ਸੰਧ।
*ਪਾ:-ਹਮਰੇ ਅਤਿ ਉਦੈ ਭਾਗ ਵਿਸ਼ੇਸ਼ਾ।
[੧]ਪ੍ਰਿਥਵੀ ਥੋੜੀ ਹੈ (ਅੱਗੇ) ਸਮਾਂਵਦੇ ਨਹੀਂ ਦਿਖੀਂਦੇ।

ਇਹ ਸਾਚੀ ਕਹਿਂ ਗਿਰਾ ਤੁਮਹੁਂ ਤੇ' ॥੧੫॥
ਸੁਨਿ ਗੁਰ ਬੋਲੇ ਸਹਿਜ ਸੁਭਾਇ।
'ਨਰ ਥੋਰੇ ਛਿਤ ਬਹੁ ਰਹਿ ਜਾਇ।
ਪ੍ਰਾਨੀ ਬਿਨਸਨਹਾਰ ਸਦਾਈ।
ਅਵਿਨੀ ਰਹੈ ਸਥਿਰ ਇਸਿ ਭਾਈ ॥੧੬॥
ਜਿਤ ਦਿਸ਼ਿ ਅਧਿਕ ਧਰਾ ਤਿਨ ਦੀਨਿ।
ਬਧਹਿ ਬ੍ਰਿੰਦ ਮਾਨਵ ਕੋ ਚੀਨ।'
ਇਮ ਦੇ ਸ੍ਰਾਪ ਸੁ ਬਰ ਤਿਨ ਰਾਹਕ।
ਨਗਰ ਬਸਾਵਨਿ ਕੋ ਚਿਤ ਚਾਹਕ ॥੧੭॥
ਡੇਰੇ ਕੋ ਮੁਕਾਮ ਕਰਿ ਰਹੇ।
ਇਕ ਦੁਇ ਦਿਨ ਬੀਤੇ ਜਬਿ ਲਹੇ।
ਬੇਲਦਾਰ ਬੁਲਵਾਇ ਮਜੂਰ।
ਫਿਰਿ ਕੈ ਅਵਿਲੋਕਯੋ ਥਲ ਰੂਰ[1] ॥੧੮॥
ਭਾਈ ਬ੍ਰਿਧ, ਭਗਤੂ ਤੇ ਆਦਿ।
ਜੇ ਗੁਰ ਦਰਸ਼ਨ ਤੇ ਅਹਿਲਾਦ।
ਬ੍ਰਿੰਦ ਪ੍ਰਸ਼ਾਦਿ ਮਧੁਰ ਅਨਵਾਯੋ।
ਸ੍ਰੀ ਨਾਨਕ ਕੋ ਪੂਰਬ ਧਜਾਯੋ ॥੧੯॥
ਸਰਬ ਗੁਰਨਿ ਕੇ ਸਿਮਰੇ ਨਾਮਾ।
ਕਰਿ ਅਰਦਾਸ ਰੀਤਿ ਅਭਿਰਾਮਾ।
ਸਤਿਗੁਰ ਸਹਿਤ ਸੀਸ ਕੋ ਨਜਾਇ।
ਸਭਿਹਿਨਿ ਮੈਂ ਪ੍ਰਸਾਦਿ ਬਰਤਾਇ ॥੨੦॥
ਬੇਲਦਾਰ[2] ਕੋ ਆਇਸੁ ਦਈ।
'ਕਰਹੁ ਕੋਟ ਚਹੁਂਦਿਸ਼ਿ ਦਿਢ ਮਈ।'
ਸੁਨਿ ਗੁਰੁ ਹੁਕਮ ਸੁ ਕਸੀ ਉਭਾਰੀ[3]।
ਖਨਨਿ ਹੇਤੁ ਅਵਿਨੀ ਮਹਿਂ ਮਾਰੀ ॥੨੧॥
ਹਾਲਯੋ ਤਬਿ ਪਗੀਆ ਗਿਰ ਪਰੀ।
ਸਭਿ ਲੋਕਨਿ ਮਨ ਸੰਸਾ ਕਰੀ।
ਸ੍ਰੀ ਅਰਜਨ ਸਭਿ ਉਰ ਕੀ ਜਾਨੀ।
ਮੁਸਕਾਵਤਿ ਬੋਲੇ ਗੁਨ ਖਾਨੀ ॥੨੨॥

---

[1]ਸੁੰਦਰ।
[2]ਕਹੀ (ਰੱਖਣ) ਵਾਲਾ।
[3]ਕਹੀ ਉਠਾਈ।

'ਚਢੀ ਕਮਾਨ ਜੁ ਚਢਿ ਇਤ ਆਵੈ[1]।
ਸੋ ਉਤਰਾਹਿ ਅਪਨਿ ਘਰ ਜਾਵੈ।
ਜੰਗ ਜੀਤਬੇ ਕੋ ਇਹ ਥਾਨ।
ਮਰਹਿਂ ਤੁਰਕ ਹੁਇ ਬੇਈਮਾਨ ॥੨੩॥
ਗੁਰ ਘਰ ਕੀ ਅਬਚਲ ਹੈ ਨੀਵ।
ਜਾਇ ਨ ਕਬਹੂੰ, ਰਹੈ ਸਦੀਵ।'
ਇਮ ਕਰਿ ਸਭਿ ਕੋ ਭ੍ਰਮੁ ਨਿਰਵਾਰਾ।
ਲਗੇ ਮਜੂਰ ਕਰਨਿ ਗਨ ਕਾਰਾ ॥੨੪॥
ਪੁਰੀ ਕੋਟ ਰਚਿ ਮ੍ਰਿਤਕਾ ਸੰਗ।
ਚਹੁੰਦਿਸ਼ਿ ਮੈਂ ਭਾ ਰੁਚਿਰ ਉਤੰਗ।
ਬਹੁਰ ਹੁਕਮ ਘਰ ਚਿਨਿਬੇ ਕਰਿਓ।
ਸੁੰਦਰ ਨਾਮ ਗੁਰੂ ਤਬਿ ਧਰਿਓ ॥੨੫॥
'ਸ੍ਰੀ ਕਰਤਾਰ ਪੁਰਾ ਸਭਿ ਬੀਚ।
ਬਿਦਤ ਹੋਇ ਕਹਿਂ ਉਚ ਰੁ ਨੀਚ।'
ਸ੍ਰੀ ਅਰਜਨ ਪੁਨ ਲੋਕ ਬੁਲਾਏ।
ਮਾਨ ਦਾਨ ਦੇ ਘਨੇ ਬਸਾਏ ॥੨੬॥
ਪਰਜੋ ਬਜ਼ਾਰ ਸਘਨ ਅਰੁ ਸੁੰਦਰ।
ਬਨਨਿ ਲਗੇ ਪੁਨਿ ਪੁਰਿ ਮਹਿਂ ਮੰਦਿਰ।
ਧਨੀ ਰੰਕ ਧਨ ਕੇ ਅਨੁਸਾਰਾ।
ਅਲਪ ਬਿਸਾਲ ਰਚੈਂ ਘਰ ਬਾਰਾ ॥੨੭॥
ਬਨਕ ਲਗੇ ਬਿਵਹਾਰ ਕਰਨਿ ਕੋ।
ਲੇਤਿ ਲਾਭ ਹੁਇ ਗੁਰੂ ਸ਼ਰਨ ਕੋ।
ਇਸ ਪ੍ਰਕਾਰ ਪੁਰਿ ਗੁਰੂ ਬਸਾਯੋ।
ਬਾਕ ਉਚਾਰਜੋ ਬਿਦਤ ਦਿਖਾਯੋ ॥੨੮॥
ਬਰ ਅਰੁ ਸ੍ਰਾਪ ਰਾਹਕਨਿ ਜੋਇ।
ਕਹੇ ਜਥਾ ਦੇਖੇ ਦ੍ਰਿਗ ਸੋਇ।
ਅਨਗਨ ਸੈਨ ਰਿਪੁਨਿ ਕੀ ਆਈ।
ਪਿਖਿ ਕਰਿ ਤ੍ਰਾਸ ਭਯੋ ਸਮੁਦਾਈ ॥੨੯॥
ਚਹੁੰਦਿਸ਼ਿ ਘੇਰਾ ਤੁਰਕਨਿ ਕਰਿਓ।
ਬੀਚ ਜਾਮਨੀ ਸੰਘਰ ਪਰਿਓ।
ਸ੍ਰੀ ਹਰਿਗੋਬਿੰਦ ਬਲੀ ਬਹਾਦੁਰ।

---

[1]ਕਮਾਨ ਚੜ੍ਹਾ ਕੇ ਜੋ ਇਸ ਪੁਰੀ ਤੇ ਚੜ੍ਹਕੇ ਆਵੇਗਾ।

ਦੇਖੇ ਸ਼ੱਤ੍ਰੂ ਆਇ ਭੇ ਹਾਦਰ ॥੩੦॥
ਦਾਰੁਨ ਜੰਗ ਮਚਯੋ ਇਕ ਸਾਰ।
ਚਲੈ ਤੇਗ਼ ਤੋਮਰ ਤਰਵਾਰ।
ਤਬਿ ਸਤਿਗੁਰ ਜੀ ਚਢੇ ਤੁਰੰਗ।
ਭਰਿ ਕਰਿ ਖਪਰੇ ਬ੍ਰਿੰਦ ਨਿਖੰਗ ॥੩੧॥
ਅਲਪ ਚਮੂੰ ਹੀ ਹੋਤੀ ਸਾਥ।
ਹਨੇ ਤੁਰਕ ਦਿਖਰਾਏ ਹਾਥ।
ਸੰਘਰ ਮਹਿਂ ਜੋਧਾ ਅਰੁ ਘੋਰਾ।
ਮਰਿ ਕਰਿ ਕੋਟ ਭਯੋ ਚਹੂੰ ਓਰਾ ॥੩੨॥
ਚਲਯੋ ਨ ਜਾਇ ਕਿਸੂ ਦਿਸ਼ਿ ਮਾਂਹੀ।
ਏਤਿਕ ਮ੍ਰਿਤਕ ਭਏ ਇਸ ਜਾਹੀ[1]।
ਪੁਰਿ ਕੋ ਤਾਤੀ ਵਾਉ ਨ ਲਾਗੀ।
ਬਚੀ ਚਮੂੰ ਕੁਛ, ਰਣ ਤਜਿ ਭਾਗੀ ॥੩੩॥
ਚਢੀ ਆਇ ਉਤਰਾਇ ਸੁ ਗਯੋ।
ਸ਼੍ਰੀ ਗੁਰ ਬਾਕ ਸਪੂਰਨ ਭਯੋ।
ਸ਼੍ਰੀ ਅਰਜਨ ਕੋ ਸੁਨਹੁਂ ਪ੍ਰਸੰਗ।
ਨਿਜ ਹਿਤ ਜਿਮ ਘਰ ਕਰੇ ਉਤੰਗ ॥੩੪॥
ਲਗੇ ਬਸਾਵਨਿ ਪੁਰਿ ਕਰਤਾਰੰ।
ਅਪਨਿ ਬਾਸ ਹਿਤ ਸੁਥਲ ਨਿਹਾਰੰ।
'ਰਚਹੁ ਸਦਨ ਕੋ' ਆਇਸੁ ਦੀਨਿ।
ਤੁਰਤ ਮਸੰਦਨਿ ਉੱਦਮ ਕੀਨਿ ॥੩੫॥
ਕਾਰੀਗਰ ਬੁਲਾਇ ਲਗਵਾਏ।
'ਦੀਰਘ ਰਚਹੁ' ਗੁਰੂ ਫੁਰਮਾਏ।
ਘਰ ਕ੍ਰਿਤ[2] ਅਰੁ ਮਸੰਦ ਮਿਲਿ ਕੈ ਸਬਿ।
ਹਾਥ ਜੋਰਿ ਕਰਿ ਅਰਜ਼ ਕਰੀ ਤਬਿ ॥੩੬॥
'ਹੇ ਪ੍ਰਭੁ ! ਦੂਾਬੇ ਦੇਸ਼ ਮਝਾਰ।
ਦੀਰਘ ਮੋਟ ਨ ਪ੍ਰਾਪਤਿ ਦਾਰ[3]।
ਬਿਨਾ ਦਾਰ ਤੇ ਸਦਨ ਦਰਾਜ਼[4]।

---

[1]ਇੱਥੇ।
[2]ਘਰ ਬਣਾਉਣ ਵਾਲੇ ਭਾਵ ਰਾਜ।
[3]ਬਹੁਤ ਮੋਟੀ ਲਕੜੀ ਨਹੀਂ ਮਿਲਦੀ।
[4]ਵੱਡਾ, ਲੰਮਾ [ਫਾ: ਦਰਾਜ਼]

ਬਨਤਿ ਨਹੀਂ ਕਿਮ, ਸਭਾ ਸਮਾਜ[1]' ॥੩੭॥
ਸ਼੍ਰੀ ਸਤਿਗੁਰ ਸੁਨਿ ਗਿਰਾ ਉਚਾਰੀ।
'ਖੋਜਹੁ ਦੂਰ ਨਿਕਟਿ, ਜਹਿਂ ਭਾਰੀ।
ਜਿਤਿਕ ਮੋਲ ਕੋ ਲੇਵਹਿ ਕੋਇ।
ਦੇ ਕਰਿ ਆਨਹੁ ਕਾਰਜ ਹੋਇ ॥੩੮॥
ਦਾਰ ਦਰਾਜ਼ ਲਗੇ ਘਰ ਬਨੇ।
ਤਥਾ ਬਨਾਵਹੁ ਦੇ ਧਨ ਘਨੇ।'
ਸੁਨਿ ਆਇਸੁ ਕੋ ਸਕਲ ਮਸੰਦ।
ਜਿਤ ਕਿਤ ਖੋਜਤਿ ਪਠਿ ਨਰ ਬ੍ਰਿੰਦ ॥੩੯॥
ਜਿਸ ਥਲ ਕਾਸ਼ਟ ਹੋਇ ਬਿਸਾਲ।
ਸੁਧਿ ਕੋ ਦੇਹੁ ਲਜਾਇ ਤਤਕਾਲ।
ਦਰਬ ਜਿਤਿਕ ਲੈ ਸੋ ਤਿਹ ਦੈਹੈਂ।
ਗੁਰੂ ਹੁਕਮ, ਘਰ ਦੀਹ[2] ਬਨੈ ਹੈ' ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਕਰਤਾਰਪੁਰ ਵਸਾਵਣ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

---
[1]ਸਭਾ ਦੇ ਇਕੱਠ ਵਾਲਾ (ਘਰ)।
[2]ਵੱਡਾ।

## ੩. [ਕਰਤਾਰ ਪੁਰ ਦੀ ਕਥਾ]

੨<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪

ਦੋਹਰਾ: ਜਿਤ ਕਿਤ ਨਰ ਖੋਜਨਿ ਲਗੇ, ਜਿਤਿਕ ਦਾਰ ਬਡ ਚਾਹਿ।
ਕਰੀ ਬਿਲੋਕਨਿ ਗ੍ਰਾਮ ਬਹੁ, ਕਤਹੁਂ ਪ੍ਰਾਪਤਿ ਨਾਂਹਿ ॥੧॥
ਚੌਪਈ: ਸ਼੍ਰੀ ਅਰਜਨ ਕੇ ਨਿਕਟਿ ਮਸੰਦ।
ਕਰੀ ਅਰਜ਼ 'ਨਹਿਂ ਦਾਰ ਬਿਲੰਦ।
ਦੂਰ ਕਿ ਨਿਕਟਿ ਗ੍ਰਾਮ ਸਮੁਦਾਇ।
ਕਰੇ ਬਿਲੋਕਨਿ ਜਿਤ ਕਿਤ ਥਾਂਇ ॥੨॥
ਹੁਇ ਪ੍ਰਾਪਤਿ, ਦੇ ਦਰਬ ਮੰਗਾਵੈਂ।
ਜਥਾ ਹੁਕਮ ਘਰ ਤਥਾ ਬਨਾਵੈਂ।
ਆਗੈ ਜਿਮ ਰਾਵਰ ਕੀ ਮਰਜ਼ੀ।
ਸੋ ਹਮ ਕਰਜੋ ਚਹੈਂ ਸਤਿਗੁਰ ਜੀ!' ॥੩॥
ਜਬਹਿ ਮਸੰਦਨਿ ਏਵ ਉਚਾਰੀ।
ਇਕ ਸਿਖ ਬੈਠਜੋ ਸਭਾ ਮਝਾਰੀ।
ਹਾਥ ਜੋਰਿ ਤਿਨ ਅਰਜ਼ ਬਖਾਨੀ।
'ਏਕ ਸਿੰਸਪਾ[1] ਖਰੀ ਮਹਾਨੀ ॥੪॥
ਜਿਸ ਕੇ ਸਮ ਨਹਿਂ ਦੂਰ ਕਿ ਨੇਰੇ।
ਪੀਨ[2] ਬਡੀ ਅਰੁ ਦੀਹ[3] ਘਨੇਰੇ।
ਬਿਨ ਸਤਿਗੁਰ ਸੋ ਹਾਥ ਨ ਆਵੈ।
ਕੋ ਨਹਿਂ ਤਿਹ ਦਲ ਤੋਰਨਿ ਪਾਵੈ ॥੫॥
ਕੋ ਇਕ ਸ਼ਕਤਿਵੰਤਿ ਤਿਸ ਮਾਂਹੀ।
ਬਸਤਿ ਬਿਤਜੋ ਚਿਰਕਾਲਹਿ ਤਾਂਹੀ।
ਬੀਸ ਬੀਸ ਕੋਸਿਕ ਕੇ ਗ੍ਰਾਮੂ।
ਮਾਨਹਿਂ ਜਾਇ ਕਰਤਿ ਪ੍ਰਣਾਮੂ ॥੬॥
ਗਨ ਵਸਤੁਨਿ ਕੋ ਅਰਪਨ ਕਰੈਂ।
ਅਨਿਕ ਕਾਮਨਾ ਉਰ ਮੈਂ ਧਰੈਂ।
ਜਿਤ ਕਿਤ ਕੇ ਨਰ ਸੀਸ ਝੁਕਾਵੈਂ।
ਨਹਿਂ ਤ੍ਰਿਸਕਾਰ ਕਰੈਂ, ਡਰਪਾਵੈਂ' ॥੭॥
ਸੁਨਿ ਕਰਿ ਸਤਿਗੁਰ ਬਾਕ ਬਖਾਨੇਂ।

---

[1]ਟਾਹਲੀ।
[2]ਮੋਟੀ।
[3]ਲੰਮੀ (ਅ) ਭਾਰੀ।

'ਗਮਨੈ ਸਿੱਖ ਕੋ ਤਿਤ ਹੀ ਥਾਨੇ।
ਛੇਦਨ ਕਰੈ ਸਿੰਸਪਾ ਜਾਇ।
ਜਿਸ ਤੇ ਘਰ ਕਾਰਜ ਸੁਧਰਾਇ' ॥੮॥
ਸੁਨਤਿ ਪਿਰਾਣੇ ਕੀਨਿ ਪਯਾਨਾ।
ਜਹਾਂ ਖਰੋ ਤਰੁ ਪੀਨ ਮਹਾਨਾ।
ਕਰ ਕੁਠਾਰ ਖਾਤੀ ਲੇ ਸਾਥ।
ਗਯੋ ਤਹਾਂ ਸਿਮਰਤਿ ਗੁਰ ਨਾਥ ॥੯॥
ਜਾਇ ਸਿੰਸਪਾ ਹੇਰਨਿ ਕਰੀ।
ਖਰੀ[1] ਦਾਰ ਜਿਸ ਕੀ ਦਿਢ ਖਰੀ[2]।
ਖਾਤੀ ਨਾਮ 'ਸਧਾਰਣ' ਕਹੈਂ।
ਤਨ ਮਨ ਕਰਿ ਗੁਰ ਕੋ ਸਿਖ ਅਹੈ ॥੧੦॥
ਤਿਸ ਨੇ ਕੀਨਿ ਬਿਲੋਕਨ ਸਾਰੋ।
-ਇਕ ਤੌਂ ਥੰਭ ਬਨਹਿ ਸ਼ੁਭ ਭਾਰੋ।
ਜਿਸ ਤੇ ਸੁੰਦਰ ਮੰਦਿਰ ਬਨੇ।
ਸਹੈ ਭਾਰ ਦਿਢ ਲਖੀਯਤਿ ਘਨੇ ॥੧੧॥
ਚਿਰੰਕਾਲ ਕੀ ਲਕਰੀ ਪਾਕੀ।
ਅਪਰ ਨ ਪ੍ਰਾਪਤਿ ਸਮਸਰ ਯਾਂ ਕੀ।
ਔਰ ਕਾਠ ਘਰ ਮਹਿਂ ਜਿਤ ਹੋਇ।
ਕਾਸ਼ਟ ਕਾਂਡਨਿ ਕੋ ਲਗਿ ਜੋਇ[3]- ॥੧੨॥
ਨਿਕਟਿ ਹੋਇ ਲੇ ਹਾਥ ਕੁਠਾਰਾ[4]।
ਛੇਦਨਿ ਹੇਤੁ ਸ ਓਜ ਪ੍ਰਹਾਰਾ।
ਲਾਗਜੋ ਜਬਹਿ ਸਿੰਸਪਾ ਮਾਂਹਿ।
ਛੇਦਨਿ ਕੀਨਿ ਕੁਛਕ ਹੀ ਤਾਂਹਿ ॥੧੩॥
ਨਿਕਸਜੋ ਸ਼ਬਦ ਬ੍ਰਿੱਛ ਤੇ ਤਬੈ।
'ਸੁਨਹੁ ਪਿਰਾਣੇ ! ਮਮ ਗਤਿ ਸਬੈ।
ਚਿਰੰਕਾਲ ਕੋ ਇਸ ਮਹਿਂ ਬਾਸਾ।
ਤੂ ਪਹੁੰਚਜੋ ਅਬਿ ਕਰਸਿ ਬਿਨਾਸਾ ॥੧੪॥
ਗੁਰ ਅਰੁ ਗੁਰੁ ਕੇ ਸਿੱਖ ਅਨੰਤਾ।

---
[1] ਖਰੀ, ਸੁਹਣੀ, ਨਿੱਗਰ।
[2] ਖੜੋਤੀ।
[3] ਘਰ (ਉਸਾਰਨ) ਵਿੱਚ ਜੋ ਹੋਰ ਕੰਮ ਪਏਗਾ ਉਸ ਪਰ ਟਾਹਣਾਂ ਦਾ ਜੋ ਕਾਠ ਹੈ ਸੋ ਲੱਗ ਜਾਏਗਾ।
[4] ਕੁਹਾੜਾ।

ਤਿਨ ਪਰ ਮੇਰੋ ਬਸ ਨ ਚਲੰਤਾ।
ਮੈਂ ਸਤਿਗੁਰ ਕੋ ਕੁਛ ਨ ਬਿਗਾਰਯੋ।
ਕਯੋਂ ਮੇਰੋ ਚਹਿਂ ਬਾਸ ਬਿਦਾਰਯੋ ॥੧੫॥
ਪੂਜਾ ਅਧਿਕ ਜਗਤ ਮਹਿਂ ਮੇਰੀ।
ਅਰਪਹਿਂ ਲੋਕ ਅਕੋਰ ਘਨੇਰੀ।
ਹਟਿ ਰਹੀਅਹਿ, ਨਹਿਂ ਬ੍ਰਿੱਛ ਬਿਦਾਰਹੁ।
ਗੁਰ ਆਗੇ ਮਮ ਅਰਜ਼ ਗੁਜ਼ਾਰਹੁ ॥੧੬॥
ਸ਼ਰਨ ਪਰੇ ਕੀ ਰੱਛਾ ਕੀਜਹਿ।
ਅਪਨੋ ਜਾਨਿ ਰਾਖਿ ਕਰਿ ਲੀਜਹਿ।
ਇਮ ਕਹਿ ਸਗਰੀ ਬ੍ਰਿਥਾ ਸੁਨਾਵਹੁ।
ਜਿਮ ਗੁਰ ਹੁਕਮ ਹੋਇ ਸੁਨਿ ਆਵਹੁ' ॥੧੭॥
ਸੁਨਿ ਤਿਖਾਣ ਪੀਰਾਣਾਂ ਦੋਇ।
ਉਰ ਬਿਸਮਾਏ ਅਚਰਜ ਹੋਇ।
ਕਹੈਂ ਪਰਸਪਰ 'ਨਾਂਹਿਨ ਆਛੇ।
ਇਸ ਤਰੁ ਸਦਾ ਬਾਸ ਕੋ ਬਾਂਛੇ ॥੧੮॥
ਬਹੁਰ ਦੀਨ ਹੁਇ ਬੋਲਤਿ ਬਿਨਤੀ।
ਨਹਿਂ ਹੰਕਾਰ ਆਦਿ ਕੀ ਗਿਨਤੀ।
ਇਕ ਬਾਰੀ ਗੁਰ ਨਿਕਟਿ ਸੁਨਾਇ।
ਬਹੁਰ ਬਿਦਾਰਹਿਂਗੇ ਤਰੁ ਆਇ' ॥੧੯॥
ਇਮ ਕਹਿ ਗਮਨੇ ਪੁਰਿ ਕੀ ਓਰ।
ਸ੍ਰੀ ਅਰਜਨ ਬੈਠੇ ਜਿਸ ਠੌਰ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਸੁਨਹੁ ਪ੍ਰਭੂ! ਸੁ ਮਹੀਰੁਹ ਭਾਰੀ[1] ॥੨੦॥
ਨਿਕਸੀ, ਛੇਦਨਿ ਲਗੇ, ਅਵਾਜ।
-ਕਯੋਂ ਮੇਰੋ ਤੁਮ ਕਰਤਿ ਕੁਕਾਜ।
ਮਨਤਾ ਮੇਰੀ ਗ੍ਰਾਮ ਕਰੰਤੇ।
ਭਾਂਤਿ ਭਾਂਤਿ ਕੀ ਭੇਟ ਚੜ੍ਹਤੇ ॥੨੧॥
ਤਰੁ ਬਿਨਸੇ ਤੇ ਬਿਨਸਹਿ ਸਾਰੀ[2]।
ਕੋਇ ਨ ਜਾਨ ਸਕਹਿ ਨਰ ਨਾਰੀ।
ਇਹ ਮਮ ਬ੍ਰਿਥਾ ਸੁਨਾਵਹੁ ਜਾਇ।

---

[1]ਉਹ ਬ੍ਰਿੱਛ ਭਾਰੀ ਹੈ।
[2]ਭਾਵ ਸਾਰੀ ਮੰਨਤਾ।

ਪੁਨ ਕੀਜਹਿ ਜਿਮ ਗੁਰ ਫੁਰਮਾਇੰ-' ॥੨੨॥
ਸ਼੍ਰੀ ਅਰਜਨ ਸੁਨਿ ਕੈ ਤਿਸ ਕਾਲ।
ਮ੍ਰਿਦੁਲ ਰਿਦਾ ਸੁ ਕ੍ਰਿਪਾਲੂ ਬਿਸਾਲ।
ਕਹ੍ਯੋ 'ਚਲੈਂ ਹਮ ਤਿਸ ਕੇ ਤੀਰ।
ਸਰਬ ਪ੍ਰਕਾਰ ਦੇਹਿਂ ਕਰਿ ਧੀਰ' ॥੨੩॥
ਇਮ ਕਹਿ ਖਾਸੇ ਪਰ ਚਢਿ ਚਲੇ।
ਪਿਖਨਿ ਬ੍ਰਿੱਛ ਕੋ ਛੇਦਨਿ ਭਲੇ।
ਸੇਵਕ ਬ੍ਰਿੰਦ ਸੰਗ ਤਬਿ ਗਏ।
ਤਰੁ ਮਹਿਂ ਸ਼ਬਦ ਬਿਸਮ ਉਰ ਭਏ ॥੨੪॥
ਸਨੇ ਸਨੇ ਚਲਿ ਪਹੁੰਚੇ ਨੇਰੇ।
ਥਿਰ ਜਬਿ ਹੋਇ ਸਰਬ ਹੀ ਹੇਰੇ।
ਭਈ ਅਵਾਜ਼ ਨੰਮ੍ਰਿ ਕਰਿ ਨਮੋ।
ਬਿਨਤੀ ਕਰਨਿ ਲਗ੍ਯੋ ਤਹਿ ਸਮੋ ॥੨੫॥
'ਪ੍ਰਭੁ ਜੀ! ਸਭਿ ਕੇ ਹੋ ਸੁਖਦਾਤਾ।
ਮਮ ਸਥਾਨ ਕਿਮ ਕਰਿ ਹੋ ਘਾਤਾ।
ਗੁਰ ਘਰ ਕੇ ਨਹਿਂ ਕਾਜ ਬਿਗਾਰ੍ਯੋ।
ਕੋ ਮੇਰੋ ਅਪਰਾਧ ਬਿਚਾਰ੍ਯੋ? ॥੨੬॥
ਨਿਕਟਿ ਦੂਰ ਕੇ ਗ੍ਰਾਮ ਘਨੇਰੇ।
ਨੰਮ੍ਰੀ ਹੋਤਿ ਅਗਾਰੀ ਮੇਰੇ।
ਬਿਨਾਂ ਸਿੰਸਪਾ ਸਭਿ ਹਟਿ ਜੈ ਹੈਂ।
ਨਹੀਂ ਉਪਾਇਨ ਕੋ ਪੁਨ ਦੈ ਹੈਂ' ॥੨੭॥
ਸੁਨਿ ਸਤਿਗੁਰ ਤਬਿ ਧੀਰਜ ਦੀਨੋ।
'ਤਰੁ ਦੀਰਘ ਤੇ ਦੇਸ਼ ਬਿਹੀਨੋ।
ਕਾਸ਼ਟ ਰਹੇ ਖੋਜ ਨਹਿਂ ਪਾਯੋ।
ਚਾਹਤਿ ਹੈਂ ਹਮ ਸਦਨ ਬਨਾਯੋ ॥੨੮॥
ਦੁਰਲਭ ਦਾਰ ਹੇਤੁ ਘਰ ਜਾਨਾ[1]।
ਅਪਰ ਨਹੀਂ ਇਸ ਤਰੂ ਸਮਾਨਾ।
ਤਵ ਮਨਤਾ ਕੋ ਨਹੀਂ ਬਿਗਾਰਹਿਂ।
ਜਹਾਂ ਥੰਭ ਦੇ ਸਦਨ ਉਸਾਰਹਿਂ ॥੨੯॥
ਤਿਹ ਠਾਂ ਹੋਵਹਿ ਪੂਜਾ ਤੇਰੀ।
ਅਬਿ ਤੇ ਭੀ ਬਨ ਜਾਹਿ ਘਨੇਰੀ।

[1]ਘਰ ਲਈ ਦੁਰਲਭ ਲਕੜੀ ਦੇਖੀ ਹੈ।

ਪ੍ਰਥਮੇ ਤੋ ਕਹੁ ਮਾਨੈ ਜੋਇ।
ਪਾਛੇ ਹਮਰੋ ਦਰਸ਼ਨ ਹੋਇ[*] ॥੩੦॥
ਕਰਹੁ ਸੁਖੇਨ ਬਾਸ ਕੋ ਤਹਾਂ।
ਹੋਹਿ ਅਨੇਕ ਮੰਨਤਾ ਮਹਾਂ।
ਨਹਿਂ ਕੀਜਹਿ ਚਿਤ ਮੈਂ ਦੁਚਿਤਾਈ[੧]।
ਪੂਰਬ ਤੇ ਅਬਿ ਬਨਹਿ ਸਵਾਈ' ॥੩੧॥
ਇਮ ਸੁਨਿ ਕੈ ਸਤਿਗੁਰ ਤੇ ਸੋਇ।
ਰਿਦੈ ਅਨੰਦ ਬਿਲੰਦੈ ਹੋਇ।
ਕਰੀ ਬੰਦਨਾ ਤੂਸ਼ਨਿ ਹੋਯੋ।
ਅਪਨੋ ਹਿਤ ਛੇਦਨ ਮਹਿਂ ਜੋਯੋ ॥੩੨॥
ਸ਼੍ਰੀ ਮੁਖ ਤੇ ਫੁਰਮਾਯੋ ਫੇਰ।
'ਸੁਨਹੁ ਤ੍ਰਿਖਾਣ ਸਧਾਰਣ ਹੇਰਿ!
ਜਿਤੋ ਸਥੰਭ ਰਾਖਿਬੋ ਕਰਨੋ।
ਕਰਿ ਮਿਨਤੀ ਕੋ ਭਲੇ ਸੁਧਰਨੋ ॥੩੩॥
ਸਭਿ ਬਿਧਿ ਕਰਿ ਕੋ ਇਹ ਠਾਂ ਤਜਾਰ।
ਹੌਰਾ ਹੋਇ ਜਾਏਗੋ ਭਾਰ।
ਬਹੁਰ ਸਕਟ ਪਰ ਧਰਿ ਕੈ ਲਜਾਵਹੁ।
ਬ੍ਰਿਖਭ ਬ੍ਰਿੰਦ ਤਿਹ ਸਗ ਲਗਾਵਹੁ' ॥੩੪॥
ਕਹਿ ਸਤਿਗੁਰ ਪੁਰਿ ਕੇ ਹਾਟ ਆਏ।
ਸੇਵਕ ਸੁਜਸੁ ਕਰਤਿ ਸਮੁਦਾਏ।
ਧਰਿ ਕੁਠਾਰ ਪੁਨ ਛੇਦਤਿ ਖਾਤਾ[੨]।
ਬਲ ਤੇ ਕਰਜੋ ਮੂਲ ਤੇ ਘਾਤਾ[੩] ॥੩੫॥
ਬਹੁ ਨਰ ਲਗਿ ਕਰਿ ਦੀਓ ਗਿਰਾਇ।
ਕਦਨ ਸਿਕੰਧ ਕਰੇ[੪] ਸਮੁਦਾਇ।
ਮਿਨ ਕਰਿ ਜਿਤੋ ਚਹਿਯ ਪਰਮਾਨ[੫]।
ਤਿਤੋ ਰਾਖਿ ਕਰਿ ਪੀਨ ਮਹਾਨ ॥੩੬॥

---

[*]ਇਕ ਅਕਾਲ ਦੀ ਪੂਜਾ ਦ੍ਰਿੜ੍ਹਾਉਣ ਵਾਲੇ ਸਤਿਗੁਰੂ ਜੀ ਲਕੜੀ ਵਿਚ ਪੂਜਾ ਦਾ ਆਧਾਰ ਕਾਇਮ ਕਦ ਕਰ ਸਕਦੇ ਹਨ? ਏਹ ਮਗਰੋਂ ਦੀਆਂ ਤੁਰੀਆਂ ਬਾਤਾਂ ਹਨ।
[੧]ਚਿੰਤਾ।
[੨]ਤਿਖਾਣ।
[੩]ਵੱਢ ਲਿਆ।
[੪]ਕੱਟ ਦਿੱਤੇ। ਟਾਹਣ।
[੫]ਮਿਣਤੀ।

ਨੀਕੇ ਘਰਜੋ ਗੋਲ ਸਭਿ ਕਰਜੋ।
ਆਕ੍ਰਿਤ[1] ਸੁੰਦਰ ਕਰਿ ਤਹਿਂ ਧਰਜੋ।
ਬ੍ਰਿਖਭ ਬ੍ਰਿੰਦ ਜੁਤਿ ਸੁਕਟ ਮੰਗਾਯੋ।
ਬਹੁ ਮਾਨਵ ਮਿਲਿ ਤਹਾਂ ਚਢਾਯੋ ॥੩੭॥
ਬਡੇ ਜਤਨ ਤੇ ਲਜਾਵਨਿ ਕੀਨਿ।
ਜਹਿਂ ਘਰ ਚਿਨਹਿਂ ਤਹਾਂ ਧਰਿ ਦੀਨਿ।
ਸ੍ਰੀ ਸਤਿਗੁਰ ਹੇਰਨ ਹਿਤ ਆਏ।
'ਸੁੰਦਰ ਘਰਜੋ' ਕਹਤਿ ਸਮੁਦਾਏ ॥੩੮॥
ਤਬਿ ਕਾਰੀਗਰ ਜਬੈ ਨਿਹਾਰਾ।
ਖਰੋ ਕਰਨਿ ਕੋ ਬਜੋਂਤ ਬਿਚਾਰਾ।
ਨਰ ਗਨ ਲਗੇ ਉਚਾਯਹੁ ਸੋਇ।
ਖਰੋ ਕਰਜੋ ਆਛੋ ਥਲ ਜੋਇ ॥੩੯॥
ਚਹਿਯਤਿ ਹਾਥ ਸਵਾ ਨੌ ਥੰਭਾ।
ਭਯੋ ਕਮੀ ਪਿਖਿ ਰਿਦੇ ਅਚੰਭਾ।
ਅਸ਼ਟ ਆਂਗੁਰੀ ਘਟ ਸੋ ਹੋਯੋ।
ਬਿਗਰਜੋ ਕਾਜ ਮਿਨਜੋ ਜਬਿ ਜੋਯੋ ॥੪੦॥
ਅਪਰ ਨ ਪੱਯਤਿ ਹੈ ਸਮ ਯਾਂ ਕੇ।
ਮੰਦਿਰ ਬਨਹਿ ਆਸਰੇ ਕਾਂ ਕੇ।
ਗੁਰ ਆਗੇ ਤਬਿ ਅਰਜ਼ ਗੁਜ਼ਾਰੇ।
'ਪ੍ਰਭੁ ਜੀ! ਦੀਰਘ ਕਾਜ ਬਿਗਾਰੇ ॥੪੧॥
ਦੁਰਲਭ ਦਾਰ ਜਤਨ ਕਰਿ ਲੀਨਿ।
ਅਸ਼ਟ ਆਂਗੁਰੀ ਭਯੋ ਬਿਹੀਨ[2]।
ਸਗਰੋ ਸਦਨ ਬਿਗਲ ਕਰਿ ਜਾਇ।
ਜੇ ਇਸ ਪਰ ਅਬਿ ਚਿਨਹਿਂ ਬਨਾਇ ॥੪੨॥
ਅਪਰ ਉਪਾਇ ਨਹੀਂ ਬਨਿ ਆਵੈ।
ਕਰਹਿਂ ਜਥਾ ਰਾਵਰ ਕੋ ਭਾਵੈ।'
ਸੁਨਿ ਸਤਿਗੁਰ ਚਲਿ ਆਏ ਤਹਾਂ।
ਖਰੋ ਸਥੰਭ ਹੀਨ ਹੁਇ ਜਹਾਂ ॥੪੩॥
ਬਿਘਨ ਸਦਨ ਕੇ ਬਨਿਬੇ ਬਿਖੇ।
ਠਾਂਢੇ ਮਾਨਵ ਸਗਰੇ ਪਿਖੇ।

---

[1]ਸੁੰਦਰ ਰੂਪ ਵਾਲਾ [ਸੰਸ: ਆਕ੍ਰਿਤਿ = ਸੁੰਦਰਤਾ]
[2]ਘੱਟ।

ਪਸ਼ਚਾਤਾਪ ਕਰਹਿਂ ਮੁਖ ਭਾਖੇ।
'ਇਸ ਕੇ ਸਮ ਅਬਿ ਕਹਾਂ ਭਿਲਾਖੇ ॥੪੪॥
ਭਾਰੀ ਤਰੁ ਛੇਦਨਿ ਕਰਿ ਖੋਯੋ।
ਨਾਂਹਿਨ ਕਾਮ ਧਾਮ ਕੋ ਹੋਯੋ।'
ਸ੍ਰੀ ਅਰਜਨ ਲਘੁ ਦੇਖਨਿ ਕੀਨਾ।
ਭਯੋ ਬਿਫਲ ਹੀ ਦੀਰਘ ਪੀਨਾ ॥੪੫॥
ਸ੍ਰੀ ਮੁਖ ਤੇ ਕੀਨਸਿ ਫੁਰਮਾਵਨਿ।
'ਗੁਰ ਘਰ ਹਿਤ ਤਰੁ ਛਿਦਜੋ ਘਰਾਵਨਿ।
ਅਪਨਿ ਖੁਸ਼ੀ ਤੇ ਪ੍ਰਥਮ ਬਿਸਾਲਾ।
ਵਧਜੋ ਹੁਤੋ ਇਹ ਬ੍ਰਿੰਦ ਸਡਾਲਾ[1] ॥੪੬॥
ਸਤਿ ਸੰਗਤਿ ਸਤਿਨਾਮ ਸਦਨ ਮੈਂ।
ਇਸ ਘਰ ਮਹਿਂ ਸਿਮਰਹਿਂ ਨਿਸ ਦਿਨ ਮੈਂ।
ਯਾਂ ਤੇ ਇਹ ਅਬਿ ਹਮਰੇ ਕਹੇ।
ਵਧਹਿ ਬਿਸਾਲ ਜਿਤਿਕ ਇਤ ਚਹੈਂ' ॥੪੭॥
ਸਭਿ ਨਰ ਬ੍ਰਿੰਦ ਬਿਲੋਕਤਿ ਠਾਂਢੇ।
ਤਤਛਿਨ ਅਸ਼ਟ ਆਂਗੁਰੀ ਬਾਂਢੇ।
ਜਿਤੋ ਚਹਤਿ ਕਾਰੀਗਰ ਤਹਾਂ।
ਭਯੋ ਤਿਤਕ ਬਿਸਮੇ ਉਰ ਮਹਾਂ ॥੪੮॥
ਕਰਿ ਠਾਢੋ ਨੀਕੇ ਹਰਿਖਾਏ।
ਰਹਿਬੇ ਹੇਤੁ ਨਿਕੇਤ ਬਨਾਏ।
ਸਤਿ ਸੰਗਤਿ ਜੇਤਿਕ ਚਲਿ ਆਵੈ।
ਪ੍ਰਥਮ ਭੇਟ ਦੇ ਸੀਸ ਨਿਵਾਵੈ ॥੪੯॥
ਗੁਰ ਦਰਸ਼ਨ ਕੋ ਦੇਖਹਿਂ ਪਾਛੇ।
ਇਮ ਮਨਤਾ ਇਸ ਥਲ ਭੀ ਆਛੈ।

[2]'ਸੁਨਹੁ ਗੁਰੂ ਸਿਖ ਥੰਮ੍ਹ ਪ੍ਰਸੰਗ।
ਮਾਨਵ ਮਨਹਿਂ ਭਾਵਨਾ ਸੰਗ ॥੫੦॥
ਚਿਰੰਕਾਲ ਤਿਸ ਘਰ ਮਹਿਂ ਰਹਜੋ।
ਪੂਜਾ ਭਈ ਜਥਾ ਗੁਰੂ ਕਹਜੋ।
ਰਾਜ ਖਾਲਸੇ ਕਾ ਜਬਿ ਭਯੋ।
ਤੁਰਕਨਿ ਸਾਥ ਬੈਰ ਬਧਿ ਗਯੋ ॥੫੧॥

---
[1]ਡਾਲੀਆਂ ਸਣੇ।
[2]ਇੱਥੋਂ ਅੱਗੇ ਕਵਜੋਕਤੀ ਹੈ।

ਪਸ਼ਚਮ ਦਿਸ਼ਿ ਕੇ ਜਮਨ ਬਿਸਾਲੇ।
ਆਏ ਮਿਲਿ ਸਮੁਦਾਇ ਕਰਾਲੇ।
ਸਿੰਘ ਲਰੇ ਬਹੁ ਬਨੇ ਸ਼ਹੀਦ।
ਭਈ ਰਿਪੁਨਿ ਕੀ ਇਹਾਂ ਰਸੀਦ ॥੫੨॥
ਪੂਜਨ ਥਾਨ ਜਾਨਿ ਖਲ ਮੂੜ੍ਹੇ।
ਕਾਸ਼ਟ ਬ੍ਰਿੰਦ ਲਜਾਇ ਕਰਿ ਕੂੜੇ।
ਪਰ ਸਥੰਭ ਕੇ ਚਹੁੰਦਿਸ਼ਿ ਮਾਂਹੀ।
ਲਾਇ ਹੁਤਾਸਨ ਤੂਰਨ ਤਾਂਹੀ* ॥੫੩॥
ਬਡ ਚਿੰਘਾਰ ਮਾਰਿ ਤਤਕਾਲ।
ਮ੍ਰਿਤਕ ਜਮਨ ਕੋ ਮੂਰਛ ਨਾਲ[੧]।
ਅਵਿਨੀ ਬਿਖੇ ਪ੍ਰਵੇਸ਼ਨਿ ਹੋਯੋ[੨]।
ਬਹੁਰ ਕਿਸੂ ਨੇ ਕਹੋਂ ਹੁੰਨ ਜੋਯੋ[੩] ॥੫੪॥
ਅਬਿ ਲੌਂ ਤਿਸ ਥਲ ਸਿਖ ਜੇ ਜਾਇਂ।
ਅਰਪਿ ਉਪਾਇਨ ਸੀਸ ਨਿਵਾਇਂ।
ਪੁਰਿ ਜਨ ਕਹਜੋ 'ਸੁਨਹੁਂ ਗੁਰ ਪੂਰੇ!
ਇਮ ਸ਼੍ਰੀ ਗੁਰ ਅਰਜਨ ਕੇ ਗੁਨ ਰੂਰੇ ॥੫੫॥

ਦੋਹਰਾ: ਜਿਮ ਪ੍ਰਸੰਗ ਬੂਝਜੋ ਹੁਤੋ, ਸ਼੍ਰੀ ਸਤਿਗੁਰ ਹਰਿਰਾਇ।
ਪੁਰਿ ਕਰਤਾਰ ਬਸਾਇਬੇ, ਦੀਨੋ ਸਰਬ ਸੁਨਾਇ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸਬੰਤ' ਪ੍ਰਸੰਗ ਬਰਨਨੰ ਨਾਮ ਤ੍ਰਿਤੀਯੋ ਅੰਸੂ ॥੩॥

---

*ਭੰਗੂ ਜੀ ਨੇ ਲਿਖਿਆ ਹੈ ਕਿ ਨਾਸਰ ਅਲੀ ਨਵਾਬ ਨੇ ਸੋਢੀ ਬਡਭਾਗ ਸਿੰਘ ਦੇ ਸਮੇਂ ਧਾਵਾ ਕਰਕੇ ਥੰਭ ਸਾੜਿਆ ਤੇ ਵਾਹਿਗੁਰੂ ਕੀਰਤਨ ਦਾ ਇਹ ਮੰਦਰ ਮਿਸਮਾਰ ਕੀਤਾ ਸੀ। ੧੮੧੩ ਬਿ: ਵਿਚ ਖਾਲਸੇ ਨੇ ਇਸ ਮੰਦਰ ਦੀ ਹੱਤਕ ਦਾ ਬਦਲਾ ਲੀਤਾ। ਸੋਢੀ ਬਡਭਾਗ ਸਿੰਘ, ਖਾਲਸਾ ਦਲ ਤੇ ਅਦੀਨਾ ਬੇਗ ਇਸ ਜੰਗ ਵਿਚ ਇਕੱਠੇ ਸੇ।

[੧]ਉਸ ਆਵਾਜ਼ ਨਾਲ ਕੋਈ ਮੁਸਲਮਾਨ ਮਰ ਗਿਆ ਕੋਈ ਮੂਰਛਾ (ਹੋ ਗਿਆ)।

[੨]ਭਾਵ ਥੰਭ।

[੩]ਫਿਰ ਕਿਵੇਂ ਬੀ ਕਿਸੇ ਨੇ (ਅੱਖੀਂ) ਨਹੀਂ ਡਿੱਠਾ।

## ੪. [ਭਾਈ ਭਗਤੂ]

੩<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫

ਦੋਹਰਾ: ਜੇਸ਼ਟ ਭ੍ਰਾਤਾ ਸੰਗ ਮਿਲਿ,
ਨੀਕੇ ਸ਼੍ਰੀ ਹਰਿਰਾਇ।
ਡੇਰਾ ਕੀਨੋ ਕੁਸ਼ਲ ਜੁਤਿ,
ਉਤਰਜੋ ਦਲ ਸਮੁਦਾਇ ॥੧॥
ਚੌਪਈ: ਕੇਤਿਕ ਦਿਨ ਬਿਚ ਪੁਰਿ ਕਰਤਾਰਾ।
ਕਰਜੋ ਬਾਸ ਸਤਿਗੁਰਨਿ ਸੁਖਾਰਾ।
ਦੇਸ਼ ਬਿਦੇਸ਼ਨਿ ਤੇ ਸੁਨਿ ਆਵੈਂ।
ਅਨਿਕ ਅਕੋਰਨ ਕੋ ਸਿਖ ਲਜਾਵੈਂ ॥੨॥
ਬਿਤੇ ਚੇਤ ਭਾ ਪਰਬ ਬਿਸਾਖੀ।
ਚਲੇ ਆਇੰ ਨਰ ਦਰਸ਼ਨ ਕਾਂਖੀ।
ਜੰਗਲ ਦੇਸ਼ ਦਾਸੁ ਸਮੁਦਾਈ।
ਅਜ਼ਮਤ ਪੂਰਨ ਭਗਤੂ ਭਾਈ ॥੩॥
ਦੀਪਮਾਲਕਾ ਅਪਰ ਬਸੋਏ।
ਖਸ਼ਟ ਮਾਸ ਗੁਰ ਦਰਸ਼ਨ ਜੋਏ।
ਸਿਖ ਸੰਗਤਿ ਕੇਤਿਕ ਕੇ ਸਾਥ।
ਜਾਇ ਬਿਲੋਕਹਿ ਸਤਿਗੁਰ ਨਾਥ ॥੪॥
ਅਲਪ ਬੈਸ ਤੇ ਸ਼੍ਰੀ ਹਰਿਰਾਇ।
ਦੇਖਹਿਂ ਭਗਤੂ ਕੋ ਮੁਸਕਾਇ।
ਹਸਨ ਹੇਤੁ ਮੁਖ ਗਿਰਾ ਅਲਾਵੈਂ।
ਮਹਾਂ ਬ੍ਰਿੱਧ ਕੋ ਪਿਖਿ ਹਰਖਾਵੈਂ ॥੫॥
'ਆਵਹੁ ਭਾਈ! ਕੋ ਅਬਿ ਘਰਨੀ।
ਕਰਹੁ ਸਹੇਰਨਿ ਸੁੰਦਰ ਤਰੁਨੀ।'
ਕਹਿ ਸਿੱਖਨਿ ਮਹਿਂ ਉਰ ਹਰਖਾਵੈਂ।
ਹਸਹਿਂ ਹੇਰਿ ਕਰਿ ਮਾਨ ਬਧਾਵੈਂ ॥੬॥
ਸੁਨਿ ਭਗਤੂ ਬੰਦਨ ਕਰਿ ਪਾਇਨ।
ਨਿਕਟਿ ਸੁ ਬੈਠਹਿ ਅਰਪਿ ਉਪਾਇਨ।
ਜਬਿ ਡੇਰਾ ਲਖਿ ਪੁਰਿ ਕਰਤਾਰੁ।
ਗੁਰ ਦਰਸ਼ਨ ਕੋ ਸਮਾ ਬਿਚਾਰੁ ॥੭॥
ਗਮਨਜੋ ਘਰ ਤੇ ਮਗ ਮਹਿਂ ਆਯੋ।
-ਤਨ ਕੋ ਅੰਤ ਸਮਾਂ ਨਿਯਰਾਯੋ-।

ਇਹ ਮਨ ਜਾਨਿ ਬਿਚਾਰਤਿ ਭਯੋ।
-ਸ਼੍ਰੀ ਗੁਰ ਬਾਕ ਬਾਰ ਬਹੁ ਕਿਯੋ ॥੮॥
ਚਰਖਾ ਕਰਹੁ ਸਹੇਰਨਿ ਕੋਈ*।
ਕੈਸੇ ਨਿਸ਼ਫਲ ਹੁਇ ਹੈ ਸੋਈ।
ਕਰਿਬੋ ਬਨਹਿ ਮੋਹਿ ਕਹੁ ਸਾਚਾ।
ਅਨਿਕ ਬਾਰ ਗੁਰ ਹਸਤਿ ਉਬਾਚਾ ॥੯॥
ਅਬਿ ਕੈ[੧], ਮਮ ਤਨ ਤਜਿਬੋ ਹੋਇ।
ਯਾਂ ਤੇ ਕਰਨਿ ਬਜਾਹ ਭਲ ਜੋਇ[੨]।
ਨਾਂਹਿ ਤ ਰਹਿ ਜੈ ਹੈ ਅਧ ਮਾਂਹਿ[੩]।
ਇਮ ਮੋ ਕਹੁ ਕਬਿ ਨੀਕੋ ਨਾਂਹਿ- ॥੧੦॥
ਇਸ ਬਿਧਿ ਮਗ ਮਹਿਂ ਚਿਤਵਤ ਆਵਤਿ।
ਦੇਖਯੋ ਏਕ ਖੇਤ ਮਨ ਭਾਵਤਿ।
ਪਾਕਨ ਲਗਯੋ ਬਾਜਰਾ+ ਤਹਾਂ।
ਮਿਲੇ ਬਿਹੰਗਮ ਚੁਗਿਬੇ ਜਹਾਂ ॥੧੧॥
ਦ੍ਵਾਦਸ਼ ਬਰਖਨਿ ਕੀ ਇਕ ਕੰਨਜਾਂ।
ਸੁੰਦਰ ਰੂਪ ਬਿਸਾਲ ਸਪੰਨਜਾਂ।
ਕਰਤਿ ਉਡਾਵਨ ਖਗ ਸਮੁਦਾਇਆ।
ਖੇਤ ਪਕਾਵਤਿ ਚੁਗਨਿ ਬਚਾਇਆ ॥੧੨॥
ਤਿਸੇ ਬਿਲੋਕਤਿ ਚਿਤ ਮਹਿਂ ਆਈ।
-ਇਹ ਰਾਹਕ ਕੀ ਸੁਤਾ ਸੁਹਾਈ।
ਗੁਰ ਕੋ ਬਾਕ ਸਫਲ ਕਰਿ ਦੈ ਹੌਂ।
ਇਸ ਕੇ ਸੰਗ ਬਜਾਹ ਕਰਿ ਲੈਹੌਂ- ॥੧੩॥
ਇਮ ਬਿਚਾਰ ਕਰਿ ਬ੍ਰਿੱਧ ਬਹੁ ਭਾਈ।
ਹਾਥ ਲਸ਼ਟਕਾ ਚਲਤਿ ਟਿਕਾਈ।
ਸਨੇ ਸਨੇ ਮਗ ਮਹਿਂ ਪਗ ਡਾਲਤਿ।
ਜਬਿ ਢਿਗ ਪਹੁਂਚਯੋ ਤਿਸ ਕੇ ਚਾਲਤਿ ॥੧੪॥
ਊਪਰ ਦ੍ਰਿਸ਼ਟਿ ਕਰੀ ਤਿਸ ਹੇਰਾ।
ਫੇਰੇ ਫਿਰਨ ਹੇਤੁ ਕਹਿ ਫੇਰਾ।

---

*ਪਾ:-ਸਹਿਜ ਸੁਭਾਇ ਬਾਕ ਕਹਿਂ ਜੋਬੀ।
[੧]ਹੁਣ ਦੀ ਵਾਰ। ਐਤਕੀ।
[੨]ਇਸ ਲਈ (ਹੁਣ) ਜੋ ਵਿਆਹ ਕਰ ਲੈਣਾ ਹੈ, ਭਲੀ ਗਲ ਹੈ।
[੩]ਭਾਵ ਵਾਕ ਸਫਲ ਨਹੀਂ ਹੋਵੇਗਾ।
+ਇਸ ਤੋਂ ਜਾਪਦਾ ਹੈ ਕਿ ਹੁਣ ਮੌਸਮ ਬਰਸਾਤ ਦਾ ਅੰਤ ਸੀ।

'ਬੂਟ ਕਾਸ[1] ਕੋ ਅਹੈ ਉਗਾਹ।
ਇਸ ਤਿਯ ਸੰਗ ਕਰੋਂ ਮੈਂ ਬਜਾਹ ॥੧੫॥
ਭਈ ਭਾਰਜਾ ਮੇਰੀ ਅਬੈ।
ਤ੍ਰਿਣ ਖਗ ਆਨਿ ਸੁਨਹੁਂ ਇਹ ਸਭੈ[*]।'
ਕਾਸ ਬੂਟ ਕੇ ਚਹੁਂਦਿਸ਼ਿ ਮਾਂਹਿ।
ਫੇਰ ਲਸ਼ਟਕਾ ਜਿਮ ਹੁਇ ਬਜਾਹ ॥੧੬॥
ਤਿਸ ਕੰਨਜਾਂ ਕਹੁ ਗਿਰਾ ਸੁਨਾਈ।
ਮਹਾਂ ਬ੍ਰਿਧ ਤੇ ਸੁਨਤਿ ਲਜਾਈ।
ਕਛੂ ਨ ਬੋਲੀ ਤੂਸ਼ਨਿ ਠਾਨੀ।
ਚਿਤ ਮਹਿਂ ਚਿਤਵਤਿ ਸੁਨੀ ਜੁ ਬਾਨੀ ॥੧੭॥
ਭਾਈ ਮਗ ਚਲਿ ਪਰਜੋ ਅਗਾਰੀ।
ਆਯੋ ਪੁਰਿ ਕਰਤਾਰ ਮਝਾਰੀ।
ਸ਼੍ਰੀ ਹਰਿਰਾਇ ਸੁਹਾਵਤਿ ਗਾਦੀ।
ਦਰਸ ਬਿਲੋਕਿ ਭਯੋ ਅਹਿਲਾਦੀ ॥੧੮॥
ਕਰਿ ਬੰਦਨ ਕੋ ਬੈਠਜੋ ਪਾਸ।
ਕਹਿਜੋ ਗੁਰੂ ਕੁਛ ਠਾਂਨਤਿ ਹਾਸ।
'ਆਵਹਿ ਭਾਈ! ਬ੍ਰਿੱਧ ਬਯ ਮਾਂਹੀ।
ਕਰਜੋ ਸਹੇਰਨਿ ਘਰ ਕੈ ਨਾਂਹੀ? ॥੧੯॥
ਨਿਰਬਲ ਅਬਿ ਸਰੀਰ ਹੁਇ ਗਯੋ।
ਸਿੱਖੀ ਕੋ ਰਸ ਬਹੁ ਨਿਤ ਲਯੋ।
ਨੀਠ ਨੀਠ ਮਗ ਆਵਹੁ ਚਲੇ।
ਅਬਿ ਭੀ ਤਪ ਮਹਿਂ ਚਿਤ ਹੈ ਭਲੇ ॥੨੦॥
ਸੁਨਿ ਕਰ ਜੋਰਤਿ ਭਗਤੂ ਭਾਖਾ।
'ਸਦਾ ਆਪ ਕੀ ਸਫਲਤਿ ਕਾਂਖਾ।
ਬਜਾਹ ਪੰਥ ਮਹਿਂ ਮੈਂ ਕਰਿ ਆਵਾ।
ਬਨ ਤ੍ਰਿਣ ਆਦਿਕ ਸਭਿਨਿ ਸੁਨਾਵਾ' ॥੨੧॥
ਸੁਨਿ ਕੈ ਹਸੇ ਅਧਿਕ ਗੁਰ ਪੂਰੇ।
'ਭਗਤੂ ਸਿੱਖ ਮਹਾਂ ਗੁਨ ਰੂਰੇ।

---

[1]ਇਕ ਪ੍ਰਕਾਰ ਦਾ ਘਾਹ, ਕਾਹੀ।

[*]ਜਾਣ ਪੈਂਦਾ ਹੈ ਕਿ ਭਾਈ ਜੀ ਨੇ ਇਸ ਬੀਬੀ ਦੀ ਕਲਜ਼ਾਨ ਵੀ ਇਸ ਕੌਤਕ ਵਿਚ ਵਿਚਾਰੀ ਹੈ, ਕਿਉਂ ਜੋ ਇਹ ਨਾਮ ਰਸੀਆ ਤੇ ਭਾਈ ਦੇ ਪਰਵਾਰ ਤੋਂ ਸਤਿਕਾਰਤਿ ਪੂਰੇ ਸਤਿ ਧਰਮ ਵਿਚ ਸਾਰੀ ਉਮਰਾ ਸਤਵੰਤੀ ਤੇ ਜਤੀ ਰਹੀ ਹੈ।

ਸਿੱਖੀ ਕੇਰਿ ਮ੍ਰਿਜਾਦਾ ਰਾਖਹੁ।
ਗੁਰ ਘਰ ਕੇ ਮੁਖਿ, ਜਸੁ ਅਭਿਲਾਖਹੁ[੧]' ॥੨੨॥
ਪੁਨ ਮੇਲਾ ਬੈਸਾਖੀ ਕੇਰਾ।
ਆਇ ਮਿਲਜੋ ਗੁਰ ਨਿਕਟਿ ਘਨੇਰਾ।
ਅਨਿਕ ਅਕੋਰਨ ਲਗੇ ਅੰਬਾਰਾ।
ਦਰਸ਼ਨ ਕਰਹਿਂ ਲਹੇ ਸੁਖਸਾਰਾ ॥੨੩॥
ਪੰਚ ਦਿਵਸ ਲਗਿ ਮੇਲਾ ਰਹਜੋ।
ਸੁਖ ਸੋਂ ਸਤਿਗੁਰ ਦਰਸ਼ਨ ਲਹਜੋ।
ਨਿਜ ਨਿਜ ਸਦਨ ਗਏ ਪੁਨ ਸਾਰੇ।
ਪਾਇ ਕਾਮਨਾ ਸੁਜਸੁ ਉਚਾਰੇ ॥੨੪॥
ਜਾਨਿ ਅੰਤ ਤਨ ਕੋ ਤਬਿ ਭਾਈ।
ਪੁਰਿ ਕਰਤਾਰ ਰਹਜੋ ਸਮੁਦਾਈ।
ਕੇਤਿਕ ਦਿਨ ਮੈਂ ਪਰ ਕਰਿ ਰਹਜੋ।
ਅਤੀਸਾਰ ਕੋ ਸੰਕਟ ਲਹਜੋ ॥੨੫॥
ਦੇਖਿ ਦੇਖਿ ਸਿਖ ਉਰ ਬਿਸਮਾਏ।
-ਇਨਹੁਂ ਕਸ਼ਟ ਕਜੋਂ ਦੀਰਘ ਪਾਏ।
ਜਿਨ ਕੇ ਸਿੱਖ ਸੈਂਕਰੇ ਅਹੈਂ[+]।
ਹਿਤ ਪਰਲੋਕ ਭਰੋਸੇ ਰਹੈਂ- ॥੨੬॥
ਇਮ ਬਿਚਾਰ ਕਰਿ ਕੇਤਿਕ ਮਿਲੇ।
ਜਿਹ ਠਾਂ ਪਰੇ ਤਹਾਂ ਕੋ ਚਲੇ।
ਦੇਖਜੋ ਅਤੀਸਾਰ ਕੋ ਰੋਗ।
ਦੁਰਬਲ ਦੇਹਿ ਰਹਜੋ ਦੁਖ ਭੋਗ ॥੨੭॥
ਬੰਦਨ ਕਰਿ ਬੈਠੇ ਢਿਗ ਜਾਇ।
ਬੂਝਨਿ ਲਗੇ ਹੋਇ ਸਮੁਦਾਇ।
'ਤੁਮ ਗੁਰ ਕੇ ਸਿਖ ਪੂਰਨ ਅਹੋ।
ਅੰਤ ਸਮੇਂ ਕਿਮ ਬਡ ਦੁਖ ਲਹੋ? ॥੨੮॥
ਸਿੱਖ ਹਜ਼ਾਰਹੁਂ ਰਾਵਰ ਕੇਰੇ।
ਸੋ ਸਹਾਇਤਾ ਚਹੈਂ ਅਗੇਰੇ[੨]।

---

[੧]ਗੁਰ ਜਸ ਦੇ ਅਭਿਲਾਖੀ ਹੈ।
[+]ਭਾਈ ਭਗਤੂ ਜੀ ਬਖਸ਼ਿਸ਼ ਵਾਲੇ ਗੁਰਮੁਖ ਸਨ ਤੇ ਅਨੇਕਾਂ ਸਿੱਖਾਂ ਸੰਗਤਾਂ ਨੂੰ ਰਸਤੇ ਪਾਉਣ ਵਾਲੇ ਸਿੱਖਜਾ ਦਾਤਾ ਸਨ।
[੨]ਪ੍ਰਲੋਕ ਵਿਚ ਤੁਸਾਂ ਤੋਂ ਸਹਾਇਤਾ ਚਾਹੁੰਦੇ ਹਨ।

ਜੇ ਤੁਮ ਸਕੇ ਨ ਅਪਨਿ ਹਟਾਇ।
ਕਿਮ ਦਾਸਨਿ ਕੇ ਬਨਹੁ ਸਹਾਇ?' ॥੨੯॥
ਸੁਨਿ ਭਾਈ ਭਗਤੂ ਤਬਿ ਕਹ੍ਯੋ।
'ਹਮ ਨੇ ਜਾਨਿ ਇਤੋ ਦੁਖ ਲਹ੍ਯੋ।
ਗੋ ਧਨ[1] ਲੂਟ ਲੂਟ ਬਹੁ ਲ੍ਯਾਏ।
ਹਮਰੇ ਸਿਖ ਬਿਰਾੜ ਸਮੁਦਾਏ ॥੩੦॥
ਤਿਨ ਧੇਨਨਿ ਕੋ ਦੁਗਧ[2] ਬਿਸਾਲਾ।
ਹਮ ਕੋ ਦੇਤਿ ਰਹੇ ਸਭਿ ਕਾਲਾ।
ਸੋ ਲੇਖਾ ਅਬਿ ਇਹਾਂ ਨਿਬੇਰੈਂ।
ਲੈ ਕਰਿ ਗਮਨਹਿਂ ਨਾਂਹਿ ਅਗੇਰੇ ॥੩੧॥
ਨਿਰਮਲ ਹੁਇ ਪਰਲੋਕ ਸਿਧਾਇੰ।
ਨਿਜ ਸਿੱਖਨਿ ਕੇ ਬਨਹਿਂ ਸਹਾਇ।'
ਸੁਨਿ ਕੈ ਸਭਿਹਿਨਿ ਸੀਸ ਝੁਕਾਯੋ।
'ਭਾਈ ਭਗਤੂ ਧੰਨ' ਅਲਾਯੋ ॥੩੨॥
ਇਮ ਕੇਤਿਕ ਦਿਨ ਦੁਖ ਕੋ ਪਾਇ।
ਅਤੀਸਾਰ ਨਿਤ ਚਲ੍ਯੋ ਸੁ ਜਾਇ।
ਸਤਿਗੁਰ ਸਿਮਰਤਿ ਤਨ ਕੋ ਤ੍ਯਾਗਾ।
ਗੁਰੂ ਰੂਪ ਹੋਯਹੁ ਬਡਭਾਗਾ ॥੩੩॥
ਸ਼੍ਰੀ ਹਰਿਰਾਇ ਸੁਨਤਿ ਚਲਿ ਆਏ।
ਸੰਗਿ ਮਸੰਦ ਦਾਸ ਸਮੁਦਾਏ।
ਦਾਹਿ ਦੇਨਿ ਕੀ ਕੀਨਸਿ ਤ੍ਯਾਰੀ।
ਰਚ੍ਯੋ ਬਿਬਾਨ ਲਾਇ ਧਨ ਭਾਰੀ ॥੩੪॥
ਨਗਨ ਚਰਨ ਤੇ ਸੰਗ ਸਿਧਾਰੇ।
ਵਹਿਰ ਗਏ ਮਿਲਿਗੇ ਸਿਖ ਸਾਰੇ।
ਕਾਸ਼ਟ ਸੰਚੈ ਕਰਿ ਇਕ ਠਾਇ।
ਦਿਯੋ ਚਿਖਾ ਪੁਰ ਪੁਨ ਪੌਢਾਇ ॥੩੫॥
ਭਏ ਤ੍ਯਾਰ ਲਾਂਬੂ ਕੇ ਹੇਤੁ।
ਨਿਜ ਸਿਖ ਕੋ ਗੁਰੁ ਕ੍ਰਿਪਾ ਨਿਕੇਤ।
ਹਾਥ ਬੰਦਿ ਸਿਖ ਬ੍ਰਿੰਦ ਮਸੰਦ।
ਕਰੈਂ ਹਟਾਵਨਿ, 'ਹੇ ਸੁਖਕੰਦ! ॥੩੬॥

---

[1]ਗਊਆਂ ਰੂਪੀ ਧਨ।
[2]ਦੁੱਧ।

ਕਰਹੁ ਅਪਰ ਕੋ ਹੁਕਮ ਕ੍ਰਿਪਾਲਾ।
ਦੈ ਲਾਂਬੂ ਸਿਖ ਹੈ ਜੁ ਬਿਸਾਲਾ।'
ਸੁਨਿ ਗੁਰ ਕਹਜੋ 'ਉਚਿਤ ਹੈ ਹਮ ਕੋ।
ਇਸ ਕੀ ਸੁਧਿ ਨਾਂਹਿਨ ਕੁਛ ਤੁਮ ਕੋ ॥੩੭॥
ਰਾਮ ਦਾਸ ਗੁਰ ਬਡੇ ਹਮਾਰੇ।
ਤਿਨ ਕੋ ਅੰਸ਼[1] ਜਨਮ ਇਹ ਧਾਰੇ।
ਯਾਂ ਤੇ ਹਮ ਕੋ ਉਚਿਤ ਪਛਾਨੋ।
ਲਾਂਬੂ ਦੇਨਿ ਭਲੇ ਮਨ ਮਾਨੋ' ॥੩੮॥
ਇਮ ਕਹਿ ਕੈ ਸਤਿਗੁਰ ਹਿਤ ਧਰਜੋ।
ਅਪਨੇ ਹਾਥ ਦਾਹੁ ਸੋ ਕਰਜੋ।
ਸਰਬ ਕ੍ਰਿਯਾ ਕਰਿ ਕੈ ਬਿਧਿ ਨਾਲ।
ਕੀਨਿ ਸ਼ਨਾਨ ਕ੍ਰਿਪਾਲ ਕਿਲਾਲ[2] ॥੩੯॥
ਸਨੇ ਸਨੇ ਚਲਿ ਨਿਜ ਥਲ ਆਏ।
ਬੈਠਿ ਜਥੋਚਿਤ ਸਿਖ ਸਮੁਦਾਏ।
ਸੁਜਸੁ ਕਹਜੋ ਸ੍ਰੀ ਮੁਖ ਤੇ ਆਪ।
ਜਿਨ ਕੇ ਨਾਮ ਲੇਤਿ ਹਤਿ ਪਾਪ ॥੪੦॥
ਇਮ ਕੇਤਿਕ ਦਿਨ ਪੁਰਿ ਕਰਤਾਰ।
ਸ੍ਰੀ ਹਰਿਰਾਇ ਬਸੇ ਮਦ ਧਾਰਿ।
ਬਹੁਰ ਕੂਚ ਕੀਨੋ ਨਿਜ ਡੇਰਾ।
ਜੰਗਲ ਦੇਸ਼ ਚਹਤਿ ਚਿਤ ਹੇਰਾ ॥੪੧॥
ਧੌਂਸਾ ਧੁੰਕਾਰਤਿ ਚਲਿ ਆਗੇ।
ਸਾਥ ਮਸੰਦ ਸਿੱਖ ਬਡਭਾਗੇ।
ਦ੍ਵੈ ਹਜ਼ਾਰ ਦੋ ਸੈ ਭਟ ਸੰਗ।
ਚਢਿ ਕਰਿ ਚੰਚਲ ਚਲਹਿਂ ਤੁਰੰਗ ॥੪੨॥
ਉਡਹਿ ਧੂਲ ਛਾਦਹਿ ਅਸਮਾਨ।
ਹੋਤਿ ਹਿਰੇਖਾ ਹਯਨਿ ਮਹਾਨ।
ਗ੍ਰਾਮ ਮੁਕੰਦ ਪੁਰਾ ਇਕ ਥਾਨ*।
ਸਨੇ ਸਨੇ ਤਹਿਂ ਉਤਰੇ ਆਨਿ ॥੪੩॥

---

[1]ਕਲਾ, ਆਤਮ ਸੱਤਜਾ ਦਾ ਕੋਈ ਕਿਣਕਾ। ਯਥਾ:- 'ਕਹੁ ਕਬੀਰ ਇਹੁ ਰਾਮ ਕੀ ਅੰਸੁ।'
[2]ਜਲ (ਨਾਲ)।
*ਠੀਕ ਪਤਾ ਇਹ ਹੈ:-ਹਕੀਮਪੁਰ ਮੁਕੰਦ ਪੁਰ ਗ੍ਰਾਮੋ ਕੇ ਮੱਧਜ ਫਗਵਾੜੇ ਸੋ ਦਸ ਕੋਸ ਪੂਰਬ-ਨਾਨਕ ਸਰ। [ਪਾ:-ਤਾਰਾ ਸਿੰਘ ਜੀ ਕ੍ਰਿਤ ਗੁ: ਤੀਰਥ ਸੰਗ੍ਰਹਿ]

ਦਿਨ ਕੇਤਿਕ ਰਹਿ ਤਹਾਂ ਬਿਤਾਏ।
ਗਾਡੇ ਕਿਲਕ[੧] ਬਿਰਛ ਹੁਇ ਆਏ।
ਅਬਿ ਲੌਂ ਤਹਾਂ ਖਰੀ ਤਰੁ ਬਨੀ[੨]।
ਹਮ[੩] ਨੇ ਕਰੀ ਨਿਹਾਰਨਿ ਘਨੀ ॥੪੪॥
ਕੂਚ ਕਹ੍ਯੋ ਤਹਿਂ ਤੇ ਚਢਿ ਚਲੇ।
ਸਤੁਦ੍ਰਵ ਸਲਿਤਾ ਉਤਰੇ ਭਲੇ।
ਦੱਖਣ ਦਿਸ਼ਾ ਕਰੇ ਮੁਖ ਆਏ।
ਜਿਤਹੁਂ[੪] ਪਿਤਾਮਾ ਜੰਗ ਮਚਾਏ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਭਾਈ ਭਗਤੂ' ਪ੍ਰਸੰਗ ਬਰਨਨੰ ਨਾਮ ਚਤਰਯੋ ਅੰਸੂ ॥੪॥

---

[੧]ਕਿੱਲੇ।
[੨]ਬ੍ਰਿੱਛਾ ਦੀ (ਮਾਨੋਂ) ਵਾੜੀ ਹੁਣ ਤਕ ਖੜੀ ਹੈ।
[੩]ਭਾਵ ਭਾਈ ਸੰਤੋਖ ਸਿੰਘ ਜੀ ਨੇ।
[੪]ਜਿੱਧਰ।

## ੫. [ਕੌੜੇ ਤੇ ਮਰ੍ਹਾਜਕੇ ਰਾਹਕ]

੪<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੬

ਦੋਹਰਾ: ਜੰਗਲ ਦੇਸ਼ ਪ੍ਰਵੇਸ਼ ਭੇ,
ਸ਼੍ਰੀ ਸਤਿਗੁਰ ਹਰਿਰਾਇ।
ਰਾਹਕ ਕੌੜੇ ਜਹਿਂ ਬਸਹਿਂ,
ਮਿਲਿ ਭ੍ਰਾਤਾ ਸਮੁਦਾਇ ॥੧॥
ਚੌਪਈ: ਤਹਾਂ ਜਾਇ ਕਰਿ ਕੀਨਸਿ ਡੇਰੇ।
ਲਸ਼ਕਰ ਸੰਗ ਤੁਰੰਗ ਬਡੇਰੇ।
ਦੋਇ ਹਜ਼ਾਰ ਦੋਇ ਸੈ ਰਹੈਂ।
ਬਲੀ ਸ਼ਸਤ੍ਰ ਧਾਰੀ ਭਟ ਅਹੈਂ ॥੨॥
ਗੁਰ ਆਗਵਨ ਦੇਸ਼ ਨਰ ਤਾਹੂ।
ਸੇਵਾ ਹੇਤ ਆਇਗੇ ਪਾਹੂ।
ਪੂਰਬ ਸ਼੍ਰੀ ਹਰਿਗੋਬਿੰਦ ਆਏ।
ਲਲਾਬੇਗ ਕੰਬਰ ਜਬਿ ਘਾਏ ॥੩॥
ਤਬਿ ਮੇਲਾ ਇਕ ਲਗਜੋ ਬਡੇਰਾ।
ਸ਼੍ਰੀ ਗੁਰੁ[1] ਗਮਨੇ ਹੁਤੇ ਅਖੇਰਾ।
ਸੁਨਤਿ ਕੁਲਾਹਲ ਤਿਤ ਦਿਸ਼ਿ ਆਏ।
ਹਿਤ ਦਰਸ਼ਨ ਕੇ ਨਰ ਉਮਡਾਏ ॥੪॥
ਹਾਥ ਜੋਰਿ ਬੰਦਨ ਬਹੁ ਕਰੈਂ।
ਸ਼ਸਤ੍ਰ ਸਹਤ ਪਿਖਿ ਆਨੰਦ ਧਰੈਂ।
ਤਬਿ ਇਹ ਕੌੜੇ ਰਾਹਕ ਬ੍ਰਿੰਦ।
ਕਰਹਿਂ ਮਾਲਕੀ ਵਧਹਿ ਬਿਲੰਦ ॥੫॥
ਕੁਲ ਕੇ ਭ੍ਰਾਤ ਮਿਲਹਿਂ ਸਮੁਦਾਇ।
ਸਭਿ ਪਰਿ ਅਪਨੋ ਹੁਕਮ ਚਲਾਇਂ।
ਮੇਲੇ ਬਿਖੈ ਓਜ ਦਿਖਰਾਵਤਿ।
ਨਿਜ ਮਰਜ਼ੀ ਅਨੁਸਾਰਿ ਚਲਾਵਤਿ ॥੬॥
ਸੇ ਭੀ ਲਖਿ ਕਰਿ ਗੁਰ ਢਿਗ ਆਏ।
ਹਾਥ ਜੋਰਿ ਸਭਿ ਸੀਸ ਨਿਵਾਏ।
ਹਿਤ ਦਰਸ਼ਨ ਕੇ ਖਰੇ ਅਗਾਰੀ।
ਹੁਤੇ ਬ੍ਰਿੰਦ ਅਰੁ ਆਯੁਧਧਾਰੀ ॥੭॥
ਤਿਨ ਕੀ ਦਸ਼ਾ ਬਿਲੋਕ ਗੁਸਾਈਂ।

[1]ਸ਼੍ਰੀ ਗੁਰੂ ਹਰਿਗੋਵਿੰਦ ਜੀ।

ਜੋ ਸਮੁਦਾਇ ਖਰੇ ਅਗੁਵਾਈ।
'ਕਿਸ ਕੋ ਇਸ ਥਲ ਮਹਿਂ ਲਗਿ ਮੇਲਾ?
ਕਿਸ ਕਾਰਨ ਤੇ ਭਯੋ ਸਕੇਲਾ?' ॥੮॥
ਸੁਨਿ ਕਰਿ ਬੋਲੇ ਰਾਹਕ ਕੌਰੇ।
'ਹਮਰੋ ਬਡੋ ਭਯੋ ਇਸ ਠੌਰੇ।
ਬਰਕਤਵੰਤਿ ਪ੍ਰਤਾਪ ਬਿਸਾਲਾ।
ਚਿਤ ਬਾਂਛਤਿ ਕੋ ਦੇ[1] ਸਭਿ ਕਾਲਾ ॥੯॥
ਤਿਸ ਕੋ ਇਹ ਮੇਲਾ ਲਗਿ ਭਾਰੀ।
ਮਿਲੈਂ ਆਨਿ ਕਰਿ ਜੋ ਨਰ ਨਾਰੀ।
ਸਭਿ ਕੀ ਅਰਜ਼ ਸੁਨਹਿ ਅਰੁ ਦੇਤਿ।
ਨਰ ਤੇ ਅਪਨਿ ਉਪਾਇਨਿ ਲੇਤਿ[2]' ॥੧੦॥
ਇਮ ਜਬਿ ਬੋਲੇ ਸਹਤ ਬਡਾਈ।
ਸ੍ਰੀ ਮੁਖ ਤੇ ਮੁਸਕਾਇ ਗੁਸਾਈਂ।
ਬੂਝੇ ਬਹੁਰ 'ਕਹਾਂ ਅਬਿ ਸੋਈ?
ਜਿਸ ਤੇ ਬਾਂਛਤਿ ਲੇ ਸਭਿ ਕੋਈ ॥੧੧॥
ਕਿਤ ਬੈਠਯੋ ਸੋ ਬਡੋ ਤੁਮਾਰਾ?
ਲੇਤਿ ਸਭਿਨਿ ਤੇ ਜਥਾ ਉਚਾਰਾ।'
ਸੁਨਿ ਰਾਹਕ ਕੌਰੇ ਪੁਨ ਕਹੈਂ।
'ਸਭਿ ਮੇਲੇ ਮਹਿਂ ਪੂਰਨ ਅਹੈ ॥੧੨॥
ਜਹਿਂ ਕਹਿਂ ਸਭਿਨਿ ਕਾਮਨਾਂ ਦੇਤਿ।
ਤਿਸ ਹਿਤ ਬੰਦਤਿ ਸੋ ਨਿਜ ਲੇਤਿ।
ਨਿਜ ਪ੍ਰਭਾਵ ਤੇ ਰਹਯੋ ਸਮਾਇ।
ਮਾਨਵ ਮਿਲੇ ਅਧਿਕ ਗੁਨ ਗਾਇਂ' ॥੧੩॥
ਸ੍ਰੀ ਹਰਿਗੋਬਿੰਦ ਚਤੁਰ ਸੁਜਾਨਾ।
ਗਨ ਰਾਹਕ ਕੋ ਮੂਰਖ ਜਾਨਾ।
ਤਿਨ ਸਭਿ ਮਹਿਂ ਜੋ ਨਰ ਪਰਧਾਨਾ।
ਅੱਗ੍ਰ ਖਰੋ ਪਿਖਿ ਬਾਕ ਬਖਾਨਾ ॥੧੪॥
'ਮੂੰਦ ਬਿਲੋਚਨ ਰਿਦੇ ਜਨਾਵੈਂ[3]।

---

[1]ਭਾਵੋ ਮਨ ਦੀਆਂ ਮੁਰਾਦਾਂ ਪੂਰੀਆਂ ਕਰਦਾ ਹੈ।
[2]ਤਿਸਨੂੰ (ਜੋ ਕੋਈ) ਹਿਤ (ਨਾਲ) ਬੰਦਨਾਂ ਕਰਦਾ ਹੈ, ਉਹ (ਉਸ ਤੋਂ) ਆਪਣੀਆਂ (ਕਾਮਨਾ) ਪ੍ਰਾਪਤ ਕਰ ਲੈਂਦਾ ਹੈ।
[3](ਤੈਨੂੰ ਤੇਰੇ) ਰਿਦੇ ਵਿਚ ਦੱਸਦੇ ਹਾਂ।

ਅਬਹਿ ਤਾਂਹਿ ਕੋ ਤੋਹਿ ਦਿਖਾਵੈਂ।
ਦੇਖਿ ਲੀਜਿਯਹਿ ਅਪਨਿ ਵਡੇਰਾ।
ਜੋ ਮੇਲੇ ਮਹਿਂ ਰਮਜੋ ਜਿਠੇਰਾ' ॥੧੫॥
ਮਾਨਿ ਬੈਨ ਕੋ ਮੂੰਦੇ ਨੈਨ।
ਛਟੀ ਜੁ ਕਰ ਮਹਿਂ ਕਰੁਣਾ ਐਨ।
ਜਬਿ ਤਿਸ ਕੇ ਸਿਰ ਧਾਰਨ ਕਰੀ।
ਅਪਨਿ ਬਡੇ ਕੀ ਸੋਝੀ ਪਰੀ ॥੧੬॥
ਅਨਿਕ ਜਨਮ ਧਰਿ ਮਰਿ ਮਰਿ ਗਯੋ।
ਅਬਿ ਤਨ ਕਾਕ ਪਹਾਰੀ ਭਯੋ।
ਇਕ ਊਚੀ ਰੋਰੀ ਪਰ ਸੋਇ।
ਰਹਜੋ ਬੈਠਿ ਸੁਧ ਜਾਂਹਿ ਨ ਕੋਇ ॥੧੭॥
ਅਬਿ ਐਸੀ ਸੁਧ ਉਰ ਹੁਇ ਆਈ।
ਪੁਨ ਬੂਝਨਿ ਕੀਨਸਿ ਗੋਸਾਈਂ।
'ਕਹੁ ਅਬਿ ਕਿਸ ਥਲ ਤੋਹਿ ਬਡੇਰੋ ?
ਸਭਿਨਿ ਸੁਨਾਉ ਜਥਾ ਬਿਧਿ ਹੇਰੋ' ॥੧੮॥
ਸੁਨਿ ਸਤਿਗੁਰ ਤੇ ਤਾਂਹਿ ਬਤਾਯੋ।
'ਹਮਰੇ ਬਡੇ ਕਾਕ ਤਨ ਪਾਯੋ।
ਊਚੀ ਰੋੜੀ ਪਰ ਅਬਿ ਬੈਸਾ।
ਅਹੈ ਪਹਾਰੀ ਬਾਇਸ ਜੈਸਾ[1]' ॥੧੯॥
ਪੁਨ ਗੁਰ ਬੂਝਜੋ 'ਇਸ ਥਲ ਮੇਲਾ।
ਕਹੁ ਕਿਸ ਕੋ ਬਡ ਭਯੋ ਸਕੇਲਾ?'
ਸੁਨਿ ਕੈ ਹਾਥ ਜੋਰਿ ਤਬਿ ਕਹੀ।
'ਭੇਡ ਚਾਲ ਲੋਕਨਿ ਕੀ ਲਹੀ ॥੨੦॥
ਜਿਤ ਦਿਸ਼ਿ ਏਕ ਭੇਡ ਚਲਿ ਜਾਇ।
ਦੇਖਤਿ ਸਗਰੀ ਧਾਇ ਸਿਧਾਇਂ।
ਤਿਮ ਹੀ ਜਗ ਕੇ ਮੂਰਖ ਨਰ ਹੈਂ।
ਪਿਖਿ ਚਲਿ ਜਾਇਂ, ਬਿਚਾਰ ਨ ਉਰ ਹੈ ॥੨੧॥
ਦੇਖਾ ਦੇਖੀ ਸਭਿ ਚਲਿ ਆਏ।
ਨਹਿਂ ਜਾਨਹਿਂ ਕਜਾ ਪਾਯ ਸਿਧਾਏ[2]।'
ਕਹਜੋ ਸਭਿਨਿ ਮਹਿਂ ਜਬਹਿ ਹਵਾਲ।

---

[1]ਪਹਾੜੀ ਕਾਂ ਵਰਗਾ।
[2]ਕੀ ਲੈ ਕੇ ਜਾਵਾਂਗੇ।

ਭਏ ਅਚੰਭੇ ਰਿਦੇ ਬਿਸਾਲ ॥੨੨॥
'ਹਮ ਹੰਕਾਰ ਛੂਛ ਹੀ ਕਰਤੇ।
ਸਤਿਗੁਰ ਪੁਰਖ ਸ਼ਕਤਿ ਸਭਿ ਧਰਤੇ।
ਜਿਨਹੁੰ ਬਡੇ ਕੋ ਜਨਮ ਦਿਖਾਯੋ।
ਸਿਰ ਧਰ ਛਰੀ ਬ੍ਰਿਤੰਤ ਜਨਾਯੋ' ॥੨੩॥
ਮਹਿੰਮਾ ਅਧਿਕ ਗੁਰੂ ਕੀ ਜਾਨੀ।
ਸ਼ਰਧਾ ਰਿਦੇ ਸਭਿਨਿ ਹੀ ਠਾਨੀ।
ਭੂਮ ਰਾਜ ਕੋ ਤਊ ਹੰਕਾਰ[1]।
ਮਨ ਮੈਂ ਰਾਖਯੋ, ਨਹਿੰ ਨਿਰਵਾਰਿ[2] ॥੨੪॥
ਸਤਿਗੁਰ ਕਰਿ ਅਖੇਰ ਗੇ ਡੇਰੇ।
ਉਤਰਿ ਥਿਰੇ ਪ੍ਰੰਯਕ ਤਿਸ ਬੇਰੇ।
ਰਾਹਕ ਕੌਰੇ ਮਿਲਿ ਸਮੁਦਾਏ।
ਗੁਰ ਮਹਿੰਮਾ ਲਖਿ ਕਰਿ ਮਨ ਭਾਏ ॥੨੫॥
ਸਕਲ ਇਕੱਤ੍ਰ ਹੋਇ ਚਲਿ ਆਏ।
ਸ੍ਰੀ ਹਰਿਗੋਬਿੰਦ ਜਹਾਂ ਸੁਹਾਏ।
ਕਰਿ ਕਰਿ ਬੰਦਨ ਨਿਕਟਿ ਥਿਰੇ ਹੈਂ।
ਕੁਛੁਕ ਉਪਾਇਨ ਅੱਗ੍ਰ ਧਰੇ ਹੈਂ ॥੨੬॥
ਭੂਮ ਮਾਲਕੀ ਅਪਨੀ ਜਾਨੈਂ।
ਯਾਂ ਤੇ ਉਰ ਅਹੰਕਾਰ ਮਹਾਨੇ।
ਅੰਤਰਜਾਮੀ ਸਭਿ ਕਿਛੁ ਜਾਨੀ।
ਭੂਤ ਭਵਿੱਖਯਤ ਜਿਮ ਕਿਨ ਠਾਨੀ ॥੨੭॥
ਹਾਥ ਜੋਰਿ ਸਭਿ ਰਾਹਕ ਕਹੈਂ।
'ਮਹਾਂ ਸ਼ਕਤਿ ਧਰਿ ਰਾਵਰ ਅਹੈਂ।
ਸਿੱਖ ਆਪਨੇ ਹਮੈ ਬਨਾਵਹੁ।
ਦੇ ਉਪਦੇਸ਼ ਸੁ ਪਥ ਚਲਾਵਹ ॥੨੮॥
ਜਿਸ ਪ੍ਰਕਾਰ ਸਿਖ ਅਪਰ ਤੁਮਾਰੇ।
ਹਮ ਭੀ ਬਨਹਿਂ ਤਥਾ ਅਨੁਸਾਰੇ।
ਦੇਤੇ ਰਹਹਿਂ ਉਪਾਇਨ ਸਦਾ।
ਬਨਹੁ ਸਹਾਇਕ ਤੁਮ ਜਦ ਕਦਾ' ॥੨੯॥
ਸ੍ਰੀ ਹਰਿਗੋਵਿੰਦ ਲਖਿ ਤਿਨ ਖੋਟੇ।

[1]ਪ੍ਰਿਥਵੀ ਦੇ ਰਾਜ ਦਾ ਹੰਕਾਰ।
[2]ਦੂਰ ਨਾ ਕੀਤਾ।

ਉਰ ਹੰਕਾਰੀ ਬਹੁ ਮਤ ਮੋਟੇ।
ਕਹ੍ਯੋ ਕਿ 'ਹਮ ਨਹਿਂ ਸਿੱਖ ਬਨਾਵੈਂ।
ਅਧਿਕਾਰੀ ਤੁਮ ਕੋ ਨਹਿਂ ਪਾਵੈਂ ॥੩੦॥
ਸਿੱਖੀ ਪਦ ਲੇ ਨਿਰਹੰਕਾਰੀ।
ਕਬਹੁਂ* ਨ ਬਨਹਿ ਬਿਸਾਲ ਬਿਕਾਰੀ।
ਤਿਸ ਕੇ ਹੋਹਿਂ ਸਹਾਯਕ ਸਦਾ।
ਹਲਤ ਪਲਤ ਦੁਖ ਲਹਹਿ ਨ ਕਦਾ ॥੩੧॥
ਤੁਮ ਤੇ ਲੇਨਿ ਉਪਾਯਨ ਜੋਈ।
ਹਮਰੇ ਚਿਤ ਮੈਂ ਚਾਹ ਨ ਕੋਈ।
ਤੁਮਰੀ ਵਸਤੁ ਅਕੋਰ ਨ ਲੇਹੀਂ।
ਅਪਨੀ ਸਿੱਖੀ ਕੋ ਨਹਿਂ ਦੇਹੀਂ' ॥੩੨॥
ਇਮ ਜਬਾਬ ਜਬਿ ਸਤਿਗੁਰ ਦਯੋ।
ਨਹੀਂ ਨੰਮ੍ਰਿ ਹੁਇ ਪੁਨ ਪਦ ਲਯੋ।
-ਅਵਿਨੀ ਕੇ ਮਾਲਿਕ ਹਮ ਅਹੈਂ-।
ਇਸ ਹੰਕਾਰ ਤੇ ਅਫਰੇ ਰਹੈਂ ॥੩੩॥
ਧਰੇ ਮੌਨ ਨਿਜ ਘਰ ਕੋ ਗਏ।
ਨਹਿਂ ਬਡ ਭਾਗ ਤਿਨਹੁਂ ਕੇ ਭਏ।
ਇਮ ਸ਼੍ਰੀ ਹਰਿਗੋਬਿੰਦ ਹਟਾਏ।
ਨਹੀਂ ਅਪਨੇ ਸਿੱਖ ਬਨਾਏ ॥੩੪॥
ਤਿਸ ਥਲ ਸ਼੍ਰੀ ਸਤਿਗੁਰ ਹਰਿਰਾਇ।
ਪਹੁੰਚੇ ਡੇਰਾ ਦਿਯੋ ਲਗਾਇ।
ਕੁਲ ਮਰ੍ਹਾਜ ਕੇ ਰਾਹਕ ਜੇਈ।
ਸਿਰਕੀ ਬਾਸ ਪਰੇ ਗਨ ਤੇਈ ॥੩੫॥
ਬਸ੍ਯੋ ਚਹੈਂ ਕਿਸ ਥਲ ਮਹਿਂ ਸੋਇ।
ਨਹੀਂ ਸਥਿਰਤਾ ਕਿਤਹੂੰ ਹੋਇ।
ਸ਼੍ਰੀ ਹਰਿਰਾਇ ਸੁਨੇ ਜਬਿ ਆਏ।
ਮਿਲਨਿ ਗਏ ਹ੍ਵੈ ਕੈ ਸਮੁਦਾਏ ॥੩੬॥
ਅਧਿਕ ਪ੍ਰੇਮ ਧਰਿ ਅਰਪਿ ਉਪਾਇਨ
ਆਨਿ ਲਗੈ ਤਤਛਿਨ ਗੁਰ ਪਾਇਨਿ।
'ਬਡੇ ਭਾਗ ਅਬਿ ਭਏ ਹਮਾਰੇ।
ਦਰਸ ਆਪ ਕੋ ਨਿਕਟਿ ਨਿਹਾਰੇ' ॥੩੭॥

*ਪਾ:-ਬਹੁਰੁ।

ਸਤਿਗੁਰ ਕੁਸ਼ਲ ਬੂਝ ਕਰਿ ਤਿਨ ਕੀ।
ਆਸ਼੍ਵਾਸਨ[1] ਕਰਿ ਮ੍ਰਿਦੁਲ ਬਚਨ ਕੀ।
ਸਿੱਖ ਆਪਨੇ ਸਕਲ ਬਨਾਏ।
ਦੇ ਉਪਦੇਸ਼ ਭਲੇ ਮਗ ਪਾਏ ॥੩੮॥
ਸਤਿਗੁਰ ਕੋ ਦਰਸ਼ਨ ਨਿਤ ਕਰੈਂ।
ਸੇਵਹਿਂ ਰਿਦੇ ਕਾਮਨਾ ਧਰੈਂ।
ਬੈਠਹਿਂ ਨਿਕਟਿ ਸਦੀਵ ਸੁ ਆਏ।
ਜਿਮ ਭੂਪਤਿ ਚਾਕਰ ਕੇ ਭਾਏ[2] ॥੩੯॥
ਕਬਿ ਕਬਿ ਕੌਰੇ ਗੁਰ ਦਰਸੰਤੇ।
ਨਿਰ ਹੰਕਾਰ ਨ ਨੰਮ੍ਰਿ ਬਨੰਤੇ।
ਸਿੱਖੀ ਪਦ ਨਹਿਂ ਦਿਨਸਿ ਤਿਨ ਕੋ।
ਸਤਿਗੁਰ ਲਖਿ ਬਿਕਾਰ ਬਡ ਮਨ ਕੋ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਕੌਰੇ ਰਾਹਕ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

---

[1]ਦਿਲਾਸਾ ਸੰਸਂ: ਆਸ਼੍ਵਾਸਿਨ।
[2]ਜਿਵੇਂ ਰਾਜਾ ਕੋਲ ਨੌਕਰ ਭਾਵਨਾ ਨਾਲ ਬੈਠਦਾ ਹੈ।

## ੬. [ਮਰ੍ਹਾਜ ਕੇ ਤੇ ਕੌੜੇ ਰਾਹਕ]

੫<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੭

ਦੋਹਰਾ: ਬੀਤੇ ਕੇਤਿਕ ਦਯੋਸ ਤਹਿਂ, ਟਿਕੇ ਗੁਰੂ ਹਰਿਰਾਇ।
ਨਿਕਟਿ ਨਿਕਟਿ ਕੇ ਗ੍ਰਾਮ ਜੇ, ਸਿੱਖ ਬਨਹਿਂ ਸਮੁਦਾਇ ॥੧॥

ਚੌਪਈ: ਰਾਹਕ ਜੇ ਮਰ੍ਹਾਜ ਕੇ ਅਹੈਂ।
ਤਿਨ ਪਰ ਕ੍ਰਿਪਾ ਕਰਤਿ ਗੁਰ ਰਹੈ।
ਨਹਿਂ ਕੌੜੇ ਤਿਨ ਆਦਰ ਕਰੈਂ।
ਸਭਾ ਮਾਂਹਿ ਤਿਨ ਕੋ ਪਰਹਰੈਂ[1] ॥੨॥
[2]'ਇਹ ਪਰਦੇਸ਼ੀ ਕਿਤ ਤੇ ਆਏ।
ਕਰਹਿਂ ਗੁਜ਼ਰ ਬੈਠੇ ਇਸ ਥਾਂਏ।'
ਤਿਨ ਪਰ ਹੁਕਮ ਕਰਤਿ ਸਦ ਰਹੈਂ।
ਮਨ ਭਾਵਤਿ ਮੁਖ ਵਾਕਨਿ ਕਹੈਂ ॥੩॥
ਰਹਿਂ ਮਰ੍ਹਾਜ ਕੇ ਸਿਰਕੀ ਬਾਸ[3]।
[4]ਨਿਜ ਛਿਤ ਛਿਨ ਕਿਤ ਕਰਹਿਂ ਅਵਾਸ।
ਬਸਜੋ ਚਹੈਂ, ਪਰ ਪ੍ਰਾਪਤਿ ਨਾਂਹੀ।
ਅਵਿਨਿ ਜਹਿਂ ਅਪਨਾਇ ਬਸਾਹੀਂ[6] ॥੪॥
ਸਤਿਗੁਰ ਕੀ ਸੇਵਾ ਮਹੁਂ ਲਾਗੇ।
ਕ੍ਰਿਪਾ ਦ੍ਰਿਸ਼ਟਿ ਤੇ ਮਨ ਅਨੁਰਾਗੇ।
ਜਹਿਂ ਕੌਰਨਿ ਇਕ ਕੂਪ ਲਗਾਯੋ।
ਤਹਿਂ ਤੇ ਸਭਿਹਿਨਿ ਜਲ ਕੋ ਪਾਯੋ ॥੫॥
ਸਭਿ ਮਰ੍ਹਾਜ ਕੇ ਰਾਹਕ ਜੇਯ।
ਇਨ ਕੀ ਹੁਤੀ ਭਾਰਜਾ, ਸੇਯ[5]।
ਤਿਸੀ ਕੂਪ ਤੇ ਆਨਤਿ ਬਾਰੀ।
ਮਿਲਿ ਕਰਿ ਗਮਨਤਿ ਹੈਂ ਤਹਿਂ ਸਾਰੀ ॥੬॥
ਭਰਹਿਂ ਕੂਪ ਤੇ ਘਟ ਲੈਂ ਆਵੈਂ।
ਖਾਨ ਪਾਨ ਬਿਵਹਾਰ ਚਲਾਵੈਂ।
ਤਿਹ ਠਾਂ ਕੌਰੇ ਤਰੁਨ ਜਿ ਨਰ ਹੈਂ।

---

[1]ਕੱਢ ਦਿੰਦੇ ਹਨ।
[2]ਕੌੜੇ ਕੇ ਕਹਿੰਦੇ ਹਨ ਕਿ।
[3]ਸਿਰਕੀ ਵਾਸ ਹੋਕੇ ਰਹਿੰਦੇ ਹਨ ਮਰ੍ਹਾਜ ਕੇ।
[4]ਆਪਣੀ ਭੋਂ ਖੁੱਸ ਚੁੱਕੀ ਹੈ ਕਿਤੇ (ਹੋਰਥੇ) ਘਰ ਬਣਾ ਕੇ ਵੱਸਿਆ ਚਾਹੁੰਦੇ ਹਨ ਪਰ ਜਿਮੀਂ ਮਿਲਦੀ ਨਹੀਂ ਜਿਸ ਨੂੰ ਆਪਨਾ ਕੇ ਵਸਾ ਲੈਣ।
[5]ਓਹ (ਇਸਤ੍ਰੀਆ) ਬੀ।

ਥਿਰਹਿਂ ਕੂਪ ਪਰ ਸੋ ਇਮ ਕਰਿ ਹੈਂ ॥੭॥
ਤਰਨੀ ਤੇ ਸੋ ਦਾਮ[1] ਖਿਚਾਵੈਂ।
ਚੜ੍ਹੇ ਊਪਰ ਜਲ ਕੋ ਨਿਕਸਾਵੈਂ।
ਕਰਹਿਂ ਸਪਰਸ਼ ਸਰੀਰਨਿ ਅੰਗ।
ਬਹੁ ਬਿਧਿ ਕੋ ਕਹਿਂ ਬਾਕ ਅਨੰਗ[2] ॥੮॥
ਹਸਹਿਂ ਬਿਲਾਸ ਕਰਹਿਂ ਮਨ ਭਾਏ।
ਬਿਨਾਂ ਲਾਜ ਤੇ ਬਾਕ ਸੁਨਾਏ।
ਜਲ ਕੇ ਹੇਤੁ ਸਹਹਿਂ ਸਭਿ ਨਾਰੀ।
ਜੇ ਕੁਬਾਕ ਕਹਿਂ ਅਨਿਕ ਪ੍ਰਕਾਰੀ ॥੯॥
ਅਪਰ ਥਾਨ ਜਲ ਪ੍ਰਾਪਤਿ ਨਾਂਹੀ।
ਬਿਨ ਜਲ ਤੇ ਨਹਿਂ ਜੀਵਨ ਪਾਂਹੀ।
ਯਾਂ ਤੇ ਬਿਨਾਂ ਕੋਪ ਚਲਿ ਜਾਇਂ।
ਦਿਨ ਪ੍ਰਤਿ ਐਸੇ ਕੁਮਤਿ ਕਮਾਇਂ ॥੧੦॥
ਸ਼੍ਰੀ ਹਰਿਰਾਇ ਗਏ ਤਹਿਂ ਜਬੈ।
ਇਮ ਪ੍ਰਸੰਗ ਹੋਵਤਿ ਭਾ ਤਬੈ।
-ਨਵੀਂ ਬਧੂ ਤਿਨ ਕੈ ਇਕ ਆਈ।
ਸੋ ਘਟ ਲੈ ਜਲ ਹੇਤੁ ਸਿਧਾਈ ॥੧੧॥
ਕੂਪ ਸਥਾਨ ਤਰੁਨ ਨਰ ਖਰੇ।
ਨਿਤ ਸਮ ਹਸਨਿ ਬੋਲਬੋ ਕਰੇ।
ਗਈ ਤ੍ਰਿਯਾ ਗਨ ਪਾਨੀ ਭਰਿਬੇ।
ਘਟ ਕੋ ਭਰੇ ਟਿਕਾਵਨਿ ਕਰਿਬੇ ॥੧੨॥
ਦਾਮ ਲਗੀ ਖੈਂਚਨਿ ਤਬਿ ਨਾਰੀ।
ਨਰ ਅਸਵਾਰੀ ਭਯੋ ਪਿਛਾਰੀ।
ਜਥਾ ਬੈਲ ਖੈਂਚਨਿ ਚਢਿ ਜਾਇ।
ਤਿਮ ਅਰੂਢਿ ਕਰਿ ਅੱਗ੍ਰ ਚਲਾਇ ॥੧੩॥
ਬਧੂ ਨਵੀਨ ਸੰਗ ਤਬਿ ਤੈਸੇ।
ਕਰਤਿ ਹਾਸ ਕੋ ਤਿਨ ਹੀ ਜੈਸੇ।
ਕਰਿ ਸਪਰਸ਼ ਤੇ ਕ੍ਰਧਤਿ ਹ੍ਵੈ ਕੈ।
ਘਟ ਕੋ ਝਟਕ ਪਟਕਬੋ ਕੈ ਕੈ ॥੧੪॥

---

[1]ਲੱਜ, ਰੱਸਾ।
[2]ਭਾਵ ਐਸੇ ਵਾਕ ਜਿਨ੍ਹਾਂ ਵਿਚ ਕਾਮ ਦਾ ਇਸ਼ਾਰਾ ਹੋਵੇ
(ਅ) ਬਿਸ਼ਰਮੀ ਦੇ।

ਗਾਰੀ ਦੇਤਿ ਗਈ ਨਿਜ ਡੇਰੇ।
ਸਭਿ ਤ੍ਰਿਯਨਿ ਸੋਂ ਕਹਿ ਤਿਸ ਬੇਰੇ।
ਕਰਯੋ ਧਿਕਾਰ ਨਰਨਿ ਕੈ ਤਾਈ।
'ਕਹਾਂ ਆਪਨੀ ਲਾਜ ਗਵਾਈ ॥੧੫॥
ਜਿਨ ਕੀ ਦਾਰਾ ਸੋਂ ਨਰ ਹਸੈਂ।
ਤਿਨ ਕੇ ਕਹੁ ਕੈਸੇ ਘਰ ਬਸੈਂ।
ਖਰੇ ਕੂਪ ਪਰ ਕਹਤਿ ਕੁਵਾਕਨਿ।
ਜਿਸ ਤੇ ਅਪਜਸੁ ਹ੍ਵੈ ਸਭਿ ਸਾਕਨਿ ॥੧੬॥
ਮੈਂ ਨਹਿਂ ਜੈਹੌਂ ਲਯਾਵਨਿ ਪਾਨੀ।
ਕਰਹਿਂ ਸਪਰਸ਼ਨਿ ਹਾਸ ਬਖਾਨੀ।
ਹ੍ਵੈ ਨਿਰਲਾਜ ਨ ਜੀਵਨ ਆਛੋ।
ਅਪਰ ਥਾਨ ਬਸਿਬੇ ਚਿਤ ਬਾਂਛੋ ॥੧੭॥
ਇਹਾਂ ਰਹਨਿ ਕੋ ਧਰਮ ਨ ਕੋਈ।
ਜਹਾਂ ਨਿਸ਼ੰਕੀ[1] ਅਸ ਨਰ ਹੋਈਂ।'
ਇੱਤਯਾਦਿਕ ਤਿਨ ਨਿਸ਼ਠੁਰ ਬਾਨੀ।
ਕਹੀ ਸਭਿਨਿ ਸੋਂ ਤਰਕ ਮਹਾਨੀ ॥੧੮॥
ਸੁਨਿ ਮਰ੍ਹਾਜ ਕੇ ਸੰਕਟ ਪਾਵੈਂ।
ਬਿਨ ਜਲ ਤੇ ਕੁਛੁ ਬਸ ਨ ਬਸਾਵੈ।
ਸਭਿ ਮਿਲਿ ਮਸਲਤ ਕੀਨਿ ਬਿਸਾਲਾ।
'ਕਿਤ ਕੋ ਚਲਹਿਂ ਬਸਹਿਂ ਇਸ ਕਾਲਾ ॥੧੯॥
ਬਿਨਾਂ ਬਾਸ ਤੇ ਨਹਿਂ ਗੁਜ਼ਾਰਨ।
ਨਹਿਂ ਅਵਨੀ ਪ੍ਰਾਪਤਿ ਕਿਸ ਥਾਨ।
ਰਾਹਕ ਕੌਰੇ ਦੁਸ਼ਟ ਬਿਲੰਦ।
ਕਰਹਿਂ ਵਧੀਕੀ ਮਿਲਿ ਨਰ ਬ੍ਰਿੰਦ' ॥੨੦॥
ਬਹੁਰ ਪਰਸਪਰ ਭਲੇ ਬਿਚਾਰਾ।
'ਅਪਰ ਉਪਾਇ ਨ ਚਲਹਿ ਹਮਾਰਾ।
ਉਤਰੇ ਸ਼੍ਰੀ ਸਤਿਗੁਰ ਹਰਿਰਾਇ।
ਤਿਨ ਤੇ ਹੋਇ ਸਕਹਿ ਹਮ ਥਾਂਇ ॥੨੧॥
ਸਰਬ ਕਲਾ ਸਮਰਥ ਬਲਵੰਤੇ।
ਕਰਤਿ ਨ ਬਿਲਮਹਿਂ ਜਥਾ ਚਹੰਤੇ।
ਸ਼ਰਨ ਪਰਨ ਕਰਿ ਲਿਹੁ ਤਿਨ ਮਰਜ਼ੀ।

[1]ਨਿਸ਼ੰਗ, ਬੇਸ਼ਰਮ।

ਗ਼ਰਜ਼ੀ ਹੋਇ ਗੁਜ਼ਾਰਹੁ ਅਰਜ਼ੀ[1] ॥੨੨॥
ਸੋ ਹਮ ਕੋ ਕਿਤ ਕਰਹਿਂ ਬਸਾਵਨਿ।
ਚਲਹਿ ਹੁਕਮ ਤਿਨ ਕੋ ਸਭ ਥਾਵਨਿ।'
ਇਮ ਕਹਿ ਸਭਿ ਇਕੱਤ੍ਰ ਨਰ ਹੋਏ।
ਜਾਇ ਗੁਰੂ ਕੇ ਦਰਸ਼ਨ ਜੋਏ ॥੨੩॥
ਪਦ ਅਰਬਿੰਦਨਿ ਕਰਿ ਕਰਿ ਨਮੋ।
ਥਿਰਿ ਮਗ੍ਰਾਜ ਕੇ ਭੇ ਤਿਹ ਸਮੋ।
ਬ੍ਰਿੰਦ ਹਾਥ ਬੋਲੇ ਨਿਜ ਬਿਨਤੀ।
'ਸ੍ਰੀ ਪ੍ਰਭੁ ਜੀ! ਹਮਰੇ ਬਡ ਗਿਨਤੀ[2] ॥੨੪॥
ਬਿਨਾਂ ਤੁਮਾਰੇ ਪਰਤਿ ਨ ਪਾਰ।
ਰਹੇ ਬੂਡ ਚਿਤ ਚਿੰਤਾ ਧਾਰ[3]।
ਨਹਿਂ ਬੈਠਨਿ ਕਹੁ ਅਵਿਨੀ ਪਾਵਹਿਂ।
ਜਹਾਂ ਬਾਸ ਕਰਿ ਸਮੋਂ ਬਿਤਾਵਹਿਂ ॥੨੫॥
ਇਤ ਕੌਰੇ ਭ੍ਰਾਤਾ ਸਮੁਦਾਇ।
ਧਰਾ ਮਾਲਕੀ ਕਰਹਿਂ ਬਨਾਇ।
ਜੈਤ ਪਿਰਾਣਾ ਆਦਿਕ ਔਰ।
ਰਾਖੀ ਸਭਿ ਸੰਭਾਰ ਕਰਿ[*] ਠੌਰ ॥੨੬॥
ਅਸ ਅਵਨੀ ਨਹਿਂ ਜਾਨੀ ਜਾਇ।
ਜਹਿਂ ਬੈਠਹਿਂ ਹਮ ਗ੍ਰਾਮ ਬਨਾਇ।
ਸਰਬ ਕਲਾ ਸਮਰਥ ਗੁਨਵੰਤੇ।
ਸਭਿ ਤੇ ਅਧਿਕ ਆਪ ਬਲਵੰਤੇ ॥੨੭॥
ਕਹਹੁ ਬਚਨ ਸਿਧ ਹੋਵਤਿ ਕਾਜ।
ਕਹਹੁ ਤ ਕਜੋਂ ਨ ਹੋਹਿ ਮਹਾਰਾਜ।
ਅਪਨੇ ਕਰਿ ਕੈ ਹਮਹੁ ਬਸਾਵਹੁ।
ਜਹਿਂ ਜਾਨਹੁਂ ਤਹਿਂ ਅਵਿਨਿ ਦਿਵਾਵਹੁ' ॥੨੮॥
ਸ੍ਰੀ ਹਰਿਰਾਇ ਲਖੇ ਨਿਜ ਦਾਸ।
ਬਸਹਿਂ ਖੇਦ ਜੁਤਿ ਸਿਰਕੀ ਬਾਸ।
-ਜੇ ਕਿਤ ਧਰਾ ਪਾਇੰ ਹੁਇ ਗ੍ਰਾਮ[4]।

---

[1]ਲੋੜਵੰਦ ਹੋਕੇ ਬੇਨਤੀ ਕਰੋ।
[2]ਫਿਕਰ, ਸੋਚ।
[3]ਚਿੰਤਾ ਦੇ ਪ੍ਰਵਾਹ ਵਿਚ।
[*]ਪਾ:-ਕਹਿ।
[4]ਜੇ ਕਿਤੇ ਜ਼ਮੀਨ ਮਿਲੇ ਤਾਂ ਪਿੰਡ ਵੱਸ ਪਵੇ।

ਰਹੈਂ ਸੁਖੈਨ ਕਰੈਂ ਨਿਜ ਧਾਮ- ॥੨੯॥
ਇਮ ਬਿਚਾਰਿ ਗੁਰ ਧੀਰਜ ਦੀਨਿ।
'ਖੇਦ ਤੁਮਾਰੋ ਹਮ ਲਖਿ ਲੀਨਿ।
ਲੈ ਦੈਹੈਂ ਅਵਿਨੀ ਹਿਤ ਬਾਸ[1]।
ਕਰਹੁ ਗ੍ਰਾਮ ਅਪਨੋ ਬਿਨ ਤ੍ਰਾਸ' ॥੩੦॥
ਸੁਨਿ ਮਰ੍ਹਾਜ ਕੇ ਹਰਖਤਿ ਹੋਇ।
ਬੋਲੇ ਪੁਨ ਕਰ ਬੰਦੇ ਦੋਇ।
ਸਭਿ ਜਾਨਹੁੰ ਤੁਮ ਅੰਤਰਜਾਮੀ।
ਕਰਤਿ ਜਿਤਿਕ ਕੌਰੇ ਨਰ ਖਾਮੀ ॥੩੧॥
ਸਹੀ ਨ ਜਾਇ ਬਿਸਾਲ ਖੁਟਾਈ।
ਗਹੀ ਆਪ ਕੀ ਅਬਿ ਸ਼ਰਣਾਈ।
ਜਲ ਕਾਰਨ ਤ੍ਰਿਯ ਜਾਇਂ ਹਮਾਰੀ।
ਤਿਨ ਸੋਂ ਰਚਹਿਂ ਹਾਸ ਡਰ ਡਾਰੀ[2]' ॥੩੨॥
ਸੁਨਿ ਸਤਿਗੁਰ ਸੋ ਦਿਵਸ ਬਿਤਾਏ।
ਨਰ ਕੌਰੇ ਨਿਜ ਪਾਸ ਬੁਲਾਏ।
ਕਰਿ ਬੰਦਨ ਕੋ ਬੈਠੇ ਸਭੈ।
ਤਿਨ ਕੀ ਦਸ਼ਾ ਬਿਲੋਕਯੋ ਤਬੈ ॥੩੩॥
ਅਹੈਂ ਬ੍ਰਿੰਦ ਬਲਵਾਨ ਬਡੇਰੇ।
ਤਿਨ ਕੇ ਉਰ ਅਹੰਕਾਰ ਘਨੇਰੇ।
ਸ਼੍ਰੀ ਸਤਿਗੁਰ ਹਰਿਰਾਇ ਉਚਾਰੇ।
'ਰਾਹਕ ਜੇ ਮਰ੍ਹਾਜ ਕੇ ਸਾਰੇ ॥੩੪॥
ਸਿਰਕੀਬਾਸ ਬਿਖੈ ਦੁਖਿਆਰੇ।
ਬਿਨ ਧਰਨੀ ਨਹਿਂ ਧਾਮ ਉਸਾਰੇ।
ਜਮ ਨਹਿ ਸਕੇ ਪਾਂਇ[3] ਕਿਸ ਥਾਂਇ।
ਆਏ ਅਬਹਿ ਬਾਸ ਨਹਿਂ ਪਾਇ ॥੩੫॥
ਹਮਰੋ ਕਹਯੋ ਮਾਨਿ ਕਰਿ ਲੀਜੈ।
ਪੰਚ ਹਲਨਿ ਕੀ ਅਵਿਨੀ ਦੀਜੈ।
ਤਿਸ ਮੈਂ ਕਰਿ ਲੈਹੈਂ ਗੁਜ਼ਰਾਨ।
ਬਸਹਿਂ ਸਦਨ ਕਰਿ ਸੁਖ ਕੋ ਮਾਨਿ' ॥੩੬॥

---
[1]ਵੱਸਣ ਲਈ।
[2]ਨਿਡਰ ਹੋ ਕੇ।
[3]ਪੈਰ ਕੰਮ ਨਹੀਂ ਸਕੇ।

ਸੁਨਿ ਰਾਹਕ ਕੌਰਨ ਗੁਰ ਬਾਨੀ।
ਨਹਿਂ ਮਾਨੀ ਮੁਖ ਕੀਨਿ ਬਖਾਨੀ।
'ਕਹਾਂ ਪੰਚ ਹਲ ਕੀ ਛਿਤ ਹੋਇ।
ਕਹਾਂ ਕਮਾਇ ਖਾਇ ਹੈਂ ਸੋਇ? ॥੩੭॥
ਤਿਸ ਪਰ ਕੈਸੇ ਗ੍ਰਾਮ, ਬਸਾਵੈਂ?
ਕਹਾਂ ਜੀਵਕਾ ਸਕਲ ਚਲਾਵੈਂ।'
ਸ੍ਰੀ ਹਰਿਰਾਇ ਬਖਾਨਜੋ ਫੇਰੀ।
'ਇਨ ਕੋ ਤਿਤਨੀ ਅਹੈ ਘਨੇਰੀ ॥੩੮॥
ਛਿਤ ਥੋਰੀ ਮੈਂ ਸਕਲ ਕਮਾਵੈਂ।
ਹਮ ਬਰਕਤ ਤਿਸ ਮਹਿਂ ਬਹੁ ਪਾਵੈਂ।
ਸਹਤ ਕੁਟੰਬਨਿ ਹੁਇ ਗੁਜ਼ਾਰਨ।
ਤਿਸ ਮਹਿਂ ਤੇ ਹੁਇ ਅੰਨ ਮਹਾਨ' ॥੩੯॥
ਸੁਨਿ ਕੌਰੇ ਬੋਲੇ ਗੁਰ ਪਾਹੀ।
'ਹਮ ਅਵਿਨੀ ਦੇਵਹਿਂ ਕਿਮ ਨਾਹੀ।
ਹਲ ਕੀ ਮੁਖੀ ਅੱਗ੍ਰ ਹੁਇ ਜਿਤੀ[1]।
ਇਨ ਕੋ ਹਮ ਨਹਿਂ ਦੈਹੈਂ ਤਿਤੀ ॥੪੦॥
ਬਸਹਿਂ ਸ਼ਰੀਕਾ ਫੇਰ ਕਮਾਵਹਿਂ।
ਹੁਇ ਛਿਤ ਮਾਲਿਕ ਰਾਰ ਵਧਾਵੈਂ।
ਯਾਂ ਤੇ ਅਬਿ ਜਬਾਬ ਕਹਿ ਦੇਹਿਂ।
ਕਯੋਂ ਬਸਾਇ ਸਮ ਕੇ[2] ਕਰਿ ਲੇਹਿਂ ॥੪੧॥
ਸਜਾਨੇ ਪੁਰਖਨਿ ਕੀ ਸਿਖ ਏਹੋ।
-ਗ੍ਰਾਸ ਦੇਹੁ ਪਰ ਬਾਸ ਨ ਦੇਹੋ-।'
ਇਮ ਉੱਤਰ ਦੇ ਤੂਸ਼ਨਿ ਰਹੇ।
-ਨਹੀਂ ਦੇਤਿ- ਸਤਿਗੁਰ ਉਰ ਲਹੇ ॥੪੨॥
ਉਠਿ ਕਰਿ ਗਏ ਆਪਨੇ ਧਾਮ।
ਸ੍ਰੀ ਹਰਿਰਾਇ ਕਰਯੋ ਬਿਸਰਾਮ।
ਸੁਨ ਮਗ੍ਰਾਜ ਕੇ ਭਏ ਸਚਿੰਤ।
ਅਪਨਿ ਬਾਸ ਬਹੁ ਥਲ ਚਿਤਵੰਤਿ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਰਾਹਕਨਿ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

---

[1]ਹਲ ਦੀ ਮੁਖੀ ਜਿੰਨੀ (ਭੋਂ)।
[2]ਕਿਉਂ ਵਸਾਕੇ (ਅਪਣੇ) ਬਰੱਬਰ ਦੇ ਬਨਾ ਲਈਏ।

## ੭. [ਮਰ੍ਹਾਜ ਕੇ ਤੇ ਕੌੜੇ ਰਾਹਕ]

੬<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੮

ਦੋਹਰਾ: ਭਈ ਪ੍ਰਭਾਤਿ ਮਰ੍ਹਾਜ ਕੇ, ਮਿਲੇ ਪਰਸਪਰ ਬ੍ਰਿੰਦ।
ਨਹਿਂ ਮਾਨੀ ਕੌਰਾਨਿ ਸਭਿ, ਸ਼੍ਰੀ ਗੁਰ ਗਿਰਾ ਬਿਲੰਦ ॥੧॥
ਚੌਪਈ: ਦਰਸ਼ਨ ਪਰਮ ਪਾਵਨੋ ਕਰਿ ਕੈ।
ਪਦ ਅਰਬਿੰਦ ਸੀਸ ਕਹੁ ਧਰਿ ਕੈ।
ਬੈਠੇ ਨਿਕਟਿ ਸਕਲ ਕਰ ਬੰਦਿ।
ਕ੍ਰਿਪਾ ਦ੍ਰਿਸ਼ਟਿ ਸੋਂ ਪਿਖਤਿ ਮੁਕੰਦ ॥੨॥
ਅਵਿਨਿ ਲੇਨਿ ਕੋ ਸਕਲ ਪ੍ਰਸੰਗ।
ਕਹੜੋ ਭਯੋ ਜਿਮ ਕੌਰਨਿ ਸੰਗ।
ਸੁਨਿ ਕੈ ਦੀਨ ਹੋਇ ਕਰਿ ਭਨੈ।
'ਰਾਵਰ ਤੇ ਸਭਿ ਕਾਰਜ ਬਨੈ ॥੩॥
ਅਗਮ[1] ਹੋਇ ਬਹੁ ਸੁਗਮ ਕਰੰਤੇ।
ਜਿਨਹਿ ਸੁਗਮ ਤਿਹ ਅਗਮ ਰਚੰਤੇ।
ਨਹੀਂ ਆਸਰਾ ਦੂਸਰ ਕੋਈ।
ਤੁਮਰੇ ਚਰਨ ਪਰਾਇਨ[2] ਹੋਈ ॥੪॥
ਹੋਇ ਉਪਾਇ ਸੁ ਦੇਹੁ ਬਤਾਈ।
ਜਥਾ ਬਾਸ ਹਮ ਤੇ ਬਨਿਆਈ[3]।
ਬਿਨਾ ਬਾਸ ਤੇ ਨਹਿਂ ਬਿਸਰਾਮ।
ਲਾਜ ਬਡਾਈ ਨਹਿਂ ਬਿਨ ਧਾਮ' ॥੫॥
ਸ਼੍ਰੀ ਹਰਿਰਾਇ ਗੁਰੂ ਸੁਨਿ ਕਾਨ।
ਬਿਨਤੀ ਸਿੱਖਨਿ ਕੀਨਿ ਮਹਾਨ।
ਭਏ ਦੀਨ ਸੇ ਚਹਤਿ ਧਰਨੀ।
ਤਿਨ ਕੇ ਹਿਤ ਕੀ ਬਾਨੀ ਬਰਨੀ ॥੬॥
'ਕਰਹੁ ਕੂਚ ਤੁਮ ਅਪਨੋ ਡੇਰਾ।
ਲੇ ਕਰਿ ਸਰਬ ਸਾਥ ਇਕ ਬੇਰਾ।
ਚਲਿਤ ਜਹਾਂ ਸੰਧਜਾ ਪਰ ਜਾਇ।
ਤਹਿਂ ਡੇਰੇ ਕੋ ਲੇਹੁ ਟਿਕਾਇ ॥੭॥
ਰਚਹੁ ਸਦਨ ਸਭਿ ਗ੍ਰਾਮ ਬਸਾਵਹੁ।

---

[1]ਕਠਨ।
[2]ਆਸਰੇ।
[3]ਜਿਵੇਂ ਸਾਡਾ (ਕਿਤੇ) ਵਾਸਾ ਹੋ ਜਾਵੇ।

ਕਰਹੁ ਬਾਸ ਕੋ ਮਿਲਿ ਸੁਖ ਪਾਵਹੁ।
ਤਹਾਂ ਬਿਘਨ ਜੋ ਹੋਇ ਤੁਮਾਰੇ।
ਸਤਿਗੁਰ ਹੁਇਂ ਸਹਾਇ, ਦੈਂ ਟਾਰੇ' ॥੮॥
ਇਮ ਸੁਨਿ ਕੈ ਸਗਰੇ ਕਰ ਬੰਦਿ।
ਕੀਨਿ ਬੰਦਨਾ ਪਦ ਅਰਬਿੰਦ।
ਮਾਨਜੋ ਹੁਕਮ ਸਿਦਕ ਉਰ ਧਾਰਾ।
-ਸਫਲ ਕਾਜ ਹੁਇ- ਰਿਦੇ ਬਿਚਾਰਾ ॥੯॥
ਜਿਨ ਆਇਸੁ ਮਹਿਂ ਚੌਦਾ ਭਵਨ।
ਨਰ ਬਪੁਰੇ ਕੀ ਗਿਨਤੀ ਕਵਨ।
ਗੁਰ ਤੇ ਹੋਇ ਬਿਸਰਜਨ ਚਲੇ।
ਸਿਰਕੀਬਾਸ ਲਾਦਿ ਕਰਿ ਭਲੇ ॥੧੦॥
ਮਾਰਗ ਚਲਤਿ ਦਿਵਸ ਕੋ ਟਾਰਾ।
ਇਸਤ੍ਰੀ ਪੁਰਖ ਸਹਤ ਪਰਿਵਾਰਾ।
ਗਮਨਤਿ ਜਬਿ ਸੰਧਜਾ ਪਰਿ ਗਈ।
ਡੇਰਾ ਕਰਨਿ ਥਾਂਵ ਲਖਿ ਲਈ ॥੧੧॥
ਅਵਨੀ ਰਵਨੀ ਬਸਿਬੇ ਜੋਗ।
ਕੀਨਿ ਬਿਲੋਕਨ, ਉਤਰੇ ਲੋਗ।
ਅਬਿ ਮਰ੍ਹਾਜ ਕੇ ਗ੍ਰਾਮ ਜਹਾਂ ਹੈਂ।
ਗੁਰੂ ਹੁਕਮ ਤੇ ਥਿਰੇ ਤਹਾਂ ਹੈ ॥੧੨॥
ਕਰਜੋ ਜਾਮਨੀ ਮਹਿਂ ਬਿਸਰਾਮੂ।
ਖਾਨ ਪਾਨ ਤੇ ਲੀਨਿ ਅਰਾਮੂ।
ਭਈ ਪ੍ਰਭਾਤਿ ਧਾਮ ਜਿਮ ਹੋਇਂ।
ਤਿਮ ਬਿਥਾਰ ਕਰਿ ਉਤਰੇ ਸੋਇ ॥੧੩॥
ਜੈਤ ਪਿਰਾਣਾ ਰਾਹਕ ਰਹੈ।
ਮਾਲਕ ਤਿਸ ਅਵਿਨੀ ਕੋ ਅਹੈ।
ਜਿਸ ਕੇ ਸਮ ਦੂਜਾ ਬਲਵਾਨ ਨ।
ਪਕਰਹਿ ਪਾਨਨ ਤੇ ਪੰਚਾਨਨ[੧] ॥੧੪॥
ਤਿਸ ਨੇ[੨] ਇਨ ਕੀ ਸੁਧ ਸਭਿ ਸੁਨੀ।
'ਬਸਿਬੇ ਹਿਤ ਅਵਨੀ ਚਹਿਂ ਘਨੀ।
ਕਾਲਾ ਕਰਮਚੰਦ ਜੇ ਰਾਹਕ।

[੧]ਹੱਥਾਂ ਨਾਲ ਸ਼ੇਰ।
[੨]ਭਾਵ ਜੈਤ ਨੇ।

ਮੁਖਿ ਮਰ੍ਹਾਜ ਕੇ ਮਹਿਂ ਮਹਿ ਗਾਹਕ[1]' ॥੧੫॥
ਅਪਨੋ ਮਾਨੁਖ ਤੁਰਤ ਪਠਾਯੋ।
'ਇਹਾਂ ਨ ਠਹਿਰਹੁ' ਭਾਖਿ ਸੁਨਾਯੋ।
'ਮੈਂ ਬੈਠਯੋ ਮਾਲਕ ਨਿਜ ਧਰਨੀ।
ਕਰੌਂ ਸੰਭਾਰਨਿ ਜਯੋਂ ਨਿਜ ਤਰੁਨੀ ॥੧੬॥
ਬਿਨਾਂ ਬਿਲੰਬ ਕੂਚ ਕਰਿ ਜਾਵਹੁ।
ਆਨ ਥਾਨ ਕਿਤ ਬਾਸ ਬਸਾਵਹੁ।
ਨਾਂਹਿ ਤ ਮੈਂ ਚਢਿ ਕੈ ਚਲਿ ਆਵਹੁਂ।
ਲਰੇ ਹਨੌਂ ਨਤੁ ਲੂਟ ਮਚਾਵਹੁਂ ॥੧੭॥
ਅਪਨੀ ਸੀਮ ਨਿਕਾਸੋਂ ਸਾਰੇ[2]।
ਜੇ ਅਰ ਪਰਹਿਂ, ਲਖਹੁ ਸੇ ਮਾਰੇ।'
ਇੱਤਯਾਦਿਕ ਭੇਜਯੋ ਕਹਿ ਤਬੈ।
ਆਯੋ ਨਰ ਬੈਠੇ ਜਹਿਂ ਸਭੈ ॥੧੮॥
ਕਹੀ ਜੈਤ ਕੀ ਸਕਲ ਸੁਨਾਈ।
'ਕਯੋਂ ਤੁਮ ਉਤਰਿ ਪਰੇ ਇਸ ਥਾਂਈ?
ਨਹਿਂ ਬੂਝਯੋ ਨਹਿਂ ਆਇਸੁ ਲਈ।
ਰਿਦੇ ਢੀਠਤਾ ਕਯੋਂ ਕਰਿ ਭਈ? ॥੧੯॥
ਲਖਹੁ ਕਿ ਨਹੀਂ ਜੈਤ ਕੋ ਜ਼ੋਰ?
ਜਿਸ ਕੇ ਸਮ ਨਹਿਂ ਜਗ ਮੈਂ ਔਰ।
ਬੀਰ ਸੈਂਕਰੇ ਹੇਰਤਿ ਭਾਜੇ।
ਲਰ ਨਹਿਂ ਸਕਹਿਂ ਤਜੈਂ ਕੁਲ ਲਾਜੇ' ॥੨੦॥
ਕਾਲੇ ਕਹਯੋ 'ਬਿਸਾਲ ਮਹੀ ਹੈ[3]।
ਸੁਨਯੋ ਜੈਤ ਬਲਵਾਨ ਸਹੀ ਹੈ।
ਹਮ ਬਿਰੋਧ ਨਹਿਂ ਸਕਹਿਂ ਕਮਾਇ।
ਤਿਹ ਸਮਸਰਤਾ ਪਾਇ ਨ ਜਾਇ ॥੨੧॥
ਸ੍ਰੀ ਹਰਿਰਾਇ ਗੁਰੂ ਸਭਿ ਜਗ ਕੇ।
ਤਿਨ ਕੇ ਰਹੈਂ ਆਸਰੇ ਲਗਿ ਕੇ।
ਕਰਯੋ ਹੁਕਮ ਹਮ ਕੋ ਇਸ ਥਾਨ।
ਰਚਨਿ ਸਦਨ ਹਿਤ ਬਠ ਆਨਿ ॥੨੨॥

---

[1]ਮਰ੍ਹਾਜ ਕਿਆਂ ਵਿਚੋਂ ਮੁਖੀ ਪ੍ਰਿਥਵੀ ਦਾ ਗਾਹਕ (ਕਾਲਾ ਤੇ ਕਰਮ ਚੰਦ ਹੈ), ਇਹ ਸੁਣਕੇ)।
[2]ਸਾਰਿਆ ਨੂੰ ਹੱਦ ਵਿਚੋਂ ਕੱਢ ਦਿਆਂਗਾ।
[3]ਜ਼ਮੀਨ ਬਹੁਤ ਹੈ (ਜੈਤ ਪਾਸ)।

ਜਾਚੀ ਦੇਹੁ, ਅਧਿਕ ਛਿਤ ਅਹੈ[1]।
ਸਮੈ ਬਿਤਾਵਹਿਂ ਹਮ ਇਤ ਰਹੇ।
ਇਕ ਤੌਂ ਗੁਰੂ ਹੁਕਮ ਕੋ ਮਾਨੋ।
ਦੂਜੇ ਹਮ ਪਰ ਕਰਹੁ ਅਸਾਨੋ ॥੨੩॥
ਅਪਰ ਬਸਹਿਂ ਜਿਮ ਹੁਇ ਅਨੁਸਾਰੀ।
ਤਿਮ ਹਮ ਰਹੈਂ ਸਦਾ ਹਿਤ ਧਾਰੀ।'
ਸੁਨਤਿ ਦੂਤ ਢਿਗ ਜੈਤ ਗਯੋ ਹੈ।
ਇਨ ਕੋ ਕਹ੍ਯੋ ਸੁਨਾਇ ਦਯੋ ਹੈ ॥੨੪॥
'ਸ਼੍ਰੀ ਹਰਿਰਾਇ ਬਿਲੰਦ ਬਲੀ ਹੈਂ।
ਪੀਰੀ ਮੀਰੀ ਧਰੈਂ ਭਲੀ ਹੈ।
ਭਏ ਸਹਾਇਕ, ਥਾਨ ਬਤਾਯੋ।
ਸੋ ਚਾਹਤਿ ਹੈਂ ਇਨਹੁਂ ਬਸਾਯੋ' ॥੨੫॥
ਕਹੈ ਜੈਤ 'ਗੁਰ ਛੀਨਸਿ ਕਾਹੂ[2]।
ਚਹੈਂ ਬਸਾਯੋ ਹਮ ਛਿਤ ਮਾਹੂ।
ਸੋ ਮੈਂ ਦੇਤਿ ਨਹੀਂ ਕਿਸ ਰੀਤਿ।
ਨਹੀਂ ਸਹਾਰੌਂ ਅਸ ਬਿਪਰੀਤ ॥੨੬॥
ਅਬਿ ਕੇ ਜਾਹੁ ਦੇਹੁ ਸਮੁਝਾਇ।
ਭਲਾ ਚਹਹੁ ਨਿਜ ਤੌ ਚਢਿ ਜਾਇਂ।
ਆਨ ਥਾਨ ਖੋਜਹੁ ਹਿਤ ਬਾਸ।
ਰਚੀਅਹਿ ਜਹਾਂ ਨਚਿੰਤ ਅਵਾਸ' ॥੨੭॥
ਆਇ ਦੂਤ ਪੁਨ ਸਕਲ ਸੁਨਾਈ।
ਕਾਲੇ ਆਦਿਕ ਚਿੰਤ ਉਪਾਈ।
-ਮਹਾਂ ਬਲੀ ਇਹ ਬਸਨਿ ਨ ਦੈਹੇ।
ਹਮਰੋ ਬੈਰ ਨਹੀਂ ਨਿਬਹੈ ਹੈ- ॥੨੮॥
ਹੋਇ ਦੀਨ ਗੁਰ ਕੇ ਢਿਗ ਆਏ।
ਹਾਥ ਜੋਰਿ ਕਰਿ ਸੀਸ ਨਿਵਾਏ।
ਬੈਠਤਿ ਅਪਨੀ ਅਰਜ਼ ਗੁਜ਼ਾਰੀ।
'ਸੁਨਹੁ ਪ੍ਰਭੁ! ਜਿਮ ਜੈਤ ਉਚਾਰੀ ॥੨੯॥
ਭਈ ਸੰਝ ਤੁਮ ਹੁਕਮ ਚਿਤਾਰਾ।
ਪਿਖਿ ਸਥਾਨ ਕੋ ਸਿਵਰ ਉਤਾਰਾ।

---

[1]ਜ਼ਮੀਨ ਬਥੇਰੀ ਪਈ ਹੈ ਮੰਗੀ ਹੋਈ ਦੇ ਦੇਵੋ।
[2]ਗੁਰੂ ਜੀ ਕਿਸੇ ਦੀ (ਜ਼ਮੀਨ) ਖੋਹ ਕੇ।

ਜੈਤ ਪਿਰਾਣੇ ਕੀ ਛਿਤ ਸੋਇ।
ਸੁਨਿ ਨਰ ਭੇਜਯੋ ਰਿਸ ਮੈਂ ਹੋਇ ॥੩੦॥
-ਲੈਹੋਂ ਲੂਟ ਨਤੁਰ ਉਠਿ ਜੱਯੈ।
ਆਨ ਸਥਾਨ ਬਾਸ ਕੌ ਕੱਯੈ-।
ਲਿਯੋ ਆਪ ਕੋ ਨਾਮ ਨ ਮਾਨਾ।
ਲਰਿਬੇ ਹੇਤ ਦ੍ਵੈਸ਼ ਕੋ ਠਾਨਾ' ॥੩੧॥
ਸੁਨਿ ਗੁਰ ਕਹਯੋ 'ਧਰਹੁ ਉਤਸਾਹੂ।
ਹਤਹੁ ਜੈਤ ਕਰਿ ਬਲ ਰਣ ਮਾਹੂ।
ਉਰ ਤੇ ਕਾਤੁਰਤਾ ਅਬਿ ਤਜਾਗਹੁ।
ਕਰਿ ਪੁਰਸ਼ਾਰਥ ਕੋ ਹਿਤ ਲਾਗਹੁ ॥੩੨॥
ਅਪਨਿ ਗ੍ਰਾਮ ਕੋ ਲੇਹੁ ਬਸਾਈ।
ਚਢਿ ਆਵਹਿ ਕੋ ਕਰਹੁ ਲਰਾਈ।'
ਕਾਲਾ ਕਰਮਚੰਦ ਤੇ ਆਦਿ।
ਕਹਯੋ 'ਕਹਾਂ ਬਨਿ ਆਵਹਿ ਬਾਦ ॥੩੩॥
ਜੈਤ ਮਹਾਂ ਪ੍ਰਾਕ੍ਰਮ ਕੇ ਸੰਗ।
ਜਿਸ ਕੇ ਸਮ ਨਹਿਂ ਅਪਰ ਸੁਬੰਗ[1]।
ਗਜ ਸੋਂ ਭਿਰਨਿ ਸਮਰਥ ਬਿਸਾਲਾ।
ਇਕਲੋ ਕੇਹਰਿ ਹਤਹਿ ਕਰਾਲਾ[2] ॥੩੪॥
ਸਭਿ ਸ਼ੱਤ੍ਰੂ ਜਿਸ ਤੇ ਭੈ ਮਾਨੈਂ।
ਨਹਿਂ ਸਨਮੁਖ ਹ੍ਵੈ ਰਣ ਕੋ ਠਾਨੈਂ।
ਸਗਰੇ ਦੇਸ਼ ਬਿਦਤਿ ਬਲਵੰਤਾ।
ਬਰਛੀ ਤੀਛਨ ਹਾਥ ਧਰੰਤਾ ॥੩੫॥
ਜਿਸ ਲਗਿ ਪਹੁਂਚਹਿ, ਜਿਯਤਿ ਨ ਫੇਰ।
ਇਮ ਘਾਲਹਿ ਘਮਸਾਨ ਘਨੇਰ।
ਤਿਸ ਏਕਲ ਕੇ ਆਗੇ ਬ੍ਰਿੰਦ।
ਭਾਜਤਿ ਹੈਂ ਤਜਿ ਲਾਜ ਬਿਲੰਦ ॥੩੬॥
ਜੈਤ ਅਗਾਰੀ ਹਮ ਹੈਂ ਕਹਾਂ।
ਜਿਸ ਕੀ ਧਾਕ ਸੁਨੀ ਜਹਿਂ ਕਹਾਂ।'
ਇਸ ਪ੍ਰਕਾਰ ਜਬਿ ਕਰੀ ਬਡਾਈ।
ਸਤਿਗੁਰ ਪੂਛਤਿ ਭੇ ਤਿਨ ਤਾਈਂ ॥੩੭॥

---

[1]ਸਭ ਤਰ੍ਹਾਂ ਨਾਲ।
[2]ਭਜਾਨਕ।

'ਕਿਸ ਕਾਰਨ ਤੇ ਬਡ ਬਲਵਾਨਾ?
ਭਯੋ ਜੈਤ ਕੇ ਦੇਹ ਮਹਾਨਾ।
ਸੋ ਹਮ ਕੋ ਸਭਿ ਦੇਹੁ ਸੁਨਾਈ।
ਜਿਸ ਤੇ ਰਿਪੁ ਪਲਾਇਂ ਸਮੁਦਾਈ ॥੩੮॥
ਤ੍ਰਾਸ ਮਾਨਿ ਤੁਮ ਥਿਰਹੁ ਨ ਆਗੇ।
ਬਿਨਾ ਲਰੇ ਚਾਹਤਿ ਹਹੁ ਭਾਗੇ।
ਤੁਮਰੋ ਬਸਿਬੋ ਭੀ ਕਿਮ ਹੋਇ।
ਕਹਿ ਸਮੁਝਾਵਹੁ ਸਭਿ ਹੀ ਸੋਇ ॥੩੯॥
ਪੁਨ ਉਪਾਇ ਹਮ ਕਰਹਿਂ ਤੁਮਾਰਾ।
ਚਹੈਂ ਬਸਾਯਹੁ ਗ੍ਰਾਮ ਉਦਾਰਾ[1]।'
ਕਾਲਾ ਕਰਮਚੰਦ ਸੁਨਿ ਤਬੈ।
ਗੁਰ ਢਿਗ ਚਹਿਂ ਪ੍ਰਸੰਗ ਕਹਿ ਸਬੈ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਗ੍ਰਾਮ ਮਰ੍ਹਾਜਕੇ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

[1]ਵੱਡਾ।

## ੮. [ਜੈਤ ਪਿਰਾਣਾ ਬੁੱਧ]

੭<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੯

ਦੋਹਰਾ: ਕਹਿਂ ਮਰ੍ਹਾਜ ਕੇ ਬੰਦਿ ਕਰਿ, 'ਸੁਨਹੁ ਪ੍ਰਭੂ ਸੁਖਦਾਇ!
ਜੈਤ ਪਿਰਾਣੇ ਜਨਮ ਕੀ, ਭਈ ਕਥਾ ਜਿਸ ਭਾਇ ॥੧॥
ਚੌਪਈ: ਜਿਸ ਨਿਸ ਮਹਿਂ ਗ੍ਰਭ ਧਾਰਨਿ ਕੀਨਾ।
ਤਰੁਨੀ ਇਸ ਕੀ ਮਾਤ ਨਵੀਨਾ।
ਪਤਿ ਸੋਂ ਭਈ ਸੰਜੋਗਨਿ ਰਾਤੀ।
ਕਰੇ ਬਿਲਾਸ ਜਾਗ ਬਹੁ ਭਾਂਤੀ ॥੨॥
ਜਾਮ ਜਾਮਨੀ ਜਬਿ ਰਹਿ ਗਈ।
ਪਰੀ ਮੰਚ ਨਿੰਦ੍ਰਾ ਬਸਿ ਭਈ।
ਊਪਰ ਕੋਠੇ ਸੁਪਤ ਪਰੀ ਹੈ।
ਸਗਰੀ ਰਾਤ ਬਿਤੀਤ ਕਰੀ ਹੈ ॥੩॥
ਤਟ ਤਲਾਉ ਕੇ ਘਰ ਮਹਿਂ ਰਹੈਂ[1]।
ਨੀਰ ਸੰਗ ਸਭਿ ਪੂਰਨ ਅਹੈ।
ਸੂਰਜ ਉਦੈ ਹੋਨਿ ਕੋ ਕਾਲਾ।
ਆਇ ਕੇਹਰੀ ਏਕ ਕਾਰਾਲ ॥੪॥
ਇਕ ਦਿਸ਼ਿ ਗ੍ਰਾਮ ਦੁਤਿਯ ਦਿਸ਼ਿ ਸੋਇ[2]।
ਆਯੋ ਸ਼ੇਰ ਤ੍ਰਿਖਾਤੁਰ ਹੋਇ।
ਜਲ ਕੋ ਪਾਨ ਕਰਜੋ ਮਨ ਭਾਵਾ।
ਪੁਨ ਗਰਜਜੋ ਬਡ ਸ਼ਬਦ ਸੁਨਾਵਾ ॥੫॥
ਜੈਤ ਮਾਤ ਸੁਪਤੀ ਤਬਿ ਜਾਗੀ।
ਔਚਕ ਉਤਹਿ ਦੇਖਿਬੇ ਲਾਗੀ।
ਰਵਿ ਪ੍ਰਤਿਬਿੰਬ[3] ਪਰਜੋ ਜਲ ਮਾਂਹੀ।
ਦੂਸਰ ਸ਼ੇਰ ਖਰੋ ਬਡ ਤਾਂਹੀ ॥੬॥
ਨੇਤ੍ਰ ਉਘਾਰਿ ਪ੍ਰਥਮ ਦੋ ਹੇਰੇ।
ਦੋਨਹੁਂ ਕੇ ਮੁਖ ਲਗੀ ਸਵੇਰੇ।
ਧੀਰਜ ਧਰੇ ਦੇਖਤੀ ਰਹੀ।
ਇਤ ਉਤ ਦ੍ਰਿਸਟਿ ਸੁ ਟਾਰੀ ਨਹੀਂ ॥੭॥
ਤਿਸ ਕਾਰਨ ਤੇ ਗਰਬ ਮਝਾਰਾ।

---

[1](ਇਕ) ਤਲਾਉ ਦੇ ਕੰਢੇ ਘਰ ਸੀ (ਜਿਸ) ਵਿਚ (ਉਹ) ਰਹਿੰਦੇ ਸਨ।
[2]ਭਾਵ ਸ਼ੇਰ।
[3]ਸੂਰਜ ਦਾ ਅਕਸ।

ਭਯੋ ਬਲੀ ਅਰੁ ਸੂਰ ਉਦਾਰਾ।
ਲਰਹਿ ਹਜ਼ਾਰਨਿ ਕੇ ਸੰਗ ਸੋਈ।
ਧੀਰ ਨ ਧਰਹਿ ਅਗਾਰੀ ਕੋਈ ॥੮॥
ਤਿਸ ਕੇ ਸੰਗ ਲਰਹਿਂ ਹਮ ਕੈਸੇ।
ਜਿਸ ਤੇ ਤ੍ਰਾਸ ਧਰਹਿਂ ਸਭਿ ਐਸੇ।
ਹਮ ਤੇ ਨਹਿਂ ਸਮਸਰਤਾ ਹੋਇ।
ਨਰਨਿ ਮਾਰਿ ਕਰਿ ਲੂਟਹਿ ਸੋਇ[*]' ॥੯॥
ਸ਼੍ਰੀ ਹਰਿਰਾਇ ਸੁਨੀ ਸਭਿ ਗਾਥਾ।
ਕਹਤੋ ਬਾਕ ਕਾਲੇ ਕੇ ਸਾਥਾ।
'ਨਿਸ਼ਚੇ ਮਹਾਂ ਬਲੀ ਸੋ ਅਹੈ।
ਜਿਸ ਤੇ ਡਰ ਕਰਿ ਸਗਰੇ ਰਹੈਂ ॥੧੦॥
ਹਮ ਚਾਹਤਿ ਹੈਂ ਤੁਮਹਿ ਬਸਾਯੋ।
ਨਿਫਲ ਨ ਹੋਇ ਬਾਕ ਜੋ ਗਾਯੋ।
ਸਭਿ ਮਾਨਵ ਜੋਧਾ ਮਿਲਿ ਕਰਿ ਕੈ।
ਲਰਹੁ ਜੈਤ ਸੋਂ ਪ੍ਰਾਕ੍ਰਮ ਧਰਿ ਕੈ ॥੧੧॥
ਜਬਿ ਰਣ ਮਹਿਂ ਚਾਲਹਿਂ ਹਥਿਆਰੇ।
ਤਬਿ ਸਹਾਇ ਹਮ ਹੋਹਿਂ ਤੁਮਾਰੇ।
ਹਤਹੁ ਜੈਤ ਕਾਰਜ ਕਰਿ ਲੀਜੈ।
ਬਿਨ ਚਿੰਤਾ ਪੁਨ ਬਾਸ ਕਰੀਜੈ ॥੧੨॥
ਸਭਿ ਆਵਨੀ ਬੀਰਨਿ ਕੀ ਅਹੇ।
ਰਣ ਕਰਤਾ ਭੋਗਹਿ ਇਸ ਲਹੇ।
ਕਰਤਿ ਜੁੱਧ ਜੇ ਮਰਿ ਕਰਿ ਜਾਹਿ।
ਭੁਗਤਹਿ ਸੁਖਨਿ ਸੁਰਗ ਕੇ ਮਾਂਹਿ ॥੧੩॥
ਜੀਵਤਿ ਰਹੈ ਅਵਿਨਿ ਕੇ ਮਾਲਿਕ।
ਬਸਨਹਾਰ ਭੀ ਹੁਇ ਤਿਸ ਤਾਲਕ[1]।
ਇਉਂ ਮਹਿੰਮਾ ਰਣ ਕੀ ਬਡ ਜਾਨਹੁ।
ਹੋਇ ਸੁਚੇਤ ਜੈਤ ਕੋ ਹਾਨਹੁ ॥੧੪॥
ਅੰਗ ਸੰਗ ਹਮ ਰਹੈਂ ਤੁਮਾਰੇ।
ਕਰਿ ਉਤਸਾਹ ਲੇਹੁ ਰਿਪੁ ਮਾਰੇ।
ਨਹੀਂ ਤ੍ਰਾਸ ਕੋ ਮਨ ਮਹਿਂ ਧਾਰਹੁ।

---

[*]ਇਥੋਂ ਪਤਾ ਲੱਗਾ ਕਿ ਜੇਤ ਨਾ ਕੇਵਲ ਸੂਰਮਾ ਸੀ ਪਰ ਲੁਟੇਰਾ ਤੇ ਖੂਨੀ ਬੀ ਸੀ।
[1]ਤੇ (ਧਰਤੀ ਤੇ) ਵੱਸਣ ਵਾਲੀ ਬੀ ਤੇ ਤਿਸ ਦੇ ਅਧੀਨ ਹੁੰਦੇ ਹਨ।

ਸਮੁਖ ਜੁ ਆਇ ਸ਼ਸਤ੍ਰ ਗਹਿ ਮਾਰਹੁ' ॥੧੫॥
ਇਮ ਕਹਿ ਬਾਰ ਬਾਰ ਗੁਰ ਪੂਰੇ।
ਕਾਲੇ ਆਦਿ ਕਰੇ ਸਭਿ ਮਰੇ।
ਤਊ ਦੀਨ ਹ੍ਵੈ ਜੋਰਤਿ ਹਾਥ।
'ਸ਼੍ਰੀ ਗੁਰ ਬਨਹੁ ਆਪ ਜੇ ਨਾਥ ॥੧੬॥
ਤੌ ਹਮ ਮਾਰ ਸਕਹਿਂ ਰਿਪੁ ਭਾਰੋ।
ਤੁਮਰੇ ਬਲ ਭਰੋਸ ਉਰ ਧਾਰੋ।
ਤਿਸ ਆਗੇ ਹਮ ਕੁਛ ਨਹਿਂ ਅਹੈ।
ਕ੍ਰਿਪਾ ਆਪ ਕੀ ਤੇ ਪਦ ਲਹੈਂ' ॥੧੭॥
ਕਰਿ ਮਸਲਤ ਲਰਿਬੇ ਕੀ ਤਬੈ।
ਸਤਿਗੁਰ ਚਰਨ ਬੰਦਿ ਕਰਿ ਸਬੈ।
ਅਪਨੇ ਡੇਰੇ ਮਹਿਂ ਚਲਿ ਗਏ।
ਸਾਵਧਾਨ ਸ਼ਸਤ੍ਰਨਿ ਜੁਤਿ ਭਏ ॥੧੮॥
ਦੂਤ ਜੈਤ ਕੋ ਤਬਿ ਚਲਿ ਆਯੋ।
'ਤੁਮਹਿ ਉਠਾਵਨਿ ਮੋਹਿ ਪਠਾਯੋ।
-ਜੇ ਕਰਿ ਚਲੇ ਜਾਹੁ ਗੇ ਆਜ।
ਬਚਹਿ ਪ੍ਰਾਨ ਜੁਤਿ ਸਰਬ ਸਮਾਜ ॥੧੯॥
ਨਾਂਹਿ ਤ ਮੈਂ ਚਢਿ ਐ ਹੌਂ ਕਾਲੀ।
ਲੂਟ ਲੇਇ ਹੌਂ ਵਸਤੁ ਬਿਸਾਲੀ-।
ਸੁਧ ਹਿਤ ਮੈਂ ਆਯੋ ਲਖਿ ਲੇਹੋ।
ਲਰਹੁ ਕਿ ਅਵਿਨੀ ਕੋ ਤਜਿ ਦੇਹੋ?' ॥੨੦॥
ਸੁਨਿ ਕਾਲੇ ਤਬਿ ਤਾਂਹਿ ਸੁਨਾਯਹੁ।
'ਹਮ ਚਾਹਤਿ ਇਤ ਗ੍ਰਾਮ ਬਸਾਯਹੁ।
ਗੁਰੂ ਹੁਕਮ ਤੇ ਬੈਠੇ ਜਾਨਹੁ।
ਨਾਹਕ ਦ੍ਵੈਸ਼ ਕਹਾਂ ਤੁਮ ਠਾਨਹੁ ॥੨੧॥
ਜੋ ਨਹਿਂ ਜੈਤਿ ਬੈਠਿਬੇ ਦੇਹਿ।
ਤੌ ਹਮ ਸਨਮੁਖ ਲੋਹਾ ਲੇਹਿਂ[1]।
-ਨਿਤ ਨਿਰਬਲ ਕੋ ਬਲ ਗੁਰ ਅਹੈਂ[2]-।
ਬਿਦਤਿ ਬਾਤ ਇਹ ਸਭਿ ਜਗ ਕਹੈ ॥੨੨॥
ਭੁਜ ਬਲ ਕੋ ਭਰੋਸ ਹੈ ਤਾਂਹੀ।

[1]ਭਾਵ ਲੜਾਂਗੇ।
[2]ਸਦਾ ਨਿਰਬਲਾਂ ਵੱਲ ਹੀ ਗੁਰੂ ਜੀ ਹੁੰਦੇ ਹਨ। (ਅ) ਨਿੱਤ ਦੇ ਨਿਰਬਲਾਂ ਨੂੰ ਗੁਰਾਂ ਦਾ ਬਲ ਹੁੰਦਾ ਹੈ।

ਹਮਹਿਂ ਆਸਰੋ ਗੁਰ ਪਗ ਕा ਹੀ।
ਲਰਿਬੇ ਆਇ ਤ ਸਨਮੁਖ ਲਰੈਂ।
ਗੁਰ ਪ੍ਰਤਾਪ ਤੇ ਰਣ ਕੋ ਕਰੈਂ' ॥੨੩॥
ਸੁਨਤਿ ਦੂਤ ਤੂਰਨ ਤਬਿ ਗਯੋ।
ਜੈਤ ਸਾਥ ਸਭਿ ਉਚਰਤਿ ਭਯੋ।
'ਲਰਿਬੇ ਕਹੁ ਬਨਿ ਬੈਠੇ ਤਯਾਰ।
ਅਪਨੋ ਗੁਰੂ ਆਸਰਾ ਧਾਰਿ ॥੨੪॥
ਅਵਨੀ ਤਜਹਿਂ ਨਹੀਂ ਅਬਿ ਸੋਇ।
ਹਤਹਿਂ ਕਿ ਅਪਨਿ ਪ੍ਰਾਨ ਦੇਂ ਖੋਇ।
ਜਿਮ ਹੁਇ ਪਿਤਾ ਪਿਤਾਮੇ ਧਰਾ[1]।
ਤਿਮ ਬੈਠੇ ਮਨ ਮਹਿਂ ਹਠ ਧਰਾ ॥੨੫॥
ਲਰਹੁ ਸੰਘਾਰਹੁ ਤੌਂ ਛਿਤ ਲੇਹੂ।
ਧਰਹੁ ਛਿਮਾਂ ਤਿਨ ਬਸਿਬੇ ਦੇਹੁ।'
ਸੁਨਤਿ ਜੈਤ ਮਨ ਕੋਪ ਉਪਾਯੋ।
'ਕੋ ਅਸ, ਮਮ ਛਿਤ ਪਗ ਜਿਨ ਪਾਯੋ ॥੨੬॥
ਸੁਨਜੋਂ ਕਿ ਨਹੀਂ ਜਥਾ ਬਲ ਮੇਰਾ।
ਸਮੁਖ ਨੋ ਹੋਤਿ ਹੁਤੋ ਜੇ ਹੇਰਾ[2]।
ਬਸਤ੍ਰ ਸ਼ਸਤ੍ਰ ਆਨਹੁਂ ਅਬਿ ਮੋਰਾ।
ਜ਼ੀਨ ਸਜਾਇ ਚਪਲ ਬਲਿ ਘੋਰਾ' ॥੨੭॥
ਇਮ ਕਹਿ ਸਭਿ ਨਰ ਕਰਿ ਕੈ ਤਯਾਰੀ।
ਭ੍ਰਾਤਾਦਿਕ ਜੇ ਆਯੁਧ ਧਾਰੀ।
ਲਰਨਿ ਹੇਤੁ ਬਜਵਾਯਸਿ ਢੋਲੂ।
ਬਲ ਹੰਕਾਰ ਕੇ ਕਹਿ ਕਰਿ ਬੋਲੂ ॥੨੮॥
ਨਿਕਸਯੋ ਵਹਿਰ ਗ੍ਰਾਮ ਤੇ ਠਾਂਢੋ।
ਲਰਿਬੇ ਹੇਤੁ ਚਾਉ ਚਿਤ ਬਾਢੋ।
ਤੋਮਰ ਸ਼ਕਤੀ ਗਹਿ ਸ਼ਮਸ਼ੇਰ।
ਸਿਪਰ ਤੁਪਕ ਜੋਧਾ ਸਮ ਸ਼ੇਰ ॥੨੯॥
ਢੋਲ ਬਜਾਵਤਿ ਚਾਲਿ ਉਤਾਲੇ।
ਬੋਲਤਿ ਗਰਬ ਬਿਸਾਲ ਕਰਾਲੇ।
ਕਾਲੇ ਕਰਮ ਚੰਦ ਸੁਧ ਪਾਈ।

---

[1]ਜ਼ਮੀਨ।
[2]ਜੇ (ਮੇਰਾ ਬਲ) ਦੇਖਿਆ ਹੁੰਦਾ।

ਤੁਰਤ ਤਯਾਰ ਭੇ ਹੇਤੁ ਲਰਾਈ ॥੩੦॥
ਗਮਨੇ ਗਹਿ ਗਹਿ ਸ਼ਸਤ੍ਰ ਅਗਾਰੀ।
ਏਕ ਟੇਕ ਸਤਿਗੁਰ ਕੀ ਧਾਰੀ।
ਸ਼੍ਰੀ ਹਰਿਰਾਇ ਨਾਮ ਕੋ ਲੈ ਕੇ।
ਨਿਕਸੇ ਵਹਿਰ ਕੋਪ ਮਨ ਤੈ ਕੈ[1] ॥੩੧॥
ਚਿਤਵਹਿਂ ਜੈਤ ਓਜ ਕੋ ਸਾਰੇ।
'ਕਹਹੁ ਕੌਨ ਜੋ ਤਿਸੈ ਸੰਹਾਰੇ।
ਪਕੜੇ ਸ਼ਕਤਿ ਖੜਗ ਜਬਿ ਜਾਵੈ।
ਨਿਜ ਤਨ ਸ਼ਸਤ੍ਰ ਖਾਇ ਅਰੁ ਘਾਵੈ ॥੩੨॥
ਤਿਸ ਕੈ ਬਨਹਿਂ ਸਹਾਇਕ ਸਾਰੇ।
ਮਿਲਿ ਬਲ ਕਰਹੁ ਤੁਰਤ ਲਿਹੁ ਮਾਰੇ।'
ਕਹਿ ਸੁਨਿ ਕੈ ਧਾਰੀ ਸਭਿ ਮੌਨ।
ਪ੍ਰਥਮ ਅਗਾਰੀ ਅਰਹਿ ਸੁ ਕੌਨ ॥੩੩॥
ਧੀਰਜ ਸਭਿ ਕੈ ਰਿਦੈ ਬਿਨਾਸਾ।
ਰਿਪੁ ਬਲ ਸ਼ਕਤੀ ਤੇ ਬਡ ਤ੍ਰਾਸਾ।
ਸ਼੍ਰੀ ਹਰਿਰਾਇ ਕੇਰ ਧਰਿ ਆਸਾ।
ਸਭਿ ਮਹਿਂ ਕਾਲੇ ਬਾਕ ਪ੍ਰਕਾਸ਼ਾ ॥੩੪॥
'ਗੁਰੂ ਬਾਕ ਪਰ ਮੋਹਿ ਪ੍ਰਤੀਤ।
ਨਿਸ਼ਚੈ ਹੋਇ ਹਮਹੁਂ ਕੀ ਜੀਤ।
ਬਨਹਿ ਸਹਾਇਕ ਜੈਤ ਸੰਘਾਰੈਂ।
ਅਪਨੋ ਬਿਰਦ ਬਿਸਾਲ ਸੰਭਾਰੈਂ ॥੩੫॥
ਮੈਂ ਸਭਿ ਤੇ ਆਗੇ ਹੁਇ ਲਰੌਂ।
ਹਤੌਂ ਜੈਤ ਕੋ, ਕੈ ਅਬਿ ਮਰੌਂ।
ਤੁਮ ਸਭਿ ਭ੍ਰਾਤਾ ਬਨਹੁ ਸਹਾਇਕ।
ਸਨਮੁਖ ਹੋਇ ਹਤਹੁ ਖਗ ਸਾਯਕ[2]' ॥੩੬॥
ਇਮ ਕਾਲੇ ਕੀਨਸਿ ਉਤਸ਼ਾਹੂ।
ਚਲੇ ਚੌਂਪ ਕਰਿ ਸਭਿ ਚਿਤ ਮਾਹੂ।
ਖਰੇ ਦੂਰ ਕੁਛ ਤੁਪਕ ਚਲਾਈ।
ਲਰਤਿ ਪਰਸਪਰ ਭੇ ਅਗਵਾਈ ॥੩੭॥
ਦੇਖਿ ਜੁੱਧ ਕੌ ਕ੍ਰੁੱਧਤਿ ਭਾਰੀ।

---
[1]ਕ੍ਰੋਧ ਨਾਲ ਤਪ ਕੇ।
[2]ਤਲਵਾਰ ਤੇ ਤੀਰ।

ਊਚੇ ਬੋਲਿ ਜੈਤ ਅਹੰਕਾਰੀ।
ਗਹਿ ਕਰਿ ਬਰਛੀ ਤੀਛਨ ਭੀਛਨ।
ਰਿਸ ਈਛਨ ਤੇ ਕਰਤਿ ਨਿਰੀਛਨਿ[1] ॥੩੮॥
ਜਿਮ ਗਜ ਬ੍ਰਿੰਦ ਨ ਕੇਹਰਿ ਗਿਨਹਿ।
ਬਿਨ ਡਰ ਤਿਮ ਰਿਪੁ ਗਨ ਕੋ ਹਨਹਿ।
ਆਯੋ ਸਨਮੁਖ ਸ਼ਕਤਿ[2] ਉਠਾਏ।
ਦੇਤਿ ਤ੍ਰਾਸ ਕੋ ਸ਼ੱਤ੍ਰੂ ਦਬਾਏ ॥੩੯॥
ਕਾਲੇ ਤਬਹਿ ਬਿਲੋਕ੍ਯੋ ਆਵਤਿ।
-ਅਧਿਕ ਬਲੀ ਹਮਰੇ ਭਟ ਘਾਵਤਿ।
-ਸ਼੍ਰੀ ਹਰਿਰਾਇ ਅਰਾਧਨਿ ਕਰੇ।
'ਬਨਹੁ ਸਹਾਇਕ ਨਿਜ ਬਲ ਧਰੇ' ॥੪੦॥
ਅਪਨੋ ਬਿਰਦ ਸੰਭਾਰਨਿ ਕੀਨਿ।
ਰੱਛਾ ਹਿਤ ਪੁਹੰਚੇ ਜਨ ਚੀਨ।
ਜੈਤ ਰੁ ਕਾਲੇ ਕੋ ਭਟ ਭੇਰ।
ਪਰ੍ਯੋ ਸੁ ਗਾੜ੍ਹ ਹੋਤਿ ਭਾ ਨੇਰ ॥੪੧॥
ਬਰਛੀ ਜਬਿ ਉਬਾਰ ਕਰਿ ਊਚੋ।
ਹਤਨਿ ਹੇਤੁ ਕਰਿ ਨਿਕਟਿ ਪਹੂਚੋ।
ਚਤੁਰ ਬੀਰ[3] ਗੁਰ ਤੁਰਤ ਪਠਾਏ।
ਤਿਨ ਮਹਿਂ ਦ੍ਵੈ ਪਾਇਨਿ ਲਪਟਾਏ ॥੪੨॥
ਦ੍ਵੈ ਭੁਜਦੰਡਨ ਕੋ ਗਹਿ ਦੋਇ।
ਜੈਤ ਓਜ ਕੋ ਰੋਕਤਿ ਸੋਇ।
ਤਊ ਬੇਗ ਤੇ ਸ਼ਕਤਿ ਪ੍ਰਹਾਰੀ।
ਤਬਿ ਗੁਰ ਅਹਿਰਣ ਕੀਨਿ ਅਗਾਰੀ ॥੪੩॥
ਮੁਖ ਮਹਿਂ ਮਾਰਨ ਵਾਰ ਚਲਾਯਹੁ।
ਰੁਕ੍ਯੋ ਨ ਬੀਰਨ ਤੇ, ਢਿਗ ਆਯਹੁ।
ਅਹਿਰਨਿ ਕਉ ਬੇਧਨਿ ਕਰਿ ਗਈ।
ਗੁਰੂ ਹਥੇਰੀ ਲਾਗਤਿ ਭਈ ॥੪੪॥
ਤਹਾਂ ਸਾਂਗ ਕੀ ਨੋਕ ਥਿਰੀ ਹੈ।
ਰੁਕ੍ਯੋ ਬੇਗ ਬਿਧਿਬੋ ਨ ਕਰੀ ਹੈ।

---

[1]ਕ੍ਰੋਧ ਭਰੀਆਂ ਅੱਖਾਂ ਨਾਲ ਦੇਖਦਾ ਹੈ।
[2]ਬਰਛੀ।
[3]ਗੁਪਤ ਸ੍ਰਿਸ਼ਟੀ ਦੇ ਚਾਰ ਸੂਰਮੇ।

ਤਊ ਧਕੇਲਾ ਬਲ ਤੇ ਲਾਗਾ।
ਤੋਰੇ ਦੰਤ ਗਿਰੇ ਤਬਿ ਆਗਾ ॥੪੫॥
ਨਿਫਲ ਵਾਰ ਕਾਲੇ ਤਬਿ ਜਾਨਾ।
-ਕਹਤਿ ਲੋਕ ਇਹ ਬਲੀ ਮਹਾਨਾ।
ਹਤੀ ਸਾਂਗ ਤੇ ਕੁਛ ਨ ਸਰਯੋ ਹੈ।
ਅਪਨੋ ਬਲ ਇਨ ਸਕਲ ਕਰਯੋ ਹੈ ॥੪੬॥
ਅਪਨੋ ਵਾਰ ਕਰੌਂ ਅਬਿ ਇਸ ਕੋ[1]-।
ਇਮ ਬਿਚਾਰਿ, ਕਰਿ ਦੀਰਘ ਰਿਸ ਕੋ।
ਖੈਂਚਿ ਖੜਗ ਕਰ ਬਲ ਤੇ ਝਾਰਯੋ।
ਬਹਯੋ ਜਨੇਊ ਕੇ ਸਮ ਮਾਰਯੋ ॥੪੭॥
ਗਿਰਯੋ ਤੁਰਤ ਜਿਮ ਬਾਯੂ ਬਹੇ।
ਬ੍ਰਿੱਛ ਪੁਰਾਨੋ ਗਿਰਨੋ ਲਹੇ।
ਸ੍ਰੋਣਤ ਪਸਰਯੋ ਅਵਨੀ ਸਾਰੇ।
ਪਰਯੋ ਪ੍ਰਿਥੀ ਪਰ ਪਾਉਂ ਪਸਾਰੇ ॥੪੮॥
ਮਰਯੋ ਜੈਤ ਕੋ ਦੇਖਿ ਸੁ ਭ੍ਰਾਤਾ।
ਹਟੇ ਤੁਰਤ ਲਖਿ ਕਰਿ ਗੁਰ ਤ੍ਰਾਤਾ[2]।
ਕਾਲੇ ਆਦਿਕ ਧਰਯੋ ਅਨਿੰਦ।
ਆਇ ਸੁ ਡੇਰੇ ਮਹਿਂ ਮਿਲਿ ਬ੍ਰਿੰਦ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਜੈਤਬੱਧ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

---

[1]ਹੁਣ ਮੈਂ ਇਸ ਉਤੇ ਆਪਣਾ ਵਾਰ ਕਰਦਾ ਹਾਂ।
[2] ਗੁਰੂ ਰੱਖਜਕ।

## ੯. [ਮਰ੍ਾਜ ਕਿਆਂ ਦਾ ਵੱਸਣਾ]

੮<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੦

ਦੋਹਰਾ: ਚਿਤ ਪ੍ਰਮੋਦ ਕਾਲਾ ਭਯੋ, ਮਿਲਿ ਕਰਿ ਸੋ ਸਮੁਦਾਇ।
ਕਰਤਿ ਭਏ ਆਗਵਨ ਕੋ, ਨਿਕਟਿ ਗੁਰੂ ਹਰਿਰਾਇ ॥੧॥
ਚੌਪਈ: ਦੇਖਿ ਦੂਰ ਤੇ ਜੁਗ ਕਰ ਜੋਰੇ।
ਪਹੁੰਚੇ ਨਿਕਟਿ ਹਰਖ ਨਹਿਂ ਥੋਰੇ।
ਚਰਨ ਕਮਲ ਪਰ ਸੀਸ ਨਿਵਾਯਹੁਂ।
'ਧੰਨ ਗਰੀਬ ਨਿਵਾਜ' ਅਲਾਯਹੁ' ॥੨॥
'ਬਿਰਦ ਆਪਨੋ ਸਦਾ ਸੰਭਾਰਹੁ।
ਜਨੁ ਕੇ ਦੁਸ਼ਟ ਅਰਿਸ਼ਟ[1] ਨਿਵਾਰਹੁ।
ਅਬਿ ਹਮ ਬਸਹਿਂ ਅਨੰਦਤਿ ਧਰਾ।
ਮਹਾਂ ਬਲੀ ਸ਼ੱਤ੍ਰੁ ਰਣ ਮਰਾ' ॥੩॥
ਸਤਿਗੁਰ ਲਗੇ ਬੂਝਿਬੇ ਫੇਰ।
'ਕਹੁ ਕਾਲੇ! ਕਿਮ ਕੀਨਸਿ ਫੇਰ?
ਰਚਜੋ ਜੰਗ ਤੁਮ ਕੌਨ ਪ੍ਰਕਾਰਾ?
ਕਿਮ ਬਲ ਭਯੋ, ਸ਼ੱਤ੍ਰੁ ਕਿਮ ਮਾਰਾ?' ॥੪॥
[2]'ਸੁਨਹੁ ਪ੍ਰਭੂ! ਜਿਮ ਸੁਨਤੇ ਰਹੇ।
ਸੰਘਰ ਬਿਖੈ ਨ ਕੁਛ ਬਲ ਲਹੇ।
ਸਭਿ ਤੇ ਦੀਰਘ ਜਿਸ ਕੋ ਜਾਨਾ।
ਸੋ ਸਭਿਹਿਨਿ ਤੇ ਲਘੁ ਕਰਿ ਮਾਨਾ ॥੫॥
ਵਾਰ ਸ਼ਕਤਿ ਕੋ[3] ਏਕ ਚਲਾਯੋ।
ਜਿਸ ਤੇ ਕਛੂ ਘਾਵ ਨਹਿਂ ਆਯੋ।
ਲਗਜੋ ਧਕੇਲਾ ਸਮਸਰ ਆਇ।
ਤੋਰੇ ਦੰਤਨਿ ਦੀਏ ਗਿਰਾਇ ॥੬॥
ਨਹਿਂ ਆਗੇ ਤਿਸ ਪ੍ਰਵਿਸ਼ੀ ਨੋਕ।
ਤਹਿਂ ਲੌ ਬਲ ਕਰਿ ਰਹੀ ਸੁ ਰੋਕ[4]।
ਯਾਂ ਤੇ ਅਲਪ ਬਲੀ ਮੈਂ ਜਾਨਜੋ।
ਖੈਂਚਿ ਖੜਗ ਮੈਂ ਤਤਛਿਨ ਹਾਨਜੋ' ॥੭॥
ਸ਼੍ਰੀ ਹਰਿਰਾਇ ਸੁਨਤਿ ਮੁਸਕਾਏ।

---
[1]ਦੁਖਦਾਈ ਵੈਰੀ।
[2]ਕਾਲੇ ਨੇ ਜਵਾਬ ਦਿੱਤਾ।
[3]ਬਰਛੀ ਦਾ।
[4]ਰੁਕ ਰਹੀ।

ਜੈਤ ਹਤਨਿ ਕੋ ਭੇਵ ਬਤਾਏ।
'ਅਲਪ ਬਲੀ ਨਹਿਂ ਤਿਸ ਕੋ ਜਾਨਹੁ।
ਸੋ ਬਲਵੰਤ ਸਦਾ ਪਹਿਚਾਨਹੁਂ ॥੮॥
ਜਬਿ ਤੁਮ ਜੁਟੇ ਬੀਚ ਰਣ ਖੇਤ।
ਪਹੁਂਚੇ ਹਮ ਸਹਾਇ ਕੇ ਹੇਤ।
ਦੋਇ ਬੀਰ ਪਾਇਨਿ ਲਪਟਾਏ।
ਦੋਇ ਭੁਜਾ ਕੋ ਬੇਗ ਰੁਕਾਏ ॥੯॥
ਤਊ ਪਹੁਂਚਿ ਤਿਨ ਸਾਂਗ ਪ੍ਰਹਾਰੀ।
ਤਬਿ ਹਮ ਅਹਿਰਣ[1] ਨਿਜ ਕਰ ਧਾਰੀ।
ਸਾਥ ਸ਼ੀਘ੍ਰਤਾ ਕੀਨਿ ਅਗਾਰੀ।
ਲਗਜੋ ਵਾਰ ਤਿਸ ਕੇਰ ਮਝਾਰੀ ॥੧੦॥
ਅਹਿਰਣ ਫੋਰਤਿ ਅੱਗ੍ਰ ਧਕੇਲੀ।
ਰੜਕੀ ਹਮਰੀ ਜਾਇ ਹਥੇਲੀ।
ਚੁਭੀ ਚੁੰਚ[2], ਇਹ ਦੇਖਨਿ ਕੀਜੈ।
ਰੁਕੀ ਰਹੀ ਪੁਨ ਰਿਦੈ ਜਨੀਜੈ ॥੧੧॥
ਇਸ ਤੇ ਜਾਨਿ ਲੇਹੁ ਮਨ ਮਾਂਹੀ।
ਅਲਪ ਕਿ ਬਡੋ ਹੁਤੋ ਬਲ ਤਾਂਹੀ।
ਤੁਝ ਕੋ ਜੈਤ ਜਾਨਤੋ ਕਹਾਂ।
ਕੋ ਨਹਿਂ ਸਮੁਖ ਹੋਤਿ ਬਲਿ ਮਹਾਂ ॥੧੨॥
ਹਾਥ ਕਿ ਲਾਤ ਪ੍ਰਹਾਰਹਿ ਮਾਰਤਿ।
ਹਮ ਬਿਨ ਅਪਰ ਕੌਨ ਧ੍ਰਿਤੁ ਧਾਰਤਿ।'
ਸੁਨਿ ਕੈ ਰਾਹਕ ਹੇਰਹਿਂ ਤਬੈ।
ਬੰਦਤਿ ਹਾਥ ਬੰਦਿ ਕਰਿ ਸਭੈ ॥੧੩॥
'ਧੰਨ ਧੰਨ ਗੁਰ ਬਿਰਦ ਤੁਮਾਰਾ।
ਸਿੱਖ ਸਹਾਇਕ ਸ਼ੱਤ੍ਰੂ ਮਾਰਾ।
ਇਹ ਕੁਛ ਨਈ ਬਾਤ ਹੈਂ ਨਹੀਂ।
ਰੱਛਹੁ ਸੇਵਕ ਜਗ ਜਹਿਂ ਕਹੀਂ' ॥੧੪॥
ਇਮ ਸਤਿਗੁਰ ਸੋਂ ਮਿਲਿ ਹਰਖਾਏ।
ਨਮੋ ਠਾਨਿ ਡੇਰੇ ਨਿਜ ਆਏਂ।
ਅਪਨੋ ਗ੍ਰਾਮ ਬਸਾਵਨ ਕੀਨਾ।

[1]ਲੋਹੇ ਦਾ ਭਾਰੀ ਟੋਟਾ, ਜਿਸ ਉਤੇ ਲੁਹਾਰ ਲੋਹਾ ਰੱਖ ਕੇ ਕੁਟ ਕੇ ਚੀਜ਼ਾਂ ਘੜਦਾ ਹੈ।
[2]ਨੋਕ।

ਗੁਰ ਸੇਵਾ ਕੇ ਰਹੇ ਅਧੀਨਾ ॥੧੫॥
ਕੇਤਿਕ ਸਮੋ ਬਿਤਾਯੋ ਜਬੈ।
ਸਾਕ ਸੁਤਾ ਸੁਤ ਕੇ ਚਹਿਂ ਤਬੈ।
ਨਹਿਂ ਤਿਸ ਦੇਸ਼ ਕਰਹਿਂ ਇਨ ਸਾਥ।
ਲਖਹਿਂ ਬਿਦੇਸ਼ੀ ਕੁਲ ਕੀ ਗਾਥ ॥੧੬॥
'ਅਹੈਂ ਕੌਨ? ਕਿਤ ਤੇ ਇਹ ਆਏ।'
ਲੇਤਿ ਨ ਦੇਤਿ ਨ, ਸਾਕ ਹਟਾਏ[1]।
ਮਿਲਿ ਸਭਿਹਿਨਿ ਗੁਰ ਨਿਕਟਿ ਬਖਾਨੀ।
'ਮਿਲਤਿ ਨ ਹਮ ਸੋਂ ਰਾਹਕ ਮਾਨੀ[2] ॥੧੭॥
ਗ੍ਰਿਹਸਤੀ ਕੋ ਇਮ ਨਹਿਂ ਬਨਿ ਆਵੈ।
ਬਿਨ ਸਰਬੰਧ ਕਰੇ ਕਿਮ ਭਾਵੈ।
ਭਏ ਸੁਤਾ ਸੁਤ ਬੈਸ ਬਡੇਰੇ।
ਬਿਨਾਂ ਬਜਾਹ ਤੇ ਹਮ ਤਿਨ ਹੇਰੇਂ ॥੧੮॥
ਇਹ ਚਿੰਤਾ ਨਿਤ ਉਪਜੀ ਰਹੇ।
ਸ਼ਰਨ ਪਰੇ ਰਾਵਰ ਕੀ' ਕਹੇਂ।
ਸ੍ਰੀ ਹਰਿਰਾਇ ਕ੍ਰਿਪਾਲੁ ਸੁਭਾਇ।
ਭਾਖਜੋ 'ਇਹ ਭੀ ਸਿਧ ਹੁਇ ਜਾਇ' ॥੧੯॥
ਗੁਰ ਢਿਗ ਅਪਰ ਗ੍ਰਾਮ ਕੇ ਆਵੈਂ।
ਬਨਹਿਂ ਸਿੱਖ ਅਰੁ ਭੇਟ ਚਢਾਵੈਂ।
ਤਿਨ ਕੇ ਸੰਗ ਉਚਾਰਹਿਂ ਵਾਕ।
'ਲਿਹੁ ਅਰੁ ਦਿਹੁ ਮਰ੍ਹਾਜ ਕੇ ਸਾਕ ॥੨੦॥
ਇਨ ਕੀ ਕੁਲ ਆਛੀ ਪਹਿਚਾਨਹੁ।
ਨਿਜ ਮਨ ਮਹਿਂ ਨਹਿਂ ਸੰਸਾ ਠਾਨਹੁ।'
ਗੁਰ ਕੋ ਕਹਜੋ ਸੀਸ ਪਰ ਧਾਰਾ।
ਉੱਤਮ ਤਿਨ ਕੋ ਬੰਸ ਬਿਚਾਰਾ ॥੨੧॥
ਕਰਤਿ ਭਏ ਅਪਨੇ ਸਨਬੰਧ।
ਸਕਲ ਦੇਸ਼ ਬਾਸੀ ਕਿਯ ਸੰਧਿ।
ਸੁਤ ਅਰੁ ਸੁਤਾ ਬਜਾਹੁ ਸਭਿ ਲੀਨੇ।
ਇਕ ਸਮ ਹੁਇ ਕਰਿ[3] ਬਾਸਾ ਕੀਨੇ ॥੨੨॥

---
[1]ਵਰਜ ਰੱਖੇ, ਭਾਵ ਸਾਕ ਨਾਤੇ ਨਾ ਕਰਨ।
[2]ਹੰਕਾਰੀ।
[3]ਭਾਵ ਬਰਾਬਰ ਦੇ ਸੰਬੰਧੀ ਹੋਕੇ।

ਗੁਰ ਕਰੁਨਾ ਤੇ ਚਹਿਤ[1] ਸੁ ਪਾਯੋ।
ਕੁਲ ਮਰ੍ਹਾਜ ਕੋ ਬਾਸ ਕਰਾਯੋ। {ਵਿਸ਼ੇਸ਼ ਟੂਕ}
ਬਖਸ਼ਿਸ਼ ਜਥਾ ਬਿਸਾਲੀ ਦੀਨਿ।
ਸੋ ਅਬਿ ਕਥਾ ਸੁਨਹੁ ਸ਼ੁਭ ਚੀਨ ॥੨੩॥
ਦੋਹਰਾ: ਲੋਹੀਆ[2] ਦੂਸਰ ਸੰਦਲੀ[1] ਬਾਲ ਅਵਸਥਾ ਮਾਂਹਿ।
ਕਾਲੇ ਕੇਰ ਭਤੀਜ ਦ੍ਵੈ ਪਿਤਾ ਮਾਤ ਮ੍ਰਿਤੁ ਤਾਂਹਿ ॥੨੪॥
ਚੌਪਈ: ਅਲਪ ਬੈਸ ਮਰਿਂ ਦੋਨਹੁਂ ਰਹੇ।
ਮਾਤਾ ਪਿਤਾ ਮ੍ਰਿਤੂ ਪਦ ਲਹੇ।
ਕਾਲੇ ਤਬਿ ਹਿਤ ਕਰਿ ਪ੍ਰਤਿਪਾਰੇ।
ਨਿਜ ਪੁੱਤ੍ਰਨਿ ਸਮ ਤਿਨਹੁਂ ਨਿਹਾਰੇ ॥੨੫॥
ਇਕ ਦਿਨ ਦੋਨਹੁਂ ਕੋ ਲੇ ਸੰਗ।
ਇਕ ਉਠਾਇ ਲਿਯ ਅੰਕ[3] ਉਤੰਗ।
ਦੁਤੀਏ ਕੋ ਅੰਗੁਰੀ ਗਹਿਵਾਈ।
ਆਵਤਿ ਭਾ ਸਮੀਪ ਸੁਖਦਾਈ[4] ॥੨੬॥
ਮਗ ਮਹਿਂ ਭਲੇ ਸਿਖਾਵਨਿ ਕਰੇ।
ਬੰਦਨ ਠਾਨਿ ਭਏ ਤਬਿ ਖਰੇ।
ਦੋਨੋ ਬਾਲਿਕ ਥਿਤਿ ਤਿਸ ਕਾਲਾ।
ਪੇਟ ਬਜਾਵਤਿ ਹਾਥ ਉਤਾਲਾ[5] ॥੨੭॥
ਦੇਖਿ ਕ੍ਰਿਪਾਲ ਤਿਨਹੁਂ ਕੀ ਢਾਲ।
ਬੂਝਯੋ ਕਾਲੇ ਕੋ ਸੁ ਹਵਾਲ।
'ਇਹ ਬਾਲਿਕ ਦੋਨਹੁਂ ਕਯਾ ਕਰਿਹੀਂ?
ਹਾਥਿ ਪ੍ਰਹਾਰ ਉਦਰ ਪਰ ਧਰਿਹੀਂ' ॥੨੮॥
ਕਰ ਜੋਰਤਿ ਕਾਲੇ, ਬਚ ਭਾਖੇ।
'ਮਾਤਾ ਪਿਤਾ ਹੀਨ ਮੈਂ ਰਾਖੇ[6]।
ਕ੍ਰਿਪਾ ਆਪ ਕੀ ਤੇ ਪ੍ਰਤਿਪਾਰੇ।
ਅਬਿ ਇਹ ਪਹੁੰਚੇ ਨਿਕਟਿ ਤੁਮ੍ਹਾਰੇ ॥੨੯॥
ਛੁਧਤਿ ਰਹਤਿ ਇਹ ਉਦਰ ਬਜਾਵੈਂ।

---

[1]ਜੋ ਚਾਹੁੰਦੇਸੀ।
[2]ਨਾਮ।
[3]ਗੋਦੀ।
[4]ਭਾਵ ਗੁਰੂ ਜੀ ਪਾਸ।
[5]ਹੱਥਾਂ ਨਾਲ ਛੇਤੀ ਛੇਤੀ।
[6]ਮਾਂ ਪਿਉ ਮਰਿੱਟਰ ਹਨ ਮੈਂ ਪਾਸ ਰੱਖੇ ਹਨ।

ਕਹਿਨਿ ਸ਼ਕਤਿ ਨਹਿਂ, ਏਵ ਜਨਾਵੈਂ।
ਆਪ ਗ਼ਰੀਬ ਨਿਵਾਜ ਮਹਾਨੇ।
ਬਾਲ ਅਨਾਥ ਗਰੀਬ ਨਿਮਾਨੇ' ॥੩੦॥
ਸੁਨਿ ਕੈ ਸ਼੍ਰੀ ਹਰਿਰਾਇ ਬਖਾਨਾ।
'ਇਹ ਮਹਾਨ ਤੇ ਬਨਹਿਂ ਮਹਾਨਾ।
ਜੋ ਤੈਂ ਊਪਰ ਰਖ੍ਯੋ ਉਠਾਇ।
ਇਸ ਕੋ ਬੰਸ ਬਧਹਿ ਅਧਿਕਾਇ ॥੩੧॥
ਮਹਿਪਾਲਕ ਬਡ ਸੈਨ ਸਮੇਤਾ।
ਸਕਲ ਪਦਾਰਥ ਹੋਹਿਂ ਨਿਕੇਤਾ।
ਜਮਨਾ ਮਹਿਂ ਜਲ ਪਾਨ ਕਰਾਵੈ[1]।
ਚਢਿ ਤੁਰੰਗ ਨਿਜ ਓਜ ਜਨਾਵੈ ॥੩੨॥
ਬਹੁ ਪੁਸ਼ਤਨਿ ਲੌਂ ਰਾਜ ਕਮਾਵਹਿ।
ਗੁਰ ਸੇਵਕ ਬਨ ਜਗਤ ਸੁਹਾਵਹਿ।
ਨੀਚੇ ਬਾਲਿਕ ਜੋ ਅਬਿ ਖਰੋ।
ਇਸ ਕੋ ਬੰਸ ਹੋਹਿ ਜਗ ਖਰੋ ॥੩੩॥
ਰਾਜ ਸਹਿਤ ਚੌਧਰਤਾ ਕਰੇ।
ਨਾਮ ਚੌਧਰੀ ਸਭਿ ਮਹਿਂ ਪਰੇ।'
ਬਰ ਕੇ ਸਹਿਤ ਗੁਰੂ ਕੇ ਬੈਨ।
ਸੁਨਿ ਕਾਲਾ ਪਰਫੁੱਲਜਤਿ ਨੈਨ ॥੩੪॥
ਕਰ ਬੰਦਨ ਅਪਨੇ ਘਰ ਗਯੋ।
ਸੰਗ ਭਾਰਜਾ ਬੋਲਤਿ ਭਯੋ।
'ਸ਼੍ਰੀ ਸਤਿਗੁਰ ਹਰਿਰਾਇ ਕ੍ਰਿਪਾਲਾ।
ਆਜ ਬਾਕ ਕਹਿ ਕਰੇ ਨਿਹਾਲਾ ॥੩੫॥
ਜੁਗਮ ਭਤੀਜੇ ਲੇ ਦਿਖਰਾਏ।
-ਇਨ ਕੁਲ ਹੁਇ ਮਹਿਪਾਲ- ਬਤਾਏ।
-ਜਮਨਾ ਜਲ ਅਸੁ ਪਾਨ ਕਰਾਏ।
ਰਾਜ ਚੌਧ੍ਰਤਾ ਦੀਰਘ ਪਾਏਂ-' ॥੩੬॥
ਸੁਨਤਿ ਕੋਪ ਕਰਿ ਬੋਲੀ ਦਾਰਾ।
'ਏ ਨ੍ਰਿਪ ਹੁਇਂ ਸੁਨਿ ਤੈਂ ਮੁਦ ਧਾਰਾ।
ਮੋਰ ਪੇਟ ਤੇ ਜਨਮੇ ਜੇਈ।
ਪ੍ਰਜਾ ਇਨਹੁਂ ਕੀ ਬਨਿਹਹਿਂ ਸੇਈ ॥੩੭॥

[1](ਘੋੜਿਆਂ ਨੂੰ) ਜਮਨਾ ਵਿਚ ਜਲ ਪਿਵਾਵੇਗਾ ਭਾਵ ਜਮਨਾ ਤਕ ਰਾਜ ਹੋਵੇਗਾ।

ਕਰਿ ਖੇਤੀ ਹਾਲਾ[1] ਸੋ ਭਰੈਂ।
ਹੁਕਮ ਇਨਹੁਂ ਪਰ ਇਹ ਤਬਿ ਕਰੈਂ।
ਬਿਨ ਸਮੁਝੇ ਬਰ ਲੇ ਕਰਿ ਆਯੋ।
ਕਹਾਂ ਜਾਨਿ ਏਤੋ ਹਰਖਾਯੋ?' ॥੩੮॥
ਸੁਨਿ ਕਾਲੇ, ਦਾਰਾ ਪ੍ਰਤਿ ਕਹ੍ਯੋ।
'ਭਾਗ ਇਨਹੁਂ ਕੇ ਗੁਰ ਬਚ ਲਹ੍ਯੋ।
ਮਸਲਤ ਕਰਿ ਹਉਂ[2] ਗਯੋ ਨ ਕੋਈ।
ਔਚਕ ਬਾਕ ਗੁਰੂ ਕਿਯ ਸੋਈ ॥੩੯॥
ਅਬਿ ਉਪਾਵ ਕਹੁ ਕਿਮ ਬਨਿ ਆਇ।
ਤੇਰੇ ਪੁੱਤ੍ਰ ਰਾਜ ਜਿਮ ਪਾਇਂ।
ਸੋ ਬਿਧਿ ਕਰਹਿਂ ਗੁਰੂ ਢਿਗ ਜੈ ਕੈ।
ਜਿਸ ਤੇ ਦੈਂ ਬਰ ਉਰ ਹਰਖੈ ਕੈ' ॥੪੦॥
ਸੁਨਿ ਤ੍ਰਿਯ ਕਹ੍ਯੋ 'ਜਥਾ ਇਹ ਗਏ।
ਜਿਸ ਕ੍ਰਿਤ ਕੋ ਕਰਿ ਬਰ ਕੋ ਲਏ।
ਤਿਸ ਬਿਧਿ ਨਿਜ ਸੁਤ ਤੇ ਕਰਿਵਾਵਹੁ।
ਮਨਭਾਵਤਿ ਗੁਰ ਤੇ ਬਰ ਪਾਵਹੁ' ॥੪੧॥
ਕਹੇ ਭਾਰਜਾ ਕੇ ਲੈ ਨੰਦਨ।
ਗਯੋ ਗੁਰੂ ਢਿਗ ਕੀਨਸਿ ਬੰਦਨ।
ਸਿੱਖ੍ਯਾ ਦੇਤਿ ਉਦਰ ਬਜਵਾਏ।
ਖਰੇ ਸਮੁਖ ਕਰਿ ਗੁਰਹਿਂ ਦਿਖਾਏ ॥੪੨॥
ਸ੍ਰੀ ਹਰਿਰਾਇ ਹੇਰਿ ਮੁਸਕਾਇ।
ਤਿਨ ਆਸੈ ਲਖਿ ਬਾਕ ਅਲਾਇ।
'ਭੋ ਕਾਲੇ! ਇਹ ਬਾਲਿਕ ਔਰ।
ਕ੍ਯਾ ਅਬਿ ਕਰਤਿ ਖਰੇ ਇਸ ਠੌਰ?' ॥੪੩॥
ਬਿਨਤੀ ਬੋਲ੍ਯੋ ਜੋਰਤਿ ਕਰ ਕੋ।
'ਇਨ ਕੀ ਮਾਤ ਸੁਨ੍ਯੋ ਤੁਮ ਬਰ ਕੋ।
-ਭਏ ਭਤੀਜਨਿ ਕੁਲ[3] ਮਹਿਪਾਲਾ।
ਮਮ ਸੁਤ ਭਰਹਿਂ ਤਿਨਹੁਂ ਕੋ ਹਾਲਾ ॥੪੪॥
ਹੋਇ ਪ੍ਰਜਾ ਇਮ ਬਸਹਿਂ ਦੁਖਾਰੇ।

---

[1]ਮਾਮਲਾ।
[2]ਮੈਂ।
[3]ਭਤੀਜਿਆਂ ਦੀ ਕੁਲ।

ਹੁਕਮ ਸ਼ਰੀਕਨਿ ਸਦਾ ਸਹਾਰੇਂ।
ਦੰਡ ਕੈਦ ਆਦਿਕ ਜੇ ਹੋਇ।
ਇਨ ਪਰ ਬਲ ਤੇ ਕਰਿ ਹੈਂ ਸੋਇ- ॥੪੫॥
ਸੁਨਤਿ ਰਿਦੇ ਮੈਂ ਨੀਕ ਬਿਚਾਰੀ।
ਲੇ ਕਰਿ ਪਹੁੰਚਯੋ ਆਪ ਅਗਾਰੀ।'
ਸ੍ਰੀ ਹਰਿਰਾਇ ਕਹਯੋ ਤਬਿ ਐਸੇ।
'ਸੋ ਮਹਿਪਾਲ ਬਨਯੋ ਬਰ ਜੈਸੇ ॥੪੬॥
ਇਹ ਭੀ ਅਪਨੀ ਬਾਹੀ ਕਰੈਂ।
ਖਾਇ ਆਪ ਨਹਿਂ ਹਾਲਾ ਭਰੈਂ।
ਜੇ ਇਨ ਕੋ ਦੁਖ ਦੈ ਹੈਂ ਸੋਇ।
ਬਿਘਨ ਦੁਖਦ ਤਬਿ ਪ੍ਰਾਪਤਿ ਹੋਇ' ॥੪੭॥
ਸੁਨਿ ਬਰ ਕੋ ਲੇ ਕਾਲਾ ਗਯੋ।
ਨਿਜ ਦਾਰਾ ਸੰਗ ਭਾਖਤਿ ਭਯੋ।
'ਇਸ ਪ੍ਰਕਾਰ ਸਤਿਗੁਰ ਬਰ ਦੀਨਿ।
ਤਊ ਪ੍ਰਥਮ ਤੇ ਸ਼ੁਭ ਹੀ ਚੀਨ' ॥੪੮॥
ਇਮ ਬਰ ਦੀਨਿ ਗੁਰੂ ਹਰਿਰਾਇ।
ਨਿਜ ਸੇਵਕ ਕੀਨੇ ਨਰ ਰਾਇ।
ਸੇਵਾ ਅਧਿਕ ਸੁ ਰਾਹਕ ਕਰੈ।
ਤਨ ਮਨ ਕਰਿ ਸਤਿਗੁਰ ਅਨੁਸਰੈ ॥੪੯॥
ਤਿਨ ਕੀ[1] ਕੁਲ ਪਟਿਆਲੇ ਵਾਲੇ।
ਕਰਤਿ ਰਾਜ ਕੋ ਦੇਸ਼ ਬਿਸਾਲੇ।
ਦੂਸਰ ਨਾਭੇ ਪੁਰਿ ਸੁਖ ਧਰੈਂ।
ਰਾਜ ਸਹਤ ਚੌਧਰਤਾ ਕਰੈਂ ॥੫੦॥
ਕਾਲੇ ਸੁਤਨਿ ਬੰਸ[*] ਜੋ ਅਹੈ।
ਅਬ੍ਹਿ ਲੌ ਤਿਸੀ ਦੇਸ਼ ਮਹਿਂ ਰਹੈ।
ਆਪੇ ਬੀਜ ਆਪ ਹੀ ਖਾਵੈਂ।
ਹਾਲਾ ਲੇਨਿ ਨਹੀਂ ਕੋ ਜਾਵੈ ॥੫੧॥
ਸ੍ਰੀ ਸਤਿਗੁਰ ਕੇ ਬਰ ਅਬਿਨਾਸ਼ੀ।
ਅਬਿ ਲੌ ਰਾਜੇ ਹੈਂ ਧਨ ਰਾਸੀ।
ਬਿਦਤ ਜਗਤ ਮਹਿਂ ਦੋਨਹੁਂ ਘਰ ਹੈਂ।

---

[1]ਭਾਵ ਭਤੀਜਿਆਂ ਦੀ।
[*]ਪਾ:-ਅੰਸ।

ਦੀਰਘ ਦੇਸ਼ ਹੁਕਮ ਕੋ ਕਰਿ ਹੈਂ ॥੫੨॥
ਇਮ ਸਤਿਗੁਰ ਕਛੁ ਦਿਵਸ ਬਿਤਾਏ।
ਜੰਗਲ ਦੇਸ਼ ਬਿਖੇ ਸੁਖ ਪਾਏ।
ਨਿਜ ਦਾਸਨਿ ਕੋ ਕਰਤਿ ਨਿਹਾਲ।
ਜੁਗ ਲੋਕਨਿ ਦੇ ਅਨੰਦ ਬਿਸਾਲ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਜੰਗਲ ਦੇਸ਼' ਪ੍ਰਸੰਗ ਬਰਨਨੰ ਨਾਮ ਨਵਮੋ। ਅੰਸੂ ॥੯॥

{ਵਿਸ਼ੇਸ਼ ਟੂਕ} ਤਵਾ: ਖਾ: ਦੇ ਕਰਤਾ ਜੀ ਨੇ ਇਥੋਂ ਤੱਕ ਦਾ ਪਹਿਲਾਂ ਮਰ੍ਹਾਜ ਕਿਆਂ ਦਾ ਪ੍ਰਸੰਗ ਛੇਵੇਂ ਗੁਰਾਂ ਦੇ ਸਮੇਂ ਹੋਇਆ ਲਿਖਿਆ ਹੈ ਤੇ ਅਗਲਾ ਫੂਲਕਿਆਂ ਨੂੰ ਵਰਦਾਨ ਸਤਵੇਂ ਪਾਤਸ਼ਾਹ ਵੇਲੇ ਹੀ ਲਿਖਿਆ ਹੈ ਤੇ ਆਪਣੀ ਖੋਜ ਇਹ ਦਿਤੀ ਹੈ:- "ਜੱਦਪਿ ਸੂਰਜ ਪ੍ਰਕਾਸ਼ ਵਿਚ ਇਹ ਪ੍ਰਸੰਗ ਗੁਰੂ ਹਰਿਰਾਇ ਜੀ ਦੇ ਨਾਲ ਹੋਇਆ ਲਿਖਿਆ ਹੈ ਜਿਸ ਕਰਕੇ ਮੈਂ ਭੀ ਪੰਥ ਪ੍ਰਕਾਸ਼ ਵਿਚ ਉਸੇ ਤਰ੍ਹਾਂ ਲਿਖ ਦਿਤਾ ਸੀ, ਪਰੰਤੂ ਹੁਣ ਜਦ ਉਥੇ ਜਾਕੇ ਨਿਰਨੈ ਕੀਤਾ ਤਾ ਮਰ੍ਹਾਜ ਦੀ ਮੋਹੜੀ ਗੱਡਣ ਸਮੇਂ ਜਿਸ ਸਾਹੂਕਾਰ ਤੋਂ ਗੁੜ ਲੈ ਕੇ ਵੰਡਿਆ ਸੀ ਉਹਨਾਂ ਦੀ ਵਹੀ ਵਿਚ ਚੇਤ ਸੁਦੀ ੫ ਸੰ: ੧੬੯੪ ਬਿ: ਲਿਖਿਆ ਹੋਇਆ ਹੈ, ਇਹੋ ਸੰਮਤ ਤ੍ਵਾਰੀਖ ਪਟਿਆਲੇ ਵਿਚ ਹੈ। ਓਸ ਸਮੇਂ ਛੀਵੇਂ ਗੁਰੂ ਜੀ ਦਾ ਮਾਲਵੇ ਜਾਣਾ ਸਹੀ ਹੈ, ਸੱਤਵੇਂ ਗੁਰੂ ਪੈਦਾ ਭੀ ਨਹੀਂ ਹੋਏ ਸੇ। ਇਸੇ ਪ੍ਰਕਾਰ ਭਾਈ ਰੁਪੇ ਦੀ ਕਥਾ ਸੰਤੋਖ ਸਿੰਘ ਜੀ ਨੇ ਲਿਖੀ ਹੈ। ਜਿਹੜੇ ਸਾਲ ਰੁਪੇ ਦਾ ਬਾਪ ਦਾ ਵਿਆਹ ਹੋਇਆ ਸੀ ਉਸੇ ਸਮੇਂ ਰੁਪੇ ਦਾ ਜਵਾਨ ਹੋਕੇ ਲੱਕੜੀਆਂ ਕੱਟਣ ਜਾਣਾ, ਵਿਆਹ ਹੋਇਆ, ਪਿੰਡ ਬੰਨਣਾ ਲਿਖਿਆ ਹੈ। ਰੂਪੇ ਦੀ ਸੰਤਾਨ ਦੇ ਲੋਕ ਆਖਦੇ ਹਨ ਕਿ ਰੂਪ ਚੰਦ ਦੇ ਪੋਤਰੇ ਭਾਈ ਦਿਆਲੇ ਦੇ ਵਸਾਏ ਹੋਏ ਦਿਆਲ ਪੁਰੇ ਪਿੰਡ ਬਿਧੀਚੰਦ ਘੋੜਾ ਲੈਕੇ ਗੁਰੂ ਜੀ ਪਾਸ ਆਇਆ ਸੀ। ਸੰਤੋਖ ਸਿੰਘ ਜੀ ਨੇ ਤਾਂ ਇਕੋ ਸਾਲ ਵਿਚ ਪੁੱਤਰ ਪੋਤਰੇ ਹੋਏ ਲਿਖੇ ਹਨ, ਉਹਨਾਂ ਪੜੋਤਰੇ ਬੀ ਜਣਾ ਦਿਤੇ ਹਨ।"

ਤਵਾ: ਖਾ: ਹਿ: ੧ ਨੰ: ੨ ਪੰਨਾ ੯੫੮

ਤਵਾ: ਖਾ: ਦੇ ਕਰਤਾ ਜੀ ਨੇ ਇਸ ਮਾਮਲੇ ਵਿਚ ਆਏ ਨਾਮ ਬੀ ਇਸ ਪ੍ਰਕਾਰ ਦਿਤੇ ਹਨ:- ਕੌੜੇ ਕਿਆਂ ਨੂੰ ਭੁੱਲਰ ਲਿਖਿਆ ਹੈ ਤੇ ਲਾਲਾ ਕੌੜਾ ਤੇ ਬਘੇਲਾ ਭੁੱਲਰਾਂ ਦੇ ਚੌਧਰੀ ਦੱਸੇ ਹਨ। ਤੇ ਮਰ੍ਹਾਜ ਕੇ, ਚੌਧਰੀ ਮਰਾਝ ਦੀ ਸੰਤਾਨ ਸਿੱਧੂ ਜੱਟ ਲਿਖੇ ਹਨ। ਮਰ੍ਹਾਜ ਕਿਆਂ ਵਲੋਂ ਗੁਰੂ ਜੀ ਅੱਗੇ ਅਰਜ਼ੋਈ ਕਾਲੇ ਕਰਮ ਚੰਦ ਦੇ ਪਿਤਾ ਮੋਹਣ ਦੀ ਜ਼ਬਾਨੀ ਲਿਖੀ ਹੈ। ਭੁੱਲਰਾਂ ਦੇ ਹੋਰ ਚੌਧਰੀਆਂ ਦੇ ਮੁਖੀਆਂ ਦੇ ਇਹ ਨਾਮ ਬੀ ਦਿਤੇ ਹਨ, ਦਿੱਤੂ, ਦੌਲਾ ਆਦਿ। ਇਹ ਭੁੱਲਰ ਗੋਤ ਦੇ ਜੱਟ, ਕੌੜਿਆਂ ਦੇ ਟੋਕੜੇ, ਮਾੜੀ ਵੱਡੀ, ਛੋਟੀ, ਜੀਉਂਦਾ ਪਿਥਾ, ਕਿਰਾੜ ਵਾਲੇ ਆਦਿ, ਪਿੰਡਾਂ ਵਿਚ ਵਸਦੇ ਦੱਸੇ ਹਨ ਜੋ ਮਰ੍ਹਾਜਕਿਆਂ ਨਾਲ ਕੱਠੇ ਹੋ ਲੜਨ ਆਏ ਸਨ। ਮਰ੍ਹਾਜਕਿਆਂ ਦੇ ਇਹ ਨਾਮ ਦਿਤੇ ਹਨ:-ਮੋਹਣ, ਕਰਮ ਚੰਦ, ਕੁਲ ਚੰਦ, ਕਾਲਾ, ਸਾਉਲ, ਲਖਮਾ, ਹੰਬਲਾ, ਸੋਮਾ, ਸਰਧੂਲ ਆਦਿਕ। ਫਿਰ ਜੈਤ ਪਿਰਾਣੇ ਨੂੰ ਜੈਦ ਪੁਰਾਣਾ ਭੁੱਲਰਾਂ ਦਾ ਜਵਾਈ, ਸਿੱਧੂ

ਜੱਟ, ਭੱਖੜੀ ਪਿੰਡ ਦਾ ਵਸਨੀਕ ਆਪਣੇ ਸਾਕਾਂ ਭੁੱਲਰਾਂ, ਦੇ ਸੱਚੇ ਤੇ ਉਹਨਾਂ ਦੀ ਮਦਦ ਹਿਤ ਆਪਣੇ ਸਿੱਧੂ ਭਾਈਆਂ ਨੂੰ ਮਾਰਨ ਲਈ ਚੜ੍ਹ ਆਇਆ ਲਿਖਿਆ ਹੈ।

## ੧੦. [ਗੌਰਾ ਜਨਮ, ਭਗਤੂ ਦੀ ਨਵੀਂ ਵਿਆਹੁਤਾ ਦਾ ਹਾਲ। ਜੱਸੇ ਦੀ ਬੋਲੀ]

੯<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੧

ਦੋਹਰਾ: ਅਪਰ ਕਥਾ ਸੁਨਿ ਗੁਰਨਿ ਕੀ,
ਜੰਗਲ ਦੇਸ਼ ਮਝਾਰ।
ਭਗਤੂ ਕੇ ਸੁਤ ਦੋ ਭਏ,
ਬੀਰ ਬਲ ਧਾਰਿ[1] ॥੧॥
ਚੌਪਈ: ਜੇਸ਼ਟ ਪੁੱਤ੍ਰ ਗਰਭ ਜਬਿ ਆਯੋ।
ਨੌ ਮਾਸਨਿ ਕੋ ਬਾਸ ਬਿਤਾਯੋ।
ਸਮੈ ਪ੍ਰਸੂਤ ਹੋਨਿ ਕੋ ਭਯੋ।
ਟਿਕਯੋ ਗਰਭ ਮਹਿਂ ਜਨਮ ਨ ਲਿਯੋ ॥੨॥
ਜਨਨੀ ਕੋ ਸੰਕਟ ਬਡ ਹੋਵਾ।
ਕਰੇ ਉਪਾਇ ਨ ਕਯੋਂਹੂੰ ਖੋਵਾ।
ਤਬਿ ਸਗਰੇ ਸਿਖ ਮਿਲਿ ਸਮੁਦਾਏ।
ਪਹੁੰਚੇ ਥਿਰ ਭਗਤੂ ਜਿਸ ਥਾਏਂ ॥੩॥
'ਕਰਾਮਾਤ ਕਾਮਲ ਤੁਮ ਅਹੋ।
ਘਰ ਸੰਕਟ ਕੋ ਕਯੋਂ ਨਹਿਂ ਲਹੇ।
ਸਿੱਖ ਸੈਂਕਰੇ ਤੁਮ ਤੇ ਜਾਚਿ।
ਚਾਹਤਿ ਹੈਂ ਦੁਖ ਤੇ ਨਿਤ ਬਾਚ' ॥੪॥
ਸੁਨਿ ਭਾਈ ਸਭਿ ਭੇਤ ਬਤਾਯੋ।
'ਅੰਤਰ ਅਰਯੋ ਕਸ਼ਟ ਉਪਜਾਯੋ।
ਦੁਹੁਂ ਲੋਕਨਿ ਕੋ ਰਾਜ ਅਨੰਦ।
ਜਾਚਤਿ ਸਾਹਸ[2] ਧਰਯੋ ਬਿਲੰਦ ॥੫॥
ਏਕ ਲੋਕ ਕੋ ਹਮ ਤਿਸ ਦੇਤਿ।
ਭੋਗਹੁ ਰਾਜ ਅਨੰਦ ਨਿਕੇਤ।
ਸਮੁਝਾਯੋ ਸਮੁਝਤਿ ਸੋਂ ਨਾਂਹੀ।
ਨਹਿਂ ਨਿਕਸਤਿ ਥਿਰ ਭਾ ਗ੍ਰਭ ਮਾਂਹੀ' ॥੬॥
ਸੁਨਤਿ ਸਿੱਖ ਮਨ ਮਹਿਂ ਬਿਸਮਾਏ।
ਦੁਖ ਹਤਿਬੇ ਹਿਤ ਬਹੁਤ ਅਲਾਏ।
'ਅੰਤਰ ਬਾਲਕ ਹਠ ਕਰਿ ਰਹਯੋ।

---

[1]ਬਲੀ ਧਾਰੀ ਇਕੋ ਜਿਹੇ ਸੂਰਮੇ।
(ਅ) ਇਕ ਬੜਾ ਬੀਰ ਤੇ ਬਲ ਧਾਰੀ ਸੀ। (ਮੁਰਾਦ ਗੌਰੇ ਤੋਂ ਹੈ)।
[2]ਹਠ।

ਤਊ ਤੁਮਾਰੇ ਘਰ ਦੁਖ ਲਹਯੋ[1] ॥੭॥
ਤਿਸਹਿ ਨਿਵਾਰਨ ਰਿਦੈ ਬਿਚਾਰੋ।
ਕਹਾਂ ਪੁੱਤ੍ਰ ਪਰ ਦ੍ਰਿਸ਼ਟੀ ਧਾਰੋ।
ਤੀਨ ਦਿਵਸ ਬੀਤੇ ਇਕਸਾਰ।
ਹਾਇ ਹਾਇ ਬਹੁ ਕਰਤਿ ਉਚਾਰ ॥੮॥
ਜੇ ਪਰੋਸ[2] ਹੈਂ ਸੁਨਯੋ ਨ ਜਾਈ।
ਨਤੁ ਮਰਿ ਰਹੈ ਕਸ਼ਟ ਕੋ ਪਾਈ।
ਹਮ ਸਿੱਖ ਸਗਰੇ ਕਰਹਿਂ ਅਰਾਧਾ।
ਹੋਇ ਕ੍ਰਿਪਾਲ ਹਤਹੁ ਘਰ ਬਾਧਾ ॥੯॥
ਜਾਵਤ ਬਾਲਿਕ ਜਨਮਹਿਂ ਨਾਂਹੀ।
ਤਾਵਰ ਹਮ ਬੈਠਹਿਂ ਤੁਮ ਪਾਹੀ।
ਉਤ ਬਾਲਿਕ ਨੇ ਜਿਮ ਹਠ ਧਾਰਾ।
ਤਿਮ ਹਮ ਕੋ ਜਾਨਹੁ ਨਿਰਧਾਰਾ' ॥੧੦॥
ਸੁਨਿ ਭਗਤੂ ਤਬਿ ਕੀਨਿ ਬਖਾਨ।
'ਜੇ ਕਰਿ ਸਭਿ ਕੋ ਮਤ ਇਮ ਜਾਨ।
ਦੀਨੋ ਰਾਜ ਲੋਕ ਜੁਗ ਕੇਰਾ।
ਲੇਹੁ ਜਨਮ ਕੋ ਜਗ ਇਸ ਬੇਰਾ' ॥੧੧॥
ਕਰਯੋ ਬਚਨ ਤਬਿ ਜਨਮ ਲਿਯੋ ਹੈ।
ਗੌਰਾ ਨਾਮ ਸੁ ਤਾਂਹਿ ਭਯੋ ਹੈ।
ਦੂਸਰ ਸੁਤ ਜੀਵਨ ਤਿਸ ਨਾਇ।
ਕਰਾਮਾਤ ਕੇ ਸਹਿਤ ਸੁਹਾਇ ॥੧੨॥
ਬਡੇ ਪੁੱਤ੍ਰ ਨੇ ਰਾਜ ਕਮਾਯੋ।
ਨਗਰ ਬਠਿੰਡੇ ਆਦਿਕ ਪਾਯੋ।
ਸੈਨਾ ਸੰਗ ਚਢੈ ਸਮੁਦਾਯਾ।
ਸਭਿ ਮਹਿਂ ਅਪਨੋ ਤੇਜ ਬਧਾਯਾ ॥੧੩॥
ਸੋ ਮਿਲਿਬੇ ਹਿਤ ਕੋ ਚਲਿ ਆਯੋ।
ਜਹਿਂ ਸਤਿਗੁਰ ਦੀਵਾਨ ਲਗਾਯੋ।
ਜਬਿ ਇਨ ਸੁਨਯੋ ਹੁਤੋ ਪਿਤ ਕਾਲ।
ਕਰਿ ਕੈ ਬਜਾਹ ਬਾਕ ਕੇ ਨਾਲ ॥੧੪॥
ਸੋ ਰਾਹਕ ਕੀ ਕੰਨਯਾਂ ਸੁਨਿ ਕੈ।

---

[1]ਆਪ ਦੀ ਇਸਤ੍ਰੀ ਨੂੰ ਦੁਖ ਪ੍ਰਾਪਤ ਹੋ ਰਿਹਾ ਹੈ।
[2]ਪੜੋਸੀ, ਗੁਵਾਂਢੀ।

ਲੱਜਤਿ ਹੋਤਿ ਰਿਦੇ ਬਹੁ ਗੁਨਿ ਕੈ।
ਗਈ ਸਦਨ ਮਹਿਂ ਦਿਯੋ ਬਤਾਇ।
'ਬ੍ਰਿੱਧ ਪੁਰਖ ਇਕ ਮਾਰਗ ਜਾਇ ॥੧੫॥
ਸੋ ਮੁਝ ਸੰਗ ਬਜਾਹ ਕਰਿ ਗਯੋ।
ਤਬਿ ਤੇ ਮੇਰੋ ਮਨ ਥਿਤ ਭਯੋ[1]।
ਅਪਰ ਸੰਗ ਮੁਹਿ ਨਹਿਂ ਪਰਨਾਵਹੁ।
ਜਿਹ ਥਲ ਹੋਹਿ ਤਹਾਂ ਪਹੁੰਚਾਵਹੁ' ॥੧੬॥
ਸੁਨਿ ਤਿਸ ਕੇ ਪਿਤ ਖੋਜਨ ਕੀਨਿ।
'ਕੋ ਕਰਿ ਗਯੋ ਬਤਾਵਹੁ ਚੀਨ।'
ਇਕ ਨਰ ਹੇਰਤਿ ਤਾਂਹਿ ਬਤਾਯੋ।
'ਭਾਈ ਭਗਤੂ ਇਕ ਮਗ ਆਯੋ ॥੧੭॥
ਨਿਸ਼ਚੈ ਕਰਯੋ ਬਚਨ ਕੋ ਬਜਾਹ।
ਕਰਾਮਾਤ ਜੁਤਿ ਬਹੁ ਸਿਖ ਜਾਂਹਿ।'
ਸੁਨਿ ਕੈ ਕੇਤਿਕ ਮਾਸ ਬਿਤਾਏ।
ਰਹਯੋ ਪ੍ਰਤੀਖਤਿ ਬਹੁਰ ਨ ਆਏ ॥੧੮॥
ਸੁਤਾ ਨ ਬਜਾਹ ਅਪਰ ਸੋ ਚਾਹਾ।
ਤਿਮ ਹੀ ਰਹੀ ਸੁ ਹਠ ਉਰ ਮਾਂਹਾ।
ਬਹੁਰ ਸੁਨਯੋ 'ਭਗਤੂ ਮ੍ਰਿਤੁ ਭਯੋ।'
ਬਿਧਵਾ ਭੇਖ ਧਾਰਿ ਤਿਹ ਲਯੋ ॥੧੯॥
ਕਿਸ ਕੀ ਕਹੀ ਨ ਮਾਨੀ ਕੈਸੇ।
ਸਤ ਕੋ ਧਾਰਿ ਰਹੀ ਥਿਤ[2] ਤੈਸੇ।
ਤਿਸ ਕੋ ਪਿਤਾ ਗਯੋ ਤਿਸ ਠੌਰਾ।
ਜਹਾਂ ਸਹਤ ਸੈਨਾ ਥਿਰ ਗੌਰਾ ॥੨੦॥
ਨਿਜ ਤਨੁਜਾ ਕੀ ਬ੍ਰਿਥਾ ਸੁਨਾਈ।
'ਤੁਮ ਚਲਿ ਲੇ ਆਵਹੁ ਘਰ ਮਾਈ।
ਪਿਤ ਕੋ ਬਸਤ੍ਰ ਸੰਗ ਕਰਿ ਬਜਾਹੂ।
ਲੇ ਰਾਖਹੁ ਅਪਨੇ ਘਰ ਮਾਂਹੂ' ॥੨੧॥
ਸੁਨਿ ਗੌਰੇ ਨਿਸ਼ਚੇ ਕਰਿ ਸੋਈ।
ਪਿਤ ਕਰ ਲਈ ਲਸ਼ਟਕਾ ਜੋਈ।
ਕੇਤਿਕ ਨਰ ਲੇ ਗਯੋ ਨਿਸ਼ੰਗ।

---
[1]ਭਾਵ, ਮਨ ਦੀ ਇਕਾਗ੍ਰਤਾ ਪ੍ਰਾਪਤ ਹੋਈ ਹੈ।
[2]ਦ੍ਰਿੜ੍ਹ।

ਫੇਰੇ ਦਏ ਲਸ਼ਟਕਾ ਸੰਗ ॥੨੨॥
ਡੋਰੇ ਮਹਿਂ ਚਢਾਇ ਕਰ ਆਨੀ।
ਰਾਖੀ ਸਦਨ ਮਾਤ ਕਰਿ ਮਾਨੀ।
ਸੋ ਗੌਰਾ ਦਰਸ਼ਨ ਕੋ ਆਯੋ।
ਕਿਤਿਕ ਬਰਾਰ ਸੰਗ ਨਿਜ ਲਯਾਯੋ ॥੨੩॥
ਸ਼੍ਰੀ ਹਰਿਰਾਇ ਦਰਸ ਕੀ ਚਾਹੂ।
ਉਤਰਿ ਤੁਰੰਗ ਗਯੋ ਪੁਨ ਪਾਹੂ।
ਧਰੀ ਉਪਾਇਨ ਧਨ ਤੇ ਆਦਿ।
ਹਯ ਦੀਨਸ ਜਿਸ ਚਢਿ ਅਹਿਲਾਦ ॥੨੪॥
ਕਰਿ ਬੰਦਨ ਗੁਰ ਪਦ ਅਰਬਿੰਦ।
ਬੈਠਯੋ ਸਭਾ ਸੰਗ ਨਰ ਬ੍ਰਿੰਦ।
ਕੁਸ਼ਲ ਪ੍ਰਸ਼ਨ ਸਤਿਗੁਰ ਸਭਿ ਕਰੇ।
'ਸਰਬ ਅਨੰਦ ਕ੍ਰਿਪਾ ਤੁਮ ਧਰੇ' ॥੨੫॥
ਇਕ ਜੱਸਾ ਕਰ ਮਹਿਂ ਜਿਸ ਚੌਰ।
ਕਰਤਿ ਹੁਤੋ ਗੁਰ ਪਰ ਤਿਸ ਠੌਰ।
ਸੁੰਦਰ ਜਿਹ ਸਰੂਪ ਸਰਬੰਗ।
ਮਨਹੁਂ ਲੀਨ ਅਵਤਾਰ ਅਨੰਗ[1] ॥੨੬॥
ਕ੍ਰਿਪਾ ਕਰਹਿਂ ਨਿਤ ਰਾਖਿ ਹਜ਼ੂਰੀ।
ਸੇਵਤਿ ਸਭਿ ਬਿਧਿ ਸੂਰਤ ਰੂਰੀ[2]।
ਹਾਸ ਕਰਤਿ ਬੋਲਯੋ ਇਸ ਭਾਇ।
'ਭਾਈ ਭਗਤੁ[*] ਪ੍ਰਲੋਕ ਸਿਧਾਇ ॥੨੭॥
ਪੀਛੇ ਰਹੀ ਤ੍ਰਿਯਾ ਤਿਸ ਤਰੁਨੀ।
ਸੁੰਦਰ ਸੁਨੀ ਸੁ ਚੰਪਕ ਬਰਨੀ।
ਸੋ ਦੀਜੈ ਮੈਂ ਕਰਿ ਹੌਂ ਦਾਰਾ।
ਉਪਜੈ ਹੌਂ ਸੰਤਤਿ ਸੁ ਕੁਮਾਰਾ ॥੨੮॥
ਸ਼੍ਰੀ ਸਤਿਗੁਰ ਸਿਖ ਭਗਤੁ ਜੈਸਾ।
ਮੋ ਕਹੁ ਭੀ ਜਾਨਹੁ ਤੁਮ ਤੈਸਾ।
ਯਾਂ ਤੇ ਭ੍ਰਾਤਾ ਹੋਯਹੁ ਮੇਰੋ।
ਦੋਸ਼ ਨ ਲਗਹਿ ਭਲੀ ਬਿਧਿ ਹੇਰੋ ॥੨੯॥

[1] ਕਾਮਦੇਵ ਨੇ।
[2] ਸੁੰਦਰ।
[*] ਪਾ:-ਭਗਤੂ।

ਨਾਂਹਿ ਤ ਨਿਸ਼ਫਲ ਬੈਠੀ ਰਹੈ।
ਤੁਮਰੇ ਕਿਸੂ ਕਾਜ ਨਹਿਂ ਅਹੈ।'
ਸੁਨਿ ਗੌਰੇ ਉਰ ਕ੍ਰੋਧ ਉਪਾਯੋ।
ਲਾਲ ਬਦਨ ਲੋਚਨ ਹੁਇ ਆਯੋ ॥੩੦॥
ਫਰਕਤਿ ਅਧਰ ਨ ਬਸ ਕੁਛ ਚਲੈ।
-ਕਹਿਬੇ ਕੋ ਫਲ ਕਿਮ ਇਸ ਮਿਲੈ-।
ਚਹਤਿ ਖੜਗ ਕੋ ਕਰਜੋ ਪ੍ਰਹਾਰ।
ਤਊ ਆਪਨੀ ਰਿਸ ਕੋ ਮਾਰਿ ॥੩੧॥
ਗੁਰ ਤੇ ਡਰਤਿ ਬਿਲੋਕਤਿ ਰਹਜੋ।
ਪ੍ਰਤਿ ਉੱਤਰ ਕਜੋਂਹੂੰ ਨਹਿਂ ਕਹਜੋ।
ਕਿਤਿਕ ਦੇਰ ਲੌ ਬੈਠਜੋ ਤੀਰ।
ਕਰਿ ਬੰਦਨ ਗਮਨਜੋ ਪੁਨ ਬੀਰ ॥੩੨॥
ਲਗੀ ਤੀਰ ਸੀ ਬਾਨੀ ਕਹੀ।
ਬਾਧਾ ਅਧਿਕ, ਘਾਵ ਕਿਯ ਨਹੀਂ[1]।
ਕ੍ਰੋਧ ਸਚਿੰਤ ਬਿਸਾਲ ਕਰਾਲਾ।
-ਹਤੌਂ ਹੋਇ ਗੁਰ ਤੇ ਸੁ ਨਿਰਾਲਾ- ॥੩੩॥
ਸ਼ਸਤ੍ਰ ਘਾਵ[2] ਮਿਲਿ ਕੈ ਮਿਟਿ ਜਾਹਿ।
ਬਚਨ ਘਾਵ ਕਰਕਤਿ ਉਰ ਮਾਂਹਿ।
ਅਦਬ ਕਰਨ ਕੋ ਹੁਤੋ ਸਥਾਨ।
ਤਊ ਕੁਬਚਨੀ ਪੀਰ[3] ਮਹਾਨ ॥੩੪॥
ਬਹੁਰ ਬੀਰ ਬਡ ਆਯੁਧ ਧਾਰੀ।
ਬੀਚ ਸਭਾ ਕਿਮ ਸਕਹਿ ਸਹਾਰੀ।
ਸੁਨਜੋ ਸ਼੍ਰਵਨ ਮਹਿਂ, ਫੋਰਜੋ ਰਿਦਾ।
ਜਿਮ ਨਟਸਾਲ[4], ਕਰਕ ਬਹੁ ਤਦਾ ॥੩੫॥
ਡੇਰੇ ਆਇ ਸੁ ਉਤਰਜੋ ਗੌਰਾ।
ਅਪਨੇ ਸਿੱਖ ਕਰੇ ਇਕ ਠੌਰਾ।
ਸਭਿਨਿ ਸੁਨਾਵਤਿ ਬਾਕ ਬਖਾਨਾ।
'ਤੁਮ ਹੋ ਹਮਰੇ ਹਿਤੂ ਮਹਾਨਾ ॥੩੬॥

---

[1]ਭਾਵ ਤੀਰ ਜ਼ਖਮ ਲਾਉਂਦਾ ਹੈ ਮਾਸ ਵਿਚ, ਬਾਣੀ ਚੁਭੀ ਹੈ ਤੀਰ ਵਾਂਙ, ਜ਼ਖਮ ਮਾਸ ਵਿੱਚ ਨਹੀਂ ਲੱਗਾ ਪਰ ਪੀੜ ਕਰੜੀ ਹੋਈ ਹੈ (ਅ) ਗੌਰੇ ਨੂੰ ਪੀੜ ਬੜੀ ਹੋਈ (ਪਰ ਉਸ ਨੇ) ਜੱਸੇ ਤੇ ਵਾਰ ਨਹੀਂ ਕੀਤਾ।

[2]ਜ਼ਖਮ।

[3]ਖੋਟੇ ਬਚਨ ਦੀ ਪੀੜ।

[4]ਠੰਡਾ, ਬਰਛੀ, ਤੀਰ ਦੀ 'ਨੋਕ' ਜੋ ਜ਼ਖਮ ਵਿਚ ਟੁੱਟ ਕੇ ਰਹਿ ਜਾਵੇ। ਸੰਸ: ਨਖ੍ਰ ਸ਼ਲਜ।

ਭੋ ਸਿੱਖਹ! ਸਭਿ ਸਭਾ ਮਝਾਰਾ।
ਸੁਨਜੋ ਸ਼੍ਰਵਨ ਜਿਮ ਕੁਬਚ[1] ਉਚਾਰਾ।
ਕੌਨ ਸਕਹਿ ਸਹਿ ਏਵ ਕੁਚਾਲੀ।
ਜੇ ਜੋਧਾ ਬੁਧਿ ਆਯੁਧ ਨਾਲੀ ॥੩੭॥
ਚਿਤ ਮਹਿਂ ਹੁਤੀ -ਹਤੌਂ ਸ਼ਮਸ਼ੇਰ।
ਕਰੌਂ ਦੁ ਖੰਡ ਅਵਨਿ ਪਰ ਗੇਰਿ।
ਲੈ ਹੈ ਸ੍ਵਾਦ ਕਹੇ ਕੋ ਤਬੈ।
ਲਖਹਿਂ ਸਭਾਸਦ ਬੈਠੇ ਸਭੈ- ॥੩੮॥
ਮਰਿਬੇ ਕੋ ਡਰ ਉਰ ਨਹਿਂ ਧਰੌਂ।
ਅਸ ਕੁਬਾਕ ਤੇ ਦੀਰਘ ਜਰੌਂ।
ਨੀਠ ਨੀਠ ਹਿਯ ਮਹਿਂ ਧਰਿ ਧੀਰ।
ਖੜਗ ਨ ਖੈਂਚਿ ਹਤਜੋ ਗੁਰ ਤੀਰ ॥੩੯॥
-ਮਮ ਅਪਰਾਧ ਦੇਖਿ ਰਿਸ ਧਰੈਂ[2]।
ਸਕਲ ਬੰਸ ਕੋ ਸ੍ਰਾਪਤਿ ਕਰੈਂ-।
ਇਮ ਬਿਚਾਰਿ ਉਰ ਕੀਨਸਿ ਟਾਰਾ।
ਅਬਿ ਮੈਂ ਚਾਹਤਿ ਤਿਸਹਿ ਸੰਘਾਰਾ ॥੪੦॥
ਜਗ ਮਹਿਂ ਜੀਵਤਿ ਸੁਨੌਂ ਸੁ ਜਾਵਤ[3]।
ਤਾਵਤ ਮੋਹਿ ਨ ਸ਼ਾਂਤੀ ਆਵਤਿ।
ਬੁਧਿ ਕਰਿ ਬਲ ਕਰਿ ਜਤਨ ਕਰੀਜਹਿ।
ਜਿਸ ਤੇ ਜੱਸੇ ਕਹੁ ਹਤਿ ਲੀਜਹਿ ॥੪੧॥
ਤਾਂ ਦਿਨ ਸ਼ਸਤ੍ਰ ਧਰਨ ਫਲ ਹੋਹਿ।
ਨਾਂਹਿ ਤ ਖਾਨ ਪਾਨ ਧਿਕ ਮੋਹਿ।'
ਗੌਰਸਾਲ[4] ਕੇ ਬਾਕਨਿ ਸੁਨਿ ਕੈ।
ਸਿਖ ਬੈਰਾੜ ਗੁਰੂ ਡਰ ਗੁਨਿ ਕੈ ॥੪੨॥
ਕਹਤਿ ਭਏ 'ਕੈਸੇ ਤਿਸ ਮਾਰਹਿਂ।
ਕ੍ਰਿਪਾ ਅਧਿਕ ਪ੍ਰਭੁ ਜੀ ਨਿਤ ਧਾਰਹਿ।
ਚੌਰਦਾਰ ਸੋ ਰਹੈ ਹਜ਼ੂਰ।
ਸਮਾਂ ਪਾਇ ਕਬਹੂੰ ਹੁਇ ਦੂਰ ॥੪੩॥

---

[1]ਖੋਟਾ ਬਚਨ।
[2]ਭਾਵ ਗੁਰੂ ਜੀ ਗੁੱਸੇ ਹੋਣਗੇ।
[3]ਜੱਗ ਵਿਚ (ਜੱਸੇ ਨੂੰ) ਜੀਉਂਦਾ ਜਦ ਤੱਕ ਸੁਣਦਾਂ ਹਾਂ।
[4]ਗੌਰੇ ਦਾ ਪੂਰਾ ਨਾਮ ਹੈ, ਜਿਸ ਦਾ ਰੰਗ ਗੌਰਸ਼ਾਲਿ ਵਰਗਾ ਸੀ। ਗੌਰਸ਼ਾਲੀ ਇਕ ਪ੍ਰਕਾਰ ਦਾ ਧਾਨ ਹੈ।

ਜੇ ਕਰਿ ਵਹਿਰ ਇਕਾਂਕੀ ਪਾਇ।
ਕਰਹਿਂ ਸੰਘਾਰਨਿ ਤੁਪਕ ਚਲਾਇ।
ਇਹ ਤੌਂ ਗਤਿ ਹੈ ਸਕਲ ਅਸਾਨ।
ਪਾਛੇ ਮੁਸ਼ਕਲ ਬਨਹਿ ਮਹਾਨ ॥੪੪॥
ਹਮ ਤੇ ਮਾਰਜੋ ਸੁਨੈਂ ਗੁਰੂ ਜਬਿ।
ਦੇ ਕਰਿ ਸ੍ਰਾਪ ਬਿਨਾਸਹਿਂਗੇ ਤਬਿ।
ਇਕ ਬਚ ਕਹਿ ਕਰਿ ਜਰਾਂ ਉਖਾਰਹਿਂ।
ਸਹਤ ਕੁਤੰਬ ਸਭਿਨਿ ਕੋ ਗਾਰਹਿਂ ॥੪੫॥
ਬ੍ਰਹਮ ਅਸਤ੍ਰ[1] ਕੇ ਮਨਹੁਂ ਸਮਾਨ।
ਕੈਧੌਂ ਰਾਮਚੰਦ੍ਰ ਕੇ ਬਾਨ।
ਸ਼ਿਵ ਤ੍ਰਿਸੂਲ, ਜਿਮ ਚੱਕ੍ਰ ਬਿਸ਼ਨੁ ਕੋ।
ਜਿਮ ਜਮ ਦੰਡਾ[2], ਬੱਜ੍ਰ ਜਿਸ਼ਨ ਕੋ[3] ॥੪੬॥
ਤਿਮ ਗੁਰ ਬਾਕ ਕਹਜੋ ਸਫਲਾਵੈ।
ਤ੍ਰੈਲੋਕਨਿ ਮਹਿਂ ਨਰਿਂ ਬਿਲਮਾਵੈ।
ਕਿਮ ਜਗ ਮਹਿਂ ਜਰ ਰਹੈ ਹਮਾਰੀ।
ਕ੍ਰੋਧ ਕਰਹਿਂ ਜਬਿ ਸ੍ਰਾਪ ਉਚਾਰੀ' ॥੪੭॥
ਸੁਨਿ ਗੌਰੇ ਤ੍ਰਾਸਤਿ ਸਿਖ ਜਾਨੇ।
ਧੀਰ ਦੇਨਿ ਕੇ ਹੇਤੁ ਬਖਾਨੇ।
'ਅਬਚਲ ਜਗ ਮਹਿਂ ਜਰ੍ਹਾਂ ਤੁਮਾਰੀ।
ਰਹੈਂ ਸਦਾ ਜਿਮ ਅਹੈਂ ਹਮਾਰੀ ॥੪੮॥
ਤੁਮਰੀ ਜਰ ਮੇਰੀ ਜਰ ਸਾਥ।
ਮਮ ਜਰ ਮਿਲੀ ਜਹਾਂ ਗੁਰ ਨਾਥ।
ਸੋ ਅਬਚਲ ਜਾਨਹੁਂ ਤੁਮ ਐਸੇ।
ਮੇਰੂ[4] ਖਰੋ ਮਹਾਂ ਦ੍ਰਿਢ ਜੈਸੇ ॥੪੯॥
ਸਤਿਗੁਰ ਕੋ ਪ੍ਰਸੰਨ ਕਰਿ ਲੇਵੈਂ।
ਬਨਹਿਂ ਦੀਨ ਕਰਿ ਬਿਨਤੀ ਸੇਵੈਂ।
ਜੱਸੇ ਕਹੁ ਮਾਰਨਿ ਮਮ ਕਾਮੂ।
ਕਰਹੁ ਅਬਹਿ ਬ੍ਰਿੱਧਹਿ ਸੁਖ ਧਾਮੂ' ॥੫੦॥

---

[1]ਮੰਤ੍ਰ ਪੜ੍ਹ ਕੇ ਚਲਾਇਆ ਜਾਣ ਵਾਲਾ ਅਸਤ੍ਰ ਜੋ ਖਾਲੀ ਨਹੀਂ ਜਾਂਦਾ
[ਸੰਸ: ਬ੍ਰਹਮਾਸਤ੍ਰ]
[2]ਧਰਮ ਰਾਜ ਦਾ ਦੰਡ।
[3]ਜਿਵੇਂ ਇੰਦ੍ਰ ਦਾ ਬੱਜ੍ਰ।
[4]ਸੁਮੇਰ।

ਇੱਤਯਾਦਿਕ ਬਹੁ ਕਹਿ ਸਮੁਝਾਏ।
ਮਾਰਨ ਮਤੋ ਨੀਕ ਠਹਿਰਾਏ।
ਬਨੀ ਆਇ ਅਸ ਅਨਬਨ ਬਾਤੀ।
ਉਤ ਗੁਰ ਡਰ, ਇਤ ਸੁਲਗਤਿ[1] ਛਾਤੀ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਭਾਈ ਗੌਰੇ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

[1]ਧੁਖਦੀ ਹੈ।

## ੧੧. [ਜੱਸੇ ਦੀ ਮੌਤ। ਗੌਰੇ ਨੂੰ ੧੦੧ ਸ੍ਰਾਪ। ਕੀਰਤਪੁਰ ਪੁੱਜੇ]

੧੦<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੨

ਦੋਹਰਾ: ਮਾਰਨਿ ਕੀ ਮਸਲਤ ਕਰੀ,
ਘਾਤ ਬਿਲੋਕਤਿ ਫੇਰ।
'ਮਿਲਹਿ ਇਕਾਕੀ ਵਹਿਰ ਜਬਿ,
ਹਤਹਿਂ ਤੁਪਕ ਦੇਂ ਗੇਰ' ॥੧॥
ਚੌਪਈ: ਰਾਖਯੋ ਲਾਇ ਨਿਕਟਿ[1] ਨਰ ਕੋਈ।
ਇਕ ਦਿਨ ਤੁਰੰਗ ਅਰੂਢਯੋ ਸੋਈ।
ਗਮਨਯੋ ਵਹਿਰ ਇਕਾਕੀ ਜਬੈ।
ਸੁਧ ਜਸੂਸ ਕਰਿ ਦੀਨਸਿ ਤਬੈ ॥੨॥
'ਅਮੁਕੀ ਦਿਸ਼ਾ ਗਯੋ ਚਢਿ ਸੋਇ।
ਬਡੋ ਤੁਰੰਗ ਏਕਲੋ ਹੋਇ।'
ਸੁਨਿ ਸੁਚੇਤ ਹੁਇ ਚਢੇ ਬਰਾਰ।
ਦੁਇ ਤੀਨਕ ਜੋਧਾ ਅਸਵਾਰ' ॥੩॥
ਜਿਤ ਦਿਸ਼ਿ ਗਯੋ ਸੁਨਯੋ ਤਿਤ ਗਏ।
ਵਹਿਰ ਉਜਾਲ ਬਿਲੋਕਤਿ ਭਏ।
ਫਿਰਤਿ ਇਕਾਕੀ ਹਟਯੋ ਸੁ ਆਵਤਿ।
ਚੰਚਲ ਬਾਜੀ ਕੋ ਚਪਲਾਵਤਿ ॥੪॥
ਇਨਹੁਂ ਤੁਫੰਗ ਤਯਾਰ ਕਰਿ ਲੀਨਿ।
ਸਨੇ ਸਨੇ ਸਾਮੀਪੀ ਕੀਨਿ।
ਨਿਕਟਿ ਹੋਇ ਕਰਿ ਊਚ ਬਖਾਨਾ।
'ਰਹੁ ਠਾਂਢੋ ਨਹਿਂ ਕਰਹੁ ਪਿਆਨਾ ॥੫॥
ਕਹੀ ਬਾਤ ਕੋ ਫਲ ਅਬਿ ਲੈਹੋ।
ਬਨਹੁ ਸੁਚੇਤ ਜਾਨਿ ਨਹਿਂ ਪੈਹੋ।'
ਦੇਖਿ ਅਚਾਨਕ ਪਹੁੰਚੇ ਆਇ।
ਤਤਛਿਨ ਬਨਯੋ ਨ ਕੋਇ ਉਪਾਇ ॥੬॥
ਛੁਟੀ ਤੁਫੰਗ ਲਗੀ ਬਿਚ ਰਿਦੇ।
ਦੜ ਗਿਰ ਪਰਯੋ ਭੂਮ ਪਰ ਤਦੇ।
ਕਰਿ ਸੰਘਾਰ ਹਟੇ ਅਸਵਾਰ।
ਡੇਰੇ ਪਹੁੰਚੇ ਤੂਰਨ ਧਾਰਿ ॥੭॥
ਗੌਰਸਾਲ ਕੋ ਖਬਰ ਸੁਨਾਈ।

---

[1](ਜੱਸੇ ਦੇ) ਨੇੜੇ।

'ਕੀਨਸਿ ਕਾਜ ਲੀਨਿ ਰਿਪੁ ਘਾਈ।'
ਹਰਖ੍ਯੋ ਬਰ ਦਾਸਨਿ ਕੋ ਦੀਏ।
'ਪੂਰਨ ਕਰੀ ਭਾਵਨਾ ਹੀਏ ॥੮॥
ਉਤਰ੍ਯੋ ਰਿਣ ਕੁਬਾਕ ਜੇ ਕਹ੍ਯੋ।
ਸਭਾ ਬੀਚ ਦੀਰਘ ਉਰ ਦਹ੍ਯੋ।'
ਉਤ ਸੁਧ ਸੁਨੀ ਗੁਰੂ ਹਰਿਰਾਇ।
'ਜੱਸਾ ਚੌਰਦਾਰ ਦਿਯ ਘਾਇ ॥੯॥
ਹਯ ਪਰ ਚਢਿ ਬਾਹਰ ਸੋ ਗਯੋ।
ਮੇਲ ਬਿਰਾੜਨਿ ਕੇ ਸੰਗ ਭਯੋ।
ਔਚਕ ਮਾਰਿ ਤੁਫੰਗ ਗਿਰਾਯੋ।'
ਕ੍ਰੋਧ ਗੁਰੂ ਕੇ ਉਰ ਸੁਨਿ ਛਾਯੋ ॥੧੦॥
ਸਕਲੀ ਬਾਤ ਘਾਤ ਕੀ ਜਾਨੀ।
-ਗੌਰੇ ਸੰਗ ਹਾਸ ਕੀ ਬਾਨੀ।
ਸੋ ਰਿਸ ਮਨ ਤੇ ਨਾਂਹਿ ਗਵਾਈ।
ਏਕਲ ਖੋਜਿ ਤੁਪਕ ਤੇ ਘਾਈ ॥੧੧॥
ਹਮ ਤੇ ਨਹੀਂ ਤ੍ਰਾਸ ਕੁਛ ਧਾਰਾ।
ਮਹਾਂ ਢੀਠ ਹ੍ਵੈ ਕੀਨਿ ਸੰਘਾਰਾ।
ਜੇ ਕਰਿ ਇਸ ਕੋ ਕੁਛ ਨਹਿਂ ਕਹੈਂ।
ਨਹੀਂ ਅਦਬ ਸਿੱਖਨਿ ਮਹਿਂ ਰਹੈ ॥੧੨॥
ਯਾਂ ਤੇ ਦੇਨੀ ਬਨਹਿ ਸਜ਼ਾਇ-।
ਇਮ ਬਿਚਾਰ ਕਰਿ ਸ਼੍ਰੀ ਹਰਿਰਾਇ।
ਮਹਾਂ ਕ੍ਰੋਧ ਤੇ ਸ੍ਰਾਪ ਬਖਾਨੇ।
ਸੁਨਤਿ ਸਭਾਸਦ ਸਭਿ ਹੀ ਕਾਨੇ[1] ॥੧੩॥
ਭਗਤੂ ਕੇਰ ਨਨਾਵਾ ਨਾਇ।
ਤਬਿ ਤੇ ਧਰ੍ਯੋ ਨ ਅਪਰ ਅਲਾਇਂ[2]।
'ਪਾਥਰ ਕੀ ਜੋਨੀ ਤੁਝ ਪਾਵੈਂ।
ਕੁਲਕੀ ਕੈਲਾ[3] ਟੁਟਿ ਟੁਟਿ ਜਾਵੈਂ ॥੧੪॥
ਆਂਖਨਿ ਤੇ ਬਿੜਾਲ ਸਮ ਅਹੈਂ[4]।

---

[1]ਕੰਨੀ।
[2](ਕਵਿ ਉਕੱਤ) ਭਗਤੂ (ਦੇ ਪੁੱਤ੍ਰ) ਦਾ ਨਿਨਾਵਾਂ ਨਾਂ ਤਦੋਂ ਤੋਂ ਰੱਖਿਆ (ਇਹੀ ਨਾਮ ਨਿਨਾਵਾਂ ਉਚਾਰਦੇ ਸੀ ਸ਼੍ਰੀ ਗੁਰੂ ਜੀ) ਹੋਰ ਨਹੀਂ ਸੀ ਕਹਿੰਦੇ।
[3]ਲਗਰਾਂ ਭਾਵ ਪੁੱਤ੍ਰ ਧੀਆਂ।
[4]ਅੱਖਾਂ ਬਿੱਲੇ ਵਾਂਙ ਹੈਨ।

ਕਾਕ ਜੋਨਿ ਕੋ ਮਰਿ ਕਰਿ ਲਹੈਂ।
ਸੂਕਰ[੧], ਕੂਕਰ[੨], ਕੋਕ[੩], ਕੁਰੰਗ[੪]।
ਕੇਹਰਿ[੫], ਕੁਰਕਟ[੬], ਕੀਰ[੭], ਕੁਲੰਗ[੮] ॥੧੫॥
ਕਾਨ ਖਜੂਰ[੯], ਕੁੰਡਲੀ[੧੦] ਕ੍ਰੋਧੀ।
ਜਨੁ ਪਸੂ ਕੀ ਪਰਹਿਂ ਅਬੋਧੀ[੧੧]!
ਕੇਕ[੧੨], ਭੇਕ[੧੩], ਕਿੰਚੁਲ[੧੪*], ਕਨਕਾਯਾ[੧੫]।
ਕੀਟਨਿ ਕੀ ਜੂਨੀ ਸਮੁਦਾਯਾ ॥੧੬॥
ਪੁਨ ਮੇਘਨਿ[੧੬] ਕੀ ਜੁਨੀ ਪਾਵੈਂ।
ਜਗ ਮਹਿਂ ਨੀਰ ਅਤੋਲ ਢੁਕਾਵੈਂ[੧੭]।
ਮਰਹਿਂ ਅੰਤ ਫਾਹੇ ਕੀ ਮੌਤ।
ਤਵ ਕੁਲ ਕੇ ਬਹੁ ਜੈ ਹੈਂ ਔਤ[੧੮]' ॥੧੭॥
ਇਸ ਬਿਧਿ ਕੇਤਿਕ ਗਿਨੀਅਹਿਂ ਸ੍ਰਾਪ।
ਇਕ ਸੌ ਏਕ ਦੀਏ ਗੁਰ ਆਪ।
'ਅਬਿ ਤੇ ਮੁਖ ਨਹਿਂ ਲਗਹਿ ਹਮਾਰੇ।
ਰਹੈ ਦੂਰ ਨਹਿਂ ਪਰਹਿ ਨਿਹਾਰੇ ॥੨੮॥
ਨਹੀਂ ਸਿਪਾਰਸ਼ ਕਰਿ ਹੈ ਕੋਈ।

---

[੧]ਸੂਰ।
[੨]ਕੁੱਤਾ।
[੩]ਬਘਿਆੜ। (ਅ) ਚਕਵਾ।
[੪]ਬੁਰੇ ਲੱਛਣਾਂ ਵਾਲਾ (ਅ) ਹਰਨ।
[੫]ਸ਼ੇਰ।
[੬]ਕੁੱਕੜ।
[੭]ਤੋਤਾ।
[੮]ਪਾਣੀ ਕਿਨਾਰੇ ਰਹਿਣ ਵਾਲਾ ਇਕ ਪੰਛੀ-ਜਿਸਦੀ ਗਿੱਚੀ ਲੰਮੀ, ਸਿਰ ਲਾਲ ਤੇ ਬਦਨ ਮਿੱਟੀ ਰੰਗਾ ਹੁੰਦਾ ਹੈ।
[੯]ਕੰਨ ਖਜੂਰਾ।
[੧੦]ਕੁੰਡਲੀਆਂ ਸਰਪ (ਕਰੁੰਡੀਆ ਸਪ)
[੧੧]ਹੇ ਮੂਰਖ!
[੧੨]ਕੇਕੜਾ ਪਾਣੀ ਦਾ ਇਕ ਵੱਡਾ ਕੀੜਾ, ਜਿਸ ਦੀਆਂ ਅੱਠ ਟੰਗਾਂ ਤੇ ਦੋ ਪੰਜੇ ਹੁੰਦੇ ਹਨ।
[੧੩]ਡੱਡੂ।
[੧੪]ਕੇਦੂਆ, ਗੰਡੋਆ।
[*]ਪਾ:-ਕਿਰਾਲਾ।
[੧੫]ਕਨਕੋਲ। (ਅ) ਅਠੂਹਾਂ।
[੧੬]ਬੱਦਲਾਂ।
[੧੭]ਢੋਵੇਂਗਾ।
[੧੮]ਬੇ-ਉਲਾਦੇ।

ਕਰਹਿ ਜੁ, ਸੰਗੀ ਤਿਸ ਕੋ ਹੋਈ[1]।'
ਇਮ ਬਹੁ ਦੁਖਦ ਸ੍ਰਾਪ ਗਨ ਕਹੇ[+]।
ਜੱਸੇ ਕੋ ਸਿਮਰਤਿ ਰਿਸ ਲਹੇ ॥੧੯॥
ਲੋਥ ਮੰਗਾਇ ਦਾਹ ਕਰਿਵਾਇਵ।
ਪਿਖਿ ਗੁਰ ਰਿਸ ਕੋ ਸਭਿ ਡਰਪਾਇਵ।
ਏਕ ਨਿਸਾ ਤਬਿ ਰਾਖਯੋ ਡੇਰਾ।
ਕਰਯੋ ਕੂਚ ਪੁਨ ਹੇਰਿ ਸਵੇਰਾ ॥੨੦॥
ਗੌਰੇ ਨਿਕਟਿ ਗਈ ਸੁਧ ਸਾਰੀ।
'ਤਵ ਪਰ ਭਯੋ ਕ੍ਰੋਧ ਗੁਰ ਭਾਰੀ।
ਲੋਕ ਪ੍ਰਲੋਕ ਬਿਖੇ ਸੁਖ ਘਨੇ।
ਦੇ ਦੇ ਸ੍ਰਾਪ ਸਕਲ ਹੀ ਹਨੇ' ॥੨੧॥
ਜੇ ਗੁਰ ਭਾਖੇ ਸਕਲ ਸੁਨਾਏ।
ਜਾਨੇ ਗੌਰਸਾਲ ਦੁਖਦਾਏ।
ਰਿਦੇ ਤ੍ਰਾਸ ਧਰਿ ਬਨਿ ਕਰਿ ਦੀਨ।
ਸੇਵਾ ਕਰਨਿ ਬਿਖੇ ਚਿਤ ਦੀਨਿ ॥੨੨॥
-ਕਰਿ ਗੁਰ ਕਾਰਜ ਭਲੇ ਰਿਝਾਊਂ।
ਨਾਂਹਿ ਤ ਅਪਨੇ ਪ੍ਰਾਨ ਗਵਾਊਂ।
ਦਾਰੁਨ ਸ੍ਰਾਪ ਬਖਸ਼ਿ ਹੈਂ ਜਾ ਤੇ।
ਮਨ ਬਚ ਕਰਮਨਿ ਸੇਵੌਂ ਤਾਂ ਤੇ ॥੨੩॥
[2]ਫੁਰਨਹਾਰ ਭੀਖਨ ਦੁਖਦਾਨੀ।
ਭਈ ਕ੍ਰੋਧ ਤੇ ਸਤਿਗੁਰ ਬਾਨੀ[2]।
ਹੋਹਿ ਪ੍ਰਸੰਨ ਨ ਬਖਸ਼ਹਿਂ ਜਾਵਦ।
ਨਿਸ ਦਿਨ ਸੇਵਾ ਲਾਗੌਂ ਤਾਵਦ- ॥੨੪॥
ਇਮ ਦਿਢ ਮਨ ਕੌ ਕਰਿ ਕੈ ਗੌਰਾ।
ਸੇਵਨ ਹਿਤ ਪ੍ਰਨ ਧਰਿ ਤਿਸ ਠੌਰਾ।

---

[1]ਭਾਵ ਉਹ ਬੀ ਸ਼੍ਰਾਪਤ ਸਮਝੋ।

[+]ਗੌਰੇ ਦਾ ਜੱਸੇ ਨੂੰ ਮਰਵਾ ਦੇਣਾ ਸਤਿਗੁਰਾਂ ਨੇ ਪਸੰਦ ਨਹੀਂ ਕੀਤਾ ਕਿਉਂਕਿ ਜੱਸੇ ਦੀ ਗਲ ਅਨੁਚਿਤ ਸਮਝਕੇ ਗੌਰੇ ਨੇ ਉਸ ਦੀ ਜਾਨ ਲਈ ਹੈ ਉਹ ਇਤਨੀ ਸੰਗੀਨ ਨਹੀਂ ਕਿ ਉਸ ਦੀ ਜਾਨ ਮਾਰੀ ਜਾਂਦੀ। ਯੋਗ ਇਹ ਸੀ ਕਿ ਗੌਰਾ ਗੁਰੂ ਜੀ ਪਾਸ ਸ਼ਕਾਇਤ ਕਰਦਾ ਤੇ ਗੁਰੂ ਜੀ ਆਪ ਜੱਸੇ ਨੂੰ ਦੰਡ ਦੇਂਦੇ। ਇੱਥੇ ਗੌਰੇ ਨੇ ਨਯਾਯ ਆਪਣੇ ਹੱਥ ਵਿਚ ਲੀਤਾ ਹੈ ਤੇ ਕਸੂਰ ਤੋਂ ਕਿਤੇ ਵਧਵੇ ਦੰਡ ਦੇਣੇ ਵਿਚ ਮਹਾਂ ਅਪਰਾਧ ਕੀਤਾ ਹੈ ਇਸ ਕਰਕੇ ਚੰਡਿਆ ਗਿਆ ਹੈ।

[2]ਬੜੀ ਦੁਖਦਾਤੀ ਤੇ (ਫੁਰਨਹਾਰ =) ਫਲ ਦਿੱਤੇ ਬਿਨਾ ਨਾ ਟਲਣ ਵਾਲੀ ਬਾਣੀ ਜੋ ਕ੍ਰੋਧ ਨਾਲ ਸਤਿਗੁਰ ਤੋਂ ਹੋਈ ਹੈ।

ਗੁਰ ਸੋਂ ਫਰਕ ਕੋਸ ਕੋ ਰਾਖਿ।
ਚੜ੍ਹਜੋ ਪਿਛਾਰੀ ਨਿਜ ਹਿਤ ਕਾਖਿ ॥੨੫॥
ਕ੍ਰਮ ਕ੍ਰਮ ਕਰਿ ਘਾਲਤਿ ਮਗ ਡੇਰੇ।
ਸੈਨਾ ਗਮਨਤਿ ਸੰਗ ਘਨੇਰੇ।
ਸ੍ਰੀ ਹਰਿਰਾਇ ਪਾਲਕੀ ਮਾਂਹਿ।
ਹੋਹਿ ਅਰੂਢਨ ਸੁਖ ਸੋਂ ਜਾਹਿਂ ॥੨੬॥
ਗਨ ਦੁੰਦਭਿ ਬਾਜਤ ਸੰਗ ਚਾਲੇ।
ਅਯੁਧ ਧਾਰੀ ਸੁਭਟ ਬਿਸਾਲੇ।
ਕਤਹੂੰ ਨਿਕਸਹਿ ਅੱਗ੍ਰ ਕੁਰੰਗ।
ਦੇਖਤਿ ਤੂਰਨ ਚਢਹਿਂ ਤੁਰੰਗ ॥੨੭॥
ਬਡੇ ਬੇਗ ਤੇ ਚਲਹਿਂ ਧਵਾਇ।
ਮਹਾਂ ਬਲੀ ਹਯ ਸਮਤਾ ਬਾਇ[1]।
ਖੰਡ ਘੀਵ ਕਰਿ ਪਾਲਨ ਕੀਨੇ।
ਚਪਲ ਚਲਾਕੀ ਮਹਿਂ ਚਿਤ ਦੀਨੇ ॥੨੮॥
ਮ੍ਰਿਗਨਿ ਹਰਾਇ ਧਾਇ ਕੈ ਗਹੇਂ।
ਮੇਚਕ ਪ੍ਰਿਸ਼ਟ[2] ਜਿਨਹੁਂ ਕੀ ਅਹੇ।
ਦੀਰਘ ਸ਼੍ਰਿੰਗਨਿ ਤੇ ਗਹਿ ਲੇਤਿ।
ਪੁਨ ਦਾਸਨਿ ਪਕਰਾਇ ਸੁ ਦੇਤਿ ॥੨੯॥
ਇਸ ਪ੍ਰਕਾਰ ਮਗ ਕਰਤਿ ਬਿਲਾਸਾ।
ਪਾਲਤਿ ਮ੍ਰਿਗਨਿ, ਨ ਹੋਤਿ ਬਿਨਾਸਾ।
ਭਏ ਇਕੱਤ੍ਰ ਹਜ਼ਾਰੋਂ ਜੀਵੰ।
ਬਨ ਤੇ ਆਨਿ[3] ਪਾਲਨਾ ਥੀਵੰ ॥੩੦॥
ਜਹਾਂ ਸਿਵਰ ਕੋ ਘਾਲਹਿਂ ਜਾਇ।
ਸੁਨਿ ਗੌਰਾ ਪੀਛੇ ਠਹਿਰਾਇ।
ਕੋਸ ਫਰਕ ਤੇ ਡੇਰਾ ਕਰੈ।
ਗੁਰੂ ਰਿਝਾਵਨਿ ਇੱਛਾ ਧਰੈ ॥੩੧॥
ਅਪਨੀ ਸੈਨਾ ਰਾਖਹਿ ਸੰਗ।
ਬਡੇ ਸੁਭਟ ਬਲਿ ਚਪਲ ਤੁਰੰਗ।
ਨਹਿਂ ਨੇਰੇ ਗੁਰ ਕੇ ਕਬਿ ਹੋਵੈ।

---

[1]ਵਾਯੂ ਸਮਾਨ ਤੇਜ਼ ਘੋੜੇ।
[2]ਭਾਵ ਹੀਰੇ ਹਰਨ।
[3]ਲਿਆ ਕੇ।

ਮਹਾਂ ਕੋਪ ਅਪਨੇ ਪਰ ਜੋਵੈ ॥੩੨॥
-ਦੁਖਦ ਭਯੰਕਰ ਦੀਰਘ ਸ੍ਰਾਪ।
ਕਰੌਂ ਪ੍ਰਸੰਨ, ਬਖਸ਼ ਹੈਂ ਆਪ-।
ਕੋਸ ਫਰਕ ਤੇ ਸੰਗ ਸਿਧਾਰਹਿ।
ਤਿਮ ਹੀ ਅਪਨੋ ਸਿਵਰ ਉਤਾਰਹਿ ॥੩੩॥
ਆਯੁਧ ਧਾਰੀ ਬੀਰ ਬਿਸਾਲਾ।
ਰਣ ਠਾਨਤਿ ਰਿਪੁ ਤੇ ਨਹਿਂ ਚਾਲਾ।
ਇਸ ਬਿਧਿ ਗਮਨਤਿ ਮਗ ਉਲੰਘਾਯੋ।
ਸ਼੍ਰੀ ਕੀਰਤਿਪੁਰ ਤਬਿ ਨਿਯਰਾਯੋ ॥੩੪॥
ਕੋਸ ਦੂਰ ਪੁਰਿ ਤੇ ਜਹਿਂ ਠੌਰਾ।
ਅਪਨਿ ਸੈਨ ਜੁਤਿ ਉਤਰਜੋ ਗੌਰਾ।
ਸ਼੍ਰੀ ਹਰਿਰਾਇ ਪ੍ਰਵੇਸ਼ੇ ਜਾਇ।
ਹਰਖੇ ਨਰ ਨਾਰੀ ਸਮੁਦਾਇ ॥੩੫॥
ਚਢਿ ਕੋਠਨਿ ਪਰ ਫੂਲ ਬਸਾਵੈਂ।
ਦੇਖਿ ਦੇਖਿ ਸਭਿ ਸੀਸ ਨਿਵਾਵੈਂ।
ਉਤਸਵ ਕਰਜੋ ਅਨੇਕ ਪ੍ਰਕਾਰਾ।
ਪੁਰਿ ਪ੍ਰਵਿਸ਼ਜੋ ਸਤਿਗੁਰੂ ਨਿਹਾਰਾ ॥੩੬॥
ਨਿਜ ਮੰਦਿਰ ਸੁੰਦਰ ਜਹਿਂ ਬਨਜੋ।
ਚਿੱਤ੍ਰਤਿ ਅੰਦਰ ਤੇ ਸੁਖ ਸਨਜੋ।
ਵਾਹਨ ਤਜਾਗਿ ਪ੍ਰਵੇਸ਼ੇ ਜਾਇ।
ਦੀਹ ਪ੍ਰਯੰਕ ਬਿਛੌਨਾ ਛਾਇ ॥੩੭॥
ਦਾਸਨਿ ਆਨਿ ਡਸਾਵਨਿ ਕੀਨਿ।
ਸ਼੍ਰੀ ਹਰਿਰਾਇ ਹੇਰਿ ਆਸੀਨ।
ਚਹੁੰਦਿਸ਼ਿ ਮਾਂਹਿ ਫਰਸ਼ ਜੋ ਹੋਵਾ।
ਰੰਗ ਅਨੇਕਨਿ ਕੋ ਸੁਠ ਜੋਵਾ ॥੩੮॥
ਲੇ ਲੇ ਬਹੁ ਬਿਧਿ ਕੇ ਉਪਹਾਰ।
ਪੁਰਿ ਜਨ ਪਹੁਚੇ ਆਨੰਦ ਧਾਰਿ।
ਬੰਦਨ ਕਰਿ ਅਰਬਿੰਦ ਚਰਨ ਕੋ।
ਦੇਖਤਿ ਦਰਸ਼ਨ ਕਸ਼ਟ ਹਰਨਿ ਕੋ ॥੩੯॥
ਕੁਸ਼ਲ ਪ੍ਰਸ਼ਨ ਸਭਿ ਸੋਂ ਗੁਰ ਕਰਜੋ।
'ਕ੍ਰਿਪਾ ਆਪ ਕੀ' ਤਿਨਹੁ ਉਚਰਜੋ।
'ਪਿਤਾ ਆਪ ਕੇ ਨਗਰ ਬਸਾਯਹੁ।

ਨਰ ਨਾਰਿਨਿ ਆਨੰਦ ਉਪਜਾਯਹੁ ॥੪੦॥
ਤੁਮ ਭੀ ਨਹਿਂਨ ਬਿਸਾਰਹੁ ਇਨ ਕੋ।
ਅਹੋ ਆਸਰਾ ਇਨ ਪੁਰਿ ਜਨ ਕੋ।
ਚਿਰੰਕਾਲ ਬਾਹਰ ਭੀ ਰਹੇ।
ਸਦਾ ਪ੍ਰਤੀਖਤਿ ਹਮ ਮਗ ਲਹੇ ॥੪੧॥
ਅਪਰ ਨਹੀਂ ਇਸ ਪੁਰਿ ਕੋ ਮਾਲਿਕ।
ਰਾਖਨਿ ਪਾਲਨਿ ਤੁਮਰੇ ਤਾਲਿਕ।'
ਸੁਨਿ ਕਰਿ ਬੋਲੇ ਸ਼੍ਰੀ ਹਰਿਰਾਇ।
'ਰਹੇ ਪਿਤਾਮਾ ਜੀ ਇਸ ਥਾਇਂ ॥੪੨॥
ਹਮ ਭੀ ਤਿਮ ਇਤ ਬਾਸ ਕਰੈਂਗੇ।
ਪੁਰਿ ਕੋ ਖੇਦ ਨ ਕੋਇ ਧਰੈਂਗੇ।
ਬਸਹੁ ਨਿਚਿੰਤ ਅਨੰਦ ਉਪਜਾਵਹੁ।
ਗੁਰ ਗੁਰ ਸਿਮਰਹੁ ਬਿਘਨ ਮਿਟਾਵਹੁ' ॥੪੩॥
ਸ਼੍ਰੀ ਹਰਿ ਕ੍ਰਿਸ਼ਨ ਚੰਦ ਕੋ ਪਾਸ।
ਆਨਜੋ ਗੋਦ ਉਠਾਏ ਦਾਸ।
ਪਿਤ ਕੇ ਸਨਮੁਖ ਹ੍ਵੈ ਕਰਿ ਠਾਢੋ।
ਕਰੀ ਨਮੋ ਸੁ ਚਾਉ ਚਿਤ ਬਾਢੋ ॥੪੪॥
ਲਘੁ ਸੁਤ ਕੋ ਪਿਖਿ ਗਹਿ ਕਰਿ ਬਾਹੂ।
ਲੀਏ ਬਿਠਾਇ ਅੰਕ ਕੇ ਮਾਹੂ।
ਮੁਖ ਹੇਰਤਿ ਫੇਰਤਿ ਸਿਰ ਹਾਥ।
ਜਾਨਹਿਂ -ਬਨਹਿਂ ਤਖਤ ਕੋ ਨਾਥ- ॥੪੫॥
ਪੁਨ ਉਠਿ ਕਰਿ ਤਹਿਂ ਜਲਧਿ ਬਿਬੇਕਾ।
ਮਾਤਾ ਨੇਤੀ ਪਗ ਸਿਰ ਟੇਕਾ।
ਸੁਤ ਕੋ ਪਿਖਤਿ ਆਸ਼ਿਖਾ ਦਈ।
ਰਿਦੇ ਅਨੰਦ ਪ੍ਰਫੁੱਲਿਤਿ ਭਈ ॥੪੬॥
ਪੁਨ ਸਭਿ ਮਹਿਲਾ ਦਰਸ਼ਨ ਕੀਨਿ।
ਬੰਦਹਿਂ ਪਦ ਰਿਦ ਮੁਦ ਮਹਿਂ ਲੀਨਿ।
ਇਸ ਬਿਧਿ ਕੀਰਤਿ ਪੁਰਿ ਮਹਿਂ ਜਾਇ।
ਬਸੇ ਆਨਿ ਸ਼੍ਰੀ ਗੁਰ ਹਰਿਰਾਇ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਕੀਰਤਪੁਰ ਆਗਮਨ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

## ੧੨. [ਸ਼੍ਰੀ ਗੁਰ ਨਿੱਤ ਬਿਵਹਾਰ]

੧੧<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੩

ਦੋਹਰਾ: ਖਸ਼ਟ ਮਾਸ ਪੁਰਿ ਮਹਿਂ ਬਸੇ,
ਨਾਨਾ ਕਰਤਿ ਬਿਲਾਸ।
ਚਹੁਂਦਿਸ਼ਿ ਕੀ ਗਨ ਸੰਗਤਾਂ,
ਸੰਗ ਮਸੰਦ ਸੁ ਦਾਸ ॥੧॥

ਚੌਪਈ: ਲੈ ਲੈ ਅਨਿਕ ਅਕੋਰਨਿ ਆਵੈ।
ਦਰਸਹਿਂ ਮਨੋ ਕਾਮਨਾ ਪਾਵੈਂ।
ਦੇਸ਼ ਬਿਦੇਸ਼ ਜਗਤ ਮਹਿਂ ਸਾਰੇ।
ਗੁਰ ਕੀਰਤਿ ਪਸਰੀ ਸੁਖ ਸਾਰੇ ॥੨॥
ਦੀਪਮਾਲ ਬੈਸਾਖੀ ਆਦਿ।
ਮੇਲਾ ਹੋਇ ਸੰਤ ਸੰਬਾਦ।
ਭਜਨ ਕੀਰਤਨ ਆਠਹੁਂ ਜਾਮੂ।
ਕੇਤਿਕ ਲਿਵ ਲਾਗੀ ਸਤਿ ਨਾਮੂ ॥੩॥
ਸਿੱਖ ਅਨੇਕ ਮੰਜੀਅਨਿ ਵਾਰੇ।
ਨਿਜ ਨਿਜ ਸੰਗਤਿ ਕੀਨਿ ਉਦਾਰੇ।
ਫੁਰਹਿ ਬਾਕ ਤੂਰਨ ਬਰ ਸ੍ਰਾਪੇ।
ਅਜ਼ਮਤ ਜੁਤਿ ਗੁਨ, ਗੁਰੂ ਸਥਾਪੇ ॥੪॥
ਸੋ ਸਭਿ ਦਰਸ਼ਨ ਕੋ ਚਲਿ ਆਵੈਂ।
ਵਸਤੁ ਅਜਾਇਬ ਗੁਰ ਹਿਤ ਲ਼ਜਾਵੈਂ।
ਚੱਕ੍ਰਵਰਤਿ ਜਿਮ ਮਹਾਂ ਅਧੀਸ਼ਾ[1]।
ਸਭਿ ਨ੍ਰਿਪ ਆਇ ਨਿਵਾਵੈਂ ਸੀਸ ॥੫॥
ਤਥਾ ਤਖਤ ਪਰ ਸ਼੍ਰੀ ਹਰਿਰਾਇ।
ਦੇਤਿ ਦਾਨ ਬਹੁ ਰਹੇ ਸੁਹਾਇ।
ਮਨੋ ਕਾਮਨਾ ਮਨ ਤੇ ਜਾਚੈਂ।
ਕੇਤਿਕ ਜਾਚਤਿ ਬਚਨ ਉਬਾਚੈਂ ॥੬॥
ਗੁਪਤਿ ਬਿਦਤਿ ਦਾਸਨਿ ਕੀ ਆਸ।
ਪੁਰਵਤਿ ਸਗਰੀ ਦੇਤਿ ਹੁਲਾਸ।
ਕੇਚਿਤ ਪੁੱਤ੍ਰ ਕਾਮਨਾ ਪਾਵੈਂ।
ਕੇਚਿਤ ਬਿਤ ਪ੍ਰਾਪਤਿ ਹਰਖਾਵੈਂ ॥੭॥
ਕੇਚਿਤ ਤਨ ਅਰੋਗਤਾ ਜਾਚੈਂ।

---
[1]ਪ੍ਰਿਥਵੀ ਪਤੀ ਰਾਜਾ।

ਕੇਚਿਤ ਬਿਘਨ ਬਿਨਾਸਿ ਉਬਾਚੈਂ।
ਕੇਚਿਤ ਭੀਰ ਪਰਹਿ ਜਬਿ ਆਇ।
ਜਾਚਤਿ ਬਨਿ ਕੈ ਦੀਨ ਸਹਾਇ[1] ॥੮॥
ਕੋ ਕੋ ਕਾਰਜ ਗਿਨੀਅਹਿਂ ਜਗ ਕੇ।
ਪਾਵਹਿਂ ਨਿਕਟਿ ਗੁਰੂ ਸਰਬਗ ਕੇ।
ਗਾਦੀ ਉਚਿਤ ਬੈਠਿ ਛਬਿ ਪਾਵੈਂ।
ਭਟ ਚਹੁਂ ਦਿਸ਼ਾ ਦਿਵਾਨ ਲਗਾਵੈਂ ॥੯॥
ਚੌਰਦਾਰ ਢੋਰਤਿ ਬਰ ਚੌਰ।
ਚੋਬਦਾਰ ਠਾਢੇ ਬਡ ਪੌਰ।
ਹਾਥ ਲਸ਼ਟਕਾ ਕੰਚਨ ਧਾਰੈਂ।
ਹੁਕਮ ਗੁਰੂ ਕੋ ਅੱਗ੍ਰ ਉਚਾਰੈਂ ॥੧੦॥
ਭਾਟ ਨਕੀਬ ਸੁਜਸੁ ਕੋ ਕਹੈਂ।
ਬ੍ਰਿੰਦ ਢਲੈਤ[2] ਖਰੇ ਦ੍ਰਿਢ ਰਹੈਂ।
ਸੂਰਜਮੁਖੀ ਸੁਹਾਇ ਅਗਾਰੀ।
ਜਗਮਗਾਤ ਸੂਰਜ ਅਨੁਹਾਰੀ ॥੧੧॥
ਖਰੇ ਮੇਵੜੇ ਸੰਗਤਿ ਕੇਰੇ।
ਕਰਿ ਅਰਦਾਸ ਸੁਨਾਇ ਅਗੇਰੇ।
ਧਨੀ ਮਸੰਦਨਿ ਤੇ ਪਰਿਵਾਰਤਿ।
ਚਹੁਂਦਿਸ਼ਿ ਤੇ ਬਾਕਨਿ ਸਤਿਕਾਰਤਿ ॥੧੨॥
ਅਨਿਕ ਅਕੋਰਨਿ ਕੇ ਅੰਬਾਰੇ।
ਹੋਤਿ ਜਾਤਿ ਹੈਂ ਗੁਰੂ ਅਗਾਰੇ।
ਕਰ ਜੁਗ ਜੋਰਿ ਜੋਰਿ[3] ਚਹੂੰ ਓਰ।
ਜਾਚਹਿਂ ਰਾਚਹਿਂ ਚਰਨ ਨਿਹੋਰਿ[4] ॥੧੩॥
ਕਬਿ ਕਬਿ ਕ੍ਰਿਪਾ ਦ੍ਰਿਸ਼ਟਿ ਕੋ ਡਾਰੈਂ।
ਸਭਿ ਦਿਸ਼ਿ ਸੰਗਤਿ ਖਰੀ ਨਿਹਾਰੈਂ।
ਇਕ ਸੋ ਇਕ ਪਾਲਨਿ ਕੋ ਜਾਮਾ।
ਸੂਖਮ ਬਸਤ੍ਰ ਪਹਿਰਿ ਅਭਿਰਾਮਾ ॥੧੪॥
ਬਹੁਤ ਮੋਲ ਕੋ ਲਲਿਤ ਦੁਕੂਲ।

---

[1] ਦੀਨ ਬਣ ਕੇ ਸਹਾਇਤਾ ਮੰਗਦੇ ਹਨ।
[2] ਸੂਰਮੇ।
[3] ਹੱਥ ਦੋਵੇਂ ਜੋੜ ਜੋੜ ਕੇ।
[4] ਚਰਨਾਂ ਵਿਚ ਬਿਨੈ ਕਰਕੇ ਮੰਗਣ ਵਿਚ ਰਚਦੇ ਹਨ ਭਾਵ ਪ੍ਰਤੀਵਾਨ ਹੋ ਕੇ ਮੰਗਦੇ ਹਨ।

ਡਾਰਯੋ ਰਹੈ ਦੀਹ ਭੁਜਮੂਲ[੧]।
ਮੁਕਤਾਲਨਿ ਕੀ[੨] ਮਾਲ ਬਿਸਾਲਾ।
ਉੱਜਲ ਗੋਲ ਦਿਪਤਿ ਦੁਤਿ ਜਾਲਾ ॥੧੫॥
ਬਿਚ ਲਲੰਤਕਾ[੩] ਲੁਲਿਤ[੪] ਲਲਾਮੁ[੫*]।
ਹੀਰੇ ਬਡੇ ਜਟਿਤਿ ਅਭਿਰਾਮ।
ਨਵਰਤਨੇ ਭੁਜਦੰਡ ਬਿਰਾਜੇ।
ਨਵ ਗ੍ਰੈਹ ਨਿਜ ਦੁਤਿ ਜਨੁ ਉਪਰਾਜੇ[੬] ॥੧੬॥
ਜਾਤਰੂਪ[੭] ਕੇ ਕਟਕ[੮] ਸੁਹਾਇ।
ਕੋਰ ਦਾਰ ਜਟਿਤੀ ਸਮੁਦਾਇ।
ਛਾਪ ਛਪਾਯਨਿ ਸ਼ੋਭਤਿ ਹੀਰੇ।
ਰਚੇ ਚਕੋਰ ਚਾਰੁ ਰੁਚਿ ਚੀਰੇ ॥੧੭॥
ਦੁਇ ਮੁਖ ਮੰਡਲ ਕਾਨਨ ਕੁੰਡਲ[੯]।
ਡੋਲਤਿ, ਸ਼ੋਭਤਿ ਮਨਹੁਂ ਅਖੰਡਲ[੧੦]।
ਸੁੰਦਰ ਸੂਖਮ ਸਿਰ ਉਸ਼ਨੀਕ[੧੧]।
ਊਪਰ ਜਿਗਾ ਬੰਧਿ ਬਿਧਿ ਨੀਕ[*] ॥੧੮॥
ਮਨਹੁਂ ਸ਼ਾਂਤਿ ਰਸ ਕੇ ਧਰਿ ਬੇਸ।
ਸੋਹਤਿ ਸੂਰਜ ਗਜਾਨ ਵਿਸ਼ੇਸ਼।
ਬੋਲ ਅਮੋਲਕ ਕੋਮਲ ਮੀਠੇ।

---

[੧]ਭਾਵ ਮੋਢਿਆਂ ਤੇ।
[੨]ਮੋਤੀਆਂ ਦੀ।
[੩]ਨਾਭੀ ਤੱਕ ਲਟਕਣ ਵਾਲੀ ਮਾਲਾ [ਸੰਸ: ਲਲਨ੍ਤਿਕਾ]
[੪]ਟਿਕ ਰਹੀ ਹੈ। [ਸੰਸ: ਲੁਲਿਤ। (ਅ) ਲਟਕ ਰਹੀ ਹੈ, ਹਿਲ ਰਹੀ ਹੈ]
[੫]ਸੁੰਦਰ [ਸੰਸ: ਲਲਾਮ]
[*]ਪਾ:-ਬੀਚ ਬਿਰਾਜਤਿ ਸੁੰਦਰ ਨਾਮ।
[੬]ਮਾਨੋ ਅਪਨੀ ਸ਼ੋਭਾ ਪੈਦਾ ਕਰ ਰਹੇ ਹਨ।
[੭]ਸੋਨੇ ਦੇ।
[੮]ਕੜੇ।
[੯]ਦੁਹਾ ਕੰਨਾਂ ਵਿਚ ਕੁੰਡਲ ਹਨ।
[੧੦]ਜਿਵੇਂ ਇੰਦ੍ਰ ਦੇ ਸ਼ੋਭਦੇ ਹਨ।
[੧੧]ਦਸਤਾਰ।
[*]ਰਾਜਸੀ ਲਿਬਾਸ ਦਾ ਰੂਪਕ ਸੁਹਣਾ ਬੰਨ੍ਹਿਆਂ ਹੈ, ਪਰ ਕੁੰਡਲ ਆਦਿ ਪਹਿਰਾਵੇ ਕੇਵਲ ਕਾਵ੍ਯ ਸੁਦੰਰਤਾਂ ਦੇ ਹੀ ਲਖਾਯਕ ਸਮਝਣੇ ਚਾਹੀਏ, ਕਿਉਂਕਿ ਕੁੰਡਲਾਂ ਦੀ ਹਿਲ ਨਾਲ ਪ੍ਰੇਮੀ ਦਿਲਾਂ ਦੇ ਹਿਲਾਉ ਤੇ ਖੈਂਚ ਦੇ ਭਾਵ ਪਹਿਲੇ ਕਵੀਆਂ ਨੇ ਦਰਸਾਏ ਹਨ, ਉਸੇ ਭਾਵ ਦੀ ਸੁੰਦਰਤਾ ਦੇ ਅਸਰ ਹੇਠ ਕਵੀ ਜੀ ਬੀ ਇਹੋ ਜਿਹੇ ਵਰਣਨ ਬੰਨ੍ਹ ਦਿਖਲਾਦੇ ਹਨ। ਪੁਰਾਣੇ ਕਵੀ ਹੂਬਹੂ ਵਰਣਨ ਤੋਂ ਲੰਘਕੇ ਕਵਿ ਸੰਕੇਤ ਸਮਾਨ ਬੀ ਜੇ ਦਰਸਾਉਣੇ ਜ਼ਰੂਰੀ ਹੋਣ ਦਰਸਾ ਜਾਇਆ ਕਰਦੇ ਸਨ ਤੇ ਇਸ ਨੂੰ ਦੂਸ਼ਨ ਨਹੀਂ ਸਨ ਮੰਨਦੇ ਜਿਹਾ ਕੁ ਤਾਲ ਦੀ ਕਵਿਤਾ ਤਾਂ ਪੂਰਣ ਹੈ ਜੇ ਕਵੀ ਕਵਲਾਂ ਦਾ ਜ਼ਿਕਰ ਬੀ ਵਿਚ ਲਿਆਵੇ, ਚਾਹੇ ਉਸ ਤਾਲ ਵਿਚ ਹੋਣ ਚਾਹੇ ਨਾ ਹੋਣ।

ਮੁਖ ਤੇ ਨਿਕਸਤਿ ਚਿਤ ਕੋ ਈਠੇ ॥੧੯॥
ਕਮਲ ਪਾਂਖਰੀ ਆਂਖ ਬਿਸਾਲਾ।
ਕ੍ਰਿਪਾ ਭਰੀ ਤੇ ਪਿਖਹਿਂ ਕ੍ਰਿਪਾਲਾ।
ਗਰ ਸ਼ਮਸ਼ੇਰ ਧਰੀ ਖਰ ਧਾਰਾ।
ਜਟਤਿ ਜਵਾਹਰ ਮੁਸ਼ਟ ਸੁਧਾਰਾ ॥੨੦॥
ਸਰ ਤੀਖਨ ਭੀਖਨ ਤੇ ਭਰਜੋ।
ਤਰਕਸ਼ ਮੁਕਤਾ ਗੁੱਛਨਿ ਜਰਜੋ।
ਧਰਹਿਂ ਧਨੁਖ ਕੋ ਅਧਿਕ ਕਠੋਰ।
ਐਂਚਜੋ ਜਾਇ ਨ ਨਰ ਕੋ ਜੋਰ ॥੨੧॥
ਸਰਬ ਸ਼ਸਤ੍ਰ ਕਬਿ ਨਿਕਟਿ ਧਰਾਵੈਂ।
ਕਬਿਹੂੰ ਅਪਨੇ ਅੰਗ ਲਗਾਵੈਂ।
ਬਾਕ ਪਿਤਾਮੇ ਕੋ ਨਿਤ ਪਾਲਤਿ।
ਜਿਸ ਕਾਰਨ ਤੇ ਜੰਗ ਨ ਡਾਲਤਿ ॥੨੨॥
ਤੁਰਕਾਦਿਕੁ ਜੇ ਰਿਪੁ ਹੁਇ ਆਵੈ।
ਔਚਕ ਬਿਘਨ ਤਿਨਹੁਂ ਪਰਿ ਜਾਵੈ।
ਆਇ ਸਕਹਿਂ ਨਹਿਂ ਨਿਕਟਿ ਅਰਾਤੀ।
ਬਿਨਸਤਿ ਬਿਨਾਂ ਬਾਰ ਬਿਨ ਘਾਤੀ[੧] ॥੨੩॥
ਜਾਮ ਜਾਮਨੀ ਜਾਗਨਿ ਕਰਿ ਹੀਂ।
ਸੌਚ ਸ਼ਨਾਨ ਠਾਨਿ ਪਟ ਧਰਿਹੀਂ।
ਬੈਠਹਿਂ ਮਨ ਪਾਵੈਂ ਬਿਸਰਾਮ।
ਇਕ ਲਿਵ ਲਗਹਿ ਆਤਮਾ ਰਾਮ ॥੨੪॥
ਰਾਗ ਦ੍ਵੈਸ਼ ਦ੍ਵੈਤ ਨ ਜਹਿਂ ਲੇਸ਼।
ਇਕ ਅਸ਼ੇਸ਼ ਮਹਿਂ ਨਹਿਂ ਨ ਕਲੇਸ਼[੨]।
ਆਵਹਿਂ ਬ੍ਰਿੰਦ ਰਬਾਬੀ ਪਾਸੇ।
ਆਸਾਵਾਰਿ ਸੁ ਰਾਗ ਪ੍ਰਕਾਸ਼ੇਂ ॥੨੫॥
ਜਿਮ ਅੰਮ੍ਰਿਤ ਕੀ ਬਰਖਾ ਹੋਇ।
ਸੁਨਹਿਂ ਪ੍ਰੀਤ ਵਡਭਾਗੀ ਜੋਇ।
ਹੋਇ ਪ੍ਰਕਾਸ਼ ਭੋਗ ਜਬਿ ਪਰੈ।
ਭਾਟ ਨਕੀਬ ਸੁਜਸੁ ਕੋ ਕਰੈਂ ॥੨੬॥
ਘਸਿ ਚੰਦਨ ਕੋ ਕੇਸਰ ਸਾਥ।

---
[੧](ਬਿਨਾਂ ਮਾਰੇ।
[੨]ਨਾਂਹੀ (ਜਿਸ ਵਿਚ ਕੋਈ) ਕਲੇਸ਼ ਹੈ (ਉਸ) ਇਕ ਪੂਰਨ ਵਿਚ (ਟੱਕਦੇ ਹਨ)।

ਆਨਹਿੰ ਦਾਸ ਧਰੇ ਜੁਗ ਹਾਥ।
ਸੁਭਹਿ ਗੁਰ ਮੁਖੀ ਦੀਰਘ ਨੀਕਾ।
ਨਿਜ ਕਰ ਸੰਗ ਨਿਕਾਸਹਿੰ ਟੀਕਾ ॥੨੭॥
ਦਰਸਹਿੰ ਬਿਚ ਆਦਰਸ਼[1] ਬਦਨ ਕੋ।
ਸ਼ੋਭਤਿ ਸੁੰਦਰ ਦੁਤੀ ਸਦਨ ਕੋ।
ਬਾਰੰਬਾਰ ਸ਼ਮਸ[2] ਪਰ ਹਾਥ।
ਫੇਰਤਿ ਕਰਹਿੰ ਸੁਧਾਰਨਿ ਨਾਥ ॥੨੮॥
ਸਭਾ ਸਥਾਨ ਬਹੁਰ ਚਲਿ ਆਵੈਂ।
ਸਕਲ ਸਮਾਜ ਦੇਖਿ ਸੁਖ ਪਾਵੈਂ।
ਚਹੁੰਦਿਸ਼ਿ ਤੇ ਬੰਦਨ ਗਨ ਹੋਵੈ।
ਜਿਤ ਦਿਸ਼ਿ ਪਿਖੈਂ ਤਾਪ ਤ੍ਰੈ ਖੋਵੈਂ ॥੨੯॥
ਹੋਤਿ ਬਿਲਾਵਲ ਚੌਕੀ ਫੇਰ।
ਬਜਤਿ ਮ੍ਰਿਦੰਗ ਰਬਾਬ ਬਡੇਰ।
ਸਭਾ ਲਗੀ ਸਭਿ ਸ਼ਬਦ ਸੁਨੰਤੇ।
ਬਿਮਲ ਆਤਮਾ ਹ੍ਵੈ ਮਤਿਵੰਤੇ ॥੩੦॥
ਕੇਚਿਤ ਗਜਾਨ ਬਾਰਤਾ ਬੂਝਹਿੰ।
ਉਪਦੇਸ਼ਹਿੰ ਤਿਸ ਆਤਮਾ ਸੂਝਹਿੰ।
ਕੇਚਿਤ ਸੇਵਾ ਕਰਹਿੰ ਬਿਸਾਲਾ।
ਹੋਹਿ ਪ੍ਰਸੰਨ ਕਟਹਿੰ ਜਮ ਜਾਲਾ ॥੩੧॥
ਕੇਚਿਤ ਕਰਹਿੰ ਭਗਤਿ ਅਭਿਰਾਮੂ।
ਉਪਦੇਸ਼ਤਿ ਗੁਰ ਤਿਨ ਸਤਿਨਾਮੂੰ।
ਐਸੀ ਲਿਵ ਲਾਗਹਿ ਉਰ ਅੰਤਰ।
ਸਿਮਰਨਿ ਨਿਸ ਦਿਨ ਰਹੈ ਨਿਰੰਤਰ ॥੩੨॥
ਜਿਸ ਤੇ ਮਨ ਹੁਇ ਜਾਇ ਇਕਾਗਰ।
ਜਥਾ ਜੋਤਿ ਜੋਗੀਨਿ ਉਜਾਗਰ।
ਅੰਤ ਸਮੇਂ ਗੁਰ ਪੁਰਿ ਮਹਿੰ ਬਾਸਹਿੰ।
ਜਹਾਂ ਸਦੀਵ ਅਨੰਦ ਪ੍ਰਕਾਸ਼ਹਿ ॥੩੩॥
ਕੇਚਿਤ ਪਾਵਹਿੰ ਆਤਮ ਗਜਾਨ।
ਜਨਮ ਜਨਮ ਕੇ ਬੰਧਨ ਹਾਨਿ।
ਡੇਢ ਜਾਮ ਲੌ ਜਬਿ ਦਿਨ ਆਵੈ।

---

[1]ਸ਼ੀਸੇ ਵਿਚ।
[2]ਦਾੜ੍ਹੇ।

ਤਾਵਤ ਬੈਠੇ ਸਭਾ ਸੁਹਾਵੈ ॥੩੪॥
ਜਥਾ ਜੋਗ ਉਪਦੇਸ਼ਹਿਂ ਦਾਸ।
ਕਰਹਿਂ ਕੁਮਤਿ ਕੇ ਬੰਧ ਬਿਨਾਸ਼।
ਪੁਨਹਿ ਰਸੋਈਆ ਹਾਦਰ ਹੋਇ।
ਠਾਢੋ ਰਹੈ ਬੰਦਿ ਕਰ ਦੋਇ ॥੩੫॥
ਦ੍ਰਿਸ਼ਟਿ ਪਰਹਿ ਤਬ ਅਰਜ਼ ਗੁਜ਼ਾਰਹਿ।
'ਮਹਾਰਾਜ ਜੀ! ਭੋਜਨ ਤਯਾਰਹਿ।'
ਉਠਹਿਂ ਗੁਰੂ, ਸੁਚ ਸੰਗ ਸਥਾਨ।
ਬੈਠਹਿਂ[1], ਚਰਨ ਪਖਾਰਹਿਂ ਪਾਨ ॥੩੬॥
ਇਕ ਚੌਂਕੀ ਪਰ ਦੀਰਘ ਥਾਰ।
ਇਕ ਪਰ ਬੈਠਹਿਂ ਆਪ ਉਦਾਰ।
ਮਨ ਭਾਵਤਿ ਅਚਿ ਭੋਜਨ ਨਾਨਾ।
ਪਾਨੀ ਪਾਨ ਪਖਾਰਹਿਂ ਪਾਨਾ[2] ॥੩੭॥
ਪੁਨ ਉਠਿ ਸੁਠ ਪ੍ਰਯੰਕ ਪਰ ਥਿਰੈਂ।
ਕੇਤਿਕ ਕਾਲ ਸੁਖੋਪਤਿ ਧਰੈਂ।
ਡੇਢ ਜਾਮ ਦਿਨ ਤੇ ਉਠ ਕਰਿ ਕੈ।
ਧਰਹਿਂ ਸੌਚ ਆਲਸ ਪਰਹਰਿ ਕੈ ॥੩੮॥
ਬਹੁਰ ਦਿਵਾਨ ਬਿਖੈ ਥਿਤ ਹੋਇ।
ਦਰਸ਼ਨ ਕਰਹਿ ਆਨਿ ਸਭਿ ਕੋਇ।
ਸੰਧਯਾ ਲਗਿ ਸੁਨਿ ਸ਼ਬਦ ਸੁ ਰਾਗ।
ਕਰਹਿਂ ਸ਼੍ਰੇਯ ਜਨ ਪਿਖਿ ਅਨੁਰਾਗ ॥੩੯॥
ਚਤਰ ਘਟੀ ਨਿਸ ਬੀਤੀ ਹੇਰਿ।
ਭੋਜਨ ਕਰਹਿਂ ਗੁਰੂ ਪੁਨ ਫੇਰ।
ਜਾਮ ਜਾਇ ਨਿੰਦ੍ਰਾ ਬਸਿ ਹੋਇਂ।
ਪੌਢਹਿਂ ਬਰ ਪ੍ਰਯੰਕ ਪਰ ਸੋਇ ॥੪੦॥
ਜਾਮ ਜਾਮਨੀ ਤੇ ਪੁਨ ਜਾਗਹਿਂ।
ਸੌਚ ਸ਼ਨਾਨ ਕਰਨਿ ਕੋ ਲਾਗਹਿਂ।
ਇਕ ਸੌ ਇਕ ਗਾਗਰ ਕੇ ਸੰਗ।
ਸਰਬ ਰਿਤੁਨਿ ਮੱਜਤਿ ਸਰਬੰਗ ॥੪੧॥
ਇਮ ਨਿਸ ਦਿਨ ਕੀ ਕ੍ਰਿਯਾ ਕਰੰਤੇ।

---

[1]ਸੁੱਚਤਾ ਵਾਲੇ ਥਾਂ ਤੇ ਜਾ ਬੈਠਦੇ ਹਨ।
[2]ਪਾਨੀ ਪੀਕੇ ਹੱਥ ਧੋਂਵਦੇ ਹਨ।

ਜਿਨ ਤੇ ਜਨ ਅਨੇਕ ਉਧਰੰਤੇ।
ਖਸ਼ਟ ਮਾਸ ਕੀਰਤਿਪੁਰਿ ਮਾਂਹੀ।
ਕਰਜੋ ਬਾਸ ਸਤਿਗੁਰ ਚਿਤਚਾਹੀ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਗੁਰ ਨਿਤ ਬਿਵਹਾਰ' ਪ੍ਰਸੰਗ ਬਰਨਨੰ ਨਾਮੁ ਦਵਾਦਸ਼ਮੋ ਅੰਸੂ ॥੧੨॥

## ੧੩. [ਗੁਰੂ ਜੀ ਦਾ ਡੇਰਾ ਤੁਰਕਾਂ ਦੇ ਘੇਰੇ ਵਿਚ]

੧੨<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੪

ਦੋਹਰਾ: ਰਹਜੋ ਕੋਸ ਭਰ ਨਗਰ ਤੇ, ਗੌਰਾ ਸਿਵਰ ਲਗਾਇ।
ਚਾਹਤਿ ਕਰਜੋ ਪ੍ਰਸੰਨ ਗੁਰ, ਘਾਤ[1] ਕਛੂ ਨਹਿਂ ਪਾਇ ॥੧॥
ਚੌਪਈ: ਨਿਸ ਦਿਨ ਸਿਮਰਨਿ ਕਰਤਿ ਬਿਤਾਵੈ।
ਨਿਜ ਸੈਨਾ ਕੋ ਧੀਰ ਧਰਾਵੈ।
ਖਾਨ ਪਾਨ ਤੇ ਪੋਖਨਿ ਕਰੈ।
ਸ਼ਸਤ੍ਰ ਬਸਤ੍ਰ ਤੇ ਤਜਾਰੀ ਧਰੈ ॥੨॥
ਸ੍ਰੀ ਹਰਿਰਾਇ ਚਢਨਿ ਕੋ ਚਾਹਾ।
ਬਿਚਰਹਿਂ ਦੇਸ਼ਨਿ ਜੰਗਲ ਮਾਂਹਾ।
ਸਨੇ ਸਨੇ ਸਤੱਦ੍ਰਵ ਕੇ ਤੀਰ।
ਗਮਨੇ ਸੰਗ ਮਹਾਂ ਭਟ ਭੀਰ ॥੩॥
ਬਜਹਿਂ ਦੁਚੋਬ ਦੁੰਦਭਿਨਿ ਦੀਹਾ[2]।
ਜਿਹ ਸੁਨਿ ਸੂਰਨਿ ਹੁਇ ਰਣ ਪ੍ਰੀਹਾ[3]।
ਹਯ ਪ੍ਰੇਰਹਿਂ ਗਹਿਂ ਤੁਪਕ ਚਲਾਵਹਿਂ[*]।
ਕੇਚਤਿ ਵਾਹਨਿ ਪੁਸ਼ਟ ਕੁਦਾਵਹਿਂ ॥੪॥
ਸ੍ਰੀ ਹਰਿਰਾਇ ਅਰੂਢਿ ਤੁਰੰਗ।
ਬੇਗੀ ਚੰਚਲ ਬਲ ਸਰਬੰਗ।
ਬਾਗ ਉਠਾਇ ਤੁੰਦ ਤਬਿ ਕਰਜੋ।
ਨਟ ਸਮ ਫਾਂਦਤਿ ਚਪਲਤਿ ਚਪਜੋ ॥੫॥
ਕਰਹਿਂ ਕਦਾਇਵ ਤੋਮਰ ਤੀਰ।
ਜਿਮ ਰਣ ਮਾਰਤਿ ਹੈਂ ਬਰ ਬੀਰ।
ਅਧਿਕ ਧਵਾਇ ਦੀਨਿ[4] ਮੈਦਾਨ।
ਮਨ ਮਨਿੰਦ ਜਿਹ ਬੇਗ ਮਹਾਨ ॥੬॥
ਸਭਿਨਿ ਦਿਖਾਇ ਫੇਰਿ ਕਰਿ ਆਛੇ।
ਖਰੇ[+] ਮਿਲਾਵਨ ਸੈਨਾ ਪਾਛੇ[5]।

---

[1]ਦਾਉ, ਮੌਕਾ।
[2]ਭਾਰੀ।
[3](ਦੀ) ਇੱਛਾ।
[*]ਪਾ:-ਪਲਾਵਹਿ।
[4]ਭਜਾ ਦਿੱਤਾ।
[+]ਪਾ:-ਕਰੇ।
[5]ਪਿਛਲੀ ਸੈਨਾ ਨੂੰ ਮਿਲਾਵਣ ਲਈ ਖੜੋਤੇ।

ਮਾਰਗ ਚਲਤਿ ਅਨੇਕ ਪ੍ਰਕਾਰਾ।
ਕੌਤਕ ਕਰਤਿ ਗੁਰੂ ਕਰਤਾਰਾ ॥੭॥
ਸਿੱਖੀ ਮਗ ਦਿਢ ਕਰਨਿ ਅਨੂਪ।
ਜਗਤੇਸ਼ੁਰ ਕੋ ਸਪਤਮ ਰੂਪ।
ਸੱਤਦ੍ਰਵ ਤੀਰ ਤੀਰ ਚਲਿ ਆਵੈਂ।
ਦਿਨ ਗਮਨੈਂ ਡੇਰਾ ਨਿਸ ਪਾਵੈਂ ॥੮॥
ਕੇਤਿਕ ਮਹਿਲਾਂ++ ਕੇ ਸੰਗ ਡੋਰੇ।
ਲਜਾਏ ਸਤਿਗੁਰ ਇਤ ਹੀ ਓਰ।
ਸਜੰਦਨਿ[1] ਸਕਟਨਿ[2] ਮਹਿਂ ਗਨ ਦਾਸੀ।
ਸੇਵਾ ਠਾਨਹਿਂ ਜੇ ਨਿਜ ਪਾਸੀ ॥੯॥
ਜਹਾਂ ਪ੍ਰਭੁ ਉਤਰੇ ਸੁਖ ਪਾਯੋ।
ਹਿਤ ਤੇ ਗੌਰਾ ਕੋਸ ਰਹਾਯੋ।
ਸੰਗ ਤੀਨ ਸੈ ਭਟ ਅਸਵਾਰ।
ਰਚਹਿਂ ਜੰਗ ਬਡ ਆਯੁਧ ਧਾਰਿ ॥੧੦॥
ਨਿਸ ਬਿਸਰਾਮ ਕੀਨਿ ਸੁਖ ਪਾਏ।
ਖਾਨ ਪਾਨ ਤੇ ਪੁਨ ਸੁਪਤਾਏ।
ਭਈ ਪ੍ਰਭਾਤਿ ਸੌਚ ਇਸ਼ਨਾਨੇ।
ਜ਼ੀਨ ਡਾਰਿਹਯ ਕੀਨਿ ਪਯਾਨੇ ॥੧੧॥
ਸ਼੍ਰੀ ਹਰਿਰਾਇ ਅਗਾਰੀ ਚਾਲੇ।
ਦੁੰਦਭਿ ਬਜਯੋ ਚਢਯੋ ਦਲ ਨਾਲੇ।
ਪਾਛੇ ਸਤਿਗੁਰ ਕੌ ਰਣਵਾਸ।
ਡੋਰੇ ਸਜੰਦਨ ਦਾਸੀ ਦਾਸ ॥੧੨॥
ਸੁਧ ਲੇ ਕਰਿ ਗੌਰਾ ਚਢਿ ਚਾਲਾ।
ਨਿਜ ਬਜਵਾਇ ਨਿਸ਼ਾਨ ਬਿਸਾਲਾ।
ਸਤੁਦ੍ਰਵ ਨਿਕਟਿ ਨਿਕਟਿ ਚਲਿ ਆਵੈ।
ਸਕਲ ਬਹੀਰ ਪਰਯੋ ਤਿਤ ਜਾਵੈ ॥੧੩॥
ਲਵਪੁਰਿ ਤੇ ਤੁਰਕਨਿ ਕੋ ਡੇਰਾ।
ਜਾਤਿ ਚਲਯੋ ਉਮਰਾਵ ਬਡੇਰਾ।

---

++ਸੱਤਵੇਂ ਸਤਿਗੁਰਾਂ ਦੇ ਪ੍ਰਸੰਗ ਵਿਚ ਕਵੀ ਜੀ ਨੇ ਵਿਆਹ ਨਹੀਂ ਦਰਸਾਏ। ਬੰਸਾਵਲੀ ਦੇ ਅੰਸੂ ਵਿਚ ਵਿਵਾਹ ਦੱਸੇ ਹਨ, ਪਰ ਇਨ੍ਹਾਂ ਤੋਂ ਪੁਰਾਤਨ ਗ੍ਰੰਥ ਮਹਿਮਾਂ ਪ੍ਰਕਾਸ਼ ਵਿਚ ਇਕ ਵਿਆਹ ਆਇਆ ਹੈ, ਦੇਖੋ ਰਾਸਿ ੫ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ।

[1]ਰਥਾ।

[2]ਗੋਡਿਆਂ।

ਦਿੱਲੀ ਪੁਰਿ ਤੁਰਕੇਸ਼ਰ ਤੀਰ।
ਪਹੁੰਚਯੋ ਚਹੈ ਮਹਾਂ ਭਟ ਭੀਰ ॥੧੪॥
ਸ਼੍ਰੀ ਹਰਿਰਾਇ ਅਗਾਰੀ ਆਏ।
ਪਾਛੇ ਮਹਿਲਾਦਿਕ ਸਮੁਦਾਏ।
ਸਨੇ ਸਨੇ ਚਲਿਬੋ ਤਿਨ ਹੋਇ।
ਤੁਰਕਨਿ ਅਨੀ[1] ਬਿਲੋਕੇ ਸੋਇ ॥੧੫॥
ਬੂਝਯੋ 'ਇਹ ਕਿਸ ਕੋ ਹੈ ਡੇਰਾ?
ਗਮਨਤਿ ਜਾਤਿ ਵਹੀਰ ਬਡੇਰਾ।
ਕਹਯੋ ਸੁਨਾਇ 'ਗੁਰੂ ਹਰਿਰਾਇ।
ਆਗੇ ਗਏ ਸੈਨ ਸਮੁਦਾਇ ॥੧੬॥
ਤਿਨ ਕੋ ਇਹ ਬਹੀਰ ਉਤ ਜਾਈ।'
ਜਬਿ ਤੁਰਕਨਿ ਐਸੀ ਸਧਿ ਪਾਈ।
ਸੋ ਉਮਰਾਵ ਕਹਨਿ ਤਬਿ ਲਾਗਯੋ।
ਪ੍ਰਥਮ ਸ਼ੱਤ੍ਰਤਾ ਕੋਪ ਸੁ ਜਾਗਯੋ ॥੧੭॥
'ਇਨ ਕੋ ਹੁਤੋ ਪਿਤਾਮਾ ਜਬੈ।
ਮੋਰ ਪਿਤਾਮਾ ਮਾਰਯੋ ਤਬੈ।
ਮੁਗਲਸਖਾਨ ਬੀਰ ਬਰ ਬੰਕਾ।
ਰਣ ਮੈਂ ਕਰਯੋ ਸੰਘਾਰ ਨਿਸ਼ੰਕਾ ॥੧੮॥
ਅਬਿ ਔਚਕ ਭਾ ਮੇਲ ਹਮਾਰਾ।
ਲੂਟ ਲੇਉ ਇਨ ਕੋ ਦਲ ਸਾਰਾ।
ਸਯੰਦਨ ਡੋਰੇ ਲੀਜਹਿ ਘੇਰ।
ਜਾਨਿ ਨਹੀਂ ਦਿਹੁ ਇਨਹਿ ਅਗੇਰ ॥੧੯॥
ਤੋਰੇ ਸਕਲ ਧੁਖਾਵਨਿ ਕਰੋ।
ਜੇ ਕਰਿ ਖਰੇ ਕਰਹਿ ਤਬਿ ਲਰੋ[2]।'
ਇਮ ਸੁਨਿ ਸ਼੍ਰੋਨ ਤੁਰਕ ਸਮੁਦਾਏ।
ਘੇਰਿ ਬਹੀਰ ਖਰੇ ਅਗੁਵਾਏ ॥੨੦॥
ਇਕ ਅਸਵਾਰ ਧਵਾਵਤਿ ਗਯੋ।
ਮਿਲਯੋ ਗੁਰੂ ਸੰਗ ਭਾਖਤਿ ਭਯੋ।
'ਪ੍ਰਭੁ ਜੀ! ਆਪ ਚਲੇ ਇਤ ਜਾਤੇ।
ਪੀਛੇ ਮਿਲੇ ਤੁਰਕ ਰਿਸ ਰਾਤੇ ॥੨੧॥

---

[1]ਤੁਰਕਾਂ ਦੀ ਫੌਜ ਨੇ।
[2]ਜੇਕਰ (ਆਪਣਾ ਦਲ ਲੜਨ ਲਈ) ਖੜਾ ਕਰਨ ਤਦੋਂ ਲੜੋ।

ਘੇਰਯੋ ਸਕਲ ਵਹੀਰ ਤੁਮਾਰਾ।
ਹਟਿ ਕਰਿ ਬਨਹੁ ਸਹਾਇ ਉਦਾਰਾ।'
ਸੁਨਿ ਕਰਿ ਪ੍ਰਭੁ ਤੁਰੰਗ ਠਹਿਰਾਯੋ।
ਸਕਲ ਪ੍ਰਬਲ ਦਲ ਸੰਗ ਮਿਲਾਯੋ ॥੨੨॥
-ਆਨਿ ਜੰਗ ਕੋ ਕਾਰਜ ਪਰਯੋ।
ਹਮਹਿਂ ਪਿਤਾਮੇ ਬਰਜਨਿ ਕਰਯੋ।
ਅਸਮੰਜਸ ਹੋਈ ਅਬਿ ਆਨਿ-।
ਖਰੇ ਬਿਚਾਰਯੋ ਗੁਰ ਭਗਵਾਨ ॥੨੩॥
ਸ਼੍ਰੀ ਮੁਖ ਬੂਝਯੋ 'ਕੌਨ ਪਿਛਾਰੀ?
ਜਥੇਦਾਰ ਆਵਤਿ ਬਲ ਭਾਰੀ।'
ਹਾਥ ਜੋਰਿ ਤਿਨ ਸਕਲ ਸੁਨਾਈ।
'ਪ੍ਰਭੁ ਜੀ ਸੈਨਾ ਸਭਿ ਚਲਿ ਆਈ ॥੨੪॥
ਸ਼ਸਤ੍ਰਹੀਨ ਸਭਿ ਆਇ ਪਿਛਾਰੇ।
ਸੁਨਯੋ ਦੂਰ ਦੁੰਦਭਿ ਧੁਨਕਾਰੇ।
ਭਗਤੂ ਕੇਰ ਨਿਨਾਵਾ[1] ਆਵਤਿ।
ਅਪਰ ਨ ਸੈਨਾਪਤਿ ਕੋ ਪਾਵਤਿ' ॥੨੫॥
ਸੁਨਿ ਕਰਿ ਸ਼੍ਰੀ ਹਰਿਰਾਇ ਬਖਾਨਾ।
'ਜੇ ਭਗਤੂ ਸੁਤ ਹੈ ਤਿਸ ਥਾਨਾ।
ਅਪਨੀ ਮਾਤਨਿ ਆਪਹਿ ਲਜਾਵਹਿ।
ਲਰਹਿ ਤੁਰਕ ਸੋਂ ਸਕਲ ਬਚਾਵਹਿਂ' ॥੨੬॥
ਇਮ ਕਹਿ ਚਪਲ ਤੁਰੰਗ ਚਲਾਯੋ।
ਪਾਛੇ ਕਟਕ ਚਲ੍ਯੋ ਉਮਡਾਯੋ।
ਮਨ ਮਹਿਂ ਗਿਨਹਿਂ[2] -ਨ ਸਤਿਗੁਰ ਮੁਰੇ।
ਹਮ ਕੋ ਲਰਨਿ ਹੁਕਮ ਨਹਿਂ ਕਰੇ ॥੨੭॥
ਦਲ ਤੁਰਕਨਿ ਕੋ ਹੋਇ ਘਨੇਰਾ।
ਹਮ ਮਾਰਹਿਂ, ਤਹਿਂ ਕਹੈਂ ਨ ਫੇਰਾ[3]-।
ਗੁਰ ਸਨਮੁਖ ਕੋ ਕਹੇ ਨ ਬੈਨ।
ਸੰਗ ਚਲਤਿ ਕਰਿ ਨੀਚੇ ਨੈਨ ॥੨੮॥
-ਆਵਤਿ ਅੰਤਹਿਪੁਰਿ ਗੁਰ ਕੇਰਾ।

---
[1]ਭਗਤੂ ਦਾ ਪੁੱਤ੍ਰ ਨਿਨਾਵਾ।
[2](ਸੂਰਮੇ) ਮਨ ਵਿਚ ਵਿਚਾਰਦੇ ਹਨ।
[3]ਜੇ ਅਸੀਂ ਮਾਰੀਏ ਤਾਂ ਫਿਰ ਕਹਿਣ ਨਾ (ਜੋ ਤੁਸੀਂ ਕਿਉਂ ਲੜੇ)।

ਇਹ ਕਾਰਜ ਭਾ ਖੋਟ ਬਡੇਰਾ-।
ਸਭਿ ਜੋਧਾ ਸੈਨਾਪਤਿ ਆਦਿ।
ਤੂਸ਼ਨਿ ਚਲੇ ਬਿਨਾਂ ਅਹਿਲਾਦ ॥੨੯॥
ਜਹਾਂ ਤੁਰਕ ਦਲ ਇਕਠੋ ਹੋਯੋ।
ਆਨਿ ਤਹਾਂ ਗੌਰੇ ਸਭਿ ਜੋਯੋ।
ਨਿਜ ਅਸਵਾਰਿਕ[1] ਤਹਾਂ ਪਠਾਯੋ।
'ਗੁਰ ਵਹੀਰ ਕਯੋਂ ਤੁਮ ਅਟਕਾਯੋ? ॥੩੦॥
ਆਗਾ ਛੋਰਿ ਦੇਹੁ ਹਮ ਜਾਨਾ।
ਨਾਂਹਿ ਤ ਪਰਹਿ ਸ਼ਸਤ੍ਰ ਘਮਸਾਨਾ।
ਇਹਾਂ ਪ੍ਰਜਾ ਕੇ ਨਾਂਹਿਨ ਲੋਕ।
ਕਰਿ ਬਲ ਕੋ ਜਿਨ ਲੇਤੇ ਰੋਕ ॥੩੧॥
ਮਾਰਨ ਮਰਨੋ ਕਾਜ ਹਮਾਰੋ।
ਨਹਿਂ ਸਨਮੁਖ ਹੁਇ ਖਰੇ ਨਿਹਾਰੋ[2]।'
ਸੁਨਿ ਤੁਰਕਨਿ ਮਨ ਮਾਨ ਬਡੇਰੇ।
ਭਾਖੇ ਬਾਕ ਸਕੋਪ ਘਨੇਰੇ ॥੩੨॥
'ਸ਼ਸਤ੍ਰ ਤੁਹਾਰੇ ਲੈ ਹੈਂ ਛੀਨ।
ਹਤਹਿਂ ਨ ਫੇਰ ਬਨਹੁ ਜੇ ਦੀਨ[3]।
ਜੇ ਪ੍ਰਿਯ ਪ੍ਰਾਨ ਆਪਨੇ ਜਾਨਹੁ।
ਹਯ ਆਯੁਧ ਕੋ ਤਜਾਗਿ ਪਯਾਨਹੁ' ॥੩੩॥
ਇਮ ਗੌਰੇ ਜਬਿ ਤਿਨ ਕੀ ਸੁਨੀ।
ਲਰਨ ਹੇਤੁ ਰਿਸ ਕੀਨਸਿ ਘਨੀ।
-ਅਬਿ ਗੁਰ ਹਿਤ ਕੈ ਪ੍ਰਾਨ ਗਵਾਵੌਂ।
ਕੈ ਰਣ ਜੀਤਿ ਖਤਾ ਬਖ਼ਸ਼ਾਵੌਂ ॥੩੪॥
ਸਮਾਂ ਪ੍ਰਤੀਖਤਿ ਰਹਯੋ ਹਮੇਸ਼।
ਪਾਯੋ ਆਜ ਸਮੋਂ ਇਹ ਬੇਸ਼[4]।
ਮੋ ਕੋ ਸ੍ਰਾਪ ਦੇਇ ਸਮੁਦਾਇ।
ਦੋਨਹੁੰ ਲੋਕਨਿ ਕਸ਼ਟ ਉਪਾਇ ॥੩੫॥
ਸੋ ਅਬਿ ਮਿਟਹਿ ਕਰਹਿਂ ਪੁਰਸ਼ਾਰਥ।

---

[1]ਇਕ ਅਸਵਾਰ।
[2]ਸਾਮ੍ਹਣੇ ਖੜੇ ਹੋ ਕੇ ਨਾ ਤੱਕੋ, ਭਾਵ ਰਾਹ ਛੱਡ ਦਿਓ।
[3]ਜੇ ਦੀਨ ਬਣੋਗੇ ਤਾਂ ਫੇਰ ਨਹੀਂ ਮਾਰਾਂਗੇ।
[4]ਵਧੀਆ, ਚੰਗਾ।

ਇਸ ਤੇ ਕੋ ਆਛੋ ਹੁਇ ਸ੍ਵਾਰਥ-।
ਇਮ ਗਿਨ ਮਨ ਮਹਿਂ ਬਹੁ ਉਤਸਾਹਾ।
-ਕਰੌਂ ਜੰਗ ਭੀਖਨ- ਚਿਤ ਚਾਹਾ ॥੩੬॥
-ਜੇ ਅਬਿ ਲਰੌਂ ਨ ਮੈਂ ਰਿਸ ਧਰਿ ਕੈ।
ਕਰੌਂ ਨ ਮਾਰਨ ਮਰਨ ਬਿਚਰਿ ਕੈ।
ਗੁਰ ਕੋ ਕਾਜ ਬਿਗਰ ਬਡ ਜੈ ਹੈ।
ਤੁਰਕ ਨ ਟਰਹਿਂ ਲੂਟਿ ਸਭਿ ਲੈ ਹੈਂ ॥੩੭॥
ਧ੍ਰਿਗ ਜੀਵਨ ਮੇਰੋ ਜਗ ਮਾਂਹੀ।
ਕਹੈ ਜਗਤ 'ਜੋਧਾ ਇਹ ਨਾਂਹੀ।
ਬਿਗਰਤਿ ਗੁਰ ਕੋ ਕਾਜ ਨਿਹਾਰਾ।
ਲਰਿ ਕਰਿ ਗਨ ਰਿਪੁ ਕੋ ਨਹਿਂ ਮਾਰਾ' ॥੩੮॥
ਯਾਂ ਤੇ ਸਫਲ ਮਰਨ ਹੈ ਮੇਰਾ।
ਜੀਤੇ ਸੁਧਰਹਿ ਕਾਜ ਬਡੇਰਾ।
ਭਏ ਸਹਾਇ ਆਨਿ ਗੁਰ ਨਾਥ।
ਜਿਸ ਤੇ ਅਵਸਰ ਲਹਿ ਅਸ ਹਾਥ[1]- ॥੩੯॥
ਇਮ ਬਿਚਾਰ ਕਰਿ ਹੁਕਮ ਬਖਾਨਾ।
'ਜੰਗੀ ਦੇਹੁ ਬਜਾਇ ਨਿਸ਼ਾਨਾ।
ਭੋ ਸਿਖਹੁ ! ਲਿਹੁ ਬਲ ਸੰਭਾਰੇ।
ਜੁਗ ਲੋਕਨਿ ਕੇ ਗੁਰ ਰਖਵਾਰੇ ॥੪੦॥
ਪਜਾਰੇ ਪ੍ਰਾਨ ਨਹੀਂ ਅਬਿ ਕੀਜਹਿ।
ਤੁਰਕ ਸਿੰਘਾਰਨਿ ਮਹਿਂ ਮਨ ਦੀਜਹਿ।'
ਸੁਭਟ ਤੀਨ ਸੈ ਹੁਤੇ ਜੁ ਸੰਗ।
ਸਭਿ ਕੋ ਪ੍ਰੇਰਤਿ ਭਾ ਹਿਤ ਜੰਗ ॥੪੧॥
ਸਭਿ ਸੂਰਨਿ ਕੋ ਭਯੋ ਅਨੰਦ।
-ਤੁਰਕ ਬ੍ਰਿੰਦ ਕੋ ਕਰਹਿਂ ਨਿਕੰਦ-।
ਜਬਿ ਦੁੰਦਭਿ ਇਨਹੂੰ ਬਜਵਾਯੋ।
ਲਸ਼ਕਰ ਲਰਿਬੇ ਕੋ ਉਮਡਾਯੋ ॥੪੨॥
ਸਭਿ ਬਹੀਰ ਇਕ ਦਿਸ਼ਿ ਮਹਿਂ ਕਰਜੋ।
ਫਰਕ ਸਾਥ ਗੁਰ ਦਿਸ਼ਿ ਚਲ ਪਰਜੋ।
ਰੋਕਨਿ ਲਗੇ, ਸੁ ਗੌਰਾ ਅਰਜੋ[2]।

---

[1](ਮਸਾਂ) ਐਸਾ ਸਮਾਂ ਲੱਝਾ ਹੈ।
[2]ਤੁਰਕ ਰੋਕਣ ਲੱਗੇ ਤਾਂ ਗੌਰਾ ਅੜ ਖਲੋਤਾ।

ਤਜਾਗਿ ਤੁਫੰਗੈਂ[1] ਤੂਰਨ ਲਰਜੋ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਤੁਰਕਨ ਸੋ ਬਖੇਰਾ' ਪ੍ਰਸੰਗ ਬਰਨਨੰ ਨਾਮ ਤ੍ਰਜੋਦਸਮੋ ਅੰਸੂ ॥੧੩॥

[1] ਬੰਦੂਕਾਂ ਚਲਾ ਕੇ।

## ੧੪. [ਗੌਰੇ ਦਾ ਤੁਰਕਾਂ ਨਾਲ ਯੁੱਧ]

੧੩<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੫

ਦੋਹਰਾ: ਸ਼ਲਖ ਤੁਫੰਗਨਿ ਕੀ ਛੁਟੀ,
ਲਗੇ ਤੁਰਕ ਤਨ ਘਾਇ।
ਗਿਰੇ ਤੁਰੰਗਨਿ ਤੇ ਤੁਰਤ,
ਜੇ ਅਤਿ ਹੈਂ ਅਗੁਵਾਇ[1] ॥੧॥

ਭੁਜੰਗ ਛੰਦ: ਲਿਯੋ ਘੇਰ ਆਗੋ ਖਰੋ ਤਾਂਹਿ ਠੌਰੇ।
ਸਭੈ ਰੋਕਿ ਸੱਤ੍ਰੂ, ਬਡੇ ਬੀਰ ਗੌਰੇ।
ਭਯੋ ਦੂਰ ਕੋ ਪੰਥ ਚਾਲਯੋ ਬਹੀਰਾ।
ਗੁਰੂ ਓਰ ਕੋ, ਛੋਰਿ ਚਿੰਤਾ, ਸਧੀਰਾ[2] ॥੨॥
ਰਿਪੂ ਦੌਰਿ, ਜਾਂਹੀ ਦਿਸ਼ਾ ਕੋ ਚਲੰਤੇ[3]।
ਤਿਤੈ ਘੇਰਿ ਆਗੈ ਤੁਫੰਗੈਂ ਹਨੰਤੇ[4]।
ਨਹੀਂ ਜਾਨਿ ਦੀਨੇ ਬਹੀਰੰ ਪਿਛਾਰੀ।
ਰਚਜੋ ਜੰਗ ਭੀਮੰ ਰਿਸੇ ਸ਼ਸਤ੍ਰ ਧਾਰੀ ॥੩॥
ਕਰੇ ਤੇਜ ਤਾਜੀ ਧਰੇ ਹਾਥ ਨੇਜੇ।
ਪਰੋਏ ਪਰੇ* ਸੋ ਜਮੰਧਾਮ ਭੇਜੇ[5]।
ਚਲੈਂ ਤੀਰ ਤੀਖੇ ਧਸੈਂ ਦੇਹ ਫੋਰੇਂ।
ਗਿਰੇ ਬੀਰ ਭੂਮੈਂ, ਫਿਰੈਂ ਛੂਛ ਘੋਰੇ ॥੪॥
ਕੜਾਕਾੜ ਬੰਦੂਕ ਛੁੱਟੀ ਕੜੱਕੈਂ।
ਭਏ ਘਾਵ ਜੋਧਾਨਿ ਤੇਗੇ ਸੜੱਕੈਂ।
ਮਿਲੈਂ ਬੀਰ, ਬਾਹੈਂ ਕਟੈਂ ਅੰਗ ਡਾਰੈਂ।
ਕਰੈਂ ਬੀਰ ਹੇਲਾ ਸੁ ਮਾਰੰ ਪੁਕਾਰੈਂ ॥੫॥
ਜਬੈ ਮਾਰ ਐਸੀ ਕਰੀ ਸੂਰ ਗੋਰੇ।
ਹਟੇ ਮੂੰਡ ਫੂਟੇ* ਪਿਖੇ ਤਾਂਹਿ ਠੌਰੇ।
ਪਰੇ ਘਾਵ ਖੈ ਕੇ ਕਿਤੇ ਪਾਨਿ ਜਾਚੇਂ।
ਭਕਾਭੱਕ ਲੋਹੂ ਚਲੈ ਧੂਲ ਰਾਚੇ ॥੬॥

---

[1]ਮੂਹਰਲੇ।
[2]ਵਹੀਰ (ਤੁਰਕ ਦਲ ਤੋਂ) ਦੂਰ ਹੋ ਕੇ ਗੁਰੂ ਜੀ ਦੀ ਤਰਫ ਵਾਲੇ ਰਸਤੇ ਤੇ ਚੱਲ ਪਿਆ, ਚਿੰਤਾ ਛੱਡ ਕੇ, ਧੀਰਜ ਨਾਲ।
[3](ਜਿਸ) ਤਰਫ ਨੂੰ (ਵਹੀਰ) ਜਾਂਦਾ ਸੀ।
[4](ਗੌਰੇ ਹੁਰੀਂ) ਬੰਦੂਕਾਂ ਮਾਰਦੇ।
*ਪਾ:-ਬਰੇ = ਵੜਿਆਂ ਵਾਂਙੂ।
[5](ਜੋ) ਪਰੋਏ ਗਏ......। (ਅ) ਪਰੋਕੇ ਪਰੇ (ਦੂਰ ਸੱਟੇ ਤੇ) ਜਮ ਧਾਮ ਨੂੰ ਭੇਜੇ।
*ਪਾ:-ਮੂਢ ਖੋਟੇ।

ਦੋਹਰਾ: ਠਟਕੀ[1] ਚਮੂੰ ਬਿਲੋਕਿ ਕੈ, ਰਿਸਜੋ ਕਹਤਿ ਉਮਰਾਵ।
ਪਿਖਹੁ ਕਹਾਂ ਠਾਂਢੇ ਅਬਿਹ, ਕਜੋਂ ਨ ਡਾਲਤੇ ਘਾਵ ॥੭॥
ਇਨਹਿ ਪਲਾਵਹੁ ਜੇ ਖਰੇ, ਇਕ ਬਿਰ ਹੇਲਾ ਡਾਲਿ।
ਪੁਨ ਬਹੀਰ ਲੂਟਹੁ ਸਕਲ, ਬਡੋ ਸਮਾਲਹੁ ਮਾਲ' ॥੮ ॥

ਰਸਾਵਲ ਛੰਦ: ਸੁਨੀ ਕਾਨ ਬਾਨੀ। ਪਤੀ ਜਾਨ ਮਾਨੀ[2]।
ਤੁਫੰਗੈਂ ਸੰਭਾਰੀ। ਬਰੂਦਾਨਿ ਡਾਰੀ ॥੯॥
ਠੁਕੀ ਫੇਰ ਗੋਰੀ। ਕਰੀ ਤਜਾਰ ਛੋਰੀ।
ਤੜਾਕੇ ਉਠਾਏ[3]। ਪਲੀਤੇ ਧੁਖਾਏ ॥੧੦॥
ਭਵਾਏ ਤੁਰੰਗਾ। ਬਡੇ ਬੇਗ ਸੰਗਾ।
ਕਰੇ ਨੇਰ ਆਏ। ਸੁ ਨੇਜ਼ੇ ਭ੍ਰਮਾਏ ॥੧੧॥
ਰਿਸਜੋ ਬੀਰ ਗੌਰਾ। ਖਰੋ ਤਾਂਹਿ ਠੌਰਾ।
ਸੁ ਪੈਰੰ ਜਮਾਏ। ਨਹੀਂ ਚਾਲ ਪਾਏ[4] ॥੧੨॥
ਤੁਫੰਗਾਨਿ ਗੋਰੀ। ਇਕੰ ਬਾਰਿ ਛੋਰੀ।
ਬਕੈਂ ਸਿੱਖ ਸਾਰੇ। 'ਲਿਜੈ ਸ਼ੱਤ੍ਰ ਮਾਰੇ' ॥੧੩॥
ਤਿਨੋ ਜ਼ੋਰ ਘਾਲਾ। ਮਹਾਂ ਹੇਲ ਡਾਲਾ।
ਸਹਜੋ ਠਾਂਢ ਹ੍ਵੈ ਕੈ। ਹਨੈ ਕ੍ਰੋਧ ਕੈ ਕੈ ॥੧੪॥
ਉਥੱਲੈਂ, ਪਥੱਲੈਂ। ਨਹੀਂ ਪਾਇ ਹੱਲੈਂ।
ਰਿਪੂ ਤੁੰਡ[5] ਤੋਰਾ। ਦਿਯੇ ਪਾਛ ਮੋਰਾ ॥੧੫॥
ਪੁਨੰ ਕੋਪ ਛਾਈ। ਘਨੀ ਸੈਨ ਆਈ।
ਤੁਫੰਗੈ ਚਲਾਈ। ਸੁ ਧੌਂਸੇ ਬਜਾਈ ॥੧੬॥
ਉਲੰਘਜੋ ਬਹੀਰੰ[6]। ਪਿਖਜੋ ਨਾਂਹਿ ਤੀਰੰ[7]।
ਤਬੈ ਗੌਰ ਬੀਰੰ। ਲਰਜੋ ਧਾਰਿ ਧੀਰੰ ॥੧੭॥
ਹਟੇ ਥੋਰ ਪਾਛੇ[8]। ਮਚਜੋ ਲੋਹ ਆਛੇ।
ਦਿਨੰ ਅੰਤ ਜਾਨਾ। ਹਨੈ ਤਾਹਿ ਬਾਨਾ ॥੧੮॥
ਕ੍ਰਿਪਾਨੈਂ ਨਿਕਾਰੀ। ਢਿਗੰ ਢੂਕਿ ਮਾਰੀ[9]।

---

[1]ਠਠੰਬਰੀ।
[2]ਮਾਲਕ ਜਾਣਕੇ ਮੰਨੀ।
[3]ਤੜਤੜ ਸ਼ਬਦ ਹੋਇਆ (ਅ) ਛੇਤੀ ਨਾਲ ਫੇਰ ਭਰੀ (ਬੰਦੂਕ)।
[4]ਪੈਰ ਚਲਾਏ ਨਹੀਂ।
[5]ਮੂੰਹ।
[6]ਵਹੀਰ (ਦੂਰ) ਲੰਘ ਗਿਆ।
[7]ਨੇੜੇ ਨਾ ਦੇਖਿਆ (ਗੌਰੇ ਨੇ)।
[8]ਥੋੜਾ ਪਿੱਛੇ ਹਟਿਆ (ਗੌਰਾ)।
[9]ਨੇੜੇ ਹੋਕੇ ਵਾਹੀਆਂ ਤਲਵਾਰਾਂ।

ਹੱਥਾਵੱਥ ਹੋਏ। ਰਿਪੁ ਪ੍ਰਾਨ ਕੋਏ ॥੧੯॥
ਨਹੀਂ ਜਾਨਿ ਦੀਨੇ। ਜਿਨ੍ਹੋਂ ਵਾਰ ਕੀਨੇ।
ਮਹਾਂ ਬੀਰ ਗੌਰਾ। ਫਿਰਯੋ ਜੰਗ ਦੌਰਾ ॥੨੦॥
ਭਰੀ ਸ਼੍ਰੋਣ ਸਾਰੀ। ਕ੍ਰਿਪਾਨੈ ਸੰਭਾਰੀ।
ਖਚਾਖੱਚ ਬਾਹੈਂ। ਕਟੈਂ, ਅੰਗ ਲਾਹੈਂ ॥੨੧॥
ਘਨੋ ਜੰਗ ਘਾਲਾ। ਭਈ ਭੂਮ ਲਾਲਾ।
ਗਿਰੇ ਰੁੰਡ ਮੁੰਡੰ। ਕਰੇ ਖੰਡ ਤੁੰਡੰ ॥੨੨ ॥

ਦੋਹਰਾ: ਲਰਤਿ ਰਹਯੋ ਗਨ ਤੁਰਕ ਸੋਂ, ਹਤਹਿ ਤੁਪਕ ਤਰਵਾਰ।
ਨਹੀਂ ਜਾਨਿ ਆਗੇ ਦੀਏ, ਅਰਯੋ ਮਨਿੰਦ ਕਿਵਾਰ[1] ॥੨੩॥
ਅੰਤਹਿਪੁਰਿ[2] ਸਤਿਗੁਰੂ ਕੋ, ਅਪਰ ਬਹੀਰ ਸਮੂਹ।
ਵਸਤੁ ਸਹਿਤ ਸੁਖ ਸੋਂ ਗਏ, ਭਯੋ ਨ ਕੋ ਪ੍ਰਤਿਯੂਹ[3] ॥੨੪॥

ਤੋਟਕ ਛੰਦ: ਦਿਨ ਕੇਰ ਪ੍ਰਕਾਸ਼ ਰਹਯੋ ਜਬਿ ਲੌਂ।
ਕਰਿ ਜੰਗ ਅਰਯੋ ਥਿਰ ਹ੍ਵੈ ਤਬਿ ਲੌਂ।
ਪੁਨ ਸੂਰ ਅਥਯੋ ਤਮ ਫੈਲ ਗਯੋ।
ਰਣ ਮੈਂ ਨਹਿਂ ਦੇਖਨਿ ਹੋਤਿ ਭਯੋ ॥੨੫॥
ਤੁਰਕਾਨਿ ਤਬੈ ਤਮ ਜਾਨਿ ਤਹਾ।
ਰਣ ਤਜਾਗਿ ਹਟੇ ਉਮਰਾਵ ਜਹਾਂ।
ਅਬਿ ਨਾਂਹਿ ਚਲੈ ਬਸ ਰਾਤ ਪਰੀ।
ਅਰੁ ਸੈਨ ਅਰੀ[4] ਕਰਿ ਜੋਰਿ ਲਰੀ ॥੨੬॥
ਬਿਚਲੇ ਨਹਿਂ* ਧੀਰਜ ਧਾਰਿ ਰਹੈ।
ਭਟ ਨਾਹਕ ਭੇੜ ਮ੍ਰਿਤੂ ਸੁ ਲਹੇ।
ਤੁਰਕਨਿ ਤਹਾਂ ਹਟਿ ਡੇਰ[5] ਕਿਯੋ।
ਮ੍ਰਿਤੁ ਘਾਇਲ ਦੇਖਿ ਸੰਭਾਲ ਲਿਯੋ ॥੨੭॥
ਭਗਤੂ ਸੁਤ ਦੁੰਦਭਿ ਵਾਵਤਿ ਭਾ।
ਹਰਿਰਾਇ ਗੁਰੂ ਦਿਸ਼ਿ ਜਾਵਤਿ ਭਾ।
ਜਬਿ ਕੋਸ ਰਹੇ ਥਿਰ ਹੋਤਿ ਭਯੋ।
ਨਿਜ ਸੂਰ ਸੁ ਡੇਰ ਲਗਾਇ ਦਿਯੋ ॥੨੮॥

---

[1]ਤਖਤੇ ਵਾਂਙੂ।
[2]ਮਹਲ।
[3]ਬਿਘਨ [ਸੰਸ:. ਪ੍ਰਤ੍ਯੂਹ]
[4]ਵੈਰੀਆਂ ਦੀ।
*ਪਾ:-ਬਿਰਲੇ ਨਰ।
[5]ਡੇਰਾ।

ਗੁਰ ਤੀਰ ਬਹੀਰ ਗਯੋ ਸਭਿ ਹੂੰ।
ਗੁਰ ਬੂਝਨ ਕੀਨਿ ਮਿਲੇ ਜਬਿ ਹੂੰ।
'ਤੁਰਕਾਂਨਿ ਨਹੀਂ ਨੁਕਸਾਨ ਕਿਯੋ।
ਪੁਹੰਚੇ ਅਪਨੀ ਵਸਤੂ ਸੁ ਲਿਯੋ ॥੨੯॥
ਕਿਮ ਜੰਗ ਭਯੋ ਬਡ ਨਾਦ ਉਠ੍ਯੋ।
ਕਹੁ ਕੇਤਿਕ ਸੂਰਨਿ ਬ੍ਰਿੰਦ ਲੁਠ੍ਯੋ?'
ਤਿਨ ਬੀਚ ਹੁਤੇ ਮਤਿਮਾਨ ਮਹਾਂ।
ਸਭਿ ਜੰਗ ਪ੍ਰਸੰਗ ਸੁਨਾਇ ਕਹਾ ॥੩੦॥
'ਭਗਤੂ ਸੁਤ ਸ਼ੱਤ੍ਰ ਬਿਲੋਕ ਲਏ।
ਲਲਕਾਰਤਿ ਨੇਰ ਜਿ ਆਨਿ ਕਿਏ।
ਬਰਜੇ ਤਰਜੇ ਬਹੁ ਬਾਰਿ ਜਬੈ।
ਨ ਮਿਟੇ ਕਰਿ ਦੌਰ ਪਰੇ ਸੁ ਤਬੈ ॥੩੧॥
ਨਿਜ ਸੂਰਨਿ ਕੋ ਲਲਕਾਰਿ ਭਲੇ।
ਥਿਰ ਅੱਗ੍ਰ ਭਯੋ ਨਹਿਂ ਪੈਰ ਚਲੇ।
ਰਣ ਥੰਭ ਮਨੋ ਤਿਸ ਥਾਨ ਖਰ੍ਯੋ।
ਤੁਰਕਾਨਿ ਬਿਲੋਕਤਿ ਜ਼ੋਰ ਕਰ੍ਯੋ ॥੩੨॥
ਤਬਿ ਮਾਰ ਤੁਫੰਗਨਿ ਹੋਨਿ ਲਗੀ।
ਬਹੁ ਜੰਗ ਮਚ੍ਯੋ ਰਿਸ ਭੂਰ ਜਗੀ।
ਸਭਿ ਰੋਕਿ ਰਖੇ ਹਤਿ ਸ਼ੱਤ੍ਰ ਤਹਾਂ।
ਨਹਿਂ ਆਵਨਿ ਦੀਨਿ ਬਹੀਰ ਜਹਾਂ ॥੩੩॥
ਤਰਵਾਰਨਿ ਕੇ ਸੁ ਪ੍ਰਹਾਰ ਕਰੇ।
ਗਨ ਸ਼ੱਤ੍ਰ ਮਰੇ ਅਗਵਾਨ ਲਰੇ।
ਬਹੁ ਘਾਲ ਰਹੇ ਬਲ ਆਵਨ ਕੋ।
ਤਿਹਿ ਥਾਨ ਰਖੇ, ਕਰਿ ਘਾਵਨ ਕੋ ॥੩੪॥
ਵਸਤੂ ਨ ਗਈ, ਨਹਿਂ ਤ੍ਰਾਸ ਭਯੋ।
ਪਹੁੰਚੇ ਚਲਿ ਪੰਥ ਅਨੰਦ ਕਿਯੋ।
ਤੁਮ ਆਪ ਸਹਾਇਕ ਹੋਇ ਰਹੇ।
ਭਗਤੂ ਸੁਤ ਬੀਰ ਬਿਲੰਦ ਅਹੇ ॥੩੫॥
ਡਰ ਹੀਨ ਲਰ੍ਯੋ, ਤੁਰਕਾਨ ਹਤੇ।
ਬਹੁ ਸ਼ੱਤ੍ਰ ਹੁਤੇ, ਪਰ ਲੀਨ ਫਤੇ।
ਜਬਿ ਲੌ ਉਲੰਘੇ ਸਭਿ ਆਇ ਗਏ।
ਤਬਿ ਲੌ ਲਰਤੇ ਥਿਤ ਹੋਤਿ ਭਏ ॥੩੬॥

ਜਬਿ ਜਾਨਿ ਲਈ -ਸੁਖ ਸੰਗ ਸਬੈ।
ਪਹੁੰਚੇ ਗੁਰ ਤੀਰ- ਚਲ੍ਯੋ ਸੁ ਤਬੈ।
ਨਹਿਂ ਜਾਇ ਤਰੀਫ ਕਰੀ ਤਿਸ ਕੀ।
ਹਤਿ ਬ੍ਰਿੰਦ, ਸਹਾਇ ਨਹੀਂ ਤਿਸ ਕੀ[1] ॥੩੭॥
ਗੁਰ ਹੇਤੁ ਸ਼ਰੀਰ ਨ ਪ੍ਯਾਰ ਧਰ੍ਯੋ।
ਭਟ ਥੋਰ ਲੀਏ ਬਹੁ ਸੰਗ ਲਰ੍ਯੋ।
ਤੁਮ ਹੋਤਿ ਭਏ ਪਿਖਿ ਸ਼ੱਤ੍ਰੁ ਹਟੇ।
ਤਜਿ ਦੂਰ ਗਏ ਤਬਿ ਏਹੁ ਮਿਟੇ ॥੩੮॥
ਅਬਿ ਦੁੰਦਭਿ ਵਾਵਤਿ ਆਵਤਿ ਭਾ।
ਹੋਇ ਦੂਰ ਸੁ ਡੇਰ ਲਗਾਵਤਿ ਭਾ।'
ਸੁਨਿ ਸ਼੍ਰੀ ਹਰਿਰਾਇ ਪ੍ਰਸੰਨ ਭਏ।
ਨਿਜ ਸਿੱਖ ਮਹਾਨ ਸੁ ਜਾਨਿ ਲਏ ॥੩੯॥
ਤਤਕਾਲ ਪਠਾਵਨ ਦਾਸ ਕਰ੍ਯੋ।
'ਤਿਹ ਲ੍ਯਾਉ ਹਕਾਰਿ, ਬਿਸਾਲ ਲਰ੍ਯੋ।
ਅਪਰਾਧ ਕਰ੍ਯੋ, ਬਖਸ਼ੈਂ ਸਭਿ ਹੂੰ।
ਦੁਖ ਬ੍ਰਿੰਦਨਿ ਤੇ ਛੁਟ ਕੈਂ ਅਬਿਹੂੰ' ॥੪੦॥
ਸੁਨਿ ਆਇਸੁ ਸੇਵਕ ਧਾਇ ਗਯੋ।
ਗੁਰ ਬਾਕ ਸੁਨਾਵਨਿ ਤਾਂਹਿ ਕਿਯੋ।
ਭਗਤੂ ਸੁਤ ਹਾਥਨਿ ਬੰਦਿ ਭਲੇ।
ਅਭਿਬੰਦਨ ਕੀਨਿ ਤਹਾਂ ਸੁ ਖਲੋ ॥੪੧॥
ਕਹਿ 'ਤੂੰ ਚਲਿ, ਮੈਂ ਪੁਨ ਆਵਿਤ ਹੌਂ।
ਨਿਜ ਸੂਰਨ ਡੇਰ[2] ਲਗਾਵਤਿ ਹੌਂ।
ਤਨ ਘਾਇਲ ਸ਼੍ਰੋਣ ਥੰਭਾਵਤਿ ਹੌਂ।
ਮ੍ਰਿਦੁ ਬਾਕਨਿ ਧਾਰ ਬਤਾਵਤਿ ਹੌਂ' ॥੪੨॥
ਸੁਨਿ ਸੇਵਕ ਬਾਜ ਧਵਾਇ ਗਯੋ।
ਜਿਮ ਗੌਰ ਕਹ੍ਯੋ ਜੁ ਸੁਨਾਇ ਦਯੋ।
ਗੁਰ ਫੇਰ ਪਠਾਵਨਿ ਕੀਨਿ ਤਬੈ।
'ਬਿਨ ਦੇਰ ਇਹਾਂ ਤਿਸ ਲ੍ਯਾਉ ਅਬੈ' ॥੪੩॥
ਪੁਨਿ ਧਾਇ ਗਯੋ 'ਸਹਿਸਾਇ ਚਲੋ।
ਗੁਰ ਤੋਹਿ ਪ੍ਰਤੀਖਤਿ ਆਪ ਖਲੋ।

[1]ਬਹੁਤੇ ਮਾਰੇ (ਉਸ ਨੇ) ਕਿਸੇ ਦੀ (ਸਾਡੇ ਵਿਚੋਂ) ਸਹਾਇਤਾ ਨਹੀਂ ਮੰਗੀ।
[2]ਡੇਰਾ।

ਕਹਿ ਮੋਹਿ ਉਤਾਇਲ ਭੇਜ ਦਿਯੋ।
ਅਬਿ ਚਾਹੀਸਿ ਤੀਰ ਮਿਲਾਇ ਲਿਯੋ' ॥੪੪॥
ਭਗਤੂ ਸੁਤ ਫੇਰ ਉਚਾਰਤਿ ਹੈ।
'ਕਹੀਏ ਪਗ ਪਾਨ ਪਖਾਰਤਿ ਹੈ।
ਰਜ ਅੰਗ ਉਤਾਰਿ ਸੁ ਆਵਿਤਿ ਹੈ।
ਗੁਰ ਹੇਰਨਿ ਕੋ ਲਲਚਾਵਤਿ ਹੈ' ॥੪੫॥
ਸੁਨਿ ਸੇਵਕ ਜਾਇ ਸੁਨਾਇ ਦਿਯੋ।
ਗੁਰ ਦਾਸ ਪਠਾਵਨ ਆਨ ਕਿਯੋ।
ਅਬਿ ਜਾਇ ਕਹੋ ਭਗਤੂ ਸੁਤ ਕੋ।
ਚਲਿ ਜੇ ਨਹਿਂ ਆਵਤਿ ਹੈਂ ਇਤ ਕੋ ॥੪੬॥
ਗੁਰ, ਤੋ ਢਿਗ ਆਪਹਿ ਆਵਿਤ ਹੈਂ।
ਗਮਨੋ ਨਤੁ, ਆਪ ਬੁਲਾਵਤਿ ਹੈਂ।'
ਇਮ ਜਾਇ ਕਹੇ ਸੁਨਿ ਤੂਰਨ ਹੀ।
ਗਮਨੇ ਪਿਖਿਬੇ ਗੁਰ ਪੂਰਨ ਹੀ ॥੪੭॥
ਦੋਹਰਾ: ਰਜ ਸਮੇਤ ਆਯੁਧ ਲਗੇ, ਚਢਿ ਕਰਿ ਚਲੇ ਤੁਰੰਗ।
ਬੈਠੇ ਸ੍ਰੀ ਹਰਿਰਾਇ ਜਹਿਂ, ਭਏ ਪ੍ਰਸੰਗ ਉਮੰਗ ॥੪੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਗੌਰਸਾਲ' ਪ੍ਰਸੰਗ ਬਰਨਨੰ ਨਾਮ ਚੰਦਸਮੋ ਅੰਸੂ ॥੧੪॥

## ੧੫. [ਗੌਂਰੇ ਦੇ ਸ੍ਰਾਪ ਬਖਸ਼ੇ]

੧੪<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੬

ਦੋਹਰਾ: ਬੇਗ ਗਯੋ ਸਤਿਗੁਰੂ ਢਿਗ,
ਡੇਰਾ ਜਹਾਂ ਲਗਾਇ।
ਪਹੁੰਚਯੋ ਉਤਰਿ ਤੁਰੰਗ ਤੇ,
ਖਰੋ ਭਯੋ ਅਗੁਵਾਇ ॥੧॥
ਚੌਪਈ: ਅਪਰਾਧੀ ਬਹੁ ਆਪ[1] ਬਿਚਾਰੇ।
ਹਾਥ ਜੋਰਿ ਥਿਤ ਭਯੋ ਅਗਾਰੇ।
ਸ਼੍ਰੀ ਹਰਿਰਾਇ ਬਿਲੋਕਿ ਕ੍ਰਿਪਾਲਾ।
ਮਨ ਤੇ ਭਏ ਪ੍ਰਸੰਨ ਬਿਸਾਲਾ ॥੨॥
ਨਿਕਟਿ ਬਿਠਾਵਨ ਹੇਤੁ ਹਕਾਰੇ।
ਸਾਦਰ ਬੋਲੇ 'ਆਉ ਅਗਾਰੇ।
ਨਾਹਨ ਖਰੋ ਦੂਰ ਅਬਿ ਹੋਹੂ।
ਜਾਚਹੁ ਲਖਿ ਪ੍ਰਸੰਨ ਮਨ ਮੋਹੂ' ॥੩॥
ਸੁਨਤਿ ਗੁਰੂ ਕੇ ਬਾਕ ਸੁਹਾਏ।
ਖਰੋ ਰਹਯੋ ਮੁਖ ਬਿਨੈ ਅਲਾਏ।
'ਅਪਰਾਧੀ ਮੈਂ ਨਾਥ ਤਿਹਾਰੋ।
ਬਖਸ਼ਹੁ ਅਪਨੋ ਦਾਸ ਬਿਚਾਰੋ ॥੪॥
ਸਭਿ ਬਿਧਿ ਤੇ ਹਮ ਔਗੁਨਹਾਰੇ।
ਗੁਰਨਿ ਬਿਰਦ ਬਖਸ਼ਿੰਦ ਉਦਾਰੇ।
ਕਰਿ ਪਾਵਨ[2], ਪਾਵਨ ਅਬਿ ਲਾਵਹੁ[3]।
ਜੁਗ ਲੋਕਨਿ ਕੇ ਕਸ਼ਟ ਮਿਟਾਵਹੁ ॥੫॥
ਤਨ ਧਨ ਆਦਿਕ ਸਕਲ ਸਮਾਜਾ।
ਜੋ ਰਾਵਰ ਕੇ ਆਵਹਿ ਕਾਜਾ।
ਸੋ ਸਫਲਹਿ ਨਤੁ ਬਿਰਥਾ ਸਾਰੇ।
ਇਹੈ ਭਾਵਨਾ ਰਿਦੈ ਹਮਾਰੇ' ॥੬॥
ਸੁਨਿ ਗੁਰ ਸ੍ਰਾਪ ਮਿਟਾਵਨਿ ਲਾਗੇ।
ਕ੍ਰਿਪਾ ਦ੍ਰਿਸ਼ਟਿ ਪਿਖਿ ਠਾਂਢੋ ਆਗੇ।
'ਪਾਥਰ, ਪੰਨਗ, ਮੇਘਨਿ ਜੋਨੀ।

---

[1]ਆਪਣੇ ਆਪ ਨੂੰ।
[2]ਪਵਿੱਤ੍ਰ ਕਰੋ।
[3]ਚਰਨੀਂ ਲਾਵੋ।

ਕਹੀ ਸੁ ਬਖਸ਼ੀ, ਕੋਇ ਨ ਹੋਨੀ ॥੭॥
ਚਲਹਿ ਬੰਸ, ਬਿਥਰਹਿ ਜਗ ਮਾਂਹੀ।
ਕਹੇ ਸ੍ਰਾਪ ਸੇ ਲਾਗਹਿਂ ਨਾਂਹੀ।
ਤੁਵ ਕੁਲ ਕੇ ਹੁਇ ਹੈਂ ਸਭਿ ਸੌਤ[1]।
ਬਖਸ਼ੀ ਅਬਿ ਫਾਹੇ ਕੀ ਮੌਤ' ॥੮॥
ਇਮ ਸਭਿ ਸ੍ਰਾਪ ਬਖ਼ਸ਼ ਜਬਿ ਦਿਏ।
ਗੌਰਾ ਕਹੇ ਨੰਮ੍ਰਿਤਾ ਲਏ।
'ਬਖ਼ਸ਼ੇ ਆਪ ਸ੍ਰਾਪ ਕਰਿ ਕਰੁਨਾ।
ਤਊ ਸ਼ਰੀਰਨਿ ਸਭਿ ਹੀ ਮਰਨਾ ॥੯॥
ਥਿਰ ਜਗ ਬਿਖੈ ਰਹੇ ਨਹਿਂ ਕੋਈ।
ਅੰਤ ਸਮਾ ਸਭਿ ਤਨ ਕੋ ਹੋਈ।
ਯਾਂ ਤੇ ਮ੍ਰਿਤੁ ਮਮ ਪਰ ਕੈ ਫਾਹੀ।
ਏਕ ਸ੍ਰਾਪ ਇਹ ਬਖਸ਼ਹੁ ਨਾਂਹੀ ॥੧੦॥
ਫਾਹੇ ਮੌਤ ਬਿਖੈ ਮੈਂ ਮਰੌਂ*।
ਸ੍ਰਾਪ ਆਪ ਕੋ ਐਸੋ ਧਰੌਂ।
ਜੋ ਇਕ ਸ੍ਰਾਪ ਭੀ ਨ ਸਫਲਾਵੈ।
ਕਿਤਿਕ ਅਸ਼ਰਧਕ ਏਵ ਅਲਾਵੈਂ ॥੧੧॥
-ਗੁਰ ਕੇ ਬਚਨ ਭਏ ਸਭਿ ਝੂਠੇ।
ਸਫਲਜੋ ਏਕ ਨ, ਫੁਰੇ ਅਪੂਠੇ-।
ਰਹਨਿ ਦੇਹੁ ਇਹ ਕ੍ਰਿਪਾ ਨਿਧਾਨਾ!'
ਸੁਨਿ ਪੁਨਿ ਗੁਰੂ ਪ੍ਰਸੰਨ ਮਹਾਨਾ ॥੧੨॥
'ਸਿੱਖਨਿ ਕੋ ਇਮ ਹੀ ਬਨਿ ਆਵੈ।
ਜਿਸ ਤੇ ਗੁਰ ਮਹਿਮਾਂ ਅਧਿਕਾਵੈ।
ਜਾਂ ਕੇ ਕਰੇ ਹੀਨਤਾ ਹੋਇ।
ਤਿਸ ਕੋ ਕਰਹਿ ਸਨਮੁਖ ਜੋਇ ॥੧੩॥
ਇਹ ਆਛੀ ਤੈ ਰਿਦੈ ਬਿਚਾਰੀ।
ਏਕ ਸ੍ਰਾਪ ਰਾਖਜੋ ਇਸ ਬਾਰੀ।
ਅਪਨੋ ਭਲੋ ਸਕਲ ਹੀ ਕੀਨਾ।
ਗੁਰ ਮਹਿੰਮਾ ਮਹਿਂ ਰਹਜੋ ਪ੍ਰਬੀਨਾ ॥੧੪॥
ਫਾਹੀ ਮੌਤ ਜੁ ਰਾਖਨਿ ਕਰੀ।

---

[1]ਉਲਾਦ ਵਾਲੇ।
*ਗੌਰਾ ਆਪਣੇ ਕੀਤੇ ਦੀ ਸਜ਼ਾ ਆਪ ਰੱਖ ਰਿਹਾ ਹੈ।

ਸੋ ਭੀ ਹੁਇ ਸੁਖੇਨ ਤਿਸ ਘਰੀ।
ਮਰਹਿਂ ਸੁਛੰਦ ਪਾਇ ਗਰ ਫਾਹੀ[1]।
ਅਪਰ ਬਹਾਨਾ ਕੋ ਬਨਿ ਜਾਹੀ' ॥੧੫॥
ਇਮ ਬਖਸ਼ਜੋ ਨਿਜ ਨਿਕਟਿ ਬਿਠਾਯੋ।
ਕੇਤਿਕ ਘਾਵ ਲਗੇ ਦਰਸਾਯੋ।
'ਕਿਤਿਕ ਸਿੱਖ ਘਾਇਲ ਕੈ ਮਰੇ?
ਹਤੇ ਤੁਰਕ ਕੇਤਿਕ ਜੇ ਅਰੇ?' ॥੧੬॥
ਹਾਥ ਜੋਰਿ ਗੌਰਾ ਪੁਨ ਕਹੈ।
'ਜਿਸ ਕੋ ਰਾਖਹੁ ਸੋ ਜਗ ਰਹੈ।
ਜਿਸ ਕੋ ਮਾਰਹੁ ਸੋ ਮਰਿ ਜਾਇ।
ਇਹ ਰਾਵਰ ਕੀ ਸਰਬ ਰਜ਼ਾਇ ॥੧੭॥
ਕਹੌਂ ਕਹਾਂ ਮੈਂ ਆਪ ਅਗਾਰੀ।
ਕਾਰਨ ਕਰਨ ਏਕ ਤੁਮ ਭਾਰੀ।'
ਸਾਦਰ ਦੇਖਿ ਗੁਰੂ ਨਿਜ ਹਾਥ।
ਮੁਖ ਤੇ ਧੂਲ ਪੌਂਛਿ ਪਟ ਸਾਥ ॥੧੮॥
ਹੁਤੋ ਮਹਾਂ ਅਪਰਾਧੀ ਜੋਇ।
ਨਿਜ ਸੇਵਕ ਲਖਿ ਬਖਸ਼ਜੋ ਸੋਇ।
ਸਭਿ ਡੇਰਾ ਨਿਜ ਨਿਕਟਿ ਮੰਗਾਯੋ।
ਸੈਨ ਆਪਨੀ ਬਿਖੈ ਮਿਲਾਯੋ ॥੧੯॥
ਹਰਖਜੋ ਗੌਰਾ ਗੁਰ ਕਰੁਨਾ ਤੇ।
ਦੁਖਦ ਸ੍ਰਾਪ ਚਿੰਤਾ ਜੁਤਿ ਹਾਤੇ।
ਨਿਜ ਡੇਰੇ ਮਹਿਂ ਸਭਿ ਕੀ ਸਾਰ।
ਜੰਗ ਕਰਤਿ ਜੇ ਕਿਤਿਕ ਸੁਮਾਰ[2] ॥੨੦॥
ਖਾਨ ਪਾਨ ਕੀ ਸੁਧ ਸਭਿ ਲੀਨਿ।
ਸੋ ਸਰਬਰੀ[3] ਬਿਤਾਵਨਿ ਕੀਨਿ।
ਦਿਨ ਮਹਿਂ ਸਤਿਗੁਰ ਕਰਜੋ ਮੁਕਾਮੁ।
ਲਗਜੋ ਦਿਵਾਨ ਭਜਨ ਸਤਿਨਾਮੁ ॥੨੧॥
ਬ੍ਰਿੰਦ ਮਸੰਦ ਮੇਵੜੇ ਪਾਸ।
ਸੁਭਟਨਿ ਕੋ ਸਮੁਦਾਇ ਸੁ ਦਾਸ।

---

[1]ਭਾਵ ਇਹ ਕਿ ਫਾਂਸੀ ਨਹੀਂ ਪਰ ਗਲੇ ਵਿੱਚ ਰੱਸੀ ਆਦਿਕ ਪੈਕੇ।
[2]ਜ਼ਖਮੀ। [ਹਿੰ: ਮਾਰਨਾ ਤੋਂ, ਜਿਸ ਥਾਵੇਂ ਮਾਰ ਪਈ ਹੋਵੇ, ਜਿਸਨੇ ਮਾਰ ਖਾਧੀ ਹੋਵੇ]
[3]ਰਾਤ।

ਸੰਗਤਿ ਨਈ ਪੁੰਜ ਚਲਿ ਆਈ।
ਅਨਿਕ ਅਕੋਰਨ ਕੋ ਅਰਪਾਈ ॥੨੨॥
ਤਬਿ ਗੌਰਾ ਬੁਲਿਵਾਯੋ ਪਾਸ।
ਆਯੋ ਨਿਕਟਿ ਸੰਗ ਗਨ ਦਾਸ।
ਕਹਿ ਸਾਦਰ ਸਤਿਗੁਰ ਬੈਠਾਯੋ।
ਸੁਜਸੁ ਸੁਰਤਾ ਸ੍ਰੀ ਮੁਖ ਗਾਯੋ ॥੨੩॥
ਕਹੜੋ ਤਬਹਿ 'ਅਪਨੇ ਘਰ ਜਾਓ।
ਕਰਹੁ ਰਾਜ ਸਭਿ ਕਾਜ ਚਲਾਓ।
ਦਿਵਸ ਘਨੇ ਬੀਤੇ ਇਤ ਆਏ।
ਜਾਇ ਸੰਭਾਲਹੁ ਸੁਖ ਉਪਜਾਏ' ॥੨੪॥
ਹਾਥ ਜੋਰਿ ਗੌਰਾ ਤਬਿ ਕਹੇ।
'ਰਾਵਰ ਕੀ ਰਜ਼ਾਇ ਮਹਿਂ ਰਹੇ।'
ਸਿਰੇਪਾਵ ਤਬਿ ਗੁਰੂ ਮੰਗਾਯੋ।
ਨਿਜ ਕਰ ਤੇ ਤਿਸ ਤਨ ਪਹਿਰਾਯੋ ॥੨੫॥
ਹੁਇ ਪ੍ਰਸੰਨ ਕਰਿ ਬਿਦਾ ਉਚਾਰਾ।
'ਹਮ ਗਮਨੈਂ ਹਟਿ ਪੁਰਿ ਕਰਤਾਰਾ।
ਕੇਤਿਕ ਸਮਾ ਬਿਤਾਵਹਿਂ ਤਹਾਂ।
ਤੂੰ ਚਲਿ ਜਾਹੁ ਬਠਿੰਡਾ ਜਹਾਂ ॥੨੬॥
ਤਿਸੀ ਦੇਸ਼ ਮਹਿਂ ਘਾਲਹੁ ਜ਼ੋਰ।
ਅਪਨਾ ਰਾਜ ਬਧਾਵਹੁ ਹੋਰ।
ਸਭਿਨਿ ਸੁਨਾਇ ਭਨੀ ਬਡਿਆਈ।
ਖਰੋ ਹੋਇ ਤਬਿ ਗ੍ਰੀਵ ਨਿਵਾਈ ॥੨੭॥
ਚਰਨ ਸਪਰਸ਼ਤਿ ਬੰਦਨ ਕਰਿ ਕੈ।
ਚਲੜੋ ਅਧਿਕ ਉਰ ਆਨੰਦ ਧਰਿ ਕੈ।
ਏਕ ਨਿਸਾ ਬੀਤੀ ਪੁਨ ਔਰਾ।
ਚਲਿਬੇ ਕੋ ਤਯਾਰ ਭਾ ਗੌਰਾ ॥੨੮॥
ਜਥਾ ਜੋਗ ਸਭਿ ਸੋਂ ਮਿਲਿ ਕਰਿ ਕੈ।
ਸ੍ਰੀ ਸਤਿਗੁਰ ਕੇ ਪਾਇਨਿ ਪਰਿ ਕੈ।
ਜੰਗਲ ਦੇਸ਼ ਬਿਖੇ ਚਲਿ ਗਯੋ।
ਅਪਨੋ ਜ਼ੋਰ ਜਨਾਵਤਿ ਭਯੋ ॥੨੯॥
ਅਧਿਕ ਗ੍ਰਾਮ ਤਿਹ ਕੇ ਅਪਨਾਏ।
ਸਭਿ ਪਰ ਨਰ ਪਠਿ ਹੁਕਮ ਚਲਾਏ।

ਮਹਾਂ ਕਠੋਰ ਹੋਇ ਕਿਯ ਰਾਜਾ[1]।
ਘਰ ਮੈਂ ਬਰਧਯੋ ਸਕਲ ਸਮਾਜਾ ॥੩੦॥
ਰਹਯੋ ਬਠਿੰਡੇ ਮਹਿੰ ਚਿਰਕਾਲ।
ਸੰਗ ਬਿਰਾਜ਼ਨਿ ਚਮੂੰ ਬਿਸਾਲਾ।
ਅਬਿ ਸਤਿਗੁਰ ਕੀ ਕਥਾ ਸੁਨੀਜੈ।
ਜਨਮ ਅਨੇਕ ਪਾਪ ਹਨਿ ਦੀਜੈ ॥੩੧॥
ਚਢਿ ਕਰਿ ਸਭਿ ਅਨੀਕ[2] ਲੇ ਸਾਥ।
ਸਤੱਦ੍ਰਵ ਤਟ ਪਹੁੰਚੇ ਗੁਰ ਨਾਥ।
ਕੇਵਟ ਕੋ ਤਤਕਾਲ ਬੁਲਾਯੋ।
ਬ੍ਰਿੰਦ ਤਰੀ ਲੈ ਕਰਿ ਸੋ ਆਯੋ ॥੩੨॥
ਦ੍ਰਿਢ ਤਰਨੀ ਪਰ ਬੈਠਤਿ ਭਏ।
ਪਰਲੇ ਪਾਰ ਉਤਰਿ ਗੁਰ ਗਏ।
ਪੁਨ ਸਭਿ ਸੈਨਾ ਪਾਰਿ ਉਤਾਰੀ।
ਕੇਵਟ ਕੋ ਬਖਸ਼ਯੋ ਧਨ ਭਾਰੀ ॥੩੩॥
ਤਹਿੰ ਨਿਸ ਬਸਿ ਕੈ ਭੋਰ ਸਿਧਾਏ।
ਮਗ ਮਹਿੰ ਕਰਿ ਬਿਲਾਸ ਸਮੁਦਾਏ।
ਸ੍ਰੀ ਕਰਤਾਰ ਪੁਰੇ ਚਲਿ ਗਏ।
ਧੀਰਮੱਲ ਆਗੂ ਹੁਇ ਲਏ ॥੩੪॥
ਗਨ ਪੁਰਿ ਜਨ ਬਹੁ ਲੀਨਿ ਅਕੋਰ।
ਦਰਸਹਿਂ ਆਇ ਗੁਰੂ ਕਰ ਜੋਰਿ।
ਕੁਸ਼ਲ ਪ੍ਰਸ਼ੰਨ ਕਰਿ ਸਭਿ ਕੇ ਸਾਥ।
ਭਏ ਪ੍ਰਵੇਸ਼ ਨਗਰ ਮਹਿੰ ਨਾਥ ॥੩੫॥
ਦਲ ਉਤਰਯੋ ਬਾਗਨਿ ਕੀ ਛਾਯਾ।
ਹੇਰਿ ਹੇਰਿ ਜਿਹ ਜਿਹ ਮਨ ਭਾਯਾ।
ਅੰਤਹਿਪੁਰਿ ਗੁਰ ਕੋ ਤਹਿੰ ਗਯੋ।
ਸਦਨ ਖਾਸ ਮਹਿੰ ਉਤਰਤਿ ਭਯੋ ॥੩੬॥
ਸਜੰਦਨ ਡੋਰੇ ਵਾਹਨ ਤਜਾਗੇ।
ਸੁਖ ਕੇ ਸੰਗ ਬਸਨ ਘਰ ਲਾਗੇ।
ਧੀਰਮੱਲ ਬੂਝੀ ਸੁ ਲਰਾਈ।

---

[1]ਤਕੜਾ ਹੋਕੇ ਰਾਜ ਕਰਨ ਲੱਗਾ। ਨਿਆਇ ਵਿੱਚ ਜੋ ਰਈ ਨਾ ਕਰੇ, ਇਨਸਾਫ ਤੇ ਕਰੜਾ ਰਹੇ, ਦੋਸ਼ੀਆਂ ਨੂੰ ਦੰਡਨ ਵਿੱਚ ਕਮਜ਼ੋਰੀ ਨਾ ਖਾਵੇ।
[2]ਸੈਨਾ।

'ਕਿਮ ਆਵਤਿ ਇਹ ਬਾਦ ਮਚਾਈ? ॥੩੭॥
ਤੁਰਕਨਿ ਸੋਂ ਬਿਰੋਧ ਨਹਿਂ ਕਰੀਅਹਿ।
ਛੇਮ ਸਹਤ ਘਰ ਸਮਾਂ ਗੁਜ਼ਰੀਅਹਿ।'
ਸ਼੍ਰੀ ਹਰਿਰਾਇ ਸਕਲ ਸਮੁਝਾਈ।
'ਮੁਗ਼ਲਸਖਾਂ ਪੌਤ੍ਰੇ ਰਿਸ ਛਾਈ ॥੩੮॥
ਬੈਰ ਪਿਤਾਮੇ ਕੋ ਸੰਭਾਰਾ।
ਹਮ ਸੋਂ ਚਹ੍ਯੋ ਕਰਨਿ ਕੋ ਰਾਰਾ।
ਸੈਨਾ ਪ੍ਰੇਰੀ ਨਿਜ ਸਮੁਦਾਈ।
ਸਭਿ ਵਹੀਰ ਹਮਰੇ ਪਰ ਆਈ ॥੩੯॥
ਸੁਧ ਪਾਈ ਹਮ ਜਾਤਿ ਅਗਾਰੀ[1]।
ਬਹੁਤ ਪਿਤਾਮੇ ਗਿਰਾ ਬਿਚਾਰੀ।
ਜੰਗ ਕਰਨ ਕੋ ਬਰਜੇ ਹੁਤੇ।
ਹਮ ਹਟਿ ਰਹੇ ਜਾਨਿ ਸੋ ਮਤੇ[2] ॥੪੦॥
ਭਗਤੂ ਸੁਤ ਬਡ ਹੁਤੋ ਪਿਛਾਰੀ।
ਤਿਨ ਤੁਰਕਨਿ ਕੀ ਚਮੂੰ ਨਿਹਾਰੀ।
ਜਬਿ ਬਹੀਰ ਪਰ ਆਵਨ ਲਾਗੀ।
ਹਤੇ ਸ਼ਸਤ੍ਰ ਤਬਿ ਤਿਹ ਰਿਸ ਜਾਗੀ ॥੪੧॥
ਅਪਨੇ ਸਭਿ ਬਚਾਇ ਸੋ ਮਾਰੇ।
ਨਿਸਾ ਪਰੀ ਨਿਜ ਦਸ਼ਾ ਸਿਧਾਰੇ।
ਔਚਕ ਭੇਰ ਪਰ੍ਯੋ ਇਸ ਭਾਂਤਿ।
ਦੁਹਿਦਿਸ਼ਿ ਹਟੇ ਪਰੀ ਲਖਿ ਰਾਤਿ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਕਰਤਾਰ ਪੁਰ ਆਵਨ' ਪ੍ਰਸੰਗ ਬਰਨਨੰ ਨਾਮ ਪੰਚ ਦਸ਼ਮੋ ਅੰਸੂ ॥੧੫॥

---

[1]ਅੱਗੇ ਜਾਂਦਿਆਂ।
[2]ਭਾਵ ਛੇਵੇਂ ਗੁਰਾਂ ਦਾ ਹੁਕਮ।

## ੧੬. [ਕਰਤਾਰ ਪੁਰ ਨਿਵਾਸ। ਦਿਜ ਪੁੱਤ੍ਰ ਮੋਇਆ]

੧੫<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੭

ਦੋਹਰਾ: ਬਸਤਿ ਭਏ ਸ਼੍ਰੀ ਸਤਿਗੁਰੂ,
ਅਪਨੇ ਪੁਰਿ ਕਰਤਾਰ।
ਬ੍ਰਿੰਦ ਸੰਗਤਾਂ ਦਿਸ਼ਿਨਿ[1] ਤੇ,
ਆਵਹਿਂ ਚਲੀ ਉਦਾਰ ॥੧॥

ਚੌਪਈ: ਪਰਬ ਦਿਵਸ ਮਹਿਂ ਲਾਗਹਿ ਮੇਲਾ।
ਪੁਰਿ ਗ੍ਰਾਮਨਿ ਤੇ ਹੋਇ ਸਕੇਲਾ।
ਸੰਤ ਮਹੰਤ ਮਸੰਦ ਬਿਸਾਲੈ।
ਪਹੁੰਚੇ ਤਜਿ ਨਿਜ ਦੇਸ਼ਨ ਜਾਲੈ ॥੨॥
ਸੰਨਜਾਸੀ ਬੈਰਾਗੀ ਘਨੇ।
ਸਿੱਖ ਸੰਗਤਾਂ ਕੋ ਕਿਮ* ਗਿਨੇ।
ਭਾਂਤਿ ਭਾਂਤਿ ਕੀ ਲੈ ਉਪਹਾਰ।
ਪਹੁੰਚਹਿਂ ਸਤਿਗੁਰ ਕੇ ਦਰਬਾਰ ॥੩॥
ਦਰਸ਼ਨ ਪਰਸਹਿਂ ਬਾਂਛਤਿ ਪਾਵਹਿਂ।
ਮੇਲਾ ਹੋਤਿ ਦਿਸ਼ਨਿ[1] ਤੇ ਆਵਹਿਂ।
ਸੱਤਿਨਾਮ ਉਪਦੇਸ਼ਨਿ ਕਰੈਂ।
ਸੁਨਿ ਗੁਰ ਤੇ ਮਨ ਮਹਿਂ ਸਿਖ ਧਰੈਂ ॥੪॥
ਕੇਤਿਕ ਬ੍ਰਹਮ ਗਜਾਨ ਕੋ ਪਾਇ।
ਆਨੰਦ ਆਤਮ ਬਿਖੈ ਸਮਾਇਂ।
ਕੇਤਿਕ ਨਵ ਨਿੱਧਿਨਿ ਕੋ ਪਾਵੈਂ।
ਜਨਮ ਜਨਮ ਕੇ ਕਸ਼ਟ ਮਿਟਾਵੈਂ ॥੫॥
ਸਿੱਧ ਅਠਾਰਹਿਂ ਪ੍ਰਾਪਤਿ ਹੋਇ।
ਅਜ਼ਮਤ ਸਕਲ ਭਾਂਤਿ ਕੀ ਕੋਇ।
ਸਭਿ ਕਿਛੁ ਬਸਹਿ ਗੁਰੂ ਦਰਬਾਰ।
ਦੇਤਿ ਸੇਵਕਨਿ ਸਦਾ ਉਦਾਰ ॥੬॥
ਇਸ ਬਿਧਿ ਕੇਤਿਕ ਦਿਵਸ ਬਿਤਾਏ।
ਪੁਰਿ ਕਰਤਾਰ ਬਸੇ ਸੁਖ ਪਾਏ।
ਬਲਖ਼ ਬੁਖਾਰਾ ਆਦਿਕ ਦੇਸ਼।
ਆਨਹਿਂ ਅਰਪਹਿਂ ਹਯਨਿ ਵਿਸ਼ੇਸ਼ ॥੭॥

---

[1](ਚਾਰੋਂ) ਪਾਸਿਆਂ ਤੋਂ।

*ਪਾ:-ਤਿਨ।

ਆਯੁਧ ਅਧਿਕ ਮੋਲ ਕੇ ਲ੍ਯਾਵਹਿਂ।
ਪਸ਼ਮੰਬਰ ਆਦਿਕ ਅਰਪਾਵੈਂ।
ਪੁਰਿ ਕਸ਼ਮੀਰ ਔਰ ਮੁਲਤਾਨ।
ਢੱਠਾ[1] ਭੱਖਰ[2] ਦੇਸ਼ ਮਹਾਨ ॥੮॥
ਦੱਖਣ ਪੂਰਬ ਪਰਬਤਿ ਵਾਸੀ।
ਤਪੀ ਦਿਗੰਬਰ ਜਪੀ ਉਦਾਸੀ।
ਗ੍ਰਿਹਸਤੀ ਕੈ ਬਿਰਕਤ ਨਰ ਹੋਇ।
ਦਰਸਹਿ ਆਨਿ ਗੁਰੂ ਸਭਿ ਕੋਇ ॥੯॥
ਸਿੱਖ ਜਿ ਦਰਬ ਕਮਾਵਨਿ ਕਰਿਹੀਂ।
ਤਿਹ ਦਸਵੰਧ ਅੱਗ੍ਰ ਗੁਰ ਧਰਿਹੀਂ।
ਭੂਰੀ[3] ਭੀਰ ਭਰੀ ਨਿਤ ਰਹੈ।
ਸ੍ਰੀ ਸਤਿਗੁਰ ਦਰਬਾਰ ਜਿ ਅਹੈ ॥੧੦॥
ਦੇਸ਼ਨਿ ਮਹਿਂ ਮਸੰਦ ਜੇ ਬ੍ਰਿੰਦ।
ਪਹੁਂਚਹਿਂ ਗੁਰ ਧਨ ਲਿਯੇ ਬਿਲੰਦ।
ਕੇਚਿਤ ਲੱਛ ਦਰਬ ਲੇ ਆਵੈਂ।
ਕਿਤਿਕ ਹਜ਼ਾਰਨਿ ਕਰਿ ਇਕ ਥਾਵੈਂ ॥੧੧॥
ਖਸ਼ਟ ਮਾਸ ਮਹਿਂ ਕੋ ਚਲਿ ਆਇ।
ਕੋ ਸੰਮਤ ਮਹਿਂ ਧਨ ਪਹੁਂਚਾਇ।
ਰਹੈਂ ਮਸੰਦ ਹਜ਼ਾਰਹੁਂ ਦੇਸ਼।
ਲੇ ਸੰਗਤਿ ਤੇ ਦਰਬ ਵਿਸ਼ੇਸ਼ ॥੧੨॥
ਗੁਰ ਢਿਗ ਸੋ ਪਹੁਂਚਾਵਹਿਂ ਆਇ।
ਵਸਤੁ ਅਮੋਲਕ ਲੇ ਅਰਪਾਇਂ।
ਜਹਾਂ ਜਹਾਂ ਸਿੱਖ ਸੰਗਤਿ ਕੋਇ।
ਸਿਮਰੇ ਗੁਰੂ ਸਹਾਇਕ ਹੋਇਂ ॥੧੩॥
ਬਿਘਨ ਅਨੇਕ ਰੀਤਿ ਕੇ ਟਾਰਹਿਂ।
ਪੁਨ ਰੱਛਾ ਪਰਲੋਕ ਸੁਧਾਰਹਿਂ।
ਨਿਤ ਨਵੀਨ ਮਹਿਮਾਂ ਅਧਿਕਾਇ।
ਸਾਗਰ ਕੇ ਟਾਪੂ ਲਗਿ ਜਾਇ ॥੧੪॥
ਸਿੱਖੀ ਗੁਰ ਕੀ ਦੇਸ਼ ਬਿਦੇਸ਼।

---

[1]ਠੱਟਾ, ਸਿੰਧ ਦਾ ਇਕ ਨਗਰ।
[2]ਦੁਆਬਾ ਸਿੰਧ ਸਾਗਰ ਦਾ ਇਕ ਨਗਰ, ਸੱਖਰ ਦੇ ਜ਼ਿਲ੍ਹੇ ਵਿਚ ਇਕ ਟਿਕਾਣਾ।
[3]ਬਹੁਤੀ।

ਸ਼ੁਭ ਮਾਰਗ ਨਰ ਲਗੇ ਵਿਸ਼ੇਸ਼।
ਰਾਤਿ ਪਾਛਲੀ ਕਰਨਿ ਸ਼ਨਾਨ।
ਸਿਮਰਨਿ ਪ੍ਰਭੁ ਕੋ ਦੇ ਬਹੁ ਦਾਨ ॥੧੫॥
ਕਰੈਂ ਨੇਮ ਗੁਰਬਾਨੀ ਪਢੈਂ।
ਗੁਰ ਕੇ ਪ੍ਰੇਮ ਛੇਮ ਕੋ ਬਢੈਂ।
ਕੇਤਿਕ ਮਾਸ ਬਾਸ ਕੋ ਕਰਜੋ।
ਮਿਲਿ ਮਿਲਿ ਗੁਰ[1], ਸ਼ੁਭ ਮਗ ਜਗ ਪਰਜੋ ॥੧੬॥
ਮੇਲਾ ਬਹੁਰ ਬਸੋਏ[2] ਕੇਰਾ।
ਚਹੁੰਦਿਸ਼ਿ ਤੇ ਆਗਮਨ ਘਨੇਰਾ।
ਲਘੁ ਸੁਤ ਭਗਤੂ ਕੋ ਚਲਿ ਆਯੋ।
ਜਿਸ ਕੋ ਜੀਵਣ ਨਾਮੁ ਸੁਹਾਯੋ ॥੧੭॥
ਗੌਰਾ ਬਡੋ ਰਾਜਸੀ ਲੱਛਨ।
ਇਸ ਕੋ ਸੰਤ ਸੁਭਾਵ ਬਿਚੱਛਨ।
ਸੰਗ ਬਿਰਾੜ ਸੰਗਤਾਂ ਕੇਈ।
ਗੁਰੂ ਦਰਸ ਕੋ ਪਹੁੰਚੇ ਤੇਈ ॥੧੮॥
ਅਪਰ ਕਹਾਂ ਲਗਿ ਗਿਨੀਅਹਿ ਮੇਲਾ।
ਜੋ ਸਤਿਗੁਰ ਦਰਬਾਰ ਸਕੇਲਾ।
ਖਰੇ ਮੇਵੜੇ ਸਭਾ ਮਝਾਰੈਂ।
ਸਿੱਖਨਿ ਕੀ ਅਰਦਾਸ ਉਚਾਰੈਂ ॥੧੯॥
ਲੇ ਲੇ ਧਨ ਮਸੰਦ ਸਮੁਦਾਏ।
ਆਨਿ ਗੁਰੂ ਕੋ ਦਰਸ਼ਨ ਪਾਏ।
ਨਿਜ ਨਿਜ ਸੰਗ ਸੰਗਤਾਂ ਬ੍ਰਿੰਦ।
ਕਰਹਿਂ ਜਨਾਵਨਿ ਜੁਗ ਕਰ ਬੰਦਿ ॥੨੦॥
ਭੂਤ ਸਮੇਂ ਕੀ ਭਾਖਹਿਂ ਕੇਈ।
ਕੇਚਿਤ ਕਹੈਂ 'ਭਵਿੱਖਜਤ ਲੇਈਂ।
ਬਰਤਮਾਨ ਕਾਮਨਾ ਜੁ ਬ੍ਰਿੰਦ।
ਪੂਰੀ ਕਰੀ, ਪੁਰਹੁ[3] ਸੁਖਕੰਦ! ॥੨੧॥
ਬਿਘਨ ਬਿਨਾਸ਼ਹੁ ਦਾਸਨ ਰਾਸ।
ਬਨਹੁ ਸਹਾਇਕ ਅਨੰਦ ਪ੍ਰਕਾਸ਼।'

---

[1]ਗੁਰਾਂ ਨੂੰ।
[2]ਵਿਸਾਖੀ।
[3](ਹੁਣ) ਪੂਰਨ ਕਰੋ।

ਦਰਸਹਿ ਚਹੁੰਦਿਸ਼ਿ ਮਹਿਂ ਨਰ ਭੀਰ।
ਮੁੱਖਜ ਹਜ਼ਾਰਹੁਂ ਬੈਠੇ ਤੀਰ ॥੨੨॥
ਦੂਰ ਦੂਰ ਲੌ ਠਾਂਢੇ ਬ੍ਰਿੰਦ।
ਦੇਖਹਿਂ ਸਤਿਗੁਰ ਮੁਖ ਅਰਬਿੰਦ।
ਕਰੁਨਾ ਭਰੇ ਸਲਾਜ ਬਿਲੋਚਨ।
ਡਾਰਤਿ ਦ੍ਰਿਸ਼ਟਿ ਗੁਰੂ ਦੁਖ ਮੋਚਨ ॥੨੩॥
ਬਜ਼ਾਪਕ ਘਟ ਘਟ ਕੀ ਸਭਿ ਜਾਨਤਿ।
ਆਸ ਕਹੇ ਬਿਨ ਪੂਰਨ ਠਾਨਤਿ[1]।
ਜੇ ਸਹਿਕਾਮੀ ਦਾਸ ਮਹਾਨੈ।
ਕਲਪ ਤਰੋਵਰ ਕੀ ਸਮ ਜਾਨੈ ॥੨੪॥
ਜੱਗਜਾਸੀ ਜੇਤਿਕ ਢਿਗ ਆਏ।
ਬਿਸ਼ਨੁ ਸਰੂਪ ਲਖਹਿਂ ਮਨ ਭਾਏ।
ਕਿਤਿਕ ਮਮੋਖੀ[2] ਦਰਸ਼ਨ ਕਰੈਂ।
ਪਿਖਹਿਂ ਗਜ਼ਾਨ ਕੋ ਸੂਰਜ ਚਰੈ ॥੨੫॥
ਇਸ ਪ੍ਰਕਾਰ ਮੇਲਾ ਬਹੁ ਭਯੋ।
ਦਰਸਤਿ ਚਿਤ ਬਾਂਛਤਿ ਕੋ ਲਯੋ।
ਪੰਚ ਦਿਵਸ ਲੌ ਸੰਗਤਿ ਰਹੀ।
ਘਰ ਕੋ ਜਾਨਿ ਕਰਹਿਂ ਮਨ ਨਹੀਂ ॥੨੬॥
ਆਪਸ ਮਹਿਂ ਸਿਖ ਸੰਗਤ ਮੇਲਾ।
ਸ਼ਬਦ ਅਰਥ ਸੰਬਾਦ ਸੁਹੇਲਾ[3]।
ਪਰਚਤਿ ਅਤਿ ਅਨੰਦ ਕੋ ਪਾਏ।
'ਧੰਨ ਧੰਨ' ਗੁਰ ਸਤੁਤਿ ਸੁਨਾਏ ॥੨੭॥
ਬਹੁਰ ਬਿਸਰਜਨਿ ਗੁਰ ਤੇ ਭਏ।
ਹਰਖੇ ਸਿਰੋਪਾਵ ਨਿਜ ਲਏ।
ਜਿਸ ਜਿਸ ਦੇਸ਼ ਮਸੰਦ ਜੁ ਛੋਰੇ।
ਲੈ ਲੈ ਖੁਸ਼ੀ ਚਲੇ ਤਿਸ ਓਰੇ ॥੨੮॥
ਜੇ ਨਰ ਮੁੱਖਜ ਸੰਗਤਾਂ ਮਾਂਹੀ।
ਗੁਰ ਤੇ ਸਿਰੇਪਾਓ ਲੇ ਜਾਂਹੀਂ।
ਧਨ ਧਾਮਨਿ ਕੀ ਕੁਸ਼ਲ ਬਿਲੰਦ।

---

[1]ਬਿਨਾਂ ਕਹੇ ਹੀ ਆਸਾਂ ਪੂਰਨ ਕਰਦੇ ਹਨ।
[2]ਮੋਖ ਦੀ ਇੱਛਾ ਵਾਲੇ।
[3]ਸ਼ਬਦ ਦੇ ਅਰਥ ਦੀ ਸੁਹਣੀ ਚਰਚਾ ਕਰਕੇ।

ਗੁਰ ਦਿਸ਼ਿ ਤੇ ਚਹਿ ਚਲੇ ਅਨੰਦ ॥੨੯॥
ਸਾਗਰਾਂਤ[1] ਅਵਿਨੀ ਲੌਂ ਜਾਵੈਂ।
ਅਨਿਕ ਟਾਪੂਅਨਿ ਤੇ ਨਰ ਆਵੈਂ।
ਸੁਜਸੁ ਮਹਾਨ ਬਖਾਨਤਿ ਜਾਤੇ।
'ਸਤਿਗੁਰ ਸਕਲ ਜਗਤ ਕੇ ਦਾਤੇ' ॥੩੦॥
ਬਹੁਰ ਕਿਤਿਕ ਜਬਿ ਦਿਵਸ ਬਿਤਾਏ।
ਸ੍ਰੀ ਕਰਤਾਰ ਪੁਰੇ ਸੁਖ ਪਾਏ।
ਇਕ ਦਿਜ ਕੋ ਨੰਦਨ ਮਰਿ ਗਯੋ।
ਦ੍ਵਾਦਸ਼ ਸੰਮਤ ਕੋ ਜਬਿ ਭਯੋ ॥੩੧॥
ਗੁਰ ਦਸੌਂਧੀਆ ਦਿਜ ਸੁਤ ਕਰਜੋ।
ਤਊ ਨ ਜਿਯੋ ਅਚਾਨਕ ਮਰਜੋ।
ਇਕ ਹੀ ਹੁਤੋ ਪ੍ਰਾਨ ਤੇ ਪਜਾਰੋ।
ਅਨਿਕ ਉਪਾਇ ਬਿੱਪ੍ਰ ਕਰਿ ਪਾਰੋ ॥੩੨॥
ਨਿਸ ਦਿਨ ਮੁਖ ਦੇਖਤਿ ਸੁਖ ਪਾਵਤਿ।
ਵਹਿਰ ਪ੍ਰਾਨ ਸਮਸਰ ਮਨ ਭਾਵਤਿ[2]।
ਜਬਿ ਮਰਿ ਗਯੋ ਸ਼ੋਕ ਉਪਜਾਯੋ।
ਪਜਾਰੋ ਜਿਤਿਕ ਤਿਤਿਕ ਦੁਖ ਪਾਯੋ ॥੩੩॥
ਜਨਨੀ ਕਰਹਿ ਬ੍ਰਿਲਾਪ ਘਨੇਰੇ।
'ਅਹੋ ਪੁੱਤ੍ਰ ! ਕਜੋਂ ਜਨਮਜੋ ਮੇਰੇ।
ਮਰਜੋ ਕਸ਼ਟ ਅਤਿਸ਼ੈ ਦੇ ਗਯੋ।
ਅਜਹੁੰ ਨ ਜਗ ਕੁਛ ਦੇਖਤਿ ਭਯੋ' ॥੩੪॥
ਦਿਜ ਰੋਦਤਿ ਕਰਿ ਊਚ ਪੁਕਾਰਾ।
'ਹੇ ਸੁਤ ! ਗੁਰ ਕੋ ਕਰਿ ਮੈਂ ਪਾਰਾ।
ਨਹਿਂ ਸਹਾਇਤਾ ਮੇਰੀ ਕੀਨਿ।
ਜਮ ਨੇ ਆਇ ਕਰਜੋ ਬਯ ਹੀਨ[3]' ॥੩੫॥
ਇੱਤਜਾਦਿਕ ਦਿਜ ਦੰਪਤਿ ਸੋਇ।
ਕਰਤਿ ਬਿਲਾਪ ਸ਼ੋਕ ਮੈਂ ਹੋਇ।
ਲੀਏ ਅੰਕ ਬਹੁ ਰੋਦਨ ਠਾਨੇ।
ਮਿਲੇ ਨਿਕਟਿ ਕੇ ਲੋਕ ਬਖਾਨੇ ॥੩੬॥

---

[1]ਭਾਵ ਸਮੁੰਦਰ ਦੇ ਕਿਨਾਰਿਆਂ ਤੱਕ।
[2](ਐਉਂ) ਮਨ ਭਾਂਵਦਾ ਭਾਵ ਪਿਆਰਾ ਸੀ (ਜਿਵੇਂ ਆਪਣੇ) ਪ੍ਰਾਣ ਹੀ ਬਾਹਰ (ਕਿਸੇ ਸਰੂਪ ਵਿੱਚ ਹੋਣ)।
[3]ਭਾਵ ਮਾਰ ਲਿਆ।

'ਅਬਿ ਕਜਾ ਹੋਇ ਸ਼ੋਕ ਬਡ ਧਰੋ।
ਜਾਹੁ ਵਹਿਰ ਲੇ ਗਤਿ ਤਿਸ ਕਰੋ।
ਨਹੀਂ ਆਰਬਲ ਲਿਖੀ ਬਿਧਾਤੇ।
ਕਯੋਂ ਦੁਖ ਪਾਵਤਿ ਰੁਦਨ ਮਹਾਂ ਤੇ' ॥੩੭॥
ਸੁਨਿ ਦੰਪਤਿ ਲੋਕਨਿ ਸੰਗ ਕਹੈਂ।
'ਹਮਰੇ ਸ਼੍ਰੀ ਗੁਰ ਰਾਖੇ ਰਹੈਂ।
ਸਦਾ ਭਰੋਸਾ ਹੈ ਤਿਨ ਕੇਰਾ।
ਭਯੋ ਅਚਾਨਕ ਮ੍ਰਿਤੁ ਸੁਤ ਮੇਰਾ ॥੩੮॥
ਅਬਿ ਭੀ* ਵਹਿਰ ਨਹੀਂ ਲੈ ਜਾਵਹਿਂ।
ਸਤਿਗੁਰ ਪੌਰ ਅਗਾਰੀ ਪਾਵਹਿਂ।
ਕੈ ਹਮਰੇ ਦੇਂ ਪੁੱਤ੍ਰ ਜਿਵਾਇ।
ਨਾਂਹਿ ਤ ਤਹਿਂ ਦੋਨਹੁਂ ਮਰਿ ਜਾਇਂ ॥੩੯॥
ਸੁਤ ਕੈ ਸ਼ੋਕ ਨ ਜਿਯਨਿ ਹਮਾਰੋ[1]।
ਗੁਰ ਬਿਨ ਅਪਰ ਨਹੀਂ ਉਪਚਾਰੋ।'
ਇਮ ਕਹਿ ਸੁਤ ਕੋ ਲਿਯੋ ਉਠਾਇ।
ਊਚੇ ਰੁਦਨ ਕਰਤਿ ਚਲਿ ਆਇ ॥੪੦॥

ਦੋਹਰਾ: ਸ਼੍ਰੀ ਸਤਿਗੁਰ ਹਰਿਰਾਇ ਕੋ, ਹੁਤੋ ਜਹਾਂ ਬਰ ਪੌਰ।
ਮ੍ਰਿਤੁ ਸੁਤ ਕੋ ਤਹਿਂ ਪਾਇ ਕਰਿ, ਦੰਪਤਿ ਰੋਦਤਿ ਰੌਰ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਦਿਜ' ਪ੍ਰਸੰਗ ਬਰਨਨੰ ਨਾਮ ਖੋੜਸਮੋਂ ਅੰਸੂ ॥੧੬॥

---

*ਪਾ:-ਹੀ।

[1] ਸਾਡਾ ਜੀਵਣਾ ਨਹੀਂ ਹੋਵੇਗਾ।

## ੧੭. [ਬ੍ਰਾਹਮਣ ਦਾ ਪੁੱਤ੍ਰ ਜਿਵਾਇਆ]

੧੬<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੮

ਦੋਹਰਾ: ਦਿਜ ਜਨਨੀ ਰੋਦਤਿ ਅਧਿਕ, ਇਕਠੇ ਨਰ ਸਮੁਦਾਇ।
ਸ਼ੋਕ ਬਿਲੋਕਤਿ ਰੋਕਤੇ, 'ਰੌਰ ਨ ਰੁਦਨ ਉਠਾਇ' ॥੧॥
ਚੌਪਈ: ਕੇਤਿਕ ਨਰ ਸਤਿਗੁਰ ਢਿਗ ਆਏ।
ਹੇਤੁ ਰੌਰ ਕੋ ਸਕਲ ਸੁਨਾਏ।
'ਮ੍ਰਿਤਕ ਪੁੱਤ੍ਰ ਕੋ ਬਿੱਪ੍ਰ ਉਠਾਇ।
ਪੌਰ ਆਪ ਕੇ ਦੀਨਸਿ ਪਾਇ ॥੨॥
ਰਹੇ ਹਟਾਇ ਹਟਤਿ ਕਿਮ ਨਾਂਹੀ।
ਕਹੈ -ਕਿ ਸੁਧ ਦਿਹੁ ਸਤਿਗੁਰ ਪਾਹੀ।
ਮੇਰੋ ਪੁੱਤ੍ਰ ਜਿਵਾਵਨਿ ਕਰੈਂ।
ਨਾਤੁਰ ਹਮ ਦੋਨਹੁਂ ਭੀ ਮਰੈਂ- ॥੩॥
ਸਮੁਝਤਿ ਨਹੀਂ, ਰਹੇ ਸਮੁਝਾਇ।'
ਸੁਨਿ ਬੋਲੇ ਸ਼੍ਰੀ ਗੁਰ ਹਰਿਰਾਇ।
'ਕਰਹੁ ਬਿੱਪ੍ਰ ਸੋਂ -ਕਰਹੁ ਉਠਾਵਨਿ।
ਪਰਾਲਬਧ ਪ੍ਰਾਨੀ ਭੁਗਤਾਵਨਿ ॥੪॥
ਪੂਰਬ ਜਨਮ ਕਰਮ ਜਿਮ ਕਰਿਹੀ।
ਜਗ ਮਹਿਂ ਜੀਵ ਸਰੀਰਨਿ ਧਰਿਹੀ।
ਦੁਖ ਸੁਖ ਜਿਤਿਕ ਭੋਗਿਬੋ ਹੋਇ।
ਉੱਤਮ ਆਦਿ ਜਨਮ ਜੋ ਕੋਇ ॥੫॥
ਜਿਤਿਕ ਸਮੇਂ ਲਗਿ ਸ੍ਵਾਸਨਿ ਧਰਤਾ।
ਤ੍ਰੈ ਕੋ[1] ਅਹੈ ਬਿਧਾਤਾ ਕਰਤਾ।
ਜਨਮ ਹੋਨਿ ਤੇ ਪੂਰਬ ਕਾਲਾ।
ਤੀਨਹੁਂ ਰਚੇ ਜੀਵ ਕੇ ਨਾਲਾ ॥੬॥
ਈਸ਼ੁਰ ਕੀ ਇਹ ਕਰੀ ਮ੍ਰਿਜਾਦ।
ਕੋ ਨ ਹਟਾਇ ਸਕਹਿ ਸੁਰ ਆਦਿ-।'
ਸੁਨਤਿ ਮਸੰਦ ਹਾਥ ਜੁਗ ਜੇਰਿ।
ਪਾਇ ਰਜ਼ਾਇ ਗਯੋ ਦਿਜ ਓਰ ॥੭॥
ਕਹੀ ਗੁਰੂ ਕੀ ਸਕਲ ਸੁਨਾਈ।
'ਬਿੱਪ੍ਰ! ਜਾਹੁ ਲੇ ਮ੍ਰਿਤਕ ਉਠਾਈ।
ਇਹ ਕਿਮ ਹੋਇ ਮਰਯੋ ਪੁਨ ਜੀਵੈ।

[1]ਤਿੰਨਾਂ (੧. ਊਚ ਨੀਚ ਜਾਤੀ ਵਿਚ ਜਨਮ। ੨. ਦੁਖ ਸੁਖ। ੩. ਉਮਰਾ) ਦਾ।

ਜੇ ਇਮ ਜਿਯਹਿ ਮਰਨ ਕਿਸ ਥੀਵੈ ॥੮॥
ਮੇਟਹਿ ਪ੍ਰਭੁ ਕੀ ਕੌਨ ਰਜ਼ਾਇ।
ਜੋ ਸਗਰੇ ਜਗ ਪਰ ਚਲਿ ਆਇ।'
ਸੁਨਿ ਦਿਜ ਕਹ੍ਯੋ 'ਗੁਰੂ ਸੁਤ ਦਿਯੋ।
ਜਨਮਤਿ ਮੈਂ ਦਸਵੰਧੀ ਕਿਯੋ ॥੯॥
ਤਨ ਮਨ ਤੇ ਹੌਂ ਗੁਰ ਘਰ ਕੇਰਾ।
ਅਪਰ ਅਲੰਬ ਨ ਕੋ ਜਗ ਮੇਰਾ।
ਜੇ ਰਾਖੇ ਨਹਿਂ ਬਨਹਿਂ ਗੁਸਾਈਂ।
ਕਹਹੁ ਪਰਹਿਂ ਕਿਸ ਕੇ ਦਰ ਜਾਈ? ॥੧੦॥
ਕੈ ਸੁਤ ਸੰਗ ਤਜਾਗ ਹੌਂ ਪ੍ਰਾਨੂ।
ਕੈ ਜਿਵਾਇ ਹੈਂ ਕ੍ਰਿਪਾ ਨਿਧਾਨੂ।'
ਇਮ ਕਹਿ ਲੋਚਨ ਮੋਚਿਤ ਜਲ ਕੋ।
ਹਨਹਿ ਸੀਸ ਸੋਂ ਜੁਗ ਕਰ ਤਲ ਕੋ[1] ॥੧੧॥
ਕਹਿ ਬਹੁ ਰਹੇ ਨ ਮਾਨਹਿ ਸੋਇ।
ਦਰ ਪਰਿ ਰਹੇ ਗੁਰੂ ਕੇ ਦੋਇ।
ਬੀਤ ਗਏ ਇਮ ਜਾਮ ਅਢਾਈ।
ਸੌਚ ਸ਼ਨਾਨ ਕੀਨਿ ਗੋਸਾਈਂ ॥੧੨॥
ਸਭਾ ਲਗਨਿ ਕੋ ਸਮੋ ਬਿਚਾਰਿ।
ਸਿਖ ਮਸੰਦ ਪਹੁੰਚੇ ਦਰਬਾਰ।
ਕੇਚਿਤ ਕਰਾਮਾਤ ਕੇ ਸਾਥ।
ਬੈਠੇ ਜਾਇ ਬੰਦਿ ਕਰਿ ਹਾਥ ॥੧੩॥
ਦਾਸਨ ਤੇ ਪਰਵਾਰਤਿ ਭਏ।
ਢੁਰਤਿ ਚੌਰ ਸਿਰ ਪਰ ਦੁਤਿ ਮਏ।
ਕਮਲ ਬਿਲੋਚਨ ਚਾਰੁ ਬਿਸਾਲੇ[2]।
ਭਰੇ ਲਾਜ ਕਰੁਨਾ ਅਨਿਯਾਲੇ[3] ॥੧੪॥
ਦਾਸਨਿ ਪਰ ਡਾਰਤਿ ਸ਼ੁਭ ਡੀਠ।
ਬ੍ਰਹਮ ਗਜਾਨਿ ਆਦਿਕ ਜਨ ਈਠ।
ਕਿਤਿਕ ਦੇਸ਼ ਕੇ ਰਹੈਂ ਮਸੰਦ।
ਸੋ ਬੈਠੇ ਪਰਵਾਰਤਿ ਬ੍ਰਿੰਦ ॥੧੫॥

---

[1]ਭਾਵ ਦੁਹੱਥੜ ਮਾਰਦਾ ਹੈ।
[2]ਸੁਹਣੇ ਨੇਤ੍ਰ ਕਵਲਾਂ ਵਰਗੇ ਚੌੜੇ।
[3]ਲਾਜ ਤੇ ਮਿਹਰ ਦੀਆਂ ਅਣੀਆਂ ਨਾਲ ਭਰੇ।

ਪੂਰਨ ਸਭਾ ਸ਼ੁਭਤਿ ਸਿਖ ਸਾਰੇ।
ਉਡਗਨ ਜਥਾ ਚੰਦ ਪਰਵਾਰੇ।
ਤਬਿ ਪ੍ਰਸੰਗ ਦਿਜ ਕੋ ਤਹਿਂ ਚਾਲਾ।
'ਪਰਜੋ ਬਿਹਾਲ ਸਸ਼ੋਕ ਬਿਸਾਲਾ ॥੧੬॥
ਸੁਤ ਬਿਨ ਜਿਸ ਕੇ ਜਿਯਨਿ ਨ ਆਸਾ।
ਅਧਿਕ ਪ੍ਰੇਮ ਤੇ ਸੰਕਟ ਗ੍ਰਾਸਾ।
ਕਰਹੁ ਕ੍ਰਿਪਾ ਜੇ ਆਪ ਕ੍ਰਿਪਾਲਾ।
ਮਿਟਹਿ ਸਭਿਨਿ ਸੰਤਾਪ ਬਿਸਾਲਾ ॥੧੭॥
ਬਾਲਿਕ ਜਿਯੈ ਪੁੰਨ ਬਡ ਹੋਇ।
ਮਰਹਿਂ ਜੁ ਦੰਪਤਿ ਉਬਰਹਿਂ ਸੋਇ[1]।
ਗੁਰ ਕੋ ਸੁਤ ਦਸੌਂਧੀਆ ਕੀਨਿ।
ਬਿਰਦ ਕ੍ਰਿਪਾਲ ਆਪ ਕੋ ਚੀਨਿ ॥੧੮॥
ਪੁਨ ਪਰਿ ਰਹਜੋ ਰਾਵਰੇ ਪੌਰ।
ਦੰਪਤਿ ਕਹਤਿ -ਮਰਹਿਂ ਇਸ ਠੌਰ-।'
ਸੁਨਤਿ ਸਭਾ ਤੇ ਸ਼੍ਰੀ ਹਰਿਰਾਇ।
'ਜੋ ਹੋਵਤਿ ਸੋ ਪ੍ਰਭੁ ਰਜ਼ਾਇ[2] ॥੧੯॥
ਉਪਜਨਿ ਬਿਨਸਨਿ ਪ੍ਰਾਨੀ ਸਾਥ।
ਜੌ ਲਗਿ ਕ੍ਰਿਪਾ ਕਰਹਿਂ ਨਹਿਂ ਨਾਥ।
ਜੋਗ ਭਗਤਿ ਕੈ ਹੁਇ ਬ੍ਰਹਮਗਜਾਨ।
ਇਨ ਤੇ ਜਨਮ ਮਰਣ ਹੁਇ ਹਾਨ ॥੨੦॥
ਮਰਜੋ ਜਿਵਾਵਨ ਭਲੀ ਨ ਬਾਤ।
ਜੋ ਸਭਿ ਕੇ ਸਿਰ ਬੀਤਤਿ ਜਾਤਿ।
ਰਾਵ ਰੰਕ ਗਨ ਨਿਤ ਹੀ ਮਰੈਂ।
ਸੁਨਿ ਇਮ ਹਮਰੇ ਦਰ ਪਰ ਪਰੈਂ' ॥੨੧॥
ਗੁਰ ਤੇ ਸੁਨਤਿ ਸਭਾ ਉਪਕਾਰੀ।
ਜਿਯਹਿ ਬਾਲ ਜਿਮ ਬਹੁਰ ਉਚਾਰੀ।
'ਰਾਵਰ ਕਹਹੁ ਸਕਲ ਹੀ ਸਾਚੀ।
ਤੁਮਰੀ ਸ਼ਰਣ ਨਹੀਂ ਦੁਖ ਆਂਚੀ[3] ॥੨੨॥
ਸਰਬ ਪ੍ਰਕਾਰ ਮਹਾਂ ਸਮਰੱਥ।

---

[1]ਜੋ ਦੰਪਤੀ (ਪੁੱਤ੍ਰ ਨਾਲ) ਮਰ ਰਹੇ ਹਨ ਸੋ ਬੀ ਬਚ ਜਾਣਗੇ।
[2]ਜੋ ਹੁੰਦਾ ਹੈ ਸਭ ਪ੍ਰਭੂ ਦੀ ਰਜ਼ਾ ਵਿਚ ਹੁੰਦਾ ਹੈ।
[3]ਦੁਖ ਦਾ ਸੇਕ।

ਭੰਜਨ ਗੜਨ ਆਪ ਕੇ ਹੱਥ।
ਬਿੱਪ੍ਰ ਪਰਜੋ ਬੀਤਜੋ ਚਿਰਕਾਲ।
ਕਸ਼ਟ ਸ਼ੋਕ ਤੇ ਹ੍ਵੈ ਬਿਕਰਾਲ ॥੨੩॥
ਅਨਿਕ ਲੋਕ ਅਵਿਲੋਕਨ ਕਰੈਂ।
ਆਸ ਆਪ ਕੀ ਸਗਰੇ ਧਰੈਂ।
ਜੇ ਨਹਿਂ ਜਿਯਹਿ ਨਿਰਾਸੇ ਹੋਇ।
ਮਤਿ ਅਨੁਸਾਰ ਬਕੈਂ ਸਭਿ ਕੋਇ' ॥੨੪॥
ਸਭਾ ਸਮੇਤ ਮਨੋਰਥ ਸਭਿਹਿਨਿ।
-ਦਿਜ ਸੁਤ ਜਿਯਹਿ ਭਲੀ ਹੁਇ ਤਿਸ ਛਿਨ-।
ਬਾਰਿ ਬਾਰਿ ਸਿਖ ਦਾਸ ਮਸੰਦ।
ਦਿਜ ਕੀ ਫੁਰਮਾਇਸ਼ ਕਹਿਂ ਬ੍ਰਿੰਦ ॥੨੫॥
ਸਭਿ ਤੇ ਸੁਨਿ ਕਰਿ ਸ਼੍ਰੀ ਹਰਿਰਾਇ।
ਰਿਸ ਤੇ ਤਮਕ ਕੁਛੁਕ ਮਨ ਲ਼ਜਾਇ।
ਕਹਜੋ ਸਭਿਨਿ ਮਹਿਂ ਉਚ ਸੁਨਾਯੋ।
'ਜੇ ਤੁਮ ਹਮ ਤੇ ਚਹਿਤਿ ਜਿਵਾਯੋ ॥੨੬॥
ਲਖਿ ਦਿਜ ਦੀਨ ਕਰਹੁ ਫੁਰਮਾਇਸ਼।
ਇਕ ਉਪਕਾਰ ਕਰਹੁ ਹਮ ਆਇਸੁ।
ਅਪਨੀ ਦੇਹੁ ਆਰਬਲ ਕੋਇ।
ਦਿਜ ਕੋ ਪੁੱਤ੍ਰ ਜਿਵਾਵਹਿ ਸੋਇ' ॥੨੭॥
ਇਹ ਗੁਰ ਬਾਕ ਸਭਾ ਸੁਨਿ ਸਾਰੀ।
ਭਈ ਤੂਸ਼ਨੀ ਕੁਛ ਨ ਉਚਾਰੀ।
ਗ੍ਰੀਵ ਨੀਵ ਥੀਵਨਿ ਚਿਤਵੰਤੇ[1]।
ਨਿਜ ਬਯ ਦੇਨੀ ਉਰ ਨ ਚਹੰਤੇ ॥੨੮॥
ਸਮੁਖ ਨਹੀਂ ਸਤਿਗੁਰ ਕੇ ਹੇਰੈਂ।
ਜਾਨਹਿਂ -ਮੁਝ ਕੋ ਨਹਿਂ ਇਤ ਪ੍ਰੇਰੈਂ[2]।
ਮਰਹਿ ਕੌਨ ਦਿਜ ਪੁੱਤ੍ਰ ਜਿਵਾਵੈ-।
ਧਰਜੋ ਤ੍ਰਾਸ ਨਹਿਂ ਧੀਰਜ ਪਾਵੈਂ ॥੨੯॥
ਸਭਿ ਕੇ ਮਨ ਕੀ ਸਤਿਗੁਰ ਜਾਨੀ।
ਕਿਤਿਕ ਬਾਰ ਮਹਿਂ ਪੁਨ ਕਹਿ ਬਾਨੀ।
'ਸਰਬ ਸਭਾ ਫੁਰਮਾਇਸ਼ ਕਾਰੀ।

[1]ਨੀਵੀਂ ਧੌਣ ਕਰਕੇ ਸੋਚਣ ਲਗ ਪਏ।
[2]ਭਾਵ ਮੈਨੂੰ ਨਾ ਕਹਿ ਦੇਣ।

ਅਬਿ ਕਹਿ ਕਜੋਂ ਨ ਬਨਤ ਉਪਕਾਰੀ ॥੩੦॥
ਦੀਜਹਿ ਬਯ ਦਿਜ ਪੁੱਤ੍ਰ ਜਿਵਾਵਹੁ।
ਭਲੋ ਕਰਮ ਕਰਿ ਜਸੁ ਜਗ ਪਾਵਹੁ।
ਦੰਪਤਿ ਮਰਤਿ ਉਬਾਰਹੁ ਕੋਇ।
ਧਰਹਿ ਧੀਰ ਸੁਭ ਗਤਿ ਲੇ ਸੋਇ' ॥੩੧॥
ਗੁਰੂ ਬਚਨ ਦੂਜੋ ਇਮ ਭਯੋ।
ਕਿਨਹੁਂ ਨ ਉੱਤਰ ਮੁਖ ਤੇ ਦਯੋ।
ਪੂਰਬ ਕਹਤਿ ਸਭਾ ਜਿਮ ਸਾਰੀ।
ਤਿਮ ਹੀ ਤੂਸ਼ਨਿ ਭਈ ਬਿਚਾਰੀ ॥੩੨॥
ਸਮੁਖ ਨ ਦੇਖਹਿਂ ਨੀਚਹਿ ਨੈਨ।
ਕੋ ਧੀਰਜ ਧਰਿ ਬੋਲਹਿ ਬੈਨ?
ਚਹੁਂਦਿਸ਼ਿ ਮਹਿਂ ਗੁਰ ਦਿਸ਼ਟਿ ਚਲਾਵੈਂ।
-ਕੋ ਬਯ ਦੇਹਿ ਦਾਸ- ਪਤਿਆਵੈਂ ॥੩੩॥
ਏਕ ਘਰੀ ਲਗਿ ਥਿਰ ਸਭਿ ਰਹੇ।
ਤੀਸਰ ਬਚਨ ਗੁਰੂ ਪੁਨ ਕਹੇ।
'ਭੋ ਸਿੱਖਹੁ ! ਪੂਰਬ ਸਭਿ ਭਾਖਤਿ।
ਕਜੋਂ ਉਪਕਾਰ ਕਰਨਿ ਨਹਿਂ ਕਾਂਖਤਿ ॥੩੪॥
ਇਕ ਜੋ ਦੇਯ ਆਪਨੇ ਪ੍ਰਾਨ।
ਜਿਯਹਿਂ ਤੀਨ, ਜਸੁ ਲਹੈ ਜਹਾਨ।'
ਇਮ ਸੁਨਿ ਭਗਤੂ ਕੋ ਸੁਤ ਛੋਟਾ।
ਪੀਛੇ ਬੈਠਜੋ ਗੁਰ ਦ੍ਰਿਗ ਓਟਾ[1] ॥੩੫॥
ਉਠਿ ਤੂਸ਼ਨਿ ਹੀਂ ਨਿਕਸਜੋ ਬਾਹਰ।
ਪਰਉਪਕਾਰ ਹੇਤੁ ਕਰਿ ਅਹਾਰ।
ਜੀਵਣ ਨਾਮ, ਆਇ ਕਰਿ ਡੇਰੇ।
ਆਸਤਰਨ ਕਰਿ ਤ੍ਰਿਣਨਿ ਹਛੇਰੇ ॥੩੬॥
ਊਪਰ ਪੌਢਜੋ ਬਦਨ ਅਛਾਦਿ।
ਕਿਹ ਸੋਂ ਕੀਨਸਿ ਨਹਿਂ ਸੰਬਾਦ।
ਸਰਬ ਸ਼ਰੀਰ ਬਸਤ੍ਰ ਤੇ ਢਾਂਪਿ।
ਚਾਹਸਿ ਪ੍ਰਾਣ ਤਜਾਗਿਬੇ ਆਪ ॥੩੭॥
ਗੁਰ ਬਚ ਤੇ ਪ੍ਰਲੋਕ ਅਨੰਦ।
ਚਿਤ ਮੈਂ ਚਾਹਤਿ ਭਯੋ ਬਿਲੰਦ।

---
[1]ਗੁਰੂ ਜੀ ਦੀ ਨਿਗਾਹ ਦੇ ਉਹਲੇ।

-ਜਿਯਨਿ ਝੂਠ ਜਗ ਮਹਿਂ ਸਚ ਮਰਨਾ।
ਆਗੇ ਪਾਛੇ ਸਭਿ ਸਿਰ ਪਰਨਾ ॥੩੮॥
ਅਬਿ ਤਿਨ ਲਗਹਿ ਸਕਾਰਥ ਮੇਰੋ।
ਇਸ ਤੇ ਅਪਰ ਭਲੋ ਨਹਿਂ ਹੇਰੋਂ-।
ਇੱਤਯਾਦਿਕ ਮਨ ਕਰੇ ਬਿਚਾਰਾ।
[1]ਧੰਨ ਸੁ ਜੀਵਣ ਸਭਾ ਮਝਾਰਾ[2] ॥੩੯॥
ਨਿਜ ਜੀਵਨ, ਜੀਵਨ ਦਿਯ ਦਾਨ[3]।
ਗੁਰ ਬਚ ਤੇ ਪਦ ਲਹਯੋ ਮਹਾਨੁ।
ਤਤਛਿਨ ਅਪਨੇ ਪ੍ਰਾਨ ਨਿਕਾਰੇ।
ਗੁਰ ਪੁਰਿ ਮਹਿਂ ਪਹੁੰਚਯੋ ਬਿਨ ਬਾਰੇ ॥੪੦॥
ਇਤ ਜੀਵਣ ਜਬਿ ਜੀਵਨ ਤਯਾਗਯੋ[4]।
ਗੁਰੂ ਪੌਰ ਸਿਸ ਤਤਛਿਨ ਜਾਗਯੋ।
ਉਠਯੋ ਜੀਵ ਕਰਿ[5] ਢਿਗ ਪਿਤ ਮਾਤਾ।
ਲੋਕ ਬਿਲੋਕਤਿ ਹੈਂ ਢਿਗ ਬ੍ਰਾਤਾ[6] ॥੪੧॥
ਦੋਹਰਾ: ਭਯੋ ਅਨੰਦ ਬਿਲੰਦ ਹੀ ਰਿਦੇ ਰਹੇ ਬਿਸਮਾਇ।
ਸੁਧ ਅੰਤਰ ਪਹੁੰਚੀ ਤਬੈ ਜਹਿਂ ਸ੍ਰੀ ਗੁਰ ਹਰਿਰਾਇ ॥੪੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਦਿਜ ਸੁਭ ਜਿਵਾਵਨਿ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥੧੭॥

---

[1]ਕਵਯੋਕਤੀ ਹੈ।
[2](ਉਸ) ਸਭਾ ਵਿਚ ਜੀਵਣ (ਇੱਕ) ਧੰਨਯਤਾ ਯੋਗ (ਪੁਰਖ) ਸੀ।
[3]ਆਪਣਾ ਜੀਵਨ ਦਾਨ ਦੇ ਕੇ (ਬ੍ਰਹਮਣ ਨੂੰ) ਪੁੱਤ੍ਰ ਦਾਨ ਦਿੱਤਾ। 'ਦਿਯ ਦਾਨ' ਦੇਹੁਰੀ ਦੀਪਕ ਲਗੇਗਾ। [ਸੰਸ: ਜੀਵਨ = ਜ਼ਿੰਦਗੀ, ਪਾਣੀ, ਪੁੱਤ੍ਰ ਆਦਿ। ] (ਅ) ਜੀਵਨ ਨੇ ਆਪਣਾ ਜੀਵਨ (ਬ੍ਰਹਮਨ ਨੂੰ) ਦਾਨ ਦਿੱਤਾ।
[4]ਇਧਰ ਜੀਵਣ ਨੇ ਜਦ ਜੀਵਨ ਤਿਆਗਿਆ ਭਾਵ ਚਲਾਣਾ ਕੀਤਾ।
[5]ਜਿਉਂ ਕੇ ਉੱਠ ਖਲੋਤਾ।
[6]ਬਹੁਤੇ ਲੋਕੀਂ ਕੋਲ ਖੜੇ ਵੇਖਦੇ ਹਨ।

## ੧੮. [ਸ਼ਕਰ ਗੰਗ ਲੱਗਣ ਦੀ ਕਥਾ]

੧੭<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੧੯

ਦੋਹਰਾ: 'ਧੰਨ ਗੁਰੂ ਪੂਰਨ ਪ੍ਰਭੂ', ਨਰ ਕਹਿਂ ਆਪਸ ਮਾਂਹਿ।
'ਰਾਮਚੰਦ ਕੇ ਪੌਰ ਜਿਮ, ਮ੍ਰਿਤਕ ਬਿੱਪ੍ਰ ਸੁਤ ਜਜਾਹਿ[1*] ॥੧॥

ਚੌਪਈ: ਸੁਨੀ ਕਥਾ ਮਹਿਂ[2] ਦਿਜ ਲੇ ਗਯੋ।
ਅਧਿਕ ਬ੍ਰਿਲਾਪ ਰਾਮ ਦਰ ਕਿਯੋ।
ਤਬਿ ਰਘੁਬਰ ਬਹੁ ਕਰੇ ਉਪਾਇ।
ਜਿਮ ਨਾਰਦ ਮੁਨਿ ਦਿਯੇ ਬਤਾਇ ॥੨॥
ਜਯੋਂ ਕਯੋਂ ਕਰਿ ਦਿਜ ਪੁੱਤ੍ਰ ਜਿਵਾਯੋ[*]।
ਰਾਮ ਚੰਦ ਨਿਜ ਨੇਮ ਨਿਬਾਹਯੋ।
ਸੋ ਗਤਿ ਭਈ ਗੁਰੂ ਦਰਬਾਰ।
ਦਿਜ ਸੰਕਟ ਤੇ ਲੀਨਿ ਉਬਾਰਿ' ॥੩॥
ਇਮ ਸੰਬਾਦ ਕਰੈਂ ਨਰ ਨਾਰੀ।
ਗੁਰ ਕੀਰਤਿ ਕੋ ਕਰੈਂ ਉਚਾਰੀ।
ਸਭਾ ਬਿਖੈ ਜਬਿ ਸੁਧ ਚਲਿ ਗਈ।
'ਬਿੱਪ੍ਰ ਪੁੱਤ੍ਰ ਜੀਵਯੋ' ਸੁਧ ਭਈ ॥੪॥
ਸੁਨਯੋ ਅਚਾਨਕ ਸ਼੍ਰੀ ਹਰਿਰਾਇ।
ਬੁਝਯੋ ਸ਼ੀਘ੍ਰ ਕਹਯੋ ਜਬਿ ਆਇ।
'ਕਿਹਂ ਸਿਖ ਅਪਨਿ ਆਰਬਲ ਦੀਨਿ?
ਪਰਉਪਕਾਰ ਕਿਨਹੁਂ ਅਸ ਕੀਨਿ?' ॥੫॥
ਸੁਨਤਿ ਸਭਾਸਦ ਬਿਸਮੈ ਭਏ।
ਚਪਲ ਬਿਲੋਚਨ ਇਤ ਉਤ ਕਿਏ।
ਨਿਜ ਨਿਜ ਨਿਕਟਿ ਪਿਖਹਿਂ ਸਭਿ ਬੈਸੇ।

---

[1]ਜੀਵਿਆ ਸੀ।
[*]ਪਾ:-ਜਾਹਿਂ = ਗਿਆ ਸੀ।
[2]ਕਥਾ ਵਿਚ ਅਸਾਂ ਸੁਣਿਆਂ ਸੀ ਕਿ......।
[*]ਵਾਲਮੀਕੀ ਰਾਮਾਇਣ ਵਿਚ ਲਿਖਿਆ ਹੈ ਕਿ ਜਦ ਸ਼੍ਰੀ ਰਾਮ ਚੰਦ੍ਰ ਜੀ ਬਨਬਾਸ ਕੱਟ ਵਾਪਸ ਆ ਤਖਤ ਤੇ ਬੈਠੇ ਤਾਂ ਇਕ ਦਿਨ ਇਕ ਬ੍ਰਾਹਮਣ ਨੇ ਆਪਣੇ ਮੁਰਦਾ ਪੁੱਤ੍ਰ ਨੂੰ ਉਠਾ ਕੇ ਇਨ੍ਹਾਂ ਅੱਗੇ ਲਿਆ ਰਖਿਆ ਤੇ ਕਿਹਾ ਕਿ ਇਹ ਲੜਕਾ ਸਾਡੇ ਵੇਖਦੇ ਨਹੀਂ ਮਰਨਾ ਚਾਹੀਦਾ ਸੀ, ਕਿਉਂਕਿ ਮੈਂ ਤੇ ਮੇਰੀ ਇਸਤ੍ਰੀ ਨੇ ਕੋਈ ਅਜਿਹਾ ਪਾਪ ਨਹੀਂ ਕੀਤਾ ਜਿਸ ਤੋਂ ਪੁੱਤ੍ਰ ਦੇ ਮਰਨ ਦਾ ਸੱਲ ਵੇਖਦੇ। ਸ਼੍ਰੀ ਰਾਮਚੰਦ੍ਰ ਜੀ ਲੜਕੇ ਦੀ ਮੌਤ ਦਾ ਕਾਰਨ ਲੱਭਦੇ ਇਕ ਜੰਗਲ ਵਿਚ ਗਏ ਉਥੇ ਸ਼ੰਬੂਕ ਨਾਮ ਦਾ ਇਕ ਮਨੁੱਖ ਪੁੱਠਾ ਲਟਕ ਤਪ ਕਰ ਰਿਹਾ ਸੀ। ਰਾਮ ਚੰਦਰ ਜੀ ਨੇ ਇਹ ਮਾਲੂਮ ਕਰਕੇ ਕਿ ਇਹ ਸ਼ੂਦਰ ਹੋਕੇ ਤਪ ਕਰ ਰਿਹਾ ਹੈ, ਜਿਸ ਦਾ ਕਿ ਇਸ ਨੂੰ ਵੇਦ ਨੇ ਅਧਿਕਾਰ ਨਹੀਂ ਦਿੱਤਾ, ਉਸ ਦਾ ਸਿਰ ਤਲਵਾਰ ਨਾਲ ਕੱਟ ਦਿੱਤਾ। ਜਿਸ ਤੋਂ ਬ੍ਰਹਮਣ ਦਾ ਲੜਕਾ ਜੀਉ ਪਿਆ। ਚੇਤੇ ਰਹੇ ਇਸ ਰਾਮਾਇਣ ਦੀ ਕਥਾ ਦੇ ਲੇਖਕ ਆਪਣੇ ਲਿਖੇ ਦੇ ਆਪ ਜ਼ਿੰਮੇਵਾਰ ਹੈਨ, ਗੁਰਮਤ ਵਿਚ ਹਰਿ ਉਚ ਨੀਚ ਨੂੰ ਭਜਨ ਬੰਦਗੀ ਦਾ ਸਮ ਅਧਿਕਾਰ ਹੈ।

-ਮਰਜੋ ਕੌਨ- ਬੀਚਾਰਤਿ ਐਸੇ ॥੬॥
ਪੁਨਹਿ ਸ਼ੀਘ੍ਰ ਗੁਰੂ ਬੂਝਨਿ ਕੀਨਿ।
'ਕਜੋਂ ਨ ਕਹੋ ਕਿਨ ਜੀਵਨ ਦੀਨਿ?'
ਛਰੀ ਦਾਰ ਕਰ ਜੋਰਿ ਉਚਾਰਾ।
'ਮਹਾਰਾਜ! ਨਹਿਂ ਦੂਤੀ ਸਿਧਾਰਾ ॥੭॥
ਇਕ ਜੀਵਣ ਭਗਤੂ ਸੁਤ ਗਯੋ।
ਹਟਿ ਕਰਿ ਸੋ ਨਹਿਂ ਆਵਤਿ ਭਯੋ।
ਅਪਰ ਸਭਾ ਸਭਿ ਬੈਠੀ ਅਹੈ।
ਬਿੱਪ੍ਰ ਪ੍ਰਸੰਗ ਸੁਨਤਿ, ਜੇ ਕਹੇ[1] ॥੮॥
ਸੋ ਰਾਵਰ ਕੇ ਹੁਤੋ ਪਿਛਾਰੀ।
ਨਿਕਸਜੋ ਤੂਸ਼ਨਿ ਬੰਦਨ ਧਾਰੀ।'
ਸੁਨਿ ਗੁਰ ਕਹਜੋ 'ਸ਼ੀਘ੍ਰ ਸੁਧ ਲੀਜੈ।
ਤਿਸ ਬਿਲੋਕਿ ਹਮ ਸੰਗ ਕਹੀਜੈ' ॥੯॥
ਦੌਰੇ ਦਾਸ ਗਏ ਦੁਇ ਤੀਨ।
ਡੇਰੇ ਪ੍ਰਥਮ ਜਾਇ ਪਿਖਿ ਲੀਨ।
ਬਸਤ੍ਰ ਅਛਾਦਤਿ ਤ੍ਰਿਨਨਿ ਪਰਜੋ ਹੈ।
ਪਿਖਿ ਉਘਾਰਿ: ਬਿਨ ਪ੍ਰਾਣ, ਮਰਜੋ ਹੈ[+] ॥੧੦॥
ਦੌਰੇ ਗਏ ਗੁਰੂ ਸੰਗ ਕਹਜੋ।
'ਜੀਵਨ ਜਾਇ ਅਜੀਵਨ ਲਹਜੋ[2]।
ਬਸਤ੍ਰ ਅਛਾਦਿ ਦੇਹਿ ਪਰ ਸਾਰੇ।
ਦਿਜ ਸੁਤ ਹਿਤ ਦਿਯ ਪ੍ਰਾਣ ਨਿਕਾਰੇ' ॥੧੧॥
ਸੁਨਤਿ ਰਿਸੇ ਗੁਰ ਸਭਿਨਿ ਸੁਨਾਯੋ।
'ਮਮ ਸੁਤ ਹਤਿ ਦਿਜ ਪੁੱਤ੍ਰ ਜਿਵਾਯੋ।
ਪ੍ਰਭੁ ਭਾਣੇ ਕੋ ਮਾਨਹਿਂ ਨਾਂਹੀ।
ਬੋਲਹਿਂ ਨਿਕਟਿ ਸਿਪਾਰਸ਼ ਮਾਂਹੀ ॥੧੨॥
ਇੱਤਜਾਦਿਕ ਬਚ ਭਨੇ ਘਨੇਰੇ।
ਪਠੇ ਦਾਸ ਪੁਨ ਤਿਸ ਕੇ ਡੇਰੇ।
'ਹੋਇ ਪੁੱਤ੍ਰ ਇਸ ਕੋ ਲੇ ਆਵਹੁ।
ਸ਼ੀਘ੍ਰ ਜਾਇ ਸਭਿ ਸੁਧ ਕੋ ਪਾਵਹੁ ॥੧੩॥

---

[1]ਜੋ ਪਏ ਕਹਿੰਦੇ ਸੁਣਦੇ ਸਨ। (ਅ) ਜੋ ਪ੍ਰਸੰਗ ਬ੍ਰਹਮਣ ਦਾ ਕਿਹਾ ਜਾ ਰਿਹਾ ਸੀ ਉਹ ਸੁਣਦਾ ਸੀ।
[+]ਪਾ:-ਪਿਖਜੋ ਉਘਾਰਨਿ ਦੇਹ ਮਰਜੋ ਹੈ।
[2]ਭਾਵ ਮਰ ਗਿਆ ਹੈ।

ਹੁਤੇ ਬਿਰਾੜ ਕੁਛੁਕ ਤਹਿਂ ਮਿਲੇ।
ਬੂਝੈਂ ਸਕਲ ਜਾਇ ਕਰਿ ਭਲੇ।
'ਗੁਰੂ ਹਕਾਰਤਿ ਸੁਤ ਇਸ ਜੋਇ।
ਇਹਾਂ ਕਿਧੌਂ ਘਰ ਮਹਿਂ ਜੇ ਹੋਇ ॥੧੪॥
ਸ਼ੀਘ੍ਰ ਚਲਹੁ ਲੇ ਕਿਧੌਂ ਹਕਾਰਹੁ।
ਗੁਰ ਸੋਂ ਮਿਲਿ ਪੁਨ ਇਸ ਸਸਕਾਰਹੁ।'
ਦਾਸਨਿ ਸੋਂ ਬਿਰਾੜ ਚਲਿ ਆਏ।
ਠਾਢੇ ਹੋਇ ਹਜ਼ੂਰ ਬਤਾਏ ॥੧੫॥
'ਬਰਖ ਅਸ਼ਟਦਸ ਕੋ ਇਹ ਭਯੋ।
ਅਬਿ ਕੇ ਇਨ ਮੁਕਲਾਵਾ ਲਿਯੋ।
ਅਬਿ ਲੌ ਪੁੱਤ੍ਰ ਨ ਜਨਮਜੋ ਕੋਇ।
ਗਰਭਵਤੀ ਇਸ ਕੇ ਘਰ ਜੋਇ ॥੧੬॥
ਗੁਰ ਦਰਸ਼ਨ ਹਿਤ ਚਲਿ ਕਰਿ ਆਯੋ।
ਗੁਰੂ ਬਾਕ ਤੇ ਤੁਰਤ ਸਮਾਯੋ।'
ਸ਼੍ਰੀ ਹਰਿਰਾਇ ਸੁਨਤਿ ਪੁਨ ਕਹੈਂ।
'ਜੋ ਇਸ ਤ੍ਰਿਯਾ ਗਰਭ ਮੈਂ ਅਹੈ ॥੧੭॥
ਸੰਤਦਾਸ ਤਿਸ ਨਾਮ ਰਖੀਜੈ।
ਅਧਿਕ ਬੰਸ ਜੁਤਿ ਹੋਇ ਜਨੀਜੈ।
ਜਨਮਹਿ ਪੁੱਤ੍ਰ ਪਜਾਰ ਕਰਿ ਪਾਰੋ।
ਇਕ ਤੇ ਹਮ ਕਰਿ ਦੇਹਿਂ ਹਜ਼ਾਰੋਂ ॥੧੮॥
ਬ੍ਰਿੰਦ ਬੰਸ ਫੈਲਹਿ ਜਗ ਮਾਂਹੀ।
ਬ੍ਰਧੈ ਅਧਿਕ ਦੂਸਰ ਜਿਮ ਨਾਂਹੀ।'
ਉਰ ਪ੍ਰਸੰਨ ਹ੍ਵੈ ਕਰਿ ਬਰ ਦੀਨੇ।
ਸੋ ਅਬ ਜ਼ਾਹਰ ਜਗ ਮਹਿਂ ਚੀਨੇ ॥੧੯॥
ਭਗਤੂ ਸੁਤ ਗੌਰਾ ਬਡ ਜੋਇ।
ਤਾਂਹਿ ਬੰਸ ਬੀਸਕ ਨਰ ਸੋਇ।
ਸੰਤਦਾਸ ਜੋ ਜੀਵਣ ਕੇਰਾ।
ਤਿਸ ਕੋ ਬੰਸ ਹਜ਼ਾਰੋਂ ਹੇਰਾ ॥੨੦॥
ਤੀਨ ਗ੍ਰਾਮ ਬਸਿ ਨਾਂਹਿ ਸਮਾਵੈ[1]।
ਬਹੁਰ ਅਗਾਰੀ ਬਧਤੋ ਜਾਵੈ।
ਜਿਸ ਪ੍ਰਕਾਰ ਬਰ ਗੁਰੂ ਉਬਾਚਾ।

[1]ਤਿੰਨਾਂ ਪਿੰਡਾਂ ਵਿੱਚ ਵੱਸਕੇ ਵੀ (ਉਸ ਦਾ ਵੰਸ਼) ਸਮਾਉਂਦਾ ਨਹੀਂ।

ਜਗਤ ਪ੍ਰਸਿੱਧ ਦੇਖਿ ਲਿਹੁ ਸਾਚਾ* ॥੨੧॥
ਪੁਨ ਭਾਈ ਜੀਵਣ ਸਸਕਾਰਾ।
ਜਿਨ ਦੇ ਪ੍ਰਾਣ ਕੀਨਿ ਉਪਕਾਰਾ।
ਸਤਿਗੁਰ ਧੰਨ ਸਿੱਖ ਭੀ ਧੰਨੇ।
ਪ੍ਰਭੁ ਕੇ ਬਾਕ ਦਾਸ ਜਿਨ ਮੰਨੇ ॥੨੨॥
ਸ਼੍ਰੀ ਹਰਿਰਾਇ ਸੁ ਕੀਰਤਿ ਝੂਲੀ।
ਘਰ ਘਰ ਮਾਨਹੁੰ ਮਾਲਤੀ ਫੂਲੀ।
ਦੇਸ਼ ਬਿਦੇਸ਼ਨਿ ਐਸੇ ਭਈ।
ਪਾਂਤਿ ਮਰਾਲਨਿ ਜਨੁ ਉਡ ਗਈ ॥੨੩॥
ਕਿਧੌਂ ਚੰਦ੍ਰਿਕਾ ਜਗਤ ਬਿਥਾਰੀ।
ਸੁਜਨ ਚਕੋਰਨਿ ਕੋ ਸੁਖਕਾਰੀ।
ਦਿਜ ਅਨੰਦ ਭਾ ਨੰਦਨ ਜੀਯੋ।
ਮਨਹੁੰ ਮ੍ਰਿਤਕ ਨੇ ਅੰਮ੍ਰਿਤ ਪੀਯੋ ॥੨੪॥
ਇਮ ਬਾਸੇ ਗੁਰ ਪੁਰਿ ਕਰਤਾਰਾ।
ਕਰਹਿਂ ਚਰਿੱਤ੍ਰ ਅਨੇਕ ਪ੍ਰਕਾਰਾ।
ਕੇਤਿਕ ਬਾਸੁਰ ਬਹੁਰ ਬਿਤਾਏ।
ਦਾਸ ਉਧਾਰਤਿ ਹੈਂ ਸਮੁਦਾਏ ॥੨੫॥
ਇਕ ਦਿਨ ਵਹਿਰ ਕੂਪ ਗੁਰ ਕੇਰਾ।
ਸ਼ਕਰ ਗੰਗ ਜਿਹ ਪੁੰਨਕ[੧] ਹੇਰਾ*।
ਤ੍ਰਿਤੀ ਜਾਮ ਮਹਿਂ ਸਤਿਗੁਰ ਗਏ।
ਪਿਖਿ ਰਮਣੀਕ ਥਾਨ ਥਿਤ ਭਏ ॥੨੬॥
ਸੌਚ ਸ਼ਨਾਨ ਕਰਜੋ ਹਰਖਾਏ।
ਬੈਠਿ ਬਹੁਰ ਦੀਵਾਨ ਲਗਾਏ।
ਹੁਤੇ ਬ੍ਰਿੱਧ ਜੇ ਨਿਕਟਿ ਨਿਹਾਰੇ।
ਤਿਨ ਬੂਝਨਿ ਹਿਤ ਬੈਨ ਉਚਾਰੇ ॥੨੭॥
'ਸ਼੍ਰੀ ਅਰਜਨ ਗੁਰ ਬਡੇ ਹਮਾਰੇ।
ਜਗ ਪਰ ਜਿਨਹੁੰ ਕੀਨਿ ਉਪਕਾਰੇ।
ਜਿਸ ਪ੍ਰਕਾਰ ਇਹ ਕੂਪ ਲਗਾਯੋ।

---

*ਇਹ ਗੱਲ ਇਥੇ ਕਵਿ ਜੀ ਆਪਣੀ ਅੱਖੀਂ ਵੇਖੀ ਕਹਿ ਰਹੇ ਹਨ, ਜੋ ਆਪਣੇ ਸਮੇਂ ਉਨ੍ਹਾਂ ਨੇ ਸਹੀ ਕੀਤੀ ਤੇ ਸਬੂਤ ਲਈ ਆਖਦੇ ਹਨ ਦੇਖ ਲਓ।
[੧]ਪਵਿੱਤ੍ਰਤਾ ਵਾਲਾ।
*ਇਸ ਦਾ ਨਾਮ ਗੰਗਸਰ ਵੀ ਹੈ। ਪੰ: ਤਾਰਾ ਸਿੰਘ ਜੀ ਨਰੋਤਮ ਇਸ ਦੇ ਰਚੇ ਜਾਣ ਦਾ ਸੰਮਤ ੧੬੫੬ ਦੇਂਦੇ ਹਨ।

ਫਲ ਬਿਸਾਲ ਇਸ਼ਨਾਨ ਬਤਾਯੋ ॥੨੮॥
ਸੋ ਤੁਮ ਜਾਨਤਿ ਹਮਹਿ ਬਤਾਵਹੁ।
ਮਹਿਮਾ ਮਹਾਂ ਮਹਾਨ ਸੁਨਾਵਹੁ।'
ਪੁਰਿ ਜਨ ਬ੍ਰਿੱਧ ਜੁ ਥੇ ਤਿਸ ਕਾਲ।
ਜੋ ਜਾਨਤਿ ਸਭਿ ਕੂਪ ਹਵਾਲ ॥੨੯॥
ਸੋ ਸਤਿਗੁਰ ਕੀ ਆਗਜਾ ਪਾਇ।
ਬੋਲੇ ਹਾਥ ਜੋਰਿ ਸਿਰ ਨਜਾਇ।
'ਸ਼੍ਰੀ ਪ੍ਰਭੁ ਜੀ! ਤੁਮ ਅੰਤਰਜਾਮੀ।
ਭੂਤ ਭਵਿੱਖਜ ਲਖਹੁ ਪ੍ਰਭੁ ਸ੍ਵਾਮੀ! ॥੩੦॥
ਤੁਮ ਆਗੇ ਹਮ ਕਹਾਂ ਬਿਚਾਰੇ।
ਜੋ ਬੀਤਜੋ ਬਿਰਤਾਂਤ ਉਚਾਰੇ।
ਜੇਤਿਕ ਗੁਪਤ ਬਿਦਤਿ ਹੈ ਬਾਤ।
ਕਰ ਬੱਦਰੀ ਫਲ ਸਮ[1] ਬੱਖਜਾਤ ॥੩੧॥
ਤਊ ਆਪ ਨੇ ਬੂਝਨਿ ਕੀਨੀ।
ਕਰੌਂ ਉਚਾਰਨਿ ਜਿਮ ਪਿਖਿ ਚੀਨੀ[2]।
ਪੂਰਬ ਸ਼੍ਰੀ ਅਰਜਨ ਉਪਕਾਰੀ।
ਪੁਰਿ ਕਰਤਾਰ ਬਸਾਯਹੁ ਭਾਰੀ ॥੩੨॥
ਪੁਨ ਇਕ ਦਿਨ ਆਏ ਇਸ ਥਾਨ।
ਬੈਠੇ ਰੁਚਿਰ ਲਗਾਇ ਦਿਵਾਨ।
ਪਾਵਨ ਥਲ ਕੋ ਹੇਰਿ ਬਿਚਾਰਾ।
-ਲਗਹਿ ਇਹਾਂ ਉਦਪਾਨ[3] ਉਦਾਰਾ ॥੩੩॥
ਇਸ ਪੁਰਿ ਸੰਗਤਿ ਨਿਤ ਹੀ ਆਵੈ।
ਗੁਰ ਥਲ ਦਰਸਹਿ ਉਰ ਹਰਖਾਵੈ।
ਇਹਾਂ ਸ਼ਨਾਨਹਿ ਹੁਇ ਤਨ ਪਾਵਨ।
ਯਾਂ ਤੇ ਕਰਹਿਂ ਕੂਪ ਲਗਵਾਵਨਿ- ॥੩੪॥
ਕਹਜੋ ਤਬਿਹ -ਆਨਹੁ ਮਿਸ਼ਟਾਨ।
ਬਹੁ ਨਰ ਸਿਰ ਉਚਵਾਇ ਮਹਾਨ-।
ਸੁਨਿ ਕਰਿ ਹੁਕਮ ਮਸੰਦ ਪਯਾਨੇ।
ਪੁਰਿ ਤੇ ਮੋਲ ਲੀਨਿ ਤਹਿਂ ਆਨੇ ॥੩੫॥

---

[1]ਹੱਥ ਤੇ (ਧਰੇ) ਬੇਰ ਵਾਂਙੂ।
[2]ਦੇਖੀ (ਤੇ) ਜਾਣੀ ਹੈ।
[3]ਖੂਹ।

ਸ੍ਰੀ ਸਤਿਗੁਰ ਕੇ ਆਗੇ ਧਰਯੋ।
ਕਾਰੀਗਰਨਿ ਹਕਾਰਨਿ ਕਰਯੋ।
ਭਾਈ ਬ੍ਰਿੱਧ ਤੇ ਤਬਿ ਅਰਦਾਸ।
ਕਰਵਾਇਵ ਕਾਰਜ ਹੁਇ ਰਾਸ ॥੩੬॥
ਸਭਿ ਸਤਿਗੁਰ ਕੇ ਨਾਮ ਸਿਮਰਿ ਕਰਿ।
ਮੂਰਤਿ ਰੁਚਿਰ ਧਯਾਨ ਕੋ ਉਰ ਧਰਿ।
ਹਾਥ ਜੋਰਿ ਕਰਿ ਮਸਤਕ ਟੇਕਾ।
ਉਠੇ ਆਪ ਤਬਿ ਜਲਧਿ ਬਿਬੇਕਾ ॥੩੭॥
ਕਰਿ ਮਹਿਂ ਕਸੀ[1] ਧਾਰਿ ਕਰਿ ਖਰੇ।
ਪੂਰਬ ਟੱਕ ਲਗਾਵਨਿ ਕਰੇ।
ਪੁਨ ਸੰਗਤਿ ਦਰਸ਼ਨ ਜੋ ਆਇ।
ਸਭਿ ਕੋ ਮਹਿੰਮਾ ਕਹੈਂ ਸੁਨਾਇ ॥੩੮॥
-ਖੁਸ਼ੀ ਗੁਰੂ ਕੀ ਕਾਰਜ ਕਰੇ[2]।
ਪੁਰਹਿ ਕਾਮਨਾ ਜੋ ਉਰ ਧਰੇ-।
ਰਹੈਂ ਸੰਗ ਜੇ ਸਿੱਖਯ ਹਮੇਸ਼।
ਕਾਰ ਕਰਨਿ ਕੋ ਲਗੇ ਅਸ਼ੇਸ਼ ॥੩੯॥
ਜੋ ਜੋ ਕਰਹਿ ਕਾਮਨਾ ਕੋਈ।
ਕੂਪ ਕਾਰ ਤੇ ਪੂਰਨ ਹੋਈ।
ਭਏ ਅਨੰਦ ਸੰਗਤਾਂ ਸਾਰੇ।
ਸੇਵਹਿਂ ਭਾਉ ਰਿਦੈ ਬਹੁ ਧਾਰੇ ॥੪੦॥
ਖਨਯੋ ਗਯੋ ਤਤਛਿਨ ਜਲ ਤਾਂਈ।
ਪੁਨ ਕਾਸ਼ਟ ਕੋ ਚਕ ਘਰਿਵਾਈ।
ਬਹੁ ਨਰ ਲਾਇ ਉਤਾਰਯੋ ਤਰੇ।
ਊਪਰ ਮਹਿਲ ਨੀਵ ਕੋ ਧਰੇ[3] ॥੪੧॥
ਚੂਨਾ ਅਪਰ ਈਟਕਾ ਧਰਿ ਧਰਿ।
ਚਿਨਿ ਚਿਨਿ ਊਚ ਉਤਾਇਲ ਕਰਿ ਕਰਿ।
ਬ੍ਰਿੰਦ ਨਰਨਿ ਤਹਿਂ ਸੇਵ ਕਮਾਈ।
ਕਾਰੀਗਰਨਿ ਰਚੀ ਚਤੁਰਾਈ ॥੪੨॥

---

[1]ਕਹੀ।

[2]ਸੇਵਾ ਕੀਤਿਆਂ ਗੁਰੂ ਦੀ ਖੁਸ਼ੀ ਹੋਵੇਗੀ।

[3](ਉਸ ਚੱਕ) ਉੱਤੇ ਨੀਂਹ ਧਰਕੇ ਉਤੇ ਮਹਿਲ (ਦੀ ਉਸਾਰੀ ਅਰੰਭੀ)। ਖੂਹ ਵਿਚ ਦੀ ਪੱਕੀ ਉਸਾਰੀ ਨੂੰ ਮਹਿਲ ਕਹਿੰਦੇ ਹਨ।

ਤਰੈ ਉਤਾਰਜੋ ਕਰਜੋ ਉਪਾਇ।
ਪਿਖਿ ਆਛੋ ਥਲ ਦੀਨਿ ਟਿਕਾਇ।
ਊਪਰ ਤੇ ਪੁਨ ਮਨ[1] ਬੰਧਵਾਈ।
ਸ੍ਰੀ ਮੁਖ ਤੇ ਤਬਿ ਮਹਿੰਮਾ ਗਾਈ ॥੪੩॥
-ਗੰਗਾ ਸ਼੍ਰੋਤ ਹਮਹੁਂ ਇਤ ਆਨਾ[2]।
ਪਾਵਨ ਕੀਨਿ ਲਾਇ ਉਦਪਾਨਾ।
ਜਿਮ ਇਸ਼ਨਾਨ ਸੁਰਸਰੀ ਕੇਰਾ।
ਮਿਟਹਿਂ ਬ੍ਰਿੰਦ ਅਘ, ਪਾਵਨ ਫੇਰਾ[3]- ॥੪੪॥
ਸ੍ਰੀ ਸਤਿਗੁਰ ਇਤ ਕਰਤਿ ਸ਼ਨਾਨੇ।
ਕਈ ਬਾਰ ਸ੍ਰੀ ਬਦਨ ਬਖਾਨੇ।
ਯਾਂ ਤੇ ਮਹਿੰਮਾ ਯੁਤਿ ਉਦਪਾਨ[*]।
ਕਰਹਿਂ ਸੰਗਤਾਂ ਆਨਿ ਸ਼ਨਾਨ ॥੪੫॥
ਤਬਿ ਕੋ ਇਹ ਸ੍ਰੀ ਅਰਜਨ ਨਾਥ।
ਕੂਪ ਕਰਾਯਹੁ ਮਹਿੰਮਾ ਸਾਥ।'
ਸ੍ਰੀ ਹਰਿਰਾਇ ਸੁਨਤਿ ਹਰਖਾਇ।
'ਧੰਨ ਧੰਨ' ਬਕਤਾ ਪ੍ਰਤਿ ਗਾਏ ॥੪੬॥
ਉਠਿ ਕਰਿ ਆਏ ਪੁਨ ਨਿਜ ਡੇਰੇ।
ਖਾਨ ਪਾਨ ਸੁਪਤੋ ਇਸ ਬੇਰੇ।
ਸਵਾ ਜਾਮ ਤੇ ਜਾਗ੍ਰਨਿ ਕਰੈਂ।
ਸੌਚ ਸਨਾਨ ਆਦਿ ਸਭਿ ਧਰੈਂ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਕੂਪ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥੧੮॥

---

[1]ਮਣ।

[2](ਮਾਨੋਂ) ਗੰਗਾ ਦਾ ਪ੍ਰਵਾਹ ਅਸਾਂ ਇਥੇ ਲਿਆਂਦਾ ਹੈ।

[3]ਮੁੜਕੇ ਪਵਿੱਤ੍ਰ ਹੋ ਜਾਂਦਾ ਹੈ।

[*]ਖੂਹ ਮਹਿੰਮਾ ਵਾਲਾ ਹੈ। ਜਲ ਦੀ ਨਿਰਮਲਤਾ ਤੇ ਸੁੱਧਤਾ ਲਈ ਗੰਗਾ ਦਾ ਪਾਣੀ ਇਕ ਰੂਪਕ ਬਣ ਗਿਆ ਹੈ; ਕਬੀਰ ਜੀ ਬੀ ਨਿਰਮਲ ਹੋ ਗਏ ਮਨ ਨੂੰ 'ਜੈਸੇ ਗੰਗਾ ਨੀਰ' ਕਹਿੰਦੇ ਹਨ। ਸ਼ੱਕਰ ਗੰਗ ਦਾ ਅਰਥ ਨਰੋਤਮ ਜੀ ਨੇ ਦਿੱਤਾ ਹੈ, ਸ਼ੱਕਰ ਜੈਸਾ ਮਿੱਠਾ ਤੇ ਗੰਗਾ ਜੈਸਾ ਪਵਿੱਤ੍ਰ।

## ੧੯. [ਰਾਮਰਾਇ ਬਾਬਤ ਧੀਰਮਲ ਦਾ ਗੁਰੂ ਜੀ ਨੂੰ ਕਹਿਣਾ]

੧੮<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੦

ਦੋਹਰਾ: ਰਾਮਰਾਇ ਪਾਤੀ ਲਿਖੀ, ਧੀਰਮੱਲ ਕੇ ਸਾਥ।
ਅਪਨੀ ਮਹਿਮਾ ਬਹੁਤ ਬਿਧਿ, ਜਿਮ ਬੀਤੀ ਸਭਿ ਗਾਥ ॥੧॥
ਚੌਪਈ: 'ਸੁਨਿ ਤਾਯਾ ਜੀ! ਇਹ ਬਿਪਰੀਤ।
ਜਯੋਂ ਮੈਂ ਕਰੀ ਲਖਹੁ ਸ਼ੁਭ ਰੀਤਿ।
ਦਿੱਲੀ ਪੁਰਿ ਮਹਿਂ ਅਵਰੰਗ[1] ਤੀਰ।
ਮਿਲਨਿ ਹੇਤੁ ਕਿਸਹੁੰ ਨ ਧਰਿ ਧੀਰ[2] ॥੨॥
ਠਟਕ ਰਹੇ ਲਖਿ ਕ੍ਰੂਰ ਬਡੇਰਾ।
ਮਾਨਹਿ ਗੁਰ ਨ ਸਾਧ ਕਿਸ ਬੇਰਾ[3]।
ਅਜ਼ਮਤ ਜੁਤਿ ਕੇਤੇ ਮਰਿਵਾਏ।
ਬਿਦਤਿ ਸਭਿਨਿ ਮਹਿਂ ਨਹਿਂ ਗੁਪਤਾਏ ॥੩॥
ਅਲਪ ਆਰਬਲ ਤਿਸ ਦਿਨ ਮੇਰੀ।
ਆਇਸੁ ਮਾਨੀ ਗੁਰ ਪਿਤ ਕੇਰੀ।
ਬਿਨ ਸੰਸੈ ਤਯਾਰੀ ਕਰਿ ਲੀਨਿ।
ਸਤਿਗੁਰ ਬਚ ਪਰ ਨਿਸ਼ਚਾ ਕੀਨਿ ॥੪॥
ਮਰਨਿ ਆਦਿ ਕੋ ਭਯ ਨਿਰਵਾਰਾ।
ਹੁਕਮ ਮਾਨਿ ਮਾਰਗ ਪਗ ਡਾਰਾ।
ਪਹੁੰਚਯੋ ਜਾਇ ਤੁਰਕ ਪੁਰਿ ਬੀਚ।
ਜਹਾਂ ਸੰਤ ਦ੍ਰੋਹੀ ਮਤਿ ਨੀਚ ॥੫॥
ਪੂਰਬ ਕੀਨਹਿ ਕਪਟ ਬਡੇਰਾ।
ਛਾਂਗ[4] ਜਿਵਾਵਨਿ ਕੋ ਤਬਿ ਪ੍ਰੇਰਾ।
ਖਾਲ ਅਸਥਿ ਮੈਂ ਸਾਂਭ ਸੁ ਧਰੇ।
ਕਾਜ਼ੀ ਸਦਨ ਪਠਨਿ ਪਗ ਕਰੇ ॥੬॥
ਭਈ ਭੋਰ ਹਠ ਕੀਨਿ ਬਿਸਾਲਾ।
-ਛਾਂਗ ਜਿਵਾਇ ਦੇਹੁ ਇਸ ਕਾਲਾ-।
ਅਸਥੀ ਚਰਮ ਨਹੀਂ ਜੇ ਰਾਖੌਂ।
ਕਹਾਂ ਜਿਵਾਵਨਿ ਪੁਨ ਅਭਿਲਾਖੌਂ ॥੭॥
ਬਿਗਰ ਸੁ ਪਰਤਿ* ਤੁਰਕ ਮਦ ਮੱਤਾ।

---

[1]ਔਰੰਗਜ਼ੇਬ।
[2]ਕਿਸੇ ਨੇ ਧੀਰਜ ਨਹੀਂ ਸੀ ਧਾਰਿਆ ਔਰੰਗਜ਼ੇਬ ਨੂੰ ਜਾ ਕੇ ਮਿਲਣ ਦਾ (ਗੁਰੂ ਜੀ ਵਲੋਂ)।
[3]ਗੁਰੂ ਤੇ ਸਾਧ ਨੂੰ ਕਿਸੇ ਵੇਲੇ ਨਹੀਂ ਇਹ ਮੰਨਦਾ।
[4]ਬਕਰਾ।

ਸਭਿ ਜਾਨਹਿਂ ਦੁਰਮਤਿ ਚਵਗੱਤਾ।
ਬਹੁਰ ਜ਼ਹਿਰ ਪੋਸ਼ਿਸ਼ ਕੋ ਪਠਿ ਕਰਿ।
ਪਹਿਰ ਅਚਾਨਕ ਪ੍ਰਾਨਨਿ ਪਰਹਰਿ ॥੮॥
ਇਸ ਤੇ ਆਦਿ ਕਹਾਂ ਲੌ ਕਹੀਅਹਿ।
ਸਗਰੇ ਜਗਤ ਬਿਦਤਿ ਹੀ ਲਹੀਅਹਿ।
ਜਯੋਂ ਜਯੋਂ ਕਰਿ ਹਜ਼ਰਤ ਅਪਨਾਯੋ।
ਰਸ ਰਾਖਯੋ ਜਸੁ ਸਭਿ ਪਰ ਛਾਯੋ ॥੯॥
ਅਨਿਕ ਭਾਂਤਿ ਕੀ ਕਰਿ ਚਤੁਰਾਈ।
ਕਰਾਮਾਤ ਬਹੁ ਮਤਿ[੧+] ਦਿਖਰਾਈ।
ਦੁਸ਼ਟ ਸਭਾ ਅਵਰੰਗ ਕੀ ਸਾਰੀ।
ਬਹੁ ਬਾਰੀ ਬਹੁ ਕੀਨਿ ਬਿਗਾਰੀ ॥੧੦॥
ਨਿਜ ਮਤਿ ਬਲ ਕਰਿ ਸਕਲ ਦਬਾਏ।
ਸ਼੍ਰੀ ਨਾਨਕ ਕੋ ਜਸੁ ਬਿਦਤਾਏ।
ਤਨਕ ਬਾਤ ਪਰ ਪਿਤਾ ਰਿਸਾਏ।
ਜੇ ਨਹਿਂ ਕਰਤਿ ਸਭਾ ਬਿਗਰਾਏ[੨] ॥੧੧॥
ਕਹਿ ਭੇਜਯੋ[੩] -ਨਿਜ ਮੁਖ ਨ ਦਿਖਾਵਹੁ।
ਚਹਹੁ ਰਹਹੁ ਕੈ ਕਹੂੰ ਸਿਧਾਵਹੁ-।
ਉਚਿਤ ਨਹੀਂ ਗੁਰਤਾ ਕੇ ਜਾਨਾ।
ਬ੍ਰਿੰਦ ਦੋਸ਼ ਕੋ ਮੋ ਪਰ ਠਾਨਾ ॥੧੨॥
ਸਤਿਗੁਰ ਮਮ ਪਿਤ ਭ੍ਰਾਤ ਤੁਹਾਰੋ।
ਅਬਿ ਲੌ ਕੁਛ ਨਹਿਂ ਪਰਯੋ ਬਿਗਾਰੋ।
ਲਘੁ ਸੁਤ ਕੀ ਚਾਹਿਤਿ ਬਡਿਆਈ।
ਅਰਪਹਿਂਗੇ ਜਗ ਕੀ ਗੁਰਿਆਈ ॥੧੩॥
ਆਪ ਕਰਹੁ ਸਮੁਝਾਵਨਿ ਆਛੇ।
ਹ੍ਵੈ ਨ ਬਿਖੇਰਾ ਇਨ ਤੇ ਆਛੇ।
ਯਾਂ ਤੇ ਜਥਾ ਜੋਗ ਕ੍ਰਿਤ ਬਨੈ।
ਜਿਸ ਤੇ ਸਭਿ ਜਗ ਆਛੀ ਭਨੈ ॥੧੪॥

---

*ਪਾ: = ਬਿਗਰ ਪਰੰਤਿ।
[੧]ਬਹੁਤੀ ਬੁੱਧੀ ਨਾਲ।
+ਪਾ:-ਬਹੁਸਤ = ਸਤ = ਸਤਜਾ = ਸ਼ਕਤੀ। ਬਹੁ = ਬਹੁਤ (ੲ) ਬਹੁਸ੍ਰੁਤ = ਬਹੁਤਿਆਂ ਨੇ ਜੋ ਸੁਣੀਆਂ। (ਸ) ਵਿਸਪ੍ਰਤਿ। ਵਿ = ੨, ਸਪ੍ਰਤਿ] = ੭੦ = ੭੨।
[੨](ਉਹ ਤਨਕ ਬਾਤ) ਜੇ ਮੈਂ ਨਾ ਕਰਦਾ ਤਾਂ ਸਭਾ ਵਿਗਾੜ ਦੇਂਦੀ (ਔਰੰਗੇ ਨੂੰ)।
[੩]ਗੁਰੂ ਜੀ ਨੇ ਮੈਨੂੰ ਕਹਿ ਘੱਲਿਆ ਹੈ।

ਹੇਰਹੁ ਪੂਰਬ ਬਡੇ ਹਮਾਰੇ।
ਸ੍ਰੀ ਗੁਰ ਰਾਮਦਾਸ ਮਤਿ ਭਾਰੇ।
ਲਾਇਕ ਜੇਠੋ ਸੁਤ ਨ ਬਿਚਾਰਾ।
ਦਿਯੋ ਅਲਪ ਕੋ ਨਿਜ ਅਧਿਕਾਰਾ ॥੧੫॥
ਆਪ ਅਛਤ ਕ੍ਰਿਤ ਤੌ ਕਰਿ ਗਏ।
ਪੀਛੈ ਅਧਿਕ ਉਪੱਦ੍ਰਵ ਭਏ।
ਸ੍ਰੀ ਅਰਜਨ ਦੁਸ਼ਟਨਿ ਘਰ ਜਾਇ।
ਤਜਯੋ ਸਰੀਰ ਖੇਦ ਕੋ ਪਾਇ ॥੧੬॥
ਪ੍ਰਿਥੀਏ ਕੀਨੇ ਦੁਖਦ ਉਪਾਊ।
ਸੁਖ ਸੋਂ ਬੈਠਨਿ ਦਿਯ ਨ ਕਦਾਊ।
ਬਿਦਤ ਜਗਤ ਮਹਿਂ ਲਖਹੁ ਕਹਾਨੀ।
ਸੋ ਅਬਿ ਰੀਤਿ ਪਿਤਾ ਗੁਰ ਠਾਨੀ ॥੧੭॥
ਕਯਾ ਮੈਂ ਪ੍ਰਿਥੀਏ ਸਮਸਰ ਨਹੀਂ?
ਹਜ਼ਰਤ ਨਿਕਟਿ ਬਿਦਤ ਜਹਿਂ ਕਹੀ।
ਸਮਰਥ ਹੌਂ ਸਭਿ ਜਤਨ ਬਨਾਵਨਿ।
ਕਰਨ ਬਿਖੇਰਾ ਜਯੋਂ ਮਨ ਭਾਵਨਿ ॥੧੮॥
ਦਾਦੀ ਨੇਤੀ ਕਹੁ ਲੇ ਸੰਗ।
ਕਰਹੁ ਸੰਬਾਦ ਉਚਾਰਿ ਪ੍ਰਸੰਗ।
-ਕਯੋਂ ਨਿਜ ਘਰ ਮਹਿਂ ਚਹਹੁ ਬਿਖੇਰਾ।
ਜਿਮ ਪ੍ਰਿਥੀਏ ਗੁਰ ਅਰਜਨ ਕੇਰਾ ॥੧੯॥
ਗੁਰਤਾ ਲੇਨ ਅਹੈ ਮਮ ਦਾਵਾ।
ਅਲਪ ਪੁੱਤ੍ਰ ਕਿਮ ਚਹਹੁ ਬਨਾਵਾ-।'
ਇੱਤਯਾਦਿਕ ਲਿਖਿ ਕਰਿ ਨਿਜ ਪਾਤੀ।
ਪਠਯੋ ਦੂਤ ਸੁਲਗਤਿ ਜਿਸ ਛਾਤੀ ॥੨੦॥
ਸੋ ਲੇ ਧੀਰਮੱਲ ਢਿਗ ਆਯੋ।
'ਮਸਤਕ ਟੇਕਨਿ' ਪ੍ਰਥਮ ਸੁਨਾਯੋ।
'ਤੁਮਰੇ ਪਰ ਧਰਿ ਕਰਿ ਬਿਸਵਾਸਾ।
ਦਈ ਪੱਤ੍ਰਿਕਾ ਭੇਜਯੋ ਪਾਸਾ' ॥੨੧॥
ਖੋਲਿ ਪਠੀ ਆਸ਼ੈ ਸਭਿ ਜਾਨਾ।
ਹਿਤੂ ਆਪਨੋ ਕਰਿ ਬਹੁ ਮਾਨਾ।
ਧੀਰਮੱਲ ਦੇ ਧੀਰ ਬਡੇਰੀ।
ਰਾਖਯੋ ਨਿਕਟਿ ਦੂਤ ਤਿਸ ਬੇਰੀ ॥੨੨॥

ਇਕ ਦਿਨ ਮਾਤਾ ਨੇਤੀ ਸੰਗ।
ਬਰਨਨਿ ਕੀਨੋ ਸਕਲ ਪ੍ਰਸੰਗ।
'ਜਥਾ ਜੋਗ ਜੇ ਹੋਵਤਿ ਬਾਤ।
ਤੌ ਨਹਿਂ ਹੋਇ ਸਕਹਿ ਉਤਪਾਤ ॥੨੩॥
ਕ੍ਰਿੱਤ ਅਨੁਚਿਤ ਬਨਹਿ ਦੁਖਦਾਈ।
ਸ਼੍ਰੀ ਹਰਿਰਾਇ ਦੇਹੁ ਸਮੁਝਾਈ।
ਜੇਸ਼ਟ ਪੁੱਤ੍ਰ ਭਲੋ ਅਧਿਕਾਰੀ।
ਮਹਾਂ ਸੁਮਤਿ ਜੁਤਿ ਲੇਹੁ ਬਿਚਾਰੀ ॥੨੪॥
ਜਿਨ ਕੀਨੋ ਅਵਰੰਗ ਅਨੁਸਾਰੇ।
ਅਵਰਨਿ ਕੀ ਕਜਾ ਬਾਤ ਬਿਚਾਰੇ।'
ਇਮ ਸਮੁਝਾਇ ਮਾਤ ਕੋ ਭਲੇ।
ਸ਼੍ਰੀ ਹਰਿਰਾਇ ਨਿਕਟਿ ਪੁਨ ਚਲੇ ॥੨੫॥
ਹੁਤੇ ਇਕਾਕੀ ਹੇਰੇ ਜਾਇ।
ਸਤਿਗੁਰ ਸਾਦਰ ਲਏ ਬਿਠਾਇ।
ਨੇਤੀ ਜਨਨੀ ਗਿਰਾ ਉਚਾਰੀ।
'ਆਪ ਪ੍ਰਬੀਨ ਸਕਲ ਮਤਿ ਭਾਰੀ ॥੨੬॥
ਬਾਲ ਆਰਬਲ ਮਹਿਂ ਨਿਜ ਗੁਨ ਤੇ।
ਲਿਏ ਰਿਝਾਇ ਪਿਤਾਮਾ ਮਨ ਤੇ।
ਜਿਸ ਤੇ ਉਚਿਤ ਪੁੱਤ੍ਰ ਸਭਿ ਤਜਾਗੇ।
ਗੁਰਤਾ ਤੁਮਹਿਂ ਦਈ ਅਨੁਰਾਗੇ ॥੨੭॥
ਯਾਂ ਤੇ ਕਹਿਬੋ ਬਨਹਿ ਨ ਕੋਈ।
ਜੋ ਕੁਛ ਕਰਹੁ ਭਲੀ ਬਿਧਿ ਸੋਈ।
ਤੁਮਰੋ ਬਡੋ ਭ੍ਰਾਤ ਭੀ ਆਯੋ।
ਕਹਨਿ ਹੇਤੁ ਜਿਸ ਬਿਧਿ ਬਨਿ ਆਯੋ' ॥੨੮॥
ਸ਼੍ਰੀ ਹਰਿਰਾਇ ਸੁਨਤਿ ਪੁਨ ਭਾਖਾ।
'ਕਹਹੁ ਜਥਾ ਉਰ ਕੀ ਅਭਿਲਾਖਾ।
ਇਕ ਜਨਨੀ ਦੂਸਰ ਬਡ ਭ੍ਰਾਤਾ।
ਤੁਮਰੇ ਸੁਨਿ ਹੈਂ ਸਰਬ ਬ੍ਰਿਤਾਂਤਾ' ॥੨੯॥
ਧੀਰਮੱਲ ਬੋਲਯੋ ਤਿਹ ਸਮੈ।
'ਜਿਮ ਆਛੀ ਹੁਇ ਸੋ ਕਹਿਂ ਤੁਮੈ।
ਦੀਰਘ ਦ੍ਰਿਸ਼ਟਿ ਬਿਚਾਰਨਿ ਕਰੋ।
ਪੂਰਬ ਕੇ ਪ੍ਰਸੰਗ ਚਿਤ ਧਰੋ ॥੩੦॥

ਸ੍ਰੀ ਗੁਰ ਰਾਮਦਾਸ ਜਿਮ ਕੀਨਿ।
ਭਏ ਉਪੱਦ੍ਰਵ ਪਾਛੇ ਪੀਨ।
ਲਘੁ ਸੁਤ ਕੋ ਨਿਜ ਥਲ ਬੈਠਾਰਾ।
ਪ੍ਰਿਥੀਏ ਕੀਨੋ ਦ੍ਵੈਸ਼ ਉਦਾਰਾ ॥੩੧॥
ਅੰਤ ਸਮੇਂ ਲਗਿ ਢਿਗ ਤੁਰਕੇਸ਼।
ਕਰਤੋ ਰਹਯੋ ਪੁਕਾਰ ਹਮੇਸ਼।
ਸ੍ਰੀ ਅਰਜਨ ਕੋ ਕਸ਼ਟ ਉਪਾਵਨਿ।
ਨਿਸ ਦਿਨ ਕੀਨੇ ਜਤਨ ਬਨਾਵਨਿ ॥੩੨॥
ਲਘੁਤਾ ਅਪਨੀ ਨਾਂਹਿਨ ਚੀਨੀ।
ਅਧਿਕ ਸ਼ਰੀਕੇ ਮਹਿਂ ਮਤਿ ਭੀਨੀ।
ਤਿਸ ਹੀ ਝਗਰੇ ਮਹਿਂ ਮਰਿ ਗਯੋ।
ਨਹੀਂ ਮੇਲ ਭ੍ਰਾਤਾ ਸੰਗ ਕਿਯੋ ॥੩੩॥
ਸੋ ਬਿਧਿ ਮੈਂ ਨੀਕੇ ਕਰਿ ਜਾਨੀ।
ਸਦਨ ਆਪ ਕੇ ਹੁਇ ਤਿਮ ਠਾਨੀ[1*]।
ਉਚਿਤ ਪੁੱਤ੍ਰ ਕੋ ਤਜਾਗਨਿ ਕਰਜੋ।
ਹਜ਼ਰਤ ਸਾਥ ਸੁਤ ਜਿਨ ਧਰਜੋ ॥੩੪॥
ਕਾਰਜ ਘਰ ਕੇ ਸਕਲ ਸੁਧਾਰੇ।
ਕਰਿ ਚਤੁਰਾਈ ਜਸੁ ਵਿਸਤਾਰੇ।
ਸੰਗਤ ਬ੍ਰਿੰਦ ਆਪਨੀ ਕੀਨੀ।
ਜਿਤ ਕਿਤ ਤੇ ਪੂਜਾ ਬਹੁ ਲੀਨੀ ॥੩੫॥
ਸਰਬ ਭਾਂਤਿ ਤੇ ਭਾ ਸਮਰੱਥ।
ਤੁਰਕੇਸ਼੍ਵਰ ਹੈ ਜਿਸ ਕੇ ਹੱਥ।
ਜੌ ਤੁਮ ਗੁਰਤਾ ਦੇਹੁ ਨ ਤਾਂਹੀ।
ਤਨ ਕੇ ਅਤ ਹੋਇ ਸੁਖ ਨਾਂਹੀ ॥੩੬॥
ਵਧਹਿ ਸਪਰਧਾ[2] ਭ੍ਰਾਤਨਿ ਬਿਖੈ।
ਲਘੁ ਸੁਤ ਬੈਸ ਅਲਪ ਕੋ ਪਿਖੈਂ।
ਗੁਰਤਾ ਕੋ ਬਿਗਾਰ ਸਭਿ ਦੈ ਹੈ।
ਬਲ ਕੋ ਕਰਹਿ ਆਪ ਹੀ ਲੈ ਹੈ ॥੩੭॥
ਕਯੋਂ ਪੁੱਤ੍ਰਨਿ ਮਹਿਂ ਦ੍ਵੈਸ਼ ਉਪਾਵਹੁ।

---
[1]ਉਸੇ ਤਰ੍ਹਾਂ ਹੋਣੀ ਠਣ ਗਈ ਹੈ। (ਅ) ਠਾਣੀ = (ਮੈਂ) ਸਮਝੀ ਹੈ।
[*]ਪਾ:-ਹੁਇ ਤੁਮ ਠਾਨੀ = ਆਪ ਦੀ ਕੀਤੀ ਹੋਈ।
[2]ਈਰਖਾ।

ਅਨਬਨ ਰਚਹੁ, ਕਸ਼ਟ ਮਹਿਂ ਪਾਵਹੁ।
ਘਰ ਬਿਗਰਹਿ ਬਹੁ ਪਰਹਿ ਬਿਖੇਰਾ।
ਇਸ ਮਹਾਂ ਕਹਾਂ ਭਲੋ ਤੁਮ ਹੇਰਾ? ॥੩੮॥
ਜੇਸ਼ਟ ਕੋ ਜਗ ਗੁਰੂ ਬਨੀਜੈ।
ਲਘੁ ਤਿਸ ਕੇ ਅਨੁਸਾਰਿ ਕਰੀਜੈ।
ਸਭਿ ਬਿਧਿ ਪੀਛੇ ਇਮ ਸੁਖ ਹੋਇ।
ਪੁਨ ਕਿਸ ਬਿਧਿ ਉਤਪਾਤ ਨ ਕੋਇ' ॥੩੯॥
ਆਸ਼ੈ ਮਾਤ ਭ੍ਰਾਤ ਕੀ ਬਾਤ।
ਸ਼੍ਰੀ ਹਰਿਰਾਇ ਸੁਨੀ ਸਭਿ ਭਾਂਤਿ।
ਕਹਿਬੇ ਕਹੁ ਗੁਰ ਹ੍ਵੈ ਕਰਿ ਤਜਾਰ।
ਜਥਾ ਜੋਗ ਸ਼੍ਰੀ ਪ੍ਰਭੂ ਕਰਤਾਰ[1]* ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਧੀਰਮੱਲ ਕਹਿਨ' ਪ੍ਰਸੰਗ ਬਰਨਨੰ ਨਾਮ ਊਨਿਬਿੰਸਤੀ ਅੰਸੂ ॥੧੯॥

---

[1]ਭਾਵ ਗੁਰੂ ਜੀ।
*ਪਾ:-ਕ੍ਰਿਤਿ ਕਾਰ = ਸਾਰੇ ਕਾਰਜਾਂ ਦੇ ਕਰਨਹਾਰ।

## ੨੦. [ਗੁਰ ਜੀ ਦਾ ਉੱਤਰ। ਵਾਪਸ ਕੀਰਤਪੁਰਿ ਆਉਣਾ]

੧੯<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੧

ਦੋਹਰਾ: ‘ਸੁਨਿ ਮਾਤਾ! ਭ੍ਰਾਤਾ! ਸੁਬ੍ਰਿੱਤ[1], ਇਹ ਨਹਿਂ ਕਿਸ ਕੇ ਹਾਥ।
ਕਰੈ ਉਪਾਇ ਨ ਪ੍ਰਾਪਤੀ, ਦਾਤਾ ਇਕ ਜਗ ਨਾਥ ॥੧॥
ਚੌਪਈ: ਸਭਿ ਕੇ ਬਡੇ ਆਦਿ ਸ਼੍ਰੀ ਨਾਨਕ।
ਪਰਖਤਿ ਗੁਨਨਿ ਗਯਾਨ ਮਨਿ ਮਾਨਿਕ।
ਜਿਨ ਤੇ ਪਰੇ ਅਪਰ ਨਹਿਂ ਕੋਈ।
ਮਹਤਿ ਮਹਤਿ ਮਹੀਆਨਹਿ ਸੋਈ[2] ॥੨॥
ਤਿਨ ਕੀ ਕਰੀ ਸਰਬ ਸਿਰ ਧਰੈਂ।
ਬਿਨਾਂ ਬਿਚਾਰੇ ਮਾਨਜੋ ਕਰੈਂ।
ਸਭਿ ਬਿਧਿ ਸ਼ੁਭ ਸੁਤ ਲਾਇਕ ਹੁਤੇ।
ਨਹਿਂ ਆਇਸੁ ਇਕ ਮਾਨੀ ਕਿਤੇ[3] ॥੩॥
ਸੋ ਲਖਿ ਦੋਸ਼, ਦਾਸ ਕੋ ਦੀਨੀ।
ਸ਼੍ਰੀ ਅੰਗਦ ਗੁਰਤਾ ਤਬਿ ਕੀਨੀ।
ਦਾਸੂ ਦਾਤੂ ਜੁਗ ਸੁਤ ਭਏ।
ਸਭਿ ਬਿਧਿ ਕੇ ਲਾਇਕ ਲਖਿ ਲਏ ॥੪॥
ਸ਼੍ਰੀ ਗੁਰੁ ਅਮਰ ਸਾਥ ਮਤਸਰੀ।
ਨਹੀਂ ਸਰਲਤਾ ਉਰ ਮਹਿਂ ਧਰੀ।
ਅੰਤ ਸਮੇਂ ਨਹਿਂ ਲਾਇਕ ਜਾਨੇ।
ਨਹੀਂ ਥਿਰਾਏ ਅਪਨਿ ਸਥਾਨੇ[4] ॥੫॥
ਤਿਮ ਸ਼੍ਰੀ ਅਮਰਦਾਸ ਸੁਤ ਪਰਖੇ।
ਨਹਿਂ ਆਗਯਾ ਕੋ ਸੁਨਿ ਮਨ ਹਰਖੇ।
ਸ਼੍ਰੀ ਗੁਰ ਰਾਮਦਾਸ ਨਿਰਮਾਨ।
ਮਤਸਰ ਆਦਿਕ ਦੋਸ਼ਨ ਜਾਨਿ ॥੬॥
ਨਿਜ ਸਥਾਨ ਪਰ ਆਪ ਬਿਠਾਏ।
ਕਹਿ ਸਭਿਹਿਨ ਕੇ ਸੀਸ ਨਿਵਾਏ।
ਤਿਨ ਕੋ ਪ੍ਰਿਥੀਆ ਜੇਸ਼ਟ ਨੰਦ।
ਨਿਜ ਮਤਿ ਕੋ ਚਿਤ ਗਰਬ ਬਿਲੰਦ ॥੭॥
ਆਂਖ ਤਰੇ ਨਹਿਂ ਆਨਤਿ ਕਾਂਹੂ।

---

[1]ਸੁਵ੍ਰਿਤ = ਭਲੇ, ਨੇਕ।
[2]ਵਡਿਆਂ ਦੇ ਵਡਿਆਂ ਤੋਂ ਵੀ ਵਡੇ ਹਨ ਓਹ।
[3]ਇਕੇ (ਇਹ ਦੋਸ਼) ਵੇਖਿਆ ਕਿ ਆਗਿਆ ਨਹੀਂ ਮੰਨੀ ਕਿਸੇ ਨੇ।
[4]ਭਾਵ ਗੱਦੀ ਨਾ ਦਿੱਤੀ।

ਦਰਬ ਬਟੋਰਜੋ ਬਹੁ ਨਿਜ ਪਾਹੂ।
ਚਿਤ ਮਹਿਂ ਚਾਤੁਰਤਾ ਜਗ ਕੇਰੀ।
ਸੁਮਤਿ ਨ ਸ਼ਾਂਤਿ ਸੰਤੋਖ ਬਡੇਰੀ ॥੮॥
ਤਿਸ ਪਰ ਸਬਦ ਬਨਾਵਨਿ ਕੀਨਿ।
ਧਰਜੋ ਗ੍ਰਿੰਥ ਮਹਿਂ ਗੁਰੂ ਪ੍ਰਬੀਨ।
ਚਹੁਂ ਪੀੜੀ ਮਹਿਂ ਆਦਿ ਜੁਗਾਦੀ।
ਕਰਹਿ ਬਖੀਲੀ ਜੋ ਬਨਿ ਬਾਦੀ ॥੯॥
ਹਲਤ ਪਲਤ ਮਹਿਂ ਤਿਹ ਮੁਖ ਕਾਰਾ।
ਕਹੂੰ ਨ ਆਦਰ ਲਹੈ ਕੁਚਾਰਾ।
ਜੋ ਹੋਵਹਿ ਗੁਰ ਕੇ ਅਨੁਸਾਰੀ।
ਸੇਵਾ ਆਦਿ ਧਰਹਿ ਗੁਨ ਭਾਰੀ ॥੧੦॥
ਸੋ ਲਾਇਕ ਗੁਰਤਾ ਕੀ ਬਨਹਿ।
ਮਤਸਰ ਆਦਿ ਹੰਕਾਰਹਿ ਹਨੈ।
ਰੀਤਿ ਆਦਿ ਤੇ ਇਹੁ ਚਲਿ ਆਈ।
ਹਮ ਕਜੋਂਹੂੰ ਨਹਿਂ ਨਈ ਬਨਾਈ ॥੧੧॥
ਰਾਮਰਾਇ ਹਮ ਭੇਜਨਿ ਕੀਨਿ।
ਬਚਨ ਸ਼ਕਤਿ ਦੀਰਘ ਤਿਸ ਦੀਨਿ।
ਕਰੀ ਸੁ ਕਰੀ ਅਪਰ, ਹਮ ਮਾਨੀ[1]।
ਕਰਾਮਾਤ ਨਿਤ ਦਈ ਮਹਾਨੀ ॥੧੨॥
ਨ੍ਰਿਭੈ ਹੁਤੋ ਸਭਿ ਤੇ ਕਿਯ ਬਲੀ।
ਤਿਨ ਭੀ ਜਾਨਿ ਲੀਨਿ ਬਿਧਿ ਭਲੀ।
ਤਊ ਸੁਨਹੁ ਸ਼੍ਰੀ ਨਾਨਕ ਬਾਨੀ।
ਚੌਦਹਿ ਲੋਕਨਿ ਸਿਰ ਧਰਿ ਮਾਨੀ ॥੧੩॥
ਜਥਾ ਜੋਗ ਕੀ ਬਰਨਨਿ ਕਰੀ।
ਜਿਸ ਮਹਿਂ ਗਰਬ ਰੀਤਿ ਪਰਹਰੀ।
ਪਠਜੋ ਸ਼ਲੋਕ, ਅਰਥ ਕੋ ਬੂਝਾ।
ਗੁਪਤ ਬਿਦਤ ਜਿਸ ਕੋ[2] ਸਭਿ ਸੂਝਾ ॥੧੪॥
ਕਰਨਿ ਤੁਰਕੜੇ ਕੇਰ ਖ਼ੁਸ਼ਾਮਦ।
ਜਾਨਿ ਦਰਬ ਕੀ ਤਿਸ ਤੇ ਆਮਦ।
ਅਰਥ ਬਿਪਰਜੈ ਕੀਨਿ ਸੁਨਾਵਨਿ।

---

[1]ਹੋਰ ਜੋ ਕੀਤੀ ਸੋ ਕੀਤੀ, ਅਸਾਂ ਮੰਨ ਲਈ।
[2]ਭਾਵ ਰਾਮਰਾਇ ਨੂੰ।

ਹਮ ਕੋ ਭਈ ਨ ਇਹ ਮਨਭਾਵਨ ॥੧੫॥
ਹੁਤੋ ਸਮਰਥ ਸਰਬ ਕੁਛ ਕਰਿਬੇ।
ਨਹੀਂ ਭਰੋਸ ਅਪਨਿ ਬਲ ਧਰਿਬੇ[੧]।
ਤਊ ਦੇਖੀਅਹਿ ਅਧਿਕ ਸਮਾਜਾ।
ਭਯੋ ਤਿਸੀ ਕੋ ਜਨੁ ਬਸ ਰਾਜਾ[੨] ॥੧੬॥
ਕਿਸੂ ਬਾਤ ਕੀ ਕਮੀ ਨਾ ਤਾਂਹੀ।
ਬਨਜੋ ਪੂਜ ਬਡ ਜਗ ਕੇ ਮਾਂਹੀ।
ਅਹੈਂ ਭਵਿੱਖਜਤ ਮੈਂ ਬਡ ਹੇਤੁ।
ਪਹੁੰਚੈ ਗੁਰਤਾ ਕਿਸੁ ਨਿਕੇਤ[੩] ॥੧੭॥
ਭਾਵੀ ਰਚੀ ਪ੍ਰਮੇਸ਼੍ਵਰ ਜਥਾ।
ਹੁਈ ਚਹੈ ਸਾਥੀ ਸੋ ਤਥਾ।
ਤਿਸ ਮਹਿਂ ਬਸ ਨਹਿਂ ਕਿਸ ਹੂੰ ਕੇਰਾ।
ਬ੍ਰਿਥਾ ਕਰੈ ਬਲ ਜਤਨ ਬਡੇਰਾ[੪]' ॥੧੮॥
ਸੁਨਿ ਮਾਤਾ ਭ੍ਰਾਤਾ ਗੁਰ ਬੈਨ।
ਨਹੀਂ ਭਈ ਚਿਤ ਮੈਂ ਕਿਮ ਚੈਨ।
ਅਪਰ ਬਾਰਤਾ ਬਹੁਰ ਉਚਾਰੀ।
ਰਾਮਰਾਇ ਕੀ ਕੀਰਤਿ ਵਾਰੀ ॥੧੯॥
ਜਥਾ ਜੋਗ ਉੱਤਰ ਗੁਰ ਦੀਨੇ।
ਸੋ ਮਤਿ ਨਹੀਂ ਮਾਨਿਬੋ ਕੀਨੇ[੫]।
ਤਊ ਕਹਤਿ ਹੀ ਰਹੈਂ ਹਮੇਸ਼।
'ਦਿਹੁ ਗੁਰਤਾ ਜੋ ਪੁੱਤ੍ਰ ਵਿਸ਼ੇਸ਼[੬]*' ॥੨੦॥
ਦਿਨ ਪ੍ਰਤਿ ਕਹਨਿ ਜਾਨਿ ਗੁਨ ਖਾਨੀ।

---

[੧]ਨਹੀਂ ਧਾਰਿਆ ਸੂ।
[੨]ਤਾਂ ਬੀ ਵੇਖ ਲਓ (ਉਸਦੇ ਪਾਸ) ਬਥੇਰਾ ਸਮਾਜ ਹੈ ਤੇ ਉਸੇ (ਸਮਾਜ) ਨਾਲ ਉਹ ਮਾਨੋ ਰਾਜਾ ਬਣਿਆਂ ਹੋਇਆ ਹੈ।
[੩]ਭਵਿੱਖਤ ਵਿਚ ਬੜੇ ਕਾਰਨ ਹਨ (ਜਿਨ੍ਹਾਂ ਕਰਕੇ) ਗੁਰਿਆਈ ਨੇ ਕਿਸੇ (ਹੋਰ) ਘਰ ਪਹੁੰਚਣਾ ਹੈ। (ਨਾਵੇਂ ਤੇ ਦਸਮੇਂ ਗੁਰਾਂ ਵਲ ਤੇ ਉਨ੍ਹਾਂ ਦੇ ਸਾਕਿਆਂ ਵਲ ਇਸ਼ਾਰਾ ਹੈ)।
[੪](ਰਾਮਰਾਇ) ਬਲ ਤੇ ਬਹੁਤ ਜਤਨ ਬਿਅਰਥ ਕਰਦਾ ਹੈ।
[੫]ਸੋ ਸਲਾਹ ਨਾ ਮੰਨੀ।
[੬]ਵਡਾ।
*ਪ੍ਰਿਥੀਆ, ਧੀਰਮੱਲ; ਰਾਮਰਾਇ ਆਦਿ ਗੱਦੀ ਨੂੰ ਦੁਨਿਆਵੀ ਵਿਰਾਸਤ ਤੇ ਨਿਜ ਐਸ਼੍ਵਰਜ ਦਾਤੀ ਸਮਝਦੇ ਸਨ, ਤੇ ਗੁਰਤਾ ਸੀ ਆਤਮ ਪਦ ਤੇ ਨਿਜ ਸੁਖ ਵਾਰ ਕੇ ਸ੍ਰਿਸ਼ਟੀ ਦੀ ਰੱਖਿਆ ਤੇ ਉੱਧਾਰ ਦੀ ਜ਼ਿੰਮੇਵਾਰੀ ਦਾ ਕੰਮ ਤੇ ਧੁਰੋਂ ਮੁਕੱਰਰ ਹੋਈ ਬਾਤ। ਇਸ ਲਈ ਸਾਰੇ ਸਤਿਗੁਰਾਂ ਦੀ ਚੋਣ ਦੁਖਾਂ ਤੇ ਨਤੀਜਿਆਂ ਤੋਂ ਬੇਪ੍ਰਵਾਹ ਯੋਗ ਅਧਿਕਾਰ ਵਾਲੇ ਤੇ ਪੈਂਦੀ ਸੀ, ਇਹ ਇਕ ਉਨ੍ਹਾਂ ਦਾ ਰੂਹਾਨੀ ਤੇ ਇਖ਼ਲਾਕੀ ਕਮਾਲ ਤੇ ਇਤਿਹਾਸ ਵਿਚ ਰੌਸ਼ਨੀ ਦਾ ਮੀਨਾਰ ਹੈ।

ਰਾਮਰਾਇ ਕੀ ਉਪਮ ਮਹਾਨੀ।
ਪੱਖੀ ਭਏ, ਟਰਤਿ ਨਹਿਂ ਟਾਰੇ।
ਚਢਨਿ ਚਹԐੋ ਸਤਿਗੁਰੂ ਬਿਚਾਰੇ ॥੨੧॥
-ਅਹੈ ਅਨੁਚਿਤ[1] ਨ ਰੁਚਿਤ ਜੁ ਚਿਤ ਮੈਂ।
ਤਿਸ ਕੇ ਬਨਿ ਪੱਖੀ ਹੁਇ ਹਿਤ ਮੈਂ।
ਦਿਨ ਪ੍ਰਤਿ ਕਹਤਿ ਬਿਚਾਰਤਿ ਨਾਂਹੀ।
ਸ੍ਰੀ ਨਾਨਕ ਘਟਤਾ ਜਿਸ ਮਾਂਹੀ- ॥੨੨॥
ਬੀਚ ਜਾਮਨੀ ਚਿਤਵਤਿ ਰਹੇ।
ਪ੍ਰਾਤਿ ਸੌਚ ਮੱਜਨ ਚਿਤ ਚਹੇ।
ਬਿਦਤਿ ਸਭਿਨਿ ਮਹਿਂ ਸੁਨਤਿ ਉਚਾਰੀ।
'ਦੁੰਦਭਿ ਦਿਹੁ ਬਜਾਇ ਹ੍ਵੈ ਤਜਾਰੀ ॥੨੩॥
ਜ਼ੀਨ ਤੁਰੰਗਨਿ ਪਰ ਅਬਿ ਪਾਵਹੁ।
ਦਿਵਸ ਨ ਚਢਹਿ, ਚਢਨਿ ਉਤਲਾਵਹੁ[2]।'
ਇਮ ਕਹਿ ਅਪਨੇ ਸ਼ਸਤ੍ਰ ਅਨਾਏ।
ਕਰਾਚੋਲ ਤਰਕਸ਼ ਗਰ ਪਾਏ ॥੨੪॥
ਸੋ ਪਾਲਨਿ ਕੌ ਜਾਮਾ ਫਬੈ।
ਸੂਖਮ ਅਧਿਕ ਦਿਪਹਿ ਤਨ ਸਭੈ।
ਕਟ ਸਨ ਦਿਢ ਲਪੇਟ ਪਟ ਲੀਨਿ।
ਜ਼ੇਵਰ ਜਿਗਾ ਜ਼ਿਬਾਇਸ਼[3] ਕੀਨ ॥੨੫॥
ਇਤਨੇ ਮਹਿਂ ਚੰਚਲ ਬਲ ਬਾਜੀ।
ਆਵਤਿ ਮਨਹੁਂ ਕਰੇ ਨਟ ਬਾਜੀ।
ਚਾਮੀਕਰ ਕੋ ਜ਼ੀਨ ਸੁਹਾਵਾ।
ਜਟਤਿ ਨਗਨ ਗਨ ਤੇ ਦਮਕਾਵਾ ॥੨੬॥
ਮਾਤ ਭ੍ਰਾਤ ਕੋ ਮਿਲ ਤਤਕਾਲਾ।
ਤੁਰੰਗ ਅਰੂਢਨਿ ਭਏ ਉਤਾਲਾ।
ਦੁੰਦਭਿ ਊਚੀ ਧੁਨਿ ਧੁੰਕਾਰਾ।
ਚਢਨਿ ਗੁਰੂ ਸਭਿ ਤੇ ਸ੍ਰੁਤ ਡਾਰਾ ॥੨੭॥
ਚਮੂ ਤਜਾਰ ਤਤਛਿਨ ਹੁਇ ਆਈ।
ਜ਼ਰੀ ਨਿਸ਼ਾਨ ਝੁਲਤਿ ਅਗੁਵਾਈ।

---

[1](ਧੀਰਮੱਲ ਜੋ ਕਹਿੰਦਾ ਹੈ) ਸੋ ਅਯੋਗ ਹੈ।
[2]ਦਿਨ ਨਾ ਚੜ੍ਹਨ ਦਿਓ (ਉਸ ਤੋਂ ਪਹਿਲੋਂ) ਛੇਤੀ ਚੜ੍ਹ ਚਲੋ।
[3]ਫਬਾਉ।

ਕੀਰਤਿਪੁਰਿ ਕੇ ਮਾਰਗ ਚਾਲੇ।
ਫਾਂਦਤਿ ਬੀਰਨਿ ਤੁਰੰਗ ਬਿਸਾਲੇ ॥੨੮॥
ਬਾਈ ਸਹਸ ਸੈਨ ਸਮੁਦਾਈ।
ਚਲੀ ਧੂਲ ਚਢਿ ਨਭ ਪਰ ਛਾਈ।
ਉਲੰਘਿ ਪੰਥ ਕੋ ਕੋਸ ਕਿਤੇਕ।
ਉਤਰਿ ਪਰੇ ਪ੍ਰਭੁ ਜਲਧਿ ਬਿਬੇਕ ॥੨੯॥
ਸਕਲ ਬਹੀਰ ਸਿਵਰ ਕਹੁ ਘਾਲਾ।
ਤ੍ਰਿਣ ਕਾਸ਼ਟ ਕੋ ਸੰਚਿ ਉਤਾਲਾ।
ਖਾਨ ਪਾਨ ਕਰਿ ਨਿਸਾ ਬਿਤਾਈ।
ਸ਼੍ਰਮ ਨਿਰਵਾਰਯੋ ਬਸਿ ਤਿਸ ਥਾਈਂ ॥੩੦॥
ਸੌਚ ਸ਼ਨਾਨ ਪ੍ਰਾਤਿ ਕੋ ਕਰੇ।
ਤੂਰਨ ਜ਼ੀਨ ਤੁਰੰਗ ਪਰ ਧਰੇ।
ਤੰਗ ਐਂਚਿ ਤਬਿ ਕੀਨਸਿ ਤਜਾਰੀ[1]।
ਗੁਰੂ ਚਹੀ ਸਿਵਕਾ ਅਸਵਾਰੀ ॥੩੧॥
ਤਤਛਿਨ ਆਇ ਅਰੂਢਤਿ ਭਏ।
ਚਮੂੰ ਸਹਿਤ ਮਗ ਗਮਨਤਿ ਭਏ।
ਇਮ ਦਿਨ ਪ੍ਰਤਿ ਸ਼੍ਰੀ ਸਤਿਗੁਰੁ ਚਾਲੇ।
ਪੰਥ ਉਲੰਘਿ ਗਏ ਜਿਸ ਕਾਲੇ ॥੩੨॥
ਪੁਨ ਸਤੁਦ੍ਰਵ ਸਲਿਤਾ ਅਗੁਵਾਈ।
ਗਨ ਜਲ ਜੰਤੁਨਿ ਕੇ ਜੁਤਿ ਆਈ।
ਥਿਰੇ ਉਤਰ ਕਰਿ ਤੀਰ ਕ੍ਰਿਪਾਲਾ।
ਕੇਵਟ ਕੋ ਹਕਾਰਿ ਤਤਕਾਲਾ ॥੩੩॥
ਸੁੰਦਰ ਨਈ ਨਾਉ ਅਨਵਾਈ।
ਪ੍ਰਭੁ ਅਰੂਢਿ ਜਲ ਪਰ ਚਲਿਵਾਈ।
ਪਰਲੇ ਪਾਰ ਉਤਰਿ ਥਿਰ ਹੋਏ।
ਪੁਨ ਚਢਿ ਚਮੂੰ ਆਇ ਸਭਿ ਕੋਏ ॥੩੪॥
ਗੁਰੂ ਅਰੂਢਤਿ ਚਲੇ ਅਗਾਰੀ।
ਸੁਭਟ ਸਗਲ ਗਮਨੰਤਿ ਪਿਛਾਰੀ।
ਕੀਰਤਿਪੁਰਿ ਸੁਧ ਗੀ ਸਭਿ ਭਵਨੂ।
ਕ੍ਰਿਪਾ ਨਿਧਾਨ ਪ੍ਰਭੂ ਆਗਵਨੂ ॥੩੫॥
ਸੁਨਿ ਸੁਨਿ ਮੰਗਲ ਨਾਨਾ ਸਾਜੈਂ।

[1]ਤੇਗ ਖਿੱਚ ਕੇ ਤਿਆਰੀ ਕੀਤੀ (ਪਰ)........।

ਨੌਬਤ ਪੁਰੀ ਪੌਰ ਪਰ ਬਾਜੈਂ।
ਧੂਪ ਧੁਖਾਵਤਿ ਫੂਲਨ ਮਾਲਾ।
ਗਰੀ ਮਾਰਜਨ ਕਰੀ[1] ਬਿਸਾਲਾ ॥੩੬॥
ਕਰਿ ਛਿਰਕਾਵਨਿ ਧੂਰ ਦਬਾਈ।
ਪੰਚਾਂਮ੍ਰਿਤ ਹੋਵਤਿ ਸਮੁਦਾਈ।
ਸਭਿ ਕੇ ਉਰ ਆਨੰਦ ਭਰਿ ਆਏ।
ਦਰਸ਼ਨ ਕੋ ਹਿਯਰੇ ਲਲਚਾਏ ॥੩੭॥
ਸ੍ਰੀ ਹਰਿਕ੍ਰਿਸ਼ਨ ਸ ਦਾਸ ਅਗਾਊ।
ਮਿਲੇ ਨਿਮੇ ਨਰ ਗਨ ਧਰਿ ਭਾਊ।
ਬੂਝੀ ਕੁਸ਼ਲ ਗੁਰੂ ਸਭਿਹਿਨਿ ਕੀ।
ਕਰੀ ਬਤਾਵਨਿ ਤਿਨ ਤਨ ਮਨ ਕੀ ॥੩੮॥
ਸੁੰਦਰ ਸਦਨ ਬਿਰਾਜੇ ਜਾਇ।
ਪੁਰਿ ਜਨ ਪਰਵਾਰੇ ਸਮੁਦਾਇ।
ਆਇ ਤਿਹਾਵਲ ਬਹੁ ਬਰਤਾਯੋ।
ਸਭਿਨਿ ਅਨੰਦ ਕਰੇ ਮੁਖ ਪਾਯੋ ॥੩੯॥
ਸੋਢੀ ਸੂਰਜਮਲ ਤੇ ਆਦਿ।
ਮਿਲੇ ਆਇ ਧਰਿ ਧਰਿ ਅਹਿਲਾਦ।
ਜਥਾ ਜੋਗ ਸ੍ਰੀ ਗੁਰ ਸਤਿਕਾਰੇ।
ਕਿਤਿਕ ਸਮੈਂ ਥਿਰਿ ਸਦਨ ਸਿਧਾਰੇ ॥੪੦॥
ਸ੍ਰੀ ਹਰਿਕ੍ਰਿਸ਼ਨ ਉਛੰਗ[2] ਸੁਹਾਏ।
ਬੰਦਹਿਂ ਸੁਭਟ ਹੇਰਿ ਸਮੁਦਾਏ।
ਨਿਜ ਥਲ ਥਿਰਤਾ ਕਰਨਿ ਨਿਹਾਰੇ।
ਗੁਨ ਗਨ ਧੀਰਜ ਆਦਿ ਉਦਾਰੇ ॥੪੧॥
ਭਯੋ ਸਪੂਤ ਪਰਮ ਪ੍ਰਿਯ ਪਿਤ ਕੋ।
ਕਰਤਾ ਸਿਖ ਸੰਗਤਿ ਕੇ ਹਿਤ ਕੋ।
ਬਸਤਿ ਭਏ ਕੀਰਤਿਪੁਰਿ ਆਇ।
ਸਪਤਮ ਸ਼ਾਹੁ ਗੁਰੂ ਹਰਿਰਾਇ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਗੁਰੁ ਕੀਰਤਿਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

---

[1]ਗਲੀਆਂ ਹੂੰਝੀਆਂ।
[2]ਗੋਦੀ ਵਿਚ।

## ੨੧. [ਗੁਰਬਾਣੀ ਮਹਿਮਾਂ। ਸਿੱਖੀ ਜਹਾਜ਼ ਫੁਟਿਆ ਦਾ ਵਾਕ]

੨੦<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੨

ਦੋਹਰਾ: ਸ਼੍ਰੀ ਸਤਿਗੁਰ ਹਰਿਰਾਇ ਜੀ ਇਸ ਬਿਧਿ ਸਮਾਂ ਬਿਤਾਇਂ।
ਸਿਖਜਨਿ ਕੋ ਸੁਖ ਦੇਤਿ ਹੈਂ ਦੁਸ਼ਟਨਿ ਦੁਖ ਸਮੁਦਾਇ ॥੧॥
ਚੌਪਈ: ਏਕ ਦਯੋਸ ਮਹਿਂ ਕ੍ਰਿਪਾ ਨਿਧਾਨਾ।
ਬੈਠੇ ਰੁਚਿਰ ਪ੍ਰਯੰਕ ਮਹਾਨਾ।
ਸਮੋਂ ਅਰਾਮ ਕਰਨ ਕੋ ਜਾਨੇ।
ਪੌਢਿ ਗਏ ਸੁਪਤੇ ਸੁਖ ਸਾਨੇ ॥੨॥
ਸੂਖਮ ਬਸਤ੍ਰ ਊਪਰੇ ਤਾਨਾ।
ਕੁਛ ਸਿਖ ਹੁਤੇ ਅਲਪ ਤਿਸ ਥਾਨਾ।
ਕਿਤਿਕ ਸਮੋ ਜਬਿ ਏਵ ਬਿਤਾਏ।
ਕਿਸੂ ਦੇਸ਼ ਤੇ ਦੁਇ ਸਿਖ ਆਏ ॥੩॥
ਉਰ ਸ਼ਰਧਾ ਧਰਿ ਸ਼ਬਦ ਸੁ ਗਾਵਤਿ।
ਬਹੁਤ ਪ੍ਰੇਮ ਸੁਨਿਬੇ ਉਪਜਾਵਤਿ।
ਸੁੰਦਰ ਸੁਰ ਤੇ ਰਾਗ ਬਸਾਵੈਂ।
ਗਨ ਸੰਗਤਿ ਕੋ ਗਾਇ ਰਿਝਾਵੈਂ ॥੪॥
ਦਰਸ਼ਨ ਹਿਤ ਆਏ ਦਰਬਾਰ।
ਸੁਪਤੇ ਜਾਨੈਂ ਗੁਰੂ ਉਦਾਰ।
ਉਰ ਮੈਂ ਕਰੈਂ ਬਿਚਾਰ ਬਿਸਾਲਾ।
-ਗਾਵਹਿਂ ਸ਼ਬਦ ਕਿ ਨਹਿਂ ਇਸ ਕਾਲਾ ॥੫॥
ਸੁਧਿ ਧੁਨਿ ਜਾਗਹਿਂ ਕੋਪਹਿਂ ਨਾਂਹੀ।
ਹਮਰੀ ਨਿੰਦ੍ਰਾ ਇਨੁ ਉਚਟਾਹੀ-।
ਕਹਹਿਂ ਪਰਸਪਰ 'ਸਤਿਗੁਰ ਸਦਾ।
ਤੁਰੀ ਅਵਸਥਾ ਮਹਿਂ ਜਦ ਕਦਾ ॥੬॥
ਤੀਨ ਅਵਸਥਾ ਸਾਖੀ ਰੂਪ[1]।
ਜਯੋਂ ਜਲ ਕਮਲ ਅਲੇਪ ਅਨੂਪ।
ਸੁਨਿ ਹਰਿ ਸਿਮਰਨ ਆਨੰਦ ਧਰੈਂ।
ਹਮ ਹਰ ਖੁਸ਼ੀ ਆਪਨੀ ਕਰੈਂ' ॥੭॥
ਇਮ ਬਿਚਾਰ ਕਰਿ ਗਾਵਨ ਲਾਗੇ।
ਸੁਰ[2] ਸੁੰਦਰ ਤੇ ਉਰ ਅਨੁਰਾਗੇ।

---

[1]ਦੇ ਪ੍ਰਕਾਸ਼ਕ ਰੂਪ ਹਨ।
[2]ਅਵਾਜ਼।

ਸੁਨਿ ਬਾਨੀ ਪੁਨ ਸਤਿਗੁਰ ਜਾਗੇ।
ਕਰੀ ਸ਼ੀਘ੍ਰਤਾ ਸਿਹਜਾ ਤਜਾਗੇ ॥੮॥
ਹਰਿਬਰਾਇ[1] ਜਬਿ ਨਿੰਦ੍ਰਾ ਤਜਾਗੀ।
ਪਾਟੀ[2] ਚੋਟ ਗੋਡ ਪਰ ਲਾਗੀ।
ਤਜਿ ਪ੍ਰਯੰਕ ਕੋ ਉਠੇ ਕ੍ਰਿਪਾਲਾ।
ਜਾਨੁ ਲਗਯੋ ਉਤਰਿਬੇ ਕਾਲਾ ॥੯॥
ਪਾਟੀ ਚੋਟ ਸੁ ਦਾਸਨਿ ਹੇਰੀ।
ਕਰ ਧਰਿ ਮਰਦਨਿ ਕੀਨਿ ਘਨੇਰੀ।
ਪੁਨ ਕਰ ਜੋਰੇ ਪੂਛਨਿ ਲਾਗੇ।
'ਸ੍ਰੀ ਸਤਿਗੁਰ ਤੁਮ ਕਿਮ ਬਿਧਿ ਜਾਗੇ? ॥੧੦॥
ਬਚਨ ਆਪ ਕੇ ਸ਼ਬਦ ਬਨੇ ਹੈਂ।
ਨਰ ਤਾਰਨਿ ਹਿਤ ਸੁਖਦ ਭਨੇ ਹੈਂ।
ਸੰਕਨਿ[3] ਕਿਸ ਕੀ ਰਾਵਰ ਧਰੀ?
ਕਾਜ ਕਵਨ ਸ਼ੀਘ੍ਰਤਾ ਕਰੀ? ॥੧੧॥
ਹਰਬਰਾਇ ਅਬਿ ਜੈਸੇ ਜਾਗੇ।
ਪਾਟੀ ਚੋਟ ਗੋਡ ਮਹਿਂ ਲਾਗੇ।'
ਸੁਨਿ ਕਰਿ ਸ੍ਰੀ ਹਰਿਰਾਇ ਉਚਾਰੇਂ।
'ਸੁਨਹੁ ਸਿੱਖ! ਤੁਮ ਹੋ ਮਮ ਪਜਾਰੇ ॥੧੨॥
ਗੁਰ ਅਨਭੈ ਬਿਚ ਬਾਨੀ ਰੂਪ[4]।
ਯਾਂ ਕੀ ਮਹਿੰਮਾ ਅਮਿਤ ਅਨੂਪ।
ਭਵ ਅਗਨੀ ਸਾਗਰ ਕਹੁ ਤਰਨੀ[5]।
ਸਤਿਗੁਰ ਸਿੱਖਨਿ ਕੋ ਸੁਖ ਕਰਨੀ ॥੧੩॥
ਪਾਠਕ ਰਿਦੈ ਬਿਕਾਰਨਿ ਹਰਨੀ।
ਹਰਨੀ ਤ੍ਰਿਸ਼ਨਾ ਸਿੰਘਨਿ ਬਰਨੀ[6]।
ਬਰਨੀ ਗੁਰ ਦੁਖ ਤਰੁ ਕੋ ਕਰਨੀ[7]।

---

[1]ਘਬਰਾ ਵਾਲੀ ਕਾਹਲੀ ਨਾਲ।
[2](ਮੰਜੇ ਦੀ) ਬਾਹੀ ਦੀ।
[3]ਭੈ।
[4]ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ, ਭਾਵ ਬਾਣੀ ਗੁਰੂ ਹੈ।
[5]ਸੰਸਾਰ ਜੋ ਅੱਗ ਦਾ ਸਮੁੰਦਰ ਹੈ ਉਸ ਪਰੇ (ਤਾਰਨਹਾਰ) ਬੇੜੀ ਹੈ।
[6]ਹਰਨੀ (ਰੂਪ) ਤ੍ਰਿਸ਼ਨਾ ਨੂੰ (ਮਾਰਨ ਲਈ) ਸ਼ੇਰਨੀ ਰੂਪ ਹੈ [ਸੰਸ: ਵਰੁਣ = ਰੰਗ, ਜ਼ਾਤ, ਭੇਦ, ਅੱਖਰ, ਗੁਣ, ਜਸ, ਰੂਪ, ਸੋਨਾ, ਕੇਸਰ, ਚਿੱਤ੍ਰ ਆਦਿ]
[7]ਦੁਖ ਰੂਪ ਬ੍ਰਿੱਛ ਨੂੰ ਹਸਤਨੀ ਵੱਤ ਗੁਰੂ ਜੀ ਨੇ ਵਰਣਨ ਕੀਤਾ ਹੈ।

ਕਰਨੀ ਗ੍ਯਾਨ ਅਗਨਿ ਕੋ ਅਰਨੀ[1] ॥੧੪॥
ਜੋ ਸਿਖ ਗੁਰਬਾਨੀ ਭੈ ਕਰੈ।
ਬਿਨ ਪ੍ਰਯਾਸ ਭਵ ਸਾਗਰ ਤਰੈ।
ਗੁਰਬਾਨੀ ਮਹਿੰਮਾ ਮਹੀਯਾਨੇ।
ਜੇ ਮਿਰਯਾਦਾ ਹਮ ਨਹਿਂ ਠਾਨੇ ॥੧੫॥
ਤੌਂ ਸਿਖ ਭੈ ਨ ਕਰੈ ਗੋ ਕੋਈ।
ਬਿਨ ਭੈ ਕਰੇ ਸ਼੍ਰੇਯ ਨਹਿਂ ਹੋਈ।
ਗੁਰਬਾਨੀ ਕੋ ਭੈ ਹਮ ਧਰਿ ਕੈ।
ਤਜਜੋ ਪ੍ਰਯੰਕ ਸ਼ੀਘ੍ਰਤਾ ਕਰਿਕੈ ॥੧੬॥
ਜੋ[*] ਸਿਖ ਹੈ ਗੁਰ ਸ਼ਬਦ ਕਮਾਵੈ।
ਸ਼ਬਦ ਕਮਾਇ ਪਰਮ ਪਦ ਪਾਵੈ।
ਭਗਤਿ ਪ੍ਰਤੀਤਿ ਨਹੀਂ ਜਿਸ ਤਨ ਮੈਂ।
ਤਿਹ ਗੁਰਬਾਨੀ ਭੈ ਨਹਿਂ ਮਨ ਮੈਂ ॥੧੭॥
ਬਿਨ ਭੈ ਭਗਤਿ ਨ ਪ੍ਰਾਪਤਿ ਹੋਇ।
ਭਗਤਿ ਬਿਨਾ ਨ ਗ੍ਯਾਨ ਅਵਿਲੋਇ।
ਗ੍ਯਾਨ ਬਿਨਾ ਮੁਕਤੀ ਕਿਮ ਪਾਇ।
ਮੁਕਤਿ ਬਿਨਾ ਨ ਅਨੰਦ ਸਮਾਇ ॥੧੮॥
ਕਾਰਨ ਕਾਰਜ ਸ਼੍ਰਿੰਖਲ ਏਹੀ[2]।
ਗੁਰਬਾਨੀ ਭੈ ਤੇ ਸੁਖ ਲੇਹੀ।
ਬਿਨ ਭੈ ਭਗਤਿ ਨ ਜਗਤ ਤਰਾਵੈ[+]।
ਤੀਰਥ ਬ੍ਰਤ ਜਗ ਜੋਗ ਕਮਾਵੈ ॥੧੯॥
ਜੋ ਗੁਰ ਭਗਤਿ ਸੁ ਸਿਖ ਹੈ ਮੇਰਾ।
ਗੁਰਬਾਨੀ ਭੈ ਤਿਸੈ ਘਨੇਰਾ।
ਜਿਨ ਭੈ ਅਦਬ ਨ ਬਾਨੀ ਧਾਰਾ।

---

[1]ਗਿਆਨ ਰੂਪੀ ਅਗਨੀ ਦੇ ਪ੍ਰਕਾਸ਼ ਕਰਨ ਨੂੰ ਅਰਨੀ (ਲਕੜੀ ਵਤ) ਹੈ। [ਅਰਣੀ = ਉਹ ਲਕੜੀ ਦਾ ਯੰਤ੍ਰ ਜਿਸ ਤੋਂ ਯੱਗਾਂ ਵਿਚ ਅਗਨੀ ਬਾਲੀਦੀ ਹੈ]

[*]ਪਾ:-ਸੋ।

[2]ਕਾਰਨ ਕਾਰਜ ਦੀ ਸੰਗਲੀ ਇਹ (ਉਪਰ ਬੰਨ੍ਹੀ) ਹੈ:-(ਭੈ ਬਿਨਾ ਭਗਤੀ ਨਹੀਂ, ਭਗਤੀ ਬਿਨਾ ਗਿਆਨ ਨਹੀਂ, ਗਿਆਨ ਬਿਨਾ ਮੁਕਤੀ ਨਹੀ, ਮੁਕਤੀ ਬਿਨਾ ਆਨੱਦ ਨਹੀ, ਪਹਿਲਾ ਗੁਣ ਕਾਰਨ ਹੈ ਤੇ ਦੂਜਾ ਕਾਰਜ)।

(ਅ) ਕਾਰਨ ਤੇ ਕਾਰਜ (ਦੀ ਕੁੰਡਲੀ ਦਾ ਬਣਿਆ) ਇਹ (ਸੰਸਾਰ ਇਕ) ਸੰਗਲ ਹੈ। ਕਾਰਨ (ਅਗਿਆਨ) ਕਾਰਜ (ਸੰਸਾਰ) ਦੋਵੇਂ ਮੰਗਲ (= ਬੰਧਨ) ਹਨ।

[+]ਗੁਰਵਾਕ ਹੈ:- ਬਿਨੁ ਭੈ ਭਗਤੀ ਤਰਨੁ ਕੈਸੇ ॥

[ਬਿਲਾਵਲ ਮ: ੫

ਜਾਨਹੁ ਸੋ ਸਿਖ ਨਹੀਂ ਹਮਾਰਾ' ॥੨੦॥
ਇਮ ਸਤਿਗੁਰ ਤੇ ਸੁਨਿ ਉਪਦੇਸ਼।
ਲਖ੍ਯੋ ਮਹਾਤਮ ਸ਼ਬਦ ਵਿਸ਼ੇਸ਼।
ਹਾਥ ਜੋਰਿ ਬੰਦਤਿ ਕਰ ਬੰਦਿ।
ਸਿਰ ਧਰਿ ਕਰਿ ਗੁਰ ਪਦ ਅਰਬਿੰਦ ॥੨੧॥
'ਸ਼੍ਰੀ ਸਤਿਗੁਰ ਜੀ ਕਰੁਨਾ ਕਰੀਅਹਿ।
ਸ਼੍ਰੀ ਮੁਖ ਤੇ ਬਰ ਇਹੀ ਉਚਰੀਅਹਿ।
ਹੁਇ ਗੁਰਬਾਨੀ ਕੋ ਭੈ ਪ੍ਰਾਪਤਿ।
ਜਿਸ ਤੇ ਮੁਕਤੀ ਕੋ ਦਰ ਜਾਪਤਿ ॥੨੨॥
ਲਗਹਿ ਪ੍ਰੇਮ ਗੁਰ ਸ਼ਬਦ ਮਝਾਰਾ।
ਇਸ ਤੇ ਹੁਇ ਹਮਰੋ ਨਿਸਤਾਰਾ।
ਬਸਹੁ ਰਿਦੈ ਮਹਿੰਮਾ ਇਸ ਕੇਰੀ।
ਕਟਹਿਂ ਬ੍ਰਿੰਦ ਕਰਮਨਿ ਕੀ ਬੇਰੀ' ॥੨੩॥
ਸੁਨਿ ਪ੍ਰਸੰਨ ਭੇ ਸ਼੍ਰੀ ਹਰਿਰਾਇ।
ਦੀਨਸਿ ਬਰ ਬਾਨੀ ਭੈ ਭਾਇ[੧]।
'ਗੁਰ ਉਪਦੇਸ਼ ਜਾਂਹਿ ਮਨ ਲਾਗਾ।
ਕੋਟਿ ਜਨਮ ਕੋ ਸੋਵਤਿ ਜਾਗਾ ॥੨੪॥
ਮਨ ਜਾਗੇ ਕੀ ਇਹੀ ਨਿਸ਼ਾਨੀ।
ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।
ਧੰਨ ਸਿੱਖ ਜਿਨ ਕੇ ਉਰ ਭਾਈ।
ਸਮ ਸਲਿਤਾ ਮਨ ਮੀਨ ਬਨਾਈ ॥੨੫॥
ਪਰਮ ਸਿੱਖ ਜਿਨ ਕੋ ਮਨ ਕਾਨਨ[੨]।
ਬਿਚਰਹਿ ਨਿਤ ਗੁਰ ਸ਼ਬਦ ਪਚਾਨਨ[੩]।
ਤਾਰੋ ਭਰਮ[੪] ਭਿਰ੍ਯੋ ਨਰ ਡੋਲਹਿ।
ਗੁਰਬਾਨੀ ਤਾਰੀ[੫] ਸੰਗ ਖੋਲਹਿ ॥੨੬॥
ਭਗਤਿ ਵਿਰਾਗ ਗ੍ਯਾਨ ਗੁਨ ਘਨੇ।
ਪ੍ਰਵਿਸ਼ਹਿ ਕੋਸ਼ਠ, ਸੋ ਤਬਿ ਚੁਨੇ[੬]।

---

[੧]ਬਾਣੀ ਦੇ ਭੈ ਤੇ ਪ੍ਰੇਮ ਦਾ ਵਰ ਦਿੱਤਾ।
[੨]ਮਨ ਰੂਪੀ ਬਨ ਵਿਚ।
[੩]ਗੁਰ ਸ਼ਬਦ ਰੂਪੀ ਸ਼ੇਰ।
[੪]ਭਰਮ ਰੂਪੀ ਜੰਦਰਾ।
[੫]ਕੁੰਜੀ।
[੬](ਜੰਦਰਾ ਖੁਹਲ ਕੇ) ਕੋਠੇ ਵਿਚ ਵੜੇ ਤਾਂ ਭਗਤੀ, ਵਿਰਾਗ, ਗ੍ਯਾਨ ਆਦਿ ਬਹੁਤੇ ਗੁਣ ਚੁਣੇਗਾ।

ਸਤਿਗੁਰ ਬਾਨੀ ਚੰਦਨ ਬਾਵਨ।
ਮਨ ਦਾਸਨਿ ਤਰੁ ਕਰਹਿ ਸੁਖਾਵਨ[1] ॥੨੭॥
ਜਿਸ ਕੇ ਭਾਗ ਪੁਰਬਲੇ ਜਾਗਹਿਂ।
ਗੁਰਬਾਣੀ ਤਿਸ ਮੀਠੀ ਲਾਗਹਿ।
ਬਿਨਾਂ ਭਾਗ ਤੇ ਲਖਹਿ ਨ ਕੋਈ।
ਕਿਮ ਕਲਿ ਬਿਖੈ ਪਾਇ ਗਤਿ ਸੋਈ' ॥੨੮॥

ਇਮ ਸਤਿਗੁਰ ਦੇ ਦੇ ਉਪਦੇਸ਼।
ਦਾਸਨਿ ਕੀ ਸ਼੍ਰੇਯ ਚਹਤਿ ਵਿਸ਼ੇਸ।
ਇਕ ਦਿਨ ਚੰਚਲ ਚਢੇ ਤੁਰੰਗ।
ਗਏ ਵਹਿਰਿ ਬਹੁ ਸੰਗਤਿ ਸੰਗ ॥੨੯॥
ਚਲਤਿ ਚਲਤਿ ਐਸੇ ਥਲ ਪਾਯੋ।
ਹੁਤੋ ਉਤੰਗ ਦੇਖਿ ਮਨ ਭਾਯੋ।
ਊਚੋ ਪਰਬਤ ਤਿਸ ਕੇ ਤੀਰ।
ਪਹੁੰਚੇ ਤਹਿਂ ਲੇ ਸੰਗਤਿ ਭੀਰ ॥੩੦॥
ਥਲ ਅਰੂਢਿ ਤਿਸ ਸਤਿਗੁਰ ਠਾਂਢੇ।
ਸਿਖ ਭੀ ਖਰੇ ਪ੍ਰੇਮ ਕੇ ਗਾਢੇ।
ਚਿਰੰਕਾਲ ਜਬਿ ਬੀਤਯੋ ਤਹਾਂ।
ਸੰਗਤ ਭਈ ਬਿਸਮ ਉਰ ਮਹਾਂ ॥੩੧॥
ਥਕਤਿ ਚਰਨ ਸਭਿ ਕੇ ਹੁਇ ਗਏ।
ਹਾਥ ਜੋਰਿ ਤਬਿ ਬੂਝਤਿ ਭਏ।
'ਸ਼੍ਰੀ ਸਤਿਗੁਰ ਜੀ! ਅੰਤਰਜਾਮੀ!
ਸੇਵਕ ਸ਼੍ਰੇਯ ਦੇਤਿ ਹੌ ਸ੍ਵਾਮੀ ॥੩੨॥
ਕੌਨ ਪ੍ਰਯੋਜਨ ਈਹਾਂ ਖਰੇ?
ਨਹਿਂ ਫੁਲਵਾਰੀ ਫੂਲਨਿ ਖਿਰੇ।
ਸੈਲ ਨਿਕਟਿ ਹੈਂ, ਸੈਲ ਨ ਆਨ[2]।
ਜਿਸ ਕੋ ਦੇਖਤਿ ਕ੍ਰਿਪਾ ਨਿਧਾਨ ॥੩੩॥
ਖਰੇ ਹੋਨਿ ਕੋ ਕਾਰਨ ਔਰ।
ਨਹਿਂਨ ਬਿਲੋਕਤਿ ਹਮ ਇਸ ਠੌਰ।
ਯਾਂ ਤੇ ਸਭਿ ਸੰਗਤਿ ਬਿਸਮਾਇ।

---
[1]ਦਾਸਾਂ ਦੇ ਮਨ (ਰੂਪੀ) ਬ੍ਰਿੱਛ ਨੂੰ (ਬਾਣੀ ਰੂਪੀ ਚੰਦਨ) ਸੁਖਾਉਂਦਾ ਹੈ) ਭਾਵ ਸੁਗੰਧਤਿ ਕਰਦਾ ਹੈ।
[2]ਪਹਾੜ ਹੀ ਨੇੜੇ ਹੈ ਹੋਰ (ਕੋਈ) ਸੈਰ ਨਹੀਂ ਹੈ। ਭਾਵ ਕੋਈ ਦਿਲ ਖੁਸ਼ ਕਰਨ ਵਾਲਾ ਨਜ਼ਾਰਾ ਸਾਹਮਣੇ ਨਹੀਂ।

ਕਹਿ ਅਰਜ਼ੀ, ਮਰਜ਼ੀ ਜਿਮ ਪਾਇ' ॥੩੪॥
ਸੁਨਿ ਕਰਿ ਬੋਲੇ ਸ਼੍ਰੀ ਹਰਿਰਾਇ।
'ਸੁਨਹੁਂ ਸਿੱਖ ਸੰਗਤਿ ਸਮੁਦਾਇ।
ਜਗ ਤਾਰਨ ਸ਼੍ਰੀ ਨਾਨਕ ਬਾਬਾ।
ਖੰਡ ਪਖੰਡਨਿ ਸ਼ੋਰ ਸ਼ਰਾਬਾ ॥੩੫॥
ਭਰਜੋ ਜਹਾਜ ਤਿਨਹੁਂ ਜੋ ਭਾਰਾ।
ਪਰਜੋ ਭ੍ਰਮਰ ਮਹਿਂ ਭ੍ਰਮਤਿ ਉਦਾਰਾ[1]।
ਘਾਟ ਪਹੁਂਚਿਬੇ ਮਗ ਛੁਟਿ ਗਯੋ[2]।
ਖੰਡ ਖੰਡ ਹੁਇ ਨਜਾਰੋ ਭਯੋ ॥੩੬॥
ਜੁਦੇ ਜੁਦੇ ਸਗਰੇ ਹੁਇ ਗਏ।
ਪਰੇ ਭੰਵਰ ਕੋ ਅਵਘਟ ਲਏ[3]।
ਕੋ ਦੁਹ ਪੰਥ ਪਰੇ ਬਹਿ ਜਾਤੇ[4]।
ਕੋ ਕੋ ਕੰਠੇ ਆਨਿ ਲਗਾਤੇ ॥੩੭॥
ਆਪ ਆਪ ਹੁਇ ਸਭਿ ਕੋ ਗਏ।
ਤਿਸ ਕੋ ਹਮ ਅਬਿ ਦੇਖਤਿ ਭਏ।'
ਸੁਨਿ ਕਰਿ ਬਚਨ ਭਯੰਕਰ ਗੁਰ ਕੇ।
ਸਿੱਖਨਿ ਕੇ ਉਰ ਤਬਿ ਬਹੁ ਧਰਕੇ ॥੩੮॥
ਭਏ ਦੀਨ ਭਨਿਤੇ ਪੁਨ ਬਿਨਤੀ।
'ਸ਼੍ਰੀ ਗੁਰ! ਭਈ ਸਭਿਨਿ ਕੇ ਗਿਨਤੀ।
ਭੇਵ ਨ ਪਾਇ ਸਕੈਂ ਕਜਾ ਆਸ਼ੈ।
ਸਮੁਝਾਵਹੁ ਇਹ ਕਰਹੁ ਪ੍ਰਕਾਸ਼ੈ ॥੩੯॥
ਜਿਮ ਦਾਸਨਿ ਤੇ ਸਮੁਝੀ ਜਾਇ।
ਤਿਸ ਪ੍ਰਕਾਰ ਦਿਹੁ ਹਮਹੁ ਬਤਾਇ।'
ਕ੍ਰਿਪਾ ਸਿੰਧੁ ਸੁਨਿ ਕੈ ਮੁਸਕਾਏ।
'ਭੋ ਸਿੱਖਹੁ! ਬੂਝਹੁ ਇਸ ਭਾਏ ॥੪੦॥
ਸਿਖ ਸੇਵਕ ਅਬਿ ਭੂਲ ਗਏ ਹੈਂ।
ਬਡ ਭੁਲਾਵਨੀ ਬਿਖੈ ਪਏ ਹੈਂ।
ਅਰਥ ਲੋਭ ਕੇ[5] ਬਸੀ ਪਰੇ ਹੈਂ।

---

[1]ਬਹੁਤਾ ਭਰਮਦਾ ਹੋਇਆ (ਸਿਖਾਂ ਦਾ) ਜਹਾਜ ਭੰਵਰ ਵਿਚ ਪੈ ਗਿਆ ਹੈ।
[2]ਕਿਨਾਰੇ ਤੇ ਪਹੁੰਚਣ ਦੇ ਰਾਹੋਂ ਖੁੰਝ ਗਿਆ ਹੈ।
[3]ਘੁੰਮਣਘੇਰ ਵਿਚ ਪੈ ਕੇ ਔਖਾ ਰਾਹ ਲਿਆ ਹੈ।
[4]ਕੋਈ ਤਾਂ ਔਖੇ ਰਾਹ ਪੈ ਕੇ ਰੁੜ੍ਹ ਜਾਂਦੇ ਹਨ।
[5]ਧਨ ਦੇ ਲੋਭ ਦੇ।

ਪਾਖੰਡਨਿ ਕੀ ਪੂਜ ਕਰੇ ਹੈਂ ॥੪੧॥
ਕਾਚੇ ਪਾਚੇ[1] ਗੁਰੂ ਕਹਾਵੈਂ।
ਤਨਕ ਸਿੱਧਿ ਜਗ ਮੈਂ ਦਿਖਰਾਵੈਂ।
ਕਾਚੀ ਮਤਿ ਕੇ ਹੁਇੰ ਤਿਨ ਪਾਛੇ।
ਚਲਹਿਂ ਕੁਮਗ ਨਹਿਂ ਪ੍ਰਾਪਤਿ ਆਛੇ ॥੪੨॥
ਸਤਿ ਮਤਿ ਤਜਾਗਹਿਂ ਤਹਿਂ* ਅਨੁਰਾਗਹਿਂ[2]।
ਕਾਚੇ ਕੀ ਸੰਗਤਿ ਮਹਿਂ ਲਾਗਹਿਂ।
ਤਜਿ ਕਰਿ ਭਗਤਿ ਕੁਮਾਰਗ ਚਲੇ।
ਕਿਸ ਪ੍ਰਕਾਰ ਪ੍ਰਾਪਤਿ ਹੁਇ ਭਲੇ ॥੪੩॥
ਜਿਸ ਤੇ ਮੰਤ੍ਰ ਕਰਹਿਂ ਮੁਖ ਜਾਪ।
ਪੁਨ ਨਿੰਦਹਿਂ ਤਿਨ ਮੂਰਖ ਆਪ।
ਇਮ ਜਹਾਜ ਭੌਰੀ ਪਰ ਫੂਟਜੋ।
ਜੁਦੋ ਜੁਦੋ ਭਾ, ਜਬਿਹੂੰ ਟੂਟਜੋ' ॥੪੪॥
ਸੁਨਿ ਗੁਰ ਬਾਕ ਸਿੱਖ ਬਿਸਮਾਏ।
ਕਿਤਿਕ ਕਾਲ ਧਰਿ ਮੌਨ ਬਿਤਾਏ।
ਬਹੁਰ ਸਮੁਝਿ ਕਰਿ ਗੁਰੁ ਪ੍ਰਤਾਪ।
ਬਲੀ ਸੰਗਤਿ ਛੋਰਿ ਸੰਤਾਪ ॥੪੫॥
'ਸ਼੍ਰੀ ਪ੍ਰਭੁ ! ਤੁਮ ਹੋ ਬਖ਼ਸ਼ਨਹਾਰੇ।
ਭਵਜਲ ਤੇ ਨਿਜ ਸਿੱਖਜ ਉਧਾਰੇ।
ਬਡ ਕਸੂਤ ਸੰਗਤਿ ਮਹਿਂ ਭਯੋ।
ਸ਼੍ਰੀ ਮੁਖ ਤੇ ਜੁ ਸੁਨਾਵਨਿ ਕਿਯੋ ॥੪੬॥
ਨਿਜ ਜਹਾਜ ਕਬਿ ਮੇਲੋ ਇਹੈ ?
ਜੁਦੋ ਜੁਦੋ ਕੈ ਇਸ ਬਿਧਿ ਰਹੈ ?
ਤੁਮਰੋ ਨਾਮ ਲਾਜ ਤੁਮ ਹੀ ਕੋ।
ਕਰਹੁ ਕਿ ਨਹਿਂ ਸੰਗਤਿ ਕੋ ਨੀਕੋ ? ॥੪੭॥
ਭਗਤਿ ਖਜ਼ਾਨੇ ਬਖ਼ਸ਼ਹੁ ਸਦਾ।
ਗਈ ਬਹੋਰਤਿ ਹੋ ਜਦ ਕਦਾ।
ਸਰਬ ਭਾਂਤਿ ਸਮਰੱਥ ਗੁਸਾਈਂ !
ਕਾਰਨ ਕਰਨ ਸੁ ਅਧਿਕ ਬਡਾਈ ॥੪੮॥

---

[1]ਕੱਚੇ ਪਿੱਲੇ।
*ਪਾ:-ਵਿਸ਼ਯ।
[2](ਸਤਿ ਗੁਰ ਜੀ ਦੀ) ਮਤ ਛੱਡ ਕੇ ਤਿਨ੍ਹਾਂ (ਕੱਚਿਆਂ) ਦੀ ਮਤ ਵਿੱਚ ਪਿਆਰ ਕਰਦੇ ਹਨ।

ਬਿਨਤੀ ਸੁਨਿ ਕੈ ਸ਼੍ਰੀ ਹਰਿਰਾਇ।
ਬੋਲੇ ਸਭਿ ਕੋ ਬਾਕ ਸੁਨਾਇ।
'ਕਿਤਿਕ ਸਮੋ ਪਰਿ ਹੈ ਅਸ ਰੌਰਾ।
ਬਿਗਰ ਜਾਇਂ ਸਭਿ ਠੌਰਹਿਂ ਠੌਰਾ ॥੪੯॥
ਆਦਿ ਮਸੰਦ ਸਿੱਖਜ ਬਿਰਮਾਇਂ।
ਦਰਬ ਲੋਭ ਕੇ ਬਸਿ ਪਰ ਜਾਇਂ।
ਸੰਗਤਿ ਭੂਲਹਿ ਇਨ ਕੋ ਦੇਖਿ।
ਨਿਜ ਨਿਜ ਮਹਿਂ ਹੰਕਾਰ ਵਿਸ਼ੇਸ਼ ॥੫੦॥
ਤਬਿ ਦਸਮੋ ਮੈਂ ਧਰੌਂ ਸ਼ਰੀਰ।
ਦੇਗ਼ ਤੇਗ਼ ਕੋ ਧਨੀ ਗਹੀਰ।
ਦੁਸ਼ਟ ਪਖੰਡੀ ਕਰੌਂ ਬਿਨਾਸ਼।
ਸੰਤ ਮਹਾਤਮ ਹੋਇਂ ਪ੍ਰਕਾਸ਼ ॥੫੧॥
ਤਬਿ ਜਹਾਜ ਮੈਂ ਕਰੌਂ ਇਕੱਤ੍ਰ।
ਪ੍ਰਗਟ ਹੋਇਗੋ ਪੰਥ ਪਵਿੱਤ੍ਰ।
ਦੰਡ ਉਚਿਤ ਕੋ ਦੈ ਹੈਂ ਦੰਡ।
ਜਾਨਹਿਂ ਸਤਿਗੁਰ ਏਕ ਅਖੰਡ[1] ॥੫੨॥
ਫੂਟੇ ਤੂਟੇ ਜੋ ਤਬਿ ਹੋਇਂ।
ਤਿਸ ਜਹਾਜ ਪਰ ਚਢਿ ਹੈਂ ਸੋਇ।
ਭਵ ਸਾਗਰ ਤੇ ਪਾਰ ਉਤਾਰੌਂ।
ਅਪਨੀ ਸੰਗਤਿ ਸਗਲ ਸੰਭਾਰੌਂ ॥੫੩॥
ਭਗਤਿ ਇਕੰਗੀ[2] ਭਜਨ ਅਧਾਰੇ।
ਹੁਇ ਹੈਂ ਮੇਰੇ ਦਾਸ ਅਪਾਰੇ।
ਭਰਿ ਕਰਿ ਪੂਰ ਕਰੌਂ ਸਭਿ ਪਾਰ।
ਪ੍ਰਗਟਾਵੌਂ ਅਸ ਪੰਥ ਉਦਾਰ' ॥੫੪॥
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਸੰਗਤਿ ਸੁਨਤਿ ਸਕਲ ਹਰਖਾਏ।
'ਧੰਨ ਧੰਨ ਸਤਿਗੁਰ ਗੁਨਖਾਨੀ।
ਜਿਮ ਤੁਮ ਜਾਨੇ ਧੰਨ ਸਿ ਪ੍ਰਾਨੀ ॥੫੫॥
ਪਦ ਅਰਬਿੰਦ ਬਿਲੰਦ ਤੁਮਾਰੇ।
ਧਰਹਿਂ ਧਜਾਨ, ਤਿਨ ਕਸ਼ਟ ਬਿਦਾਰੇ।'

---

[1](ਫੇਰ ਕੇਵਲ) ਇੱਕ ਸਤਿਗੁਰੂ ਨੂੰ ਅਬਿਨਾਸ਼ੀ ਜਾਣਨਗੇ।
[2]ਇੱਕ (ਵਾਹਿਗੁਰੂ) ਦੇ ਪ੍ਰੇਮ ਵਾਲੀ ਭਗਤੀ।

ਇਮ ਕਹਿ ਕਰੀ ਬੰਦਨਾ ਬ੍ਰਿੰਦ।
ਗੁਰ ਬਿਲੰਦ ਬਲਿ ਸ੍ਰੀ ਗੋਬਿੰਦ[1] ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਰਾਇ ਸਿੱਖਨ ਪ੍ਰਤਿ ਬਾਕ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

---

[1]ਗੁਰੂ ਬੜੇ ਬਲਵਾਨ ਪਰਮੇਸ਼ੁਰ ਸਰੂਪ।

## ੨੨. [ਪੌਰਾਣਕ ਪ੍ਰਸੰਗ-ਧੁੰਧ ਤੇ ਉਤੰਕ ਰਿਖੀ]

੨੧<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੩

ਦੋਹਰਾ: ਸ਼੍ਰੀ ਸਤਿਗੁਰ ਹਰਿਰਾਇ ਜੀ,
ਲਾਖਹੁਂ ਸਿੱਖਜ ਉਧਾਰਿ।
ਸੱਤਜਨਾਮ ਦੇ ਕਰਿ ਭਗਤਿ,
ਕਰੇ ਪੂਰ ਭਰਿ ਪਾਰ ॥੧॥
ਚੌਪਈ: ਨਿਜ ਸ਼ਰੀਰ ਕੋ ਪਿਖਿ ਕਰਿ ਅੰਤ।
ਚਿਤਵਤਿ ਚਿਤ ਸਤਿਗੁਰ ਭਗਵੰਤ।
ਬੈਸ ਅਲਪ ਮਹਿਂ ਗੁਨ ਤੇ ਮਹਾਂ।
ਤਖਤ ਬਿਠਾਵਨਿ ਕੌ ਚਿਤ ਚਹਾ ॥੨॥
ਪੂਰਬ ਅਰੁ ਦੱਖਨ ਸਿਖ ਜੇਈ।
ਪਸ਼ਚਮ ਉੱਤਰ ਬਾਸੀ ਕੇਈ।
ਸਭਿ ਥਲ ਹੁਤੇ ਮਸੰਦ ਮਹਾਨੇ।
ਲਾਖਹੁਂ ਧਨ ਲੇਤੇ ਤਿਸ ਥਾਨੇ ॥੩॥
ਲਿਖੇ ਹੁਕਮਨਾਮੇ ਗੁਰ ਪੂਰੇ।
'ਦੇਖਤਿ ਆਵਹੁ ਇਹਾਂ ਹਜ਼ੂਰੇ।
ਜੇਤਿਕ ਸੰਗਤਿ ਆਵਹਿ ਸੰਗ।
ਆਨਹੁ ਸਰਬ ਹਕਾਰਿ ਉਮੰਗਿ' ॥੪॥
ਲੇ ਕਰਿ ਹਲਕਾਰੇ ਗਨ ਦੌਰੇ।
ਪਹੰਚੇ ਜਾਇ ਸੁ ਜਿਤ ਕਿਤ ਠੌਰੇ।
ਸਹਤ ਮਸੰਦਨਿ ਸੰਗਤਿ ਸਾਰੀ।
ਪਹੁੰਚੇ ਕੀਰਤਿਪੁਰੀ ਹਕਾਰੀ ॥੫॥
ਚਹੂੰ ਦਿਸ਼ਿਨਿ ਤੇ ਸੰਗਤਿ ਆਈ।
ਸੁੰਦਰ ਅਨਿਕ ਉਪਾਇਨ ਲਜਾਈ।
ਅਪਨੇ ਅਪਨੇ ਅਵਸਰ ਪਾਇ।
ਦਰਸਹਿਂ ਸ਼੍ਰੀ ਸਤਿਗੁਰ ਹਰਿਰਾਇ ॥੬॥
ਆਪ ਜਾਇ ਲੰਗਰ ਕੇ ਮਾਂਹੀ।
ਕਰੈਂ ਅਹਾਰ ਅਨਿਕ ਬਿਧਿ ਤਾਂਹੀ।
ਸੰਗਤਿ ਕੀ ਪੰਗਤਿ ਬੈਠਾਇ।
ਨਿਜ ਕਰ ਤੇ ਸਭਿ ਕੋ ਤ੍ਰਿਪਤਾਇ ॥੭॥
ਭਗਤਿ ਕਰਹਿਂ ਉਪਦੇਸ਼ ਬਿਸਾਲਾ।
ਜਿਸ ਤੇ ਹੋਵਹਿ ਬਸੀ ਕ੍ਰਿਪਾਲਾ।

ਰਿਖਿ ਕੈ ਪ੍ਰੇਰੇ ਦੈਤ ਸੰਘਾਰ੍ਯੋ*।
ਸੰਗਤਿ ਪ੍ਰਤੀ ਪ੍ਰਸੰਗ ਉਚਾਰ੍ਯੋ ॥੮॥
ਅਸ ਕਾਰਜ ਜਗ ਦ੍ਰਿਸ਼ਟਿ ਨ ਪਰੈ।
ਪ੍ਰੇਰੈਂ ਭਗਤ[1] ਜੁ ਪ੍ਰਭੁ ਨਹਿਂ ਕਰੈ।
ਤਿਸ ਪਰ ਕਥਾ ਪੁਰਾਤਨ ਸੁਨੀਅਹਿ।
ਪ੍ਰੇਮ ਬਸੀ ਪ੍ਰਮੇਸ਼ੁਰ ਗੁਨੀਅਹਿ ॥੯॥

ਦੋਹਰਾ: ਮਧੁਕੈਟਭ ਕੇ ਦੇਹਿ ਤੇ,
ਉਪਜ੍ਯੋ ਪੁੱਤ੍ਰ ਬਿਸਾਲ।
'ਧੁੰਧ' ਨਾਮ ਜਿਸ ਕੇ ਭਯੋ,
ਮਹਾਂ ਸਰੀਰ ਕਰਾਲ ॥੧੦॥

ਚੌਪਈ: ਮਹਦ ਤਾਪ ਕੋ ਤਪ ਬਹੁ ਕੀਨਸਿ।
ਖਾਨ ਪਾਨ ਮੁਖ ਕਛੂ ਨ ਲੀਨਸਿ।
ਏਕ ਚਰਨ ਪਰ ਠਾਂਢੋ ਰਹੈ।
ਬਾਨੀ ਜੀਤ[2]+ ਨ ਕਬਿਹੂੰ ਕਹੈ ॥੧੧॥
ਊਰਧ ਬਾਹੂ, ਬਿਨਾ ਅਲੰਬ।
ਸੰਕਟ ਸਹੇ ਸਰੀਰ ਕਦੰਬ[3]।
ਮਨ ਥਿਰ, ਰੋਕਿ ਰਿਖੀਕਿਨਿ ਸਾਰੀ।
ਰਹਿਤ ਅਚਲ, ਭਾ ਪੌਨ ਅਹਾਰੀ ॥੧੨॥
ਇੱਤਜਾਦਿਕ ਤਪ ਤਪੇ ਘਨੇਰੇ।
ਲੇ ਦੇਵਨਿ ਤੇ ਬਰ ਬਹੁਤੇਰੇ।
ਮਹਾਂ ਬਾਹੁ ਬਲਵਾਨ ਮਹਾਨਾ।
ਜਹਿਂ ਕਹਿਂ ਦੌਰਤਿ ਮਨ ਅਭਿਮਾਨਾ ॥੧੩॥
ਲੀਨਸ ਜੀਤ ਸੁਰਨਿ ਕੇ ਥਾਨ।
ਕੋ ਨਹਿਂ ਅਟਕਹਿ ਰਣ ਮੈਦਾਨ।
ਮਹਾਂ ਭਯੰਕਰ ਦਾੜ੍ਹ ਬਿਸਾਲਾ।
ਲੋਚਨ ਲਾਲ ਕਰਾਲ ਸੁ ਕਾਲਾ ॥੧੪॥

---

*ਉਤੰਕ ਰਿਸ਼ੀ ਨੇ ਰਾਜਾ ਬ੍ਰਿਹਦਸ਼ਵ ਨੂੰ ਪ੍ਰੇਰਿਆ ਕਿ 'ਧੁੰਧੁ' ਨਾਮੇ ਰਾਕਸ਼ ਨੂੰ ਮਾਰੇ, ਉਹ ਬਾਨ ਪ੍ਰਸਤੀ ਹੋ ਚੁੱਕਾ ਸੀ, ਆਪਣੇ ਪੁੱਤ੍ਰ 'ਕੁਵਲਯਾਸ਼ਵ' ਵੱਲ ਘੱਲਿਆ, ਜਿਸ ਨੇ 'ਧੁੰਧੁ' ਰਾਖਸ਼ ਨੂੰ ਮਾਰਿਆ। ਇਹ ਕਥਾ ਕਵਿ ਜੀ ਨੇ 'ਹਰਿਵੰਸ਼' ਤੋਂ ਲਈ ਜਾਪਦੀ ਹੈ।

[1]ਭਗਤਾਂ ਦਾ ਪ੍ਰੇਰਿਆ ਹੋਇਆ।

[2]ਬਾਣੀ ਜਿੱਤ ਭਾਵ ਮੋਨੀ ਹੋ ਗਿਆ।

+ਪਾ:-ਜੀਭ।

[3]ਬਹੁਤ ਸਾਰੇ।

ਰਹਜੋ ਬਿਸ਼ਨੁ ਕੋ ਖੋਜਤਿ ਸੋਈ।
ਜਹਿਂ ਜਹਿਂ ਸੁਨਹਿ ਜਾਇ ਥਲ ਸੋਈ।
ਨਹਿਂ ਪਾਯੋ ਨਹਿਂ ਕੀਨਿ ਲਰਾਈ।
ਅਪਰ ਦੇਵ ਕਜਾ ਤਿਹ ਅਗੁਵਾਈ ॥੧੫॥
ਸਭਿ ਭਾਜੇ ਭੈ ਭੀਤ ਸੁ ਹ੍ਵੈ ਕੈ।
ਕਿਨਹੁਂ ਜੁੱਧ ਨ ਕੀਨਿ ਥਿਰੈ ਕੈ।
ਮਹਾਂ ਗਰਬ ਕੋ ਧਰਿ ਧਰਿ ਉਰ ਮੈਂ।
ਜਹਿਂ ਕਹਿਂ ਧਾਇ ਸੁਰਨਿ ਕੇ ਘਰ ਮੈਂ ॥੧੬॥
ਸਕਲ ਦਿਸ਼ਿਨਿ ਕੋ ਜੀਤਨਿ ਕੀਨਸਿ।
ਜਿਤ ਗਮਨੈ ਤਿਤ ਤ੍ਰਾਸਨਿ ਭੀਨਸਿ[1]।
ਇਸ ਪ੍ਰਕਾਰ ਦਿਗਬਿਜੈ ਸੁ ਕਰਿ ਕੈ।
ਸ਼੍ਰਮਤਿ ਹੋਇ ਸੁਪਤਜੋ ਧਰ ਪਰਿ ਕੈ ॥੧੭॥
ਚਿਰੰਕਾਲ ਸੋ ਪੌਢਜੋ ਰਹਜੋ।
ਸੁਪਤਿ ਪਰੈ ਨਹਿਂ ਜਾਗ੍ਰਨਿ ਲਹਜੋ।
ਊਪਰ ਪਰੀ ਮ੍ਰਿੱਤਕਾ ਬ੍ਰਿੰਦ।
ਨਿਪਜੇ ਤਰੁਵਰੁ ਅਨਿਕ ਬਿਲੰਦ ॥੧੮॥
ਇਕ ਸੰਮਤ ਮਹਿਂ ਲੇ ਇਕ ਸ੍ਵਾਸ।
ਉਡਤਿ ਧੂਲ ਜਿਸ ਤੇ ਚਹੁਂ ਪਾਸ।
ਗਮਨਹਿ ਕੰਕਰ ਸਹਿਤ ਅੰਧੇਰੀ।
ਦੇਸ਼ਨਿ ਕੋ ਅਛਾਦਿ ਤਿਸ ਬੇਰੀ ॥੧੯॥
ਸਭਿ ਜੀਵਨਿ ਕੋ ਪੀੜਨ ਕਰਿਹੀ।
ਜਬਹਿ ਨਾਸਕਾ ਸ੍ਵਾਸ ਉਸਰਿਹੀ।
ਭੂਮਚਾਲ ਤਬਿ ਹੋਇ ਬਿਸਾਲਾ।
ਡਗਮਗ ਡੋਲਤਿ ਮਹਦ ਕਰਾਲਾ ॥੨੦॥
ਕੇਤਿਕ ਬ੍ਰਿੱਛ ਉਖਰਿ ਗਿਰ ਪਰੈਂ।
ਅਧਿਕ ਪੌਨ ਜਬਿ ਸ੍ਵਾਸ ਨਿਕਰੈ।
ਸਰਬ ਸਰੀਰ ਆਛਾਦਨ ਹੋਵਾ।
ਲਖਜੋ ਪਰੈ ਨਹਿਂ ਜਬਿ ਕੋ ਸੋਵਾ ॥੨੧॥
ਜਹਾਂ ਨਾਸਕਾ ਬਿਵਰ[2] ਮਹਾਨਾ।
ਸੈਲ ਕੰਦਰਾ ਕੇਰ ਸਮਾਨਾ[1]।

---

[1]ਭਾਵ ਲੋਕੀਂ ਭੈ ਭੀਤ ਹੁੰਦੇ ਹਨ।
[2]ਨੱਕ ਦੀਆਂ ਗਲੀਆਂ, ਮੋਰੀਆਂ।

ਅਪਰ ਸਰੀਰ ਜੁ ਸਕਲ ਬਿਸਾਲਾ।
ਪਰਜੋ ਪੌਨ ਤੇ ਸਿਕਤਾ[2] ਜਾਲਾ ॥੨੨॥
ਤਨ ਕੋ ਚਿੰਨ੍ਹ ਨ ਦੇਤਿ ਦਿਖਾਈ।
ਅਸ ਮ੍ਰਿਤਕਾ ਬਹੁ ਲੀਨਿ ਦਬਾਈ।
ਨਿਕਸਹਿ ਪੌਨ ਨਾਸਕਾ ਜਹਿੰਵਾ।
ਜਾਨਹਿਂ ਲੋਕ ਕੰਦਰਾ ਤਹਿੰਵਾ ॥੨੩॥
ਇਸ ਪ੍ਰਕਾਰ ਸੋ ਦੈਤ ਬਿਸਾਲਾ।
ਪਰਜੋ ਅਛਾਦਜੋ ਦੇਹਿ ਕਰਾਲਾ।
ਆਸ਼੍ਰਮ ਤਹਾਂ ਉਤੰਕ ਮੁਨੀ ਕੋ।
ਬਿਸ਼ਨੁ ਭਗਤਿ ਤਪ ਤਾਪਤਿ ਨੀਕੋ ॥੨੪॥
ਪੰਚਾਗਨ[3] ਕੋ ਤਪਹਿ ਮਹਾਨਾ।
ਹਿਮ ਰਿਤੁ ਜਲ ਮਹਿ ਕੰਠ ਪ੍ਰਮਾਨਾ।
ਫਲ ਫੂਲਨਿ ਕਹੁ ਕਰਹਿ ਅਹਾਰਾ।
ਸਿਮਰਹਿ 'ਬਿਸ਼ਨ ਬਿਸ਼ਨੁ' ਇਕ ਸਾਰਾ ॥੨੫॥
ਹੋਯੋ ਰਿਦਾ ਸ਼ੁੱਧ ਜਿਸ ਕੇਰਾ।
ਇਸ ਪ੍ਰਕਾਰ ਤਪ ਤਪੇ ਘਨੇਰਾ।
ਸਮ ਦਮ ਸਹਿ ਅਨਸੂਯਕ[4] ਸਾਚੋ।
ਜੀਤੇ ਸਭਿ ਬਿਕਾਰ ਨਹਿਂ ਬਾਂਚੋ[5] ॥੨੬॥
ਮਹਾਂ ਜਿਤਿੰਦ੍ਰੇ ਧੀਰਜਵੰਤਾ।
ਧਰਮ ਆਤਮਾ, ਬੇਦ ਪਠੰਤਾ।
ਮਨਿਨ ਸ਼ੀਲ, ਬੁਧਿਵਾਨ ਮਹਾਨਾ।
ਮ੍ਰਿਦੁਲ ਸਰਲ ਆਦਿਕ ਗੁਨ ਨਾਨਾ ॥੨੭॥
ਰੋਕਿ ਬਾਯੁ ਕੋ ਲਾਇ ਸਮਾਧਾ।
ਕਰਤਿ ਅਰਾਧਨਿ ਬਿਸ਼ਨੁ ਅਗਾਧਾ।
ਮ੍ਰਿਦੁਲ ਲਾਲ[6] ਸ਼ੁਭ ਲਲਿਤ ਬਿਸਾਲਾ।
ਪਾਵਨ ਪਰਮ ਚਰਨ ਦੁਤਿ ਜਾਲਾ ॥੨੮॥
ਜੰਘ ਜੁਗਲ ਇਕ ਸਮ ਜਨੁ ਕੇਲਾ।

---

[1]ਪਹਾੜ ਦੀਆਂ ਖੰਡਾਂ ਸਮਾਨ।
[2]ਰੇਤ।
[3]ਪੰਜ ਧੂਣੀਆਂ।
[4]ਈਰਖਾ ਰਹਿਤ।
[5]ਠੱਗਿਆ ਨਾ ਗਿਆ।
[6]ਕੋਮਲ ਲਾਲ (ਚਰਨ)।

ਪੀਤ ਬਸਤ੍ਰ ਸ਼ੋਭਤਿ ਤਨ ਮੇਲਾ।
ਆਯਤ ਛਾਤੀ ਬਾਹੁ ਬਿਸਾਲਾ।
ਸ਼ਸ਼ਤ੍ਰ ਧਰੇ ਉਰ ਪਰ ਬਨਮਾਲਾ[੧] ॥੨੯॥
ਨੂਪਰ[੨] ਛੁੱਦ੍ਰ ਘੰਟਕਾ[੩] ਕੁੰਡਲ।
ਸ਼ਜਾਮਲ ਬਰਨ ਸੁਭਤਿ ਮੁਖ ਮੰਡਲ।
ਮੁਕਟ ਉਤੰਗ ਸੀਸ ਪਰ ਭ੍ਰਾਜੇ[੪]।
ਮੇਚਕ ਚਿੱਕ੍ਰਨ ਚਿਕਰ[੫*] ਬਿਰਾਜੇ ॥੩੦॥
ਅਸ ਸਰੂਪ ਕੋ ਧਰਿ ਕੈ ਧਜਾਨਾ।
ਨਿਸ਼ਚਲ ਬੈਠਹਿ ਮੁਨੀ ਮਹਾਨਾ।
ਉਗ੍ਰ[੬] ਤਪਜੋ ਤਪ ਜਬਿ ਧਰਿ ਧੀਰ।
ਮੁਨਿ ਮਨ ਕੀ ਲਖਿ ਪ੍ਰਭੁ ਗੰਭੀਰ ॥੩੧॥
ਮਹਾਂ ਕ੍ਰਿਪਾਲੂ ਕ੍ਰਿਪਾ ਕਰਿ ਆਏ।
ਰਿਖਿ ਉਤੰਕ ਆਸ਼੍ਰਮ ਜਿਸ ਥਾਏਂ।
ਦੇਖਤਿ ਦਰਸ਼ਨ ਭਯੋ ਨਿਹਾਲ।
ਕਰੀ ਡੰਡਵਤਿ ਮੁਨਿ ਤਤਕਾਲ ॥੩੨॥
ਹਾਥ ਜੋਰਿ ਦਰਸਨ ਕੋ ਦੇਖਾ।
ਤਪ ਸਾਧਨ ਫਲ ਪਾਇ ਅਸ਼ੇਖਾ।
ਰਿਖਿ ਉਤੰਕ ਕੇ ਉਰ ਕੀ ਜਾਨੀ।
ਪੁਰਸ਼ੋਤਮ ਪ੍ਰਭੁ ਸਮਿਤ[੭] ਬਖਾਨੀ ॥੩੩॥
'ਹੁਇ ਬਿਬੇਕ ਸੱਤਾਸਤਿ ਕੇਰ।
ਪਾਵਹਿਂ ਗਜਾਨ ਆਤਮਾ ਹੇਰਿ।
ਪਦਵੀ ਪਰਮ ਪਾਇ ਹੈਂ ਮੋਰੀ।
ਚਰਨ ਪਰਾਇਨ ਬੁਧਿ ਬਰ ਤੋਰੀ ॥੩੪॥
ਤਵ ਤਪ ਮਹਿਂ ਜੋ ਬਿਘਨ ਕਰੰਤਾ।

---

[੧]ਬੈਜੰਤੀ ਮਾਲਾ।
[੨]ਝਾਂਜਰਾਂ।
[੩]ਤੜਾਗੀ।
[੪]ਸ਼ੋਭ ਰਿਹਾ ਹੈ
[ਸੰਸ: ਭ੍ਰਾਜ੍ = ਚਮਕਣਾਂ। ]
[੫]ਕਾਲੇ ਕੇਸ ਚਮਕੀਲੇ।
[*]ਪਾ:-ਰੁਚਿਰ।
[੬]ਕਠਨ।
[੭]ਮੁਸਕ੍ਰਾ ਕੇ।
(ਅ) ਸਹਿਤ ਮਿਰਯਾਦਾ ਦੇ ਸ਼ਾਂਤੀ ਨਾਲ।

ਤਿਸ ਕੋ ਬਨਵਿ ਆਪ ਮੈਂ ਹੰਤਾ।
ਸੁਰ ਬਰ ਲਬਧਿ ਦੈਂਤ ਜੋ ਅਹੈ[1]।
ਇਸ ਬਿਧਿ ਕਰੇ ਮ੍ਰਿੱਤੁ ਕੋ ਲਹੈ ॥੩੫॥
ਕੁਲ ਇੱਖ੍ਵਾਕ ਬਿਖੈ ਜੋ ਰਾਜਾ।
ਧਰਮ ਆਤਮਾ ਅਧਿਕ ਸਮਾਜਾ।
ਇਸ ਮਾਰਨਿ ਹਿਤ ਪ੍ਰੇਰਹੁ ਜਾਇ।
ਦੀਜਹਿ ਧੀਰਜ ਤਿਹ ਬੰਧਵਾਇ ॥੩੬॥
ਦੈਤ ਸਰੀਰ ਅਕਾਰ ਮਹਾਨਾ।
ਪ੍ਰਾਕ੍ਰਮ ਤੇਜ ਬਿਖੈ ਬਲਵਾਨਾ।
ਭੂ ਪਾਲਕ ਤਿਸ ਕੇ ਨ ਸਮਾਨਾ।
ਈਖਦ[2] ਓਜ ਤਾਂਹਿ ਅਗੁਵਾਨਾ ॥੩੭॥
ਯਾਂ ਤੇ ਮੈਂ ਪ੍ਰਵਿਸ਼ੌਂ ਤਿਸ ਮਾਂਹੀ।
ਤੇਜ ਓਜ ਤੇ ਹ੍ਵੈ ਉਤਸਾਹੀ।
ਨ੍ਰਿਪਤਿ ਸਰੂਪ ਧਾਰਿ ਕੈ ਆਪੀ।
ਰਚੌਂ ਜੁੱਧ ਹਿਤ ਤਵ ਰਿਪੁ ਖਾਪੀ ॥੩੮॥
ਸੁਰ ਗਨ ਕੋ ਕੰਟਕ ਬੁਰਿਆਰੀ।
ਨਰ ਤਨ ਬਨਿ ਮੈਂ ਲਿਉਂ ਅਰਿ ਮਾਰੀ।
ਇਸ ਤਨ ਤੇ ਨਹਿਂ ਮਾਰਨਿ ਬਨੇ।
ਅਭੈ ਹੋਨਿ ਕੇ ਬਰ ਲਿਯ ਘਨੇ' ॥੩੯॥
ਇਸ ਪ੍ਰਕਾਰ ਕਹਿ ਕਰਿ ਗੋਸਾਈਂ।
ਅੰਤਰ ਧਯਾਨ ਭਏ ਤਿਸ ਥਾਈਂ।
ਰਿਖਿ ਉਤੰਕ ਨੇ ਸਭਿ ਬਿਧਿ ਜਾਨੀ।
ਜਿਸ ਪ੍ਰਕਾਰ ਸ਼੍ਰੀ ਬਿਸ਼ਨੁ ਬਖਾਨੀ ॥੪੦॥
ਤਪ ਫਲ ਲਬਧਿ[3] ਕ੍ਰਿਤਾਰਥ ਹੋਵਾ।
ਲੋਚਨ ਗੋਚਰ ਸ਼੍ਰੀ ਪ੍ਰਭੁ ਜੋਵਾ।
ਹਰਖਤਿ ਕਰਤਿ ਭਯੋ ਪ੍ਰਸਥਾਨਾ।
ਨਗਰ ਅਯੁੱਧਯਾ ਕੋ ਸਮੁਹਾਨਾ[4] ॥੪੧॥
ਧਰਮ ਆਤਮਾ ਮੁਨੀ ਪ੍ਰਤਾਪੀ।

---

[1]ਦੇਵਤਿਆਂ ਦਾ ਵਰ (ਜਿਸ ਨੂੰ) ਲੱਭਿਆ ਹੈ (ਐਸਾ ਜੋ) ਦੈਂਤ ਹੈ ਭਾਵ ਧੁੰਧੂ।
[2]ਥੋੜਾ ਜਿਹਾ।
[3]ਤਪ ਦਾ ਫਲ ਲੱਭ ਕੇ (ਉਹ ਰਿਖੀ)।
[4]ਸਾਹਮਣੇ।

ਜਿਨ ਰਿਖੀਕ ਬਹੁ ਤਪ ਤੇ ਤਾਪੀ।
ਹਤਨਿ ਲਾਲਸਾ ਦੈਂਤ ਬਡੇਰੀ।
ਤਿਹ ਮ੍ਰਿਤੁ ਪ੍ਰਾਪਤਿ ਕੀ ਬਿਧਿ ਹੇਰੀ' ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿਰਾਇ ਕਥਾ' ਪ੍ਰਸੰਗ ਬਰਨਨੰ ਨਾਮ ਦੁਇ ਬਿੰਸਤੀ ਅੰਸੂ ॥੨੨॥

## ੨੩. [ਧੁੰਧੂ ਨਾਲ ਜੰਗ ਦੀ ਤਿਆਰੀ]

੨੨<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੪

ਦੋਹਰਾ: ਗਮਨਜੋ ਮੁਨੀ ਉਤੰਕ ਮਗ, ਪੁਰੀ ਅਯੁੱਧਜਾ ਜਾਇ।
ਦ੍ਵਾਰਪਾਲ ਸੋਂ ਤਿਹ ਕਹਜੋ, 'ਨ੍ਰਿਪ ਕੋ ਦੇਹੁ ਜਨਾਇ ॥੧॥
ਚੌਪਈ: -ਮੁਨੀ ਉਤੰਕ ਆਇ ਥਿਤ ਦ੍ਵਾਰੇ।
ਮਿਲਿਬੋ ਚਹਿਤਿ ਤੁਮਹਿ ਇਕ ਬਾਰੇ-।'
ਸੁਨਤਿ ਤੁਰਤ ਹੀ ਅੰਤਰ ਗਯੋ।
ਮੁਨਿ ਆਗਵਨਿ ਜਨਾਵਤਿ ਭਯੋ ॥੨॥
ਮਹਿਪਾਲਕ ਸੁਨਿ ਰਿਖਿ ਕੀ ਸੁਧ ਕੋ।
ਉਠਜੋ ਝਟਤਿ ਕਰਿ ਕੈ ਸੁਧਿ ਬੁਧਿ ਕੋ।
ਕਰਿ ਧਰਿ ਪੂਜਾ ਸਰਬ ਪ੍ਰਕਾਰ।
ਚਲਿ ਆਯੋ ਤੂਰਨ ਨਿਜ ਦ੍ਵਾਰ ॥੩॥
ਕਰਿ ਬੰਦਨ ਪਾਦਾਰਘ[1] ਦੀਨਸਿ।
ਆਦਰ ਸਭਿ ਬਿਧਿ ਕੋ ਬਹੁ ਕੀਨਸਿ।
ਅਪਨੇ ਸੰਗ ਸਭਾ ਮੈਂ ਆਨਜੋ।
ਪ੍ਰਸ਼ਨ ਅਨਾਮੈ ਨੰਮ੍ਰਿ ਬਖਾਨਜੋ[2] ॥੪॥
'ਬਡੇ ਭਾਗ ਮੋਰੇ ਸਭਿ ਭਾਂਤੀ।
ਦੀਨਸਿ ਦਰਸ ਬਿਘਨ ਗਨ ਘਾਤੀ।
ਆਵਨਿ ਸਫਲ ਆਪਨੋ ਕਰੀਏ।
ਨਿਜ ਆਗਵਨ ਸੁ ਹੇਤੁ ਉਚਰੀਏ[*]' ॥੫॥
ਸੁਨਤਿ ਮੁਨੀ ਨੇ ਨਿਜ ਭਿੱਪ੍ਰਾਇ[3]।
ਮਹਿਪਾਲਕ ਕੋ ਦੀਨਿ ਜਨਾਇ।
'ਧੁੰਧੁ ਦੈਤ ਬਰ ਪਾਇ ਮਹਾਨਾ।
ਮੁਨਿ ਸੁਰ ਕੰਟਕ ਨਿਤ ਦੁਖ ਦਾਨਾ ॥੬॥
ਹਿਤ ਹਤਿਬੇ ਕੋ ਕਰਿ ਉਤਸਾਹੂ।
ਮਹਾਂ ਬੀਰ ਤੂੰ ਛੱਤ੍ਰਜਨਿ ਮਾਂਹੂ।
ਨਿਜ ਬਲ ਸੰਸੇ ਕੋ ਨ ਬਿਚਾਰਹੁ।
ਪ੍ਰਭੁ ਸ਼ਕਤਿ ਲੇ ਅਸੁਰ ਸੰਘਾਰਹੁ ॥੭॥
ਜਸੁ ਬਿਸਾਲ ਲੀਜਹਿ ਅਬਿਨਾਸ਼ੀ।

---

[1]ਭਾਵ ਚਰਨ ਧੋਤੇ।
[2]ਸੁਖ ਸਾਂਦ ਦੀ ਪੁਛ ਨਿੰਮ੍ਰਤਾ ਨਾਲ ਕੀਤੀ।
[*]ਪਾ:-ਬਿਚਰੀਏ।
[3]ਅਭਿਪ੍ਰਾਯ, ਮਕਸਦ, ਆਸ਼ਯ।

ਬਿਦਤਹਿਂ ਜਗਤ ਮਹਦ ਬਲ ਰਾਸੀ[1]।
ਅਭੈ ਦਾਨ ਦੀਜਹਿ ਸਭਿ ਲੋਕ।
ਹਤਹੁ ਓਜ ਕਰਿ ਕੈ ਰਿਪੁ ਰੋਕ ॥੮॥
ਜੀਵਤਿ ਥੀਵਹੁ ਕੀਰਤਿਵੰਤਿ।
ਪੁਨ ਅਪਵਰਗ[2] ਪਾਇ ਹੋ ਅੰਤ।
ਛੱਤ੍ਰੀ ਕੁਲ ਕੋ ਧਰਮ ਵਿਚਾਰਿ।
ਲਘੁ ਦੀਰਘਤਾ ਰਿਦੈ ਨ ਧਾਰਿ ॥੯॥
ਬਹੁਤ ਭਾਂਤਿ ਕੇ ਗੁਨ ਗਨ ਪਾਵੈਂ।
ਅਤਿ ਉੱਤਮਤਾ ਤਵ ਕਰ ਆਵੈ।
ਪਾਰਬ੍ਰਹਮ ਕੇ ਰੂਪ ਮਝਾਰ।
ਹੋਇ ਏਕਤਾ ਅਨੰਦ ਉਦਾਰ ॥੧੦॥
ਤਪ ਤਾਪਯੋ ਮੈਂ ਦੀਰਘ ਜਬੈ।
ਲੋਚਨ ਗੋਚਰ ਭੇ ਪ੍ਰਭੁ ਤਬੈ।
ਤਿਨ ਕੋ ਪ੍ਰੇਰਯੋ ਮੈਂ ਚਲਿ ਆਯੋ।
ਚਹਤਿ ਦੈਤ ਕੋ ਨਾਸ਼ ਕਰਾਯੋ' ॥੧੧॥
ਸੁਨਿ ਮਹਿਪਾਲ ਬਿਸਾਲ ਅਨੰਦਾ।
'ਮੈਂ ਜਾਨਯੋ ਮੁਝ ਹ੍ਵੈ ਗੁਨ ਬ੍ਰਿੰਦਾ।
ਇਕ ਤੌ ਧਰਮ ਜੰਗ ਕੋ ਮੇਰਾ।
ਦੁਤਿਯ ਮੁਨੀਬਰ! ਕਹਿਬੋ ਤੇਰਾ ॥੧੨॥
ਤ੍ਰਿਤੀਏ ਜਗਤ ਨਾਥ ਕੇ ਸਾਥਾ।
ਹੁਇ ਇਕਤਾ ਜਿਹ ਬੰਦਹਿਂ ਮਾਥਾ।
ਛੁਟਹਿਂ ਕਲੇਸ਼ ਅਸ਼ੇਸ਼ ਦੁਰਾਧਰ[3]।
ਮੈਂ ਬਡਭਾਗ ਲਖੌਂ ਹੇ ਮੁਨਿਵਰ!' ॥੧੩॥
ਇਮ ਭੂਪਤਿ ਕਰਿ ਕੈ ਉਤਸਾਹੂ।
ਭਯੋ ਸਨੱਧ ਬੱਧ ਬਡ ਬਾਹੂ[4]।
ਨੰਦਨਿ ਹੁਤੇ ਇਕੀਸ ਹਜ਼ਾਰ।
ਸ਼ਸਤ੍ਰ ਪਹਿਰ ਸਗਰੇ ਭੇ ਤਜਾਰ ॥੧੪॥
ਛੂਹਨਿ[5] ਏਕ ਅਨੀਕਨਿ ਚਲੀ।

---

[1]ਬਲ ਦਾ ਪੁੰਜ ਤੂੰ ਜਗਤ ਵਿਚ ਪ੍ਰਗਟੇਂਗਾ।
[2]ਮੁਕਤਿ।
[3]ਕਠਨ ਧਾਰੇ ਹੋਏ।
[4]ਬੜੀਆਂ ਬਾਹਾਂ ਵਾਲਾ, ਮੁਹਾਵਰਾ ਹੈ, ਜਿਸ ਦੇ ਮਦਦਗਾਰ ਬਹੁਤੇ ਹੋਣ।
[5]ਇੱਕ ਖੂਹਣੀ ਸੈਨਾ।

ਗਜ ਬਾਜਨਿ ਰਥ ਕਰਿ ਕਲਮਲੀ[੧]।
ਧੁਜਾ[੨] ਪਤਾਕਾ[੩] ਬਸਤ੍ਰਨਿ[*] ਛੋਰੇ।
ਬਾਦਤਿ ਬਾਜ ਉਠੇ ਬਡ ਘੋਰੇ ॥੧੫॥
ਕਰਿ ਕੈ ਮੰਗਲ ਅਨਿਕ ਪ੍ਰਕਾਰਾ।
ਨਿਕਸਜੋ ਨ੍ਰਿਪਤਿ ਆਪਨੇ ਦ੍ਵਾਰਾ।
ਭਏ ਸਹਾਇਕ ਸੁਰ ਗਨ ਸਾਰੇ।
ਚਹਿਤਿ ਜੁੱਧ ਮਹਿਂ ਧੁੰਧੂ ਮਾਰੇ ॥੧੬॥
ਚਾਂਪਨਿ ਅਪਨਿ ਟੰਕਾਰ ਕਰੰਤੇ।
ਬਾਣ ਨਿਖੰਗਨਿ ਮਹਿਂ ਭਰਿਯੰਤੇ।
ਚੰਦ੍ਰਹਾਸ[੪] ਨਿਰਮਲ ਚਮਕੰਤੇ।
ਕਟ ਸੋਂ ਕਸਹਿਂ ਸੂਰ ਬਲਵੰਤੇ ॥੧੭॥
ਬਿੱਪ੍ਰ ਜਿਤੇਂਦ੍ਰੀ ਬੇਦਨ ਬੇਤਾ।
ਆਸ਼ਿਖਬਾਦ ਕਹੈਂ 'ਬਨਿ ਜੇਤਾ[੫]।'
ਗਜ ਬਾਜੀ ਸਜੰਦਨ ਦੁਤਿ ਭਾਰੀ।
ਸਭਿ ਸਜਾਇ ਕਰਿ ਪਾਖਰ[੬] ਡਾਰੀ ॥੧੮॥
ਸਜੰਦਨ ਫੇਰਹਿਂ ਹਯਨਿ ਕੁਦਾਵਹਿਂ।
ਲਰਿਬੇ ਕੋ ਜੋਧਾ ਉਤਸਾਵਹਿਂ।
ਭਿੰਡਪਾਲ[੭], ਤੋਮਰ, ਅਸਿ ਧਾਰੇ।
ਪਾਂਸੀ[੮], ਮੁਦਗਰ ਗਹਿ ਕਰ ਭਾਰੇ ॥੧੯॥
ਅਨਿਕ ਪ੍ਰਕਾਰ ਕਰਹਿਂ ਰਣ ਤਜਾਰੀ।
ਨਿਕਸਜੋ ਭੂਪਤਿ ਪੁਰਿ ਕੇ ਦ੍ਵਾਰੀ।
ਬਹੁ ਜਾਂਬੂਨਦ ਰਤਨ ਮੰਗਾਏ।
ਭਿਛਕਨਿ[੯] ਦਏ ਦਾਨ ਮਨ ਭਾਏ ॥੨੦॥
ਸਭਿਨਿ ਪ੍ਰਸੰਨ ਕਰਜੋ ਮਹਿਪਾਲਾ।

---

[੧]ਸ਼ੋਰ ਕਰਦੀ।
[੨]ਵਡਾ ਝੰਡਾ।
[੩]ਛੋਟੀ ਝੰਡੀ।
[*]ਪਾ:-ਫਰਰੇ।
[੪]ਤਲਵਾਰਾਂ।
[੫]ਜਯ ਵਾਲੇ ਬਣੋ।
[੬]ਕਾਠੀਆਂ।
[੭]ਇਕ ਪ੍ਰਕਾਰ ਦਾ ਗੋਫੀਆ [ਸੰਸ: ਭਿੰਦਪਾਲ।]
[੮]ਫਾਹੀਆਂ।
[੯]ਮੰਗਤਿਆਂ ਨੂੰ।

ਦੈਤ ਦਿਸ਼ਾ ਕੇ ਮਾਰਗ ਚਾਲਾ।
ਤੁਰਰੀ ਦੁੰਦਭਿ ਗੋਮੁਖ[1] ਬਾਜੇ।
ਪਟਹਿ ਢੋਲ ਰਵ ਸੁਨਿ ਭਟ ਗਾਜੇ ॥੨੧॥
ਬਿਨ ਅਤੰਕ ਤੇ ਤਪੀ ਉਤੰਕ।
ਲਿਯੋ ਸੰਗ ਨ੍ਰਿਪ ਗਮਜੋ ਨਿਸ਼ੰਕ।
ਸਗਰੇ ਪੁੱਤ੍ਰ ਸਾਥ ਹੀ ਲੀਨੇ।
ਚੌਂਪ ਅਸੁਰ ਸੋਂ ਲਰਿਬੇ ਭੀਨੇ ॥੨੨॥
ਦਿਨ ਪ੍ਰਤਿ ਕਰਤਿ ਨਿਵੇਸੁ[2] ਨ੍ਰਿਪਾਲਾ।
ਸਭਿਨਿ ਸੰਭਾਰਤਿ ਮਾਰਗ ਚਾਲਾ।
ਬਿਮਨ[3] ਸੁਭਟ ਨਹਿਂ ਸੈਨਾ ਮਾਂਹੀ।
ਨ੍ਰਿਪ ਹਿਤ ਅਪਨਿ ਪ੍ਰਾਨ ਅਰਪਾਹੀਂ ॥੨੩॥
ਰਿਸ਼ਟ ਪੁਸ਼ਟ ਬਾਹਨ ਗਨ ਨਾਨਾ।
ਅਲੰਕਾਰ ਪਹਿਰੇ ਦੁਤਿਵਾਨਾ।
ਉਤਸਾਹਿਤ ਜੋਧਾ ਗਨ ਚਲੈਂ।
ਕਹਤਿ 'ਦੈਤ ਕੋ ਹਮ ਦਲ ਮਲੈਂ' ॥੨੪॥
ਸਿਕਤਾ ਸਾਗਰ ਕੋ ਬਿਸਤਾਰਾ।
ਕਿਤ ਜੋਜਨ ਲੌਂ ਪੁਲਨ ਉਦਾਰਾ[4]।
ਤਿਸ ਮਹਿਂ ਸੁਪਤਜੋ ਦੈਤ ਕਰਾਲਾ।
ਚਿਰੰਕਾਲ ਕੋ ਦੇਹਿ ਬਿਸਾਲਾ ॥੨੫॥
ਰਿਖਿ ਉਤੰਕ ਨੇ ਭੇਤ ਜਨਾਵਾ।
'ਇਹ ਉਤੰਗ ਥਲ[5] ਜੋ ਦ੍ਰਿਸ਼ਟਾਵਾ।
ਤਿਸ ਮਹਿਂ ਦੈਤ ਦਬਜੋ ਪਰਿ ਰਹਜੋ।
ਚਿਰੰਕਾਲ ਤੇ ਨਿੰਦ੍ਰਾ ਲਹਜੋ ॥੨੬॥
ਤਬਿ ਸੈਨਾ ਕੇ ਭਟ ਮਿਲਿ ਸਾਰੇ।
ਸਗਰੀ ਮ੍ਰਿਤਕਾ ਦੇਂ ਜਬਿ ਟਾਰੇ।
ਕਰੈਂ ਪ੍ਰਹਾਰ ਉਠਹਿ ਤਬਿ ਏਹੀ।
ਸ਼ਸਤ੍ਰ ਪ੍ਰਹਾਰਹੁ ਆਪਨਿ ਤੇਹੀ' ॥੨੭॥
ਇਮ ਸੁਨਿ ਭੂਪ ਸਿਵਰ ਕਰਿਵਾਯੋ।

---

[1]ਰਣਸਿੰਗੇ।
[2]ਡੇਰਾ।
[3]ਉਦਾਸ, ਭਾਵ ਕਾਇਰ।
[4]ਕਿਤਨੇ ਜੋਜਨ ਤਕ ਬੜੀ ਬਰੇਤੀ ਸੀ।
[5]ਉੱਚਾ ਥਾਉਂ।

ਸਭਿ ਸੈਨਾ ਕੋ ਤਹਾਂ ਪਠਾਯੋ।
ਕਸੀ[1] ਕੁਦਾਲੇ[2] ਨਾਲ ਬਿਸਾਲੇ।
ਖਨਹਿਂ ਤਹਾਂ ਮਿਲਿ ਕੈ ਭਟ ਜਾਲੇ[3] ॥੨੮॥
ਅਨਿਕ ਪ੍ਰਕਾਰ ਮਚਾਵਹਿਂ ਰੌਰਾ।
ਕੂਦਹਿਂ ਕਿਲਕਹਿਂ ਖੋਦਹਿਂ ਠੌਰਾ।
ਸਵਾਧਾਨ ਹੁਇ ਸ਼ਸਤ੍ਰ ਸੰਭਾਰਹਿਂ।
ਕਰੇ ਓਜ ਕੋ ਪੈਰ ਪ੍ਰਹਾਰਹਿਂ ॥੨੯॥
ਅਨਿਕ ਜਤਨ ਤੇ ਮ੍ਰਿਤਕਾ ਟਾਰੈਂ।
-ਪਿਖਹਿਂ ਅਸੁਰ ਕੋ ਅਬਿ ਹਮ ਮਾਰੈਂ-।
ਸਪਤ ਦਯੋਸ ਬੀਤੇ ਇਸ ਭਾਂਤੀ।
ਕਰਤਿ ਜਤਨ ਕੋ ਸ਼ੱਤ੍ਰਨਿ ਘਾਤੀ ॥੩੦॥
ਪਿਖਯੋ ਸਰੀਰ ਦੈਤ ਕਹੁ ਕਾਰਾ।
ਲੀਨਿ ਸ੍ਵਾਸ ਬਹੁ ਪੌਨ ਨਿਕਾਰਾ।
ਨਰ ਅਨੇਕ ਉਡ ਗਏ ਗਗਨ ਮੈਂ।
ਪਰੇ ਸੁ ਦੂਰ ਜਾਇ ਕਿਤ ਬਿਨ ਮੈਂ ॥੩੧॥
ਸ਼ਬਦ ਕੁਲਾਹਲ ਅਤਿਸ਼ੈ ਹੋਵਾ।
ਪਰਯੋ ਅਸੁਰ ਕੋ ਤਨ ਜਬਿ ਜੋਵਾ।
ਅੰਗ ਹਲਾਵਨਿ ਕੀਨਿ ਤਦਾਈ।
ਉਠਯੋ ਦੈਤ ਦਾਰੁਨਤਾ ਛਾਈ ॥੩੨॥
ਮ੍ਰਿਤਕਾ ਤਨ ਪਰ ਤੇ ਸੁ ਉਤਾਰੀ।
ਪੁਨਹਿ ਬਾਹਨੀ ਬਡੀ ਨਿਹਾਰੀ।
ਮਚਯੋ ਰੌਰ ਸੋ ਸੁਨਿ ਕਰਿ ਕਾਨ।
ਮਹਾਂ ਕਾਯ[4] ਹੋਯਹੁ ਸਵਧਾਨ ॥੩੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿਰਾਇ ਕਥਾ' ਪ੍ਰਸੰਗ ਬਰਨਨੰ ਨਾਮ ਤੀਨਬਿੰਸਤੀ ਅੰਸੂ ॥੨੩॥

---

[1]ਕਹੀਆਂ।
[2]ਗੰਦਾਲੇ, ਗੈਤੀ।
[3]ਸਾਰੇ।
[4]ਵੱਡੇ ਸਰੀਰ ਵਾਲਾ।

## ੨੪. [ਧੁੰਧੂ ਬੱਧ ਕਥਾ]

੨੩<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੫

ਦੋਹਰਾ: ਸੁਨਤਿ ਕੁਲਾਹਲ ਕਰਨ ਮਹਿਂ[1],
ਜਾਗਜੋ ਅਸੁਰ ਸੁਚੇਤ।
ਸੈਲ ਸਸ਼੍ਰਿੰਗ ਉਤੰਗ ਜਜੋਂ,
ਸਭਿ ਅਵਨੀ ਜਨੁ ਕੇਤ[2] ॥੧॥
ਚੌਪਈ: ਇਸ ਪ੍ਰਕਾਰ ਠਾਂਢੋ ਬਡ ਦੈਤ।
[3]ਉਤਸਾਹੀ, ਪ੍ਰਾਕ੍ਰਮਿ, ਸੁਰ ਜੈਤ[1]।
ਇਤ ਤੇ ਨ੍ਰਿਪਤਿ ਸਥਿਤਿ ਭਾ ਸਜੰਦਨ।
ਜਗ ਕੰਟਕ ਕੋ[4] ਚਹਿਤਿ ਨਿਕੰਦਨ ॥੨॥
ਸੁਤ ਗਨ ਸਹਤ ਬਾਹਨੀ ਸਾਰੀ।
ਸ਼ਸਤ੍ਰ ਅਸਤ੍ਰ ਧਾਰੇ ਤਨ ਭਾਰੀ।
ਦੈਤ ਬਧਨਿ ਕੀ ਕਾਂਖਾਵਾਨ[5]।
ਛੋਰਨਿ ਕਰੇ ਮਹਾਂ ਖਰ ਬਾਨ ॥੩॥
ਦੇਖਤਿ ਧੁੰਧੁ ਬਦਨ ਮੁਸਕਾਨਜੋ।
ਦਾਰੁਨ ਮਹਿਦੈ ਬਾਕ ਬਖਾਨਜੋ[6]।
'ਭੋ ਭੋ ਭੂਪ! ਕਵਨ ਤੂੰ ਅਹੈਂ?
ਮਮ ਪ੍ਰਾਕ੍ਰਮ ਕੋ ਤੂੰ ਨਹਿਂ ਲਹੈਂ? ॥੪॥
ਏਕ ਗ੍ਰਾਸ ਭੀ ਹੋਇੰ ਨ ਮੇਰਾ।
ਕਜਾ ਤੂੰ ਠਾਢੋ ਮੂੜ੍ਹ ਬਡੇਰਾ।
ਸੁਪਤਿ ਸ਼ੇਰ ਕਜੋਂ ਆਨਿ ਜਗਾਵਾ।
ਮੈਂ ਸਗਰੋ ਸੁਰ ਕਟਕ ਪਲਾਵਾ ॥੫॥
ਕੋ ਨਹਿਂ ਅਟਕਜੋ ਮੋਹਿ ਅਗਾਰੀ।
ਮਮ ਡਰ ਤੀਨ ਲੋਕ ਮਹਿਂ ਭਾਰੀ।
ਤੈਂ ਕੈਸੇ ਕਰਿ ਜਾਨਜੋ ਨਾਂਹੀ।

---

[1]ਕੰਨਾਂ ਵਿਚ।
[2]ਉੱਚੀ ਚੋਟੀ ਸਹਤ ਪਹਾੜ, ਜਿਵੇਂ ਸਾਰੀ ਪ੍ਰਿਥਵੀ ਦਾ ਮਾਨੋ ਝੰਡਾ ਰੂਪ ਹੁੰਦਾ ਹੈ। (ਇਸ ਤਰ੍ਹਾਂ ਦਾ ਉੱਚਾ ਉਹ ਦੈਂਤ ਸੀ।)।
(ਅ) ਪਹਾੜ ਵਰਗੇ ਦੈਂਤ ਦੇ ਸਿੰਗ ਬੀ ਅਰਥ ਲਾਉਂਦੇ ਹਨ।
(ੲ) ਸਾਰੀ ਪ੍ਰਿਥਵੀ ਵਿਚ ਮਾਨੋਂ ਝੰਡਾ ਹੈ।
[3]ਉਤਸ਼ਾਹ ਵਾਲਾ, ਬਲੀ, ਦੇਵਤਿਆਂ ਦੇ ਜਿੱਤਣ ਵਾਲਾ।
[4]ਭਾਵ ਦੈਂਤ ਨੂੰ।
[5]ਇੱਛਾਵਾਨ।
[6]ਬੜਾ ਭਿਆਨਕ ਵਾਕ ਉਚਾਰਿਓਸ।

ਆਨਿ ਪਰਯੋ ਜਮ ਕੇ ਮੁਖ ਮਾਂਹੀ' ॥੬॥
ਸੁਨਤਿ ਨ੍ਰਿਪਤ ਨਹਿਂ ਧੀਰਜ ਛੋਰਾ।
ਕਹਯੋ ਬਾਕ 'ਜੇ ਮੈਂ ਬਲ ਥੋਰਾ।
ਤਊ ਧਰਮ ਛੱਤ੍ਰੀ ਕੋ ਮੇਰਾ।
ਕਰਿਹੌਂ ਸੰਘਰ ਘੋਰ ਘਨੇਰਾ ॥੭॥
ਦੈਵ ਅਧੀਨ ਹਾਰ ਅਰੁ ਜੀਤ।'
ਅਸ ਕਹਿ ਕਰਿ ਧਰਿ ਕ੍ਰੋਧ ਸੁ ਚੀਤ।
ਸ਼ਸਤ੍ਰ ਪ੍ਰਹਾਰਨਿ ਆਇਸੁ ਦੀਨਿ।
ਛੁਟੇ ਤੀਰ ਤੀਖਨ ਤਨ ਲੀਨਿ ॥੮॥
ਨ੍ਰਿਪ ਕੇ ਸੁਤਨਿ ਅਗਾਰੀ ਘੇਰਾ।
ਮਹਾਂ ਸ਼ਸਤ੍ਰ ਛੋਰੇ ਇਕ ਬੇਰਾ।
ਬਾਨ ਅਨੇਕ ਬਡੇ ਬਰਖਾਏ।
ਪਰਘ[1], ਭਸੁੰਡੀ[2], ਤੋਮਰ[3] ਛਾਏ ॥੯॥
ਅਨਿਕ ਪ੍ਰਹਾਰ ਗਦਾ ਕੇ ਕੀਨੇ।
ਸੰਗ ਖੜਗ ਤੇ ਕਰ ਖਰ ਲੀਨੇ[4]।
ਬਾਦਿਤ ਸੰਖ ਅਨੇਕ ਬਜਾਏ।
ਮਚਯੋ ਕੁਲਾਹਲ ਰਣ ਅਧਿਕਾਏ ॥੧੦॥
ਕਰਯੋ ਧੁੰਧੁ ਨੇ ਕ੍ਰੋਧ ਬਡੇਰੇ।
ਸ਼ਸਤ੍ਰ ਲਗੇ, ਤਨ ਧਸੇ ਘਨੇਰੇ।
ਕੋ ਪਾਇਨਿ ਤੇ ਪਕਰਿ ਬਗਾਯੋ।
ਕੋ ਗਹਿ ਕੈ ਅਵਿਨੀ ਪਟਕਾਯੋ ॥੧੧॥
ਕੋ ਪਾਇਨਿ ਸੋਂ ਦਪਟ[5] ਗਿਰਾਏ।
ਕਿਤਿਕ ਧਕੇਲਤਿ ਪ੍ਰਾਨ ਨਸਾਏ।
ਕੇਤਿਕ ਕੋ ਭੱਖਨਿ ਕਰਿ ਲੀਨਸਿ।
ਕਿਸਹੂੰ ਗਹਿ ਗਹਿ ਪੀਸਨਿ ਕੀਨਸਿ[6] ॥੧੨॥

---

[1]ਲੋਹੇ ਦੀ ਗਦਾ। ਲੋਹੇ ਮੜਿਆ ਡੰਡਾ। ਗੰਡਾਸਾ।
[2]ਮਹਾਂਭਾਰਤ ਦੇ ਜੁੱਧ ਸਮੇਂ ਦਾ ਇਕ ਅਸਤ੍ਰ ਇਕ ਪ੍ਰਕਾਰ ਦਾ ਗੌਫੀਆ ਜਿਸ ਵਿੱਚ ਪੱਥਰ ਭਰ ਕੇ ਵੈਰੀ ਤੇ ਸੁੱਟਦੇ ਸਨ। ਇਹ ਚਮੜੇ ਦਾ ਹੁੰਦਾ ਸੀ ਤੇ ਤਿੰਨ ਹੱਥ ਲੰਮਾ ਹੁੰਦਾ ਸੀ।
[3]ਭਾਲੇ ਵਰਗਾ ਇੱਕ ਹਥਿਆਰ। ਨੇਜ਼ਾ।
[4]ਨਾਲ ਹੀ ਹੱਥ ਵਿਚ ਤਿੱਖੀਆਂ ਤਲਵਾਰਾਂ ਲੈ ਕੇ (ਵਾਰ ਕੀਤੇ)। (ਅ) ਨਾਲ ਹੀ ਤਲਵਾਰਾਂ ਹੱਥ ਵਿਚ ਤੇ ਤਿੱਖੇ (ਤੀਰ ਲੀਤੇ)।
[5]ਦਰੜਕੇ।
[6]ਪੀਹ ਦਿੱਤਾ।

ਕੇਤਿਕ ਕੋ ਪਕਰਜੋ ਪਗ ਚੀਰਜੋ।
ਕਰਦਮ ਆਮਿਖ ਰੁਧਿਰ ਬਿਥੀਰਜੋ।
ਗਗਨ ਗਰਦ ਸੋਂ ਛਾਦਜੋ ਸਾਰਾ।
ਪਕਰਿ ਪਕਰਿ ਭਟ ਚੀਰਤਿ ਡਾਰਾ[1] ॥੧੩॥
ਇਮ ਪਰਬਿਰਤਜੋ ਜੰਗ ਬਿਲੰਦਾ।
'ਮਾਰ ਮਾਰ' ਬੋਲਹਿਂ ਭਟ ਬ੍ਰਿੰਦਾ।
ਕੁੰਭਕਰਨ ਜਿਮ ਦੂਸਰ ਭਯੋ।
ਖਰੋ ਦੈਤ ਰਿਸ ਜਿਸ ਕੇ ਛਯੋ ॥੧੪॥
ਇਮ ਪ੍ਰਾਕ੍ਰਮ ਜਬਿ ਕੀਨਿ ਮਹਾਨਾ।
ਰਾਜਪੁੱਤ੍ਰ ਗਹਿ ਆਯੁਧ ਨਾਨਾ।
ਜਿਮ ਗਿਰ ਪਰ ਕੇ ਬਿਹੰਗ ਸਿਧਾਰੈਂ।
ਪਹੁੰਚਹਿਂ ਨਿਕਟਿ ਸ਼ਸਤ੍ਰ ਗਨ ਮਾਰੈਂ ॥੧੫॥
ਮਚਜੋ ਰੌਰ ਕਛੁ ਸੁਨਜੋ ਨ ਕਾਨਾ।
ਛਾਯੋ ਗਗਨ ਮਹਾਂ ਗਨ ਬਾਨਾ[2]।
ਦੈਤ ਸਰੀਰ ਬਿਖੈ ਪਰਵੇਸ਼ੇ।
ਜਥਾ ਸਰਪ ਗਿਰ ਬਰਹਿਂ[3] ਬਿਸ਼ੇਸ਼ੇ ॥੧੬॥
ਚਮਕਹਿਂ ਚੰਦ੍ਰਹਾਸ[4] ਲਗਿ ਅੰਗਹਿਂ।
ਜਨੁ ਤੜਿਤਾ ਪੜਤੀ ਗਿਰ ਸ਼੍ਰਿੰਗਹਿ[5]।
ਪਰਘ[6] ਸ਼ਕਤਿ[7] ਤੋਮਰ ਬਡ ਭਾਲੇ।
ਹਤਹਿਂ ਬਾਰ ਇਕ ਦੈਤ ਕਰਾਲੇ ॥੧੭॥
ਧੁੰਧੁ ਕ੍ਰੋਧ ਕੈ ਅਧਿਕ ਉਮਾਹਾ।
ਸੁਭਟਨਿ ਮਾਰਤਿ ਬਹੁ ਰਣ ਮਾਂਹਾ।
ਥਿਰ ਨ ਅਗਾਰੀ ਹੋਵਨਿ ਦੇਤਿ।
ਜਿਤ ਕਿਤ ਹਤਿ ਹਤਿ ਭਟ ਰਣਖੇਤ ॥੧੮॥
ਮਾਰਿ ਮਾਰਿ ਕਰਿ ਢੇਰ ਲਗਾਯੋ।
ਮਹਾਂ ਤ੍ਰਾਸ ਰਣ ਮਹਿਂ ਉਪਜਾਯੋ।

---

[1]ਚੀਰ ਸਿੱਟੇ।
[2]ਬਹੁਤੇ ਬਾਨਾਂ ਨਾਲ।
[3]ਪਹਾੜ ਵਿਚ ਵੜ ਜਾਣ।
[4]ਤਲਵਾਰਾਂ।
[5]ਮਾਨੋਂ ਬਿਜਲੀ ਪੈਂਦੀਆਂ ਹਨ ਪਹਾੜ ਦੀ ਚੋਟੀ ਤੇ।
[6]ਗੰਡਾਸੇ।
[7]ਬਰਛੀ।

ਰੁਧਤਿ ਲਿਪਤਿ[1] ਤਨ ਨਿਕਸਹਿ ਧਾਰਾ।
ਜਨੁ ਗਿਰ ਗੇਰੂ ਕੇਰ ਪ੍ਰਨਾਰਾ[2] ॥੧੯॥
ਗਰਜਤਿ ਗਰੂਓ ਮੇਘ ਸਮਾਨਾ।
ਸੰਘਾਰਤਿ ਸੁਭਟਨਿ ਗਹਿ ਪਾਨਾ।
ਘਾਇਲ ਪਰੇ ਕਿਤਿਕ ਤਰਫਾਵੈਂ।
ਕਿਤੇ ਗਗਨ ਮਹਿਂ ਉਡੇ ਭ੍ਰਮਾਵੈਂ ॥੨੦॥
ਪੈਰਨਿ ਸੋਂ ਦਲਮਲ ਬਹੁ ਗੇਰੇ।
ਪ੍ਰਾਕ੍ਰਮ ਕਟਤਿ ਹਤਹਿ ਪਿਖਿ ਨੇਰੇ।
ਹਾਥਨਿ ਸੋਂ ਹਾਥੀ ਗਹਿ ਮਾਰਹਿ।
ਸਜੰਦਨ ਕੋ ਸਜੰਦਨ ਪਰ ਡਾਰਹਿ[3] ॥੨੧॥
ਗਹੈ ਤੁਰੰਗ ਉਤੰਗ ਬਗਾਵੈ।
ਨਹਿਂ ਆਗੇ ਕੋ ਠਹਰਨਿ ਪਾਵੈ।
ਬਹੁਤ ਗਏ ਮਰਿ ਕੇਤਿਕ ਰਹੇ।
ਮਹਾਂਬੀਰ ਨੇ ਸੋ ਭੀ ਦਹੇ ॥੨੨॥
ਨ੍ਰਿਪ ਕੇ ਪੁੱਤ੍ਰ ਇਕੀਸ ਹਜ਼ਾਰ।
ਕ੍ਰੋਧ ਧੁੰਧ ਨੇ ਦਏ ਸੰਘਾਰ।
ਸਾਠ ਸਹੰਸ੍ਰ ਸਗਰ[4] ਕੇ ਸੁਤ ਜਿਮ।
ਕਪਲ ਮਹਾਂ ਮੁਨਿ ਦਹੇ, ਹਰੇ ਤਿਮ[5] ॥੨੩॥
ਨ੍ਰਿਪ ਸੁਤ ਤੀਨ ਸ਼ੇਸ਼ ਰਹਿ ਜਬੈ।
ਆਪ ਕ੍ਰੋਧ ਕੋ ਧਰਿ ਕਰਿ ਤਬੈ।
ਰਣ ਕੇ ਸਨਮੁਖ ਭਾ ਸਵਧਾਨਾ।
ਗਹਜੋ ਹਾਥ ਮਹਿਂ ਚਾਂਪ ਮਹਾਨਾ ॥੨੪॥
ਕੰਚਨ ਕਵਚ[6] ਸਜਾਇ ਸਰੀਰ।
ਗਯੋ ਦੈਤ ਕੇ ਅੱਗ੍ਰ ਸਧੀਰ।
ਕਮਲਾਪਤਿ ਤਿਹ ਛਿਨ ਚਲਿ ਆਏ।
ਨਹਿਂ ਆਪਾ ਕਿਸਹੂੰ ਦਰਸਾਏ ॥੨੫॥

---

[1]ਲਹੂ ਨਾਲ ਲਿਬੜੇ।
[2]ਗੇਰੀ ਦੇ ਪਹਾੜ ਦਾ ਮਾਨੋ ਪ੍ਰਨਾਲਾ ਹੈ।
[3]ਰਥ ਤੇ ਰਥ ਸੁੱਟ ਦੇਂਦਾ ਹੈ।
[4]ਇਕ ਰਾਜੇ ਦਾ ਨਾਮ ਹੈ।
[5]ਕਪਲ ਮਹਾਂ ਮੁਨੀ ਨੇ (ਜਿਵੇਂ) ਮਾਰੇ ਹਨ ਤਿਵੇਂ ਹੀ ਮਾਰ ਦਿੱਤੇ।
[6]ਸੰਜੋਆ।
*ਪਾ:-ਪਗ।

ਭਏ ਪ੍ਰਵੇਸ਼ ਭੂਪ ਕੇ ਤਨ ਮੈਂ।
ਜਿਸ ਤੇ ਬਡ ਉਤਸਾਹਜੋ ਮਨ ਮੈਂ।
ਅਤਿ ਪ੍ਰਾਕ੍ਰਮ ਅਧਿਪਤਿ[1] ਕੇ ਹੋਵਾ।
ਦੈਤ ਓਜ ਕੋ ਈਖਦ ਜੋਵਾ[2] ॥੨੬॥
ਤਜੇ ਬਾਣ ਅਨਗਨ ਰਿਪੁ ਹੇਤਾ।
ਬੀਧਯੋ ਦੈਤ ਰੁਧਿਰ ਬਹੁ ਗੇਤਾ[3]।
ਕ੍ਰੋਧਿ ਧੁੰਧੁ ਨੇ ਸੈਲ ਉਖਾਰਾ।
ਹਿਤ ਸੰਘਾਰਨਿ ਨ੍ਰਿਪ ਪਰ ਡਾਰਾ ॥੨੭॥
ਆਵਤਿ ਗਿਰ ਪਿਖਿ ਓਜ ਸੰਭਾਰਾ[4]।
ਸਰ ਅਧ ਚੰਦ੍ਰਾਕਾਰ[5] ਨਿਕਾਰਾ।
ਤਾਨ ਧਨੁਖ ਤੇ ਸਮੁਖ ਪ੍ਰਹਾਰਾ।
ਅਰਧ ਪੰਥ ਮਹਿਂ ਗਿਰ ਕਟਿ ਡਾਰਾ ॥੨੮॥
ਅਨਿਕ ਤਰੋਵਰ ਧੁੰਧੁ ਬਗਾਵੈ।
ਸਭਿ ਕੋ ਕਾਟਤਿ ਨ੍ਰਿਪਤਿ ਗਿਰਾਵੈ।
ਦੁੰਧ ਜੁੱਧ ਹੋਵਨਿ ਜਬਿ ਲਾਗਾ।
ਤਜਹਿਂ ਨਹੀਂ ਦੋਨਹੁਂ ਤਬਿ ਆਗਾ ॥੨੯॥
ਲੈ ਇਕ ਸਿਲਾ ਭੂਪ ਪਰ ਆਵਾ।
ਢਿਗ ਹੁਇ ਮਾਰਨਿ ਹਿਤ ਲਲਚਾਵਾ।
ਕਰਿ ਲਾਘਵਤਾ[6] ਨ੍ਰਿਪ ਨੇ ਡਾਟਾ।
ਚੰਦ੍ਰਹਾਸ ਤੇ[7] ਤਿਹ ਕਰ ਕਾਟਾ ॥੩੦॥
ਸਹਤ ਸਿਲਾ ਕਰ ਧਰਨੀ ਪਰਯੋ।
ਧੁੰਧੂ ਅਧਿਕ ਕ੍ਰੋਧ ਮੈਂ ਭਰਯੋ।
ਦੁਤਿਯ ਹਾਥ ਕੇ ਤਲ ਕੋ ਮਾਰਾ[8]।
ਹਯਨਿ ਸਹਤ ਸਾਰਥਿ[9] ਸੰਘਾਰਾ ॥੩੧॥
ਪੁਨ ਤੂਰਨ ਹੀ ਸੈਲ ਬਗਾਵਾ।

---

[1]ਰਾਜੇ ਦਾ।
[2]ਥੋੜਾ ਜਿਹਾ ਡਿੱਠਾ।
[3]ਡਿੱਗਾ।
[4](ਰਾਜੇ ਨੇ) ਬਲ ਸੰਭਾਲਿਆ।
[5]ਅੱਧੇ ਚੰਦਰਮਾਂ ਦੀ ਸ਼ਕਲ ਦਾ ਤੀਰ।
[6]ਫੁਰਤੀ ਕਰਕੇ।
[7]ਤਲਵਾਰ ਨਾਲ।
[8]ਹੱਥ ਦੀ ਤਲੀ ਮਾਰੀ (ਦੈਂਤ ਨੇ)।
[9]ਰਥਵਾਹੀ।

ਆਵਤਿ ਨਿਕਟਿ ਨ੍ਰਿਪਤ ਦ੍ਰਿਸ਼ਟਾਵਾ।
ਮਾਰ ਕੁਲਾਂਚ[1*] ਤਜੀ ਤਬਿ ਸ੍ਯੰਦਨ।
ਖਰਯੋ ਧਰਾ ਤਲ ਸ਼ੱਤ੍ਰੁ ਨਿਕੰਦਨ ॥੩੨॥
ਪਰਯੋ ਸੈਲ ਰਥ ਚੂਰਨ ਕੀਨਸਿ।
ਧਾਇ ਭੂਪ ਲਲਕਾਰੋ ਦੀਨਸਿ।
ਪੁਨਹਿ ਖੜਗ ਕਰਿ ਜ਼ੋਰ ਚਲਾਵਾ।
ਦੂਸਰ ਕਰ ਕੋ ਕਾਟਿ ਗਿਰਾਵਾ ॥੩੩॥
ਹ੍ਵੈ ਧੁੰਧੂ ਦ੍ਵੈ ਹਾਥ ਬਿਹੀਨ।
ਸ੍ਰਵਨਿ ਰੁਧਰ ਦਾਰੁਣਤਾ ਲੀਨ[2]।
ਨ੍ਰਿਪ ਪਰ ਮੁਖ ਪਸਾਰ ਕਰਿ ਆਯੋ।
ਬੱਜ੍ਰ ਪਾਤ[+] ਕੇ ਸਮ[3] ਗਰਜਾਯੋ ॥੩੪॥
ਅਧਿਪਤਿ ਧਨੁਸ਼ ਧਾਰਿ ਕੈ ਤੂਰਨ।
ਸਰਨਿ ਸਾਥ ਮੁਖ ਕੀਨਸਿ ਪੂਰਨ[4]।
ਆਯਹੁ ਜਬਿ ਹੂੰ ਨਿਕਟਿ ਕਰਾਲਾ।
ਦਿਢ ਨਰਿੰਦ ਹ੍ਵੈ ਕਰਿ ਤਤਕਾਲਾ ॥੩੫॥
ਖੜਗ ਸੰਗ ਤਿਸ ਕੋ ਸਿਰ ਛੇਦਾ।
ਗਿਰਯੋ ਮਹੀਤਲ ਮਹਿਦ ਸ ਖੇਦਾ[5]।
ਕਿਤਿਕ ਦਬੇ ਤਿਸ ਤਨ ਕੇ ਤਰੇ।
ਲਗੇ ਧਕੇਲਾ ਕੇਤਿਕ ਮਰੇ ॥੩੬॥
ਇਸ ਪ੍ਰਕਾਰ ਜਬਿ ਧੁੰਧੂ ਮਾਰਾ।
ਨਿਰਮਲ ਰਜ ਤੇ ਭਾ ਨਭ ਸਾਰਾ।
ਇੱਤਯਾਦਿਕ ਉਤਪਾਤ ਜੁ ਅਹੈ।
ਸਰਬ ਨਾਸ਼ ਭੇ ਜਗ ਸੁਖ ਲਹੈ ॥੩੭॥
ਸੁਰ ਸਭਿ ਭੂਪਤ ਕੇ ਢਿਗ ਆਏ।
ਮਧੁਰ ਗਿਰਾ ਕਹਿ ਆਸ਼ਿਖ[6] ਗਾਏ।

---

[1]ਛਾਲ।
[*]ਪਾ:-ਕਿ ਛਾਲ।
[2]ਭਾਵ ਬੜਾ ਡਰਾਉਣਾ ਜਿਹਾ ਹੋ ਗਿਆ।
[+]ਪਾ:-ਸਾਰ।
[3]ਬੱਜ੍ਰ ਦੇ ਪੈਣ ਵਾਂਙ।
[4]ਤੀਰਾਂ ਨਾਲ ਮੂੰਹ ਭਰ ਦਿੱਤਾ।
[5]ਦੁਖ ਸਹਿਤ।
[6]ਆਸ਼ੀਰਵਾਦ।

'ਮਹਾਂ ਦੁਸ਼ਟ ਕੰਟਕ[1] ਤੈਂ ਮਾਰਾ।
ਸਕਲ ਜਗਤ ਕੋ ਕੀਨਿ ਸੁਖਾਰਾ ॥੩੮॥
ਅਬਿ ਤੇ ਤੇਰੋ ਨਾਮ ਮਹਾਨਾ।
-ਧੁੰਧੁਮਾਰ- ਪ੍ਰਗਟਹਿ ਬਲਵਾਨਾ।
ਅਧਿਕ ਸੁਜਸੁ ਲੋਕਨਿ ਮਹਿਂ ਲਏ।
ਰਣ ਤੇ ਬਚਿ ਸੁਤ ਤ੍ਰੈ ਤਵ ਰਹੇ ॥੩੯॥
ਤਿਨ ਤੇ ਚਲਿ ਹੈ ਬੰਸ ਅਗਾਰੀ।
ਜਿਸ ਮਹਿਂ ਰਾਮਚੰਦ ਭੁਜ ਭਾਰੀ।
ਕਮਲਾਪਤਿ ਹੋਵੈ ਅਵਤਾਰਾ।
ਪ੍ਰਵਿਸ਼ੋ ਤਵ ਤਨ ਮਹਿਂ ਜੁ ਉਦਾਰਾ ॥੪੦॥
ਜਿਸ ਕੇ ਪ੍ਰਾਕ੍ਰਮ ਕੋ ਅਬਿ ਪਾਇ।
ਮਾਰਯੋ ਦੈਤ ਹੁਤੋ ਬਡ ਕਾਇ[2]।'
ਇਮ ਕਹਿ ਦੇਵ ਸਰਬ ਹੀ ਗਵਨੇ।
ਭੂਪਤਿ ਗਯੋ ਆਪਨੇ ਭਵਨੇ ॥੪੧॥
ਤਬਿ ਤੇ 'ਧੁੰਧੁਮਾਰ' ਇਹ ਨਾਮ।
ਜਗ ਮਹਿਂ ਬਿਦਤ ਭਯੋ ਅਭਿਰਾਮ[*]।
ਰਾਮਾਇਨ ਆਦਿਕ ਇਤਿਹਾਸ।
ਲਿਖਯੋ ਨਾਮ ਤਿਹ ਕਵਿਨਿ[3] ਪ੍ਰਕਾਸ਼ ॥੪੨॥
ਇਹ ਸਭਿ ਕਥਾ ਗੁਰੂ ਹਰਿਰਾਇ।
ਸਭਿ ਸੰਗਤਿ ਕੋ ਦਈ ਸੁਨਾਇ।
ਅਪਰਨਿ[4] ਮਹਿਂ ਪ੍ਰਵੇਸ਼ ਹੁਇ ਮਾਰਾ।
ਭਗਤ ਉਤੰਕਹਿ[5] ਕਾਜ ਸੁਧਾਰਾ[+] ॥੪੩॥

---

[1]ਦੁਖਦਾਈ।
[2]ਵੱਡੇ ਸਰੀਰ ਵਾਲਾ।
[*]ਪਾ:-ਜਸੁ ਧਾਮ।
[3]ਕਵੀਆਂ ਨੇ।
[4]ਹੋਰ ਭਾਵੇ ਰਾਜੇ ਦੇ ਸਰੀਰ ਵਿਚ।
[5]ਰਿਖੀ ਦਾ ਨਾਮ ਹੈ।
[+]ਕਵਿ ਜੀ ਦਾ ਆਸ਼ਯ ਇਸ ਕਥਾ ਤੋਂ ਪ੍ਰਮੇਸ਼ੁਰ ਦੇ ਭਗਤਾਂ ਨੂੰ ਸਹਾਇਤਾ ਦੇਣ ਦੇ ਅਸੂਲ ਨੂੰ ਪ੍ਰਗਟ ਕਰਨ ਤੋਂ ਹੈ, ਪਰ ਕਥਾ ਪੌਰਾਣਕ ਹੈ, ਜੋ ਗਾਲਬਨ ਉਸ ਜ਼ਮਾਨੇ ਦੇ ਹੋਏ ਸਾਕਿਆਂ ਦੇ ਅਤਯੋਕਤੀ ਵਰਣਨਾਂ ਵਿਚੋਂ ਇਕ ਹੈ ਜਦੋਂ ਕਿ ਪੰਜਾਬ ਤੇ ਹਿੰਦ ਦੇ ਅਸਲੀ ਵਸਨੀਕਾਂ ਨਾਲ, ਜਿਨ੍ਹਾਂ ਨੂੰ ਓਹ ਰਾਖਸ਼ ਤੇ ਦਸਯੂ ਸੱਦਿਆ ਕਰਦੇ ਸਨ, ਆਰਯ ਕੁੱਲ ਦੇ ਹਮਲਆਵਰਾਂ ਦੇ ਜੁੱਧ ਜੰਗ ਤੇ ਘੋਲ ਹੋਏ। ਸਤਿਗੁਰਾਂ ਨੂੰ ਐਸੀਆਂ ਕਥਾ ਸੁਨਾਉਣ ਦੀ ਲੋੜ ਕਾਹਨੂੰ ਪੈਣੀ ਸੀ ਜਦ ਕਿ ਆਪ ਉਹ ਸਹਾਇਕ ਹੋ ਹੋਕੇ ਪ੍ਰਤੱਖ ਭਗਤ ਵੱਛਲਤਾ ਵਰਤਕੇ ਦਿਖਾ ਰਹੇ ਸਨ। ਕਥਾ ਕਵਿ ਲਿਖਿਤ ਸਮਝਣੀ ਚਾਹੀਏ।

ਇੱਤਜਾਦਿਕ ਲਖਿ ਪ੍ਰਭੁ ਵਡਿਆਈ।
ਜਪਹੁ ਨਾਮ ਹੁਇ ਅੰਤ ਸਹਾਈ।
ਜਨਮ ਮਰਨ ਤੇ ਛੂਟਹੁ ਫੇਰ।
ਅਵਚਲ ਪਦਵੀ ਲੇਹੁ ਬਡੇਰ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਰਾਇ ਕਥਾ' ਪ੍ਰਸੰਗ ਬਰਨਨੰ ਨਾਮ ਚਤਰਬਿੰਸਤੀ ਅੰਸੂ ॥੨੪॥

## ੨੫. [ਗਾਲਵ ਦੇ ਛੇ ਸੌ ਘੋੜਾ ਪ੍ਰਾਪਤ ਕਰਨ ਦੀ ਕਥਾ]

੨੪<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੬

ਚੌਪਈ: ਅਬਹਿ ਕਥਾ ਸਤਿਸੰਗ ਕੀ, ਅਰੁ ਗੁਰ ਮਾਨਨਿ ਕੇਰ।
ਸੁਨਹੁ ਪ੍ਰੇਮ ਕਰਿ ਉਰ ਧਰਹੁ, ਲਿਹੁ ਕੱਲਜਾਨ ਬਡੇਰ[++] ॥੧॥
ਚੌਪਈ: ਬਿਸ੍ਵਾਮਿੱਤ੍ਰ ਮਹਾਂ ਮੁਨਿ ਰਾਯਾ।
ਕਰਿ ਤਪ ਜਿਸ ਨੇ ਬ੍ਰਹਮ ਪਦ ਪਾਯਾ।
ਤਿਸ ਕੋ ਸਿਖ ਗਾਲਵ ਰਿਖਿ[1] ਭਯੋ।
ਸਭਿ ਬਿਧਿ ਕੋ ਉਪਦੇਸ਼ ਸੁ ਲਯੋ ॥੨॥
ਗੁਰ ਸੰਗ ਕਹਜੋ 'ਦੱਛਣਾ ਲੀਜੈ।
ਚਹਹ ਜੁ ਆਗਜਾ ਮੋ ਕਹੁ ਦੀਜਹਿ।'
ਬਿੱਸ੍ਵਾਮਿੱਤ੍ਰ ਬਖਾਨਜੋ ਬੈਨ।
'ਦੱਛਨਾ ਲੈਨ ਚਾਹਿ ਮੁਝ ਹੈ ਨ ॥੩॥
ਕਹਜੋ ਦੈਨ ਕੋ ਤੈਂ ਕਰਿ ਭਾਇ।
ਯਾਂ ਤੇ ਹਮ ਨੇ ਲੀਨਸਿ ਪਾਇ।'
ਗਾਲਵ ਨੇ ਪੁਨ ਬਾਕ ਬਖਾਨਾ।
'ਬਿੱਦਜਾ ਨਿਫਲਹਿ ਬਿਨ ਦਿਯ ਦਾਨਾ ॥੪॥
ਯਾਂ ਤੇ ਉਚਿਤ ਉਚਾਰਨ ਅਹੋ[2]।
ਅਰਪੌਂ ਦਛਨਾ ਜਜੋਂ ਤੁਮ ਲਹੋ।
ਬਿਨਾ ਦਿਯੇ ਮੁਹਿ ਸ਼ਾਂਤਿ ਨ ਆਵੈ।
ਦਿਹੁ ਆਇਸੁ ਜੈਸੇ ਚਿਤ ਭਾਵੈ' ॥੫॥
ਬਿਸ੍ਵਾਮਿੱਤ੍ਰ ਹਟਾਵਨਿ ਕੀਨਸਿ।
ਬਾਰ ਬਾਰ ਬਰਜਜੋ ਹਿਤ ਭੀਨਸਿ।
ਗਾਲਵ ਨਹਿਂ ਮਾਨੀ ਸੋ ਬਾਤ।
'ਲਿਹੁ ਲਿਹੁ ਦਛਨਾ' ਕਹਿ ਬੱਖਜਾਤ ॥੬॥
ਸੁਨਿ ਕੌਸਕ ਨੇ[3] ਕ੍ਰੋਧ ਬਧਾਵਾ।
ਤਿਹ ਅਸ਼ਕਤਿ ਲਖਿ ਬਾਕ ਅਲਾਵਾ।
'ਸ਼ਜਾਮ ਕਰਨ ਤਨ ਸਸੀ ਸਮਾਨਾ[4]।

---

[++]ਕਈ ਪੁਰਾਤਨ ਲਿਖਤੀ ਨੁਸਖਿਆਂ ਵਿੱਚ ਇੱਥੇ ਇਕ ਹੋਰ ਦੋਹਰਾ ਵੀ ਮਿਲਦਾ ਹੈ ਜਿਸਦਾ ਪਾਠ ਇਹ ਹੈ:-
ਸੁਨਿ ਸਿਖ ਗੁਰੁ ਕੀ ਦੱਛਨਾ ਦੈਬੇ ਹਿਤ ਮੁਨਿ ਏਕ। ਮਹਾਂ ਜਤਨ ਕੋ ਕਰਤਿ ਭਾ ਸੰਕਟ ਸਹੇ ਅਨੇਕ ॥੨॥
[1]ਇਹ ਰਾਜਰਿਖੀ ਸੀ, ਪਰ ਅੰਤ ਵਿਸ਼੍ਵਾਮਿਤ੍ਰ ਨੇ ਇਸ ਨੂੰ ਬ੍ਰਹਮਰਿਸ਼ੀ ਦੇ ਦਰਜੇ ਦਾ ਰਿਸ਼ੀ ਪ੍ਰਵਾਣ ਕੀਤਾ।
[2]ਕਹਿਣੇ ਯੋਗ ਹੈ (ਦਾਨ ਦੀ ਆਗਿਆ)।
[3]ਵਿਸ਼੍ਵਾਮਿੱਤ੍ਰ ਨੇ।
[4]ਕਾਲੇ ਕੰਨਾਂ ਤੇ ਚੰਦ੍ਰਮਾ ਵਰਗੇ ਸ੍ਰੀਰ ਵਾਲੇ।

ਉੱਜਲ ਬਰਨ, ਮਹਿਦ ਬਲਵਾਨਾ ॥੭॥
ਰੁਚਿਰ ਅਸ਼ਟ ਸਤ[1] ਬਾਜੀ ਐਸੇ।
ਦੇਹੁ ਲਜਾਇ ਕਰਿ, ਬੋਲਤਿ ਜੈਸੇ।'
ਇਵ ਸੁਨਿ ਕੈ ਗਾਲਵ ਦੁਚਿਤਾਈ[2]।
ਬਿਨ ਉਪਾਇ ਤੇ ਅਧਿਕ ਉਪਾਈ[3] ॥੮॥
ਬਾਰਿ ਬਾਰਿ ਸੋਚਤਿ ਅਕੁਲਾਵਾ।
-ਕਿਤ ਤੇ ਲਜਾਵਹੁਂ, ਗੁਰੂ ਅਲਾਵਾ।
ਬਿਨ ਦੀਨੇ ਮੁਝ ਮਰਿਬੋ ਨੀਕਾ।
ਕੈਸੇ ਪੁਰੌਂ ਮਨੋਰਥਿ ਜੀ ਕਾ ॥੯॥
ਕਿਸ ਥਲ ਮੈਂ ਅਬਿ ਖੋਜਨਿ ਜਾਵੌਂ।
ਅਸ ਤੁਰੰਗ ਕੀ ਸੁਧ ਨਹਿਂ ਪਾਵੌਂ-।
ਭਯੋ ਬਿਹਾਲ ਬਿਸਾਲ ਮੁਨੀ ਜਬਿ।
ਬਿਨਤਾਸੁਤ ਨੇ[4] ਜਾਨਿ ਰਿਦੇ ਤਬਿ ॥੧੦॥
ਹੁਤੋ ਮਿੱਤ੍ਰ ਮੁਨਿ ਕੋ, ਤਬਿ ਆਯੋ।
ਬਿਹਬਲ ਕੋ ਲਖਿ ਬਾਕ ਅਲਾਯੋ।
'ਭੋ ਗਾਲਵ! ਕਜੋਂ ਬਜਾਕੁਲ ਹੋਵਾ।
ਕੌਨ ਮਨੋਰਥ ਸਿੱਧ ਨ ਜੋਵਾ? ॥੧੧॥
ਤੋਹਿ ਸਖਾ ਮੈਂ ਆਵਾ ਪਾਸ।
ਨਿਜ ਕਾਰਜ ਕੋ ਕਰਹੁ ਪ੍ਰਕਾਸ਼।
ਜਿਤੀ ਸਮਰਥ ਮੋਹਿ ਮੈਂ ਹੋਹਿ।
ਪੂਰਨ ਕਰਵਿ ਮਨੋਰਥ ਤੋਹਿ ॥੧੨॥
ਇਹ ਪੂਰਬ ਦਿਸ਼ਿ ਮਹਾਂ ਪ੍ਰਕਾਸ਼ਤਿ।
ਉਤਮ ਬ੍ਰਿੰਦ ਦੇਵਤਾ ਬਾਸਤਿ।
ਇਤ ਹੀ ਪ੍ਰਿਥਵੀ ਕੋ ਮੁਖ ਅਹੈ[5]।
ਪੂਰਬੋਦੈ ਰਵਿ, ਪੂਰਬ ਕਹੈਂ[6] ॥੧੩॥
ਇਤ ਦੱਛਣ ਜਮ ਕੋ ਇਸਥਾਨ।

---

[1]ਅੱਠ ਸੌ।
[2]ਚਿੰਤਾ।
[3]ਉਪਾਵ ਨਾ ਸੁੱਝਣ ਕਰਕੇ (ਦੁਚਿਤਾਈ) ਬਹੁਤ ਉਪਜੀ।
[4]ਗਰੁੜ ਨੇ।
[5]ਇਧਰ ਹੀ ਪ੍ਰਿਥਵੀ ਦਾ ਮੂੰਹ ਹੈ।
(ਅ) ਇਸੇ ਕਰਕੇ ਪੂਰਬ ਦਿਸ਼ਾ (ਵੱਲ) ਧਰਤੀ ਦਾ ਮੁੱਖ ਹੈ।
[6]ਪਹਿਲੇ ਸੂਰਜ (ਇੱਧਰੋਂ) ਉਦੇ ਹੁੰਦਾ ਹੈ (ਇਸ ਕਰਕੇ ਇਸ ਦਿਸ਼ਾ ਨੂੰ) ਪੂਰਬ ਦਿਸ਼ਾ ਕਹਿੰਦੇ ਹਨ।

ਦ੍ਵਾਰ ਪਤਾਲਨਿ ਕੋ ਮਗ ਜਾਨਿ[1]।
ਅਨਿਕ ਗਨਨਿ ਤੇ ਸੰਜੁਤਿ[2] ਏਹ।
ਬਹੁਤ ਭਾਂਤਿ ਕੀ ਸ਼ੋਭਾ ਲੇਹਿ ॥੧੪॥
ਪੱਛਮ ਦਿਸ਼ਾ ਬਰੁਣ ਤੇ ਪਾਲਤਿ[3]।
ਜਹਿਂ ਰਵਿ ਅਸਤਹਿ ਗਮਹਿਂ ਉਤਾਲਤਿ[4]।
ਇਤ ਉੱਤਰ ਦਿਸ਼ਿ ਬਹੁ ਗੁਨਵੰਤੀ।
ਜਿਤ ਕੁਬੇਰ ਕੀ ਪੁਰੀ ਬਸੰਤੀ ॥੧੫॥
ਜਿਤ ਚਾਹਿਤ ਤਿਤ ਕਰਹੁ ਪਯਾਨਾ।
ਪਹੁੰਚਾਵੌਂ ਚਾਹਹੁ ਜਿਤ ਜਾਨਾ।'
ਸੁਨਿ ਗਾਲਵ ਨੇ ਕਾਰਜ ਕਹਯੋ।
'ਗੁਰ ਨੇ ਅਸੁ ਸਮੂਹ[5] ਕੋ ਚਹਯੋ ॥੧੬॥
ਸ਼ਯਾਮ ਕਰਨ ਤਨ ਚੰਦ੍ਰ ਪ੍ਰਭਾਕਰ[6]।
ਅਸ ਤੁਰੰਗ ਕਹੁ ਹੈਂ ਕਿਸ ਕੇ ਘਰ?
ਹੋਹਿਂ ਆਠ ਸੈ ਗਿਨਤੀ ਮਾਂਹਿ।
ਕਿਤ ਤੇ ਮੈਂ ਲਯਾਵੌਂ ਮਗ ਜਾਹਿ ॥੧੭॥
ਜੇ ਗੁਰ ਦਛਨਾ ਦਈ ਨ ਜਾਇ।
ਤੌਂ ਮੈਂ ਪ੍ਰਾਨ, ਧਰੌਂ ਨਹਿਂ ਕਾਇ।
ਮਰਨ ਨੀਕ, ਜੀਵਨ ਧਿਕ ਮੇਰਾ।
ਆਨ ਪਰਯੋ ਅਸ ਕਸ਼ਟ ਬਡੇਰਾ' ॥੧੮॥
ਬਿਨਤਾ ਸੁਤ ਨੇ ਧੀਰਜ ਦੀਨਿ।
ਨਿਜ ਪਰ ਮੁਨਿ ਉਠਾਇ ਕਰਿ ਲੀਨਿ।
ਉਡ ਕਰਿ ਬਿਚਰਯੋ ਬਹੁਤ ਸਥਾਨ।
ਚਹਿਤਿ ਮਿੱਤ੍ਰ ਕੋ ਸੰਕਟ ਹਾਨਿ ॥੧੯॥
ਫਿਰਤਿ ਫਿਰਤ ਜਹਿਂ ਭੂਪ ਜੁਜਾਤੀ[7]।
ਤਹਾਂ ਪਹੂੰਚਯੋ ਪਤਿਖਗ ਜਾਤੀ[8]।

---

[1]ਪਤਾਲਾਂ ਦੇ ਦਰਵੱਜੇ ਦਾ ਰਾਹ।
[2]ਸਹਿਤ।
[3]ਵਰਣ ਤੋਂ ਪਾਲੀ ਜਾਂਦੀ ਹੈ, ਭਾਵ ਵਰੁਣ ਰਹਿੰਦਾ ਹੈ।
[4]ਡੁੱਬਦਾ ਹੈ ਛੇਤੀ ਜਾ ਕੇ।
[5]ਘੋੜਿਆਂ ਦਾ ਝੁੰਡ।
[6]ਚੰਦ੍ਰਮਾਂ ਦੀ ਸ਼ੋਭਾ ਵਾਲੇ।
[7]ਨਾਮ ਹੈ ਰਾਜੇ ਦਾ ਯਯਾਤੀ।
[8]ਖਗ ਜਾਤੀ ਦਾ ਪਤੀ ਭਾਵ ਗਰੁੜ।

ਮੁਨਿ ਨੇ ਜਾਇ ਜਾਚਨਾ ਕੀਨਿ।
'ਹੇ ਮਹਿਪਾਲ! ਬਿਸਾਲ ਪ੍ਰਬੀਨ! ॥੨੦॥
ਦੇਹੁ ਤੁਰੰਗ ਆਠ ਸੈ ਮੋਹ।
ਗੁਰਦਛਨਾ ਹਿਤ ਜਾਚੌਂ ਤੋਹਿ।'
ਸੁਨਤਿ ਜੁਜਾਤੀ ਬਾਕ ਬਖਾਨਾ।
'ਮੈਂ ਬਹੁ ਕਰਤਿ ਭਯੋ ਮਖ[1] ਦਾਨਾ ॥੨੧॥
ਸਰਬ ਪਦਾਰਥ ਕੀਨੇ ਦਾਨ।
ਅਬਿ ਘਰ ਮਹਿਂ ਕੁਛ ਦ੍ਰਿਸ਼ਟਿ ਪਰਾ ਨ।
ਜੋ ਤੁਝ ਕੋ ਮੈਂ ਦੇਵਨਿ ਕਰੌਂ।
ਪੁਰਵ ਮਨੋਰਥ ਚਿੰਤਾ ਹਰੌਂ ॥੨੨॥
ਅਬਿ ਇਕ ਕੰਨਜਾਂ ਹੈ ਘਰ ਮੇਰੇ।
ਲੇਹੁ, ਮਨੋਰਥ ਪੁਰਵੈ ਤੇਰੇ।
ਜਿਸ ਮਹਿਪਾਲਕ ਕੋ ਇਹ ਦੇਹੁ।
ਪਲਟੇ[2] ਅਸ੍ਵ ਆਠ ਸੈ ਲੇਹੁ ॥੨੩॥
ਬਹੁ ਗੁਨਵੰਤਿ ਸਰੂਪ ਮਹਾਨਾ।
ਜਗ ਮੈਂ ਜਿਸ ਕੇ ਨਹਿਂਨ ਸਮਾਨਾ।'
ਸੁਨਤਿ ਜੁਜਾਤੀ ਤੇ ਇਹ ਬਾਤ।
ਲਈ ਤਪੋਧਨ ਨੇ[3] ਹਰਖਾਤਿ ॥੨੪॥
ਗਰੁੜ ਆਪਨੇ ਸਦਨ ਸਿਧਾਰਾ।
ਮੁਨਿ ਕੰਨਜਾ ਲੈ ਆਨ ਪਧਾਰਾ।
ਗਯੋ 'ਅਯੁੱਧਜਾ' ਨਗਰ ਮਝਾਰੀ।
ਪੁਨ ਭੂਪਤਿ ਕੇ ਪਹੁੰਚਯੋ ਦ੍ਵਾਰੀ ॥੨੫॥
ਮਹਿਪਾਲਕ ਕੈ ਜਾਇ ਬਖਾਨਾ।
'ਭੋ ਨਰਿੰਦ੍ਰ! ਮੁਝ ਤੇ ਸੁਨਿ ਕਾਨਾ।
ਇਹ ਕੰਨਜਾਂ ਦਾਰਾ ਹਿਤ ਲੇਵਹੁ।
ਸ਼ਜਾਮ ਕਰਨ ਅਸੁ ਅਠ ਸੈ ਦੇਵਹੁ ॥੨੬॥
ਬਰ ਸੁਮੱਧਜਮਾ ਸੁੰਦਰ ਰੂਪਾ।
ਪੁੱਤ੍ਰ ਉਪਾਵੈ ਬਲੀ ਅਨੂਪਾ[4]।

---

[1]ਯੱਗ।
[2]ਬਦਲੇ ਵਿਚ।
[3]ਤਪੱਸ੍ਵੀ ਨੇ।
[4]ਸੁੰਦਰ।

ਤੋਹਿ ਜੋਗ ਲੋਚਨ ਬਿਸਥਾਰਾ[1]।
ਅੰਗ ਮਨੋਹਰ ਤਨ ਸੁ ਕੁਮਾਰਾ' ॥੨੭॥
ਤਬਿ ਨਰਿੰਦ੍ਰ ਨੇ ਬਾਕ ਬਖਾਨਾ।
'ਸੁਨਹੁ ਤਪੋਧਨ ਤੇਜ ਨਿਧਾਨਾ[2]।
ਦ੍ਵੈ ਸ਼ਤਿ ਤੁਰੰਗ ਨਿਕਟਿ ਮੁਝ ਤੈਸੇ।
ਤੁਮ ਕੋ ਅਤਿ ਬਾਂਛਤਿ ਹੈਂ ਜੈਸੇ ॥੨੮॥
ਅਪਰ ਨਹੀਂ ਮੇਰੇ ਢਿਗ ਕੋਈ।
ਆਪ ਬਿਲੋਕਿ ਲੇਹੁ ਥਲ ਜੋਈ।'
[3]'ਭੋ ਮਹਿਪਾਲ! ਲੇਹੁ ਇਹ ਕੰਨਜਾਂ।
ਜਾਂਹਿ ਸਮਾਨ ਆਨ ਨਹਿਂ ਧੰਨਜਾਂ[4] ॥੨੯॥
ਇਸ ਮਹਿਂ ਏਕ ਪੁੱਤ੍ਰ ਉਪਜਾਇ।
ਹੁਇ ਮਹਾਤਮਾ ਗੁਨ ਸਮੁਦਾਇ।
ਦੋ ਸ਼ਤ ਤੁਰੰਗ ਸੁ ਕੰਨਜਾਂ ਏਹੁ।
ਮੋ ਕਹੁ ਫੇਰਿ ਆਪ ਤਬਿ ਦੇਹੁ' ॥੩੦॥
ਇਮ ਸੰਕੇਤ ਕਰਿ ਕੰਨਜਾਂ ਦੈ ਕੈ।
ਮੁਨਿ ਗਮਨਜੋ ਬਨ ਤਪ ਹਿਤ ਕੈ ਕੈ।
ਨ੍ਰਿਪਤਿ ਭਾਰਜਾ ਕਰਿ ਘਰ ਰਾਖੀ।
ਮੈਥੁਨ ਕੀਨਿ ਪੁੱਤ੍ਰ ਅਭਿਲਾਖੀ ॥੩੧॥
ਕੇਤਿਕ ਸਮਾਂ ਬਿਤੇ ਇਸ ਭਾਂਤੀ।
ਗਰਭ ਧਰਜੋ ਕੰਨਜਾ ਬੱਖਜਾਤੀ।
ਬਹੁਰੋ ਪੁੱਤ੍ਰ ਪ੍ਰਸੂਤਾ ਭਈ।
ਬਹੁ ਸੁੰਦਰਤਾ ਤਨ ਨਿਰਮਈ[5] ॥੩੨॥
ਸਮੋ ਜਾਨਿ ਕੈ ਗਾਲਵ ਆਵਾ।
'ਦਿਹੁ ਕੰਨਜਾਂ' ਨ੍ਰਿਪ ਸਾਥ ਅਲਾਵਾ।
ਦਿਪਤਿ ਤੇਜ ਮੁਨਿਵਰ ਕੋ ਜਾਨਾ।
'ਲਿਹੁ ਅਸ੍ਵ ਕੰਨਜਾਂ[6]' ਭੂਪ ਬਖਾਨਾ ॥੩੩॥
ਮੁਨੀ ਭਨਜੋ 'ਯਹਿ ਤੁਰੰਗ ਹਮਾਰੇ।

[1]ਚੌੜੇ ਨੇਤਰਾਂ ਵਾਲੀ।
[2]ਤੇਜ ਦੇ ਖਜ਼ਾਨੇ।
[3]ਰਿਖੀ ਬੋਲਿਆ।
[4]ਧੰਨਜਤਾ ਯੋਗ।
[5]ਜਿਸ ਦੇ ਤਨ ਤੇ ਬਹੁਤ ਸੁੰਦਰਤਾ ਰਚੀ ਗਈ ਹੈ।
[6]ਘੋੜੇ ਤੇ ਕੰਨਿਆਂ।

ਸੋ ਮਮ ਧ੍ਰੋਹਰ[1] ਰਹੇ[*] ਤੁਮਾਰੇ।
ਜਬਿ ਸਭਿ ਕਾਜ ਸਿੱਧ ਹ੍ਵੈ ਜਾਇ।
ਤੋਹਿ ਸਦਨ ਤੇ ਲੈ ਹੌਂ ਆਇ' ॥੩੪॥
ਇਮ ਕਹਿ ਕੰਨਜਾਂ ਕੋ ਲੇ ਸਾਥ।
ਗਮਨਜੋ ਮੁਨਿ ਤਕ 'ਕਾਸ਼ੀ' ਨਾਥ।
ਸਨੇ ਸਨੇ ਪਹੁੰਚਜੋ ਪੁਰਿ ਜਾਈ।
ਮਿਲਿ ਨਰਿੰਦ੍ਰ ਸੋਂ ਗਿਰਾ ਅਲਾਈ ॥੩੫॥
'ਭੋ ਪ੍ਰਭੁ ਦਿਵੋਦਾਸ[2] ਸੁਨਿ ਬਾਤੀ।
ਇਹੁ ਕੰਨਜਾਂ ਬਡ ਗੁਨ ਬੱਖਜਾਤੀ।
ਹੇਤੁ ਭਾਰਜਾ ਇਸ ਕੋ ਲੇਹੁ।
ਖਟ ਸ਼ਤ ਤੁਰੰਗ ਮੋਹਿ ਕੋ ਦੇਹੁ' ॥੩੬॥
ਦਿਵੋਦਾਸ ਨੇ ਸੁਨਤਿ ਬਖਾਨਾ।
'ਦ੍ਵੈਸ਼ਤ ਹਯ ਸ਼ਜਾਮਲ ਦ੍ਵੈ ਕਾਨਾ।
ਉੱਜਲ ਰੰਗ ਚੰਦ੍ਰਮਾਂ ਜੈਸੇ।
ਹੇ ਮੁਨਿਬਰ! ਮੁਝ ਤੇ ਲਿਹੁ ਐਸੇ' ॥੩੭॥
ਭਨਜੋ ਤਪੋਧਨ 'ਜੇ ਇਮ[3] ਲੇਹੁ।
ਇਕ ਸੁਤ ਜਨਹਿ ਪੁਨਹਿ ਮੁਝ ਦੇਹੁ।'
ਇਮ ਸੰਕੇਤ ਕਰਿ ਮੁਨਿ ਬਰ ਗਯੋ।
ਤਪ ਬਿਸਾਲ ਕੋ ਸਾਧਤਿ ਭਯੋ ॥੩੮॥
ਦਿਵੋਦਾਸ ਦਾਰਾ ਕਰਿ ਤਾਂਹਿ।
ਮੈਥੁਨ ਕੀਨਸਿ ਆਨੰਦ ਮਾਂਹਿ।
ਜਬਿ ਸੰਮਤਸਰ ਏਕ[4] ਬਿਤੀਤਾ।
ਭਯੋ ਪੁੱਤ੍ਰ ਬਡ ਬਲੀ ਅਭੀਤਾ ॥੩੯॥
ਨਾਮ ਪੁੱਤ੍ਰ 'ਦਨੁ' ਜਗ ਬੱਖਜਾਤੀ।
ਬਡ ਉਤਸਾਹੀ ਹਤੇ ਅਰਾਤੀ।
ਏਕ ਸਮੈ ਇਹ ਗਾ ਸੁਰਲੋਕ।
ਜੁੱਧ ਸੁਰਨਿ ਸੋਂ ਕੀਨਿ ਅਰੋਕ ॥੪੦॥
ਇੰਦ੍ਰ ਸਮੇਤ ਅਮਰ ਸਮੁਦਾਏ।

---

[1]ਅਮਾਨਤ।
[*]ਪਾ:-ਸੋ ਸਭਿ ਈਹਾਂ ਰਹੈਂ।
[2]ਨਾਮ ਰਾਜਾ ਦਾ।
[3]ਜੇ ਇਸ ਤਰ੍ਹਾਂ (ਭਾਵ ਦੋ ਸੌ ਘੋੜਿਆਂ ਦੇ ਬਦਲੇ)।
[4]ਇਕ ਵਰ੍ਹਾ। [ਸੰਸ: ਸੰਵਤਸਰ = ਸਾਲ, ਵਰ੍ਹਾ]

ਏਕ ਬਾਨ ਸੋਂ ਜਿਨ ਮੁਰछਾਏ।
ਇਮ ਸ਼੍ਰੁਤਿ ਮਹਿਂ ਇਸ ਕੋ ਇਤਿਹਾਸਾ।
ਦਿਵੋਦਾਸ ਅਸ ਪੁੱਤ੍ਰ ਪ੍ਰਕਾਸ਼ਾ ॥੪੧॥
ਲਖਿ ਸੰਕੇਤ ਪੁਨਹਿ ਮੁਨਿ ਆਵਾ।
'ਦਿਹੁ ਕੰਨਜਾਂ' ਨ੍ਰਿਪ ਸਾਥ ਅਲਾਵਾ।
ਦ੍ਵੈ ਸ਼ਤ ਹਯ ਤਿਸ ਤ੍ਰਿਯਹਿ ਸਮੇਤ।
ਅਰਪੇ ਭੂਪਤਿ ਨੇ ਸਚ ਹੇਤੁ ॥੪੨॥
ਮੁਨਿ ਕੇ ਭਨਯੋ 'ਤੁਰੰਗ ਘਰ ਰਾਖੋ।
ਮੈਂ ਲੈਹੋਂ ਜਬਿ ਹ੍ਵੈ ਅਭਿਲਾਖੋ।'
ਇਮ ਕਹਿ ਕੰਨਜਾ ਲੈ ਕੈ ਸੰਗ।
ਗਾਲਵ ਗਮਨਯੋ ਤਪੀ ਉਤੰਗ ॥੪੩॥
ਗਯੋ 'ਉਸੀਨਰ' ਭੂਪਤਿ ਪਾਸ।
ਕੰਨਜਾਂ ਕੀ ਬਿਧਿ ਕੀਨਿ ਪ੍ਰਗਾਸ।
ਨ੍ਰਿਪ ਨੇ ਭਨਯੋ 'ਦੋਇ ਸ਼ਤ ਹਯ[1] ਹੈਂ।
ਇਕ ਸੁਤ ਕੋ ਉਪਾਇ ਪੁਨ ਦਿਯ ਹੈਂ' ॥੪੪॥
ਪੂਰਬ ਸਮ ਸੰਕੇਤ ਮੁਨੀ ਕਰਿ।
ਗਮਨਯੋ ਪੁਨ ਬਨ ਕੋ ਤਪ ਹਿਤ ਧਰਿ।
ਗਾਲਵ ਕੇ ਗਮਨੇ, ਨਰਨਾਥ।
ਮਿਲਤਿ ਭਯੋ ਤਿਸ ਕੰਨਜਾਂ ਸਾਥ ॥੪੫॥
ਸੰਮਤ ਏਕ ਬਿਤੀਤਯੋ ਜਬੈ।
ਧਰਮਾਤਮ ਸੁਤ ਉਪਜਯੋ ਤਬੈ।
ਨਾਮ 'ਸ਼ਿਵੀ' ਜਿਸ ਕੋ ਜਗ ਭਯੋ।
ਹੇਤੁ ਕਪੋਤ[2] ਦੇਹਿ ਨਿਜ ਦਯੋ ॥੪੬॥
ਪੁਨ ਮੁਨਿਬਰ ਤਿਸ ਢਿਗ ਚਲਿ ਆਯੋ।
ਨਿਜ ਸੰਕੇਤ ਕੋ ਬਾਕ ਅਲਾਯੋ।
ਸੁਨਿ ਨ੍ਰਿਪ ਨੈ ਨਿਜ ਧਰਮ ਬਿਚਾਰਾ।
ਸਹਿਤ ਤੁਰੰਗਮ ਦੀਨਸਿ ਦਾਰਾ ॥੪੭॥
ਤਿਹ ਛਿਨ ਬਿਨਤਾਸੁਤ ਕੋ ਦੇਖਾ।
ਗਾਲਵ ਸੋਂ ਕਹਿ ਬਾਤ ਅਸ਼ੇਖਾ।
'ਇਹ ਸਭਿ ਖਟ ਸੈ ਹੁਤੇ ਤੁਰੰਗ।

---

[1]ਦੋ ਸੌ ਘੋੜਾ।
[2]ਕਬੂਤਰ।

ਅਪਰ ਨ ਛਿਤ ਮਹਿਂ ਇਨ ਸਮ ਅੰਗ ॥੪੮॥
ਸਭਿ ਹਯ ਲੇਹੁ ਖਸ਼ਟ ਸ਼ਤ ਚਾਰੁ[1]।
ਇਹ ਕੰਨਜਾਂ ਲੇ ਸੰਗ ਸਿਧਾਰਿ।
ਦ੍ਵੈ ਸ਼ਤ ਅਸੁ ਹਿਤ[2] ਗੁਰ ਕੋ ਦੇਹੁ।
ਪੂਰ ਮਨੋਰਥ ਨਿਜ ਕਰਿ ਲੇਹੁ' ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਕਥਾ ਸੁਨਾਵਣ ਸ੍ਰੀ ਹਰਿਰਾਇ' ਪ੍ਰਸੰਗ ਬਰਨਨੰ ਨਾਮ ਪੰਚ ਬਿਸਤੀ ਅੰਸੂ ॥੨੫॥

---

[1]ਛੇ ਸੌ ਸੁਹਣੇ ਘੋੜੇ।
[2]ਦੋ ਸੌ ਘੋੜਿਆਂ ਦੇ ਬਦਲੇ (ਇਹ ਕੰਨਜਾਂ)।

## ੨੬. [ਗਾਲਵ ਦੀ ਭੇਟਾ। ਰਾਜਾ ਜਜਾਤੀ]

੨੫<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੭

ਦੋਹਰਾ: ਬਿਨਤਾਸੁਤ ਮੁਨਿ ਕੇ ਪ੍ਰਤੀ, ਬੋਲਜੋ ਬਹੁਰ ਸੁ ਗਾਥ।
'ਜਿਮ ਖਟ ਸ਼ਤ ਇਹ ਤੁਰੰਗ ਥੇ, ਉਚਰੌਂ ਸੋ ਤੁਝ ਸਾਥ ॥੧॥
ਚੌਪਈ: ਗਾਂਧੀ ਨਾਮ ਭੂਪ ਬਲਿ ਮਹਾਂ।
ਬਿਸ੍ਵਾਮਿੱਤ੍ਰ ਪੁਤ੍ਰ ਜਿਸ ਅਹਾ।
ਤਿਸ ਕੀ ਸੁਤਾ ਮਹਾਂ ਗੁਨਵੰਤੀ।
ਸੁੰਦਰ ਰੂਪ ਸੁਮਤਿ ਜਸੁਵੰਤੀ ॥੨॥
ਭ੍ਰਿਗੁ ਸੁਤ ਮੁਨਿ ਰਿਚੀਕ[1] ਤਹਿਂ ਗਯੋ।
ਗਾਂਧੀ ਸਾਥ ਕਹਤਿ ਇਮ ਭਯੋ।
-ਭੋ ਮਹਿਪਾਲ! ਬਾਕ ਸੁਨਿ ਲੇਹੁ।
ਅਪਨੀ ਕੰਨਜਾਂ ਮੁਝ ਕੋ ਦੇਹੁ ॥੩॥
ਹੇਤੁ ਭਾਰਜਾ ਜਾਚਨਿ ਕਰੀ।
ਸੁਤ ਉਪਜਾਵੌਂ ਮਨਸਾ ਧਰੀ।
ਤਜਹੁ ਸਿਆਨਪ ਕਰਹੁ ਨ ਕੋਈ।
ਮਮ ਪ੍ਰਾਰਥਨਾ ਪੂਰਹੁ ਸੋਈ- ॥੪॥
ਧਰਮਾਤਮ ਗਾਂਧੀ ਨਰ ਨਾਥ।
ਸੁਨਤਿ ਕੀਨਿ ਮਨ ਚਿੰਤਾ ਸਾਥ।
-ਮਮ ਪੁਤ੍ਰੀ ਕੰਨਜਾ ਬਯ ਥੋਰੀ।
ਬ੍ਰਿੱਧ ਮੁਨੀਸ਼ਰ ਕਿਮ ਇਹ ਜੋਰੀ[2] ॥੫॥
ਨਹਿਂ ਜਿ ਦੇਉਂ ਮੁਨਿ ਰਿਸ ਤੇ ਡਰੌਂ।
ਜੇ ਦੇਵੌਂ ਅਸ ਚਿੰਤਾ ਜਰੌਂ।
ਕੌਨ ਉਪਾਇ ਬਿਚਾਰਨਿ ਕਰੌਂ।
ਜਿਸ ਤੇ ਇਹ ਸੰਕਟ ਬਡ ਤਰੌਂ- ॥੬॥
ਉਰ ਬਿਚਾਰਿ ਕੈ ਨ੍ਰਿਪਤ ਬਖਾਨਾ।
-ਭੋ ਤਪੁਧਨ[3]! ਸੁਨਿਯੈ ਦੇ ਕਾਨਾ।
ਸ਼ਜਾਮ ਕਰਨ ਉੱਜਲ ਤਨ ਰੰਗ।
ਲਜਾਵ ਅਸ਼ਟ ਸ਼ਤ[4] ਏਵ ਤੁਰੰਗ ॥੭॥
ਪੁਨ ਇਹ ਕੰਨਜਾਂ ਗ੍ਰਹਣ ਕਰੀਜੈ।

---

[1]ਨਾਮ ਹੈ।
[2]ਜੋੜੀ (ਬਣੇਗੀ)।
[3]ਤਪੱਸ੍ਵੀ।
[4]ਅੱਠ ਸੌ ਘੋੜੇ।

ਪ੍ਰਥਮੇ ਅਸੁ ਐਸੇ ਮੁਝ ਦੀਜੈ।
-ਮੁਨਿ ਰਿਚੀਕ ਸੁਨਿ ਕੈ ਨ੍ਰਿਪ ਬੈਨ।
ਗਮਨਜੋ ਤੁਰਤ ਵਰੁਣ ਕੇ ਐਨ ॥੮॥
ਅਪਨਿ ਮਨੋਰਥ ਤਹਿਂ ਪ੍ਰਗਟਾਵਾ।
-ਸ੍ਵੇਤ ਅਸ੍ਵ ਲੈਬੇ ਹਿਤ ਆਵਾ।
ਬਿਨਾਂ ਲਏ ਮਮ ਸਰੈ ਨ ਕਾਜਾ।
ਦਿਏ ਬਿਨਾ ਨ ਬਨਹਿ, ਜਲਰਾਜਾ! - ॥੯॥
ਅਗਨਿ ਸਮਾਨ ਤਪੋਧਨ[੪] ਹੇਰਾ।
ਦਿਨਕਰ[੧] ਨਜਾਈਂ ਤੇਜ ਬਡੇਰਾ।
ਅਸ਼ਟਸਹਸ ਅਸੁ[੫] ਬਰਨ ਬਿਚਾਰ।
ਕਰਿ ਦੀਨੇ ਮੁਨਿ ਕੇ ਸੰਗਾਰ ॥੧੦॥
ਲੇ ਤੁਰੰਗ ਨ੍ਰਿਪ ਕੇ ਢਿਗ ਆਯੋ।
-ਦਿਹੁ ਕੰਨਜਾਂ- ਅਸ ਬਾਕ ਸੁਨਾਯੋ।
ਪੁਨ ਗਾਂਧੀ ਪੁੱਤ੍ਰੀ ਨਿਜ ਦੀਨੀ।
ਹਯ ਲੇ ਕਰਿ ਬਹੁ ਬਿਨਤੀ ਕੀਨੀ ॥੧੧॥
ਸੋ ਇਹ ਤੁਰੰਗ ਧਰਾ ਬਿਸਤੀਰੇ।
ਲੀਨੇ ਭੂਪਨਿ ਮੋਲ ਗੰਭੀਰੇ।
ਦ੍ਵੈ ਸ਼ਤ ਮਰੇ[੨], ਨਹੀਂ ਕਰ ਆਏ।
ਖ਼ਸ਼ਟ ਸਹਸ ਤੈਂ ਲੀਨਸਿ ਪਾਏ ॥੧੨॥
ਦ੍ਵੈ ਸ਼ਤ ਜੋ ਆਏ ਨਹਿਂ ਪਾਨ।
ਦਿਹੁ ਕੰਨਜਾਂ ਤਿਨ ਪਲਟੇ ਥਾਨ।
ਅਪਰ ਸੋਚ ਸਭਿ ਤਜਾਗਨਿ ਕਰੀਏ।
ਲੇ ਅਸ ਕੰਨਜਾ ਸੰਗ ਸਿਧਰੀਏ' ॥੧੩॥
ਬਿਨਤਾਸੁਤ ਤੇ ਸੁਨਿ ਮੁਨਿ ਕਾਨ।
ਬਿਸ੍ਵਾਮਿੱਤ੍ਰ ਹੁਤੋ ਜਿਸ ਥਾਨ।
ਪਹੁੰਚਜੋ ਜਾਇ ਬੰਦਨਾ ਕੀਨਸਿ।
ਗੁਰ ਦਛਨਾ ਅਸ੍ਵ ਕੰਨਜਾਂ ਦੀਨਸਿ ॥੧੪॥
ਖਸ਼ਟ ਸਹਸ ਕੌਸਕ[੩] ਹਯ ਲੀਨਿ।
ਕੰਨਜਾਂ ਲਈ ਭਾਰਜਾ ਕੀਨਿ।

---
[੧]ਸੂਰਜ।
[੨](ਇਨ੍ਹਾਂ ਵਿਚੋਂ) ਦੋ ਸੌ (ਘੋੜੇ) ਮਰ ਗਏ।
[੩]ਵਿਸ਼੍ਵਾਮਿੱਤ੍ਰ ਨੇ।

ਤਿਸ ਨੈ ਏਕ ਪੁੱਤ੍ਰ ਉਪਜਾਵਾ।
ਨਾਮ 'ਅਰਿਸ਼ਟ' ਜਾਂਹਿ ਕੋ ਗਾਵਾ ॥੧੫॥
ਤਿਸ ਕੰਨਜਾਂ ਤੇ ਭੇ ਸੁਤ ਚਾਰ।
ਮਹਾਂਬਲੀ ਅਰੁ ਮਹਾਂ ਉਦਾਰ।
ਚਾਰਹੁੰ ਨਈਮਖਾਰ[1] ਮਹਿਂ ਆਏ।
ਅਨਿਕ ਭਾਂਤਿ ਕੇ ਜੱਗਜ ਰਚਾਏ ॥੧੬॥
ਤਿਨ ਜਨਨੀ ਕੋ ਪਿਤਾ[2] ਜਜਾਤੀ।
ਬਡ ਧਰਮਾਤਮ ਭਾ ਬੱਖਜਾਤੀ।
ਨਿਜ ਸੁੱਕ੍ਰਿਤ ਕੇ ਬਲ ਕਰਿ ਮਹਾਂ।
ਪਹੁੰਚਜੋ ਸੁਰਗ ਬ੍ਰਿੰਦ ਸੁਰ ਜਹਾਂ ॥੧੭॥
ਉਪਜਜੋ ਰਿਦੇ ਹੰਕਾਰ ਮਹਾਨਾ।
-ਕਿਤ ਹੂੰ ਮੋਹਿ ਸਮਾਨ ਨ ਆਨਾ।
ਬਡ ਸਦੱਛਨਾ ਮਖ[3] ਗਨ ਕਰੇ।
ਏਵ ਨ ਕਿਸ ਭੂਪਤਿ ਤੇ ਸਰੇ- ॥੧੮॥
ਇਸ ਪ੍ਰਕਾਰ ਹੰਕਾਰ ਉਦਾਰਾ।
ਕਰਤਿ ਭਯੋ ਸੁਰ ਲੋਕ ਮਝਾਰਾ।
ਤਹਿਂ ਬਾਸੀ ਸਗਰੇ ਅਨੁਖਾਏ।
ਅਧਿਕ ਧਿਕਾਰਿਤ ਕ੍ਰੋਧ ਬਧਾਏ ॥੧੯॥
'ਹੋਹੁ ਪਤਿਤ ਤੂੰ ਅਧੋ[4] ਸਥਾਨਾ।
ਇਹਾਂ ਰਹਨਿ ਕੇ ਉਚਿਤ ਨ ਜਾਨਾ।
ਪੁਰਸ਼ ਹੰਕਾਰੀ ਸੁਰਗ ਨ ਰਹੈਂ।
ਕਾਮ ਕ੍ਰੋਧ ਕੇ ਨਿਤ ਬਸਿ ਅਹੈਂ' ॥੨੦॥
ਇਤਨੇ ਮਹਿਂ ਆਯੋ ਇਕ ਦੂਤ।
ਪਠਜੋ ਉਤਾਇਲ ਕਰਿ ਪੁਰਹੂਤ[5]।
ਭਨਜੋ ਆਨ 'ਭੋ ਭੂਪ ਜਜਾਤੀ!
ਸੁਰਪਤਿ ਕਹੀ ਗਿਰਾ ਸੁਖ ਕਾਤੀ[6] ॥੨੧॥
ਗਿਰਹੁ ਉਤਾਇਲ ਕਰਹੁ ਨ ਦੇਰੀ।'

---

[1]ਨੀਮਖਾਰ, ਤੀਰਥ ਜੋ ਅਵਧ ਵਿਖੇ ਸੀਤਾਪੁਰ ਜ਼ਿਲ੍ਹੇ ਵਿਚ ਹੈ। [ਸੰਸ: ਨੈਮਿਸ਼ਾਰਣਜ]
[2]ਭਾਵ ਨਾਨਾ।
[3]ਯੱਗ।
[4]ਨੀਵੇਂ।
[5]ਇੰਦਰ ਨੇ।
[6]ਸੁਖ ਦੇ ਕੱਟਣ ਵਾਲੀ।

ਸੁਨਿ ਮਹਿਪਾਲਕ ਚਿੰਤ ਬਡੇਰੀ।
ਸ਼ੁਸ਼ਕ ਗਈ ਹ੍ਵੈ ਫੂਲਨਿ ਮਾਲਾ।
ਬਦਨ ਗਯੋ ਮੁਰਝਾਇ ਬਿਸਾਲਾ ॥੨੨॥
ਡੂਬਯੋ ਸ਼ੋਕ ਸਿੰਧੁ ਮਹਿਂ ਭਾਰੀ।
ਦੀਨ ਮਨੇ ਹੁਇ ਗਿਰਾ ਉਚਾਰੀ।
'ਨਿਸ਼ਚੈ ਕਰੌਂ ਜਿ ਮੇਰੋ ਪਰਨਾ[1]।
ਇਮ ਕੀਜੈ ਜਿਮ ਕਰਵਿ ਉਚਰਨਾ[2] ॥੨੩॥
ਪੁਰਸ਼ ਬਡੇ ਪੁੰਨਜਾਤਮ ਜਹਾਂ।
ਸਤਿਸੰਗੀ ਸਾਧੂ ਮਨ ਮਹਾਂ।
ਅਨਸੂਜਕ[3] ਮਦ ਮਾਨ ਬਿਹੀਨ।
ਸਮ ਦਮ ਜੁਤਿ ਸਤਿਸੰਧਿ[4] ਪ੍ਰਬੀਨ ॥੨੪॥
ਤਿਨ ਮਝਾਰ ਮੁਝ ਗੇਰਨਿ ਕਰੀਅਹਿ।
ਮੋ ਪਰ ਇਹ ਉਪਕਾਰ ਸੁ ਧਰੀਅਹਿ।'
ਸੁਨਿ ਕੈ ਗੇਰ ਦੀਨਿ ਤਿਸ ਮਹਾਂ।
ਨਈਮਖਾਰ ਮਹਿਂ ਦੋਹਿਤ[5] ਜਹਾਂ ॥੨੫॥
ਚਾਰਹੁਂ ਬਿਖੈ[6] ਗਿਰਨਿ ਲਗਿ ਜਬੈ।
ਜਨਨੀ ਪਿਤਾ[7] ਬਿਲੋਕਯੋ ਤਬੈ।
ਮਹਾਂ ਦਖਿਤਿ ਰੱਖਜਕ ਜਿਸ ਨਾਂਹੀ।
ਕਰਤਿ ਪ੍ਰਕਾਰ ਸ਼ੋਕ ਬਡ ਮਾਂਹੀ ॥੨੬॥
ਚਤੁਰ ਦੋਹਿਤੇ ਤਿਹ ਛਿਨ ਮਿਲੇ।
ਚਿਤ ਮੈਂ ਚਾਹਿਤ ਹੈਂ ਸੋ ਭਲੇ।
ਨਿਜ ਸੁੱਕ੍ਰਿਤਿ ਕੇ ਬਲ ਕਰਿ ਸਾਰੇ।
ਕਹਯੋ 'ਜਾਹ ਸੁਰਲੋਕ ਮਝਾਰੇ' ॥੨੭॥
ਚਤਰ ਦੋਹਿਤੇ ਕੋ ਲੇ ਪੁੰਨ।
ਭਯੋ ਜਜਾਤੀ ਭੂਪਤਿ ਧੰਨ।
ਸਾਦਰ ਪੁਨ ਪਹੁੰਚਯੋ ਸੁਰਲੋਕ।

---

[1]ਪਰਨ = ਡੇਗਣਾ।
[2]ਉਚਾਰਨ ਕਰਦਾ ਹਾਂ।
[3]ਈਰਖਾ ਸਹਿਤ।
[4]ਸਮ ਦਮ ਆਦਿ ਗੁਣਾਂ ਵਾਲੇ ਅਤੇ ਸਤਿ ਨੂੰ ਨਿਬਾਹੁਣ ਵਾਲੇ।
[5]ਦੋਹਤ੍ਰੇ।
[6]ਚਾਰਾਂ (ਦੋਹਤ੍ਰਿਆਂ) ਵਿਚ।
[7]ਨਾਨੇ ਨੂੰ।

ਬਾਸ ਕਰਜੋ ਸੁਖ ਭੋਗਿ ਅਸ਼ੋਕ ॥੨੮॥
ਇਮ ਗੁਰ ਦਛਨਾ ਗਾਲਵ ਦੀਨਿ।
ਗੁਰੂ ਉਪਾਸਿ ਪ੍ਰਸੰਨ ਸੁ ਕੀਨਿ।
ਦੁਰਲਭ ਹਯ ਜਜੋਂ ਕਜੋਂ ਲੇ ਆਯੋ।
ਅਪਨੋ ਆਪ ਮਹਦ ਸਫਲਾਯੋ ॥੨੯॥
ਇਮ ਸਤਿਗੁਰ ਕੀ ਮਹਿਮਾ ਮਹਾਂ।
ਜਾਨਹਿਂ ਸਿੱਖ ਭੇਵ ਜਿਨ ਲਹਾ।
ਸਦਾ ਗੁਰਨਿ ਕੋ ਕਰਹਿ ਪ੍ਰਸੰਨ।
ਕਰੁਨਾ ਪਾਇ ਕਹੈ 'ਗੁਰ ਧੰਨ' ॥੩੦॥
ਗੁਰ ਸਮ ਅਪਰ ਹਿਤੁ ਨਹਿਂ ਕੋਈ।
ਕੋਟ ਜਨਮ ਕੇ ਦੁਖ ਹਤਿ ਜੋਈ।
ਸਤਿ ਸੰਤੋਖ ਆਦਿ ਗੁਨ ਧਰਿ ਕੈ।
ਗੁਰ ਸੇਵਹਿ ਹੰਕਾਰ ਨਿਵਰਿ ਕੈ ॥੩੧॥
ਗੁਰ ਸੇਵੈ ਨਰ ਤਨ ਸਫਲਾਵੈ।
ਗੁਰ ਸੇਵਾ ਪਦ ਉਚੋ ਪਾਵੈ।
ਗੁਰੂ ਬਡੋ ਸਭਿ ਬਿੱਦਜਾ ਦਾਤਾ।
ਚਾਰ ਜੁਗਨਿ ਮਹਿਂ ਜਿਨ ਕਿਨ ਜਾਤਾ ॥੩੨॥
ਸਭਿ ਗੁਰ ਮਹਿਂ ਜੋ ਦੇ ਬ੍ਰਹਮ ਗਜਾਤਾ।
ਸੋ ਬਿਸਾਲ ਜਾਨਹੁ ਸੁਖਦਾਤਾ।
ਜਿਨ ਸੇਵਾ ਕਰਿ ਗੁਰੂ ਰਿਝਾਵੇ।
ਸਗਰੇ ਤਪ ਜਪ ਕੇ ਫਲ ਪਾਏ ॥੩੩॥
ਬਰਖ ਹਜ਼ਾਰਨਿ ਸੰਕਟ ਠਾਨਾ।
ਸੀਤ ਉਸ਼ਨ ਤਪ ਤਪਨਿ ਮਹਾਨਾ।
ਊਰਧ ਬਾਹੁ ਇਕ ਪਗ ਠਾਂਢੇ।
ਚੰਦ੍ਰਾਇਣ[1] ਨਖ ਸ਼ਿਖ ਜੇ ਬਾਢੇ ॥੩੪॥
ਅਪਰ ਕਹਾਂ ਲਗਿ ਤਪ ਕੋ ਗਿਨੀਅਹਿ।
ਹੇਮ ਦਾਨ ਮਖ ਕਰਿਬੋ[2] ਜਨੀਯਹਿ।
ਧਰਾ ਦਾਨ ਤੀਰਥ ਕੋ ਨੈ੍ਬੋ।
ਗਜ ਬਾਜੀ ਗਨ ਦਾਨ ਕਰੈਬੋ ॥੩੫॥
ਗੁਰ ਸੇਵਾ ਕੇ ਸਮ ਕੁਛ ਨਾਂਹੀ।

---

[1]ਵਰਤ ਦਾ ਨਾਮ।
[2]ਸੋਨਾ ਦਾਨ ਤੇ ਯੱਗ ਕਰਨਾ।

ਖੋਜਨਿ ਕਰਹੁ ਸਕਲ ਛਿਤ ਮਾਂਹੀ।
ਹੰਕਾਰਾਦਿਕ ਕਰਨਿ ਬਿਕਾਰ।
ਦਿਯੋ ਜੁਜਾਤਿ ਸ੍ਵਰਗ ਤੇ ਟਾਰਿ ॥੩੬॥
ਸੁਖ ਨਾਸ਼ਕ ਇਨ ਗਨ ਕੋ ਜਾਨਹੁ।
ਯਾਂ ਤੇ ਭੂਲ ਨ ਮਨ ਮਹਿਂ ਠਾਨਹੁ।
ਕਰਹੁ ਭਗਤਿ ਸਤਿਨਾਮ ਜਪੀਜੈ।
ਗੁਰ ਸੇਵਾ ਕੇ ਤਤਪਰ ਥੀਜਹਿ ॥੩੭॥
ਪ੍ਰਭੁ ਪ੍ਰਸੰਨ ਹੁਇ ਬਨਹਿਂ ਸਹਾਇ।
ਜਨਮ ਮਰਨ ਕੇ ਕਸ਼ਟ ਮਿਟਾਇਂ।
ਰਿਖਿ ਉਤੰਕ ਕੋ ਕਾਜ ਸੁਧਾਰਜੋ।
ਕਹਜੋ ਸੁਨਜੋ[੧] ਬਡ ਦੈਂਤ ਸੰਘਾਰਜੋ ॥੩੮॥
ਸਭਿ ਜਗ ਕੋ ਸੁਖ ਤਬਿ ਉਪਜਾਯੋ।
ਦੈਤ ਕਰਤਿ ਉਤਪਾਤ ਮਿਟਾਯੋ।
ਇੱਤਜਾਦਿਕ ਗੁਰ ਭਨੇ ਪ੍ਰਸੰਗ[*]।
ਮਹਿਮਾ ਹੇਤੁ ਮਹਾਂ ਸਤਿਸੰਗ ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ਼੍ਰੀ ਹਰਿਰਾਇ ਕਥਾ ਸੁਨਾਵਨ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥੨੬॥

---

[੧]ਕਹਿ ਸੁਣਕੇ।

[*]ਕਵਿ ਜੀ ਵੇਦਾਂਤ ਅਤੇ ਪੌਰਾਣਕ ਕਥਾਵਾਂ ਦੇ ਬੜੇ ਗਜਾਤਾ ਹਨ, ਉਹ ਗਜਾਤ ਉਨ੍ਹਾਂ ਦੀ ਕਲਮ ਤੋਂ ਫੁੱਟ ਫੁੱਟਕੇ ਨਿਕਲਦੀ ਹੈ। ਇਸ ਦਾ ਇਕ ਲਾਹਾ ਬੀ ਹੈ ਕਿ ਸੰਸਕ੍ਰਿਤ ਵਿੱਦਿਆ ਤੋਂ ਨਾਵਾਕਫ ਪਾਠਕਾਂ ਨੂੰ ਵਾਕਫੀਅਤ ਹੋ ਜਾਂਦੀ ਹੈ ਤੇ ਇਸ ਪ੍ਰਕਾਰ ਦੇ ਪ੍ਰਸੰਗਾਂ ਦੀ ਹਾਸੋਹੀਣੀ ਦਸ਼ਾ ਬੀ ਵਿਚਾਰਸ਼ੀਲ ਪੁਰਖਾਂ ਨੂੰ ਖੁੱਲ੍ਹ ਜਾਂਦੀ ਹੈ ਕਿ ਜਦ ਗਾਲਵ ਨੂੰ ਗੁਰੂ ਨੇ ਦੱਖਣਾ ਮਾਫ ਕਰ ਦਿੱਤੀ ਤਾਂ ਉਸ ਨੂੰ ਹੰਕਾਰ ਦੇਣ ਦਾ ਚੜ੍ਹਨਾ ਕੀਹ ਖੂਬੀ ਸੀ। ਫਿਰ ਸ੍ਰਾਪ ਦੇ ਭੈ ਹੇਠ ਰਾਜੇ ਦੀ ਕੰਨਿਆਂ ਲੈ ਕੇ ਉਸ ਨੂੰ ਇਕ ਤੋਂ ਵਧੀਕ ਪਤੀਆਂ ਦੀ ਇਸਤ੍ਰੀ ਬਨਾਉਣਾ ਤੇ ਘੋੜੇ ਲੈਣ ਦੀ ਖਾਤਰ ਉਸ ਨੂੰ ਦਰ ਦਰ ਰੁਲਾਉਣਾ ਕਿਸ ਤਰ੍ਹਾਂ ਵਿਹਤ ਸੀ? ਅੰਤ ਇਸ ਤਰ੍ਹਾਂ ਕਈਆਂ ਦੀ ਬਨ ਚੁੱਕੀ ਇਸਤ੍ਰੀ ਨੂੰ ਗੁਰੂ ਦੀ ਇਸਤ੍ਰੀ ਬਨਾ ਕੇ ਰਿਣ ਤੋਂ ਹਲਕੇ ਹੋਣਾ ਕਿਸ ਤਰ੍ਹਾਂ ਦੀ ਅਜੀਬ ਗੁਰਦੱਛਣਾ ਹੈ। ਇਹ ਖਿਆਲ ਕਰਨਾ ਕਿ ਐਸੀਆਂ ਕਥਾ ਸ਼੍ਰੀ ਗੁਰੂ ਹਰਿਰਾਇ ਜੀ ਸੰਗਤਾਂ ਨੂੰ ਸੁਣਾ ਸਕਦੇ ਸਨ, ਸੂਰਜ ਨੂੰ ਹਨੇਰਾ ਮੰਨ ਲੈਣੇ ਤੁੱਲ ਹੋਵੇਗਾ। ਚੰਗਾ ਹੁੰਦਾ ਕਿ ਐਸੇ ਪ੍ਰਸੰਗ ਨਾ ਆਉਂਦੇ, ਆਉਂਦੇ ਤਾਂ ਕਵਜੋਕਤੀਆਂ ਵਿੱਚ ਆਉਂਦੇ। ਸਤਿਗੁਰੋਕਤੀਆਂ ਇਸ ਪ੍ਰਕਾਰ ਦੇ ਕਥਨਾਂ ਤੋਂ ਅਤਿ ਉੱਚੀਆਂ ਹਨ, ਅਰ ਉਹ ਆਦਰਸ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹੈ, ਜਿੱਥੇ ਧਨ ਪਿਰ ਨੂੰ ਇਕ ਜੋਤ ਹੋਣਾ ਲਿਖਿਆ ਹੈ। ਪਸ਼ੂਆਂ ਤੇ ਡੰਗਰਾਂ ਦੀ ਪ੍ਰਾਪਤੀ ਲਈ ਸ਼ੀਲਵੰਤੀ ਇਸਤ੍ਰੀਆਂ ਦੇ ਇਸ ਤਰ੍ਹਾਂ ਵਰਤਣ ਨੂੰ ਵਿਹਤ ਮੰਨ ਲੈਣਾ ਗੁਰੂ ਆਸ਼ੇ ਦੇ ਵਿਰੁੱਧ ਹੈ। ਹਾਂ ਇਕ ਇਤਿਹਾਸਕ ਕੀਮਤ ਇਨ੍ਹਾਂ ਪ੍ਰਸੰਗਾਂ ਦੀ ਹੈ ਕਿ ਏਹ ਰਿਵਾਜ ਉਸ ਸਮੇਂ ਦੇ ਹਨ ਕਿ ਜਦੋਂ ਆਰਯ ਕੁਲ ਵਿਚ ਹੋਰ ਸਾਰੇ ਇਖ਼ਲਾਕ ਪੁੱਤ੍ਰ ਉਤਪਤੀ ਤੋਂ ਹੇਠਾਂ ਸਨ ਤੇ ਜਿਵੇਂ ਯੂਨਾਨੀ ਮੈਗਸਥਨੀਜ਼ ਤੇ ਆਰਾਈਨ ਨੇ ਲਿਖਿਆ ਹੈ ਕਿ ਹਿੰਦ ਵਿਚ ਇਸ ਵੇਲੇ ਹਾਥੀ ਲੈ ਕੇ ਸ਼ੀਲ ਧਰਮ ਦੇਣਾ ਸ਼ੀਲ ਧਰਮ ਦਾ ਗੁਆਚਣਾਂ ਨਹੀਂ ਸਮਝਿਆ ਜਾਂਦਾ, ਤਿਵੇਂ ਦੋ ਸੌ ਕਾਲੇ ਕੰਨ ਤੇ ਚਿੱਟੇ ਰੰਗ ਦੇ ਘੋੜਿਆਂ ਬਦਲੇ ਸ਼ੀਲ ਦੇਣਾ ਤਾਂ ਹੋਰ ਬੀ ਕੀਮਤੀ ਸਮਝਿਆ ਗਿਆ ਹੋਊ। ਉਂਵ ਪਾਰਾਸ਼ਰ ਨੇ ਬੀ ਇਸ ਪ੍ਰਕਾਰ ਦੀਆਂ ਗੱਲਾਂ ਕਲਜੁਗ ਲਈ ਵਰਜਿਤ ਲਿਖੀਆਂ ਹਨ।

## ੨੭. [ਸ਼੍ਰੀ ਹਰਿਰਾਇ ਬੈਕੁੰਠ ਗਮਨ]

੨੬<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੮

ਦੋਹਰਾ: ਬ੍ਰਿਧ ਕੇ ਬੰਸ ਸਪੁੱਤ੍ਰ ਜੋ, ਝੰਡਾ ਨਾਮ ਸਗਜਾਨ[1]।
ਨਿਜ ਸੁਤ ਗੁਰਦਿੱਤਾ ਲਿਏ, ਸੁਨਤਿ ਕਥਾ ਸੁਖ ਮਾਨਿ ॥੧॥
ਚੌਪਈ: ਸਕਲ ਦੇਸ਼ ਕੇ ਧਨੀ ਮਸੰਦ।
ਸਭਿ ਇਕਠੇ ਬਿਚ ਸਭਾ ਬਿਲੰਦ।
ਲਿਖੇ ਹੁਕਮ ਨਾਵੇਂ ਜਹਿਂ ਜਹਾਂ।
ਸੁਨਿ ਸੁਨਿ ਆਨਿ ਪਹੂਚੇ ਤਹਾਂ ॥੨॥
ਬ੍ਰਿੰਦ ਸੰਗਤਾਂ ਆਨੀ ਸੰਗ।
ਦਰਸ਼ਨ ਹਿਤ ਚਿਤ ਧਰੇਂ ਉਮੰਗ।
ਸੁਨਹਿਂ ਗੁਰੂ ਕੇ ਬਾਕ ਸੁਹਾਏ।
ਧਰਹਿਂ ਰਿਦੇ ਮਹਿਂ, ਸੁਖ ਉਪਜਾਏ ॥੩॥
ਜਿਨ ਕੇ ਹੈਂ ਪੂਰਬ ਬਡਭਾਗ।
ਸੋ ਰੰਗੇ ਗੁਰ ਕੇ ਅਨੁਰਾਗ।
ਕੀਰਤ ਪੁਰਿ ਮਹਿਂ ਭੀਰ ਬਿਸਾਲਾ।
ਦੀਰਘ ਦੇਗ ਬਨਹਿ ਜੁਗ ਕਾਲਾ ॥੪॥
ਅਨਿਕ ਪ੍ਰਕਾਰ ਅਹਾਰ ਬਨੰਤੇ।
ਸਕਲ ਅਚਹਿਂ ਮਿਲਿ ਮਨ ਭਾਵੰਤੇ[2]।
ਕੇਤਿਕ ਦਜੋਸ ਬਾਸ ਤਹਿਂ ਕੀਨਿ।
ਗੁਰ ਕੇ ਪ੍ਰੇਮ ਬਿਖੈ ਹੁਇ ਲੀਨ ॥੫॥
ਅਪਰ ਜਹਾਂ ਕਹਿਂ ਸਿੱਖ ਮਸੰਦ।
ਸੁਨਹਿ ਮੇਲ ਚਲਿ ਆਇਂ ਅਨੰਦ।
ਡੇਰੇ ਪਰੇ ਪੁਰਹਿਂ ਚੌਫੇਰ।
ਦਰਸ਼ਨ ਦਿਨ ਮਹਿਂ ਦੇਂ ਇਕ ਬੇਰ ॥੬॥
ਜਿਸ ਤੇ ਹੁਇ ਸਿੱਖਜਨਿ ਕੱਲਜਾਨ।
ਉਪਦੇਸ਼ਹਿਂ ਗੁਰ ਕਰਤਿ ਬਖਾਨ।
ਜਹਿਂ ਕਹਿਂ ਹੋਇ ਰਹਜੋ ਜੈਕਾਰ।
'ਵਾਹੁ ਵਾਹੁ ਗੁਰ' ਕਰਹਿਂ ਉਚਾਰ ॥੭॥
ਕਰਹਿਂ ਬਿਚਾਰਨਿ -ਕਜਾ ਗੁਰ ਮਰਜ਼ੀ।
ਕਿਯ ਸੰਗਤਿ ਇਕਠੀ ਹੁਇ ਗ਼ਰਜ਼ੀ।

---

[1]ਗਜਾਨਵਾਨ, ਗਿਆਨੀ।
[2]ਮਨ ਭਾਂਵਦੇ।

ਕਹਾਂ ਕਰਹਿੰਗੇ, ਕਹਾਂ ਸੁਨਾਵੈਂ-।
ਇਮ ਸਭਿ ਮਿਲ ਕਰਿ ਬਾਕ ਅਲਾਵੈਂ ॥੮॥

ਦੋਹਰਾ: ਸ਼੍ਰੀ ਸਤਿਗੁਰ ਹਰਿਰਾਇ ਜੀ, ਤਖਤ ਦੇਨਿ ਚਿਤਵੰਤਿ।
ਬਡੋ ਪੁੱਤ੍ਰ ਤਜਾਗਨਿ ਕਰਜੋ, ਲਾਇਕ ਨਹੀਂ ਲਖੰਤਿ ॥੯॥

ਚੌਪਈ: ਦੇਹ ਅੰਤ ਕੋ ਸਮਾਂ ਪਹੂਚਾ।
ਦਿਯੋ ਚਹਤਿ ਹੈਂ ਨਿਜ ਪਦ ਊਚਾ।
ਛਮੀ, ਸਧੀਰ, ਅਭੀਰ ਗਹੀਰ।
ਸਤਿ ਸੰਤੋਖੀ ਸ਼ਾਂਤਿ ਸਰੀਰ ॥੧੦॥
ਅਜਰ ਜਰਹਿ ਚਾਹਹਿਂ ਦਿਖਰਾਵੈ।
ਸਦਾ ਅਡੋਲ ਅਤੋਲ ਅਲਾਵੈਂ।
ਲਘੁ ਸੁਤ ਸ਼੍ਰੀ ਹਰਿਕ੍ਰਿਸ਼ਨ ਬਿਚਾਰਾ।
ਸਰਬ ਸਹਾਰਹਿ ਗੁਰਤਾ ਭਾਰਾ ॥੧੧॥
ਅਵਿਚਲ ਛਮਾਂ ਮਨਹੁਂ ਮਨ ਛੌਨੀ।
ਮ੍ਰਿਦੁਲ ਰਿਦਾ ਬਰ ਬਾਨੀ ਨੌਨੀ।
ਕਮਲ ਸਮਾਨ ਪ੍ਰਫੁੱਲਿਤਿ ਆਨਨ[1]।
ਸ਼ੁਭ ਗੁਨ ਪੂਰਨ ਜਿਨ ਸਮ ਆਨ ਨ[2] ॥੧੨॥
ਸਿਮਰਹਿਂ ਨਾਮ ਕਿ ਸੁਨਿ ਹੈਂ ਕਾਨਨਿ[3]।
ਦੁੱਖ ਮ੍ਰਿਗਨਿ ਕੋ ਸਿੰਘ ਜਿਮ ਕਾਨਨ[4]।
ਤਖਤ ਬਿਠਾਵਨਿ ਕਰਿ ਅਭਿਲਾਖਾ।
ਬਾਕ ਸਮੀਪੀ ਸਿਖ ਸੋਂ ਭਾਖਾ ॥੧੩॥
'ਬੇਦੀ ਤੇਹਨ ਭੱਲਜਨਿ ਬੰਸ।
ਸਕਲ ਹਕਾਰਹੁ ਸ਼ੁਭ ਜਨ ਹੰਸ।
ਕੁਲ ਭਾਈ ਬੁੱਢੇ ਬੁਲਵਾਵਹੁ।
ਜੇ ਕੀਰਤਪੁਰਿ ਸਭਿਨਿ ਸੁਨਾਵਹੁ ॥੧੪॥
ਸਿਖ ਸੰਗਤਿ ਜੇ ਬਡੇ ਮਸੰਦ।
ਦਰਸਹਿਂ ਸਗਰੇ ਅਲਪ ਬਿਲੰਦ।
ਸਭਿ ਡੇਰਨਿ ਮਹਿਂ ਸੁਧ ਪਹੁਂਚਾਵਹੁ।
ਦਰਸ਼ਨ ਕਰਨਿ ਗੁਰਨਿ ਕੇ ਆਵਹੁ' ॥੧੫॥

---

[1]ਮੂੰਹ।
[2]ਤੁੱਲ ਹੋਰ ਨਹੀਂ ਕੋਈ।
[3]ਕੰਨੀ।
[4]ਜਿਵੇਂ ਦੁਖਾਂ ਰੂਪੀ ਮ੍ਰਿਗਾਂ ਨੂੰ ਬਨ ਦਾ ਸ਼ੇਰ।

ਇਮ ਆਸ਼ੈ ਲਖਿ ਸਤਿਗੁਰ ਕੇਰਾ।
ਸ਼ੁਭ ਨਰ ਸਭਿ ਡੇਰਨਿ ਮਹਿਂ ਫੇਰਾ।
ਬਹੁ ਦੇਸ਼ਨਿ ਕੀ ਸੰਗਤਿ ਆਈ।
ਸੁਨਿ ਸੁਨਿ ਦਰਸ ਹੇਤੁ ਲਲਚਾਈ ॥੧੬॥
ਸੁਭਟ ਚਮੂੰ ਕੇ ਆਯੁਧ ਧਰਿ ਧਰਿ।
ਬਾਗੇ[1] ਸੂਖਮ ਸੁੰਦਰ ਕਰਿ ਕਰਿ।
ਦੇਸ਼ ਬਿਦੇਸ਼ਨਿ ਬ੍ਰਿੰਦ ਮਸੰਦ।
ਲੇ ਕਰਿ ਸੰਗਤਿ ਸੰਗ ਬਿਲੰਦ ॥੧੭॥
ਅਨਿਕ ਉਪਾਇਨ ਕਰਿ ਕਰਿ ਤਜਾਰੇ।
ਸਭਿਨਿ ਆਨ ਸਤਿਗੁਰ ਪਰਵਾਰੇ।
ਦਰਸ਼ਨ ਕਰਹਿਂ ਨਮੋਂ ਕਰਿ ਪਾਇਨਿ।
ਅਰਪਹਿਂ ਅਨਿਕ ਪ੍ਰਕਾਰ ਉਪਾਇਨ ॥੧੮॥
ਖੜੇ ਮੇਵੜੇ ਕਰਿ ਅਰਦਾਸ।
ਸੰਗਤਿ ਬੈਠਹਿ ਸਤਿਗੁਰ ਪਾਸ।
ਮੇਲ ਬਿਲੰਦ ਮਿਲਜੋ ਜਬਿ ਆਇ।
ਬੈਠੇ ਸੁਭਟ ਹੁਤੇ ਸਮੁਦਾਇ ॥੧੯॥
ਸ੍ਰੀ ਫਲ ਤਬਿ ਸਤਿਗੁਰੂ ਮੰਗਾਵਾ।
ਲਘੁ ਸੁਤ ਸਭਿ ਕੇ ਬੀਚ ਬਿਠਾਵਾ।
ਚੌਰਦਾਰ ਕੋ ਕਿਯ ਫੁਰਮਾਵਨਿ।
'ਇਨ ਪਰ ਕੀਜਹਿ ਚਰਮ ਝੁਲਾਵਨਿ ॥੨੦॥
ਸਭਿਨਿ ਦੇਖਿਤੇ ਸਤਿਗੁਰ ਉੱਠੇ।
ਦੇਨਿ ਹੇਤੁ ਗੁਰਤਾ ਉਰ ਤੁੱਠੇ।
ਤੀਨ ਪ੍ਰਕ੍ਰਮਾ ਕਰਿ ਤਿਹ ਸਮੇਂ।
ਨਾਲਿਯੇਰ ਅਰਪਜੋ ਤਬਿ ਨਮੇਂ ॥੨੧॥
ਪੁਨ ਸਭਿਹਿਨਿ ਕਹੁ ਆਇਸੁ ਦਈ।
'ਜਗ ਗੁਰਤਾ ਅਬਿ ਇਨਹੂੰ ਲਈ।
ਸਰਬ ਉਪਾਇਨ ਉਠਿ ਅਰਪੀਜਹਿ।
ਹਮ ਸਮ ਜਾਨਿ ਬੰਦਨਾ ਕੀਜਹਿ ॥੨੨॥
ਮਾਲਿਕ ਲੋਕ ਪ੍ਰਲੋਕਹਿਂ ਕੇਰਾ।
ਫਲ ਪ੍ਰਾਪਤਿ ਜਿਹ ਭਾਉ ਘਨੇਰਾ।
ਸਕਲ ਭਾਂਤਿ ਕਰਿਬੇ ਸਮਰੱਥ।

---

[1]ਕਪੜੇ। [ਹਿੰਦੀ ਬਾਗਾ = ਇਕ ਪ੍ਰਕਾਰ ਦਾ ਗੋਡਿਆਂ ਤੱਕ ਲੰਮਾ ਜਾਮਾ]

ਭੰਜਨ ਘੜਨ ਇਨਹੁं ਕੇ ਹੱਥ' ॥੨੩॥
ਇਮ ਸੁਨਿ ਉਠੇ ਮਸੰਦ ਅਨੇਕ।
ਕਰਿ ਕਰਿ ਬੰਦਨ ਜਲਧਿ ਬਿਬੇਕ।
ਅਰਪਨਿ ਲਗੇ ਉਪਾਇਨ ਸਾਰੇ।
ਜੈ ਜੈ ਕਾਰ ਸੁ ਬਾਕ ਉਚਾਰੇ ॥੨੪॥
ਹੋਤਿ ਭਯੋ ਉਤਸਾਹ ਬਿਸਾਲਾ।
ਨਮੋ ਸਕਲ ਕੀਨਸਿ ਤਿਹ ਕਾਲਾ।
ਚਮਰ ਚਾਰੁ ਢੋਰਤਿ ਚਹੁੰ ਓਰ।
ਅਨਿਕ ਭਏ ਸੰਖਨਿ ਕੇ ਸ਼ੋਰ ॥੨੫॥
ਦਰ ਪਰ ਬਾਜਿ ਉਠੇ ਸ਼ਦਿਯਾਨੇ।
ਮੰਗਤ ਜਨ ਧਨ ਪਾਇ ਮਹਾਨੇ।
ਗਾਵਹਿਂ ਸ਼ਬਦ ਰਬਾਬੀ ਘਨੇ।
ਸੁਨਹਿ ਜੁ ਹਿਤ ਕਰਿ ਕਲਮਲ ਹਨੇ ॥੨੬॥
ਮੰਗਲ ਵਸਤੁ ਅਨੇਕ ਪ੍ਰਕਾਰਾ।
ਕੀਰਤਿਪੁਰਿ ਮਹਿਂ ਕਰਤਿ ਉਦਾਰਾ।
ਅਧਿਕ ਤਿਹਾਵਲ ਆਇ ਹਜ਼ੂਰ।
ਬਾਂਟਤਿ ਸਭਿਨਿ ਨਿਕਟਿ ਅਰੁ ਦੂਰ ॥੨੭॥
ਤਖਤ ਗੁਰੂ ਹਰਿਕ੍ਰਿਸ਼ਨ ਬਿਠਾਏ।
ਸੁਨਿ ਸੁਨਿ ਕੀਨੇ ਅਧਿਕ ਬਧਾਏ।
ਝਲਮਲ ਝਮਕਤਿ ਝੂਲਤਿ ਝੰਡਾ।
ਭਈ ਬੰਦੂਕਨਿ ਸ਼ਲਖ ਪ੍ਰਚੰਡਾ ॥੨੮॥
ਧੁਜਨੀ ਮਹਿਂ ਧੌਸੇ ਧੁੰਕਾਰੇ।
ਬਾਜ ਉਠੇ ਜੈਕਾਰ ਉਚਾਰੇ।
ਇਮ ਲਘੁ ਸੁਤ ਕੋ ਗੁਰਤਾ ਦੈ ਕੈ।
ਪ੍ਰਗਟ ਕਰਯੋ ਉਤਸਾਹ ਬਧੈ ਕੈ ॥੨੯॥
ਤਜਾਗਨਿ ਕੀਨਸਿ ਬਡੋ ਜੁ ਤਾਤ।
ਸਭਿ ਸੰਗਤਿ ਮਹਿਂ ਭਾ ਬੱਖਯਾਤ।
ਦਿਵਸ ਆਗਲੇ ਸਤਿਗੁਰ ਧੀਰ।
ਤਜਿਬੇ ਕੋ ਭਏ ਤਯਾਰ ਸਰੀਰ ॥੩੦॥
ਸੁੰਦਰ ਮੰਦਰ ਅੰਦਰ ਬਾਹਰ।
ਲਿਪਵਾਇਵ ਤੂਰਨ ਕਰਿ ਆਹਰ।
ਸਕਲ ਸੁਗੰਧੈਂ ਸੀਚਨਿ ਕਰੀਂ।

ਗਾਵਹਿਂ ਸ਼ਬਦ ਅਧਿਕ ਧੁਨਿ ਭਰੀ ॥੩੧॥
ਸਿਖ ਸੰਗਤਿ ਸਭਿ ਪਹੁੰਚੀ ਪਾਸ।
ਕਰਤਿ ਅਨੇਕ ਖਰੇ ਅਰਦਾਸ।
ਸ਼੍ਰੀ ਗ੍ਰੰਥ ਸਾਹਿਬ ਕੇ ਪਾਠ।
ਹੋਤਿ ਬੇਦ ਧੁਨਿ ਕੇ ਬਹੁ ਠਾਠ[1] ॥੩੨॥
ਜਹਿਂ ਕਹਿਂ ਸਤਿਗੁਰ ਕੇ ਗੁਨ ਕਹੈਂ।
-ਜਗਤ ਉਧਾਰਨਿ ਕੇ ਹਿਤ ਅਹੈ।
ਨਿਜ ਇੱਛਾ ਤੇ ਤਨ ਧਰਿ ਅਪਨੇ।
ਕਰਹਿਂ ਕਦਾਚਿਤ ਦਰਸ ਸੁ ਸੁਪਨੇ ॥੩੩॥
ਕਲਮਲ ਕਸ਼ਟਨਿ ਤੇ ਹੁਇ ਮੋਚਨ।
ਜੇ ਸ਼ਰਧਾ ਧਰਿ ਪਿਖਹਿਂ ਬਿਲੋਚਨ।
ਤਿਨ ਕੀ ਮਹਿਮਾਂ ਬਰਨੈ ਕੌਨ।
ਜਾਇ ਸਮਾਵਹਿ ਆਨੰਦ ਭੌਨ ॥੩੪॥
ਜਿਮ ਘਨ ਅਪਨੋ ਤਨ ਬਿਦਤਾਵੈ।
ਜਲ ਬਰਸਾਇ ਸਿਯਰ[2] ਬਰਤਾਵੈ।
ਸਭਿ ਜਗ ਪਰ ਉਪਕਾਰ ਕਰੰਤਾ।
ਪੋਖਤਿ ਹੈ ਬਹੁ ਤਪਤ ਮਿੰਟਤਾ ॥੩੫॥
ਤਿਮ ਸਤਿਗੁਰ ਜਗ ਬਯਾਕੁਲ ਦੇਖਿ।
ਬਿਸ਼ਯ ਤਪਤ ਤੇ ਤਪਹਿਂ ਵਿਸ਼ੇਖ।
ਪਚਹਿਂ ਪਾਪ ਮਹਿਂ ਪੁਨ ਪੁਨ ਲਾਗੇ।
ਪਰਹਿਂ ਨਰਕ ਮਹਿਂ ਮਹਿਦ ਅਭਾਗੇ ॥੩੬॥
ਤਿਨ ਪਰ ਦਯਾ ਕਰਨਿ ਕੇ ਕਾਰਨ।
ਸਤਿਗੁਰ ਕਰਹਿਂ ਸਰੀਰਨਿ ਧਾਰਨਿ।
ਲਾਖਹੁਂ ਸਿੱਖਜਨਿ ਕਹੁ ਸੁਖ ਦੀਨੇ।
ਹਲਤ ਪਲਤ ਦ੍ਵੈ ਊਜਲ ਕੀਨੇ ॥੩੭॥
ਇਨ ਕੇ ਸਮ ਦਾਤਾ ਕਿਤ ਹੇਰੇ।
ਦੇਵਨ ਆਦਿਕ ਬ੍ਰਿੰਦ ਘਨੇਰੇ।
ਅਲਪ ਸੁਖਨਿ ਕੇ ਹੈਂ ਸਭਿ ਦਾਨੀ।

---

[1]ਜਿਸ ਠਾਠ ਨਾਲ ਵੇਦ ਧੁਨੀਆਂ ਕਰਦੇ ਸਨ, ਉਸ ਤਰ੍ਹਾਂ ਗੁਰੂ ਗ੍ਰੰਥ ਜੀ ਦੇ ਸੁਰ ਬੰਨ੍ਹਕੇ ਪਾਠ ਹੁੰਦੇ ਸਨ। (ਅ) ਜੇ ਇਸ ਦੇ ਅਰਥ ਲਾਈਏ ਕਿ ਨਾਲ ਵੇਦ ਪੜ੍ਹਦੇ ਸਨ ਤਾਂ········ ਵੇਦ ਤਦੋਂ ਪੰਜਾਬ ਵਿਚ ਸਮੱਗ੍ਰ ਰੂਪ ਵਿਚ ਸਨ ਨਹੀਂ? ਹੁਣ ਬੀ ਲੋਕਾਂ ਨੇ ਮੁਕੰਮਲ ਵੇਦ ਜਰਮਨੀ ਤੋਂ ਮੰਗਾਏ ਹਨ, ਤੇ ਪੰਜਾਬ ਵਿਚ ਵੇਦ ਤੇ ਵੇਦ ਪਾਠੀ ਉਸ ਸਮੇਂ ਕਿੱਥੇ ਲੱਭਦੇ ਹਨ?

[2]ਠੰਢਕ।

ਦੁਖ ਮਿੱਸ੍ਰਤ ਨੱਸ੍ਵਰ ਪਹਿਚਾਨੀ[1] ॥੩੮॥
ਹਰਖ ਨ ਸ਼ੋਕ ਨ ਰਾਗ ਨ ਦ੍ਵੈਸ਼ੇ।
ਸਦਾ ਅਲੇਪ ਕਮਲ ਜਲ ਜੈਸੇ।
ਹੰਤਾ, ਮਮਤਾ ਲੇਸ਼ ਨ ਮੋਹੂ।
ਮਾਨ ਨ, ਲੋਭ ਨ, ਕਾਮ ਨ ਕ੍ਰੋਹੂ ॥੩੯॥
ਰਿਦਾ ਏਕ ਰਸ ਪਰਮ ਪੁਨੀਤ।
ਸਤਿ ਚੇਤਨ ਆਨੰਦ ਸੁ ਚੀਤ।
ਦਰਸ਼ਨ ਦੁਰਲਭ ਲੇਹੁ ਦਰਸ ਕਰਿ।
ਕਰ ਜੋਰਹੁ ਬੰਦਹੁ ਪਦ ਸਿਰ ਧਰਿ' ॥੪੦॥
ਇੱਤਜਾਦਿਕ ਉਚਰਤਿ ਗੁਰ ਗੁਨ ਕੋ।
ਕਹਤਿ ਸੁਨਤਿ ਸ਼ਬਦਨਿ ਕੀ ਧੁਨਿ ਕੋ।
ਸ਼੍ਰੀ ਸਤਿਗੁਰ ਪੂਰਨ ਹਰਿਰਾਇ।
ਇਮ ਦਰਸ਼ਨ ਦੇ ਗਏ ਸਮਾਇ ॥੪੧॥
ਕੁਸ਼ ਬਿਸਤਰ[2] ਬਿਸਤਾਰਨਿ ਕੀਨਸਿ।
ਆਸਤਰਨ ਡਸਵਾਇ ਸੁ ਦੀਨਸਿ।
ਤਿਸ ਪਰ ਪੌਢੇ ਸਹਜ ਸੁਭਾਇ।
ਬਦਨ ਜੋਤਿ ਦੂਨੀ ਦਿਪਤਾਇ ॥੪੨॥
ਭਰੇ ਅਨੰਦ ਬਿਲੰਦ ਬਿਲੋਚਨ।
ਸਿੱਖ ਪਿਖਹਿਂ ਕਰਿ ਸੋਚ ਬਿਮੋਚਨਿ[3]।
ਮਹਿਲਾਂ ਸਭਿਨਿ ਕਰਜੋ ਦਰਸੰਨ।
ਬੰਦਹਿਂ ਚਰਨ ਗਈ ਬਚ ਮੰਨਿ ॥੪੩॥
ਸੁੰਦਰ ਬਸਤ੍ਰ ਦੇਹਿ ਪਰ ਤਾਨਾ।
ਬ੍ਰਿਤਿ ਸੰਕੋਚਿ ਕੀਨਿ ਇਕ ਥਾਨਾ।
ਅਨਦ ਆਤਮਾ ਮਾਂਹਿ ਸਮਾਏ।
ਜਿਮ ਜਲ ਮਹਿਂ ਦੀਜੈ ਜਲ ਪਾਏ ॥੪੪॥
ਸ਼੍ਰੀ ਹਰਿਕ੍ਰਿਸ਼ਨ ਸਾਥ ਮਿਲਿ ਗਏ।
ਪੂਰਬ ਕੋ ਸਰੀਰ ਤਜਿ ਦਏ।
ਤਿਸ ਛਿਨ 'ਧੰਨ ਧੰਨ ਗੁਰ' ਹੋਵਾ।
'ਲਿਯੋ ਲਾਭ ਦਰਸ਼ਨ ਜਿਨ ਜੋਵਾ' ॥੪੫॥

---

[1]ਦੁੱਖ ਨਾਲ ਮਿਲੇ ਹੋਏ (ਸੁਖ ਅਤੇ) ਨਾਸ਼ ਹੋਣ ਵਾਲ (ਸੁਖ) (ਤਿਨ੍ਹਾਂ ਦੇ ਦਾਤੇ ਦੇਵਤਿਆਂ ਨੂੰ) ਸਮਝੋ।
[2](ਦਾ) ਵਿਛਾਵਣਾ।
[3]ਸਿੱਖਾਂ ਵੱਲ ਤੱਕ ਕੇ (ਉਨ੍ਹਾਂ ਦੀਆਂ) ਸੋਚਾਂ ਦੂਰ ਕਰ ਰਹੇ ਹਨ।

ਸਕਲ ਜਥਾਵਤ ਬਿਧਿ ਕਰਿਵਾਈ।
ਆਦਿ ਸ਼ਨਾਨ ਕਰਨਿ ਸਮੁਦਾਈ।
ਸਿੱਖਨਿ ਬਹੁਤ ਉਠਾਇ ਬਿਮਾਨ।
ਮਿਲੇ ਸੰਬੂਹ ਸ਼ਬਦ ਕਰਿ ਗਾਨ ॥੪੬॥
ਜਾਇ ਚਿਤਾ ਪਰ ਪੁਨ ਪੌਢਾਏ।
ਜਬਿ ਚੰਦਨ ਤੇ ਸਭਿ ਦਿਸ਼ ਛਾਏ।
ਅੰਤਰ ਧਜਾਨ ਦੇਹ ਹੁਇ ਗਈ।
ਪੀਛੇ ਪਾਵਕ ਪਰਜ੍ਵਲਤਈ[1] ॥੪੭॥
ਕਾਸ਼ਟ ਜਰੇ ਭਸਮ ਤਿਸ ਥਾਵਾ।
ਬੀਨਤਿ ਫੂਲ ਨਹੀਂ ਕੁਛ ਪਾਵਾ।
'ਸ੍ਰੀ ਹਰਿਰਾਇ! ਦੇਤਿ ਸੁਖਦਾਸਾ।
ਕਹਾਂ ਆਪ ਕਰਿ ਗਏ ਤਮਾਸਾ' ॥੪੮॥
ਸਿੱਖਜ ਸੁਭਟ ਸੰਗਤਿ ਬੈਰਾਗੇ।
ਸਿਮਰਿ ਸਿਮਰਿ ਗੁਰ ਗੁਨ ਅਨੁਰਾਗੇ।
ਪੁਨਹਿ ਪਰਸਪਰ ਧੀਰਜ ਧਰਿ ਕੈ।
ਸ੍ਰੀ ਹਰਿਕ੍ਰਿਸ਼ਨ ਸਰੂਪ ਨਿਹਰਿ ਕੈ ॥੪੯॥
ਹੋਤਿ ਪ੍ਰਸੰਨ ਰਹਤਿ ਭੇ ਪਾਸ।
ਤਿਸੀ ਰੀਤਿ ਹੋਵਤਿ ਅਰਦਾਸ।
ਬੈਠਿ ਸੁਹਾਵਤਿ ਭੇ ਗੁਰ ਗਾਦੀ।
ਨਾਨਾ ਭਾਂਤਿ ਪ੍ਰਬਿਰਤਹਿ ਸ਼ਾਦੀ ॥੫੦॥
ਸ੍ਰੀ ਹਰਿਕ੍ਰਿਸ਼ਨ ਜਗਤ ਗੁਰ ਭਏ।
ਦੇਸ਼ ਬਿਦੇਸ਼ਨਿ ਮਹਿਂ ਬਿਦਤਏ।
ਸਰਬੋਤਮ ਕੇ ਤਖਤ ਬਿਰਾਜੇ।
ਜਿਨ ਦਰਸ਼ਨ ਤੇ ਸੰਕਟ ਭਾਜੇ ॥੫੧॥
ਅਪਰ ਜਿ ਸੋਢੀ ਸੰਗਤਿ ਸਿਰ ਜੇ[2]।
ਕਰਤਿ ਪ੍ਰਭਾਵ ਸੁ ਨਿਜ ਨਿਜ ਦਰਜੇ।
ਜਥਾ ਸੁਹਾਵਤਿ ਹੈਂ ਉਡ ਬ੍ਰਿੰਦ।
ਸ੍ਰੀ ਹਰਿਕ੍ਰਿਸ਼ਨ ਸਪੂਰਨ ਚੰਦ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਰਾਇ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਬਿਸੰਤੀ ਅੰਸੂ ॥੨੭॥

---

[1]ਬਾਲ ਦਿੱਤੀ।
[2]ਹੋਰ ਸੋਢੀ ਤੇ ਜੋ ਸੰਗਤਾਂ ਵਿਚ ਮੁਖੀ ਸੇ।

## ੨੮. [ਸ਼੍ਰੀ ਰਾਮਰਾਇ ਜੀ ਦੀ ਈਰਖਾ]

੨੭<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੨੯

ਦੋਹਰਾ: ਅਸ਼ਟਮ ਤਨ ਧਰਿ ਸ਼੍ਰੀ ਗੁਰੂ,
ਤਖਤ ਬਿਰਾਜੇ ਦੀਹ।
ਮੂਰਤਿ ਅਲਪ ਸਰੀਰ ਹੈ,
ਰਿਦਾ ਗੂਢ, ਬਚ ਲੀਹ[1] ॥੧॥

ਸ੍ਵੈਯਾ: ਸੁੰਦਰ ਸੂਰਤ ਮਾਧੁਰੀ ਮੂਰਤਿ,
ਪੂਰਤਿ ਕਾਮਨਾ ਸਿੱਖਜਨਿ ਕੀ।
ਸ਼ਾਂਤਿ ਸਰੂਪ ਧਰੇ ਪ੍ਰਭੁ ਪੂਰਬ,
ਆਠਮ ਦੇਹ ਸੁ ਨੌਤਨ[2] ਕੀ।
ਜਯੋਂ ਮਹਿਪਾਲਕ ਪੋਸ਼ਿਸ਼ ਕੋ ਤਜਿ,
ਪੈ[3] ਪਹਿਰੈ ਹਿਤ ਭਾਂਤਨ ਕੀ[4]।
ਸ਼੍ਰੀ ਹਰਿਕ੍ਰਿਸ਼ਨ ਤਥਾ ਦੁਤਿ ਪਾਵਤਿ
ਸੰਗਤਿ ਪ੍ਰੀਤਿ ਕਰੇ ਮਨ ਕੀ ॥੨॥
ਗੁਰ ਨਾਨਕ ਆਦਿ ਤੇ ਜਯੋਂ ਨਿਸ਼ਚਾ ਮਨ,
ਤਯੋਂ ਬ੍ਰਹਮ ਗਯਾਨ ਮਹਾਂ ਰਸ ਹੋਵਾ।
ਸਿਖ ਸੰਗਤ ਕੇ ਅਘ ਨਾਸ਼ਨਿ ਕੋ
ਦਰਸੰਨ ਦਿਖਾਇ, ਭਲੇ ਦੁਖ ਖੋਵਾ।
ਪਰ ਪੌਤ੍ਰ ਗੁਰੂ ਹਰਿਗੋਵਿੰਦ ਕੋ,
ਗੁਰਤਾ ਕਹੁ ਭਾਰ ਸਹਾਰਿ ਖਰੋਵਾ।
ਗਨ ਮੇਲ ਮਸੰਦ ਬਿਲੰਦ ਮਿਲੇ ਜਿਮ
ਸ਼੍ਰੀ ਹਰਿਰਾਇ, ਸਭੈ ਤਿਮ ਜੋਵਾ ॥੩॥
ਨਿਜ ਪਾਸ ਕਰੈਂ ਅਰਦਾਸ ਤਿਸੀ ਬਿਧਿ,
ਪਾਇਨਿ ਪੰਕਜ ਸੀਸ ਨਿਵਾਵੈਂ।
ਗਨ ਆਨਿ ਉਪਾਇਨ ਕੋ ਅਰਪੈਂ,
ਮਨ ਕਾਮਨਾ ਆਪ ਅਨੇਕ ਉਠਾਵੈਂ।
ਸਮੁਦਾਇ ਸਦਾ ਮਨ ਬਾਂਛਤਿ ਪਾਵਤਿ
ਜਯੋਂ ਧਰਿ ਭਾਵਨਾ ਕੋ ਢਿਗ ਆਵੈਂ।
ਨਿਜ ਸਿੱਖਜਨਿ ਕੀ ਬਹੁ ਸ਼੍ਰੇਯ ਕਰੈਂ

---

[1]ਅੰਮ੍ਰਿਤ (ਵਰਗੇ) [ਸੰਸ: ਲੇਹਯ = ਅੰਮ੍ਰਿਤ। (ਅ) ਬਚਨ ਪੂਰਨੇ ਹਨ। [ਪੰਜਾ, ਲੀਹ = ਲੀਕ, ਪੂਰਨੇ]
[2]ਨਵੀਨ (ਸਰੀਰ ਧਰਿਆ)।
[3]ਫ਼ਿਰ, ਹੋਰ।
[4]ਹਿਤ ਕਰਕੇ ਕਈ ਤਰ੍ਹਾਂ ਦੀ।

ਉਪਦੇਸ਼ਤਿ ਗ੍ਯਾਨ ਕੋ ਭੇਵ ਜਨਾਵੈਂ ॥੪॥

ਕਬਿੱਤ: ਦੁੱਖ ਹਰਿ ਲੇਤਿ, ਸਿਖ ਬਾਂਛਤਿ ਕੋ ਦੇਤਿ ਗੁਰ,
ਸੱਤਜਨਾਮ ਹੇਤੁ[1] ਲਾਇ ਚੇਤਨਾ[2] ਚਿਤਾਵਈ[3]।
ਮਨ ਕੇ ਬਿਕਾਰ ਨਾਸ਼ ਕਰੈਂ ਏਕ ਬਾਰ ਗਨ
ਧੀਰਜ ਧਰਮ, ਦਯਾ ਗੁਨ ਕੋ ਬਧਾਵਈਂ।
ਸਮਤਾ, ਸੰਤੋਖ ਸੋਂ ਸੰਤੋਖ ਸਿੰਘ ਰਿਦੇ ਬਾਸ
ਸਿੱਖੀ ਕੋ ਪ੍ਰਕਾਸ਼ ਨੀਕੇ ਸੁਗਮ ਬਤਾਵਈਂ।
ਜਾਨਿ ਸਿੱਖ ਆਪਨੋ, ਹਰਤਿ ਤੀਨ ਤਾਪਨੋ,
ਬਿਨਾਂ ਹੀ ਤਪ ਤਾਪਨੋ ਸੁ ਫਲ ਮਹਾਂ ਪਾਵਈਂ ॥੫॥
ਆਇ ਦੇਸ਼ ਦੇਸ਼ ਤੇ ਬਿਸ਼ੇਸ਼ ਭੇਟ ਦੇਯ ਨਿਜ,
ਦਰਸ ਅਸ਼ੇਸ਼ ਲੇ, ਕਲੇਸ਼ਨਿ ਬਿਨਾਸਤੇ।
ਪਸਰਯੋ ਸੁਜਸੁ ਜਹਾਂ ਕਹਾਂ ਸਭਿ ਲੋਕ ਕਰੈਂ
-ਬਾਲਕ ਸਰੂਪ ਤੇਜ ਅਧਿਕ ਪ੍ਰਕਾਸ਼ਤੇ-।
ਧਰਾ ਸਿੰਧੁ ਮੇਖਲਾ ਸਕਲ ਥਾਨ ਮਾਨੈਂ ਮਨ,
ਆਨਿਤ ਮਨੌਤ ਕੋ ਮਨੋਰਥ ਕੇ ਵਾਸਤੇ[4]।
ਭੀਰ ਆਸ ਪਾਸ ਤੇ ਨ ਤਜਾਗੈਂ ਸੁਖ ਆਸ ਤੇ[5],
ਸ਼ਬਦ ਕੇ ਬਿਲਾਸ ਤੇ ਭਗਤ ਮੈਂ ਹੁਲਾਸਤੇ ॥੬॥
ਗੁਰੂ ਹਰਿਕ੍ਰਿਸ਼ਨ ਬਿਦਤਿ ਭਏ ਪੁਰਿ ਪੁਰਿ,
ਸੰਗਤਿ ਅਨੇਕ ਇਕ ਆਵਹਿ ਇਕ ਜਾਤਿ ਹੈ।
ਕੀਰਤਿ ਕਰਤਿ, ਦੁਖ ਹਰਤਿ ਦਰਸ ਕਰਿ,
ਪਰਮ ਪ੍ਰਸੰਨਤਾ ਕੋ ਉਰ ਉਪਜਾਤਿ ਹੈ।
ਜ਼ੇਵਰ ਜਰਾਵ ਜਰਯੋ ਜ਼ਾਹਰ ਜਗਤ ਜੋਤਿ
ਜ਼ੇਬ ਦੇ ਅਜਾਇਬ ਜਬਰ ਜਾਨੈਂ ਜਾਤਿ ਹੈਂ।
ਗ੍ਯਾਨ ਅਵਦਾਤ ਹੈਂ[6], ਅਨੰਦ ਉਮਗਾਤ ਹੈਂ,
ਬਿਲੰਦ ਸਭਿ ਭਾਂਤਿ ਹੈਂ, ਮਨਾਵੈਂ ਸਭਿ ਜਾਤਿ ਹੈਂ[7] ॥੭॥

---

[1](ਵਿਚ) ਪ੍ਰੇਮ।
[2]ਬੁਧੀ ਵਿਖੇ।
[3]ਯਾਦ ਕਰਾਂਵਦੇ ਹਨ।
[4]ਸਮੁੰਦਰ ਨਾਲ ਘੇਰੀ ਹੋਈ ਧਰਤੀ ਦੇ ਸਭ ਥਾਵਾਂ ਵਿਚ ਮਨ ਕਰਕੇ ਮੰਨਦੇ ਹਨ, ਤੇ ਮਨੋਰਥਾਂ ਦੀ (ਪੂਰਨਾ) ਵਾਸਤੇ ਮਨੌਤਾਂ ਲੈ ਕੇ ਆਉਂਦੇ ਹਨ।
[5]ਸੁਖ ਦੀ ਆਸ਼ਾ ਵਿਚ ਭੀੜ ਕੋਲੋਂ ਹਟਦੀ ਨਹੀਂ।
[6]ਸ਼ੁਧ ਗਿਆਨ (ਸਰੂਪ) ਹੈਨ।
[7]ਸਭ ਜ਼ਾਤਾਂ ਮੰਨਾਂਦੀਆਂ ਹਨ।

ਦੋਹਰਾ: ਕਿਤਿਕ ਕਾਲ ਬੀਤਤਿ ਭਯੋ, ਗੁਰਤਾ ਲਘੁ ਸੁਤ ਦੀਨਿ।
ਰਾਮਰਾਇ ਬਡ ਪੁੱਤ੍ਰ ਸੁਨਿ, ਪਛੁਤਾਵਤਿ ਮਨ ਦੀਨ ॥੮॥
ਸ੍ਵੈਯਾ: 'ਦੇਖੋ ਕਹਾਂ ਇਹ ਬਾਤ ਭਈ,
ਪਹਿਲੇ ਮੁਝ ਕੋ ਬਹੁ ਦੇ ਬਡਿਆਈ।
ਮਾਥ ਪੈ ਹਾਥ ਧਰਜੋ ਹਿਤ ਸਾਥ
ਕਰਜੋ ਸਮਰੱਥ, ਲਖਜੋ ਸਮੁਦਾਈ।
ਕੀਨਿ ਕ੍ਰਿਪਾ ਸ਼ਕਤੀ ਬਡ ਦੀਨਿ
-ਜਥਾ ਕਹਿ ਬਾਕ ਤਥਾ ਹੁਇ ਜਾਈ-।
ਆਪ ਪ੍ਰਸੰਨ ਹ੍ਵੈ ਮੋਹਿ ਪਠਜੋ
ਇਤ ਸੰਗਤਿ ਸਿੱਖਨਿ ਸੰਗ ਰਲਾਈ ॥੯॥
ਮੈਂ ਪੁਰਿ ਆਇ ਕੈ ਸ਼ਾਹੁ ਕੇ ਸਾਥ
ਮਿਲਜੋ ਸਭਿ ਰੀਤਿ ਕੇ ਕਾਜ ਸਵਾਰੇ।
ਰਾਖਜੋ ਭਲੋ ਰਸ ਰੰਗ ਇਹਾਂ,
ਧਨ ਲੀਨੋ ਸਮੂਹ ਸਦਾ ਸੁਖ ਭਾਰੇ।
ਆਪਨੋ ਦੀਹ ਪ੍ਰਤਾਪ ਦਿਖਾਇ ਕੈ
ਸਿੱਖੀ ਕੀ ਰੀਤ ਮਹਾਂ ਬਿਸਤਾਰੇ।
ਸੇਵਕ ਸਿੱਖਜ ਹਜ਼ਾਰੋਂ ਕਰੇ
ਗੁਰ ਕੀਰਤਿ ਕੋ ਬਿਥਰਾਇ ਅਪਾਰੇ' ॥੧੦॥
ਬਹਿਲੋ ਕੁਲ ਕੌ ਗੁਰਦਾਸ ਹੁਤੋ
ਕਰ ਜੋਰਿ ਕੈ ਬਾਕ ਕਹਜੋ ਸਮੁਝਾਈ।
'ਪਛੁਤਾਵਤਿ ਕਜੋਂ ਤੁਮ ਜੇਸ਼ਟ ਨੰਦਨ!
ਆਪ ਗੁਰੂ ਨੇ ਦਈ ਬਡਿਆਈ।
ਜਗ ਮੈਂ ਸਮੁਦਾਇ ਭਏ ਸਿਖ ਸੇਵਕ
ਆਵਤਿ ਭੇਟ ਤੇ ਤੋਟ ਨ ਕਾਈ।
ਇਸ ਤੇ ਬਹੁ ਕਜਾ ਚਿਤ ਮੈਂ ਅਬਿ ਚਾਹਤ
ਮਾਨੈਂ ਮਨੌਤ ਕੋ ਸੀਸ ਨਿਵਾਈ ॥੧੧॥
ਜੋ ਸਗਰੇ ਜਗ ਕੋ ਅਬਿ ਮਾਲਿਕ
ਨੌਰੰਗ ਸ਼ਾਹ ਪ੍ਰਤਾਪਿ ਬਿਸਾਲਾ।
ਤਾਂ ਸੰਗ ਰਾਵਰ ਕੋ ਬਹੁ ਮੇਲ
ਸਭਾ ਮਹਿੰ ਜਾਤਿ, ਲਗੈ ਜਿਸ ਕਾਲਾ।
ਸਾਦਰ ਦੇਤਿ ਬਡਾਈ ਬਡੀ
ਨਿਤ ਬੂਝਨਿ ਬੋਲਨਿ ਹੋਤਿ ਰਸਾਲਾ।

ਸ੍ਰੀ ਹਰਿ ਗੋਵਿੰਦ ਕੇਰ ਮਨਿੰਦ
ਬਿਠਾਵਤਿ ਊਚ ਜਹਾਂ ਨਰ ਜਾਲਾ ॥੧੨॥
ਦੇਤਿ ਅਜਾਇਬ ਹੀ ਫੁਰਮਾਇਸ਼
ਜੋ ਦੁਸ਼ ਪ੍ਰਾਪਤ ਹਾਥ ਨ ਆਵੈ[1]।
ਸੋ ਅਰਪੈ ਤੁਮ ਕੋ ਧਰਿ ਭਾਉ
ਰਹੋ ਬਿਚ ਡੇਰੇ ਹੀ ਆਪ ਪਠਾਵੈ।
ਕੌਨ ਕਰੈ ਗਿਨਤੀ ਧਨ ਕੀ
ਜਬਿ ਕੇ ਪੁਰਿ ਆਇ ਹੋ ਰੋਜ ਚਢਾਵੈ।
ਆਜ ਕਮੀ ਤੁਮ ਕੋ ਕੁਛ ਨਾਂਹਿਨ
ਸ਼ਾਹੁ ਸਦਾ ਉਰ ਕੋ ਹਰਖਾਵੈ ॥੧੩॥
ਜੇ ਸਿਖ ਸੰਗਤਿ ਹੈਂ ਜਗ ਮੈਂ
ਬਿਦਤਜੋ ਸਭਿ ਮੈਂ ਗੁਰਤਾ ਪਦ ਪਾਏ।
ਹੋਵਤਿ ਆਪ ਹੀ ਗਾਦੀ ਦਈ
ਜਬਿ ਦੇ ਸ਼ਕਤੀ ਢਿਗ ਸ਼ਾਹੁ ਪਠਾਏ।
ਦੇਖਹੁ ਕਯੋਂ ਨ ਬਿਚਾਰਿ ਭਲੇ
ਤੁਮ ਆਇਸੁ ਪਾਇ ਜਬੈ ਇਤ ਆਏ।
ਕਜਾ ਤਬਿ ਥੇ ਅਬਿ ਕੈਸੇ ਭਏ,
ਸਭਿ ਰੀਤਿ ਕੇ ਦੀਹ ਸਮਾਜ ਬਧਾਏ' ॥੧੪॥
ਸ੍ਰੀ ਹਰਿਰਾਇ ਕੋ ਪੁੱਤ੍ਰ ਬਿਸਾਲ
ਸੁਨੇ ਬਚ ਧੀਰਜ ਕੇ ਜੁ ਕਹੇ।
ਹੋਤਿ ਪ੍ਰਸੰਨ ਭਯੋ ਨ ਤਊ
ਮੁਰਝਾਇ ਰਹਜੋ ਚਿਤ ਚਿੰਤ ਲਹੇ।
'ਭੋ ਗੁਰਦਾਸ! ਉਚਾਰਤਿ ਜੋਗ
ਤਥਾਪਿ ਸੁਨੋ ਉਰ ਮੋਰ ਦਹੇ।
ਆਪ ਗੁਰੂ ਪਿਤ ਨੇ ਇਤ ਓਰ
ਪਠਾਵਨਿ ਕੀਨਿ ਅਵੱਸ਼ਜ ਚਹੇ ॥੧੫॥
ਜੇ ਇਤ ਓਰ ਨ ਆਵਤਿ ਮੈਂ ਤਬਿ
ਸ਼ਾਹੁ ਰਿਸੈ ਰਿਪੁ ਦੀਹ ਸਮਾਨਾ।
ਬ੍ਰਿੰਦ ਅਨੀਕ ਪਠਾਵਤਿ ਫੇਰ

[1]ਅਚਰਜ ਤੇ ਕਠਨਤਾ ਨਾਲ ਪ੍ਰਾਪਤ ਹੋਣ ਵਾਲੀਆਂ ਵਸਤੂਆਂ ਜੋ ਹੱਥ ਨਹੀਂ ਆਉਂਦੀਆਂ, ਤੁਸਾਡੀ ਫੁਰਮਾਇਸ਼ (ਕਰਨ ਨਾਲ ਹੀ) ਦੇ ਦੇਂਦਾ ਹੈ। (ਅ) ਜੋ ਅਜੀਬ ਹਨ, ਕਠਨ ਪ੍ਰਾਪਤ ਹਨ, ਫੁਰਮਾਯਸ਼ ਨਾਲ ਬੀ ਹੱਥੀਂ ਨਹੀਂ ਆਉਂਦੀਆਂ, ਦੇਂਦਾ ਹੈ।

ਬਡੋ ਜਿਹ ਓਜ ਰਿਦੇ ਗਰਬਾਨਾ।
ਪੀਰ ਫਕੀਰਨਿ ਸੋਂ ਬਿਗਰੈ
ਇਹ ਠਾਨਤਿ ਦ੍ਵੈਸ਼ਨਿ ਬਾਦੀ ਮਹਾਨਾ।
ਤ੍ਰਾਸ ਕਰੈ ਨਹਿਂ ਤਾਂ ਗਹਿ ਲੇਤਿ,
ਬਡੋ ਪੁਨ ਤਾੜਤ ਜਯੋਂ ਅਨਜਾਨਾ[1] ॥੧੬॥
ਜੇ ਪੁਰਿ ਕੀਰਤਿ ਜਾਤਿ ਚਮੂੰ
ਤਬਿ ਕਜਾ ਕਰਤੇ ਨਹਿਂ ਹੋਤਿ ਉਪਾਈ।
ਸ੍ਰੀ ਗੁਰ ਨੇ ਪ੍ਰਣ ਧਾਰਯੋ ਹੁਤੋ
-ਸੁ ਮਲੇਛ ਕੈ ਪਾਸ ਨ ਜਾਹਿਂ ਕਦਾਈ।
ਨਾ ਦਰਸੈਂ ਤਿਸ ਆਨਨ ਕੋ
ਅਪਨੋ ਦਰਸੰਨ ਨਹੀਂ ਦਰਸਾਈਂ-।
ਬੈਠਨਿ ਬੋਲਨਿ ਕਯੋਂ ਬਨਿ ਹੈ
ਜਬਿ ਯੌਂ ਅਭਿਲਾਖ ਰਿਦੇ ਮੈਂ ਉਠਾਈ ॥੧੭॥
ਕੋਸ ਹਜ਼ਾਰ ਦ੍ਵੈ ਊਪਰ ਸੌ ਪੁਨ
ਰਾਜ ਕਰੈ ਇਹ ਸ਼ਾਹ ਚੁਗੱਤਾ।
ਬਾਈਸ ਲਾਖ ਚਮੂੰ ਸੰਗ ਹੈ
ਬਲਵਾਨ ਬਡੋ ਸੋ ਹੰਕਾਰ ਮੈਂ ਮੱਤਾ।
ਪੰਚ ਦੁਗੁਨ ਹਜ਼ਾਰ[2] ਹੈਂ ਤੋਪ
ਸਕੋਪ ਚਢੈ ਕਰਿ ਲੋਚਨ ਰੱਤਾ।
ਤੈਸੇ ਪਚਾਸ ਹਜ਼ਾਰ ਜਮੂਰੇ ਹੈਂ
ਛੂਟੇ ਤੇ ਛੋਨੀ ਮਹਾਂ ਧਮਕੱਤਾ ॥੧੮॥
ਕੌਣ ਅਰੈ ਇਹ ਸੰਗ ਲਰੈ
ਸਭਿ ਦੇਸ਼ ਡਰੈ ਭਰ ਦੇਤਿ ਹੈ ਹਾਲਾ।
ਭੂਪਤਿ ਜੇ ਰਜਪੂਤ ਹੁਤੇ
ਕਰਿ ਤ੍ਰਾਸ ਗਏ ਦਬਿ, ਦੇਖਿ ਕਰਾਲਾ।
ਦੋਹੀ ਫਿਰੈ ਇਸ ਕੀ ਸਭਿ ਦੇਸ਼ਨਿ,
ਦੋਸ਼ ਬਿਲੋਕਤਿ ਦੇਤਿ ਨਿਕਾਲਾ।
ਬਾਦ ਕਰੈ ਹਠ ਧਾਰਿ ਬਡੋ
ਗੁਰ ਪੀਰ ਤੇ ਤ੍ਰਾਸਤਿ ਨਾ ਕਿਸ ਕਾਲਾ ॥੧੯॥
ਸ਼ਹਾਜਹਾਂ ਜਬਿ ਸ਼ਾਹ ਹੁਤੋ

---

[1](ਉਨ੍ਹਾਂ ਪੀਰਾਂ ਫਕੀਰਾਂ ਨੂੰ) ਤਾੜਦਾ ਹੈ ਅਨਜਾਣਾਂ ਵਾਂਙੂੰ।
[2]ਦਸ ਹਜ਼ਾਰ ਤੋਪਾਂ।

ਤਿਹ ਸੰਗ ਬਿਰੋਧ ਭਯੋ ਗੁਰ ਕੋ।
ਜੰਗ ਭਯੋ, ਬਲ ਧਾਰਿ ਬਡੋ
ਹਥਿਆਰ ਪ੍ਰਹਾਰ ਕਰੈਂ ਅਰਿ ਕੋ।
ਆਨਿ ਲਰਯੋ ਦਲ ਤੀਰ ਸੁਧਾਸਰ,
ਪਾਇ ਫਤੇ ਸੁ ਦਯੋ ਡਰ ਕੋ[1]।
ਜੰਗਲ ਬੀਚ ਪ੍ਰਵੇਸ਼ ਭਏ
ਪੁਨ ਦ੍ਵੈ ਹਯ ਲੇ ਕਿਯ ਸੰਘਰ[2] ਕੋ ॥੨੦॥
ਸ੍ਰੀ ਕਰਤਾਰਪੁਰੇ ਰਣ ਕੀਨਸਿ
ਪੈਂਦੇ ਕੇ ਸੰਗ ਅਨੇਕ ਸੰਘਾਰੇ।
ਸ਼ਾਹਜਹਾ ਕਰਿ ਟਾਲ ਰਹਾ,
ਹਠ ਨਾਂਹਿ ਕਰਯੋ ਹਟਿ ਗਾ ਜਿਮ ਹਾਰੇ।
ਸ੍ਰੀ ਹਰਿਗੋਵਿੰਦ ਜੋਧੇ ਮਹਾਂ
ਜਿਨ ਕੋ ਬਡ ਡੀਲ ਬਡੋ ਬਲ ਧਾਰੇ।
ਸੈਨ ਬਡੀ, ਉਤਸਾਹ ਬਡੋ,
ਨਿਜ ਬੈਰ ਪੁਜਾਇ ਮਹਾਂ ਰਿਪੁ ਮਾਰੇ ॥੨੧॥
ਸ਼ਾਹਿਜਹਾਂ ਤੇ ਬਡੋ ਇਹ ਸ਼ਾਹ
ਬਿਲੰਦ ਬਲੀ ਧੁਜਨੀ ਸੁ ਬਨਾਈ।
ਪੀਰ ਫਕੀਰਨਿ ਤੇ ਨ ਡਰੈ,
ਕਰਿ ਬਾਦ ਗਹੈ ਤਿਸ ਦੇ ਮਰਿਵਾਈ।
ਧਾਰਿ ਰਿਦੇ ਜਿਦ ਨਾਹਕ ਦਰਪ ਤੇ[3]
ਰੈਲ ਪਰੈ ਨ ਟਰੈ ਹਠ ਪਾਈ।
ਯਾਂ ਤੇ ਪੁਗੈ ਨਹਿਂ ਬੈਰ ਇਸੀ ਸੰਗ,
ਮੈਂ ਨਹਿਂ ਆਇ ਜਿ, ਕਯੋਂ ਬਨਿ ਆਈ[4] ॥੨੨॥
ਔਰ ਅਨੇਕ ਹੁਤੇ ਬਿਘਨਾ ਸਭਿ
ਦੂਰ ਕਰੇ ਢਿਗ ਸ਼ਾਹੁ ਮੈਂ ਆਯੋ।
ਬਾਸ ਕਰਯੋ ਸੁਖ ਸੋਂ ਪੁਰਿ ਕੀਰਤ[5],
ਸੇਵਕ ਕੇ ਸਮ ਸ਼ਾਹੁ ਬਨਾਯੋ।
ਬ੍ਰਿੰਦ ਲੀਓ ਧਨ ਆਪ ਪੁਜਾਇ ਕੈ

---

[1]ਭਾਵ ਛੇਵੇਂ ਗੁਰੂ ਜੀ ਨੇ।
[2]ਜੰਗ।
[3]ਹੰਕਾਰ ਨਾਲ।
[4]ਜੇ ਮੈਂ ਨਾ ਆਉਂਦਾ ਤਾਂ ਕਿਵੇਂ (ਸ਼ਾਹ ਨਾਲ) ਬਣ ਆਉਂਦੀ।
[5]ਭਾਵ ਪਿਤਾ ਗੁਰੂ ਜੀ ਨੇ।

ਸ਼੍ਰੀ ਗੁਰ ਕੋ ਬਹੁ ਭਾਉ ਬਧਾਯੋ।
ਲਾਯਕੀ[1] ਯੌਂ ਸਭਿ ਰੀਤਿ ਕਰੀ
ਪਿਤ ਸ਼੍ਰੀ ਗੁਰ ਕ੍ਰੋਧ ਹ੍ਵੈ ਮੋਹਿ ਹਟਾਯੋ ॥੨੩॥
ਲਘੁ ਨੰਦਨ ਮੈਂ ਗੁਨ ਕੌਨ ਲਖੇ
ਸਭਿ ਸੰਗਤਿ ਮੈਂ ਜਿਸ ਦੇ ਬਡਿਆਈ।
ਹੁਇ ਆਪ ਖਰੇ ਗੁਰਤਾ ਅਰਪੀ
ਪੁਨ ਸੇਵਕ ਬ੍ਰਿੰਦਨਿ ਪਾਇੰ ਲਗਾਈ।
ਸਭਿ ਪੁੰਜ ਮਸੰਦਨਿ ਕੋ ਕਹਿ ਕੈ
ਅਰਪਾਇ ਉਪਾਇਨ ਕੋ ਸਮੁਦਾਈ।
ਰਿਪੁ ਕੇ ਸਮ ਜਾਨਿ ਨਹੀਂ ਸਿਮਰਜੋ ਮੁਝ,
ਐਸ ਬਿਚਾਰਤਿ ਮੈਂ ਦੁਖ ਪਾਈ ॥੨੪॥
ਮੈਂ ਅਬਿ ਕਾਨ ਸੁਨੀਂ ਬਹੁ ਪਾਸ ਤੇ
ਸੰਗਤਿ ਬ੍ਰਿੰਦ ਹੀ ਆਵਤਿ ਹੈ।
ਕਾਬਲ ਔ ਕਸ਼ਮੀਰ ਤੇ ਆਦਿਕ
ਦੇਸ਼ ਬਿਸਾਲ ਸੁਹਾਵਤਿ ਹੈਂ।
ਆਗੇ ਮਸੰਦ ਹ੍ਵੈ ਲਜਾਵਤਿ ਸਿਖਜਨਿ
ਭੇਟ ਸਮੂਹ ਚਢਾਵਤਿ ਹੈਂ।
ਭੀਰ ਰਹੈ ਪੁਰਿ ਕੀਰਤਿ ਮੈਂ
ਨਿਤ ਕੀਰਤਿ ਉੱਜਲ ਗਾਵਤਿ ਹੈਂ ॥੨੫॥
ਮੋ ਤੇ ਬਿਸਾਲ ਪ੍ਰਤਾਪ ਭਯੋ ਤਿਸ,
ਯੌਂ ਸੁਨਿ ਮੋਹਿ ਨ ਚੈਨ ਪਰੈ।
ਰੈਨ ਦਿਨਾ ਚਿਤ ਚਿੰਤ ਬਧੈ,
ਅਸ ਹੋਇ ਨ, ਮੋ ਸਭਿ ਤਜਾਗ ਕਰੈਂ।
ਲੋਕਨਿ ਕੇਰ ਸੁਭਾਵ ਅਹੈ,
ਅਵਿਲੋਕਤਿ ਆਪ ਮੈਂ ਰੀਸ ਧਰੈਂ।
ਪੂਜਨ ਤਾਂਹਿ ਨਹੀਂ ਲਗਿ ਜਾਹਿੰ,
ਜੁ ਹੈਂ ਮਮ ਸੇਵਕ ਸੋ ਨ ਟਰੈਂ’ ॥੨੬॥

ਦੋਹਰਾ: ਰਾਮਰਾਇ ਉਰ ਈਰਖਾ, ਲਘੁ ਭ੍ਰਾਤਾ ਸੰਗ ਧਾਰਿ।
ਚਿਤਵਤਿ ਅਨਿਕ ਉਪਾਇ ਕੋ, ਨਿਤ ਚਿਤ ਚਿੰਤ ਮਝਾਰ ॥੨੭॥

ਇਤਿ ਸ਼੍ਰੀ ਗੁਰ ਪ੍ਰਾਤਪ ਸੂਰਜ ਗ੍ਰਿੰਥੇ ਦਸਮਿ ਰਾਸੇ ‘ਸ਼੍ਰੀ ਰਾਮਰਾਇ’ ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

---

[1](ਮੈਂ) ਲਾਇਕੀ (ਕੀਤੀ)।

## ੨੯. [ਸ੍ਰੀ ਰਾਮਰਾਇ ਜੀ ਦੀ ਈਰਖਾ]

੨੮<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੦

ਦੋਹਰਾ: ਸ਼੍ਰੀ ਹਰਿਰਾਇ ਤਨੁਜ ਤੇ[1],
ਸੁਨਿ ਭਾਈ ਗੁਰਦਾਸ।
ਅਪਰ ਮਸੰਦ ਜਿ ਮੁਖਿ ਹੁਤੇ,
ਕਰਤਿ ਭਏ ਅਰਦਾਸ ॥੧॥

ਸੈਯਾ ਛੰਦ: 'ਕਜੋਂ ਤੁਮ ਹੌਲ ਕਰਤਿ ਹਹੁ ਉਰ ਮਹਿਂ,
ਚਿਤ ਅਤਿ ਚਿੰਤਾ ਮਹਿਂ ਪਛੁਤਾਇ।
ਸਾਵਧਾਨ ਹੁਇ ਸਭਿ ਸੁਖ ਪਾਵਹੁ
ਅਪਨੋ ਸੁਜਸੁ ਪ੍ਰਤਾਪ ਬਧਾਇ।
ਸਿਖ ਸੇਵਕ ਸਮੁਦਾਇ ਤੁਮਾਰੇ
ਸ਼ਰਧਾਲੂ ਸਦ ਹੀ ਚਲਿ ਆਇਂ।
ਪਾਇਂਨਿ ਨਿਮਹਿਂ, ਉਪਾਇਨ ਅਰਪਹਿਂ,
ਡਰਪਹਿਂ ਗੁਰ ਕੀ ਵਸਤੁ ਚਢਾਇ ॥੨॥

ਬ੍ਰਿੰਦ ਮਸੰਦ ਸੰਗਤਾਂ ਮਾਂਹੀ
ਕਰਹੁ ਪਠਾਵਨਿ ਸਗਰੇ ਦੇਸ਼।
ਸਿੱਖੀ ਕਉ ਨਿਤਪ੍ਰਤਿ ਬਿਸਤਾਰਹਿਂ
ਤੁਮਰੀ ਦਿਸ਼ਿ ਕੋ ਦੇ ਉਪਦੇਸ਼।
-ਸ਼੍ਰੀ ਸਤਿਗੁਰ ਕੋ ਜੇਠੋ ਨੰਦਨ
ਨਿਮਹਿ ਸ਼ਾਹੁ ਜਿਹ ਚਰਨ ਹਮੇਸ਼।
ਕਰਾਮਾਤ ਕੇ ਧਨੀ ਸੰਪੂਰਨ
ਜਿਨ ਮਹਿਂ ਜਾਗਤ ਜੋਤਿ ਵਿਸ਼ੇਸ਼ ॥੩॥

ਬਹੁਤ ਬਾਰ ਅਜ਼ਮਤ ਦਿਖਰਾਈ,
ਦਿੱਲੀ ਪੁਰਿ ਅਰੁ ਦਿੱਲੀ ਨਾਥ।
ਦੇਖਿ ਦੇਖਿ ਬਿਸਮਤ ਚਿਤ ਹੋਏ[2],
ਸਗਲ ਅਜਾਇਬ ਕੀਨਸਿ ਗਾਥ-।
ਕੋ ਜਾਨਹਿ ਕੋ ਨਾਹਿਨ ਜਾਨਹਿ
ਸਭਿਨਿ ਸੁਨਾਵਹਿਂ ਹਿਤ ਕੇ ਸਾਥ।
ਨਿਸ਼ਚਾ ਗਿਰਨਿ ਦੇਹਿਂਗੇ ਕਾਹੁ ਨ,
ਕਹਿ ਕਹਿ ਆਨਹਿਂ ਟੇਕਹਿਂ ਮਾਥ ॥੪॥

---

[1]ਰਾਮਰਾਇ ਤੋਂ।

[2]ਔਰੰਗਾ ਤੇ ਦਿੱਲੀ ਸ਼ਹਿਰ ਵਾਲੇ ਦੇਖ ਦੇਖ ਅਚਰਜ ਹੋਏ।

ਅਪਰ ਉਪਾਵ ਕਰਹੁ ਜਿਮ ਹਮ ਕਹਿਂ
ਸ਼੍ਰੀ ਹਰਿਕ੍ਰਿਸ਼ਨ ਆਪ ਕੋ ਭ੍ਰਾਤ।
ਇਸ ਤੇ ਆਦਿਕ ਅਪਰ ਜਿ ਸੋਢੀ
ਹੈਂ ਅਨੇਕ ਜਗ ਮੈਂ ਬੱਖਜਾਤ।
ਨਿਜ ਸੰਗਤਿ ਕਹੁ ਬਰਜਨਿ ਕਰਿਯਹਿ
ਕਿਹ ਸੋਂ ਮਿਲਹਿ ਨਹੀਂ ਕਿਸ ਭਾਂਤਿ।
ਧੀਰਮੱਲ ਹੈ ਚਚਾ ਆਪ ਕੋ
ਤਿਸ ਤੇ ਭੀ ਬਰਜਹੁ ਕਹਿ ਬਾਤ ॥੫॥
ਅਪਨੇ ਸਿਖ ਸੰਗਤਿ ਹੈਂ ਖੇਤੀ
ਕਰਹਿਂ ਕਮਾਈ ਦਰਬ ਚਢਾਇਂ[1]।
ਸਭਿ ਤੇ ਬਰਜਨ ਕਰਹੁ ਬਾਤ ਇਹ
ਜਿਸ ਤੇ ਨਿਤਪ੍ਰਤਿ ਬਧਤੀ ਜਾਇ।
-ਬਡੇ ਬਿਰੋਧੀ ਹਮਰੇ ਸੋਢੀ-
ਇਮ ਕਹਿ ਸਭਿ ਮਹਿਂ ਦਿਹੁ ਬਿਦਤਾਇ।
ਬਹੁਰ ਨ ਕਰਹਿਂ ਮੇਲ ਕਿਹ ਕੇ ਸੰਗ
ਇਕ ਤੁਮਰੇ ਹੀ ਪੂਜਹਿਂ ਪਾਇ ॥੬॥
ਪੂਰਬਲੇ ਅਨੁਸਾਰੀ ਰਹਿਂ ਸਿਖ
ਅਪਰ ਨਵੀਨ ਹੋਇਂ ਸਮੁਦਾਇ।
ਸੰਗਤਿ ਬਧਹਿ ਰੀਤਿ ਇਮ ਕਰਤੇ
ਧਨ ਅਨਗਿਨਤ ਚਢਾਵਹਿਂ ਲਜਾਇ।
-ਅਬਿ ਸ਼੍ਰੀ ਰਾਮਰਾਇ ਗੁਰ ਟਿੱਕਜੋ-
ਇਮ ਕਹਿ ਬਿਸਥਾਰਹਿਂ ਸਭਿ ਥਾਇਂ।
ਸ਼੍ਰੀ ਹਰਿਰਾਇ ਬਿਕੁੰਠ ਸਿਧਾਰੇ
ਤਿਨ ਸਥਾਨ ਭੇ ਤਥਾ ਸੁਹਾਇ ॥੭॥
ਜੋ ਲਘੁ ਜਾਤਿ ਅਨੇਕ ਬਿਧਿਨਿ ਕੀ
ਝੀਵਰ ਅਰੁ ਕੁਮ੍ਹਿਆਰ ਚਮਾਰ।
ਇੱਤਜਾਦਿਕ ਸਭਿ ਕਹੁ ਦਿਹੁ ਸਿੱਖੀ
ਸਕਲ ਆਇ ਤੁਮ ਕਰਹਿਂ ਜੁਹਾਰ[2]।
ਜਹਿਂ ਕਹਿਂ ਸੁਜਸੁ ਸੁਨਾਵਹਿਂ ਰਾਵਰਿ
ਇਸੀ ਰੀਤਿ ਸਭਿ ਜਗ ਬਿਸਤਾਰ।

[1]ਸਿਖ ਸੰਗਤ ਆਪਣੇ ਹੱਥ ਦੀ ਖੇਤੀ ਕਮਾਈ ਕਰਕੇ ਦਰਬ ਲਿਆਉਂਦੇ ਹਨ।
[2]ਨਮਸਕਾਰ।

ਗੁਰਤਾ ਬਿਦਤਹਿ ਤੁਮਰੇ ਤਨ ਕੋ,
ਆਇੰ ਅਪਾਰ ਸਦਾ ਉਪਹਾਰ[1] ॥੮॥
ਬਡੋ ਪੁੱਤ੍ਰ ਬੈਠਤਿ ਹੈ ਗਾਦੀ
ਲਘੁ ਸੁਤ ਰਹਿ ਬਡ ਕੇ ਅਨੁਸਾਰਿ।
ਇਮ ਜਾਨਹਿਂ ਉੱਚਾਵਚ ਸਗਰੇ[2],
ਲਖਹਿਂ ਤੁਮਹਿਂ ਸਤਿਗੁਰੂ ਉਦਾਰ।
ਰਹਿ ਹੈਂ ਅਲਪ ਸੰਗਤਾਂ ਜੇਈ
ਹਠ ਕਰਿ ਗਮਨਹਿਂ ਤਿਨ ਕੇ ਦ੍ਵਾਰ।
ਕਜਾ ਅਚਰਜ ਹੈ ਜਾਨਿ ਦੇਹੁ ਤਿਨ,
ਗੁਰ ਸੁਤ ਹੈ ਅਰੁ ਭ੍ਰਾਤ ਤੁਮਾਰ ॥੯॥
ਸ਼੍ਰੀ ਗੁਰ ਰਾਮਦਾਸ ਕੇ ਤ੍ਰੈ ਸੁਤ
ਗੁਰਤਾ ਤਖਤ ਏਕ ਹੀ ਲੀਨਿ।
ਸ਼੍ਰੀ ਅਰਜਨ ਕੇ ਪੂਜਤਿ ਪਾਇੰਨਿ
ਅਰਪਹਿਂ ਭੇਟਨਿ ਹ੍ਵੈ ਸਿਖ ਦੀਨ।
ਪ੍ਰਿਥੀਆ ਮਹਾਂਦੇਵ ਦ੍ਵੈ ਸ਼ੇਸ਼[3] ਜੁ
ਪਿਤ ਨੇ ਤਿਨ ਕੀ ਸੰਗਤਿ ਕੀਨਿ*।
ਸੋ ਸੇਵਕ ਤਿਨ ਕੇ ਹੁਇ ਚਾਲੇ
ਅਰਪਤਿ ਵਸਤੂ ਰਹਤਿ ਅਧੀਨ ॥੧੦॥
ਪੁਨ ਸਤਿਗੁਰ ਸੁਤ ਸ਼੍ਰੀ ਗੁਰਦਿੱਤਾ
ਤਿਨ ਕੇ ਸੁਤ ਉਪਜਤਿ ਭੇ ਦੋਇ।
ਇਕ ਤੁਮ ਪਿਤ ਅਰੁ ਧੀਰਮੱਲਜ ਹੈ
ਗੁਰਤਾ ਉਚਿਤ ਬਡੋ ਸੁਤ ਜੋਇ।
ਲਘੁ ਕਉ ਸੰਗਤਿ ਪੂਜਤਿ ਹੈ[4],
ਕੁਛ ਰਹਿ ਕਰਤਾਰਪੁਰੇ ਬਿਚ ਸੋਇ[5]।
ਚਿਤ ਮਹਿਂ ਚਹਤਿ ਰਹਜੋ ਗੁਰਤਾ ਕਹੁ
ਕਿਮ ਪ੍ਰਾਪਤਿ ਭਾਗਨ ਬਿਨ ਹੋਇ ॥੧੧॥

---

[1]ਭੇਟਾ।
[2]ਸਾਰੇ ਉੱਚੇ ਨੀਵੇਂ ਜਾਣਨਗੇ।
[3]ਬਾਕੀ।
*ਮਸੰਦ ਇਹ ਗੱਲ ਠੀਕ ਨਹੀਂ ਕਹਿ ਰਹੇ ਜਾਪਦੇ। ਪ੍ਰਿਥੀਏ ਨੂੰ ਗੁਜ਼ਾਰਾ ਖੁੱਲ੍ਹਾ ਦਿੱਤਾ ਪਰ ਸੰਗਤ ਤਾਂ ਤਾਰਨਹਾਰ ਦੇ ਮਗਰ ਲਾਈ ਸੀ।
[4]ਛੋਟੇ ਭਾਵ ਸ਼੍ਰੀ ਗੁਰੂ ਹਰਿਰਾਇ ਜੀ ਨੂੰ ਸੰਗਤ ਪੂਜਦੀ ਹੈ।
[5]ਸੋ (ਧੀਰਮੱਲ) ਕਰਤਾਰਪੁਰ ਵਿਚ ਰਹਿੰਦਾ ਹੈ ਕੁਛ (ਸੰਗਤ ਤਿਸ ਨੂੰ ਪੂਜਦੀ ਹੈ)।

ਤਿਮ ਤੁਮਰੋ ਇਕ ਅਨੁਜ ਸੁ ਜਾਨਹੁ
ਕੇਤਿਕ ਸੰਗਤਿ ਰਹਿ ਤਿਨ ਪਾਸ।
ਪਿਖਿ ਕਰੋਂ ਤਪਹੁ, ਭ੍ਰਾਤ ਹੈ ਰਾਵਰਿ,
ਅਰੁ ਸਭਿ ਮਾਤਾ ਰਹਤਿ ਅਵਾਸ।
ਸੋ ਭੀ ਸਦਨ ਆਪਨੋ ਜਾਨਹੁ
ਬਨਹਿ ਪਠਾਵਨਿ ਧਨ ਕੋ ਰਾਸ।
ਸਭਿ ਬਿਧਿ ਕੀ ਸੁਧ ਤੁਮ ਹੀ ਲੀਜਹਿ
ਕੀਜਹਿ ਮੇਲ ਅਨੰਦ ਪ੍ਰਕਾਸ਼' ॥੧੨॥

ਦੋਹਰਾ: ਸ਼੍ਰੀ ਸਤਿਗੁਰ ਹਰਿਰਾਇ ਕੇ, ਜੇਠੋ ਸੁਤ ਸੁਨਿ ਬਾਤ।
ਮਾਨੀ ਨਹਿਂ ਮਾਨੀ ਕਛੂ[1], ਕਹਤਿ ਭਯ ਬੱਖਜਾਤ ॥੧੩॥

ਸੈ੍ਯਾ ਛੰਦ: 'ਮਿਲਨਿ ਹਮਾਰੋ ਹੋਇ ਨ ਕਿਮ ਹੀ,
ਪਰਯੋ ਅੰਤਰੋ[2] ਅਬਹਿ ਬਿਸਾਲ।
ਸ਼੍ਰੀ ਸਤਿਗੁਰ ਪਿਤ ਨੇ ਜੁ ਕਹੇ ਬਚ,
ਸਭਿ ਨੇ ਸੁਨੇ ਹੁਤੇ ਤਿਸ ਕਾਲ।
ਯਾਂ ਤੇ ਮਿਲਹਿਂ ਨ ਸੰਗ ਮੋਹਿ ਸੋਂ
ਮਨ ਕੇ ਜਿਨ ਮਹਿਂ ਹਟਕ ਅਚਾਲ[3]।
ਤਿਨਹੁੰ ਬਤਾਯੋ ਲਘੁ ਸੁਤ ਪੂਜਨਿ,
ਭਏ ਰਿਦੇ ਤਿਤ ਸ਼ਰਧਾ ਨਾਲ[4] ॥੧੪॥
ਪਠਹੁ ਮਸੰਦਨਿ ਦੇਸ਼ਨਿ ਮਾਂਹੀ
ਜਿਸ ਸੰਗਤਿ ਪਰ ਜੋ ਚਲਿ ਜਾਇ।
ਤਹਿਂ ਕੀ ਤਿਹ ਦਸਤਾਰ ਬੰਧਾਵਹੁ,
ਦੇਹੁ ਦਰਬ ਮਨ ਅਧਿਕ ਬਧਾਇ।
ਸਿੱਖਜਨਿ ਸਭਿ ਮਹਿਂ ਰਹਿਂ ਉਪਦੇਸ਼ਤਿ
ਇਤ ਕੋ ਸੁਜਸੁ ਬਿਸਾਲ ਸੁਨਾਇ।
ਬੰਦੁਬਸਤ ਕਰਿ ਕੈ ਬਿਧਿ ਨੀਕੇ
ਲੇ ਆਵਹਿਂਗੇ ਹਮਰੇ ਥਾਇਂ ॥੧੫॥
ਸ਼੍ਰੀ ਹਰਿਕ੍ਰਿਸ਼ਨ ਸਮੀਪ ਨ ਜਾਵਹਿਂ,
-ਖਾਰਜ ਸਿੱਖੀ ਤੇ- ਡਰਪਾਇਂ।

---

[1]ਹੰਕਾਰੀ ਨੇ ਕੁਛ ਨਾ ਮੰਨੀ। (ਅ) ਕੁਛ ਮੰਨ ਲਈ ਤੇ ਕੁਛ ਨਾ ਮੰਨੀ।
[2]ਫਰਕ।
[3]ਅਚੱਲ ਹਟਕ (ਭਾਵ ਸ਼੍ਰੀ ਗੁਰੂ ਹਰਿਰਾਇ ਜੀ ਨੇ ਸੰਗਤ ਨੂੰ ਮੇਰੀ ਤਰਫੋਂ ਜੋ ਹਟਕਿਆ ਹੋ ਸੋ ਅਚੱਲ ਹੈ) ਇਸ ਲਈ ਉਹ ਸੰਗਤ ਮੇਰੇ ਨਾਲ ਕਦੇ ਨਹੀਂ ਮਿਲ ਸਕਦੀ।
[4]ਤਿਸੀ ਭਾਵ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਸ਼ਰਧਾ ਵਾਲੇ ਹੋ ਗਏ ਹਨ।

ਬਰਜਨ ਕਰਹਿਂ ਜਾਹਿਂ ਸਭਿ ਦੇਸ਼ਨਿ
ਲਘੁ ਬਿਲੰਦ ਕੋ[1] ਦੇਂ ਸਮੁਝਾਇ।
ਤਿਮ ਸਭਿ ਸੋਢੀ ਗੁਰੂ ਕਹਾਵਹਿਂ,
ਨਹੀਂ ਨਿਕਟਿ ਤਿਨ ਕੇ ਭੀ ਜਾਇ।
ਅਪਨੀ ਸੰਗਤ ਰਹੈ ਨਿਰਾਲੀ,
ਕਰਹਿਂ ਕੜਾਹੀ ਭਾਉ ਬਧਾਇ[*]' ॥੧੬॥
ਇਮ ਕਹਿ ਅਨਿਕ ਮਸੰਦ ਪਠੇ ਹੈਂ
ਮਾਨ ਦਾਨ ਦੇ ਦਰਬ ਅਪਾਰ।
ਸਿਰ ਦਸਤਾਰ ਬੰਧਾਵਨਿ ਕਰਿ ਕੈ
ਲਿਖੇ ਹੁਕਮ ਨਾਮੇ ਕਰਿ ਧਾਰਿ।
ਜਿਹ ਕੋ ਜਹਿਂ ਭੇਜਯੋ ਤਿਹ ਆਖਯ[2]
ਲਿਖਯੋ 'ਹਮਾਰੋ ਇਹ ਮੁਖਤਜਾਰ।
ਗੁਰ ਮਨੌਤ ਹੁਇ ਸੋ ਇਸ ਦੀਜਹਿ,
ਕਹੈ ਜੁ ਮਾਨਹੁ, ਹੋਇ ਉਧਾਰ ॥੧੭॥
ਰਹਹੁ ਸਦਾ ਅਨੁਸਾਰੀ ਇਸ ਕੇ,
ਆਵਹੁ ਦਰਸ਼ਨ ਕੋ ਸੰਗ ਲੇਯ।
ਜੌਨ ਆਇ ਧਨ ਅਰਪਹਿ ਇਸ ਸਭਿ,
ਹਮ ਕੋ ਪਹੁੰਚਹਿ ਗੋ ਜੋ ਦੇਯ।
ਗੁਰ ਕੀ ਖੁਸ਼ੀ ਹੋਹਿ ਤੁਮ ਊਪਰ
ਕਰਹੁ ਕਾਮਨਾ ਪੂਰਹਿਂ ਸੇਯ।
ਸ਼ਬਦ ਪਠਹੁ ਅਰੁ ਜਨਮ ਸੁਧਾਰਹੁ

---

[1]ਵੱਡੇ ਛੋਟੇ ਨੂੰ।

[*]ਪ੍ਰਿਥੀਆ, ਧੀਰਮੱਲ, ਰਾਮਰਾਇ ਆਦਿਕਾਂ ਨੂੰ ਜੋ ਜੋ ਲਗਪਗ ਹਰ ਗੁਰੂ ਜੀ ਦੇ ਸਮੇਂ ਗਦੀ ਦੇ ਖਾਹਸ਼ਮੰਦ ਹੋਏ, ਸਤਿਗੁਰਾਂ ਗੱਦੀ ਨਹੀਂ ਦਿੱਤੀ। ਉਸ ਦੇ ਕਾਰਨ ਕਈ ਹੁੰਦੇ ਸਨ ਪਰ ਇੱਕ ਵੱਡਾ ਕਾਰਨ ਸਫੁਟ ਦਿਸ ਪੈਂਦਾ ਹੈ ਕਿ ਏਹ ਲੋਕ ਸਿੱਖੀ ਨੂੰ ਆਪਣੇ ਐਸ਼੍ਵਰਜ ਦਾ ਵਸੀਲਾ ਸਮਝਦੇ ਹਨ; ਹਾਲਾਂਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੱਦੀ ਨਸ਼ੀਨ ਗੁਰੂ ਸਾਹਿਬ ਸੰਗਤਾਂ ਨੂੰ ਰੱਬ ਰਸਤੇ ਲਾਉਣਾ ਤੇ ਉਧਾਰ ਕਰਨਾ ਆਪਣਾ ਫ਼ਰਜ਼ ਸਮਝਦੇ ਸਨ, ਤੇ ਨਾਮ ਨਾਲ ਜੀ ਉਠੇ ਸੱਜਣਾਂ ਨੂੰ ਉੱਚਾ ਦਰਜਾ ਦੇਂਦੇ ਸਨ। ਓਹ ਜਗਤ ਨੂੰ ਮੁਕਤਿ ਦਾਨ ਦੇਣਾ ਪ੍ਰਯੋਜਨ ਰੱਖਦੇ ਸਨ, ਤੇ ਆਪ ਨੂੰ ਨਿਆਰੇ ਰੱਖਦੇ ਸਨ। ਸਤਿਗੁਰੂ ਜੀ ਮਾਇਆ ਨੂੰ ਸੇਵਾ ਪਰ ਖਰਚਦੇ ਸਨ ਤੇ ਅੰਤਰ ਆਤਮੇ ਵਾਹਿਗੁਰੂ ਜੀ ਨਾਲ ਜੁੜੇ ਹੋਏ ਵਾਹਿਗੁਰੂ ਜੀ ਦੇ ਪ੍ਰੇਮ ਤੇ ਨਿਰਮਲ ਭਉ ਵਿਚ ਵੱਸਦੇ ਸੇ ਤੇ ਗੁਰਿਆਈ ਨੂੰ 'ਗੌਰੀ ਪੋਟ' ਕਹਿਕੇ ਇਸ ਤੋਂ ਡਰਦੇ ਸੇ, ਕੇਵਲ ਆਪਣੇ ਸਤਿਗੁਰ ਦਾ ਹੁਕਮ ਹੋਣ ਕਰਕੇ ਸਿਰ ਤੇ ਜ਼ਿੰਮੇਂਵਾਰੀ ਚਾਉਂਦੇ ਸਨ। ਰਾਮਰਾਇ ਜੀ ਇਸ ਨੂੰ ਨਿਜ ਐਸ਼੍ਵਰਜ ਸਮਝ ਕੇ ਜੇ ਮਸੰਦਾਂ ਨੂੰ ਅਪਣਾ ਕੇ ਵਰਤਨ ਲੱਗੇ ਹਨ, ਓਹੋ ਉਨ੍ਹਾਂ ਦੇ ਦੁੱਖ ਦਾ ਕਾਰਨ ਬਣਿਆ ਕਿ ਮਸੰਦ ਲੋਕ ਆਪਣੇ ਆਪ ਨੂੰ ਗੁਰਿਆਈ ਦਾ ਵਸੀਲਾ ਸਮਝ ਕੇ ਸਰਕਸ਼ ਹੋ ਗਏ ਤੇ ਇਹ ਮੰਨ ਬੈਠੇ ਕਿ ਗੁਰੂ ਸਾਡੀ ਆਸਤੀਨ ਵਿਚ ਹੈ, ਜਿਸ ਨੂੰ ਚਾਹੀਏ ਬਣਾ ਦੇਈਏ। ਦੇਖੋ ਇਸੇ ਅੰਸੂ ਦਾ ਅੰਕ ੨੦ ਤੇ ੨੧।

[2]ਤਿਸ ਦਾ ਨਾਮ।

ਨਹਿਂ ਭਰਮਹੁ ਨਿਜ ਧਰਮ ਗਹੇਯ' ॥੧੮॥
ਗਹੇ ਹੁਕਮਨਾਵੇ ਸਭਿ ਧਾਏ,
ਜਾਇ ਸੰਗਤਿਨਿ ਮਹਿਂ ਧਨ ਲੀਨਿ।
ਅਪਰ ਗੁਰੂ ਕੇ ਨਿੰਦਕ ਬਨਿ ਬਨਿ
ਅਪਨੇ ਪਰ ਭਰਮਾਇਂ ਪ੍ਰਬੀਨ।
ਝੂਠ ਬੋਲਨੋ ਕਪਟ ਕਮਾਵਨਿ
ਜਯੋਂ ਕਯੋਂ ਦਰਬ ਲੇਹਿਂ ਲਬ ਭੀਨ[1]।
ਭੋਲੀ ਸੰਗਤਿ ਕਰਿ ਬਸਿ ਅਪਨੇ
ਅਪਰਨਿ ਢਿਗ ਪਹੁੰਚਨਿ ਨਹਿਂ ਦੀਨਿ ॥੧੯॥
ਅਧਿਕ ਦਰਬ ਸੰਗਤਿ ਤੇ ਆਵਹਿ
ਕੁਛ ਸ਼੍ਰੀ ਰਾਮਰਾਇ ਢਿਗ ਦੇਹਿਂ।
ਔਰ ਸਕਲ ਅਪਨੇ ਢਿਗ ਰਾਖਹਿਂ
ਭਏ ਧਨੀ ਸਿੱਖਜਨਿ ਧਨ ਲੇਹਿ।
ਪਾਇ ਪਦਾਰਥ ਭਏ ਹੰਕਾਰੀ,
ਬਡੇ ਅਸ਼ਰਧਕ ਲਖਹਿਂ ਨ ਕੇਹਿ।
-ਗੁਰੂ ਬਨਾਵਨਿ ਹਮਰੇ ਬਸ ਹੈ
ਜਿਸ ਕੋ ਚਾਹਹਿਂ ਤਿਸਹਿਂ ਪੁਜੇਹਿਂ ॥੨੦॥
ਸਗਲ ਸੰਗਤਾਂ ਸੰਗ ਹਮਾਰੇ,
ਜਿਸ ਢਿਗ ਚਾਹਹਿਂ ਤਹਿਂ ਲੇ ਜਾਹਿਂ।
ਨਿਜ ਅਸਤੀਨ ਹਿਲਾਵਨਿ ਕਰਿ ਕੈ[2]
ਗੁਰੂ ਨਿਕਾਸਹਿਂ ਦੇਹਿਂ ਬਿਠਾਇ।
ਜੋ ਗੁਰ ਰਹੈ ਅਧੀਨ ਹਮਾਰੇ
ਤਿਸ ਹੀ ਕੇ ਪੁਜਵਾਵਹਿਂ ਪਾਇ।
ਨਾਂਹਿ ਤ ਅਪਰ ਥਾਨ ਲੇ ਗਮਨਹਿਂ,
ਤਿਹ ਘਟਿ ਕਰਿ ਦੇਂ ਔਰ ਬਧਾਇ- ॥੨੧॥
ਇੱਤਜਾਦਿਕ ਲਖਿ ਮੂਰਖ ਗਰਬੇ
ਨਿਤ ਪ੍ਰਤਿ ਚਲਤੇ ਭਏ ਕੁਚਾਲ।
ਪਾਨ ਬਾਰਨੀ ਬਾਰਬਧੂ ਰਤਿ[3],
ਲਗੇ ਪਾਪ ਮਹਿਂ ਦੁਸ਼ਟ ਬਿਸਾਲ।

---

[1]ਲੋਭ ਵਿਚ ਭਿੱਜੇ।
[2]ਚੋਲੇ ਦੀ ਬਾਂਹ ਹਿਲਾ ਕਰਕੇ।
[3]ਸ਼ਰਾਬ ਪੀਣ ਵਾਲੇ ਤੇ ਵੇਸ਼ਯਾ ਪ੍ਰੇਮੀ।

ਨਿਰਧਨ ਸਿੱਖਜਨਿ ਕਹੁ ਦੁਖਦਾਯਕ
ਝਿਰਕਹਿਂ ਕਹਿ ਕਹਿ ਬੋਲ ਕਰਾਲ।
'ਗੁਰ ਮਾਰਜੋ! ਤੂੰ ਦਰਬ ਨ ਦੇਤੋ
ਨਿਤ ਕੁਟੰਬ ਕਰਤੋ ਪ੍ਰਤਿਪਾਲ ॥੨੨॥
-ਮੈਂ ਗੁਰ ਕੋ ਸਿਖ ਨਹਿਂ, ਤੁਮ ਲਿਖ ਦਿਹੁ-'
ਇਮ ਡਰਪਾਇ ਲੇਤਿ ਧਨ ਛੀਨਿ।
ਘਰ ਕੀ ਵਸਤੁ ਬਿਕਾਵਹਿਂ ਬਲ ਤੇ
ਕਰਹਿਂ ਤੰਗ ਅਰੁ ਅਧਿਕ ਸੁ ਦੀਨ।
*ਕਬਿ ਸ੍ਰੀ ਰਾਮਰਾਇ ਢਿਗ ਪਹੁੰਚਹਿਂ
ਕਰਹਿਂ ਪੁਕਾਰ[1] 'ਹਮਹਿ ਦੁਖ ਦੀਨਿ।'
ਡਰਪਿ ਮਸੰਦਨਿ ਤੇ ਨ ਭਨਹਿਂ ਕੁਛ
ਕਹਿ ਬਾਕਨ ਕੋ ਖ਼ਾਤਰ ਕੀਨਿ* ॥੨੩॥

ਦੋਹਰਾ: ਇਸ ਬਿਧਿ ਅਪਨੀ ਸੰਗਤਾਂ, ਬਾਂਟ ਮਸੰਦਨਿ ਦੀਨਿ।
ਬੰਦੁਬਸਤ ਸਭਿ ਰੀਤਿ ਕਰਿ, ਰਾਖੀ ਸਕਲ ਅਧੀਨ ॥੨੪॥
ਦੇਤਿ ਬਡਾਈ ਅਧਿਕ ਨਿਤ, ਜੇ ਮਸੰਦ ਬਿਚਿ ਦੇਸ਼।
ਜਿਮ ਅਧੀਨ ਮੇਰੇ ਰਹੈਂ, ਕਰਤਿ ਉਪਾਇ ਵਿਸ਼ੇਸ਼ ॥੨੫॥
ਸਿਰੇਪਾਉ ਅਰੁ ਦਰਬ ਬਹੁ, ਦੇਤਿ ਦਾਨ ਸਨਮਾਨ।
ਸਿੱਖਜਨਿ ਕੇ ਦੁਖ ਦਾਇਕਨਿ[2], ਨਹਿਂ ਬਰਜਤਿ ਰਿਸ ਠਾਨਿ ॥੨੬॥
ਬਿਗਰੇ ਕਾਚ ਗੁਰੂਨਿ ਤੇ, ਧਰਤਿ ਮਹਾਂ ਹੰਕਾਰ।
ਪਾਤਸ਼ਾਹ ਦਸਮੇ ਬਿਨਾਂ, ਕੌਨ ਸੁਧਾਰੇ ਮਾਰਿ[3] ॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਉਨਤ੍ਰਿੰਸਤੀ ਅੰਸੂ ॥੨੯॥

---

*ਇਹ ਦੋ ਤੁਕਾਂ ਲਿਖਤੀ ਨੁਸਖਿਆਂ ਵਿਚ ਹੈਨ, ਛਾਪੇ ਦਿਆਂ ਵਿਚ ਨਹੀਂ ਹਨ, ਤੇ ਇਨ੍ਹਾਂ ਦੀ ਥਾਵੇਂ ਇਹ ਦੋ ਤੁਕਾਂ ਹਨ:-ਕਹਿ ਕਰਿ ਜੋਰ ਗਰੀਬਨ ਊਪਰ ਨਹਿਂ ਤਿਨ ਦੇਖਹਿ ਧਨ ਤੇ ਹੀਨ। ਮੂਰਖ ਅਪਨਾ ਜਾਪ ਜਨਾਵਨ ਪਰਮੇਸਰ ਭੈ ਕਉ ਨਹਿਂ ਚੀਨ।

[1]ਸਿੱਖ ਪੁਕਾਰ ਕਰਦੇ ਹਨ।

[2]ਸਿੱਖਾਂ ਨੂੰ ਦੁੱਖ ਦੇਣ ਵਾਲੇ (ਮਸੰਦਾਂ ਨੂੰ)।

[3]ਮਾਰ ਕਰਕੇ।

## ੩੦. [ਰਾਮਰਾਇ ਜੀ ਦੀ ਦ੍ਵੈਸ਼]

੨੯<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੧

ਦੋਹਰਾ: ਸ਼੍ਰੀ ਹਰਿ ਕ੍ਰਿਸ਼ਨ ਪ੍ਰਤਾਪ ਬਡ, ਸੁਜਸੁ ਸੁਨਹਿਂ ਨਿਤ ਕਾਨ।
ਧੀਰ ਮਹਾਂ ਗੰਭੀਰ ਹੈਂ, ਕਰਾਮਾਤ ਮਹੀਯਾਨ ॥੧॥
ਚੌਪਈ: ਅਨਿਕ ਸੰਗਤਾਂ ਨਿਤ ਪ੍ਰਤਿ ਆਵੈਂ।
ਅਰਪਿ ਉਪਾਇਨ ਦਰਸ਼ਨ ਪਾਵੈਂ।
ਪੂਰ ਕਾਮਨਾ ਸਿੱਖਜ ਅਨੇਕੂ।
ਕੇਤਿਕ ਪਾਵਤਿ ਦਾਤ ਬਿਬੇਕੂ ॥੨॥
ਕੀਰਤਿ ਪਸਰੀ ਪੁਰਿ ਪੁਰਿ ਘਰ ਘਰ।
ਸੰਕਟ ਪਰਹਰਿ ਦਰਸ਼ਨ ਕਰਿ ਕਰਿ।
ਆਨਿ ਆਨਿ ਗੁਨ ਅਧਿਕ ਸੁਨਾਵੈਂ।
ਸੁਨਿ ਸੁਨਿ ਰਾਮਰਾਇ ਦੁਖ ਪਾਵੈ ॥੩॥
ਜਰੀ ਨ ਜਾਇ ਅਨੁਜ ਬਡਿਆਈ।
ਚਿਤਵਤਿ ਚਿਤ ਮਹਿਂ ਅਤਿ ਤਪਤਾਈ।
ਜਯੋਂ ਜਯੋਂ ਗੁਨ ਗਨ ਸੁਨਿ ਹੈ ਕਾਨ।
ਤਯੋਂ ਤਯੋਂ ਛੋਭ ਰਿਦੇ ਬਹੁ ਠਾਨਿ ॥੪॥
ਬਸਿ ਨ ਬਸਾਵਹਿ ਚਿਤਵਹਿ ਜਤਨਾ।
ਕਿਮ ਪ੍ਰਾਪਤਿ ਹ੍ਵੈ ਗੁਰਤਾ ਰਤਨਾ।
ਸਿੱਖਜ ਮਸੰਦ ਮੇਵੜੇ ਬ੍ਰਿੰਦ।
ਸਭਿ ਮਹਿਂ ਬੈਠੇ ਚਿੰਤ ਬਿਲੰਦ ॥੫॥
ਰਿਦੇ ਬਿਖੇ ਜਿਮ ਗਿਨਤੀ ਗਿਨਤਿ।
ਮੁੱਖਜਨਿ ਸਾਥ ਬਾਕ ਕਹੁ ਭਨਤਿ।
'ਕਰਤਿ ਪ੍ਰਤੀਖਨਿ ਮੈਂ ਨਿਤ ਰਹਯੋ।
ਬਿਨ ਅਧਿਕਾਰ ਅਨੁਜ ਪਦ ਲਹਯੋ ॥੬॥
ਦਿੱਲੀ ਪੁਰਿ ਆਵਨਿ ਢਿਗ ਸ਼ਾਹੂ।
ਨਹਿਂ ਕਿਨ ਕੀਨਸਿ ਤਬਿ ਉਤਸਾਹੂ।
ਸਭਿ ਤੇ ਅੱਗ੍ਰ ਕੀਏ ਮੁਝ ਭੇਜਾ।
ਨਾਮ ਸੁਨੇ ਜਿਸ ਧਰਕ ਕਰੇਜਾ ॥੭॥
ਮੈਂ ਅਪਨੀ ਬੁਧਿ ਕੋ ਬਲ ਕਰਿ ਕੈ।
ਅਜ਼ਮਤ ਅਨਿਕ ਪ੍ਰਕਾਰ ਦਿਖਰਿ ਕੈ।
ਕਹਿਬੇ ਸੁਨਿਬੇ ਕੀ ਚਤੁਰਾਈ।
ਕਰੀ ਬਹੁਤ ਮਿਲਿ ਤੁਰਕਨਿ ਰਾਈ ॥੮॥

ਜਹਿਂ ਬਾਦੀ ਸਮੁਦਾਇ ਸਦੀਵਾ।
ਸਭਿਹਿਨਿ ਕਹੁ ਹੰਕਾਰ ਕਰਿ ਨੀਵਾ।
ਰਸ ਰਾਖਯੋ ਬਡ ਨੌਰੰਗ ਸੰਗ।
ਤਹਿਂ ਬੈਠਕ ਸ਼ੁਭ ਲਈ ਉਤੰਗ ॥੯॥
ਨਿਜ ਅਨੁਸਾਰ ਸ਼ਾਹੁ ਕਰਿ ਰਾਖਾ।
ਨਹੀਂ ਦਿਯੋ ਬਿਗਰਨਿ, ਹਿਤ ਕਾਂਖਾ[1]।
ਇਤ ਮੁਹਿ ਪਠਯੋ ਰਹਯੋ[2] ਢਿਗ ਸ਼ਾਹੂ।
ਪਿਤ ਜੁਤਿ ਭੇ ਨਚਿੰਤ ਸੁਖ ਮਾਹੂ ॥੧੦॥
ਆਯਹੁ ਸਮਾ ਲੇਨਿ ਬਡਿਆਈ।
ਮੇਰੋ ਤਜਾਗ ਕਰਯੋ ਰਿਸ ਪਾਈ।
ਸ਼੍ਰੀ ਹਰਿ ਕ੍ਰਿਸ਼ਨ ਲਿਯੋ ਸਭਿ ਸਾਜ[3]।
ਹੁਤੋ ਪਿਤਾ ਢਿਗ ਜਿਤਿਕ ਸਮਾਜ ॥੧੧॥
ਗੁਰਤਾ ਕੇ ਸੰਗ ਸਭਿ ਕਿਛ ਲੀਨਿ।
ਸਰਬੋਤਮ ਪਦ ਪਾਵਨ ਕੀਨਿ।
ਅਬਿ ਤੌਂ ਅਪਰ ਉਪਾਇ ਨ ਬਨੇ।
ਏਕ ਜਤਨ ਆਵਤਿ ਮੁਝ ਮਨੇ ॥੧੨॥
ਸੋ ਮੈਂ ਕਰਿਹੌਂ ਟਰੌਂ ਨ ਕੈਸੇ।
ਸੁਨਿ ਤੁਮ ਭਨਹੁ ਆਇ ਚਿਤ ਜੈਸੇ।
ਨੌਰੰਗ ਕੋ ਸਮੁਝਾਵਨਿ ਕਰਿ ਕੈ।
ਅਨਿਕ ਭੇਦ ਕੇ ਬਾਕ ਉਚਰਿ ਕੈ ॥੧੩॥
ਕਰਿ ਅਪਨੇ ਤੇ ਅਧਿਕ ਬਡਾਈ।
-ਤਿਸ ਢਿਗ ਕਰਾਮਾਤ ਅਧਿਕਾਈ।
ਕਰਹੁ ਹਕਾਰਨਿ ਲੇਹੁ ਨਿਹਾਰੀ।
ਬਹੁ ਪ੍ਰਕਾਰ ਸੋਂ ਦੇਹਿ ਦਿਖਾਰੀ ॥੧੪॥
ਕਿਤਿਕ ਕਾਜ ਅਪਨੇ ਸੁਧਰਾਵਉ।
ਅਜ਼ਮਤ ਤੇ ਸੁ ਕਰਹਿ ਤੁਮ ਪਾਵਉ।
ਬਸਹਿ ਤੁਮਾਰੇ ਦੇਸ਼ਨਿ ਮਾਂਹੀ।
ਪਠਹੁ ਬੁਲਾਵਨਿ ਆਵਹਿ ਪਾਹੀ- ॥੧੫॥
ਇੱਤਜਾਦਿਕ ਕਹਿ ਸ਼ਾਹੁ ਸਿਖਾਇ।

---

[1](ਸ੍ਰੀ ਗੁਰੂ ਜੀ ਦੇ) ਪ੍ਰੇਮ ਦੀ ਚਾਹ ਵਾਲਾ (ਰੱਖਿਆ)।
[2](ਮੈਂ) ਰਿਹਾ।
[3]ਸਾਮਾਨ।

ਪਠਹਿਂ ਦੂਤ ਤੇ ਲਿਉਂ ਬੁਲਵਾਇ।
ਜਬਿ ਇਸ ਥਲ ਮੋਂ ਆਵਨਿ ਕਰਿ ਹੈ।
ਤਬਹਿ ਸ਼ਾਹੁ ਕੋ ਬਹੁਤ ਸਿਖਰਿਹੈਂ ॥੧੬॥
ਇਸ ਪ੍ਰਕਾਰ ਕੋ ਪਾਵੌਂ ਭੇਦ[1]।
ਪਰਹਿ ਬੈਰ ਜਿਸ ਤੇ ਦੇ ਖੇਦ।
ਸਰਬ ਪ੍ਰਕਾਰ ਕਰਾਵਹੁਂ ਹੌਰਾ।
ਜਬਿ ਫੀਕੋ ਪਰਿ ਹੈ ਇਸ ਠੌਰਾ ॥੧੭॥
ਲਘੁਤਾ ਜਹਿਂ ਕਹਿਂ ਜ਼ਾਹਰ ਹੋਇ।
ਕਰਹਿ ਅਸ਼ਰਧਾ ਪੁਨ ਸਭਿ ਕੋਇ।
ਨਹੀਂ ਉਪਾਇਨ ਅਰਪਨ ਕਰੈਂ।
ਬਹੁਰ ਮੋਹਿ ਪਰ ਨਿਸ਼ਚੈ ਧਰੈਂ ॥੧੮॥
ਰਸ ਨਹਿਂ ਰਹਨਿ ਦੇਹੁਂ ਸੰਗ ਸ਼ਾਹੂ।
ਬਦੀ ਕਰਹਿਂ ਸਭਿ ਤੁਰਕ ਜਿ ਪਾਹੂ।
ਕਰਾਮਾਤ ਕੇਤਿਕ ਦਿਖਰਾਵੈ।
ਨਿਤਪ੍ਰਤਿ ਰੀਤਿ ਨਵੀਨ ਸਿਖਾਵੈਂ ॥੧੯॥
ਆਇ ਜਿ ਮਿਲਹਿਂ ਬਿਗਰ ਇਮ ਜਾਇ।
ਜੇ ਨਿਜ ਪਿਤ ਪਰ ਕਰਹਿ ਸੁਭਾਇ।
ਕਰੇ ਹਕਾਰਨ ਜੇ ਨਹਿਂ ਆਵਿਹ।
ਸ਼ਾਹ ਦੂਤ ਛੂਛੇ ਉਲਟਾਵਹਿ ॥੨੦॥
ਤੌਂ ਭੀ ਹਮ ਕੋ ਹੈ ਬਿਧਿ ਨੀਕੀ।
ਪੁਜਹਿ ਭਾਵਨਾ ਹਮਰੇ ਜੀ ਕੀ।
ਸ਼ਾਹੁ ਕਰਹਿ ਤਬਿ ਜ਼ੋਰ ਬਡੇਰਾ।
ਰਿਸ ਕਰਿ ਸੈਨ ਪਠਾਵਹਿ ਫੇਰਾ ॥੨੧॥
ਲਰਜੋ ਜਾਇ ਕਿਮ ਇਸ ਕੇ ਸਾਥ।
ਅਤਿ ਜ਼ੋਰਾਵਰ ਦਿੱਲੀ ਨਾਥ।
ਅਪਰ ਉਪਾਇ ਬਨਹਿ ਤਬਿ ਨਾਂਹੀ।
ਜੰਗਲ ਦੇਸ਼ ਪ੍ਰਵੇਸ਼ਹਿ ਜਾਹੀ ॥੨੨॥
ਛੋਰਿ ਜਾਇਗੋ ਕੀਰਤਿਪੁਰਿ ਕੋ।
ਕਰਜੋ ਬਸਾਵਨਿ ਜੋ ਸ੍ਰੀ ਗੁਰ ਕੋ।
ਜਿਮ ਮੈਂ ਨਿਕਸਿ ਰਹਜੋ ਅਨ ਠੌਰਾ।
ਸੋ ਭੀ ਬਸਹਿ ਹੋਹਿ ਤਿਮ ਹੌਰਾ ॥੨੩॥

[1]ਫ਼ਰਕ ਪਾ ਦੇਵਾਂਗਾ।

ਇਮ ਭੀ ਹੋਇ ਤ ਮੁਝ ਕਉ ਨੀਕੀ।
ਮਹਿੰਮਾ ਪਰਹਿ ਅਨੁਜ ਕੀ ਫੀਕੀ।
ਮੋਹਿ ਪ੍ਰਤਾਪ ਬ੍ਰਿਧਾਇ ਬਧੇਰਾ।
ਅਜ਼ਮਤ ਤੇ ਰਸ ਨੌਰੰਗ ਕੇਰਾ ॥੨੪॥
ਦੋਨਹੁਂ ਬਿਧਿਨਿ ਲਾਭ ਹੈ ਮੋਹੀ।
ਹੌਰਾ ਅਨੁਜ, ਕਰੇ ਇਮ, ਹੋਹੀ।'
ਇਮ ਸ੍ਰੀ ਰਾਮਰਾਇ ਨੇ ਕਹਜੋ।
ਸਕਲ ਮਸੰਦ ਮੇਵੜਨਿ ਲਹਜੋ ॥੨੫॥
ਤਿਸ ਕੇ ਬਾਕਨਿ ਕਹੁ ਸਨਮਾਨਤਿ।
ਤਬਿ ਗੁਰਦਾਸਹਿ ਆਦਿ ਬਖਾਨਤਿ।
'ਕੋ ਤੁਮ ਤੇ ਬੁਧਿਵਾਨ ਬਿਸਾਲਾ?
ਉਰ ਸਰਬੱਗਜ ਸਰਬ ਹੀ ਕਾਲਾ ॥੨੬॥
ਹਾਨ ਲਾਭ ਜੁਸ ਅਪਜਸੁ ਦੌਨ।
ਗੌਰਾ ਅਰੁ ਹੌਰਾ ਜਗ ਹੌਨ।
ਗੁਰ ਘਰ ਕੀ ਜੇਤਿਕ ਬਡਿਆਈ।
ਹਸਤਾਮਲ[1] ਜਿਮ ਲਖਹੁ ਸਦਾਈ ॥੨੭॥
ਜਿਮ ਰਾਵਰ ਕੋ ਨੀਕੋ ਹੋਇ।
ਤਿਮ ਚਿਤ ਚਾਹਤਿ ਹਮ ਸਭਿ ਕੋਇ।
ਚਢੇ ਆਪ ਕੇ ਬੇਰੇ[2] ਮਾਂਹਿ।
ਹਾਨ ਲਾਭ ਤੁਮਰੇ ਸੰਗ ਪਾਹਿ ॥੨੮॥
ਅਬਿ ਤੋ ਦੋਨਹੁ ਭ੍ਰਾਤਨਿ ਕੇਰਾ।
ਨੀਕੀ ਰੀਤਿ ਸਮਾਜ ਘਨੇਰਾ।
ਸੁਜਸੁ ਦੁਹਨਿ ਕੋ ਜਗ ਮੈਂ ਫੈਲਾ।
ਉੱਜਲ ਜਥਾ ਹਿਮਾਲਯ ਸੈਲਾ ॥੨੯॥
ਜੇ ਬਿਰੋਧ ਬਧਿ ਗਯੋ ਘਨੇਰਾ।
ਕੋ ਜਾਨਹਿ ਕਿਮ ਹੋਵਹਿ ਫੇਰਾ।
ਐਸੀ ਬਾਤ ਕਰਨਿ ਬਨਿ ਆਵਹਿ।
ਤੁਮ ਘਰ ਤੇ ਗੁਰਤਾ ਨਹਿਂ ਜਾਵਹਿ ॥੩੦॥
ਨਾਂਹਿਤ ਸੋਢੀ ਬਾਂਛਤਿ ਸਾਰੇ।
ਗੁਰਤਾ ਹੇਤੁ ਕਰਤਿ ਉਪਚਾਰੇ।

---

[1]ਪ੍ਰਤੱਖਜ। ਹੱਥ ਤੇ ਧਰੇ ਆਉਲੇ ਵਾਂਗ।
[2]ਜਹਾਜ਼।

ਬਧੇ ਕ੍ਰੋਧ ਅਸ ਨਹਿਂ ਹੁਇ ਜਾਇ।
ਅਰਪਹਿਂ ਗੁਰਤਾ ਅਪਰ ਸੁ ਥਾਇਂ ॥੩੧॥
ਸ਼ਾਹੁ ਮਹਾਂ ਬਾਦੀ ਬਿਗਰੈ ਹੈ।
ਜੇ ਕਿਛੁ ਬਿਘਨ ਤਹਾਂ ਹ੍ਵੈ ਜੈ ਹੈ।
ਤੁਮਹਿ ਕਲੰਕ ਚਢਹਿ ਨਹਿਂ ਜੈਸੇ।
ਕਰਨੋ ਬਨੈ ਆਪ ਕੋ ਤੈਸੇ ॥੩੨॥
ਕਰਹਿ ਬਾਦ ਜਬਿ ਨੌਰੰਗ ਮਹਾਂ।
ਲਗਹਿ ਬਿਗਾਰਨਿ[1] ਜੋ ਕਿਛ ਤਹਾਂ।
ਕਰਹਿ ਅਜੋਗ ਤੁਰਕ ਗਨ ਕਹੇ।
ਅਸ ਨਹਿਂ ਹੋਇ ਬਸ ਨ ਤੁਮ ਰਹੇ ॥੩੩॥
ਜਥਾ ਮਤੰਗ ਬਲੀ ਕੀ ਸੁੰਡਾ।
ਦੇ ਪਕਰਾਇ ਪ੍ਰਥਮ ਤਿਹ ਡੰਡਾ[2]।
ਪੁਨਹਿ ਮੁਚਾਵਨਿ ਚਾਹੇ ਕੋਈ।
ਕਿਮ ਛੂਟਹਿ ਗਹਿ ਲੀਨਸਿ ਜੋਈ ॥੩੪॥
ਐਸੀ ਬਾਤ ਨਹੀਂ ਕੁਛ ਕੀਜੈ।
ਜਿਸ ਤੇ ਲਘੁਤਾ ਅਪਨਿ ਲਖੀਜੈ।
ਰਾਵਰ ਕੀ ਚਾਹਤਿ ਭਲਿਆਈ।
ਇਸ ਕਾਰਨ ਤੇ ਭਾਖਿ ਸੁਨਾਈ' ॥੩੫॥
ਤਬਿ ਸ਼੍ਰੀ ਰਾਮਰਾਇ ਸੁਨਿ ਕਹੁਯੋ।
'ਇਮ ਨ ਹੋਇ ਜਿਮ ਤੁਮ ਮਨ ਲਹੁਯੋ।
ਸ਼੍ਰੀ ਨਾਨਕ ਜੀ ਨੀਕੀ ਕਰੈਂ।
ਅਧਿਕ ਬਿਰੋਧ ਨਹੀਂ ਹਮ ਧਰੈਂ ॥੩੬॥
ਇਮ ਕਹਿ ਕਰਿ ਨੌਰੰਗ ਸਿਖਰਾਵੈਂ।
ਏਕ ਬਾਰ ਜਿਮ ਇਹਾਂ ਬੁਲਾਵੈ।
ਜਥਾ ਸਦਨ ਹਮ ਨਿਕਸੇ ਬੈਸੇ।
ਸ਼੍ਰੀ ਹਰਿਕ੍ਰਿਸ਼ਨ ਅਨਾਵੌਂ ਐਸੇ ॥੩੭॥
ਸੋ ਪਿ ਆਇ ਦਿੱਲੀ ਕਹੁ ਦਰਸੈ।
ਬੋਲਨਿ ਤੁਰਕਨਿ ਸਾਥ ਸਪਰਸ਼ੈ।
ਮੋਹਿ ਸਮਾਨ ਕਰਹਿ ਸਭਿ ਆਇ।
ਕੈ ਕੀਰਤਿਪੁਰਿ ਤੇ ਸੁ ਪਲਾਇ ॥੩੮॥

---

[1](ਕੀਰਤਪੁਰ ਵਿਚ) ਵਿਗਾੜ ਕਰਨ ਲੱਗ ਜਾਵੇਗਾ।
[2]ਸੰਡ ਵਿਚ ਡੰਡਾ ਫੜਾ ਦੇਵੇ।

ਦੋ ਮੈਂ ਕਰਿ ਹੌਂ ਏਕ ਜ਼ਰੂਰ।
ਤੌ ਮੇਰੀ ਭਾਵਨ ਹੁਇ ਪੂਰ।
ਤੁਮ ਸਜਾਨੇ ਹਹੁ ਕਰਹੁ ਬਿਚਾਰਿ।
ਜੇ ਨ ਕਰੌਂ ਮੈਂ ਇਸ ਬਿਧਿ ਕਾਰ ॥੩੯॥
ਤੌ ਮੇਰੋ ਨਿਸ਼ਫਲ ਬਲ ਅਹੈ।
ਜੇ ਨਿਸ਼ਚਿੰਤ ਅਨੁਜ ਮਮ ਰਹੈ।
ਗੁਰਤਾ ਗਾਦੀ ਕੋ ਅਧਿਕਾਰੇ।
ਹੁਤੇ ਸੁ ਮੇਰੋ ਜਾਨਤਿ ਸਾਰੇ ॥੪੦॥
ਸ਼੍ਰੀ ਹਰਿ ਕ੍ਰਿਸ਼ਨ ਲੀਨਿ ਸੋ ਗਾਦੀ।
ਬਹੁਰੋ ਭਏ ਪਰਸਪਰ ਬਾਦੀ।
ਤੌ ਤੂਸ਼ਨਿ ਮੈਂ ਕੈਸੇ ਰਹੌਂ।
ਜੇ ਕਰਿ ਦ੍ਵੈਸ਼ ਰਿਦਾ ਨਹਿਂ ਦਹੌਂ[1]' ॥੪੧॥

ਦੋਹਰਾ: ਇਸ ਪ੍ਰਕਾਰ ਕਰਿ ਕੈ ਮਤੋ, ਦ੍ਰਿੜ੍ਹ ਨਿਸ਼ਚਾ ਉਰ ਕੀਨਿ।
ਅਨੁਜ ਹਕਾਰੌਂ ਸ਼ਾਹਿ ਢਿਗ, ਕਵਿ ਸੰਤੋਖ ਸਿੰਘ ਚੀਨ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

[1]ਜੇ ਮੈਂ ਦ੍ਵੈਸ਼ ਨਾਲ ਅਪਣਾ ਰਿਦਾ ਨਹੀਂ ਸਾੜਨਾ ਤਾਂ ਮੈਂ ਚੁੱਪ ਕੀਕੂੰ ਰਹਾਂ, ਭਾਵ ਚੁੱਪ ਰਹਾਂ ਤਾਂ ਦ੍ਵੈਸ਼ ਮੇਰਾ ਰਿਦਾ ਸਾੜੇਗੀ, ਜੇ ਉੱਦਮ ਕਰਾਂਗਾ ਤਾਂ ਉਨ੍ਹਾਂ ਨੂੰ ਦੁੱਖ ਪੁੱਜੇਗਾ, ਜਿਸ ਨਾਲ ਮੇਰਾ ਦਿਲ ਠਰੇਗਾ।

## ੩੧. [ਸ਼੍ਰੀ ਰਾਮਰਾਇ ਜੀ ਦੀ ਦ੍ਵੈਸ਼]

੩੦<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੨

ਦੋਹਰਾ: ਅਨੁਜ ਹਕਾਰਨਿ ਕਾਰਨੇ,
ਚਿਤਵਹਿ ਅਨਿਕ ਉਪਾਇ।
ਪਿਖਹਿ ਕਹਿਨਿ ਅਵਕਾਸ਼ ਕੋ[1],
ਜਬਹਿ ਸ਼ਾਹੁ ਢਿਗ ਜਾਇ ॥੧॥
ਚੌਪਈ: ਇਕ ਦਿਨ ਪੁਨਹਿ ਪ੍ਰਸੰਗ ਚਲਾਯੋ।
'ਸ਼੍ਰੀ ਸਤਿਗੁਰ ਹਰਿਰਾਇ ਸਮਾਯੋ।'
ਬੂਝਨਿ ਲਗਯੋ ਸ਼ਾਹੁ ਸਭਿ ਬਾਤ।
'ਪਿਤਾ ਤਮਾਰੇ ਜਗ ਬੱਖਜਾਤ ॥੨॥
ਕਿਸ ਪ੍ਰਕਾਰ ਸੋ ਗਏ ਸਮਾਇ।
ਤੁਮ ਨਹਿਂ ਮਿਲੇ ਤੀਰ ਤਿਨ ਜਾਇ।
ਕਿਮ ਨਹਿਂ ਗਏ ਕਿ ਸੁਧ ਨਹਿਂ ਆਈ।
ਕੋ ਕਾਰਨ ਭਾ ਕਹਹੁ ਬੁਝਾਈ ॥੩॥
ਸਕਲ ਸਮਾਜ ਤਿਨਹੁਂ ਤੇ ਪਾਛੇ।
ਕਿਨਹੁਂ ਸੰਭਾਰਯੋ ਰਾਖਯੋ ਆਛੇ।
ਕਿਨ ਲੀਨਸਿ ਗੁਰਤਾ ਬਰ ਗਾਦੀ?
ਤਿਨ ਪਾਛੇ ਤਿਮ ਕੀਨਿ ਅਬਾਦੀ' ॥੪॥
ਸੁਨਿ ਸ਼੍ਰੀ ਰਾਮਰਾਇ ਤਬਿ ਕਹਯੋ।
-ਅਬਿ ਅਵਕਾਸ਼ ਕਹਨਿ ਕਹੁ ਲਹਯੋ-।
'ਸੁਨਹੁਂ ਸ਼ਾਹੁ! ਮੁਝ ਇਤੈ ਪਠਾਯੋ।
ਪਿਤ ਆਇਸੁ ਤੇ ਮੈਂ ਚਲਿ ਆਯੋ ॥੫॥
ਅਧਿਕ ਸਮਾਜ ਮੋਹਿ ਸੰਗਿ ਭੇਜਾ।
ਹੁਇ ਪ੍ਰਸੰਨ ਭਾਖਯੋ -ਸਭਿ ਲੇਜਾ-।
ਜਬਿ ਕੇ ਹਮ ਆਏ ਤੁਮ ਪਾਸ।
ਭਏ ਸਿੱਖਜ ਬਹੁ ਸੰਗਤਿ ਰਾਸ ॥੬॥
ਮਿਲਨਿ ਆਪ ਕੇ ਸਾਥ ਘਨੇਰਾ।
ਅਜ਼ਮਤ ਪਤਾ ਪੁਨਹਿ ਬਹੁ ਹੇਰਾ।
ਯਾਂ ਤੇ ਭਾ ਸਮਾਜ ਅਧਿਕਾਈ।
ਸਿਖ ਸੰਗਤਿ ਨਿਤ ਬਧਹਿ ਸਵਾਈ ॥੭॥
ਦੇਸ਼ਨਿ ਮਹਿਂ ਸਿੱਖੀ ਬਿਸਤਾਰੀ।

---
[1]ਕਹਿਣ ਦਾ ਸਮਾਂ ਦੇਖਦਾ ਹੈ।

ਦਰਸਹਿਂ ਆਇ ਪੁੰਜ ਨਰ ਨਾਰੀ।
ਅਨਿਕ ਉਪਾਇਨ ਆਨ ਚਢਾਵੈਂ।
ਗ਼ਨੀ ਗ਼ਰੀਬ ਦਰਬ ਅਰਪਾਵੈਂ ॥੮॥
ਸ਼੍ਰੀ ਗੁਰ ਪਿਤਾ ਸੁਨੀ ਸੁਧ ਸਾਰੀ।
-ਭਯੋ ਸੁਚੇਤ ਸਮਾਜ ਸੰਭਾਰੀ-।
ਮੁਝ ਕੋ ਸਮਰਥ ਸਭਿ ਬਿਧਿ ਜਾਨਾ।
ਲਘੁ ਸੁਤ ਜਾਨਜੋਂ -ਅਹੈ ਅਯਾਨਾ- ॥੯॥
ਅਪਨਿ ਸਮਾਜ ਤਿਸੀ ਕਉ ਦੀਨਾ।
ਨਿਕਟਿ ਰਹਿਨ ਤੇ ਅਤਿ ਪ੍ਰਿਯ ਚੀਨਾ।
ਤਹਿਂ ਤੇ ਸਿਖ ਸੰਗਤਿ ਸਮੁਦਾਈ।
ਸਭਿਹਿਨਿ ਕੀ ਤਿਹ ਬਾਂਹੁ ਗਹਾਈ ॥੧੦॥
ਕਾਰਨ ਭਯੋ ਅਪਰ ਭੀ ਜੋਇ।
ਰਿਸ ਜਿਮ ਕਰੀ ਸੁਨਾਵੌਂ ਸੋਇ।
ਸਾਥ ਆਪ ਕੇ ਮੇਲ ਹਮਾਰਾ।
ਭਯੋ ਅਧਿਕ ਹੀ ਦਿਨ ਪ੍ਰਤਿ ਭਾਰਾ ॥੧੧॥
ਜਜੋਂ ਜਜੋਂ ਤੁਮ ਫੁਰਮਾਇਸ਼ ਕੀਨਸਿ।
ਅਜ਼ਮਤ ਬਲ ਤੇ ਤਜੋਂ ਕਰਿ ਦੀਨਸਿ।
ਪਿਤਾ ਸਮੀਪ ਜਾਤਿ ਸੁਧ ਸਾਰੀ।
ਤਿਨਹੁਂ ਬਾਤ ਨਹਿਂ ਨੀਕ ਬਿਚਾਰੀ ॥੧੨॥
ਸੁਨਿ ਸੁਨਿ ਕ੍ਰੋਧ ਭਏ ਇਮ ਭਾਖਾ।
-ਸ਼ਾਹੁ ਸਾਥ ਜੇ ਅਸ ਰਖ ਰਾਖਾ।
ਬਾਰ ਬਾਰ ਅਜ਼ਮਤ ਦਿਖਰਾਵਤਿ।
ਜੋ ਬਿਧਿ ਅਨਬਨ ਦੁਲਭ ਬਨਾਵਤਿ ॥੧੩॥
ਦੀਨ ਪਦਮਨੀ ਅਸੁ ਦਰਿਆਈ।
ਇੱਤਜਾਦਿਕ ਜੋ ਅਪਰ ਬਨਾਈ।
ਇਹ ਆਛੀ ਨਹਿਂ ਕੀਨਸਿ ਤਾਂਹਿ।
ਜਿਮ ਭਾਖਹਿ ਤਿਮ ਕਰਿ ਦਿਖਰਾਹਿ ॥੧੪॥
ਹੋਯਹੁ ਜਿਸ ਕੇ ਅਸ ਅਨੁਸਾਰੀ।
ਆਇਸੁ ਮਾਨਿ, ਸਕਹਿ ਨਹਿਂ ਟਾਰੀ[1]।
ਤੌਂ ਤਿਸ ਪਾਸ ਰਹਹੁ ਹਿਤ ਕਰਿ ਕੈ।
ਹਮਰੇ ਨਿਕਟਿ ਨ ਆਵਹੁ ਫਿਰਿ ਕੈ ॥੧੫॥

---
[1]ਟਾਲ ਨਹੀਂ ਸਕਦਾ।

ਸ਼ਾਹੁ ਸਮੀਪੀ ਰਹਹੁ ਸਦੀਵਾ।
ਉਤ ਬਸਿ, ਆਇ ਨ ਇਤ ਕੀ ਸੀਵਾ[1]।
ਲਾਗਹਿ ਨਹੀਂ ਸੁ ਬਦਨ ਹਮਾਰੇ।
ਕਰਾਮਾਤ ਨਿਤਪ੍ਰਤਿ ਜੁ ਦਿਖਾਰੇ- ॥੧੬॥
ਪਠਜੋ ਹੁਕਮਨਾਮਾ ਮੁਝ ਪਾਸ।
ਸੁਨਿ ਤਬਿ ਤੇ ਮੈਂ ਤਜਾਗੀ ਆਸ।
ਕਰੇ ਤ੍ਰਾਸ ਉਰ ਗਯੋ ਨ ਤੀਰ।
-ਰਿਸ ਤੇ ਸ੍ਰਾਪ ਨ ਦੇਹਿਂ ਅਭੀਰ[2]- ॥੧੭॥
ਲਗੇ ਸਮਾਵਨਿ ਕੋ ਜਿਸ ਕਾਲਾ।
ਲਘੁ ਸੁਤ ਕੋ ਗਾਦੀ ਬੈਠਾਲਾ।
ਸਭਿ ਸਿਖ ਸੰਗਤਿ ਚਰਨੀ ਪਾਇ।
ਸੌਂਪਿ ਸਮਾਜ ਸਗਲ ਅਧਿਕਾਇ ॥੧੮॥
ਬ੍ਰਿੰਦ ਮਸੰਦ ਜਿ ਅਪਰ ਅਸ਼ੇਸ਼[3]।
ਸੇ ਬਿਚਰਤਿ ਗਨ ਦੇਸ਼ ਬਿਦੇਸ਼।
ਸਭਿ ਕੋ ਤਿਸ ਕੇ ਪਾਇਂ ਲਗਾਇ।
ਨੀਕੀ ਰੀਤਿ ਸੌਂਪਿ ਸਮੁਦਾਇ ॥੧੯॥
ਲਘੁ ਸੁਤ ਕੋ ਸਮੁਝਾਵਨਿ ਕੀਨਿ।
ਅਪਨੀ ਕਰਾਮਾਤ ਸਭਿ ਦੀਨਿ।
-ਦਿੱਲੀਪਤਿ ਸੋਂ ਮਿਲੋ ਨ ਜਾਇ।
ਨਹਿਂ ਦਰਸਹੁ, ਨਹਿਂ ਨਿਜ ਦਰਸਾਇ ॥੨੦॥
ਅਜ਼ਮਤ ਕਤਹੁਂ ਲਗਾਵਹੁ ਨਾਂਹੀ।
ਕਰਹੁ ਛੁਪਾਵਨਿ ਅਪਨੇ ਮਾਂਹੀ।
ਕਹੈ ਕੋਇ, ਕੈ ਸਿਹੁਂ ਬਨਿ ਜਾਇ।
ਧੀਰਜ ਧਰਹੁ ਧਰਾ ਸਮਤਾਇ[4]- ॥੨੧॥
ਇਸ ਪ੍ਰਕਾਰ ਦੇ ਕਰਿ ਬਹੁ ਸੀਖਾ।
ਕ੍ਰਿਪਾ ਦ੍ਰਿਸ਼ਟਿ ਤੇ ਸੁਤ ਕੋ ਦੀਖਾ।
ਪਿਤ ਮਹਾਨ ਸ਼੍ਰੀ ਗੁਰ ਹਰਿਰਾਇ।
ਸਭਿ ਕੇ ਦੇਖਤਿ ਗਏ ਸਮਾਇ ॥੨੨॥

---

[1]ਉਸੇ ਪਾਸੇ ਵੱਸ, ਇਸ ਤਰਫ ਦੀ ਹੱਦ ਵਿਚ ਨਹੀਂ ਆਵਣਾ।
[2]ਨਿਰਭੈ (ਸ੍ਵਰੂਪ ਗੁਰੂ ਜੀ)।
[3]ਸਾਰੇ।
[4]ਧਰਤੀ ਦੇ ਤੁੱਲ।

ਰਾਵਰਿ ਨਿਕਟਿ ਆਵਨੋ ਕਿਯੋ।
ਤਿਸ ਤੇ ਮੁਝ ਫਲ ਐਸੋ ਭਯੋ।
ਸੋ ਸਭਿ ਬਿਧਿ ਤੇ ਮਮ ਅਧਿਕਾਰਾ।
ਸੋ ਲਘੁ ਭ੍ਰਾਤਾ ਨੇ ਸੰਭਾਰਾ' ॥੨੩॥
ਸੁਨਿ ਸ਼੍ਰੀ ਰਾਮਰਾਇ ਕੇ ਬੈਨ।
ਬੋਲਯੋ ਸ਼ਾਹੁ ਚਪਲ[1] ਕਰਿ ਨੈਨ।
'ਤੁਮ ਕਹੁ, ਕਹਹੁ ਕਹਾਂ ਪਰਵਾਹੂ?
ਸਰਬ ਸਮਾਜ ਅਧਿਕ ਹੈ ਪਾਹੂ ॥੨੪॥
ਤੁਮ ਇਤ ਦਿਸ਼ ਕੇ ਗੁਰ ਬਨਿ ਰਹੋ।
ਸਿੱਖਜਨਿ ਤੇ ਭੇਟੈਂ ਗਨ ਲਹੋ।
ਹਮਰੇ ਨਿਕਟਿ ਰਹਹੁ ਹੋ ਜਾਵਤ।
ਸਰਬੋਤਮ ਦਿੱਲੀ ਬਸਿ ਤਾਵਤ[2] ॥੨੫॥
ਪੁਨ ਜੋ ਦੇਸ਼ ਤੋਹਿ ਲਗਿ ਨੀਕਾ।
ਜਹਾਂ ਹਰਖ ਬਿਰਧਾਵਹਿ ਜੀਕਾ।
ਤਹਿਂ ਸਥਾਨ ਆਛੋ ਬਨਵਾਇ।
ਦੈ ਹੈਂ ਗ੍ਰਾਮ ਜਗੀਰ ਲਗਾਇ ॥੨੬॥
ਸਭਿ ਸੁਖ ਪਾਇ ਬਾਸ ਤਹਿਂ ਕਰੀਅਹਿ।
ਹ੍ਵੈ ਜਿ ਮਨੋਰਥ ਮੋਹਿ ਉਚਰੀਅਹਿ।
ਸਭਿ ਮੈਂ ਪੂਰਨ ਕਰਵਿ ਤੁਮਾਰੇ।
ਬਾਂਛਤਿ ਲੀਜਹਿ ਨਿਕਟਿ ਹਮਾਰੇ ॥੨੭॥
ਧਾਰਤਿ ਕਰਾਮਾਤ ਕਹੁ ਭਾਰੇ।
ਜੇ ਜੇ ਕਾਰਜ ਕਹੇ ਸੁਧਾਰੇ।
ਤੁਝ ਪਰ ਮੈਂ ਸੁ ਪ੍ਰਸੰਨ ਮਹਾ ਹੌਂ।
ਚਹੈਂ[3] ਬਾਸ ਕਰਵਾਇ ਤਹਾਂ ਹੌਂ ॥੨੮॥
ਤਿਸ ਦਿਸ਼ਿ ਤੇ ਨਹਿਂ ਬਨਿ ਦਿਲਗੀਰ।
ਸੋ ਭੀ ਅਹੈ ਤੁਮਾਰੋ ਬੀਰ।
ਨਿਜ ਸੰਗਤਿ ਤੇ ਸੋ ਪੁਜਵਾਵੈ।
ਨਹਿਂ ਤੇਰੋ ਕੁਛ ਕਾਜ ਗਵਾਵੈ ॥੨੯॥
ਅਲਪ ਆਰਬਲ ਮਹਿਂ ਸੋ ਅਹੈ।

---

[1]ਚੰਚਲ।
[2]ਸਰਬ ਤੋਂ ਉੱਤਮ ਦਿੱਲੀ ਸ਼ਹਿਰ ਵਿਚ ਵਸੋ ਤਦੋਂ ਤੀਕ।
[3]ਜਿੱਥੇ ਚਾਹੇ।

ਜਾਤਿ ਨਹੀਂ ਕਿਤ, ਨਿਜ ਘਰ ਰਹੈ।
ਕੁਤੋ[1] ਈਰਖਾ ਤਿਹ ਸੰਗ ਕਰਨੀ।
ਕਰਨੀ ਨੀਕ, ਲੇਹੁ ਉਰ ਧਰਨੀ' ॥੩੦॥
ਸੁਨੇ ਸ਼ਾਹੁ ਕੇ ਬਾਕ ਭਲੇਰੇ।
ਕਹਿ ਸ੍ਰੀ ਰਾਮਰਾਇ ਤਿਸ ਬੇਰੇ।
'ਮੋਹਿ ਨਹੀਂ ਰੰਚਕ ਪਰਵਾਹੂ।
ਸੰਗਤਿ ਬ੍ਰਿੰਦ ਦੇਸ਼ ਮਮ ਪਾਹੂ ॥੩੧॥
ਬਹੁਰ ਮੇਲ ਹੈ ਸਾਥ ਤੁਮਾਰੇ।
ਸਭਿ ਜਹਾਨ ਕੋ ਸ਼ਾਹੁ ਉਦਾਰੇ।
ਪਠਹੁ ਦਰਬ ਅਰੁ ਵਸਤੂ ਨਾਨਾ।
ਜੇ ਬਹੁ ਦਰੁਲਭ ਜਗ ਕਹੁ ਜਾਨਾ ॥੩੨॥
ਆਜ ਕਮੀ ਮੁਝ ਕੋ ਨਹਿਂ ਕੋਊ।
ਜਿਮ ਚਿਤ ਚਹਤਿ ਕਰਤਿ ਹੈਂ ਸੋਊ।
ਉਭੈ ਬਾਤ ਅਸਮੰਜਸ[2] ਅਹੈਂ।
ਜਿਨ ਚਿਤਵਤਿ ਚਿਤ ਚਿੰਤਾ ਦਹੈ ॥੩੩॥
-ਇਕ ਤੌਂ ਮੈਂ ਗਾਦੀ ਅਧਿਕਾਰੀ।
ਲਘੁ ਭ੍ਰਾਤਾ ਨੇ ਸੋ ਸੰਭਾਰੀ।
ਸਕਲ ਸਮਾਜ ਸੰਗ ਹੀ ਲੀਨਸਿ।
ਅਜ਼ਮਤਿ ਜੁਤਿ ਪਿਤ ਸੰਗਤਿ ਦੀਨਸਿ ॥੩੪॥
ਕੀਨਸਿ ਮੁਝ ਤੇ ਅਧਿਕ ਬਡਾਈ।
ਸਰਬ ਮਸੰਦ ਲਗਾਇਸਿ ਪਾਈ।
ਇਹ ਜੋ ਕਰੀ ਅਜੋਗ ਜਦਾਪੀ।
ਇਸ ਪਰ ਬਸ ਨ ਬਸਾਇ ਤਦਾਪੀ ॥੩੫॥
ਸ੍ਰੀ ਗੁਰ ਆਪ ਅੱਛਤ ਜੋ ਦਈ।
ਨਹਿਂ ਸਮਰਥ ਕੋ, ਤਿਸ ਉਲਟਈ।
ਹੋਨਹਾਰ ਸੋ ਬੀਤ ਗਈ ਹੈ।
ਪਰਾਲਬਧ ਸ਼ੁਭ ਤੇ ਸੁ ਲਈ ਹੈ ॥੩੬॥
ਦੁਤਿਯੇ ਸੁਨਹੁਂ ਜੁ ਤੁਮ ਢਿਗ ਆਵਨਿ।
ਇਸ ਮਹਿਂ ਦੋਸ਼ ਕਰਹਿਂ ਅਰਪਾਵਨਿ।
ਕਹੇ ਆਪ ਕੇ ਹਮ ਕੁਛ ਕੀਨਾ।

---
[1]ਕਿਸ ਲਈ।
[2]ਕਠਨ, ਦੁਬਿਧਾ ਵਾਲੀ, ਅਜੋਗ।

ਅਜ਼ਮਤ ਬਲ ਤੇ ਜਿਸ ਬਿਧਿ ਚੀਨਾ ॥੩੭॥
ਜਯੋਂ ਜਯੋਂ ਸ਼ਾਹੁ ਕਰਯੋ ਫੁਰਮਾਵਨਿ।
ਤਯੋਂ ਤਯੋਂ ਅਜ਼ਮਤ ਕਿਯ ਦਿਖਰਾਵਨਿ।
ਪਠਯੋ ਪਿਤਾ ਨੇ ਇਸ ਹੀ ਕਾਮ।
ਕਰੌਂ ਨ ਕੈਸੇ, ਹੈ ਗੁਰ ਨਾਮੁ[1] ॥੩੮॥
ਸ਼੍ਰੀ ਗੁਰ ਪਿਤਾ ਕਹਤਿ ਕੁਛ ਥੋਰਾ।
ਅਬਿ ਬਿਸਤ੍ਰਿਤਿ ਸਕਲ ਦਿਸ਼ਿ ਓਰਾ।
ਬ੍ਰਿੰਦ ਮਸੰਦ ਸੰਗਤਾਂ ਮਾਂਹੀ।
ਨਿਤ ਕਹਿ ਕਹਿ ਦੋਸ਼ਨਿ ਅਰਪਾਹੀਂ ॥੩੯॥
ਮੇਲ ਸਦੋਸ਼ ਉਚਾਰਿ ਤੁਮਾਰੋ।
ਅਪਜਸੁ ਸਭਿ ਮਹਿਂ ਬਹੁ ਬਿਸਤਾਰੋ।
ਇਹ ਮੇਰੇ ਉਰ ਜਰੀ ਨ ਜਾਈ।
ਹਮ ਤੁਮ ਦੋਨਹੁਂ ਕੋ ਲਘੁਤਾਈ ॥੪੦॥
ਯਾਂ ਤੇ ਅਬਿ ਲਿਹੁ ਰਿਦੇ ਬਿਚਾਰਾ।
ਜਿਸ ਪ੍ਰਕਾਰ ਜਾਨਹਿ ਜਗ ਸਾਰਾ।
ਪਠਹੁ ਦੂਤ ਕੋ ਤਿਨ ਕੇ ਪਾਸ।
ਕਰਹੁ ਹਕਾਰਨਿ ਅਪਨਿ ਅਵਾਸ ॥੪੧॥
ਮੋ ਤੇ ਸਹਸ ਗੁਨੀ ਅਜ਼ਮਤ ਹੈ।
ਸ਼੍ਰੀ ਸਤਿਗੁਰ ਗਾਦੀ ਪਰ ਥਿਤ ਹੈ।
ਜਿਮ ਚਿਤ ਚਹਹੁ ਤਥਾ ਬਨਿਵਾਵਹੁ।
ਏਕ ਬਾਰ ਦਿੱਲੀ ਮੰਗਵਾਵਹੁ ॥੪੨॥
ਪੁਨ ਕਹਿਬੇ ਤੇ ਸਭਿ ਹਟਿ ਰਹੈਂ।
ਹਮ ਸਮ ਆਯਹੁ ਤਿਸ ਕਹੁ ਲਹੈਂ[2]।
ਸੋ ਪਿ ਭਨਹਿ ਨਹਿਂ ਸੰਗਤਿ ਮਾਂਹੂ।
ਮੁਹਿ ਸਮ ਮਿਲਹਿ ਆਇ ਤੁਮ ਪਾਹੂ ॥੪੩॥
ਇਹ ਮੇਰੇ ਉਰ ਕਰਕ ਬਿਸਾਲ।
ਨਿਸ ਦਿਨ ਪੀੜਤਿ ਜਿਮ ਨਟਸਾਲ[3]।
ਹਾਥ ਆਪ ਕੇ ਕਰਿਬੋ ਐਸੇ।

---

[1](ਕਿਉਂਕਿ) ਇਸ ਵਿਚ ਗੁਰੂ ਜੀ ਦਾ ਹੀ ਨਾਮ ਹੈ, ਭਾਵ ਵਡਿਆਈ ਹੈ।
[2]ਮੇਰੇ ਤੁੱਲ (ਤੁਸਾਂ ਪਾਸ) ਆਇਆ ਹੋਇਆ ਤਿਸ (ਸ਼੍ਰੀ ਹਰਿਕ੍ਰਿਸ਼ਨ ਜੀ) ਨੂੰ ਬੀ ਜਾਣਨਗੇ।
[3]ਤੀਰ ਜਾਂ ਬਰਛੇ ਦੀ ਨੋਕ ਜੋ ਟੁੱਟ ਕੇ ਜ਼ਖ਼ਮ ਵਿਚ ਰਹਿ ਜਾਵੇ।
[ਸੰਸ: ਨਖ਼ੁ ਸ਼ਲਜ]

ਕਵਿ ਸੰਤੋਖ ਸਿੰਘ 'ਭਾਖ੍ਯੋ ਜੈਸੇ' ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਸ਼੍ਰੀ ਰਾਮਰਾਇ ਜੀ ਦੀ ਦ੍ਵੈਸ਼ਤਾ]

੩੧<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੩

ਦੋਹਰਾ: ਸ਼੍ਰੀ ਗੁਰ ਜੇਸ਼ਠ ਪੁੱਤ੍ਰ ਨੇ,
ਕਰਿ ਮਤਸਰ ਮਨ ਮਾਂਹਿ।
ਨਿਜ ਸਮ ਕਰਿਬੇ ਅਨੁਜ ਕਹੁ,
ਕਹੀ ਸ਼ਾਹੁ ਕੇ ਪਾਹਿ ॥੧॥
ਚੌਪਈ: ਸੁਨਿ ਨੌਰੰਗ ਨੇ ਰਿਦੇ ਬਿਚਾਰਾ।
-ਇਨ ਮਤਸਰ ਕਰਿ ਬਾਕ ਉਚਾਰਾ।
ਆਰਬਲਾ ਹੈ ਅਲਪ ਤਿਨਹੁਂ ਕੀ।
ਰਹਨਿ ਮਾਤ ਢਿਗ ਬੈਸ ਜਿਨਹੁਂ ਕੀ ॥੨॥
ਕਿਮ ਆਵਹਿਂ ਹਮ ਕਰਹਿਂ ਹਕਾਰਨਿ।
ਨਹਿਂ ਨਿਕਸ੍ਯੋ ਘਰ ਤੇ ਕਿਸ ਕਾਰਨ।
ਭ੍ਰਾਤਪਨੇ ਮਹਿਂ ਅਧਿਕ ਸ਼ਰੀਕਾ।
ਕਰਹਿ ਦ੍ਵੈਸ਼, ਨਹਿਂ ਚਾਹਹਿ ਨੀਕਾ ॥੩॥
ਜਿਮ ਹੋਯਹੁ ਹੈ ਸਦਨ ਹਮਾਰੇ।
ਰਾਜ ਕਰ੍ਯੋ ਨਿਜ ਭ੍ਰਾਤਨਿ ਮਾਰੇ।
ਤਿਮ ਸਗਰੇ ਜਗ ਮੈਂ ਬਰਤਾਰਾ।
ਹੋਤਿ ਸ਼ਰੀਕੇ ਮਹਿਂ ਦੁਖ ਭਾਰਾ ॥੪॥
ਤੈਸੀ ਰੀਤਿ ਇਨਹੁਂ ਮਹਿਂ ਭਈ।
ਮਮ ਸਮ ਲਘੁ ਨੇ ਗਾਦੀ ਲਈ।
ਤਿਨ ਪਠਿ ਦੂਤ ਹਕਾਰੋਂ ਜਬੈ।
ਰਿਸ ਕਰਿ ਸ੍ਰਾਪ ਨ ਕੁਛ ਕਹਿਂ ਤਬੈ ॥੫॥
ਪ੍ਰਥਮ ਹਕਾਰੇ ਇਹ ਚਲਿ ਆਯਹੁ।
ਅਜ਼ਮਤ ਜੁਤਿ ਕਰ ਇਤਹਿ ਪਠਾਯਹੁ।
ਜੋ ਹਮ ਚਹਤਿ ਸਕਲ ਕਰਿਵਾਯਹੁ।
ਸਰਬ ਰੀਤਿ ਨੀਕੇ ਪਤਿਆਯਹੁ ॥੬॥
ਅਬਿ ਜੇ ਕਰਿ ਕਰਿ ਜ਼ੋਰ ਹਕਾਰਹਿਂ।
'ਸ਼ਾਹੁ ਦ੍ਵੈਸ਼ ਕਉ ਠਟਹਿ' ਬਿਚਾਰਹਿਂ[1]।
'ਬਡੋ ਭ੍ਰਾਤ ਜੇ ਪਹੁਂਚ੍ਯੋ ਪਾਸ।
ਮਮ ਅਧੀਨ ਪੁਨ ਰਹਿ ਕਜਾ ਆਸ[2]'- ॥੭॥

---

[1]'ਬਾਦਸ਼ਾਹ ਦ੍ਵੈਸ਼ ਕਰਦਾ ਹੈ' (ਇਹ) ਵਿਚਾਰਨਗੇ (ਗੁਰੂ ਜੀ)।
[2]ਫਿਰ ਮੇਰੇ ਗੋਚਰੀ ਕੀ ਆਸਾ (ਪੂਰੀ ਕਰਨੀ) ਬਾਕੀ ਰਹਿ ਗਈ ਹੈ।

ਇਮ ਬਿਚਾਰਿ ਉਰ ਨੌਰੰਗ ਕਹੈ।
'ਕਜ਼ਾ ਕਹਿ ਬਾਤ ਬੁਲਾਵਨਿ ਚਹੈ।
ਅਜ਼ਮਤ ਹੇਰਨਿ ਕੇਰ ਹਕਾਰਨ।
ਸੋ ਤੁਮ ਕੀਨਸਿ ਪ੍ਰਥਮ ਦਿਖਾਰਨਿ ॥੮॥
ਅਬਿ ਨਿਸ਼ਫਲ ਹੀ ਦੂਤ ਪਠਨਿ ਹੈ।
ਲਘੁ ਬਯ ਆਵਨਿ ਤਿਨਹੁਂ ਕਠਨ ਹੈ।
ਇਕ ਸ਼੍ਰੀ ਗੁਰ ਕੇ ਸੁਤ ਹਹੁ ਦੋਊ।
ਅਤਿ ਅਜ਼ਮਤ ਮਹਿਂ ਸਮਸਰ ਹੋਊ[1] ॥੯॥
ਕਿਧੌਂ ਸੁ ਲਘੁ ਗਾਦੀ ਪਰ ਟੀਕਾ।
ਤੁਮ ਤੇ ਹ੍ਵੈ ਹੈ ਅਧਿਕ ਬਧੀਕਾ[2]।
ਲਘੁ ਬਯ ਤੇ ਜਬਿ ਹੋਇ ਬਿਸਾਲਾ।
ਕਰਹਿਂ ਹਕਾਰਨਿ ਕੋ ਤਿਸ ਕਾਲਾ ॥੧੦॥
ਅਬਿ ਤੋ ਅਨੁਚਿਤ ਬਾਤ ਬਿਚਾਰੌਂ।
ਪਠਿ ਕੈ ਦੂਤ ਨ ਨਿਕਟਿ ਹਕਾਰੌਂ।'
ਸੁਨਿ ਸ਼੍ਰੀ ਰਾਮਰਾਇ ਤਬਿ ਕਹਜੋ।
'ਇਮ ਬਿਚਾਰ ਤੁਮ ਨੀਕੇ ਲਹਜੋ ॥੧੧॥
ਹੋਤਿ ਹਕਾਰਨਿ ਕੀ ਜੁਗ ਬਾਤੀ।
ਗਰਬਤਿ ਕਰਿ, ਕੈ ਬਲ ਬੱਖਜਾਤੀ[3]।
ਸੋ ਨਹਿਂ ਆਛੀ ਬਿਘਨ ਪਰਤਿ ਹੈ।
ਦੇਤਿ ਸ੍ਰਾਪ ਕੌ ਕ੍ਰੋਧ ਕਰਤਿ ਹੈ[4] ॥੧੨॥
ਬਿਨੈ ਬਖਾਨਿ ਬੁਲਾਵਨਿ ਕਰਨੋ।
ਇਹ ਨੀਕੋ ਪੁਰਸ਼ੋਤਮ ਬਰਨੋ।
ਇਮ ਕਰਤੇ ਸਭਿ ਬਿਘਨ ਬਿਨਾਸਹਿਂ।
ਨਿਤਪ੍ਰਤਿ ਮੰਗਲ ਮਹਿਦ ਪ੍ਰਕਾਸ਼ਹਿਂ ॥੧੩॥
ਯਾਂ ਤੇ ਕਰਹੁ ਬਿਚਾਰਨਿ ਐਸੇ।
ਸੋ ਆਵਹਿਂ ਅਰੁ ਸੁਖ ਹੁਇ ਜੈਸੇ।
ਕਰਿ ਸਨਮਾਨ ਹਕਾਰਹੁ ਤਾਂਹੂ।

---

[1]ਬਹੁਤ ਕਰਾਮਾਤਾਂ ਵਿਚ ਇਕੋ ਜਿਹੇ ਹੋਵੋਗੇ।
[2]ਬਹੁਤ ਵਧੀਕ ਹੋਵੇਗਾ।
[3]ਸੱਦਣ ਦੀ ਗੱਲ ਦੋ ਤਰ੍ਹਾਂ ਹੀ ਹੋ ਸਕਦੀ ਹੈ ਯਾ ਤਾਂ ਹੰਕਾਰ ਕਰਕੇ ਭਾਵ ਰੋਅਬ ਪਾਕੇ, ਯਾ ਪ੍ਰਗਟ ਬਲ ਦਿਖਾ ਕੇ।
[4](ਕਿਉਂਕਿ ਦੋਹਾਂ ਤਰ੍ਹਾਂ ਨਾਲ ਸੱਦਿਆਂ) ਕ੍ਰੋਧ ਆਉਂਦਾ ਹੈ, (ਤੇ ਕ੍ਰੋਧ ਵਿਚ ਓਹ ਸਮਰਥ ਹਨ) ਸ੍ਰਾਪ ਦੇ ਦੇਣਗੇ।

ਦਰਸਹੁ ਪਰਸਹੁ ਬੈਸਹੁ ਪਾਹੂ' ॥੧੪॥
ਤਿਸ ਛਿਨ ਨ੍ਰਿਪ ਜੈ ਸਿੰਘ ਸਵਾਈ*।
ਸੁਨਿ ਬ੍ਰਿਤਾਂਤ ਸਭਿ ਕਹ੍ਯੋ ਬੁਝਾਈ।
'ਇਹ ਜੁ ਬਾਤ ਗੁਰ ਸੁਤ ਨੇ ਕਹੀ।
ਸੋ ਹਮ ਨੇ ਮਨ ਆਛੀ ਲਹੀ ॥੧੫॥
ਪੂਰਬ ਭੀ ਪ੍ਰਸੰਗ ਅਸ ਭਇਊ।
ਇਨ ਕੋ ਬਡੋ ਸ਼ਾਹਿ ਢਿਗ ਅਇਊ।
ਜਹਾਂਗੀਰ ਪਤਿਸ਼ਾਹੁ ਬਿਸਾਲਾ।
ਬਡੋ ਆਪ ਕੋ ਸ਼ੁਭ ਮਗ ਚਾਲਾ ॥੧੬॥
ਤਿਨਹੁਂ ਹਕਾਰੇ ਬਿਨੈ ਬਖਾਨੀ।
ਸ਼੍ਰੀ ਹਰਿਗੋਵਿੰਦ ਸਰ ਧਨ ਪਾਨੀ[1]।
ਮਿਲੇ ਆਨਿ ਬਡ ਰਸ ਕੋ ਰਾਖਾ।
ਸ਼ਾਹੁ ਜੋਰਿ ਕਰ[2] ਤਿਨ ਸੋਂ ਭਾਖਾ ॥੧੭॥
-ਮੋਹਿ ਨਾਮ ਕੀ ਫੇਰਹੁ ਮਾਲਾ।
ਜਿਸ ਤੇ ਸੰਕਟ ਕਟਹਿਂ ਕਰਾਲਾ-।
ਕਹੇ ਨਜੂਮੀ ਕੇ ਇਮ ਕੀਨਿ।
ਦੁਰਗ ਗ੍ਵਾਲਿਯਰ ਪਠਿਬੇ ਕੀਨਿ ॥੧੮॥
ਜਹਾਂ ਕੈਦਖਾਨਾ ਬਹੁਤੇਰਾ।
ਸਭਿ ਬਯ ਕੈਦੀ ਤਹਾਂ ਬਸੇਰਾ।
ਸੁਨਤਿ ਸ਼ਾਹੁ ਕੀ ਬਿਨੈ ਪ੍ਰਸੀਜੇ।
ਪ੍ਰਵਿਸ਼ੇ ਦੁਰਗ ਜਾਇ ਜਪੁ ਕੀਜੇ ॥੧੯॥
ਜੇ ਰਜਪੂਤ ਕੈਦ ਮਹਿਂ ਤਹਾਂ।

---

*ਕਵਿ ਜੀ ਨੇ ਜੈ ਸਿੰਘ ਨਾਮ ਤਾਂ ਦਰੁਸਤ ਦਿੱਤਾ ਹੈ, ਪਰ 'ਸਵਾਈ' ਇਸ ਜੈ ਸਿੰਘ ਦਾ ਖ਼ਿਤਾਬ ਨਹੀਂ ਸੀ। ਇਹ ਜੈ ਸਿੰਘ ਅੰਬਰ ਸ਼ਹਿਰ (ਜੈ ਪੁਰ ਰਿਆਸਤ) ਦਾ ਰਾਜਾ ਸੀ। ਇਹ ਸ਼ਾਹਜਹਾਂ ਦਾ ਅਹਿਲਕਾਰ ਸੀ, ਤੇ 'ਮਿਰਜ਼ਾ ਰਾਜਾ' ਦਾ ਖ਼ਿਤਾਬ ਰੱਖਦਾ ਸੀ। ਔਰੰਗਜ਼ੇਬ ਪਾਸ ਬੀ ਇਸ ਨੇ ਇੱਜ਼ਤ ਪਾਈ। ਸੇਵਾ ਜੀ ਪਰ ਬਾਦਸ਼ਾਹ ਵਲੋਂ ਜਾ ਕੇ ਇਸ ਨੇ ਉਸ ਨਾਲ ਸੁਲਹ ਕਰਕੇ ਕੇਵਲ ੧੨ ਕਿਲੇ ਉਸਨੂੰ ਦਿੱਤੇ ਤੇ ਬਾਦਸ਼ਾਹ ਦਾ ਕੁਮਕੀ ਬਣਾ ਲਿਆ। ਜੈ ਸਿੰਘ ਨੇ ਤਦੋਂ ਹੀ ਸੇਵਾ ਜੀ ਦੀ ਕੁਮਕ ਨਾਲ ਬੀਜਾਪੁਰ ਤੇ ਫਤੇ ਪਾਈ ਸੀ। ਇਹ ਵਿਦਵਾਨ, ਜੋਧਾ, ਤੇ ਨੀਤੀਵੇਤਾ ਸੀ। ਇਹ ੧੭੨੩ ਸੰਮਤ ਦੇ ਲਗਪਗ ਹੋਇਆ ਹੈ। ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਇਹੋ ਜੈ ਸਿੰਘ ਸੀ, ਤੇ ਗੁਰੂ ਘਰ ਪਰ ਬੀ ਇਸ ਦੀ ਸ਼ਰਧਾ ਹੈ ਸੀ। ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਲੋਕ ਗਮਨ ਚੇਤ ਸੰਮਤ ੧੭੨੧ ਵਿਚ ਹੋਇਆ ਸੀ। ਜੈ ਸਿੰਘ ਸਵਾਈ ਇਸੇ ਜੈ ਸਿੰਘ ਦੀ ਵੰਸ਼ ਵਿਚੋਂ ਮਗਰੋਂ ਹੋਇਆ ਹੈ। ਉਸ ਨੇ ਅੰਬਰ ਤੋਂ ਬਦਲਕੇ ਰਾਜਧਾਨੀ ਜੈਪੁਰ ਵਸਾਕੇ ਏਥੇ ਆਂਦੀ ਸੀ। ਇਹ ੧੭੫੫ ਸੰਮਤ ਬਿ: ਦੇ ਲਗਪਗ ਗੱਦੀ ਬੈਠਿਆ ਤੇ ੧੭੯੯ ਸੰਮਤ ਬਿ: ਦੇ ਲਗਪਗ ਮੋਇਆ। ਇਹ ਜਯੋਤਸ਼ੀ ਬੀ ਸੀ, ਦਿੱਲੀ ਦਾ ਜੰਤ੍ਰ ਮੰਤਰ, ਜੋਤਿਸ਼ ਵਿਦਿਆ ਦਾ ਟਿਕਾਣਾ ਇਸੇ ਦਾ ਰਚਿਆ ਹੋਇਆ ਹੈ।

[1]ਧਨੁੱਖ ਬਾਣ ਹੱਥ ਵਿਚ ਧਾਰਨ ਵਾਲੇ।

[2]ਹੱਥ ਜੋੜ ਕੇ।

ਅਸਨ ਬਸਨ ਸਭਿ ਕੋ ਦਿਯ ਤਹਾਂ।
ਪੁਨਹਿ ਬੁਲਾਏ ਕਰਿ ਚਾਲੀਸਾ।
ਕਹਿ ਮੁਚਵਾਏ[1] ਸਕਲ ਮਹੀਸ਼ਾ[2] ॥੨੦॥
ਸਭਿ ਰਜਪੂਤਨਿ ਮੈਂ ਬਿਰਤਾਂਤ।
ਅਬਿ ਲੌ ਕਹੈਂ ਸੁਨਹਿਂ ਬੱਖਜਾਤ।
ਪੁਰਸ਼ੋਤਮ ਜੇ ਹੈਂ ਜਗ ਮਾਂਹੀਂ।
ਬਿਨੈ ਸੁਨਤਿ ਹੀ ਬਸਿ ਹ੍ਵੈ ਜਾਹੀਂ ॥੨੧॥
ਤਿਮ ਸ਼੍ਰੀ ਸਤਿਗੁਰ ਕੋ ਇਹ ਬੰਸ।
ਕਯੋਂ ਨ ਪ੍ਰਸੰਨਹਿ ਕਰੇ ਪ੍ਰਸੰਸ।
ਆਵਹਿਂਗੇ, ਨਹਿਂ ਬਿਲਮ ਲਗਾਵਹਿ।
ਕਰਿ ਸਨਮਾਨ ਜਿ ਆਪ ਬੁਲਾਵਹਿਂ' ॥੨੨॥
ਇਮ ਜੈ ਸਿੰਘ ਸਵਾਈ ਕਹ੍ਯੋ।
ਸੁਨ੍ਯੋ ਸ਼ਾਹੁ ਮਨ ਨੀਕੇ ਲਹ੍ਯੋ।
ਚਿਤਵਤਿ ਚਿਤ ਮਹਿਂ -ਇਸ ਕੇ ਹਾਥ।
ਕਰਹਿਂ ਹਕਾਰਨਿ ਬਿਨਤੀ ਸਾਥ ॥੨੩॥
ਜੇ ਰਿਸ ਹੋਇ ਤ ਇਸ ਪਰ ਹੋਇ।
ਜੇ ਪ੍ਰਸੰਨ, ਦਰਸਹਿਂ ਸਭਿ ਕੋਇ-।
ਇਮ ਬਿਚਾਰਿ ਕਰਿ ਨੌਰੰਗ ਭਨਿਯੋ।
'ਭੋ ਜੈ ਸਿੰਘ ਸਵਾਈ! ਸੁਨਿਯੋ ॥੨੪॥
ਆਛੀ ਬਾਤ ਕਹੀ ਇਮ ਕਰਹੁ।
ਤੁਮਹਿ ਬੁਲਾਵਨਿ ਉੱਦਮ ਧਰਹੁ।
ਅਪਨੋ ਪਠੀਅਹਿ ਨਰ ਪਰਧਾਨ।
ਜੋ ਲਜਾਵੈ ਬਹੁ ਬਿਨੈ ਬਖਾਨਿ ॥੨੫॥
ਜਿਸ ਤੇ ਰਿਸ ਨ ਕਰਹਿਂ ਸੁਨਿ ਕੈਸੇ।
ਦਿੱਲੀ ਪੁਰਿ ਲਗਿ ਆਨਹਿ ਜੈਸੇ।
ਕਰਹੁ ਪਠਾਵਨਿ ਸਭਿ ਅਸਵਾਰੀ।
ਅਪਰ ਸਕਲ ਬਿਧਿ ਕੀਜਹਿ ਤਜਾਰੀ ॥੨੬॥
ਅਭਿਲਾਖਤਿ[3] ਪਰ ਹੁਇ ਆਰੂਢਿ।
ਬਾਲ ਬੈਸ ਜਿਸ ਆਸ਼ੈ ਗੂਢ।

---

[1]ਛੁਡਵਾਏ।
[2]ਰਾਜੇ।
[3]ਮਨ ਬਾਂਛਤ (ਅਸਵਾਰੀ) ਉੱਤੇ।

ਦੇਹੁ ਪਠਾਇ ਉਪਾਇਨ ਨਾਨਾ।
ਹਮਰੀ ਦਿਸ਼ਿ ਕੋ ਲਿਹੁ ਪਰਵਾਨਾ ॥੨੭॥
ਸਹਿਤ ਪ੍ਰਸੰਨਤਾ ਜਿਮ ਚਲਿ ਆਵੈਂ।
ਤਿਮ ਕਰੀਅਹਿ ਪੁਨ ਦਰਸ਼ਨ ਪਾਵੈਂ।
ਬਹੁ ਸਨਮਾਨ ਸਾਥ ਅਨਵਾਵਉ।
ਰੁਚਿਰ ਉਪਾਇਨ ਪ੍ਰਥਮ ਪਠਾਵਉ ॥੨੮॥
ਨਿਜ ਦਿਸ਼ਿ ਤੇ ਬਹੁ ਬਿਨਤੀ ਲਿਖੀਅਹਿ।
-ਆਪ ਆਇ ਦਿੱਲੀ ਪੁਰਿ ਦਿਖੀਅਹਿ।
ਸਭਿ ਸੰਗਤਿ ਕੋ ਦਰਸ਼ਨ ਦੈ ਕੈ।
ਹਮਹੁੰ ਮੋਦ ਉਪਜਾਵਨਿ ਕੈ ਕੈ ॥੨੯॥
ਕਰਹੁ ਸਨਾਥ ਦਾਸ ਮੁਹਿ ਜਾਨਹੁੰ-।
ਇੱਤਜਾਦਿਕ ਲਿਖਿਬੋ ਤੁਮ ਠਾਨਹੁ।'
ਸੁਨਤਿ ਸ਼ਾਹੁ ਤੇ ਜੈ ਪੁਰਿ ਰਾਜਾ।
ਕਹਤਿ ਭਯੋ 'ਮੈਂ ਕਰਿਹੌਂ ਕਾਜਾ ॥੩੦॥
ਜਿਤਿਕ ਸੇਵ ਮੁਝ ਤੇ ਬਨਿ ਜੈ ਹੈ।
ਤਿਤਿਕ ਭਲੋ ਸਤਿਗੁਰ ਕਰਿ ਦੈ ਹੈਂ।
ਇਕ ਤੌਂ ਕਹਨਿ ਆਪ ਕੌ ਭਇਊ।
ਦੁਤਿਯ ਸੇਵ ਕਰ ਦਰਸ਼ਨ ਲਇਊ ॥੩੧॥
ਕ੍ਰਿਪਾ ਕਰਹਿੰਗੇ ਬਰ ਕੋ ਦੈ ਹੈਂ।
ਯਾਂ ਤੇ ਹਮ ਸਭਿ ਰੀਤਿ ਰਿਝੈਂ ਹੈਂ।
ਆਇੰ ਆਪ ਕੇ ਨਿਕਟਿ ਜ਼ਰੂਰ।
ਸੁਨਜੋ ਸੁ, ਤਿਨ ਦੇਖੇ ਦੁਖ ਦੂਰ[1] ॥੩੨॥
ਅਧਿਕ ਪ੍ਰਤਾਪ ਤਿਨਹੁੰ ਕੋ ਅਹੈ।
ਨਰ ਸਮੁਦਾਇ ਜਹਾਂ ਕਹਿਂ ਕਹੈਂ।'
ਇਮ ਬ੍ਰਿਤਾਂਤ ਭਾ ਸਭਾ ਮਝਾਰ।
ਠਹਿਰੀ ਠੀਕ ਹਕਾਰਨਿ ਕਾਰ[2] ॥੩੩॥
ਉਠਜੋ ਸ਼ਾਹੁ ਅੰਤਹ ਪੁਰਿ ਗਇਊ।
ਅਪਰ ਸਰਬ ਦੁਰਗਹਿਂ ਨਿਕਸਇਊ।
ਆਪ ਆਪਨੇ ਪਹੁੰਚੇ ਡੇਰੇ।
ਚਢਿ ਚਢਿ ਸਿਵਕਾ ਸ਼ੁਭਤਿ ਬਧੇਰੇ ॥੩੪॥

---
[1](ਮੈਂ ਇਹ) ਸੁਣਿਆਂ ਹੈ ਕਿ ਉਨ੍ਹਾਂ ਦੇ ਦਰਸ਼ਨ ਨਾਲ ਦੁਖ ਦੂਰ ਹੁੰਦੇ ਹਨ।
[2]ਸੱਦਣੇ ਦਾ ਕੰਮ।

ਕੋ ਸ੍ਰੀ ਰਾਮਰਾਇ ਕਹਿ ਨੀਕਾ।
'ਕਰਾਮਾਤ ਸਾਹਿਬ ਸ਼ੁਭ ਟੀਕਾ।'
ਕੋ ਕਹਿ 'ਆਛੋ ਨਹਿਂ ਇਨ ਕੀਨਾ।
ਅਨੁਜ ਸੰਗ ਦ੍ਵੈਸ਼ ਜੁ ਰਚਿ ਲੀਨਾ ॥੩੫॥
ਦਈ ਪਿਤਾ ਨੇ ਜਿਸ ਬਡਿਆਈ।
ਸੌਂਪਜੋ ਸਭਿ ਸਮਾਜ ਸਮੁਦਾਈ।
ਸ੍ਰੀ ਹਰਿਕ੍ਰਿਸ਼ਨ ਰੂਪ ਜਿਨ ਬਾਲਕ।
ਤਿਨ ਦੂਤੀ[1] ਕੀਨਸਿ ਤਤਕਾਲਕ ॥੩੬॥
ਸ਼ਾਹੁ ਸਿਖਾਯਹੁ -ਇਹਾਂ ਹਕਾਰਹੁ।
ਕਰਾਮਾਤ ਸਭਿ ਭਾਂਤਿ ਨਿਹਾਰਹੁ-।
ਅਬਿ ਲੌ ਬਾਲਿਕ ਰੂਪ ਸਹਾਈ।
ਇਸ ਕੇ ਸਾਥ ਨ ਚਹਿ ਖੁਟਿਆਈ ॥੩੭॥
ਦਈ ਪਿਤਾ ਨੇ ਵਸਤੁ ਸੰਭਾਰੀ।
ਹਰੀ ਨਹੀਂ ਕਿਹ ਤੇ ਬਲਧਾਰੀ।
ਸ੍ਰੀ ਹਰਿਰਾਇ ਰਿਦੇ ਰਿਸ ਆਈ।
-ਆਇ ਨ ਹਮ ਕੋ ਮੁਖ ਦਿਖਲਾਈ- ॥੩੮॥
ਇਸ ਮਹਿਂ ਦੋਸ਼ ਤਿਨਹੁਂ ਕੋ ਕਹਾਂ।
ਜਿਨ ਸੋਂ ਦ੍ਵੈਸ਼ ਰਚਤਿ ਹੈ ਮਹਾਂ।
ਟਰਤਿ ਸ਼ਾਹੁ ਇਨ ਟਰਨਿ ਨ ਦੀਨਾ।
ਠੀਕ ਹਕਾਰਨਿ ਕੋ ਮਤਿ ਕੀਨਾ ॥੩੯॥
ਅਜ਼ਮਤ ਮਹਿਂ ਪੂਰਨ ਜੁਗ ਭਾਈ।
ਮਿਲੇ ਪਰਸਪਰ ਜਬਿ ਇਕ ਥਾਂਈ।
ਕੋ ਜਾਨਹਿ ਤਬਿ ਕਜਾ ਹੁਇ ਜਾਇ।
ਕਿਸ ਬਿਧਿ ਕੋ ਮੁਖ ਬਚ ਨਿਕਸਾਇਂ ॥੪੦॥
ਕਹਜੋ ਨਿਫਲ ਹੋਵਹਿ ਨਹਿਂ ਕੈਸੇ।
ਲੱਛ ਹਤਸਿ ਅਭਿਆਸੀ ਜੈਸੇ[2]।
ਧਨੁ ਬਿੱਦਜਾ[3] ਜਿਨ ਭਲੇ ਕਮਾਈ।
ਚੁਕਹਿ ਨਹੀਂ ਬਾਨ ਗਨ ਘਾਈ' ॥੪੧॥
ਦੋਹਰਾ: ਇੱਤਜਾਦਿਕ ਸੂਬੇ ਕਹੈਂ, ਭਲੀ ਬੁਰੀ ਬਿਧਿ ਜਾਨਿ।

[1]ਉਨ੍ਹਾਂ ਦੀ ਚੁਗਲੀ।
[2](ਤੀਰ ਚਲਾਉਣ ਦਾ) ਅਭਿਆਸੀ ਜਿਵੇਂ ਨਿਸ਼ਾਨਾ ਫੁੰਡਦਾ ਹੈ।
[3]ਤੀਰ ਅੰਦਾਜ਼ੀ ਦੀ ਵਿਦਜਾ।

ਗੁਰ ਸੁਤ ਪਹੁੰਚਯੋ ਸिਵਰ ਨਿਜ, ਉਰ ਅਨੰਦ ਕਹੁ ਠਾਨਿ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਦੁਇ ਤ੍ਰਿੰਸਤੀ ਅੰਸੂ ॥੩੨॥

## ੩੩. [ਸਤਿਗੁਰੂ ਜੀ ਨੂੰ ਲੈਣ ਜੈ ਸਿੰਘ ਦਾ ਦੂਤ ਗਿਆ]

੩੨<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੪

ਦੋਹਰਾ: ਸੀਖ ਸਿਖਾਈ ਸ਼ਾਹੁ ਕੋ,
ਮਤੋ ਠੀਕ ਠਹਿਰਾਇ।
ਸ਼੍ਰੀ ਗੁਰ ਸੁਤ ਪਹੁੰਚੵੋ ਸਿਵਰ,
ਬੈਠੵੋ ਬਿਚ ਸਮੁਦਾਇ ॥੧॥
ਚੌਪਈ: ਬਹਿਲੋ ਕੇ ਗੁਰਦਾਸ ਜਿ ਆਦਿਕ।
ਕਹਿਤਿ ਭਯੋ ਸਭਿ ਸੋਂ ਅਹਿਲਾਦਿਕ[1]।
'ਸ਼੍ਰੀ ਗੁਰ ਨਾਨਕ ਕਾਜ ਸੁਧਾਰੇ।
ਪੂਰਨ ਭਏ ਮਨੋਰਥ ਸਾਰੇ ॥੨॥
ਸ਼੍ਰੀ ਹਰਿਕ੍ਰਿਸ਼ਨ ਸੁ ਸ਼ਾਹੁ ਹਕਾਰੇ।
ਨ੍ਰਿਪ ਜੈ ਸਿੰਘ ਬੀਚ ਕੋ ਡਾਰੇ।
ਅਬਿ ਆਵਹਿਗੋ ਦਿੱਲੀ ਪੁਰਿ ਮੈਂ।
ਸੁਖ ਸੋਂ ਬੈਸ ਰਹੈ ਜੋ ਘਰ ਮੈਂ ॥੩॥
ਬਿਘਨ ਅਨੇਕ ਪਾਇ ਹੌਂ ਇਹਾਂ।
ਬਿਗਰਹਿ ਸ਼ਾਹੁ ਜਾਇ ਗੋ ਕਹਾਂ।
ਸ਼ਾਹ ਬੁਲਾਏ ਜੇ ਚਲਿ ਆਯਹੁ।
ਕਰਯੋ ਨੇਮ ਪ੍ਰਣ ਸੋ ਬਿਨਸਾਯਹੁ[2] ॥੪॥
-ਨਹਿਂ ਮਲੇਛ* ਕੋ ਦਰਸ਼ਨ ਪਾਊਂ।
ਅਪਨੋ ਦਰਸ਼ਨ ਤਿਸ ਨ ਦਿਖਾਊਂ-।
ਕਰੀ ਪ੍ਰਤੱਗਜਾ ਇਸ ਬਿਧਿ ਜੋਇ।
ਆਵੈ ਇਤੈ ਬਿਨਸਿ ਹੋ ਸੋਇ ॥੫॥
ਸੰਗਤਿ ਸਗਲ ਮਸੰਦਨਿ[3] ਜਾਨੀ।
ਪੈਜ[4] ਸਭਿਨਿ ਮਹਿਂ ਬੈਠਿ ਜੁ ਠਾਨੀ।

---

[1]ਪ੍ਰਸੰਨ ਹੋ ਕੇ।

[2]ਜੋ ਨਿਯਮ ਪੂਰਬਕ ਪ੍ਰਣ ਕੀਤਾ ਸੀ ਉਹ ਟੁੱਟੇਗਾ।

*ਮਲੇਛ ਪਦ ਦੇ ਆਮ ਅਰਥ ਮੈਲ ਦੀ ਇੱਛਾ ਵਾਲਾ ਹੈ, ਤੇ ਇਸ ਦਾ ਵਰਤਾਉ ਤੁਰਕ ਆਦਿਕਾਂ ਪਰ ਹੁੰਦਾ ਹੈ, ਪਰ ਅਸਲ ਵਿਚ ਇਸ ਦੇ ਅਰਥ ਬਿਦੇਸ਼ੀ ਦੇ ਹਨ ਜੋ ਹਿੰਦ ਦੇ ਵਿਰੋਧੀ ਹੋਣ। ਜਿਸ ਸਮੇਂ ਹਿੰਦ ਦੇ ਲੋਕ ਸੱਭਯ ਸਨ, ਤੇ ਸੂਛ ਰਹਿੰਦੇ ਸਨ ਤਦੋਂ ਦੂਸਰਿਆਂ ਦੇਸ਼ਾਂ ਦੇ ਵਿਰੋਧੀ ਵਾਸੀਆਂ ਨੂੰ, ਜੋ ਇਨ੍ਹਾਂ ਤੋਂ ਘਟ ਸੱਭਯ ਸਨ ਯਾ ਅਸੱਭਯ ਸਨ, ਮਲੇਛ ਕਿਹਾ ਕਰਦੇ ਸਨ।

ਇਥੇ ਮਲੇਛ ਤੋਂ ਮੁਰਾਦ ਔਰੰਗਜ਼ੇਬ ਦੀ ਹੈ, ਜੋ ਧਰਮ ਦਾ ਵਿਰੋਧੀ ਦੂਸਰੇ ਮਤ ਦਾ ਤੇ ਦੂਸਰੇ ਦੇਸ਼ ਤੋਂ ਆਇਆਂ ਦੀ ਔਲਾਦ ਸੀ।

[3]ਸਾਰੇ ਮਸੰਦਾਂ ਤੇ ਸੰਗਤ ਨੇ।

[4]ਪ੍ਰਤੱਗਜਾ।

-ਕਰਜੋ ਕੂਰ- ਜਾਨਹਿਂਗੇ ਸਭੈ[1]।
-ਇਹ ਕੈਸੋ ਗੁਰ? ਭਾਖਹਿਂ ਤਬੈ[2] ॥੬॥
ਬਿਗਰ ਜਾਇਗੀ ਪੁਨਿ ਗੁਰਿਆਈ।
ਤਜਾਗਹਿਂ ਸ਼ਰਧਾ ਨਰ ਸਮੁਦਾਈ।
ਇਮ ਇਤ ਕੇ ਆਵਨਿ ਮਹਿਂ ਦੋਸੂ।
ਤਿਨ ਬਚ ਕੋ ਛੁਟਿ ਜਾਇ ਭਰੋਸੂ ॥੭॥
ਜੁ ਕੁਛ ਕਿਸੀ ਕੋ ਕਹੈ ਬਨਾਈ।
ਨਹਿਂ ਮਾਨਹਿਂ -ਇਹ ਕੂਰ ਕਹਾਈ[3]-।
ਜੇ ਇਸ ਪੈਜ ਛੂਟਨਿ ਤੇ ਡਰਹਿ।
ਨਹੀਂ ਆਇਬੋ ਦਿੱਲੀ ਕਰਹਿ ॥੮॥
ਤੌ ਬਸਿਬੋ ਕੀਰਤਿਪੁਰਿ ਅਪਨੋ।
ਹੋਵਹਿ ਨਹੀਂ ਬੀਚ ਭੀ ਸੁਪਨੋ।
ਅਪਰ ਥਾਨ ਜੈਬੇ ਕਹੁ ਹੋਇ ਨ।
ਨ੍ਰਿਪ ਆਦਿਕ ਰਖਿ ਸਕਿ ਹੈ ਕੋਇ ਨ ॥੯॥
ਸ਼ਕਤਿ ਨ ਹੋਹਿ ਲਰਨਿ ਕੀ ਜਬੈ।
ਛੋਰਿ ਦੇਸ਼ ਕਹੁ ਗਮਨਹਿਂ ਤਬੈ।
ਜੰਗਲ ਕੋ ਥਲ ਜੋ ਜਲ ਹੀਨ।
-ਜਾਇ ਨ ਸਕੈ ਸੈਨ- ਇਮ ਚੀਨ ॥੧੦॥
ਤਹਿਂ ਕੋ ਜਾਇ ਪ੍ਰਵੇਸ਼ਨਿ ਕਰਿ ਹੈ।
ਕੀਰਤਿਪੁਰਿ ਤੇ ਬਸਤਿ ਨਿਕਰਿ ਹੈ[4]।
ਅਧਿਕ ਸਮਾਜ ਬਿਰਾਜਹਿ ਜੋਇ।
ਤਿਸ ਥਲ ਪਹੁਂਚਿ ਬਿਨਾਸੀ ਹੋਇ ॥੧੧॥
ਇਕ ਤੌ ਡਰਹਿਂ ਸ਼ਾਹੁ ਤੇ ਲੋਕ।
ਮਿਲਹਿਂ ਨ, ਹੋਹਿ ਸਭਿਨਿ ਮੈਂ ਰੋਕ[5]।
ਦੁਤੀਏ ਜੰਗਲ ਦੇਸ਼ ਮਝਾਰ।
ਨਰ ਰਹਿਂ ਦੁਖੀ ਨ ਪ੍ਰਾਪਤਿ ਬਾਰਿ[6] ॥੧੨॥
ਬਸਨਹਾਰ ਜੇ ਜਲ ਨਹਿਂ ਪਾਵਹਿਂ।

---
[1]ਸਾਰੇ ਜਾਣ ਲੈਣਗੇ ਕਿ ਇਨ੍ਹਾਂ ਨੇ ਝੂਠ ਕਿਹਾ ਸੀ।
[2]ਤਦ ਆਖਣਗੇ ਕਿ ਇਹ ਕਾਹਦਾ ਗੁਰੂ ਹੈ।
[3](ਲੋਕੀਂ) ਮੰਨਣਗੇ ਨਹੀਂ (ਕਹਿਣਗੇ ਕਿ) ਇਹ ਝੂਠ ਕਹਿ ਰਹੇ ਹਨ।
[4]ਵੱਸਣ ਤੋਂ ਨਿਕਲ ਜਾਣਗੇ।
[5]ਸਭ ਵਿਚ ਰੁਕਾਵਟ ਹੋ ਜਾਏਗੀ।
[6]ਜਲ।

ਕਹਿਂ ਤੇ ਪਾਨ ਕਰਹਿਂ ਜੋ ਜਾਵਹਿਂ।
ਰੋਜ਼ ਹਜ਼ਾਰਹੁਂ ਆਵਹਿਂ ਜੈਸੇ[1]।
ਜੰਗਲ ਦੇਸ਼ ਨ ਪਹੁਂਚਹਿਂ ਤੈਸੇ ॥੧੩॥
ਹਟਤਿ ਹਟਤਿ ਸੰਗਤ ਰਹਿ ਜਾਇ।
ਕੌਨ ਕਸ਼ਟ ਯੁਤਿ ਦਰਸ਼ਨ ਪਾਇ।
ਪੁਨਹਿ ਮੋਹਿ ਗੁਰਤਾ ਬਿਦਤਾਵੈ।
ਸਿਖ ਸੰਗਤਿ ਸਗਰੇ ਚਲਿਆਵੈਂ ॥੧੪॥
ਧਨੀ ਮਸੰਦਨਿ ਕੋ ਧਨ ਦੈ ਹੈਂ।
ਸਿਰੇਪਾਉ ਬਖਸ਼ੀਸ਼ ਕਰੈ ਹੈਂ।
ਬਹੁ ਸਨਮਾਨਹਿ ਆਵਨ ਜਾਨੈਂ।
ਤਿਸ ਤੇ ਹਟਿ ਇਤ ਹੀ ਕੋ ਮਾਨੈਂ ॥੧੫॥
ਸਭਿ ਮਾਨਵ ਸੁਖ ਕੇ ਬਸਿ ਅਹੈਂ।
ਪਹੁਂਚਹਿ ਤਹਾਂ ਜਹਾਂ ਬਹੁ[2] ਲਹੈਂ।
ਇਹ ਉਪਾਇ ਅਬਿ ਮੈਂ ਕਰਿ ਆਵਾ।
ਸਤਿਗੁਰ ਜਾਨਹਿਂ ਕਿਮ ਬਨਿ ਜਾਵਾ ॥੧੬॥
ਮੁਝ ਮਨ ਮੈਂ ਨਿਸ਼ਚੈ ਅਸ ਪਾਵਤਿ।
ਸ੍ਰੀ ਹਰਿਕ੍ਰਿਸ਼ਨ ਨਹੀਂ ਇਤ ਆਵਤਿ।
ਨਹੀਂ ਪ੍ਰੱਤਗਜ਼ਾ ਕਹੁ ਪਰਹਰੈ।
ਕਹਜੋ ਬਾਕ ਕੋ ਪਾਲਨਿ ਕਰੈ ॥੧੭॥
ਦੋਨੋ ਬਿਧਿਨਿ ਮੋਹਿ ਗੁਨ ਹੋਇ।
ਆਵਹਿ ਕਿਧੌਂ ਨ ਆਵਹਿ ਸੋਇ।'
ਇਮ ਨਿਜ ਲੋਕਨਿ ਮਹਿਂ ਕਹਿ ਬਾਤੀ।
ਭਰਜੋ ਹਰਖ ਕੁਛ ਸੀਤਲ ਛਾਤੀ ॥੧੮॥
ਹੋਨਹਾਰ ਕਹੁ ਜਾਨਹਿ ਨਾਂਹੀ।
ਲਖਹਿ ਕਿ -ਗੁਰਤਾ ਹੁਇ ਮੁਝ ਪਾਹੀ-।
ਖਾਨ ਪਾਨ ਕਰਿ ਸੁਪਤੇ ਰਾਤੀ।
ਸੁਖ ਸੋਂ ਬਿਤੀ ਸੁ ਭਈ ਪ੍ਰਭਾਤੀ ॥੧੯॥
ਉਠਿ ਜੈ ਸਿੰਘ ਸਵਾਈ ਰਾਜਾ।
ਕਹਜੋ ਸ਼ਾਹੁ ਚਿਤਵਤਿ ਸੋ ਕਾਜਾ[3]।

---

[1]ਜਿਵੇਂ (ਕੀਰਤਪੁਰ ਵਿਚ) ਰੋਜ਼ ਹਜ਼ਾਰਾਂ ਹੀ ਆਉਂਦੇ ਹਨ।
[2]ਬਹੁਤ (ਸੁਖ)।
[3]ਸ਼ਾਹ ਦਾ ਕਹਿਆ ਹੋਇਆ ਕਾਜ ਚਿਤਵਦਾ ਹੈ।

ਨਿਤ ਕੀ ਕ੍ਰਿਆ ਕੀਨਿ ਸ਼ੁਭ ਰੀਤਿ।
ਬੈਠਜੋ ਨਿਜ ਆਸਨ ਮੁਦ ਚੀਤ ॥੨੦॥
ਏਕ ਪ੍ਰਧਾਨ ਹਕਾਰਨਿ ਕਰਜੋ।
ਸਨਮਾਨਤਿ ਬਹੁ ਬਾਕ ਉਚਰਜੋ।
ਬ੍ਰਿੱਧ ਸੁਸ਼ੀਲ ਅਧਿਕ ਬੁਧਿਵਾਨਾ।
ਨੀਕੋ ਸਕਲ ਰੀਤਿ ਤੇ ਜਾਨਾ ॥੨੧॥
'ਹੁਕਮ ਸ਼ਾਹੁ ਕੋ ਹਮ ਪਰ ਹੋਵਾ।
-ਸ਼੍ਰੀ ਹਰਿਕ੍ਰਿਸ਼ਨ ਰੂਪ ਲਿਹੁ ਜੋਵਾ।
ਸਾਦਰ ਤਿਨ ਕਹੁ ਲੇ ਕਰਿ ਆਵਹੁ।
ਜੁਤਿ ਅਸਵਾਰੀ ਅਬੈ ਸਿਧਾਵਹੁ- ॥੨੨॥
ਸੁੰਦਰ ਸਜੰਦਨ ਗਨ ਨਗ ਜਰੇ।
ਬਲੀ ਬਾਹੁ[1] ਜਿਸ ਜੋਰਨਿ ਕਰੇ।
ਜ਼ਰੀ ਦੋਸ਼ ਜਗਮਗ ਚਮਕੰਤਾ।
ਅਸ ਉਛਾਰ ਊਪਰ ਦੁਤਿਵੰਤਾ ॥੨੩॥
ਰੁਚਿਰ ਪਾਲਕੀ ਮੁਕਰ ਜਰਾਊ[2]।
ਲੇਹੁ ਕਹਾਰ ਸੰਗ ਸਮੁਦਾਊ।
ਹਤਿ ਮਾਤਨਿ ਕੇ ਲੀਜਿਹ ਡੋਰੇ।
ਜੇ ਕਰਿ ਸਾਥ ਆਇੰ ਇਤ ਓਰੇ ॥੨੪॥
ਦਾਸੀ ਦਾਸ ਜਿਤਿਕ ਹੁਇੰ ਸਾਥ।
ਉਚਿਤ ਦੇਹੁ ਅਸੁਵਾਰੀ ਪਾਥ[3]।
ਸੰਗ ਤੁਰੰਗਮ ਕੁਛ ਲੇ ਜਾਹੁ।
ਅਪਰ ਉਪਾਇਨ ਅਰਪਹੁ ਪਾਹੁ ॥੨੫॥
ਦਰਬ ਪਟੰਬਰ ਅਰੁ ਪਸ਼ਮੰਬਰ।
ਬਰਨ ਬਰਨ ਕੇ ਬਹੁ ਬਰ ਅੰਬਰ।
ਪ੍ਰਥਮ ਪ੍ਰਸੰਨ ਕਰਹੁ ਸਭਿ ਰੀਤਿ।
ਬਿਨਤੀ ਭਨਹੁ ਠਾਨਿ ਮਨ ਪ੍ਰੀਤ ॥੨੬॥
ਸ਼ਾਹੁ ਦਿਸ਼ਾ ਤੇ ਅਰੁ ਦਿਸ਼ ਮੇਰੀ[4]।
ਕਰਹੁ ਬੰਦਨਾ ਬਿਨੈ ਬਡੇਰੀ।

---

[1]ਬਲਵਾਨ ਘੋੜੇ।
[2]ਸ਼ੀਸ਼ਿਆਂ ਨਾਲ ਜੜੀ ਹੋਈ।
[3]ਰਸਤੇ ਲਈ ਜੋਗ ਸਵਾਰੀ ਦਿਓ।
[4]ਤੇ ਮੇਰੀ ਵੱਲੋਂ।

-ਏਕ ਬੇਰ ਚਲਿ ਦਰਸ਼ਨ ਦੀਜਹਿ।
ਸੰਗਤਿ ਪੂਰ ਮਨੋਰਥ ਕੀਜਹਿ- ॥੨੭॥
ਜਿਸ ਬਿਧਿ ਕ੍ਰੋਧ ਹੀਨ ਉਰ ਹ੍ਵੈ ਕੈ।
ਆਵਹਿਂ ਨਿਜ ਪ੍ਰਸੰਨਤਾ ਕੈ ਕੈ।
ਅਪਨੀ ਬੁਧਿ ਤੇ ਸੋ ਬਿਧਿ ਕਰੀਏ।
ਗਮਨਹੁ ਤਿਤੇ ਬਿਲਮ ਪਰਹਰੀਏ' ॥੨੮॥
ਇਮ ਰਾਜਾ ਜੈ ਸਿੰਘ ਸਵਾਈ।
ਨੀਕੀ ਬਿਧਿ ਤਯਾਰੀ ਕਰਿਵਾਈ।
ਦਈ ਉਪਾਇਨ ਰੁਚਿਰ ਮਹਾਨ।
ਕਰਯੋ ਪਠਾਵਨਿ ਨਿਜ ਪਰਧਾਨ ॥੨੯॥
ਸਨੇ ਸਨੇ ਮਾਰਗ ਚਲਿ ਪਰਯੋ।
ਪਸ਼ਚਮ ਦਿਸ਼ਿ ਮੁਖ ਸਨਮੁਖ ਕਰਯੋ।
ਜਿਮ ਜਿਮ ਜੈ ਸਿੰਘ ਕਰੀ ਤਿਆਰੀ।
ਪਠਿ ਨਰ ਲੇਤਿ ਰਹਯੋ ਸੁਧ ਸਾਰੀ ॥੩੦॥
ਚਿਤ ਸ਼੍ਰੀ ਰਾਮਰਾਇ ਚਿਤਵੰਤਾ।
-ਆਇ ਕਿ ਨਹਿਂ ਸੋ- ਗਟੀ ਗਿਨੰਤਾ।
-ਜੈ ਪੁਰਿ ਨਾਥ ਭਾਉ ਬਹੁ ਕਰਯੋ।
ਅਧਿਕ ਨੰਮ੍ਰਤਾ ਬਾਕ ਉਚਰਯੋ ॥੩੧॥
ਬਸਤ੍ਰ ਬਿਭੂਖਨ ਬਿਤ ਬਹੁ ਭੇਜਾ।
ਅਸਵਾਰੀ ਆਦਿਕ ਅਰੁ ਸੇਜਾ।
ਸੁਮਤਿਵੰਤਿ ਨਰ ਧਨੀ ਮਹਾਨਾ।
ਪਠਯੋ ਲੇਨਿ ਕੀਰਤਿਪੁਰਿ ਥਾਨਾ ॥੩੨॥
ਅਧਿਕ ਭਾਉ ਹੇਰਹਿ ਨ੍ਰਿਪ ਕੇਰਾ।
ਰੁਚਿਰ ਭੇਟ ਅਰੁ ਦਰਬ ਘਨੇਰਾ।
ਸ਼੍ਰੀ ਹਰਿਕ੍ਰਿਸ਼ਨ ਸਮੀਪੀ ਜੇਈ।
ਦੇਖਿ ਦੇਖਿ ਹਰਖਹਿਂਗੇ ਸੇਈ ॥੩੩॥
ਕਹਿ ਕਹਿ ਬਹੁਤ ਬਾਰਿ ਗੁਨ ਨੀਕੇ।
ਲੇ ਆਵਹਿਂਗੇ ਦਿਸ਼ਿ ਦਿੱਲੀ ਕੇ।
ਜੈ ਸਿੰਘ ਕਰਹਿ ਪੱਖ ਤਿਨ ਕੇਰਾ।
ਸ਼ਾਹੁ ਪਾਸ ਕਹਿ ਸੁਜਸੁ ਘਨੇਰਾ ॥੩੪॥
ਮੁਝ ਤੇ ਅਧਿਕ ਭਾਉ ਕਰਿਵਾਵਹਿ।

ਮੇਰੋ ਕਾਜ ਨ ਕੁਝ ਬਿਗਰਾਵਹਿ[1]।
ਇਕ ਦੁਇ ਅਪਰ ਹੋਹਿਂ ਦਿਸ਼ਿ ਤਾਂਹੀ।
ਜੇ ਨਰ ਜਾਹਿਂ ਸ਼ਾਹੁ ਕੇ ਪਾਹੀ ॥੩੫॥
ਇਤ ਕੋ[2] ਬਡ ਮਰਾਤਬਾ ਜੋਇ।
ਆਇ ਨਹੀਂ ਸੰਭਾਰਹਿ ਸੋਇ।
ਇਹ ਤੌਂ ਰੀਤਿ ਨ ਨੀਕੀ ਬਨਹਿ।
ਤਿਨਹੁਂ ਮਿਲੈ ਅਰੁ ਜਸ ਕੋ ਭਨਹਿ[3] ॥੩੬॥
ਕਰਾਮਾਤ ਮੁਝ ਤੇ ਸੁ ਬਿਲੰਦ।
ਆਇ ਕਰਹਿ ਨਹਿਂ ਮਸ ਜਸੁ ਮੰਦ।
ਨਹਿਂ ਆਵਹਿ ਦਿੱਲੀ ਪੁਰਿ ਮਾਂਹੀ।
ਅਰੁ ਨਹਿਂ ਜਾਹਿ ਸ਼ਾਹੁ ਕੇ ਪਾਹੀ ॥੩੭॥
ਡਰ ਭਾਗਹਿ ਜੰਗਲ ਦਿਸ਼ਿ ਜਾਇ।
ਇਹੀ ਬਾਤ ਨੀਕੀ ਬਨਿ ਆਇ।
ਇਤ ਆਵਨ ਮਹਿਂ ਸੰਸੈ ਮਹਾਂ।
ਕੋ ਜਾਨਹਿਂ ਹ੍ਵੈ ਜੈ ਹੈ ਕਹਾਂ- ॥੩੮॥

ਦੋਹਰਾ: ਇਸ ਪ੍ਰਕਾਰ ਨਿਤ ਚਿਤ ਬਿਖੈ, ਗਨਤੀ ਗਿਨਹਿ ਅਪਾਰ।
ਰਹਿ ਸਚਿੰਤ, -ਕਿਮ ਹੋਇ ਹੈ, ਅਨੁਜ ਸਾਥ ਬਿਵਹਾਰ- ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਨ੍ਰਿਪ ਜੈ ਸਿੰਘ ਨਰ ਭੇਜਨ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

---

[1]ਨਾਂ ਕੁਛ ਬਿਗਾੜ ਦੇਵੇ।
[2]ਭਾਵ ਮੇਰੀ ਤਰਫ ਦਾ।
[3]ਤਿਨ੍ਹਾਂ (ਭਾਵ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ) ਬਾਦਸ਼ਾਹ ਮਿਲ ਪਵੇ ਅਤੇ ਤਿੰਨ੍ਹਾਂ ਦਾ ਜਸ ਉਚਾਰੇ।

## ੩੪. [ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਪਾਸ ਰਾਜਾ ਜੈ ਸਿੰਘ ਦਾ ਪਰਧਾਨ ਪੁੱਜਾ]

੩੩<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੫

ਦੋਹਰਾ: ਜੈ ਪੁਰਿ ਪਤਿ ਪਰਧਾਨ ਨਿਜ, ਪਠਜੋ ਪਰਜੋ ਮਗ ਮਾਂਹਿ।
ਸਨੇ ਸਨੇ ਪੁਰਿ ਗ੍ਰਾਮ ਲੰਘਿ, ਸਤਿਗੁਰ ਮਿਲਨਿ ਉਮਾਹਿ ॥੧॥
ਚੌਪਈ: ਕੀਰਤਿ ਪੁਰਿ ਮੈਂ ਪਹੁੰਚਜੋ ਜਾਈ।
ਕਰਜੋ ਸਿਵਰ ਜੇ ਨਰ ਸਮੁਦਾਈ।
ਸ਼੍ਰੀ ਸਤਿਗੁਰ ਢਿਗ ਜਬਿ ਸੁਧਿ ਹੋਈ*।
ਭੋਜਨ ਪਠਜੋ ਦੇਗ਼ ਕੋ ਜੋਈ ॥੨॥
ਅਪਰ ਲਈ ਸੁਧਿ ਸਰਬ ਪ੍ਰਕਾਰ।
ਖਾਨ ਪਾਨ ਜੇਤਿਕ ਬਿਵਹਾਰ।
ਕਰੀ ਬਿਤਾਵਨਿ ਸੁਖ ਸੋਂ ਰਾਤੀ।
ਸੁਪਤਿ ਉਠੇ ਜਬਿ ਭਈ ਪ੍ਰਭਾਤੀ ॥੩॥
ਸਕਲ ਸੌਜ ਜੁਤਿ ਕੀਨਿ ਸ਼ਨਾਨ।
ਪੋਸ਼ਿਸ਼ ਪਹਿਰੀ ਰੁਚਿਰ ਮਹਾਨ।
ਪੁਨਹਿ ਪਠਜੋ ਇਕ ਨਰ ਗੁਰ ਪਾਸ।
ਕਰ ਜੋਰੇ ਭਾਖਤਿ ਅਰਦਾਸ ॥੪॥
'ਬਡ ਰਾਜਾ ਜੈ ਸਿੰਘ ਸਵਾਈ।
ਜੈ ਪੁਰਿ ਕੋ ਪਤਿ ਬਿਦਤਿ ਮਹਾਂਈ।
ਅਵਰੰਗ ਸ਼ਾਹੁ ਨਿਕਟਿ ਨਿਤ ਰਹਿਈ।
ਅਨਿਕ ਨਰਨ ਕਾਰਜ ਨਿਰਬਹਿਈ ॥੫॥
ਤਿਸ ਨ੍ਰਿਪ ਨੇ ਭੇਜਜੋ ਪਰਧਾਨ।
ਨਿਸ ਆਯਹੁ ਕੀਰਤਿ ਪੁਰਿ ਥਾਨ।
ਸਰਬ ਰੀਤਿ ਕੀ ਸੁਧਿ ਬਹੁਤੇਰੀ।
ਗੁਰ ਘਰ ਤੇ ਹੋਈ ਸਭਿ ਹੇਰੀ ॥੬॥
ਅਬਿ ਰਾਵਰ ਕੇ ਦਰਸ਼ਨ ਹੇਤੁ।
ਬੂਝਨਿ ਭੇਜਜੋ ਹੋਇ ਸੁਚੇਤ।
ਆਇਸੁ ਪਾਇ ਤੁਮਾਰੀ ਜਬੈ।
ਕਰਹਿ ਸਫਲਤਾ ਅਪਨੀ ਤਬੈ' ॥੭॥
ਸੁਨਿ ਸ਼੍ਰੀ ਹਰਿਕ੍ਰਿਸ਼ਨ ਸੁਜਾਨਾ।
ਅੰਤਰਜਾਮੀ ਕੀਨਿ ਬਖਾਨਾ।
'ਪਾਛਲ ਪਹਿਰ ਦਿਵਸ ਕੇ ਆਵਹੁ।

*ਪਾ:-ਸੁਧਿ ਜਬਿ ਗਈ।

ਸਤਿ ਸੰਗਤ ਕਹੁ ਦਰਸ਼ਨ ਪਾਵਹੁ ॥੮॥
ਦੂਰ ਪੰਥ ਤੇ ਚਲਿ ਕਰਿ ਆਏ।
ਬਿਸਰਾਮਹਿਂ ਸਭਿ ਬਿਧਿ ਸੁਖ ਪਾਏ।'
ਛਰੀਦਾਰ ਸੁਨਿ ਸਤਿਗੁਰ ਬਿਸੈ[1]।
ਸਗਰੋ ਜਾਇ ਸੁਨਾਯਹੁ ਤਿਸੈ ॥੯॥
ਭਯੋ ਦਿਵਸ ਕੋ ਪਾਛਲ ਜਾਮ।
ਬੋਲੇ ਸਤਿਗੁਰ ਮੁਖ ਅਭਿਰਾਮ।
'ਸਭਾ ਲਗਾਵਨਿ ਕੇ ਹਿਤ ਤਯਾਰੀ।
ਕਰਹੁ ਸ਼ੀਘ੍ਰ ਬਡ ਫਰਸ਼ ਸੁਧਾਰੀ ॥੧੦॥
ਅਪਰ ਸਮਾਜ ਸਮੁਦਾਇ ਸਿਧਾਏ।
ਸਭਾ ਸਦਨ ਸੁੰਦਰ ਸੁਧਰਾਏ ॥੧੧॥
ਤਨਯੋ ਚੰਦੋਵਾ ਝਾਲਰ ਜ਼ਰੀ।
ਜਰੀ ਨਗੋਂ ਤੇ ਸ਼ੋਭਤਿ ਖਰੀ[2]।
ਖਰੀ ਚੋਬ ਚਿੱਤ੍ਰਤਿ ਮੈਂ ਚਾਰੁ[3]।
ਚਾਰ ਓਰ ਚਮਕਤਿ ਗਚਕਾਰ[4] ॥੧੨॥
ਸੁੰਦਰ ਫਰਸ਼ ਮਖ਼ਮਲੀ ਹੋਵਾ।
ਹਰਖ ਉਪਾਵਤਿ ਜਿਨ ਜਿਨ ਜੋਵਾ।
ਰਾਜ ਸਮਾਜ ਸਰਬ ਹੀ ਬਨਯੋ।
ਚਹੁੰਦਿਸ਼ਿ ਸਦਨ ਸੁਦੁਤਿ ਤੇ ਸੁਨਯੋ ॥੧੩॥
ਸਰਬ ਪ੍ਰਕਾਰ ਤਯਾਰ ਜਬਿ ਜੋਯੋ।
ਸ਼੍ਰੀ ਸਤਿਗੁਰ ਕਹੁ ਆਵਨਿ ਹੋਯੋ।
ਸੁੰਦਰ ਬੀਚ ਪ੍ਰਯੰਕ ਡਸਾਵਾ।
ਉੱਜਲ ਆਸਤਰਨ[5] ਸੋਂ ਛਾਵਾ ॥੧੪॥
ਸੇਜਬੰਦ ਗੁੰਫੇ ਜੁਤਿ ਜ਼ਰੀ।
ਊਪਰ ਆਇ ਬਿਰਾਜੇ ਹਰੀ।
ਭਾਟ ਨਕੀਬ ਬਢਾਵਤਿ ਜਸੁ ਕੋ।
ਆਏ ਸੁਭਟ ਸਿਪਰ ਗਹਿ ਅਸਿ ਕੋ ॥੧੫॥

---

[1]ਸਤਿਗੁਰੂ ਜੀ (ਦਾ) ਤਾਤਪਰਯ।
[2]ਠਗਾਂ ਨਾਲ ਜੜੀ ਹੋਈ ਚੰਗੀ ਸ਼ੋਭ ਰਹੀ ਹੈ।
[3]ਚਿੱਤ੍ਰਕਾਰੀ ਵਾਲੀਆਂ ਸੁਹਣੀਆਂ ਚੋਬਾਂ ਖੜੀਆਂ ਹਨ।
[4]ਚਾਰੋਂ ਪਾਸੇ ਜੜਤਕਾਰੀ ਚਮਕ ਰਹੀ ਹੈ (ਅ) ਚਾਰੇ ਪਾਸੇ (ਕੁਛ ਦੂਰੀ ਤੇ) ਚੂੰਨੇ (ਦੀਆਂ ਕੰਧਾਂ ਆਦਿ) ਸੋਭਾਇਮਾਨ ਹਨ।
[5]ਵਿਛਾਵਣਾ।

ਬ੍ਰਿੰਦ ਮਸੰਦ ਮੇਵੜੇ ਠਾਢੇ।
ਜੋ ਅਰਦਾਸ ਕਰਹਿਂ ਸੁਖ ਬਾਢੇ।
ਚਵਰਦਾਰ ਲੇ ਚਵਰ ਖਰੇ ਹੈਂ।
ਪਹਿਰੇ ਬਸਤ੍ਰਨਿ ਬੇਸ ਖਰੇ ਹੈਂ ॥੧੬॥
ਚਾਰਹੁਂ ਓਰ ਚਲਾਵਹਿਂ ਕਰ ਤੇ।
ਢੋਰਤਿ ਚਵਰ ਹੰਸ ਜਨੁ ਚਰਤੇ।
ਸ਼੍ਰੀ ਹਰਿਕ੍ਰਿਸ਼ਨ ਬਿਰਾਜਤਿ ਬੈਸੇ।
ਬ੍ਰਹਮ ਗਜਾਨ ਕੀ ਮੂਰਤਿ ਜੈਸੇ ॥੧੭॥
ਬਾਲਿਕ ਰੂਪ ਅੰਗ ਸੁ ਕੁਮਾਰਾ।
ਬ੍ਰਿੱਧ ਬੁਧਿ ਕੇ ਮਹਿਦ ਉਦਾਰਾ[1]।
ਰੁਚਿਰ ਰਕਤ ਚਰਣਾਂਬੁਜ ਸੋਹੇ।
ਜਿਨਹੁਂ ਹੇਰਿ ਜੋਗੀ ਜਨ ਮੋਹੇ ॥੧੮॥
ਸੂਖਮ ਬਸਤ੍ਰ ਗਰੇ ਮਹਿਂ ਜਾਮਾ।
ਤੁੰਗ ਸਿਕੰਧ ਦੁਕੂਲ ਭਿਰਾਮਾ।
ਜਰੇ ਜਰਾਵਨਿ ਕੁੰਡਲ ਕਰਨ[2*]।
ਕਰਨਿ[3] ਕਟਕ ਹਾਟਿਕ[4] ਸ਼ੁਭ ਬਰਨ ॥੧੯॥
ਸਿਰ ਪਰ ਚੀਰਾ ਚਿੱਤ੍ਰਤਿ ਰੰਗ।
ਤਿਸ ਪਰ ਸ਼ੋਭਤਿ ਜਿਗਾ ਉਤੰਗ।
ਜਰਜੋ ਜਰਾਊ ਦਮਕਤਿ ਹੀਰੇ।
ਕੋਰਦਾਰ ਸੁੰਦਰ ਬਿਧਿ ਚੀਰੇ ॥੨੦॥
ਸ਼ਾਰਦ ਚੰਦ ਸਪੂਰਨ ਬਦਨ।
ਹੋਤਿ ਚਾਂਦਨੀ ਮੁਸਕਤਿ ਰਦਨ[5]।
ਸਿੱਖਜਨਿ ਕੇਰ ਬਿਲੋਚਨ ਜੋਰਾ[6]।
ਮਨਹੁਂ ਨਿਹਾਰਤਿ ਚਾਰ ਚਕੋਰਾ ॥੨੧॥
ਸਰਬ ਸਭਾ ਜਬਿ ਪੂਰਨ ਭਈ।
ਬਸਤ੍ਰ ਬਿਭੂਖਨ ਤੇ ਦੁਤਿ ਮਈ।

---

[1](ਪਰੰਤੂ) ਬੁੱਧੀ ਦੇ ਬਜ਼ੁਰਗ ਹਨ ਤੇ ਬੜੇ ਉਦਾਰ ਹਨ।
[2]ਕੰਨਾਂ ਵਿਚ।
[*]ਦੇਖੋ ਰਾਸ ੪ ਅੰਸੂ ੪੫ ਅੰਕ ੨੭ ਤੇ ਰਾਸ ੧੦ ਅੰਸੂ ੧੨ ਅੰਕ ੧੮ ਦੀ ਹੇਠਲੀ ਟੂਕ।
[3]ਹੱਥਾਂ ਵਿੱਚ।
[4]ਹਥਾਂ ਵਿੱਚ ਸੋਨੇ ਦੇ ਕੜੇ।
[5]ਹੱਸ ਰਹੇ (ਮੁਖ ਦੇ) ਦੰਦਾਂ ਤੋਂ।
[6]ਨੇਤ੍ਰਾਂ ਦਾ ਜੋੜਾ।

ਗਾਵਹਿਂ ਸ਼ਬਦ ਰਾਗ ਧੁਨਿ ਪਾਏ।
ਹੋਤਿ ਨਿਹਾਲ ਜਿਨਹੁਂ ਮਨ ਲਾਏ ॥੨੨॥
ਨ੍ਰਿਪ ਜੈ ਸਿੰਘ ਨਰ ਭੇਜਯੋ ਜੋਇ।
ਤਿਹ ਛਿਨ ਕਰਯੋ ਹਕਾਰਨਿ ਸੋਇ।
ਨੌਬਤ ਬਾਜਤਿ ਦ੍ਵਾਰ ਅਗਾਰੀ।
ਆਇ ਤਹਾਂ ਬੰਦਨ ਕਹੁ ਧਾਰੀ ॥੨੩॥
ਸਗਲ ਉਪਾਇਨ ਆਗੇ ਧਰਿ ਕੈ।
ਨੰਮ੍ਰੀ ਹੋਇ ਭਾਉ ਉਰ ਕਰਿਕੈ।
ਸ਼੍ਰੀ ਸਤਿਗੁਰ ਕੇ ਆਇ ਹਜ਼ੂਰਾ।
ਕੀਨਿ ਬਿਲੋਕਨ ਦਰਸ਼ਨ ਰੂਰਾ ॥੨੪॥
ਬਸਤ੍ਰ ਬਿਭੂਖਨ ਸੁੰਦਰ ਪਹਿਰੇ।
ਸਭਿਨਿ ਬੀਚ ਬੈਠੇ ਚਿਤ ਠਹਿਰੇ[1]।
ਆਨਿ ਆਨਿ ਸੰਗਤਿ ਦਰਸੰਤੀ।
ਭਾਂਤਿ ਭਾਂਤਿ ਭੇਟਨਿ ਅਰਪੰਤੀ ॥੨੫॥
ਮਨੋ ਕਾਮਨਾ ਪੂਰਨ ਹੋਵਤਿ।
ਹਿਤ ਅਰਦਾਸਨਿ ਅੱਗ੍ਰ ਖਰੋਵਤਿ।
ਨਰ ਨਾਰੀ ਪਿਖਿ ਹ੍ਵੈਂ ਬਲਿਹਾਰੀ।
ਅਨਿਕ ਦੇਸ਼ ਕੇ ਕਰਹਿਂ ਜੁਹਾਰੀ[2] ॥੨੬॥
ਗੁਰ ਸਮਾਜ ਕੋ ਪਿਖਿ ਪਰਧਾਨਾ।
ਹਰਖ ਭਰਯੋ ਜੋਰਤਿ ਜੁਗ ਪਾਨਾ।
ਧਰ ਪਰ ਧਰਿ ਸਿਰ ਬੰਦਨ ਕੀਨਿ।
ਬੈਠਯੋ ਸਨਮੁਖ ਸ਼ਰਧਾ ਭੀਨ ॥੨੭॥
ਪਾਨ ਬੰਦਿ ਪੁਨ ਬਿਨੈ ਬਖਾਨੀ।
'ਜੈ ਪੁਰਿ ਮਹਿਂ ਜਿਸ ਕੀ ਰਜਧਾਨੀ।
ਨਾਮ ਨ੍ਰਿਪਤ ਜੈ ਸਿੰਘ ਸਵਾਈ।
ਸ਼ਾਹਿ ਸਮੀਪੀ ਰਹੈ ਸਦਾਈ ॥੨੮॥
ਤਿਨ ਅਰਜ਼ੀ ਕਰ ਜੋਰਿ ਗੁਜ਼ਾਰੀ।
ਨਮਸਕਾਰ ਪਦ ਪਦਮ ਉਚਾਰੀ।
ਰਾਵਰਿ ਦਰਸ਼ਨ ਤਰਨਿ[3] ਮਨਿੰਦ।

---
[1]ਠਹਿਰੇ ਚਿਤ ਨਾਲ।
[2]ਬੰਦਨਾ।
[3]ਸੂਰਜ।

ਅੰਧਕਾਰ ਗਨ ਕਸ਼ਟ ਬਿਲੰਦ ॥੨੯॥
ਕਰਤਿ ਲਾਲਸਾ ਰਿਦੇ ਮਹਾਨੀ।
-ਦੀਜਹਿ ਆਇ ਦਰਸ ਇਸ ਥਾਨੀ।
ਦਿੱਲੀ ਪੁਰਿ ਕੀ ਸੰਗਤਿ ਭਾਰੀ।
ਕਰਹੁ ਨਿਹਾਲ ਆਪ ਇਕ ਬਾਰੀ- ॥੩੦॥
ਕਾਰਨ ਔਰ ਏਕ ਇਸ ਮਾਂਹੂ।
ਜੈ ਸਿੰਘ ਨ੍ਰਿਪ ਅਵਲੋਕਯੋ ਪਾਹੂ[੧]।
ਕਹਯੋ ਸ਼ਾਹੁ ਅਵਰੰਗ ਨੇ ਐਸੇ।
-ਗੁਰੂ ਹਕਾਰਹੁ ਜੈਸੇ ਕੈਸੇ- ॥੩੧॥
ਸ਼ਾਹ ਲਿਖਾਇ ਪਠਯੋ ਪਰਵਾਨਾ।'
ਇਮ ਕਹਿ ਨਵੀਸਿੰਦ ਦਿਯ ਪਾਨਾ।
ਲੇ ਕਰਿ ਪਠਯੋ ਸੁਨਾਯੋ ਗੁਰ ਕੋ।
ਆਸ਼ੈ ਲਖਯੋ ਸ਼ਾਹ ਕੇ ਉਰ ਕੋ ॥੩੨॥
ਅਰੁ ਭੂਪਤਿ ਕੀ ਬਿਨੈ ਪਛਾਨੀ।
ਦੂਤੀ ਜੇਤੀ ਭ੍ਰਾਤ ਬਖਾਨੀ।
ਕਾਰਨ ਸਕਲ ਜਾਨਿ ਮਨ ਮਾਂਹੀ।
ਸ਼੍ਰੀ ਹਰਿ ਕ੍ਰਿਸ਼ਨ ਜਿਨਹੁਂ ਗ਼ਮ ਨਾਂਹੀ ॥੩੩॥
ਸੰਧਯਾ ਲਗਿ ਸਭਿ ਸਭਾ ਮਝਾਰੇ।
ਦਰਸ਼ਨ ਦੇਤਿ ਥਿਰੇ ਸੁਖ ਧਾਰੇ।
ਗਾਵਤਿ ਸ਼ਬਦ ਭੋਗ ਜਬਿ ਪਰਯੋ।
ਕਿਯ ਅਰਦਾਸ ਮੇਵੜੇ ਖਰਯੋ ॥੩੪॥
ਉਠਿ ਸਤਿਗੁਰ ਗਮਨੇ ਨਿਜ ਮੰਦਿਰ।
ਬੈਠੇ ਸੇਜ ਮਨੋਹਰ ਅੰਦਰ।
ਸਨੇ ਸਨੇ ਸਗਰੇ ਨਿਜ ਥਾਨ।
ਪਹੁੰਚੇ ਨਰ ਸਮੇਤ ਪਰਧਾਨ ॥੩੫॥
'ਰਾਮਰਾਇ ਮਤਸਰ ਕੋ ਧਰਿ ਕੈ।
ਕੀਨਸਿ ਦੂਤੀ ਸ਼ਾਹੁ ਸਿਖਰਿ ਕੈ।
ਸਤਿਗੁਰ ਸ਼੍ਰੀ ਹਰਿਕ੍ਰਿਸ਼ਨ ਹਕਾਰੇ।'
ਕੀਰਤਪੁਰਿ ਬ੍ਰਿਤਾਂਤ* ਬਿਸਤਾਰੇ ॥੩੬॥
'ਨਹਿਂ ਕੀਨੀ ਇਹ ਨੀਕੀ ਬਾਤ।

---

[੧](ਬਾਦਸ਼ਾਹ ਨੇ) ਆਪਣੇ ਪਾਸ ਦੇਖਕੇ।
*ਪਾ:-ਇਹ ਬਿਧਿ।

ਅਨੁਜ ਸਾਥ ਦ੍ਵੈਸ਼ੀ ਬੱਖਜਾਤ।
ਲਰਕਾਪਨ ਮਹਿਂ ਅਹੈ ਸਰੀਰ।
ਕਰੈ ਹਕਾਰਨਿ ਨੌਰੰਗ ਤੀਰ ॥੩੭॥
ਦੁਸ਼ਟ ਮਹਾਂ ਬਾਦੀ ਦੁਖਦਾਈ।
ਹਠ ਬਿਲੰਦ ਜੋ ਕਰਤਿ ਸਦਾਈ।
ਕੋ ਜਾਨਹਿ ਕਜਾ ਕਰਹਿ ਇਨਹੁਂ ਕੋ।
ਦ੍ਵੈਖਕ ਭ੍ਰਾਤਾ ਨਿਕਟਿ ਜਿਨਹੁਂ ਕੋ ॥੩੮॥
ਸੰਤ ਫਕੀਰ ਗਹਿਤਿ ਜੋ ਘਨੇ।
ਬਹਿਸ ਤਿਨਹੁਂ ਸੋਂ ਪ੍ਰਾਨਨਿ ਹਨੇ।
ਕਰਤਿ ਨਹੀਂ ਪਰਮੇਸ਼੍ਵਰ ਤ੍ਰਾਸ।
ਮਹਾਂ ਮੂਢ ਚਹਿ ਸ਼ਰ੍ਹਾ ਪ੍ਰਕਾਸ਼' ॥੩੯॥
ਇਮ ਕੀਰਤਪੁਰਿ ਮੈਂ ਬਹੁ ਕਹੈਂ।
ਨਹੀ ਬਾਤ ਇਹ ਨੀਕੀ ਲਹੈਂ।
ਅਨਬਨ ਅਹੈ ਸੁ ਕਿਮ ਬਿਨ ਆਵੈ।
ਲਘੁ ਬਯ ਸਤਿਗੁਰ, ਦੁਸ਼ਟ ਬੁਲਾਵੈ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿਕ੍ਰਿਸ਼ਨ ਹਕਾਰਨ' ਪ੍ਰਸੰਗ ਬਰਨਨੰ ਚਤਰ ਤ੍ਰਿੰਸਤੀ ਅੰਸੂ ॥੩੪॥

## ੩੫. [ਪਰਧਾਨ ਗੁਰੂ ਜੀ ਪਾਸ]

੩੪<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੬

ਦੋਹਰਾ: ਸੁਨਯੋ ਮਸੰਦਨਿ ਮੇਵਰਨਿ, ਪ੍ਰਚੁਰ ਭਯੋ[੧] ਬਿਰਤਾਂਤ।
ਸ੍ਰੀ ਜਨਨੀ ਤੇ ਆਦਿ ਸਭਿ, ਕਰਤਿ ਚਿੰਤ ਬਹੁ ਭਾਂਤਿ ॥੧॥
ਚੌਪਈ: ਜੇਤਿਕ ਮੁੱਖਯ ਹੁਤੇ ਗੁਰ ਘਰ ਕੇ।
ਸਭਿ ਇਕੱਤ੍ਰ ਹੋਏ ਧ੍ਰਿਤ ਧਰਿ ਕੇ।
ਕੇਤਿਕ ਕਰੇ ਹਕਾਰਨਿ ਆਏ।
ਕਿਤਿਕ ਆਪ ਹੀ ਗੇ ਤਿਸ ਥਾਂਏ ॥੨॥
ਪਹੁੰਚੇ ਸ੍ਰੀ ਮਾਤਾ ਕੇ ਪਾਸ।
ਨਮੋਂ ਕਰਹਿਂ ਬਹੁ ਬਿਨੈ ਪ੍ਰਕਾਸ਼।
ਬੈਠੇ ਬ੍ਰਿੰਦ ਬ੍ਰਿਤਾਂਤ ਬਖਾਨੇ।
'ਸ੍ਰੀ ਹਰਿਕ੍ਰਿਸ਼ਨ ਹਕਾਰਨਿ ਠਾਨੇ ॥੩॥
ਦੁਸ਼ਟ ਬਡੋ ਬਾਦੀ ਹਠ ਕੂਰੋ।
ਨੌਰੰਗ ਸ਼ਾਹੁ ਸ਼ਰ੍ਹਾ ਕੋ ਪੂਰੋ।
ਰੋਕਿ ਸਭਿਨਿ ਕੋ ਅਜ਼ਮਤ ਚਾਹੇ।
ਨਤੁ ਨਿਜ ਮਤ ਮੈਂ ਲਯਾਇ ਉਮਾਹੇ[੨] ॥੪॥
ਪੁਨ ਭ੍ਰਾਤਾ ਤਹਿਂ, ਮਤਸਰ ਭਰਯੋ।
ਜਿਨੈ ਬੁਲਾਵਨਿ ਕੋ ਮਤ ਕਰਯੋ।
ਮਿਲਿ ਤਿਨ[੩], ਘਾਤ ਅਨੇਕ ਰਚਤਿ ਹੈ।
ਅਨਜ ਬਡਾਈ ਦੇਖਿ ਤਚਤਿ ਹੈ[੪] ॥੫॥
ਸ੍ਰੀ ਹਰਿਕ੍ਰਿਸ਼ਨ ਬੈਸ ਲਘੁ ਤਿਨ ਕੀ।
ਤਹਿਂ ਸਹਾਇਤਾ ਨਾਂਹਿਨ ਜਿਨ ਕੀ।
ਪਿਤਾ ਧੀਰ ਬੈਕੁੰਠ ਸਿਧਾਏ।
ਸਕਲ ਕਲਾ ਸਮਰਥ ਸੁਖਦਾਏ ॥੬॥
ਇਹ ਅਸਮੰਜਸ[੫] ਹੈ ਸਭਿ ਬਾਤ।
ਹੁਇ ਤਹਿਂ ਕਹਾਂ, ਨ ਜਾਨੀ ਜਾਤਿ[੬]।'
ਇਤਨੇ ਮਹਿਂ ਚਲਿ ਸਤਿਗੁਰ ਆਏ।

---

[੧]ਫੈਲਿਆ।
[੨]ਆਪਣੇ ਮਤ ਵਿਚ ਲਿਆ ਕੇ ਖੁਸ਼ ਹੁੰਦਾ ਹੈ।
[੩]ਤਿੰਨ੍ਹਾਂ (ਭਾਵ ਬਾਦਸ਼ਾਹ ਆਦਿਕ ਨਾਲ) ਮਿਲਕੇ।
[੪]ਸੜਦਾ ਹੈ।
[੫]ਕਠਨ।
[੬]ਨਹੀਂ ਜਾਣਿਆਂ ਜਾਂਦਾ।

ਬਾਲ ਆਰਬਲ ਧੀਰ ਬ੍ਰਿਧਾਏ ॥੭॥
ਹਾਥ ਬੰਦਿ ਸਭਿ ਹ੍ਵੈ ਕਰਿ ਠਾਢੇ।
ਨਿਮਹਿ ਪ੍ਰੇਮ ਪਦ ਪੰਕਜ ਬਾਢੇ।
ਸਤਿਕਾਰਤਿ ਬਿਚ ਸਭਿ ਕੇ ਬੈਸੇ।
ਸ਼ੋਭਤਿ ਗਜਾਨ ਮੂਰਤੀ ਜੈਸੇ ॥੮॥
ਸ੍ਰੀ ਜਨਨੀ ਬੂਝੇ ਸਤਿ ਭਾਇ।
'ਹ੍ਰਿਦੈ ਆਪ ਕੇ ਕਿਮ ਉਪਜਾਇ?
ਭ੍ਰਾਤਾ ਨੇ ਬਹੁ ਧਾਰਿ ਸ਼ਰੀਕਾ।
ਸੁਜਸੁ ਤੁਮਾਰੋ ਲਗਹਿ ਨ ਨੀਕਾ ॥੯॥
ਸ਼ਾਹਿ ਸਿਖਾਇ ਹਕਾਰਨਿ ਕਰੇ।
-ਮਮ ਸਮ ਮਿਲਹਿ- ਦ੍ਵੈਸ਼ ਕੋ ਧਰੇ[1]।
ਬਨਹਿ ਜਾਇਬੋ ਤਹਾਂ ਜ਼ਰੂਰ।
ਨਤੁ ਬਧਿ ਜਾਇ ਬਖੇਰੋ ਭੂਰ ॥੧੦॥
ਨੌਰਗ ਕੇ ਨਰ ਛੂਛੇ ਜਾਹਿਂ।
ਦੁਸ਼ਟ ਤਬੈ ਰਿਸ ਹੈ ਮਨ ਮਾਂਹਿ।
ਰਿਦੈ ਹੰਕਾਰਹਿ ਜ਼ੋਰ ਕਰੈਗੋ।
ਲਸ਼ਕਰ ਪਠਹਿ, ਬਿਰੋਧ ਧਰਹਿਗੋ ॥੧੧॥
ਬਿਗਰ ਜਾਇ ਪੁਨ ਸੁਧਰਹਿ ਨਾਂਹੀ।
ਬੁਰਾ ਕਰਤਿ ਜਿਸ ਬੈਸਹਿਂ ਪਾਹੀ[2]।
ਕਠਨ ਬਨੀ, ਕਿਮ ਕਰਹਿਂ ਸੁਧਾਰਨਿ?
ਜਿਸ ਤੇ ਹੁਇ ਅਨੰਦ ਕੋ ਕਾਰਨ' ॥੧੨॥
ਸੁਨਿ ਕੈ ਸ੍ਰੀ ਹਰਿਕ੍ਰਿਸ਼ਨ ਸੁਜਾਨਾ।
ਸਭਿਨਿ ਸੁਨਾਵਤਿ ਬਾਕ ਬਖਾਨਾ।
ਨਹਿਂ ਮਲੇਛ ਕੋ ਦਰਸ਼ਨ ਦੈ ਹੈਂ।
ਹੁਇ ਸਮੀਪ ਤਿਸ ਕੋ ਨਹਿਂ ਲੈ ਹੈਂ ॥੧੩॥
ਇਹੀ ਨੇਮ ਪਿਤ ਕੀਨਿ ਹਮਾਰੇ।
ਤਿਸ ਪ੍ਰਕਾਰ ਹਮ ਭੀ ਉਰ ਧਾਰੇਂ।
ਨਿਜ ਬਚ ਪਿਤ ਜਿਮ ਕਿਯ ਪ੍ਰਤਿਪਾਰਨਿ।
ਤਿਮ ਹਮ ਕਰਹਿਂ ਨ ਹੁਇ ਹੈ ਟਾਰਨਿ ॥੧੪॥
ਅਟਲ ਸੁਮੇਰ ਟਲਹਿ ਨਹਿਂ ਜੈਸੇ।

---

[1]ਮੇਰੇ ਵਾਂਙ ਆਕੇ ਮਿਲਨਿ (ਬਾਦਸ਼ਾਹ ਨੂੰ) ਇਹ ਦ੍ਵੈਸ਼ ਧਰਦਾ ਹੈ।
[2]ਬੁਰਾ ਕਰਨ ਵਾਲੇ ਜਿਸ ਪਾਸ ਬੈਠਦੇ ਹਨ।

ਸਤਿਗੁਰ ਬਾਕ ਅਚਲ ਨਿਤ ਤੈਸੇ।
ਬਿਘਨ ਪੌਨ ਤੇ ਕਿਮ ਚਲਿ ਪਰੈ।
ਸਦਾ ਗੰਭੀਰ ਧੀਰ ਜੇ ਢਰੈ' ॥੧੫॥
ਅਚਲ ਬਾਕ ਸੁਨਿ ਕੈ ਤਿਸ ਕਾਲਾ।
ਤ੍ਰੁਸੇ ਮਸੰਦ ਰੁ ਮਾਤ ਬਿਸਾਲਾ।
'ਪਿਤਾ ਸਮਾਨ ਨੇਮ ਜੋ ਧਾਰਜੋ।
ਤੌਂ ਅਬਿ ਸਭਿ ਹੂੰ ਕਾਜ ਬਿਗਾਰਜੋ' ॥੧੬॥
ਸਭਿਨਿ ਜੋਰਿ ਕਰ ਬਿਨੈ ਬਖਾਨੀ।
'ਤੁਮ ਸਰਬੱਗਜ ਸਕਲ ਗੁਨਖਾਨੀ।
ਜਥਾ ਹੋਇ ਸਭਿ ਹੂੰ ਨੀਕੀ।
ਬਾਤ ਆਪ ਕੀ ਪਰਹਿ ਨ ਫੀਕੀ ॥੧੭॥
ਕਰਨੀ ਕਾਰ ਤਥਾ ਤੁਮ ਬਨਿ ਹੈ।
ਮਾਤ ਆਪ ਕੀ ਗਿਨਤੀ ਗਿਨਿ ਹੈ।
ਕਰੀਅਹਿ ਸਭਿ ਕੋ ਸੁਖ ਉਪਜਾਵਨਿ।
ਇਮ ਇੱਛਾ ਕੋ ਠਟਹੁ ਪੁਜਾਵਨ[1] ॥੧੮॥
ਜੇ ਨ ਕਰਹੁਗੇ ਦਿੱਲੀ ਜਾਨਾ।
ਬਾਦੀ ਨੌਰੰਗ ਦੁਸ਼ਟ ਮਹਾਨਾ।
ਬਿਗਰ ਪਰਹਿਗੋ ਕਰਹਿ ਕੁਚਾਲੀ।
ਇਹਾਂ ਪਠਾਵਹਿ ਸੈਨ ਬਿਸਾਲੀ ॥੧੯॥
ਪਰਹਿ ਬਿਰੋਧ ਲਰਨਿ ਕਹੁ ਭਾਰੀ।
ਨਹਿਂ ਠਹਿਰਜੋ ਕਿਮ ਜਾਇ ਅਗਾਰੀ।
ਸਭਿ ਦੇਸ਼ਨਿ ਮਹਿਂ ਰਾਜ ਤਿਸੀ ਕੋ।
ਰਹਿਨ ਦੇਤਿ ਆਕੀ ਨ ਕਿਸੀ ਕੋ' ॥੨੦॥
ਸੁਨਿ ਕੈ ਸ਼੍ਰੀ ਹਰਿਕ੍ਰਿਸ਼ਨ ਸਭਿਨਿ ਤੇ।
ਧੀਰਜ ਕੇ ਸਮੇਤ ਬਚ ਭਨਤੇ।
ਸ਼੍ਰੀ ਨਾਨਕ ਜੀ ਨੀਕੀ ਕਰਿ ਹੈਂ।
ਸਕਲ ਰੀਤਿ ਕੇ ਕਾਜ ਸੁਧਰਿ ਹੈਂ' ॥੨੧॥
ਇਮ ਕਹਿ ਉਠਿ ਕਰਿ ਬਾਹਰਿ ਆਏ।
ਜਹਿਂ ਦਰਸਹਿ ਸੰਗਤਿ ਸਮੁਦਾਏ।
ਜੈ ਸਿੰਘ ਨ੍ਰਿਪ ਕੋ ਦੂਤ ਹਕਾਰਜੋ।
ਸਾਦਰ ਸਭਾ ਮਝਾਰ ਬਿਠਾਰਜੋ ॥੨੨॥

---
[1]ਇਉਂ ਇੱਛਾ ਪੂਰਨ ਕਰੋ।

ਕਰਯੋ ਤਾਂਹਿ ਸੋਂ 'ਹਮ ਪ੍ਰਣ ਏਹੀ।
ਦਰਸ਼ਨ ਦੇਹਿਂ ਤੁਰਕ ਨਹਿਂ ਲੇਹੀ।
ਕੌਨ ਕਾਜ ਹੈ ਸਾਥ ਹਮਾਰੇ।
ਜਿਸ ਤੇ ਪਠਿ ਕਰਿ ਦੂਤ ਹਕਾਰੇ ॥੨੩॥
ਪਿਤਾ ਹਮਾਰੇ ਕੀ ਜਿਮ ਰੀਤਿ।
ਹੈ ਸੋ ਸਹੀ, ਨ ਹ੍ਵੈ ਬਿੱਪ੍ਰੀਤਿ।
ਅੰਤ ਪ੍ਰਯੰਤ ਨਿਬਾਹਯੋ ਨੇਮ।
ਤੈਸੇ ਹਮ ਕਰਿ ਹੈਂ ਸਹਿ ਪ੍ਰੇਮ ॥੨੪॥
ਗੁਰ ਘਰ ਤੇ ਅਜ਼ਮਤ ਚਹਿ ਸ਼ਾਹੂ।
ਤਿਸ ਹਿਤ ਗਯੋ ਭ੍ਰਾਤ ਪੁਰਿ ਮਾਂਹੂ।
ਜਿਮ ਜਿਮ ਨੌਰੰਗ ਚਾਹਤਿ ਦੇਖਾ।
ਕਰਾਮਾਤ ਤਿਮ ਕੀਨਿ ਵਿਸ਼ੇਖਾ ॥੨੫॥
ਅਬਿ ਲਗਿ ਨਿਕਟਿ ਸ਼ਾਹੁ ਕੇ ਰਹੈ।
ਕਹਿ ਅਵਲੋਕਹਿ ਜਿਮ ਉਰ ਚਹੈ।
ਬਿਨਾ ਕਾਜ ਤੇ ਗਮਨਿ ਹਮਾਰੋ।
ਕਿਮ ਹੋਵਹਿ ਨਿਜ ਰਿਦੇ ਬਿਚਾਰੋ' ॥੨੬॥
ਬਾਕ ਸੁਨੇ ਸ਼੍ਰੀ ਸਤਿਗੁਰ ਕੇਰੇ।
ਨ੍ਰਿਪ ਮੰਤ੍ਰੀ ਬੋਲਯੋ ਤਿਸ ਬੇਰੇ।
ਕਰ ਜੋਰਿਤ ਬਹੁ ਕਰਤਿ ਨਿਹੋਰਨਿ[1]।
'ਸੁਨਹੁ ਪ੍ਰਭੁ ! ਤੁਮ ਕੋ ਕੁਛ ਲੋਰ ਨ ॥੨੭॥
ਸਭਿ ਜਗ ਮੰਗਤ ਕੇ ਤੁਮ ਦਾਤਾ।
ਕਰਾਮਾਤ ਕੋ ਘਰ ਬਖਯਾਤਾ।
ਤੀਨ ਲੋਕ ਤੁਮਰੇ ਬਸਿ ਅਹੈਂ।
ਪ੍ਰੇਮੀ ਕੇ ਬਸਿ ਰਾਵਰ ਰਹੈਂ ॥੨੮॥
ਯਾਂ ਤੇ ਨ੍ਰਿਪ ਜੈ ਸਿੰਘ ਸਵਾਈ।
ਸਹਿਤ ਪ੍ਰੇਮ ਕਿਯ ਬਿਨੈ ਬਡਾਈ।
-ਮੋ ਪਰ ਕ੍ਰਿਪਾ ਠਾਨਿ ਕੈ ਆਵਹੁ।
ਕਰਹੁ ਕ੍ਰਿਤਾਰਥ ਦਰਸ ਦਿਖਾਵਹੁ ॥੨੯॥
ਮੋ ਕਹੁ ਦਾਸ ਆਪਨੋ ਜਾਨਹੁ।
ਅਪਰ ਬਾਰਤਾ ਰਿਦੈ ਨ ਆਨਹੁ।
ਜਬਿ ਦਿੱਲੀ ਪੁਰ ਪ੍ਰਵਿਸ਼ਹੁ ਜਾਇ।

---

[1]ਬੇਨਤੀ।

ਸੰਗਤਿ ਸਗਰੀ ਦਰਸ਼ਨ ਪਾਇ ॥੩੦॥
ਕਰਹੁ ਆਪ ਫੁਰਮਾਵਨਿ ਜੈਸੇ।
ਹਮ ਅਨੁਸਾਰੀ ਬਰਤਹਿਂ ਤੈਸੇ।
ਮਿਲੋ ਸ਼ਾਹੁ ਸੋਂ ਜੇ ਰੁਚਿ ਹੋਇ।
ਜੋ ਨ ਰੁਚਹਿ ਤੌ ਫਿਕਰ ਨ ਕੋਇ ॥੩੧॥
ਮੈਂ ਢਿਗ ਸ਼ਾਹੁ ਪ੍ਰਤੱਗਜਾ ਕਰੀ।
ਸ੍ਰੀ ਹਰਿਕ੍ਰਿਸ਼ਨ ਲਜਾਇ ਹੌਂ ਪੁਰੀ।
ਸੋ ਰਾਵਰ ਕੇ ਬਸੀ ਪਛਾਨਹੁ[1]।
ਮਮ ਡੇਰੇ ਮਹਿਂ ਆਵਨਿ ਠਾਨਹੁ ॥੩੨॥
ਮਿਲਿਬੇ ਕਾਰਨ ਸ਼ਾਹੁ ਮਹਾਨ।
ਹਠ ਨਹਿਂ ਕਰਹਿ, ਸ਼ਾਹੁ ਲਿਯ ਜਾਨਿ[2]।
ਕਰਤਿ ਬਾਰਤਾਲਾਪ ਘਨੇਰੇ।
ਕਹਿ ਸ੍ਰੀ ਰਾਮਰਾਇ ਜਿਸ ਬੇਰੇ ॥੩੩॥
ਤਬਹਿ ਸ਼ਾਹੁ ਬੋਲਤਿ ਮੈਂ ਲਹਜੋ।
ਕੋਮਲ ਹਠ ਬਿਹੀਨ ਹੀ ਰਹਜੋ[3]।
ਤਊ ਭ੍ਰਾਤ ਤੁਮਰੇ ਬਹੁ ਕਹਜੋ।
ਤਬਹਿ ਹਕਾਰਨਿ ਕੋ ਚਿਤ ਚਹਜੋ ॥੩੪॥
ਹਮ ਨਿਤ ਜਾਤਿ ਸ਼ਾਹੁ ਕੇ ਪਾਸ।
ਕਰਹਿਂ ਆਪ ਕੀ ਮਹਿਮਾ ਰਾਸ।
ਅਲਪ ਆਰਬਲ ਬਿਖੈ ਸ਼ਰੀਰ।
ਗੁਨ ਮਹਿਂ ਮਹਿਦ ਆਦਿ ਜੇ ਧੀਰ ॥੩੫॥
ਜੇ ਹਠ ਹੇਰਹਿਂ ਨੌਰੰਗ ਕੇਰਾ।
ਨਿਕਟਿ ਮਿਲਜੋ ਚਹਿ, ਫੇਰ ਸੁਫੇਰਾ[4]।
ਮੈਂ ਹੋ ਬੀਚ ਨਿਵਾਰਨਿ ਕਰੌਂ[5]।
ਤੁਮਰੇ ਹਿਤ ਮਹਿਂ ਨਿਤ ਅਨੁਸਰੋਂ ॥੩੬॥
ਹਿੰਦੁ ਜਨਮ ਧਰਮੱਗਜ ਸਦਾ ਹੌਂ।
ਬ੍ਰਿੱਪੈ ਕਰੌਂ ਨ ਆਪ ਕਦਾ ਹੌਂ।
ਜੇ ਕਰਿ ਪਿਖਤਿ ਸ਼ਾਹੁ ਹਠ ਕਰਤਾ।

---

[1]ਸੋ (ਮੇਰੀ ਪ੍ਰਤੱਗਜਾ ਪੂਰੀ ਕਰਨੀ) ਆਪ ਦੇ ਵੱਸ ਜਾਣੋ।
[2](ਜੇ) ਬਾਦਸ਼ਾਹ ਨੇ (ਆਪ ਦੀ ਪ੍ਰਤੱਗਜਾ) ਜਾਣ ਲਈ ਤਾਂ ਹਠ ਨਹੀਂ ਕਰੇਗਾ।
[3]ਹਠ ਤੋਂ ਬਿਨਾਂ ਤੇ ਕੋਮਲ ਹੀ ਰਿਹਾ ਸੀ।
[4]ਫੇਰ (ਉਸ ਨੂੰ) ਹਟਾ ਦਿਆਂਗੇ।
[5](ਸ਼ਾਹ ਨੂੰ) ਵਿਚ ਪੈ ਕੇ ਮੈਂ ਟਾਲ ਦਿਆਂਗਾ।

ਰਹਤਿ ਨਿਰਾਲੌ, ਬੀਚ ਨ ਪਰਤਾ[1] ॥੩੭॥
ਰਿਦਾ ਸ਼ੁੱਧ ਮੈਂ ਜਾਨਯੋਂ ਜਬੈ।
ਦੂਤ ਪਠਯੋ ਤੁਮਰੀ ਦਿਸ਼ਿ ਤਬੈ।
ਰਾਵਰ ਕੇ ਭ੍ਰਾਤਾ ਬਹੁ ਕਹਯੋ।
ਯਾਂ ਤੇ ਤੁਮਹੁ ਅਨਾਵਨ ਚਹਯੋ ॥੩੮॥
ਦਿੱਲੀ ਮਹਿਂ ਪ੍ਰਵਿਸ਼ਹੁ ਇਕ ਬਾਰੀ।
ਹੁਇ ਹੈਂ ਸਭਿ ਤੁਮਰੇ ਅਨੁਸਾਰੀ।
ਮਿਲਨਿ ਸ਼ਾਹੁ ਕੋ ਜੇ ਨਹਿਂ ਚਾਹੋ।
ਰਹਹੁ ਸਦਨ ਮਮ, ਜਾਹੁ ਨ ਪਾਹੋ ॥੩੯॥
ਮਿਲਨਿ ਅਮਿਲਨਿ ਜਥਾ ਤੁਮ ਉਰ ਮੈਂ[2]।
ਕਰਹਿਂ ਤਥਾ, ਆਵਹੁ ਇਸ ਪੁਰਿ ਮੈਂ।
ਇਸ ਪ੍ਰਕਾਰ ਰਹਿ ਹੈ ਪਤਿ ਮੇਰੀ।
ਦਰਸ ਕਾਮਨਾ ਪੁਰਹੁ ਬਡੇਰੀ- ॥੪੦॥
ਇਮ ਜੈ ਸਿੰਘ ਮਹੀਸ਼ ਮਹਾਨਾ।
ਬਿਨੈ ਕੀਨਿ ਮਨ ਪ੍ਰੇਮ ਬੰਧਾਨਾ।
ਅਬਿ ਰਾਵਰ ਕੇ ਜਿਮ ਚਿਤ ਆਵੈ।
ਕਰਹੁ ਕਾਰ ਤਿਮ ਸਭਿ ਹਰਖਾਵੈਂ' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਦੂਤ ਬਾਕ ਕਹਨਿ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

---

[1](ਮੈਂ) ਨਿਰਾਲਾ ਰਹਿੰਦਾ ਵਿਚ ਨਾਂ ਪੈਂਦਾ।
[2](ਸ਼ਾਹ ਨਾਲ) ਮਿਲਨਾ, ਨਾ ਮਿਲਨਾ ਜਿਵੇਂ ਆਪ ਜੀ ਦੇ ਚਿੱਤ ਵਿਚ ਹੈ।

## ੩੬. [ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਲੀ ਨੂੰ ਜਾਣਾ]

੩੫<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੭

ਦੋਹਰਾ: ਇਮ ਨ੍ਰਿਪ ਜੈ ਸਿੰਘ ਦੂਤ ਕੇ, ਬਾਕ ਸੁਨੇ ਸਭਿ ਕਾਨ।
ਭਗਤ ਵਛਲ ਨਿਜ ਬਿਰਦ ਕੋ, ਸਤਿਗੁਰ ਸਿਮਰਨਿ ਠਾਨਿ ॥੧॥
ਚੌਪਈ: ਬਿਨੈ ਸ ਪ੍ਰੇਮ ਡੋਰ ਕੇ ਸਾਥ।
ਬੰਧਮਾਨ ਹੋਵਤਿ ਜਗ ਨਾਥ।
ਐਂਚਯੋ ਫਿਰਤਿ ਭਗਤ ਕੇ ਸੰਗ।
ਤਯਾਗ ਨ ਸਕਹਿਂ ਸਦਾ ਇਕ ਰੰਗ ॥੨॥
ਕਿਤਿਕ ਕਾਲ ਜਗ ਗੁਰ ਰਹਿ ਮੌਨ।
ਕੇ ਸਯੋਂ ਦਿਯੋ ਨ ਉੱਤਰ ਕੌਨ[1]।
ਪੁਨਹਿ ਭਵਿੱਖਯਤ ਸਕਲ ਬਿਚਾਰੀ।
ਹੁਇ ਹੈ ਜਥਾ ਈਸ਼ ਗਤਿ ਭਾਰੀ ॥੩॥
ਸੋ ਬਿਚਾਰ ਕਰਿ ਚਿਤ ਮਹਿਂ ਨੀਕੇ।
ਚਲਿਬੋ ਚਹਯੋ ਸੁ ਦਿਸ਼ਿ ਦਿੱਲੀ ਕੇ।
ਤਿਸ ਦਿਨ ਪੁਨ ਜੇ ਮੁੱਖਯ ਮਸੰਦ।
ਕਰੇ ਹਕਾਰਨਿ ਸੁਮਤਿ ਬਿਲੰਦ ॥੪॥
ਸਭਿਹਿਨਿ ਸੋਂ ਸ਼੍ਰੀ ਮੁਖ ਤੇ ਕਹਯੋ।
'ਗਮਨਿ ਬ੍ਰਿਤਾਂਤ ਕਥੰ ਚਿਤ ਲਹਯੋ[2]।
ਪਰਣ ਅਡੋਲ ਹਮਾਰੋ ਏਹੀ।
ਦਰਸ਼ਨ ਤੁਰਕ ਦੇਹਿਂ ਨਹਿਂ ਲੇਹੀ ॥੫॥
ਨ੍ਰਿਪ ਜੈ ਸਿੰਘ ਕੀ ਪ੍ਰੀਤਿ ਘਨੇਰੀ।
ਬਿਨਤੀ ਕੀਨਿ ਬਖਾਨਿ ਬਡੇਰੀ।
ਤਿਸ ਕੋ ਭਾਉ ਨ ਫੇਰਯੋ ਜਾਇ।
ਅਨਿਕ ਉਪਾਇਨ ਪ੍ਰੇਮ ਬਢਾਇ ॥੬॥
ਤਿਸ ਕੋ ਦੂਤ ਨ ਛੂਛੋਂ ਫੇਰਹਿ।
ਉਚਤਿ ਜਾਇ[3] ਦਿੱਲੀ ਪੁਰਿ ਹੇਰਹਿਂ।
ਕੈ ਸਿਹੁਂ ਬਨਹਿਂ ਤਹਾਂ ਸਭਿ ਸਹੀਐ।
ਸੇਵਕ ਕੋ ਸੁ ਪ੍ਰੇਮ ਨਿਰਬਹੀਐ' ॥੭॥
ਇਮ ਸੁਨਿ ਕੈ ਮਸੰਦ ਸਮੁਦਾਏ।

---

[1]ਕਿਸੇ ਨੂੰ ਕੋਈ ਉੱਤਰ ਨਾ ਦਿੱਤਾ।
[2]ਕੈਸਾ ਚਿਤ ਵਿਚ (ਤੁਸਾਂ) ਜਾਣਿਆਂ ਹੈ।
[3]ਯੋਗ ਹੈ ਕਿ ਜਾ ਕੇ।

ਸ਼੍ਰੀ ਮਾਤਾਦਿ ਭਏ ਹਰਖਾਏ।
'ਮਨ ਬਾਂਛਤਿ ਸਭਿਹਿਨਿ ਕੋ ਭਇਊ।
ਰਹਜੋ ਸੂਤ, ਇਸਥਿਰਤਾ ਲਇਊ[1] ॥੮॥
ਜੇ ਨਹਿਂ ਜਾਤਿ ਸ਼ਾਹੁ ਬਡ ਬਾਦੀ।
ਕੋ ਜਾਨਹਿ ਕਜਾ ਕਰਤਿ, ਪ੍ਰਮਾਦੀ।
ਕੀਰਤਪੁਰਿ ਬਸਿਬੇ ਮਹਿਂ ਤਬੈ।
ਸੰਸੈ ਹੁਤੋ, ਕਹਤਿ ਬ੍ਰਿਧ ਸਬੈ ॥੯॥
ਅਬਿ ਰਸ ਰਹਜੋ, ਪੁਰੀ ਗਮਨੈ ਹੈਂ।
ਤਹਿਂ ਭੀ ਜੈ ਸਿੰਘ ਨ੍ਰਿਪ ਸੁਰਿਝੈ[2] ਹੈ।'
ਇੱਤਜਾਦਿਕ ਆਪਸ ਮਹਿਂ ਕਹਿ ਕਹਿ।
ਚਿਤ ਥਿਰ ਭਏ ਭਲੀ ਬਿਧਿ ਲਹਿ ਲਹਿ ॥੧੦॥
ਠਹਿਰੀ ਠੀਕ ਗਮਨ ਕੀ ਏਵ।
ਸਰਬ ਸਰਾਹਹਿਂ ਸ਼੍ਰੀ ਗੁਰਦੇਵ।
ਮਸਲਤ ਕਰਤਿ ਸੁ ਦਿਵਸ ਬਿਤਾਯੋ।
ਤਜਾਰੀ ਕਰਨਿ ਹੇਤੁ ਹਿਤ ਲਾਯੋ ॥੧੧॥
ਭਈ ਪ੍ਰਭਾਤਿ ਕੀਨਿ ਇਸ਼ਨਾਨਾ।
ਬਸਤ੍ਰ ਬਿਭੂਖਨ ਪਹਿਰੇ ਨਾਨਾ।
ਸਭਾ ਬੈਠਿ ਬੁਲਵਾਯਹੁ ਦੂਤ।
ਬੋਲੇ ਸ਼੍ਰੀ ਹਰਿਰਾਇ ਸਪੂਤ ॥੧੨॥
'ਕਹਜੋ ਪ੍ਰੇਮ ਨ੍ਰਿਪ ਕੋ ਤੈਂ ਨਾਨਾ।
ਯਾਂ ਤੇ ਗਮਨ ਕਰਨਿ ਹਮ ਮਾਨਾ।
ਪੁਰ ਮਹਿਂ ਪ੍ਰਵਿਸ਼ੇ ਮਿਲਿ ਹੈ ਜਬੈ[3]।
ਬਿਨਤੀ ਸਹਿਤ ਨ ਕੁਛ ਕਹਿ ਤਬੈ[4] ॥੧੩॥
ਮਿਲਹਿਂ ਨ ਤੁਰਕ ਸਾਥ ਤਹਿਂ ਕਬਿਹੂੰ।
ਹਮ ਇਹ ਬਾਤ ਕਹਤਿ ਲੇ ਅਬਿਹੂੰ।
ਇਮ ਪੂਰਬ ਲਿਖਿ ਪਠਿ ਪਰਵਾਨਾ।'
ਸੁਮਤਿਵੰਤਿ ਭੂਪਤਿ ਪਰਧਾਨਾ ॥੧੪॥

---

[1](ਬਾਦਸ਼ਾਹ ਨਾਲ) ਸੂਤ ਰਹਿਆ (ਤੇ ਕੀਰਤਪੁਰ ਦਾ) ਟਿਕਾਉ ਪ੍ਰਾਪਤ ਰਹੇਗਾ।

[2]ਰਾਜਾ ਬੀ ਖੁਸ਼ ਹੋਵੇਗਾ। (ਅ) ਐਉਂ ਬੀ ਅਰਥ ਲਗਾਉਣ ਦਾ ਯਤਨ ਹੁੰਦਾ ਹੈ:-ਰਾਜੇ ਨੂੰ ਗੁਰੂ ਜੀ ਖੁਸ਼ ਕਰਨਗੇ। (ੲ) ਗੁਰੂ ਜੀ ਨੂੰ ਯਾ ਪਾਤਸ਼ਾਹ ਨੂੰ ਓਹ ਰਾਜੀ ਕਰੇਗਾ (ਸ) (ਕੋਈ ਮੁਸ਼ਕਲ ਆ ਪਈ ਤਾਂ) ਰਾਜਾ ਸੁਰਿਝੇ ਹੈ = ਸੁਲਝਾਵੇਗਾ।

[3]ਪ੍ਰਵੇਸ਼ ਕੀਤਿਆਂ ਜਦੋਂ (ਰਾਜਾ) ਮਿਲੇ (ਸਾਨੂੰ)......।

[4]ਨਾਂ ਕਹੇ (ਸ਼ਾਹ ਨੂੰ ਮਿਲਨ ਬਾਬਤ)।

ਤਬਿ ਕਰ ਜੋਰੇ ਬਾਕ ਉਚਾਰਾ।
'ਸੁਨਹੁਂ ਗੁਰੂ ਜੀ! ਮਹਦ ਉਦਾਰਾ।
ਨ੍ਰਿਪ ਕੀ ਏਕ ਹਕਾਰਨਿ ਕਾਰ[1]।
ਚਾਹਤਿ ਤੁਮਰੋ ਕਰਜੋ ਦਿਦਾਰ ॥੧੫॥
ਪੁਨ ਰਾਵਰ ਕੇ ਰਹਿ ਅਨੁਸਾਰੀ।
ਨਹਿਂ ਕੈ ਸਿਹੁਂ ਹੋਵਹਿ ਤਕਰਾਰੀ[2]।
ਇਹ ਤੋ ਪ੍ਰਥਮ ਮਤੋ ਤਿਸ ਕੇਰਾ।
ਮਨ ਕਰਿ ਲਖਹੁ ਆਪਨੋ ਚੇਰਾ ॥੧੬॥
ਲਿਖਿ ਪਠਿਹੋਂ ਅਬਿ ਕਹੇ ਤੁਮਾਰੇ।
ਦ੍ਰਿਢ ਮਤ ਹੁਇ ਹੈ ਜਥਾ ਉਚਾਰੇ।
ਸ਼ਰਧਾਲੂ ਭੂਪਤਿ ਕਹੁ ਜਾਨਹੁ।
ਹਿਤ ਕਰਤਾ ਨਿਤ ਬੁਧਿ ਮਤ[3] ਮਾਨਹੁ' ॥੧੭॥
ਇਮ ਸਤਿਗੁਰ ਕੀ ਮਰਜ਼ੀ ਲਖਿ ਕੈ।
ਪਠਜੋ ਬ੍ਰਿਤਾਂਤ ਸਕਲ ਹੀ ਲਿਖਿ ਕੈ।
'ਤੁਮਰੋ ਪ੍ਰੇਮ ਜਾਨਿ ਭੇ ਤਯਾਰ।
ਮਿਲਹੁ ਇਨਹਿ ਜਬਿ, ਰਹੁ ਅਨੁਸਾਰਿ ॥੧੮॥
ਜਯੋਂ ਮਨ ਹੋਇ, ਸੁ ਮੁਖ ਤੇ ਕਹੀਐ।
ਜੋ ਮੁਖ ਕਹਹਿਂ ਸੁ ਮਨ ਥਿਰ ਰਹੀਅਹਿ।
ਸਭਿ ਘਟ ਘਟ ਕੇ ਜਾਣਨ ਹਾਰੇ।
ਹੇਰਹਿਂ ਕਪਟ ਤੇ ਸ੍ਰਾਪ ਉਚਾਰੇਂ ॥੧੯॥
ਅਪਨੋ ਭਲੋ ਜਾਨੀਅਹਿ ਜੈਸੇ।
ਇਨ ਕੇ ਸਾਥ ਬਰਤੀਅਹਿ ਤੈਸੇ।
ਸ਼ਾਹੁ ਨਿਕਟਿ ਜੇ ਤੁਮ ਪ੍ਰਨ ਠਾਨਾ।
ਲਜਾਵਨਿ ਸ਼੍ਰੀ ਗੁਰ ਕੋ ਇਸਥਾਨਾ ॥੨੦॥
ਤੋਹਿ ਭਾਗ ਤੇ ਪੂਰਨ ਭਇਊ।
ਕੋ ਦਿਨ ਮਹਿਂ ਪਹੁੰਚਹਿਂ ਸੰਗ ਲਇਊ।'
ਇੱਤਯਾਦਿਕ ਲਿਖਿ ਭੇਜਜੋ ਨ੍ਰਿਪ ਪਹਿ।
ਪਠਿ ਕਰਿ ਹਰਖ ਭਯੋ ਅਤਿ ਉਰ ਮਹਿਂ ॥੨੧॥
ਜਬਿ ਕੋ ਪਠਜੋ ਹਕਾਰਨਿ ਗੁਰ ਕੋ।

[1]ਰਾਜਾ ਦਾ ਸੱਦਣੇ ਦਾ ਕੰਮ ਇਕੋ ਹੀ ਹੈ।
[2]ਝਗੜਾ ਕਰਨ ਵਾਲਾ।
[3]ਬੁਧੀਵਾਨ।

ਮਿਟਯੋ ਨ ਫਿਕਰ ਭੂਪ ਕੇ ਉਰ ਕੋ।
ਨਿਸ਼ਚੈ ਜਾਨਯੋ ਆਵਹਿਂ ਇਹਾਂ।
ਜਨੁ ਜਲ ਮਿਲਯੋ ਚਹਿਤਿ ਤਰੁ ਮਹਾਂ[1] ॥੨੨॥
ਅਧਿਕ ਤਿਹਾਵਲ ਕੋ ਬਨਵਾਇ।
ਕਰਿ ਅਰਦਾਸ ਦੀਨਿ ਬੰਡਵਾਇ।
ਬਧੀ ਲਾਲਸਾ ਹੇਰਨਿ ਕੇਰੀ।
ਮਿਲੇ ਨੀਰ ਜਨੁ ਲਤਾ[2] ਬਡੇਰੀ ॥੨੩॥
ਕਰਤਿ ਪ੍ਰਤੀਖਨਿ ਕਬਿ ਪੁਰਿ ਆਵਹਿਂ।
ਬਾਰਬਾਰ ਲਿਖ ਪੱਤ੍ਰ ਪਠਾਵਹਿ।
ਬਿਨੈ ਲਿਖੀ ਪਹੁੰਚੇ ਗੁਰ ਪਾਸ।
ਅਧਿਕ ਬਧਾਵਹਿ ਪ੍ਰੇਮ ਪ੍ਰਕਾਸ਼ ॥੨੪॥
ਨ੍ਰਿਪ ਕੋ ਦੂਤ ਨਿਕਟਿ ਨਿਤ ਜਾਇ।
ਚਲਨਿ ਹਿਤ ਅਰਦਾਸ ਕਰਾਇ।
ਅਨਿਕ ਪ੍ਰਕਾਰਨਿ ਕੇ ਕਹਿ ਬੈਨ।
'ਕਰਹੁ ਕ੍ਰਿਪਾ ਸਤਿਗੁਰ ਸੁਖਦੈਨ!' ॥੨੫॥
ਸਭਿ ਅਸਵਾਰੀ ਹਾਜ਼ਰ ਕਰੀ।
ਰੁਚਿਰ ਪਾਲਕੀ ਨਗ ਗਨ ਜਰੀ।
ਸੀਛਤਿ[3]* ਹੈਂ ਕਹਾਰ ਜਿਸ ਲਾਗੇ।
ਚਲਹਿਂ ਉਠਾਇ ਜਾਹਿਂ ਜਨੁ ਭਾਗੇ ॥੨੬॥
ਸੁੰਦਰ ਸਜੰਦਨ ਸਕਲ ਸੁਹਾਵਨਿ।
ਮਖ਼ਮਲ ਕੋ ਉਛਾਰ ਕਿਯ ਪਾਵਨਿ।
ਜ਼ਰੀ ਦੋਸ਼ ਚਮਕਾਹਿਂ ਸਿਤਾਰੇ।
ਜਨੁ ਅਸਮਾਨ ਬਿਖੈ ਦੁਤਿ ਤਾਰੇ ॥੨੭॥
ਚਾਰ ਚੱਕ੍ਰ[4] ਤੇ ਸ਼ਬਦ ਗੰਭੀਰ।
ਜਨੁ ਘਨੁ ਘੋਖਤਿ[5] ਸਹਤ ਸਮੀਰ[6]।
ਬਲੀ ਤੁਰੰਗ ਸੰਗ ਜਿਸ ਲਾਗੇ।

---

[1]ਅਤੀ ਚਾਹੁੰਦੇ ਬ੍ਰਿੱਛ ਨੂੰ ਮਾਨੋ ਜਲ ਮਿਲਿਆ।
[2]ਵੇਲ।
[3]ਸਿੱਖ ਹੋਏ।
*ਪਾ:-ਛੀ ਸਤ।
[4]ਚੌਹਾਂ ਪਹੀਆਂ।
[5]ਗੱਜਦਾ ਹੈ ਬੱਦਲ ਮਾਨੋ।
[6]ਵਾਯੂ ਨਾਲ।

ਸਹਿਤ ਬਿਭੂਖਨ ਜਿਨ ਦੁਤਿ ਜਾਗੇ ॥੨੮॥
ਦਿਨ ਪ੍ਰਤਿ ਸੰਗਤਿ ਦੇਸ਼ ਬਿਦੇਸ਼।
ਹੋਹਿ ਆਗਮਨਿ ਭੀਰ ਵਿਸ਼ੇਸ਼।
ਯਾਂ ਤੇ ਤਯਾਰ ਭਏ ਰਹਿ ਜਾਇਂ।
ਇਮ ਬਾਸੁਰ ਕੁਛ ਦਏ ਬਿਤਾਇ ॥੨੯॥
ਨਹਿਂ ਅਵਕਾਸ਼ ਚਲਨਿ ਕੋ ਪਾਵੈਂ।
ਦੌਰ ਦੌਰ ਇਕ ਦੁਇ ਨਰ ਆਵੈਂ।
ਆਇ ਆਇ ਸੋ ਕਹੈਂ ਅਗਾਊ।
'ਗੁਰੂ ਜੀ! ਸੰਗਤਿ ਹੈ ਸਮੁਦਾਊ ॥੩੦॥
ਹਮ ਦਸ ਕੋਸ ਛੋਰਿ ਕਰਿ ਆਏ।
ਕੋ ਕਹਿਂ ਬੀਸ ਕੋਸ ਪਰ ਛਾਏ[1]।
ਕੋ ਤਿਨ ਤੇ ਪੀਛੇ ਬਹੁ ਆਵਤਿ।
ਸਿੱਖਜ ਹਜ਼ਾਰਹੁੰ ਭੇਟਨਿ ਲਯਾਵਤਿ ॥੩੧॥
ਕੋ ਦੱਖਣ ਦਿਸ਼ਿ ਤੇ ਚਲਿ ਆਇ।
ਕੋ ਪਸ਼ਚਮ ਤੇ ਦਰਸ਼ਨ ਚਾਇ।
ਉੱਤਰ ਪੂਰਬ ਦੇਸ਼ ਘਨੇਰੇ।
ਚਲੇ ਆਇਂ, ਕੋ ਗਿਨਹਿ ਬਡੇਰੇ' ॥੩੨॥
ਨ੍ਰਿਪ ਕੋ ਦੂਤ ਕਹਤਿ ਹਿਤ ਤਯਾਰੀ।
ਪਠਹਿ ਦੂਤ, ਉਤ ਸੰਗਤਿ ਭਾਰੀ[2]।
ਨਿਤ ਪ੍ਰਤਿ ਭੀਰ ਸੁ ਹੋਹਿ ਨਵੀਨ।
ਦਰਸਹਿਂ ਦਰਸ਼ਨ ਗੁਰੂ ਪ੍ਰਬੀਨ ॥੩੩॥
ਇਮ ਕੇਤਿਕ ਦਿਨ ਬੀਤ ਗਏ ਹੈਂ।
ਦੂਤ ਕਹੇ ਪੁਨ ਤਯਾਰ ਭਏ ਹੈਂ।
ਸ਼੍ਰੀ ਗੁਰ ਨਾਨਕ ਰਿਦੇ ਧਿਆਏ।
ਕੀਰਤਿਪੁਰਿ ਤੇ ਪੁਨ ਨਿਕਸਾਏ ॥੩੪॥
ਸਿਖ ਸੇਵਕ ਚਾਲੇ ਸਮੁਦਾਏ।
ਚਹਿਯ ਜਿ ਵਸਤੂ ਬ੍ਰਿੰਦ ਉਠਾਏ।
ਤੰਬੂ ਗਨ ਕਨਾਤ ਸ਼ਮਿਯਾਨੇ।
ਲਾਦੇ ਉਸ਼ਟਰ[3] ਭਾਰ ਸੁ ਪਯਾਨੇ ॥੩੫॥

---

[1]ਟਿਕੇ ਹੋਏ ਹਨ।
[2]ਉਧਰ ਭਾਰੀ ਸੰਗਤ ਦੂਤ ਭੇਜਦੀ ਹੈ।
[3]ਊਠ।

ਕੁਛਕ ਸੈਨ ਗਮਨੀ ਗੁਰ ਸੰਗ।
ਸ਼ਸਤ੍ਰ ਬਸਤ੍ਰ ਮਹਿਂ ਸ਼ੁਭਤਿ ਸੁਰੰਗ।
ਭਯੋ ਕੂਚ ਧੌਂਸਾ ਧੁੰਕਾਰਯੋ।
ਬਲੀ ਤੁਰੰਗਮ ਦਲ ਸ਼ਿੰਗਾਰਯੋ ॥੩੬॥
ਫਰਰਾ ਛੁਟਯੋ ਚਾਰੁ ਨੀਸਾਨ।
ਚਲਯੋ ਅਗਾਊ ਸ਼ੁਭਤਿ ਮਹਾਨ।
ਛੂਛਾ ਕਰਿ ਕੀਰਤਿ ਪੁਰਿ ਚਾਲੇ।
ਲੀਨਸਿ ਸੰਗ ਸਮਾਜ ਬਿਸਾਲੇ ॥੩੭॥
ਨਹੀਂ ਆਵਨੋ ਪੁਨ ਇਸ ਥਾਨੇ।
ਇਕ ਸਤਿਗੁਰ ਹੀ ਉਰ ਮਹਿਂ ਜਾਨੇ।
ਅਪਰ ਕੌਨ ਗਤਿ ਜਾਨਹਿ ਗੁਰ ਕੀ।
ਜਿਸ ਲਖਿ ਚਲੋ ਤੁਰਕ ਦਿਸ਼ਿ ਪੁਰਿ ਕੀ[1] ॥੩੮॥
ਨ੍ਰਿਪ ਕੋ ਦੂਤ ਸੰਗ ਤਬਿ ਚਾਲਾ।
ਕੀਨਿ ਸਪੂਰਨ ਕਾਜ ਬਿਸਾਲਾ।
ਉਰ ਮੈਂ ਹਰਖ ਭਰਯੋ ਗੁਰ ਧਜਾਵਤਿ।
ਪੂਰਬ ਦਿਸ਼ਿ ਮੁਖ ਕਰਿ ਮਗ ਜਾਵਤਿ ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿ ਕ੍ਰਿਸ਼ਨ ਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

[1]ਤੁਰਕ ਦੀ ਪੁਰੀ (ਦਿੱਲੀ) ਵੱਲ।

## ੩੭. [ਸੰਗਤਾਂ ਦੇ ਮੇਲੇ]

੩੬<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੮

ਦੋਹਰਾ: ਕੀਰਤਪੁਰਿ ਤੇ ਸਤਿਗੁਰੂ, ਪ੍ਰਿਥਮ ਸਿਵਰ ਕੋ ਕੀਨਿ।
ਨਿਸਾ ਬਸੇ ਬਿਸ੍ਰਾਮ ਕੈ, ਪੁਨ ਪ੍ਰਭਾਤਿ ਕੋ ਚੀਨ ॥੧॥
ਚੌਪਈ: ਚਲਿਬੇ ਕਹੁ ਤਯਾਰ ਜਬਿ ਭਏ।
ਲੰਮੇ ਦੇਸ਼ਨਿ ਕੇ ਸਿਖ ਅਏ।
ਮਸਤਕ ਟੇਕਤਿ ਅਰਜ਼ ਗੁਜ਼ਾਰੀ।
'ਗੁਰ ਜੀ! ਸੰਗਤਿ ਆਵਤਿ ਭਾਰੀ ॥੨॥
ਦਰਸ਼ਨ ਕਰਿ ਸਿਖ ਜੇ ਘਰ ਜਾਤੇ।
ਤਿਨਹੁਂ ਸੁਨਾਵਨਿ ਕੀਨੀ ਬਾਤੇਂ।
-ਸਤਿਗੁਰ ਹੈਂ ਤਿਆਰ ਉਤ ਜਾਨੇ-।
ਸੁਨਿ ਕਰਿ ਮਾਰਗ ਅਧਿਕ ਪਯਾਨੇ ॥੩॥
ਸ਼੍ਰਮਤਿ ਭਏ ਜਹਿਂ ਗਮਨਜੋਂ ਜਾਈ।
ਦਰਸ ਲਾਲਸਾ ਰਿਦੈ ਬਧਾਈ।
ਇਸਤ੍ਰੀ ਪੁਰਖ ਬ੍ਰਿੱਧ ਗਨ ਬਾਲ।
ਆਵਤਿ ਚਾਲੇ ਸ਼੍ਰਮਤਿ ਬਿਸਾਲ ॥੪॥
ਸਭਿ ਮਿਲਿ ਹਮ ਕੋ ਪਠਜੋ ਅਗਾਰੀ।
ਦਰਸ ਦੇਹੁ ਗੁਰ ਥਿਰਤਾ ਧਾਰੀ।
ਨਿਜ ਸੰਗਤਿ ਪਰ ਕਰੁਨਾ ਕੀਜੈ।
ਮਗ ਬਿਸਾਲ ਆਏ ਲਖਿ ਲੀਜੈ ॥੫॥
ਚਲਤਜੋਂ ਮਿਲਜੋ ਜਾਇ ਨਹਿਂ ਕਜੋਂਹੂੰ।
ਉਤਲਾਵਤਿ ਚਾਲਤਿ ਮਗ ਜਯੌਂਹੂੰ।
ਸੰਗਤਿ ਥਕਤਿ ਜਾਨਿ ਥਿਰ ਰਹੀਅਹਿ।
ਬਿਰਦ ਸਹਾਇਕ ਸੇਵਕ ਲਹੀਅਹਿ' ॥੬॥
ਸ਼੍ਰੀ ਹਰਿਕ੍ਰਿਸ਼ਨ ਗੁਰੂ ਗਤਿ ਦਾਨੀ।
ਸੁਨਿ ਸੰਗਤਿ ਕੀ ਬਿਨੈ ਮਹਾਨੀ।
-[1]ਭਏ ਥਕਤਿ ਥਿਰਤਾ ਕਹੁ ਧਾਰੇ।
ਦੇਤਿ ਕਾਮਨਾ ਸੰਗਤਿ ਪਜਾਰੇ[2]! - ॥੭॥
ਤਿਹ ਠਾਂ ਰਾਖਜੋ ਸਿਵਰ ਮੁਕਾਮ।
ਬਾਲ ਆਰਬਲ ਗੁਨ ਗਨ ਧਾਮ।

---

[1](ਸੰਗਤ ਦੀ ਬਿਨੈ ਜੋ ਸਤਿਗੁਰੂ ਜੀ ਨੇ ਸਮਝੀ ਸੀ ਇਹ ਸੀ:-) ਕਾਮਨਾ ਪੂਰਨ ਕਰਨ ਵਾਲੇ ਤੇ ਸੰਗਤ ਦੇ ਪਿਆਰੇ (ਸਤਿਗੁਰੂ ਜੀਓ!) (ਸੰਗਤ) ਥੱਕੀ ਹੋਈ ਹੈ (ਆਪ) ਠਹਿਰ ਜਾਓ।

ਅਗਲੇ ਦਿਵਸ ਸੰਗਤਾਂ ਆਈ।
ਤ੍ਰਿਖਤਿ ਧੇਨੁ ਜਨੁ ਜਲ ਹਿਤ ਧਾਈ ॥੮॥
ਬੈਠੇ ਸਤਿਗੁਰ ਲਾਇ ਦਿਵਾਨ।
ਦਰਸਹਿ ਸੰਗਤ ਬੰਦਨ ਠਾਨਿ।
ਅਨਿਕ ਉਪਾਇਨ ਕੋ ਅਰਪਾਵੈਂ।
ਹੁਇ ਠਾਢੇ ਅਰਦਾਸ ਕਰਾਵੈਂ ॥੯॥
'ਅਮਕੀ ਮੋਹਿ ਕਾਮਨਾ ਪੂਰੀ।'
ਕੋ ਕਹਿ 'ਕਰੈ ਬਿਘਨ ਗਨ ਦੂਰੀ[1]।'
ਕੋ ਕਹਿ 'ਸਤਿਗੁਰ ਮੁਝ ਸੁਤ ਦੀਜੇ।'
ਕੋ ਕਹਿ 'ਮਮ ਧਨ ਧਾਮ ਭਰੀਜੇ' ॥੧੦॥
ਕੋ ਕਹਿ 'ਤਨ ਕੋ ਕਸ਼ਟ ਬਿਦਾਰਹੁ।'
ਕੋ ਕਹਿ 'ਸ਼ੱਤ੍ਰੁ ਗਨ ਨਿਰਵਾਰਹੁ!'
ਅਨਿਕ ਕਾਮਨਾ ਇਸ ਤੇ ਆਦਿ।
ਜਾਚਤਿ ਗੁਰ ਤੇ ਉਰ ਅਹਿਲਾਦਿ ॥੧੧॥
ਧਰਿ ਧਰਿ ਰਿਦੈ ਕਾਮਨਾ ਜੈਸੀ।
ਦਰਸਹਿਂ, ਸਤਿਗੁਰੂ ਪੂਰਹਿਂ ਤੈਸੀ।
ਸੱਤਜਨਾਮ ਕਹ ਜਾਚਤਿ ਕੋਈ।
ਪਦਪੰਕਜ ਪ੍ਰੇਮੀ ਉਰ ਜੋਈ ॥੧੨॥
ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾ ਜੁਤਿ ਦੇਖਿ।
ਦਾਸਨਿ ਬਾਂਛਤਿ ਦੇਹਿਂ ਅਸ਼ੇਖ।
ਜਥਾ ਜੋਗ ਦੀਨੋ ਸਿਰੁਪਾਇ।
ਪਾਇ ਪ੍ਰਸਾਦਿ[2] ਧਰਹਿਂ ਉਰ ਭਾਇ ॥੧੩॥
ਸੰਗਤਿ ਬਿਦਾ ਕੀਨਿ ਸਮੁਦਾਊ।
ਸਾਦਰ ਸਭਿ ਕੋ ਰਖਿ ਕਰਿ ਭਾਊ।
ਆਪ ਗੁਰੂ ਪੂਰਬ ਮੁਖ ਕੀਨਾ।
ਪਹੁੰਚਨਿ ਹਿਤ ਪੁਰਿ[3] ਮਾਰਗ ਲੀਨਾ ॥੧੪॥
ਤਿਸ ਦਿਨ ਗਮਨੇ ਗਏ ਅਗਾਰੀ।
ਕੀਨਹੁਂ ਸਿਵਰ ਨਿਸਾ ਸੁਖ ਭਾਰੀ।
ਖਾਨ ਪਾਨ ਕਰਿ ਸੁਪਤੇ ਸਭਿ ਹੂੰ।

---
[1](ਮੇਰੇ) ਸਾਰੇ ਵਿਘਨ ਦੂਰ ਕੀਤੇ ਹਨ।
[2]ਕ੍ਰਿਪਾ ਨੂੰ ਪਾ ਕੇ।
[3]ਭਾਵ ਦਿੱਲੀ ਦਾ।

ਭਈ ਪ੍ਰਭਾਤਿ ਤਜਾਰ ਭੇ ਤਬਿਹੂੰ ॥੧੫॥
ਮਾਰਗ ਚਲੇ ਜਾਹਿਂ ਸਮੁਦਾਈ।
ਜਗ ਗੁਰ ਕੋ ਬੰਦਹਿਂ ਜਿਤ ਜਾਈ।
ਤਿਸ ਦਿਨ ਪੁਨਹਿਂ ਸਿੱਖਜ ਕੁਛ ਆਏ।
ਬੰਦਤਿ ਪਾਇਨਿ ਬਾਕ ਸੁਨਾਏ ॥੧੬॥
'ਕਾਬਲ ਅਰੁ ਪਸ਼ੌਰ ਕਸ਼ਮੀਰ।
ਇੱਤਜਾਦਿਕ ਦੇਸ਼ਨਿ ਨਰ ਭੀਰ।
ਸੰਗਤਿ ਆਵਤਿ ਕਈ ਹਜ਼ਾਰ।
ਦਰਸ਼ਨ ਰਾਵਰਿ ਚਾਹਿਂ ਉਦਾਰ ॥੧੭॥
ਲਾਘਵ ਕਰਤਿ ਪੰਥ ਮਹਿਂ ਆਵਤਿ।
ਸੁਨੀ ਤੁਮਾਰੀ ਸੁਧਿ ਉਤ ਜਾਵਤਿ।
ਯਾਂ ਤੇ ਮਾਰਗ ਚਲਹਿਂ ਬਿਸਾਲਾ।
ਇਕ ਦਿਨ ਟਿਕੋ, ਮਿਲਹਿਂ ਤੁਮ ਨਾਲਾ' ॥੧੮॥
ਸੁਨਿ ਸਤਿਗੁਰ ਪੁਨਿ ਕੀਨਿ ਮੁਕਾਮੂ।
ਲਖਿ ਸੰਗਤਿ ਕੋ ਪ੍ਰੇਮ ਭਿਰਾਮੂ।
ਕਰਤਿ ਪ੍ਰਤੀਛਨ[1] ਦਰਸ਼ਨ ਦੈਨ।
ਕਰੁਨਾ ਭਰੇ ਰਸੀਲੇ ਨੈਨ ॥੧੯॥
ਦਿਵਸ ਆਗਲੇ ਸੰਗਤਿ ਆਈ।
ਗਾਵਹਿਂ ਸ਼ਬਦ ਪ੍ਰੇਮ ਅਧਿਕਾਈ।
ਬਜਹਿ ਮ੍ਰਿਦੰਗ ਸਤਾਰ ਦੁਤਾਰੇ।
ਪਾਇ ਰਾਗ ਧੁਨਿ ਊਚ ਉਚਾਰੇ ॥੨੦॥
ਸਤਿਗੁਰ ਬੈਠੇ ਲਾਇ ਦਿਵਾਨ।
ਝੂਲਤਿ ਝੰਡਾ ਝਮਕ ਮਹਾਨ।
ਚਵਰ ਢੁਰਾਵਤਿ ਚਾਰੁ ਚੰਦੋਵਾ।
ਬਾਜਤਿ ਨੌਬਤ ਨਾਦਤਿ ਹੋਵਾ ॥੨੧॥
ਅਰਪਨਿ ਲਗੇ ਉਪਾਇਨ ਬ੍ਰਿੰਦ।
ਦਰਬ ਚਢਾਯਹੁ ਭਯੋ ਬਿਲੰਦ।
ਹਾਥ ਜੋਰਿ ਅਰਦਾਸ ਕਰੰਤੇ।
ਨਿਜ ਨਿਜ ਕਾਮਨ[2] ਸਗਲ ਕਹੰਤੇ ॥੨੨॥
ਜਥਾ ਜੋਗ ਸਤਿਗੁਰ ਸਭਿ ਕਈ।

---

[1]ਉਡੀਕ।
[2]ਕਾਮਨਾ, ਮਨੋਰਥ।

ਸੰਗਤ ਕਉ ਬਿਦਾਇਗੀ ਦਈ।
ਅਪਰ ਕਹੌਂ ਕਹਿਂ ਲਗਿ ਬਿਵਹਾਰ।
ਸਤਿਗੁਰ ਅਰੁ ਸਿੱਖਜਨਿ ਕੀ ਕਾਰ ॥੨੩॥
ਪੁਨ ਸਤਿਗੁਰ ਮਾਰਗ ਚਲਿ ਪਰੇ।
ਇਕ ਦੁਇ ਦਿਵਸ ਅਗਾਰੀ ਤੁਰੇ।
ਚਲਤਿ ਚਲਤਿ ਆਏ ਤਿਸ ਥਾਂਏ।
ਜਹਿਂ ਪੰਜੋਖਰਾ ਗ੍ਰਾਮ ਸੁਹਾਏ ॥੨੪॥
ਡੇਰਾ ਕਰਯੋ ਆਇ ਕਰਿ ਜਬੈ।
ਸਿੱਖ ਬਿਦੇਸ਼ੀ ਪਹੁਂਚਯੋ ਤਬੈ।
ਖਰੇ ਹੋਇ ਅਰਦਾਸ ਉਚਾਰੀ।
'ਗੁਰ ਜੀ! ਸੰਗਤਿ ਆਵਤਿ ਭਾਰੀ ॥੨੫॥
ਇਕ ਦਿਨ ਇਹਾਂ ਮੁਕਾਮ ਕਰੀਜੈ।
ਪ੍ਰੇਮੀ ਸਿੱਖਜਨਿ ਦਰਸ਼ਨ ਦੀਜੈ।'
ਸੁਨਿ ਸ਼੍ਰੀ ਸਤਿਗੁਰ ਰਿਦੇ ਬਿਚਾਰੀ।
-ਨਿਤਪ੍ਰਤਿ ਸੰਗਤਿ ਪਹੁਂਚਤਿ ਭਾਰੀ ॥੨੬॥
ਹਮ ਕੋ ਗਮਨਤਿ ਸੁਨਿ ਬਹੁ ਧਾਵਹਿਂ।
ਮਾਰਗ ਬਿਖੈ ਸ਼੍ਰਮਤਿ ਅਕੁਲਾਵਹਿਂ।
ਯਾਂ ਤੇ ਕੁਛ ਉਪਾਇ ਅਸ ਕੀਜੈ।
ਸਭਿ ਸਿੱਖਜਨਿ ਕਹਿ ਬਾਕ ਥਿਰੀਜੈ- ॥੨੭॥
ਇਤਨੇ ਮਹਿਂ ਜੈ ਸਿੰਘ ਕੋ ਦੂਤ।
ਆਯੋ ਜਹਿਂ ਬੈਠੇ ਗੁਰ ਪੂਤ[1]।
ਨਮਸਕਾਰ ਕਰਿ ਬੈਸਯੋ ਪਾਸ।
ਹਾਥ ਬੰਦਿ ਬੋਲਯੋ ਅਰਦਾਸ ॥੨੮॥
'ਕੀਰਤਪੁਰਿ ਤੇ ਜਬਿ ਨਿਕਸਾਏ।
ਕੇਤਿਕ ਦਿਵਸ ਮੁਕਾਮ ਬਿਤਾਏ।
ਇਸ ਪ੍ਰਕਾਰ ਪਹੁਂਚਹਿਂ ਕਬਿ ਜੈ ਕੈ।
ਮਗ ਮਹਿਂ ਦਿਹੁ ਬਹੁ ਕਾਲ ਬਿਤੈ ਕੈ ॥੨੯॥
ਚਹੁਂਦਿਸ਼ਿ ਕੀ ਗਨ ਸੰਗਤਿ ਆਵੈ।
ਸਭਿ ਦਰਸ਼ਨ ਚਿਤ ਚਾਹਤਿ ਧਾਵੈ।
ਕਰਹੁ ਉਪਾਉ ਆਪ ਕੋ ਐਸੇ।
ਮਗ ਮਹਿਂ ਬਹੁ ਦਿਨ ਬਿਤਹਿਂ ਨ ਜੈਸੇ' ॥੩੦॥

---
[1]ਪਵਿੱਤ੍ਰ।

ਸੁਨਿ ਸਤਿਗੁਰ ਨੇ ਧੀਰਜ ਦੀਨਜੋ।
'ਇਮ ਹੀ ਕਰਹਿਂ ਜਥਾ ਤੁਮ ਚੀਨਜੋਂ।'
ਉਤਰਜੋ ਹੁਤੋ ਜਹਾਂ ਸਭਿ ਡੇਰਾ।
ਤਹਿਂ ਸਿਕਤਾ[1] ਥਲ ਸੁੰਦਰ ਹੇਰਾ ॥੩੧॥
ਸ੍ਰੀ ਸਤਿਗੁਰ ਚਲਿ ਤਿਸ ਥਲ ਬੈਸੇ।
ਖੇਲਨਿ ਲਗੇ ਅਪਰ ਸਿਸ ਜੈਸੇ[2]।
ਸਹਿਤ ਬਿਭੂਖਨ ਕੋਮਲ ਹਾਥ।
ਸ਼ੁਭ ਕੰਚਨ ਕੇ ਹੀਰਨਿ ਸਾਥ ॥੩੨॥
ਸਿਕਤਾ ਲਗੇ ਸਕੇਲਨਿ ਰਾਸ।
ਪਸਰਜੋ ਪਰਜੋ ਪ੍ਰਿਥੀ ਚਹੁ ਪਾਸ।
ਇਤ ਉਤ ਹਾਥ ਚਲਾਇ ਚਲਾਇ।
ਕਰਜੋ ਢੇਰ ਓਚੋ ਤਿਸ ਥਾਇਂ ॥੩੩॥
ਚਹੁਂਦਿਸ਼ਿ ਤੇ ਨਿਜ ਕਰ ਸੋਂ ਪ੍ਰੇਰਤਿ।
ਇਕ ਸਮ ਕਰਜੋ ਦਾਸ ਗਨ ਹੇਰਤਿ।
ਜਾਨਹਿਂ ਬਾਲਕ ਲੀਲ੍ਹਾ ਕਰਿਹੀਂ।
ਕੋ ਬੈਠੇ ਕੋ ਖਰੇ ਨਿਹਰਿਹੀ ॥੩੪॥
ਸਿਕਤਾ ਢੇਰ ਲਾਇ ਗੁਰ ਕਹੈਂ।
'ਜੋ ਸਿਖ ਹਮ ਕੋ ਹੇਰਜੋ ਚਹੈ।
ਸੋ ਇਸ ਥਾਨ ਲਗੋ ਚਲਿ ਆਇ।
ਕਰਹਿ ਭਾਵਨਾ ਸੀਸ ਨਿਵਾਇ ॥੩੫॥
ਲਜਾਇ ਉਪਾਇਨ ਜੋ ਹਮ ਕਾਰਨ।
ਅਰਪਹਿ ਇਹਾਂ ਹੋਹਿਂ ਦੁਖ ਟਾਰਨਿ।
ਖਰੋ ਹੋਇ ਅਰਦਾਸ ਕਰਾਵੈ।
ਸੋ ਨਰ ਹਮਰੇ ਪਾਸ ਪੁਚਾਵੈ ॥੩੬॥
ਨਿਸ਼ਚਾ ਧਰਹਿ ਇਹਾਂ ਲਗਿ ਆਇ।
ਆਗੇ ਧਰਹਿ ਨਹੀਂ ਪੁਨ ਪਾਇ[3]।
ਜੋ ਹਮ ਦਰਸ਼ਨ ਲਾਭ ਬਿਸਾਲੇ।
ਇਸ ਥਲ ਦਰਸੇ ਲਹਹਿ ਸੁਖਾਲੇ ॥੩੭॥
ਹਮਰੀ ਆਗਜਾ ਕਉ ਇਮ ਜਾਨੈ।

---
[1]ਰੇਤ।
[2]ਹੋਰਨਾਂ ਬਾਲਕਾਂ ਵਾਂਗ।
[3]ਚਰਨ, ਪੈਰ।

ਇਸ ਥਲ ਤੇ ਨਹਿਂ ਅੱਗ੍ਰ ਧਯਾਨੈ।
ਜਿਮ ਹਮ ਸੋਂ ਮਿਲਿ ਪ੍ਰੇਮ ਬਢਾਇ।
ਤਿਮ ਇਸ ਥਲ ਤੇ ਫਲ ਕੋ ਪਾਇ' ॥੩੮॥
ਗਨ ਸਿੱਖਨਿ ਸੁਖ ਦੈਬੇ ਕਾਰਨ।
ਸਭਿਨਿ ਸੁਨਾਵਤਿ ਕੀਨਿ ਉਚਾਰਨਿ।
ਇਕ ਨਿਸ਼ਾਨ ਤਹਿਂ ਖਰੋ ਕਰਾਇ।
ਕੁਛਕ ਸਿੱਖ ਤਿਸ ਥਾਨ ਟਿਕਾਇ ॥੩੯॥
ਇਮ ਸਤਿਗੁਰ ਜਬਿ ਕੀਨਿ ਬਖਾਨੀ।
'ਧੰਨ ਧੰਨ' ਕਹਿ ਸਭਿ ਨਰ ਬਾਨੀ।
ਤਿਸ ਦਿਨ ਕਰਿ ਮੁਕਾਮ ਤਹਿਂ ਰਹੇ।
ਕਰਹਿਂ ਕ੍ਰਿਪਾ ਸਿੱਖਜਨਿ ਦੁਖ ਦਹੇ ॥੪੦॥
ਤਬਿ ਸੰਗਤਿ ਗਨ ਪਹੁੰਚੀ ਆਇ।
ਦੇਖਤਿ ਸਿਵਰ ਰਿਦੇ ਹਰਖਾਇ।
ਸ੍ਰੀ ਸਤਿਗੁਰ ਸਭਿ ਅੰਤਰਜਾਮੀ।
ਕਰੇ ਨਿਹਾਲ ਦਰਸ ਦੇ ਸ੍ਵਾਮੀ ॥੪੧॥
ਭਾਉ ਜਾਨਿ ਕਰਿ ਸੰਗਤਿ ਕੇਰਾ।
ਰਾਖਯੋ ਗੁਰ ਮੁਕਾਮ ਨਿਜ ਡੇਰਾ।
ਪਾਛਲ ਪਹਿਰ ਲਗਾਇ ਦਿਵਾਨ।
ਬੈਠੇ ਸਤਿਗੁਰ ਸੁੰਦਰ ਥਾਨ ॥੪੨॥
ਸਭਿ ਸੰਗਤਿ ਕੋ ਦਰਸ਼ਨ ਦੀਨਸਿ।
ਪੂਰਿ ਕਾਮਨਾ ਸਿੱਖਜਨਿ ਕੀਨਸਿ।
ਜਥਾ ਜੋਗ ਪੂਰਬਲੀ ਰੀਤਿ।
ਸਕਲ ਕਰੀ ਹਰਖਾਇ ਸੁ ਚੀਤ ॥੪੩॥
ਦੋਹਰਾ: ਦਰਸ਼ਨ ਦੇ ਗਨ ਭੇਟ ਲੇ, ਬਾਂਛਤਿ ਸਿੱਖਜਨਿ ਪਾਇ।
ਭਈ ਬਿਦਾ ਸੰਗਤਿ ਤਹਾਂ, ਚਿਤ ਮਹਿਂ ਮੋਦ ਬਢਾਇ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸੰਗਤਿ ਮਿਲਨਿ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

## ੩੮. [ਝੀਵਰ ਤੋਂ ਗੀਤਾ ਦੇ ਅਰਥ]

੩੭<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੩੯

ਦੋਹਰਾ: ਸਕਲ ਬਿਤਾਈ ਜਾਮਨੀ, ਭਈ ਪੁਨਹਿ ਪਰਭਾਤ।
ਕਰਿ ਸ਼ਨਾਨ ਸ਼੍ਰੀ ਸਤਿਗੁਰੂ, ਚਾਹਤਿ ਪੰਥ ਪ੍ਰਯਾਤ[1] ॥੧॥
ਚੌਪਈ: ਤਜਿ ਪੰਜੋਖਰੇ ਗ੍ਰਾਮ ਮਸੰਦ।
'ਅਟਕਹਿ ਸੰਗਤਿ ਇਹਾਂ ਬਿਲੰਦ।
ਗੁਰ ਕੋ ਬਾਕ ਸੁਨਾਵਹਿਂ ਸ਼੍ਰੌਨ।
ਆਗੈ ਗਮਨ ਕਰਹਿ ਨਹਿਂ ਕੌਨ ॥੨॥
ਇਸ ਥਲ ਦਰਸ਼ਨ ਕਰਿ ਹਟਿ ਜਾਇ।
ਇਮ ਸਤਿਗੁਰ ਕੀ ਅਹੈ ਰਜਾਇ।'
ਇਮ ਸਿੱਖਨਿ ਸੋਂ ਕਹਿ ਗੁਰ ਚਾਲੇ।
ਸ੍ਯੰਦਨ ਪਰ ਆਰੂਢਿ ਸੁਖਾਲੇ ॥੩॥
ਬਲੀ ਤੁਰੰਗ ਸੰਗ ਜਿਸ ਲਾਗੇ।
ਗਤਿ ਚੰਚਲ ਜਨੁ ਚਲਿ ਹੈਂ ਭਾਗੇ।
ਅਪਰ ਸੁਭਟ ਅਰੁ ਮਹਾਂ ਮਸੰਦ।
ਸ਼ਸ਼ਤ੍ਰ ਬਸਤ੍ਰ ਤੇ ਸ਼ੁਭਤਿ ਉਤੰਗ ॥੪॥
ਸਤਿਗੁਰ ਕੇ ਪਾਛੇ ਲਗਿ ਚਾਲੇ।
ਦਿਨ ਮਹਿਂ ਗਮਨਹਿਂ ਪੰਥ ਬਿਸਾਲੇ।
ਸਿਵਰ ਕਰਹਿਂ ਜਾਮਨਿ ਕੋ ਪਾਇ।
ਖਾਨ ਪਾਨ ਕਰਿ ਕੈ ਸਮੁਦਾਇ ॥੫॥
ਸੁਖ ਸੋਂ ਸੁਪਤਹਿਂ ਨਿਸਾ ਗੁਜ਼ਾਰਹਿਂ।
ਭਈ ਪ੍ਰਾਤਿ ਪੁਨ ਪੰਥ ਸਮ੍ਹਾਰਹਿਂ[2]।
ਗਮਨਹਿਂ ਮਾਰਗ ਇਸੀ ਪ੍ਰਕਾਰੇ।
ਏਕ ਨਗਰ ਤਬਿ ਆਇ ਅਗਾਰੇ ॥੬॥
ਕਰਜੋ ਸਿਵਰ ਤਹਿਂ ਉਤਰਿ ਪਰੇ ਹੈਂ।
ਵਾਹਨ ਪਾਏ ਜ਼ੀਨ ਖਰੇ ਹੈਂ।
ਤਹਿਂ ਇਕ ਪੰਡਿਤ ਬਿਦਜਾ ਘਨੀ।
ਬੁੱਧੀ ਬਡ ਹੰਕਾਰ ਸੋਂ ਸਨੀ[3] ॥੭॥
ਇਕ ਤੋ ਬਿੱਦਜਾ ਕਹੁ ਮਦ ਭਾਰੀ।

---

[1]ਰਾਹੇ ਚੱਲਣਾ।
[2]ਸੰਭਾਲਦੇ ਹਨ।
[3]ਦੇ ਸਮੇਤ।

ਬਿੱਪ੍ਰ ਜਾਤਿ ਮਦ ਰਿਦੇ ਮਝਾਰੀ।
ਅਪਨੇ ਸਮ ਨਹਿਂ ਜਾਨਹਿ ਕਾਹੂ।
ਜੋ ਸਬਿੱਦਜ ਬਾਦਹਿ ਸੰਗ ਤਾਹੂ[੧] ॥੮॥
ਬਿਜੈ ਕਰਹਿ ਬਹੁ ਮਾਨ ਘਟਾਵਹਿ।
ਬਿੱਦਜਾ ਬਲ ਤੇ ਮਦ ਉਪਜਾਵਹਿ।
ਸਹਜ ਸੁਭਾਇਕ ਸੋ ਤਹਿਂ ਜਾਇ।
ਜਹਿਂ ਸਤਿਗੁਰ ਡੇਰੋ ਉਤਰਾਇ ॥੯॥
ਇਕ ਸਿਖ ਸੋਂ ਤਬਿ ਬੂਝਨਿ ਲਾਗਾ।
'ਉਤਰਜੋ ਆਨਿ ਕੌਨ ਇਸ ਜਾਗਾ?
ਕਿਸ ਥਲ ਤੇ ਆਯੋ ਕਿਤ ਜਾਤਿ?
ਕੌਨ ਨਾਮ ਹੈ ਕਹੁ ਸਭਿ ਬਾਤ?' ॥੧੦॥
ਕਹਜੋ ਸਿੱਖ ਨੇ 'ਸਤਿਗੁਰ ਅਹੈਂ।
ਸ਼੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈਂ।
ਸ਼੍ਰੀ ਨਾਨਕ ਗਾਦੀ ਪਰ ਥਿਤ ਹੈਂ।
ਹਰਿ ਅਵਤਰੇ ਸ਼ੁਭਤਿ ਸਮ ਚਿਤ ਹੈਂ' ॥੧੧॥
ਸੁਨਿ ਸਹਿ ਸਕਜੋ ਨ, ਖੁਨਸਜੋ ਮਾਨੀ।
ਮਦ ਸੋਂ ਅੰਧਾ ਬੁੱਧਿ ਹਿਰਾਨੀ[੨]।
ਕਹਿ ਦਿਜ 'ਭੇ ਸ਼੍ਰੀ ਕ੍ਰਿਸ਼ਨ ਮਹਾਨੇ।
ਧਨ ਅਵਤਰੇ ਸਰਬ ਜੱਗ ਜਾਨੇ ॥੧੨॥
ਤਿਨ ਤੇ ਭੀ ਨਿਜ ਨਾਮ ਬਡੇਰਾ।
ਸ਼੍ਰੀ ਹਰਿਕ੍ਰਿਸ਼ਨ ਰਖਾਇ ਬਿਖੇਰਾ[੩]।
ਤਿਨਹੁਂ ਕਰੀ ਗੀਤਾ ਸੁਭ ਗ੍ਰੰਥ।
ਜਿਹ ਪਠਿ ਸੁਨਿ ਨਰ ਚਲਹਿਂ ਸੁ ਪੰਥ ॥੧੩॥
ਤਿਹ ਸ਼ਲੋਕ ਕੈ ਅਰਥ ਮਹਾਨੇ।
ਇਨ ਤੇ ਸੌ ਪਿ ਨ ਜਾਹਿਂ ਬਖਾਨੇ।
ਨਾਮ ਧਰਾਵਨਿ ਅਹੈ ਸੁਖੈਨ।
ਤਿਨ ਕੇ ਗੁਨ ਸ਼ੁਭ ਕਿਸ ਮਹਿਂ ਹੈ ਨ ॥੧੪॥
ਜੇ ਸਾਰਥ ਇਹ ਨਾਮ ਧਰਾਵਹੁ।
ਕਰਿ ਗੀਤਾ ਕੇ ਅਰਥ ਸੁਨਾਵਹੁ।

---

[੧]ਨਾਲ ਮਿਲੀ ਹੋਈ।
[੨]ਜੋ (ਬੀ) ਵਿਦਵਾਨ (ਮਿਲੇ) ਤਿਸ ਨਾਲ ਝਗੜਦਾ ਸੀ।
[੩]ਹਿਰੀ ਗਈ, ਮਾਰੀ ਗਈ।

ਨਾਂਹਿ ਤ ਕੂਰ ਕਹਨਿ ਇਨ ਕੇਰੋ।
ਹਮ ਨਹਿਂ ਮਾਨਹਿਂ ਕਹਿਬੋ ਤੇਰੋ* ॥੧੫॥
ਸੁਨਤਿ ਸਿੱਖ ਕਹਿ 'ਰਹੁ ਤੂੰ ਖਰੋ।
ਮੈਂ ਆਬਿ ਜਾਇ ਬੂਝਿਬੋ ਕਰੋਂ।
ਗੁਰ ਸਮਰਥ ਹੈਂ ਸਭਿ ਹੀ ਭਾਂਤਿ।
ਦੇਂ ਉੱਤਰ ਜੋ ਬੂਝਹਿਂ ਬਾਤ' ॥੧੬॥
ਇਮ ਕਹਿ ਸਿੱਖ ਗਯੋ ਗੁਰ ਪਾਸ।
ਸਿਰ ਨਿਵਾਇ ਕੀਨਸਿ ਅਰਦਾਸ।
ਦਿਜ ਕੀ ਕਹਿਵਤ ਸਕਲ ਸੁਨਾਈ।
'ਖਰੋ ਅਹੈ[੧], ਕਿਮ ਕਹੌਂ ਬੁਝਾਈ[੨] ॥੧੭॥
ਮੁਸਕਜਾਵਤਿ ਸ਼੍ਰੀ ਮੁਖ ਤੇ ਕਹਜੋ।
'ਬਿੱਪ੍ਰ ਅਸ਼ਰਧਕ ਸੋ ਹਮ ਲਹਜੋ।
ਚਹਿਤ ਜਿ ਉੱਤਰ ਦੈਬੋ ਤਾਂਹੀ।
ਕਰਹੁ ਹਕਾਰਨਿ ਹਮਾਰੇ ਪਾਹੀ ॥੧੮॥
ਜਿਮ ਚਿਤ ਚਹਿ ਤਿਮ ਦੇਹੁ ਬੁਝਾਈ।
ਤਰਕਤਿ ਮਹਾਂ ਮੂਢ ਕੀ ਨਜਾਂਈਂ।
ਬੁੱਧਿ ਬਿਲੋਚਨ ਨਿਰਮਲ ਚਾਰੁ।
ਹੋਤਿ ਮੋਤੀਆ ਦੁਖ ਹੰਕਾਰ[੩] ॥੧੯॥
ਅਪਨਿ ਆਪ ਕੋ ਲਖਨਿ ਬਿਸਾਲ।
ਇਹੀ ਅੰਧ ਹੋਵਨਿ ਸਭਿ ਕਾਲ।
ਦ੍ਰਿਸ਼ਟਿ ਨ ਆਵਹਿਂ ਸ਼ੁਭ ਗੁਨ ਬ੍ਰਿੰਦ।
ਮਗ ਪ੍ਰਭੁ ਮਿਲਨਿ ਸੁ ਦੂਰ ਬਿਲੰਦ ॥੨੦॥
ਇਹ ਦੁਖ ਹਤਨਿ[੪], ਬੈਦ ਸਤਿਗੁਰ ਹੈਂ।
ਔਖਧਿ ਬਾਕ ਬਸਾਇ ਜਿ ਉਰ ਹੈਂ[੫]।
ਬਿੱਪ੍ਰ ਜਾਤਿ ਉਰ* ਬਿੱਦਜਾ ਮਦ ਹੈ।

---

*ਪਾ:-ਕਹਿ ਬਹੁਤੇਰੋ।
[੧](ਬ੍ਰਾਹਮਣ) ਖੜਾ ਹੈ।
[੨]ਕੀਹ ਕਹਿ ਕੇ ਸਮਝਾਵਾਂ
(ਅ) ਸਮਝਾਓ (ਉਸ ਨੂੰ) ਕੀ ਕਹਾਂ?
[੩](ਬੁੱਧੀ ਨੂੰ) ਹੰਕਾਰ ਰੂਪੀ ਮੋਤੀਆਬਿੰਦ ਇਕ ਦੁੱਖ ਹੁੰਦਾ ਹੈ।
[੪]ਦੂਰ ਕਰਨ ਵਾਲੇ।
[੫]ਰਿਦੇ ਵਿਚ ਜੋ ਬਚਨ ਵਸਾਵਣੇ ਹਨ ਇਹ ਦਵਾਈ ਹੈ।
*ਪਾ:-ਮਦ।

ਯਾਂ ਤੇ ਅਧਿਕ ਅੰਧ ਦੁਇ ਗਦ ਹੈ[1] ॥੨੧॥
ਸੋ ਇਸ ਕੋ ਦੁਖ ਹਤਹਿਂ[2], ਬੁਲਾਵਹੁ।
ਸਿਖ ਉਪਕਾਰ ਕਰਤਿ, ਬਿਦਤਾਵਹੁ[3]।'
ਸੁਨਿ ਕਰਿ ਗਯੋ ਬਿੱਪ੍ਰ ਸੋਂ ਭਾਖਾ।
'ਗੁਰ ਢਿਗ ਚਲਹੁ ਬੂਝਿ ਅਭਿਲਾਖਾ ॥੨੨॥
ਸਭਿ ਤੁਝ ਕਹਿਬੋ ਜਾਇ ਸੁਨਾਯੋ।
ਸੁਨਿ ਸ੍ਰੀ ਪ੍ਰਭੁ ਨੇ ਨਿਕਟਿ ਬੁਲਾਯੋ।'
ਇਮ ਸੁਨਿ ਬਿੱਪ੍ਰ ਚੌਂਪ ਕਰਿ ਚਾਲਾ।
ਸੰਸੈ ਪ੍ਰਸ਼ਨ ਬਿਚਾਰਿ ਬਿਸਾਲਾ ॥੨੩॥
ਗਰਬਤਿ ਬੈਠਯੋ ਜਾਇ ਨਜੀਕਾ।
ਪਿਖਿ ਬੋਲੇ ਸੋਢੀ ਕੁਲ ਟੀਕਾ।
'ਕਹੁ ਦਿਜਬਰ! ਕਯਾ ਬੂਝਯੋ ਚਹੈਂ।
ਬਿਦਤ ਬਤਾਵਹੁ ਜਿਮ ਚਿਤ ਅਹੈ' ॥੨੪॥
ਦਿਜ ਤਬਿ ਕਹਯੋ 'ਕ੍ਰਿਸ਼ਨ ਅਵਤਾਰ।
ਰਿਦੇ ਜਿਨਹੁਂ ਕੇ ਗਯਾਨ ਉਦਾਰ।
ਬ੍ਰਹਮ ਗਯਾਨ ਮਯ ਗੀਤਾ ਕੀਨਿਸਿ।
ਜਿਹ ਪਠਿ ਸੁਨਿ ਕੈ ਲੇ ਸਭਿ ਚੀਨਸਿ ॥੨੫॥
ਤਿਨ ਨਾਮਨਿ ਤੇ ਤੁਮ ਅਧਿਕਾਯੋ।
ਸ਼੍ਰੀ ਹਰਿਕ੍ਰਿਸ਼ਨ ਨਾਮ ਰਖਵਾਯੋ।
ਪੁਨ ਗੁਰ ਗਾਦੀ ਪਰ ਥਿਤ ਅਹੋ।
ਗੁਰੂ ਨਾਮ ਅਪਨੋ ਜਗ ਲਹੋ ॥੨੬॥
ਗੀਤਾ ਬਿਖੈ ਪ੍ਰਸ਼ਨ ਬਡ ਮੇਰੇ।
ਉੱਤਰ ਦਿਹੁ, ਤੁਮ ਸੁਨੇ ਬਡੇਰੇ[4]।
ਜੋ ਸ਼੍ਰੀ ਕ੍ਰਿਸ਼ਨ ਬਨਾਵਨਿ ਕੀਨਿ।
ਅਰਥ ਕਰਹੁ ਜੇ ਲੋਵੌਂ ਚੀਨ ॥੨੭॥
ਸਾਰਥ ਜਾਨੌ ਨਾਮ ਤੁਮਾਰੋ।
ਨਾਂਹਿ ਤ ਨੀਕੇ ਨਹੀਂ ਨਿਹਾਰੋ।'
ਸ਼੍ਰੀ ਹਰਿਕ੍ਰਿਸ਼ਨ ਸੁਨਤਿ ਬਚ ਕਹਯੋ।

---

[1]ਦੋ ਰੋਗ ਹਨ (ਜ਼ਾਤ ਦਾ ਤੇ ਵਿਦਯਾ ਦਾ ਮਦ)।
[2]ਨਾਸ਼ ਕਰੀਏ।
[3](ਤੁਸੀਂ) ਪ੍ਰਗਟ ਕਰਿਆ ਕਰਦੇ ਹੋ ਕਿ ਸਿਖ (ਸਦਾ) ਉਪਕਾਰ ਕਰਦੇ ਹਨ (ਜਾਓ ਲਿਆਓ ਉਸ ਦਾ ਦੁੱਖ ਦੂਰ ਕਰੀਏ ਤੇ ਤੁਹਾਡਾ ਬੀ ਉਪਕਾਰ ਹੋਵੇ)।
[4]ਤੁਸੀਂ ਵੱਡੇ ਸੁਣੀਂਦੇ ਹੋ।

'ਬਾਦੀ ਬਿੱਪ੍ਰ ਜਾਤਿ ਕੋ ਲਹਜੋ ॥੨੮॥
ਜੇ ਕਰਿ ਹਮ ਤੁਝਿ ਅਰਥ ਸੁਨਾਵਹਿਂ।
ਤਊ ਕਲਪਨਾ ਅਨਿਕ ਉਠਾਵਹਿਂ।
ਧਨੀ ਪੁਰਖ ਇਹ, ਭਾਗ ਬਲੀ ਹੈ।
ਕਿਨਹੁਂ ਪਢਾਏ ਭਾਂਤਿ ਭਲੀ ਹੈ ॥੨੯॥
ਪ੍ਰਥਮ ਪਠੀ ਹੁਇ ਗੀ ਕਿਸ ਪਾਸ।
ਇਮ ਜਾਨਹਿਂ, ਨਹਿਂ ਹੁਇ ਬਿੱਸ੍ਵਾਸ।
ਯਾਂ ਤੇ ਪ੍ਰਥਮ ਕਾਰ ਇਮ ਕੀਜੈ।
ਆਪ ਨਗਰ ਮਹਿਂ ਜਾਇ ਪਿਖੀਜੈ ॥੩੦॥
ਜੋ ਅਪਠਤਿ ਹੁਇ ਮੂਢ ਬਿਸਾਲਾ।
ਤਿਹ ਬੁਲਾਇ ਆਨਹੁ ਇਸ ਕਾਲਾ।
ਸੋ ਉੱਤਰ ਦੈ ਹੈ ਤੁਝ ਚਾਹਤਿ।
ਜਿਨ ਬੂਝਨਿ ਹਿਤ ਨੀਤ ਉਮਾਹਤਿ' ॥੩੧॥
ਸੁਨਿ ਸਤਿਗੁਰ ਕੋ ਬਾਕ ਰਸੀਲਾ।
ਬਿੱਪ੍ਰ ਭਯੋ ਮਦ ਤੇ ਕੁਛ ਢੀਲਾ।
ਗਯੋ ਨਗਰ ਮਹਿਂ ਧੀਵਰ[1] ਹੇਰਾ।
ਘਰ ਘਰ ਨਿਤ ਜਲ ਢੋਇ ਘਨੇਰਾ ॥੩੨॥
ਮਹਾਂ ਮੂਢ ਬੋਲਬਿ ਨਹਿਂ ਜਾਨੈ।
ਪੇਟ ਭਰਨਿ ਲੌ ਕਾਰਜ ਠਾਨੈ।
ਕਾਰੋ ਬਰਨ ਬਸਤ੍ਰ ਤਨ ਫਾਰੇ[2]।
ਜਿਨ ਪਢਤੇ ਨਰ ਨਹੀਂ ਨਿਹਾਰੇ ॥੩੩॥
ਆਪ ਪਢਨਿ ਤੌਂ ਜਾਨਹਿ ਕਹਾਂ।
ਬਹੁ ਕੁਰੂਪ ਮਤਿ ਮੂਰਖ ਮਹਾਂ।
ਤਿਹ ਗਹਿ ਬਾਂਹ ਗਯੋ ਸਮੁਝਾਈ।
'ਇਕ ਕਾਰਜ ਮੇਰੋ ਕਰਿ ਆਈ ॥੩੪॥
ਘਟਿਕਾ ਚਾਰਿਕ ਮਹਿਂ ਪੁਨ ਆਵਹੁ।
ਅਪਨੋ ਕਾਜ ਕਰਨਿ ਲਗਿ ਜਾਵਹੁ।'
ਇਮ ਕਹਿ ਸੰਗ ਲਿਯੇ ਚਲਿ ਆਯੋ।
ਜਹਿਂ ਸ਼੍ਰੀ ਸਤਿਗੁਰ ਬੈਠਿ ਸੁਹਾਯੋ ॥੩੫॥
ਤਿਹ ਬਿਠਾਇ ਬੈਸਜੋ ਕਰਿ ਚਾਊ।

---

[1]ਝੀਵਰ।
[2]ਪਾਟੇ ਹੋਏ।

ਬਿਸਮਤਿ ਚਾਹਤਿ ਪਿਖਨਿ ਪ੍ਰਭਾਊ।
ਚਿਤਵਤਿ ਪ੍ਰਸ਼ਨ ਰਿਦੇ ਬਡ ਗਾਢੇ।
-ਇਹ ਧੀਵਰ ਕੀ ਬੁਧਿ ਕਿਮ ਬਾਡੇ- ॥੩੬॥
ਸ਼੍ਰੀ ਹਰਿਕ੍ਰਿਸ਼ਨ ਜਾਨਿ ਮਨ ਕੇਰੀ।
ਕ੍ਰਿਪਾ ਦ੍ਰਿਸ਼ਟਿ ਧੀਵਰ ਦਿਸ਼ਿ ਹੇਰੀ।
ਮੁਖਿ ਮੁਸਕਾਵਤਿ ਬਾਕ ਬਖਾਨਾ।
'ਬਿੱਪ੍ਰ ਮਨੋਰਥ ਜਿਮ ਉਰ ਠਾਨਾ ॥੩੭॥
ਸੋ ਤੈਂ ਬੂਝਨਿ ਕਰਿ ਕੈ ਅਬਿ ਹੂੰ।
ਸ਼ੰਕਤਿ ਕੋ ਉੱਤਰ ਦਿਹੁ ਸਭਿ ਹੂੰ।
ਸਮਾਧਾਨ ਕਰਿ ਨੀਕੇ ਯਾਂ ਕੋ।
ਸੂਧੋ ਹੋਇ ਸੁਨਤਿ ਮਨ ਬਾਂਕੋ[1]' ॥੩੮॥

ਦੋਹਰਾ: ਸ਼ਾਸਤ੍ਰੱਗਜ[2] ਧੀਵਰ[1] ਬਨਜੋ, ਸੁਰਬਾਨੀ[3] ਕਹਿ ਤਾਂਹਿ।
'ਕਸਮਿਨ ਸ਼ਾਸਤ੍ਰ ਪ੍ਰਬ੍ਰਿਤਿ ਦਿਜ! ਕਹੁ ਪੂਰਬ ਮੁਝ ਪਾਹਿ[4]' ॥੩੯॥

ਚੌਪਈ: ਇੱਤਜਾਦਿਕ ਸੁਰ ਗਿਰਾ ਬਖਾਨੀ।
ਜਯੋਂ ਸਬਿੱਦਜ[5] ਹ੍ਵੈ ਬੁੱਧਿ ਮਹਾਨੀ।
ਸ਼ੰਕਾ ਪ੍ਰਸ਼ਨ ਬਿੱਪ੍ਰ ਮਨ ਜੇਈ।
ਕਰਹਿ ਆਪ ਪੁਨ ਉੱਤਰ ਦੇਈ ॥੪੦॥
ਸ਼ੰਕਾ ਦਸਕ ਹੁਤੀ ਦਿਜ ਮਨ ਮੈਂ।
ਤਿਨ ਬੀਸਕ ਭਾਖੀ ਤਿਹ ਛਿਨ ਮੈਂ।
ਬ੍ਰਿੰਦ ਮਸੰਦ ਸੁਭਟ ਸਭਿ ਜੋਵਤਿ।
ਹੇਰਿ ਹੇਰਿ ਬਿਸਮਤਿ ਚਿਤ ਹੋਵਤਿ ॥੪੨॥
-ਇਹ ਬਡ ਪਠਤਿ ਬੇਦ ਕੀ ਬਾਤ।
ਤਿਨ ਮਲੀਨ ਕੋ ਜਾਤਿ ਸਨਾਤ[6]।
ਨਹਿਂ ਦਿਜਬਰ ਕੋ ਬੋਲਨਿ ਦਿਯੋ।
ਸੁਨਤਿ ਬਿਲੋਕਤਿ ਤੂਸ਼ਨਿ ਭਯੋ ॥੪੨॥
ਨਹੀਂ ਪ੍ਰਸ਼ਨ ਭੀ ਕਛੂ ਉਚਾਰਾ।
ਬਿੱਦਜਾ ਮਦ ਜਿਸ ਬਡੋ ਅਫਾਰਾ-।

---

[1]ਟੇਢਾ।
[2]ਸ਼ਾਸਤ੍ਰ ਜਾਣਨਹਾਰ।
[3]ਸੰਸਕ੍ਰਿਤ।
[4]ਕਿਸ ਸ਼ਾਸਤ੍ਰ ਵਿਚ ਪ੍ਰਵਿਰਤੀ ਹੈ? ਹੇ ਬ੍ਰਾਹਮਣ ਕਹੁ ਮੈਨੂੰ ਤੂੰ ਪਹਿਲੋਂ।
[5]ਵਿਦਵਾਨ।
[6]ਨੀਚ।

ਜਾਗੇ ਪੂਰਬ ਭਾਗ ਬਿਸਾਲਾ।
ਭਯੋ ਨੰਮਿਰ ਮਨ ਤੇ ਤਿਸ ਕਾਲਾ ॥੪੩॥
ਹਾਥ ਜੋਰਿ ਕਰਿ ਪਰਯੋ ਅਗਾਰੀ।
ਕਰੀ ਡੰਡੌਤ ਪ੍ਰੇਮ ਕਰਿ ਭਾਰੀ।
ਬੋਲਯੋ 'ਮਹਿਮਾ ਲਖੀ ਅਨੂਪ।
ਸ਼੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਰੂਪ ॥੪੪॥
ਭੇਦ ਨ ਫੁਰਤਿ ਮੋਹਿ ਮਨ ਮਾਂਹੀ।
ਵਹੀ ਜੋਤਿ ਤੁਮ ਹੋ ਅਨ ਨਾਂਹੀ[੧]।
ਭਵ ਸਾਗਰ ਤੇ ਮੋਹਿ ਉਧਾਰਹੁ।
ਧਾਰਹੁ ਕਰੁਨਾ ਬਿਰਦ ਸੰਭਰਾਹੁ' ॥੪੫॥
ਸੁਨਿ ਬੋਲੇ ਸੁਤਿਗੁਰੂ ਅਨੂਪ।
'ਉੱਤਰ ਜਾਤੀ ਤੁਮ ਦਿਜ ਰੂਪ।
ਪੁਨ ਸਬਿੱਦਜ ਕਯੋਂ ਅਨੁਚਿਤ ਠਾਨਹੁ।
ਸਿਮਰਨ ਸੱਤਿਨਾਮ ਮਨ ਮਾਨਹੁ' ॥੪੬॥
ਸੁਨਿ ਦਿਜ ਨੇ ਗਰ ਸੂਤ ਉਤਾਰਾ[੨*]।
'ਮੈਂ ਭਾ ਸਿੱਖਯ ਰਾਵਰੇ ਦ੍ਵਾਰਾ।
ਨਹੀਂ ਜਾਤਿ ਕੋ ਮਦ ਮੁਝ ਰਹਯੋ।
ਏਕ ਆਸਰੋ ਤੁਮਰੋ ਗਹਯੋ' ॥੪੭॥
ਪੁਨ ਗੁਰ ਨੇ ਬਰਜਯੋ 'ਤਿਮ ਰਹੀਅਹਿ[+]।
ਸਿਮਰਹੁ ਸੱਤਜਨਾਮ ਗਤਿ ਚਹੀਅਹਿ।'
ਨਹਿੰ ਦਿਜ ਮਾਨੈ ਬਾਰੰਬਾਰੀ।

---

[੧]ਹੋਰ ਨਹੀਂ ਹੋ।
[੨]ਗਲੇ ਤੋਂ ਜਨੇਊ ਲਾਹ ਸੁੱਟਿਆ।
[*]ਪਾ:-ਧੁਨਿ ਊਚ ਉਚਾਰਾ।
[+]ਬ੍ਰਹਮਨ ਦਾ ਗਲੇ ਤੋਂ ਸੂਤ ਉਤਾਰਨਾ ਦੱਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜਨੇਊ ਬਾਬਤ ਆਸਾ ਦੀ ਵਾਰ ਵਿਚ ਆਏ ਕਥਨ ਤੋਂ ਸਿੱਖਾਂ ਵਿਚ ਨਵੇਂ ਜਨਮ ਦਾ ਸੰਸਕਾਰ 'ਗੁਰ ਦੀਖਯਤ' ਹੋਣਾ ਸੀ, ਗੁਰਵਾਕ ਬੀ ਹੈ 'ਸਤਿਗੁਰ ਕੈ ਜਨਮੈ ਗਵਨੁ ਮਿਟਾਇਆ' ॥ ਇਸ ਨੂੰ ਨਵਾਂ ਜਨਮ ਤੇ ਦੂਸਰਾ ਜਨਮ ਸਮਝਦੇ ਸਨ। ਜਨੇਊ ਸਿੱਖਾਂ ਵਿਚ ਦ੍ਵਿਜ ਹੋਣ ਦੀ ਨਿਸ਼ਾਨੀ ਨਹੀਂ ਸੀ ਰਿਹਾ। ਇਸਦਾ ਉਤਾਰਨਾ ਕੋਈ ਪੁੰਨ ਕਰਮ ਸੀ ਯਾ ਨਹੀਂ ਖੋਜ ਤਲਬ ਹੈ, ਪਰ ਇਸ ਵਾਕਿਆ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਦੀ ਲੋੜ ਤੇ ਧਾਰਨ ਦੀ ਆਵਸ਼ੱਕਤਾ ਕੋਈ ਨਹੀਂ ਸੀ, ਸਗੋਂ ਇਸ ਨੂੰ ਛੱਡ ਕੇ ਗੁਰੂ ਜੀ ਤੋਂ ਦੀਖਯਤ ਹੋਣਾ ਇਹੀ ਦ੍ਵਿਜ ਹੋਣਾ ਸੀ ਸਿੱਖੀ ਮਾਰਗ ਵਿਚ। ਨਾਕਿ ਇਸ ਦੇ ਇਹ ਅਰਥ ਹਨ ਕਿ ਜਿਵੇਂ ਮੁਸਲਮਾਨ ਜੰਞੂ ਉਤਾਰਦੇ ਹਨ, ਸਿੱਖ ਉਸ ਤਰ੍ਹਾਂ ਦਾ ਕੋਈ ਜ਼ੁਲਮ ਰਵਾਂ ਰੱਖਦੇ ਸਨ, ਸਗੋਂ ਤੁਰਕ ਜ਼ਾਲਮਾਂ ਤੋਂ ਹਿੰਦੂਆਂ ਦੀ ਰੱਖਿਆ ਕਰਦੇ ਸਨ, ਤੇ ਨਾ ਹੀ ਇਸ ਦੇ ਏਹ ਅਰਥ ਸਨ ਕਿ ਜੰਞੂ ਪਹਿਨਣਾ ਸਿੱਖੀ ਮਾਰਗ ਵਿਚ ਦਰਜ ਹੋਣ ਦਾ ਕੋਈ ਨਿਸ਼ਾਨ ਮੰਨਿਆ ਜਾਂਦਾ ਸੀ। ਗੁਰੂ ਜੀ ਦੇ ਵਾਕ ਦਾ ਇਹੋ ਭਾਵ ਹੈ। ਗੁਰੂ ਜੀ ਤੋਂ ਦੀਖਯਤ ਹੋਣਾ, ਦ੍ਵਿਜ ਹੋਣਾ ਸਿੱਖੀ ਦਾ ਅਸੂਲ ਸਮਝ ਕੇ ਬ੍ਰਾਹਮਣ ਨੇ ਜਨੇਊ ਵਾਧੂ ਤੇ ਫਜ਼ੂਲ ਸਮਝਿਆ ਤੇ ਉਤਾਰ ਕੇ ਦੀਖਯਤ ਹੋਇਆ ਤੇ ਸਿੱਖ ਬਣ ਗਿਆ।

ਕਹੈ 'ਗਹੀ ਮੈਂ ਸ਼ਰਨ ਤੁਮਾਰੀ' ॥੪੮॥
ਤਬਿ ਸਤਿਗੁਰ ਕੇ ਚਰਨ ਪਖਾਰੇ।
ਪਾਹੁਲ ਲਈ ਭਯੋ ਅਨੁਸਾਰੇ।
ਪਰਮਾਰਥ ਮਗ ਨਦਰੀ ਆਯੋ।
ਗੁਰੂ ਮਹਾਤਮ ਕੋ ਲਖਿ ਪਾਯੋ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਦਿਜਬਰ' ਪ੍ਰਸੰਗ ਬਰਨਨੰ ਨਾਮ ਆਠਤ੍ਰਿੰਸਤੀ ਅੰਸੂ ॥੩੮॥

## ੩੯. [ਦਿੱਲੀ ਪੁੱਜੇ]

੩੮<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੦

ਦੋਹਰਾ: ਜਬਿ ਡੇਰੇ ਤੇ ਵਹਿਰ ਭਾ, ਧੀਵਰ ਤਿਸ ਛਿਨ ਮਾਂਹਿ।
ਪੂਰਬ ਸਮ ਮਤਿ ਮਹਿਂ ਬਨ੍ਯੋ, ਗ੍ਯਾਤਾ ਕਛੁ ਨ ਤਾਂਹਿ ॥੧॥
ਚੌਪਈ: ਸਤਿਗੁਰ ਸੁਜਸੁ ਜਾਨਿ ਦਿਜ ਸੋਊ।
ਜਿਸ ਕੇ ਰਿਦੇ ਗ੍ਯਾਨ ਦ੍ਰਿੜ੍ਹ ਹੋਊ।
ਸਿੱਖ੍ਯ ਬਨ੍ਯੋ ਨਿਜ ਜਨਮ ਸੁਧਾਰਾ।
ਹ੍ਵੈ ਸੁਤੰਤ੍ਰ ਜਗ ਫਿਰ੍ਯੋ ਸੁਖਾਰਾ ॥੨॥
ਸ੍ਰੀ ਹਰਿ ਕ੍ਰਿਸ਼ਨ ਨਿਸਾ ਤਹਿਂ ਬਸਿ ਕੈ।
ਪ੍ਰਾਤੀ ਭਏ ਤ੍ਯਾਰ ਕਟ ਕਸਿ ਕੈ।
ਦਿੱਲੀ ਕੇ ਮਗ ਮਹਿਂ ਪ੍ਰਸਥਾਨੇ।
ਪਾਛੇ ਸੈਨਾ ਸਕਲ ਪਯਾਨੇ ॥੩॥
ਧੌਂਸਾ ਧੁੰਕਾਰਤਿ ਅਗਵਾਏ।
ਬੋਲਤਿ ਜਾਤਿ ਨਕੀਬ ਸੁਹਾਏ।
ਸਿਵਕਾ ਪਰ ਅਰੂਢਿ ਗੁਰ ਚਾਲੇ।
ਦੁਹਿਦਿਸ਼ਿ ਢੋਰਤਿ ਚਮਰ ਬਿਸਾਲੇ ॥੪॥
ਬਸਤ੍ਰ ਬਿਭੂਖਨ ਪਹਿਰੇ ਸੋਹਤਿ।
ਹਾਥ ਛਰੀ ਫੇਰਤਿ ਮਨ ਮੋਹਤਿ।
ਮਾਰਗ ਮਹਿਂ ਹੇਰਤਿ ਨਰ ਨਾਰੀ।
ਬਾਲਿਕ ਰੂਪ ਹੋਤਿ ਬਲਿਹਾਰੀ ॥੫॥
ਏਕ ਦਿਵਸ ਮਗਿ ਚਲਿਬੋ ਰਹ੍ਯੋ।
ਜੈ ਸਿੰਘ ਦੂਤ ਆਨਿ ਤਬਿ ਕਹ੍ਯੋ।
'ਲਿਖ ਸੁਧਿ ਮੈਂ ਅਬਿ ਪਠੌਂ ਅਗਾਰੀ।
ਸੁਨਹਿ ਨ੍ਰਿਪਤ, ਹ੍ਵੈ ਹਰਖਤਿ ਭਾਰੀ ॥੬॥
ਰਾਵਰ ਕੇ ਆਵਹਿ ਅਗੁਵਾਈ।
ਸਾਦਰ ਰਾਖਹਿ ਅਧਿਕ ਬਡਾਈ।
ਬਡ ਸਮਾਜ ਸੋਂ ਪੁਰੀ ਪ੍ਰਵੇਸ਼ਹਿਂ।
ਦਰਸਹਿਂ ਤੁਮ ਕੋ ਸਿੱਖ੍ਯ ਅਸ਼ੇਸ਼ਹਿਂ' ॥੭॥
ਸੁਨਿ ਸਤਿਗੁਰ ਨੇ ਬਚ ਫੁਰਮਾਯੋ।
'ਮਤ ਹਮਰੋ ਜਿਮ ਤੁਮ ਲਖਿ ਪਾਯੋ।
ਤੈਸੇ ਤਹਾਂ ਜਾਇ ਤੁਮ ਭਾਖੋ।
ਪ੍ਰਣ ਪੂਰਨ ਕੋ ਉਰ ਅਭਿਲਾਖੋਂ ॥੮॥

ਤੁਰਕੇਸ਼ੁਰ ਸੋਂ ਮਿਲਹਿਂ ਨ ਜੈਸੇ।
ਉਚਿਤ ਕਰਨਿ ਕੋ ਤੁਮ ਹੋ ਤੈਸੇ।
ਆਪ ਜਾਇ ਸਮੁਝਾਵਹੁ ਰਾਜਾ।
ਹਮ ਆਵਤਿ ਲੈ ਮਿਲਹੁ ਸਮਾਜਾ ॥੯॥
ਗੁਰ ਸੰਗਤਿ ਕੋ ਦੇਹੁ ਸੁਨਾਈ।
ਮੁੱਖਜ ਮਸੰਦ ਮਿਲਹਿਂ ਸਭਿ ਆਈ।'
ਇਮ ਸਤਿਗੁਰ ਆਇਸੁ ਜਬਿ ਦੀਨਸਿ।
ਦੂਤ ਤਯਾਰ ਹ੍ਵੈ ਚਲਿਬੇ ਕੀਨਸਿ ॥੧੦॥
ਪੰਥ ਬਿਸਾਲ ਉਲੰਘਿ ਉਤਾਲ।
ਪੁਰਿ ਮਹਿਂ ਪਹੁੰਚਜੋ ਆਨੰਦ ਨਾਲ।
ਜਾਇ ਮਿਲਜੋ ਜੈ ਸਿੰਘ ਸਵਾਈ।
ਸਕਲ ਹਕੀਕਤ ਕਥਤਿ ਸੁਨਾਈ ॥੧੧॥
'ਮਹਾਰਾਜ! ਸੁਨਿ ਮੇਰੀ ਬਾਤ।
ਰਾਵਰਿ ਭਾਗ ਮਹਦ ਬੱਖਜਾਤ।
ਬਹੁਤ ਬਾਰ ਪੂਰਬ ਪਤੀਆਯੋ।
ਅਨਬਨ ਕਾਰਜ ਭੀ ਬਨਿ ਜਾਯੋ ॥੧੨॥
ਇਤ ਆਵਨਿ ਕੋ ਜਿਨਹੁਂ ਨ ਆਸ਼ੈ।
ਕਿਮਹੁਂ ਨ ਮਾਨਹਿਂ, ਕਥੰ ਪ੍ਰਕਾਸ਼ੈ[1]।
ਸੋ ਤੁਮ ਨਾਮ ਸੁਨਤਿ ਚਲਿ ਆਏ।
ਦੀਨ ਦੁਨੀ ਜੋ ਹੋਤਿ ਸਹਾਏ ॥੧੩॥
ਨਹਿਂ ਆਵਨਿ ਕਹੁ ਕਾਰਨ ਭਾਰੀ।
ਸੁਨਹੁ ਆਪ ਮੈਂ ਕਰਹੁਂ ਉਚਾਰੀ।
-ਨਹਿਂ ਮਲੇਛ ਕੋ ਦਰਸ਼ਨ ਲੇਨਾ।
ਨਿਕਟਿ ਜਾਇ ਅਪਨੋ ਨਹਿਂ ਦੇਨਾ- ॥੧੪॥
ਪ੍ਰਥਮ ਕੀਓ ਪ੍ਰਨ ਸ਼੍ਰੀ ਹਰਿਰਾਇ।
ਦੇਹਿ ਅੰਤ ਲੌ ਸੋ ਨਿਬਹਾਇ।
ਗਾਦੀ ਬੈਠਿ ਇਨਹੁਂ ਪ੍ਰਨ ਕੀਨਾ।
ਪਿਤ ਸਮ ਚਹੈਂ ਨ੍ਰਿਬਾਹ ਪ੍ਰਬੀਨਾ ॥੧੫॥
ਕਿਮਹੁਂ ਕਰਤਿ ਇਤ ਆਵਤਿ ਨਾਂਹੀ[2]।
ਜਾਇ ਪਵੇਸ਼ਤਿ ਜੰਗਲ ਮਾਂਹੀ।

---
[1]ਕਿਸੇ ਤਰ੍ਹਾਂ ਕਹਿਆਂ ਬੀ ਕਿਵੇਂ ਨਹੀਂ ਸੀ ਮੰਨਦੇ।
[2]ਕਿਸੇ (ਜਤਨ ਦੇ) ਕੀਤਿਆਂ ਇਧਰ ਨਹੀਂ ਆਵਣਾ ਸੀ।

ਮੈਂ ਤੁਮਰੀ ਦਿਸ਼ਿ ਤੇ ਕਹਿ ਪ੍ਰੇਮ।
-ਕਰਿ ਦਰਸ਼ਨ ਚਾਹਤਿ ਨਿਜ ਛੇਮ ॥੧੬॥
ਬਾਰਿ ਬਾਰਿ ਨ੍ਰਿਪ ਬੰਦਨ ਠਾਨੀ।
ਪੁਰਹੁ ਪੈਜ ਮੈਂ ਜਥਾ ਬਖਾਨੀ।
ਸ਼ਾਹੁ ਨਿਕਟਿ ਸਭਿ ਮੈਂ ਕਰਿ ਆਯਹੁ[1]।
ਦੀਨਬੰਧੁ ਤੁਮ ਬਿਰਦ ਸਦਾਯਹੁ ॥੧੭॥
ਏਕ ਵਾਰ ਪੁਰਿ ਦਰਸ ਦਿਖਾਵਹੁ।
ਪੁਨ ਚਿਤ ਚਾਹ ਤਥਾ ਸੁਖ ਪਾਵਹੁ।
ਮਿਲਨਿ ਸ਼ਾਹੁ ਸੋਂ ਰਾਵਰਿ ਮਰਜ਼ੀ।
ਹਮ ਨਹਿਂ ਕਹੈਂ ਬਹੁਰ ਕੁਛ ਅਰਜ਼ੀ- ॥੧੮॥
ਇੱਤਯਾਦਿਕ ਬਹੁ ਕੀਨਸਿ ਬਿਨਤੀ।
ਸੁਨਤਿ ਪ੍ਰੇਮ ਤਜਿ ਦੀਨਸਿ ਗਿਨਤੀ।
ਦਾਸ ਸਮਾਨ ਜਾਨਿ ਕਰਿ ਆਏ।
ਜਿਨ ਢਿਗ ਨਿਤ ਪਹੁੰਚਹਿਂ ਸਮੁਦਾਏ[2] ॥੧੯॥
ਸੰਗਤਿ ਦੇਸ਼ ਬਿਦੇਸ਼ ਹਜ਼ਾਰਨਿ।
ਕਰਹਿ ਪ੍ਰੇਮ ਆਨਹਿ ਉਪਹਾਰਨਿ।
ਦਰਬ ਪਦਾਰਥ ਕੇਰ ਅਬਾਰ।
ਅਰਪਹਿਂ ਪਦ ਪੰਕਜ ਸਿਰ ਧਾਰਿ ॥੨੦॥
ਚਤੁਰ ਕੁੰਟ ਕੇ ਸਗਰੇ ਦੇਸ਼।
ਮਾਨਹਿਂ ਜਿਨ ਕੋ ਲਖਹਿਂ ਵਿਸ਼ੇਸ਼।
ਸਭਿ ਕੀ ਕਰਹਿਂ ਕਾਮਨਾ ਪੂਰੀ।
ਬਾਲਿਕ ਮੂਰਤਿ ਮਾਧੁਰ ਰੂਰੀ ॥੨੧॥
ਕਹੌਂ ਕਹਾਂ ਲਗਿ ਗੁਨ ਤਿਨ ਕੇਰੇ।
ਸ਼ਬਦ ਸਿੰਧੁ ਲਘੁ ਗੁਨੀ ਬਡੇਰੇ[3]।
ਬਡੇ ਭਾਗ ਰਾਵਰ ਕੇ ਭਏ।
ਆਇ ਜਿਸੀ ਤੇ ਦਰਸ਼ਨ ਦਏ ॥੨੨॥
ਰਹਹੁ ਸਦਾ ਆਇਸੁ ਅਨੁਸਾਰੀ।
ਬਿਪ੍ਰੈ ਹੋਹੁ ਨ, ਬਨਿ ਹਿਤਕਾਰੀ।

---

[1]ਮੈਂ ਸਭ (ਬਾਤ) ਕਰ ਆਇਆ ਹਾਂ।
[2]ਭਾਵ, ਸਾਰੀ (ਸੰਗਤ)।
[3](ਜੇ ਕਹਾਂ ਕਿ ਓਹ ਗੁਣਾਂ ਦੇ ਸਮੁੰਦਰ ਹਨ ਤਾਂ ਇਹ) ਪਦ ('ਗੁਣਾਂ ਦੇ) ਸਮੁੰਦਰ' ਬੀ ਛੋਟਾ ਹੈ (ਓਹ) ਇਸ ਤੋਂ ਬੀ ਵੱਡੇ ਗੁਣੀ ਹਨ।

ਭ੍ਰਾਤਾ ਰਾਮਰਾਇ ਸਮ ਤਾਲ[1]।
ਸੋ ਅਜ਼ਮਤ ਕੇ ਸਿੰਧੁ ਬਿਸਾਲ[2] ॥੨੩॥
ਲਖਿ ਪਰੰਤਿ[3] ਧੀਰਜ ਸਮ ਧਰਨੀ।
ਮਹਾਂ ਗੰਭੀਰ ਜਿਨਹੁਂ ਕੀ ਕਰਨੀ।
ਭੋਰ ਹੋਤਿ ਅਗਵਾਊ ਚਲੀਏ।
ਸਾਦਰ ਦੇ ਉਪਹਾਰਨਿ ਮਿਲੀਏ ॥੨੪॥
ਰਹਹੁ ਨੰਮ੍ਰਿ ਬਾਂਛਤਿ ਚਿਤ ਲੀਜਹਿ।
ਸਹਿਤ ਪ੍ਰੇਮ ਬਹੁ ਸੇਵਾ ਕੀਜਹਿ।'
ਇੱਤਯਾਦਿਕ ਸਭਿ ਕਥਾ ਸੁਨਾਈ।
ਸੰਗਤਿ ਮਿਲੀ ਜਥਾ[4] ਮਗ ਆਈ ॥੨੫॥
ਸੁਨਿ ਸੁਨਿ ਰਾਜਾ ਹਰਖਤਿ ਭਇਊ।
ਬੰਦਹਿ ਮਨ ਕਰਿ ਸ਼ਰਧਾ ਲਇਊ।
ਖਿਰਜੋ ਕਮਲ ਸਮ ਬਦਨ ਬਿਸਾਲਾ।
ਕਰਜੋ ਸਮਾਜ ਤਯਾਰ ਤਤਕਾਲਾ ॥੨੬॥
ਭਈ ਪ੍ਰਾਤਿ ਚਢਿ ਚਲਜੋ ਅਗਾਊ।
ਗੁਰੂ ਸਰੂਪ ਪਿਖਿਨਿ ਕਉ ਚਾਊ।
ਅਧਿਕ ਸੈਨ ਚਢਿ ਚਲੀ ਪਿਛਾਰੀ।
ਮਿਲਜੋ ਜਾਇ ਦ੍ਵੈ ਕੋਸ ਅਗਾਰੀ ॥੨੭॥
ਨਗਨ ਚਰਨ ਕਰਿ ਤਜਿ ਅਸਵਾਰੀ।
ਨੰਮ੍ਰਿ ਹੋਇ ਕਰਿ ਬੰਦਨ ਧਾਰੀ।
ਸ੍ਰੀ ਗੁਰ ਸ਼ਿਵਕਾ ਤਬਹਿ ਥੰਭਾਈ।
ਬੂਝੀ ਸ਼ਕਲ ਕੁਸ਼ਲ ਨ੍ਰਿਪ ਤਾਂਈ ॥੨੮॥
ਹਾਥ ਜੋਰਿ ਨ੍ਰਿਪ ਸਕਲ ਉਚਾਰੀ।
ਗੁਰ ਆਇਸੁ ਤੇ ਚਢਿ ਅਸਵਾਰੀ।
ਸਨੇ ਸਨੇ ਗਮਨਤਿ ਪੁਰਿ ਓਰਾ।
ਪਿਖਤਿ ਪਰਸਪਰ ਪ੍ਰੇਮ ਨ ਥੋਰਾ ॥੨੯॥
ਪੁਨ ਮਸੰਦ ਲੇ ਸੰਗਤਿ ਸਾਰੀ।
ਮਿਲੇ ਆਇ ਦੇ ਦੇ ਉਪਹਾਰੀ।

---

[1]ਸਰੋਵਰ ਤੁਲ ਹੈ।
[2]ਅਸਗਾਹ ਸਾਗਰ।
[3]ਜਾਣਿਆਂ ਪੈਂਦਾ ਹੈ ਕਿ।
[4]ਜਿਵੇਂ ਰਾਹ ਵਿਚ ਆਈ ਸੰਗਤ ਮਿਲੀ ਹੈ।

ਸਭਿਹਿਨਿ ਕਹੁ ਸਮੋਧ[1] ਕਰਿ ਨੀਕੇ।
ਬੀਚ ਪ੍ਰਵੇਸ਼ੇ ਪੁਰਿ ਦਿੱਲੀ ਕੇ ॥੩੦॥
ਜੈ ਸਿੰਘਪੁਰਾ[*] ਹੁਤੋ ਜਿਸ ਥਾਨ।
ਜੈ ਸਿੰਘ ਲੈ ਤਹਿਂ ਕੀਨਿ ਪਯਾਨ।
ਜਿਸ ਜਿਸ ਬੀਥੀ ਜਾਤਿ ਚਲੇ ਹੈਂ।
ਤਿਸ ਤਿਸ ਮਹਿਂ ਨਰ ਹੋਤਿ ਖਲੇ ਹੈਂ ॥੩੧॥
ਕਰ ਜੋਰਹਿਂ ਅਰੁ ਬੰਦਨ ਠਾਨਹਿਂ।
ਦੇਖਿ ਪਰਸਪਰ ਸੁਜਸੁ ਬਖਾਨਹਿਂ।
'ਜੋ ਸ਼੍ਰੀ ਰਾਮਰਾਇ ਪ੍ਰਥਮਾਏ[2]।
ਤਿਨ ਕੇ ਭ੍ਰਾਤਾ ਏ ਅਬਿ ਆਏ ॥੩੨॥
ਗੁਰ ਗਾਦੀ ਪਰ ਇਸਥਿਤ ਏਹੀ।
ਅਜ਼ਮਤ ਧਰਿ ਸ਼੍ਰੀ ਨਾਨਕ ਜੇਹੀ।
ਬਾਲ ਆਰਬਲ ਬੁੱਧਿ ਗੰਭੀਰ।
ਧੀਰਨ ਧੀਰ ਸੁ ਪੀਰਨਿ ਪੀਰ' ॥੩੩॥
ਗਰੀ ਬਜ਼ਾਰਨਿ ਮਹਿਂ ਚਲਿ[+] ਜਾਤੇ।
ਅਨਿਕ ਭਾਂਤਿ ਨਰ ਬੋਲਤਿ ਜਾਤੇ।
ਬਡੀ ਭੀਰ ਜੁਤਿ ਚਮਰ ਢੁਰਾਵਤਿ।
ਮੰਦ ਮੰਦ ਸਿਵਕਾ ਗਮਨਾਵਤਿ ॥੩੪॥
ਗਮਨਤਿ ਜਬਿ ਡੇਰਾ ਨਿਕਟਾਯਹੁ।
ਜੈ ਸਿੰਘ ਭੂਪ ਉਤਰਿ ਕਰਿ ਆਯਹੁ।
ਹਾਥ ਜੋਰਿ ਕਰਿ ਗੁਰੂ ਉਤਾਰੇ।
ਚਲਯੋ ਸੰਗ ਲੇ ਸਦਨ ਮਝਾਰੇ ॥੩੫॥
ਮੰਦਰ ਸੁਖਦ ਖਸ਼ਟ ਰਿਤੁ ਮਹੀਆ।
ਚਾਰ ਪ੍ਰਯੰਕ ਡਸਾਯੋ ਤਹੀਆ।

---

[1]ਉਪਦੇਸ਼।
[*]ਜਿੱਥੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਹੈ, ਏਥੇ ਰਾਜਾ ਜੈ ਸਿੰਘ ਦਾ ਬਾਗ ਸੀ, ਵਿਚ ਬੰਗਲਾ ਸੀ। ਉਸ ਨੇ ਸਭ ਤੋਂ ਚੰਗਾ ਥਾਂ ਜਾਣਕੇ ਅੱਠਵੇਂ ਗੁਰੂ ਜੀ ਨੂੰ ਉਤਾਰਾ ਉਥੇ ਦਿੱਤਾ ਸੀ। ਬਾਗ ਹੁਣ ਨਹੀਂ ਹੈ, ਗੁਰਦੁਆਰਾ ਕਾਇਮ ਹੈ। ਇਹ ਟਿਕਾਣਾ ਨਵੀਂ ਦਿੱਲੀ ਵਿਚ ਆ ਗਿਆ ਹੈ। ਰਾਜਾ ਜੈ ਸਿੰਘ ਦੇ ਸਮੇਂ ਇਸ ਦੇ ਨੇੜੇ ਉਸ ਦਾ ਡੇਰਾ ਹੁੰਦਾ ਸੀ ਤੇ ਬਾਜ਼ਾਰ ਤੇ ਬਸਤੀ ਸੀ, ਜਿਸ ਨੂੰ ਜੈ ਸਿੰਘ ਪੁਰਾ ਆਖਦੇ ਸਨ। ਹੁਣ ਇਹ ਵਸਤੀ ਵਿਸਰਜਨ ਕਰ ਦਿਤੀ ਗਈ ਹੈ। ਜੈ ਸਿੰਘ ਦੇ ਨਾਮ ਤੇ 'ਜੈ ਸਿੰਘ ਰੋਡ' ਇਕ ਸੜਕ ਨੂੰ ਨਾਮ ਦੇ ਦਿੱਤਾ ਗਿਆ ਹੈ। ਜੰਤ੍ਰ ਮੰਤ੍ਰ ਤੇ ਬੰਗਲਾ ਸਾਹਿਬ ਤਕ ਇਹ ਬਸਤੀ ਹੁੰਦੀ ਸੀ। ਕਲਰਕਾਂ ਦੇ ਕੁਝ ਕੁਆਰਟਰ ਇਸੇ ਬਸਤੀ ਦੀ ਥਾਂਵੇਂ ਬਣੇ ਹਨ।
[2]ਪਹਿਲੋਂ ਆਏ ਸੇ।
[+]ਪਾ:-ਰਲ।

ਆਸਤਰਨ ਬਡ ਬਿਸਦ ਬਿਛਾਵਾ।
ਰੁਚਿਰ ਚੰਦੋਵਾ ਬੰਧਿ ਤਨਾਵਾ ॥੩੬॥
ਸਾਦਰ ਤਹਾਂ ਜਾਇ ਬੈਠਾਰੇ।
ਨਿਕਟਿ ਸਥਿਤ ਭਾ ਬੰਦਨ ਧਾਰੇ।
ਹਰਖ ਕਰਨਿ ਕਹੁ ਆਪਸ ਮਾਂਹਿ।
ਰੁਚਿਰ ਬਾਰਤਾਲਾਪ ਕਰਾਹਿਂ ॥੩੭॥
ਸਭਿ ਸੰਗਤਿ ਕੋ ਕਹ੍ਯੋ ਮਸੰਦ।
ਜੋ ਦਰਸ਼ਨ ਹਿਤ ਇਕਠੀ ਬ੍ਰਿੰਦ।
'ਸਫਲ ਬਿਲੋਚਨ ਕਰਿ ਹਹੁ ਕਾਲੀ[1]।
ਇਮ ਮਰਜ਼ੀ ਸਤਿਗੁਰੂ ਬਿਸਾਲੀ' ॥੩੮॥
ਸੁਨਿ ਆਇਸੁ ਪੁਰਿ ਕੇ ਸਿਖ ਜੇਈ।
ਕਰਿ ਕੈ ਬੰਦਨ ਤਹਿਂ ਤੇ ਤੇਈ।
ਆਪ ਆਪਨੇ ਸਦਨ ਸਿਧਾਰੇ।
'ਦਰਸ਼ਨ ਕਰਿ ਹੈਂ ਫੇਰ ਸਕਾਰੇ' ॥੩੯ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿਕ੍ਰਿਸ਼ਨ ਪੁਰਿ ਪ੍ਰਵੇਸ਼ਨ' ਪ੍ਰਸੰਗ ਬਰਨਨੰ ਨਾਮ ਨਵ ਤ੍ਰਿੰਸਤੀ ਅੰਸੂ ॥੩੯॥

---

[1] ਕਲ ਨੂੰ।

## ੪੦. [ਦਿੱਲੀ ਵਿਖੇ ਨਿਵਾਸ]

੩੯<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੧

ਦੋਹਰਾ: ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਪੁਰੀ ਪ੍ਰਵੇਸ਼ੇ ਜਾਇ।
ਸਰਬ ਭਾਂਤਿ ਕੀ ਸੇਵ ਕਰੀ, ਹਰਖ਼ਜੋ ਜੈ ਸਿੰਘ ਰਾਇ ॥੧॥
ਚੌਪਈ: ਖਾਨ ਪਾਨ ਕਰਿ ਬਿਬਿਧ ਪ੍ਰਕਾਰੇ।
ਕੀਰ ਜਾਮਨੀ ਸੈਨ ਸੁਖਾਰੇ।
ਉਠਤਿ ਭਏ ਪੁਨ ਬਡੀ ਸਕਾਰੇ[1]।
ਸਕਲ ਸੌਚ ਜੁਤਿ ਮੱਜਤਿ ਬਾਰੇ ॥੨॥
ਜੈਪੁਰ ਨਾਥ ਸੁ ਪੋਸ਼ਿਸ਼ ਪਾਏ।
ਚਹਿਤਿ ਸ਼ਾਹੁ ਢਿਗ ਖ਼ਬਰ ਬਤਾਏ।
ਪ੍ਰਥਮ ਆਇ ਸ਼੍ਰੀ ਗੁਰੂ ਸਮੀਪ।
ਪਦ ਪਰ ਬੰਦਨ ਕੀਨਿ ਮਹੀਪ ॥੩॥
'ਸ਼ਾਹੁ ਨਿਕਟਿ ਮੈਂ ਚਾਹਤਿ ਜਾਯੋ।
ਨਮੋ ਹੇਤੁ ਰਾਵਰ ਕੇ ਆਯੋ।
ਸਹਿਤ ਪ੍ਰਸੰਸਾ ਸੁਧਿ ਕਹਿ ਦੈਹੌਂ।
ਨੰਮ੍ਰੀਭੂਤ ਭਲੇ ਤਿਸ ਕੈਹੌਂ' ॥੪॥
ਸੁਨਿ ਸਤਿਗੁਰ ਤਿਸ ਕਹਜੋ ਬੁਝਾਈ।
'ਹਮਰੋ ਮੇਲ ਨ ਬਨਹਿ ਕਦਾਈ।
ਇਮ ਕਹਿਬੋ ਸੁਨਿਬੋ ਤੁਮ ਕਰਨਾ।
ਤੁਰਕੇਸ਼ੁਰ ਸੰਗ ਬਨਹਿ ਨ ਅਰਨਾ[2] ॥੫॥
ਤੋਰਿ ਪ੍ਰੀਤਿ ਕਰਿ ਹਮ ਚਲਿ ਆਏ।
-[3]ਕਰਨੋ ਪ੍ਰਨ ਕੋ- ਦੂਤ ਸੁਨਾਏ।
-ਸ਼ਾਹੁ ਸਮੀਪ ਰਾਖਿਯੋ ਪਤਿ ਕੋ।
ਚਲਿ ਇਕ ਬਾਰ ਕੀਜੀਏ ਹਿਤ ਕੋ[4]- ॥੬॥
ਇੱਤਜਾਦਿਕ ਸੁਨਿ ਕੈ ਤਵ ਆਸ਼ੈ।
ਮਿਲੇ ਆਇ ਇਕ ਪ੍ਰੇਮ ਪ੍ਰਿਯਾਸੈ[4]।
ਨਾਂਹਿ ਤ ਕਿਮਹੁੰ ਨ ਆਵਨ ਹੋਇ।
ਕਰਿਓ ਪ੍ਰਨ ਹਮ ਪੂਰਹਿੰ ਸੋਇ ॥੭॥

---

[1]ਵੱਡੀ ਸਵੇਰੇ।
[2]ਵਾਹ ਪੈਣਾ।
[3](ਤੇਰੀ ਵਲੋਂ) ਦੂਤ ਨੇ (ਸਾਨੂੰ) ਸੁਣਾਇਆ ਸੀ, ਕਿ ਪ੍ਰਣ (ਆਪਣਾ ਪੂਰਾ) ਕਰਨਾ, (ਪਰ) ਇਕ ਵਾਰ ਪਾਤਸ਼ਾਹ ਕੋਲ ਪਤ ਰਖਾ ਦਿਓ, ਤੇ ਹਿਤ ਕਰਕੇ ਚਲ ਚਲੋ।
[4]ਪ੍ਰੇਮੀ ਦੀ ਆਸ਼ਾ ਕਰਕੇ।

ਤੁਰਕ ਦਰਸ ਲੇਨੋ ਨਹਿਂ ਦੇਨਾ।
ਇਹ ਦ੍ਰਿੜ੍ਹ ਜਾਨਹੁ ਕਬਹੁਂ ਚਲੇ ਨਾ।
ਨਿਜ ਨਿਸ਼ਚੋ ਹਮ ਨੇ ਕਹਿ ਦੀਨਸਿ।
ਤੂੰ ਬੁਧਿਵਾਨ ਲੇਹੁ ਮਨਿ ਚੀਨਸਿ' ॥੮॥
ਇਮ ਦ੍ਰਿੜ੍ਹ ਮਤਿ ਸੁਨਿ ਕੈ ਗੁਰ ਕੇਰਾ।
ਸੋਚਤਿ ਜੈ ਸਿੰਘ ਰਾਵ ਘਨੇਰਾ।
ਮਸਤਕ ਟੇਕਿ ਸ਼ਾਹੁ ਢਿਗ ਗਯੋ।
ਸਭਾ ਮਝਾਰ ਪ੍ਰੇਵਸ਼ਤਿ ਭਯੋ ॥੯॥
ਕਰ ਜੋਰਤਿ ਕਹਿ ਬਾਕ ਸੁਨਾਯੋ।
'ਮੋ ਸੰਗ ਰਾਵਰ ਨੇ ਫੁਰਮਾਯੋ।
ਸ਼੍ਰੀ ਹਰਿਕ੍ਰਿਸ਼ਨ ਪੁਰੀ ਮਹਿਂ ਲਜਾਵਹੁ।
ਸਭਿ ਸੰਗਤਿ ਕਉ ਦਰਸ ਕਰਾਵਹੁ ॥੧੦॥
ਕਰਾਮਾਤ ਕੇ ਧਨੀ ਬਡੇਰੇ।
ਉਤਰੇ ਆਇ ਸਦਨ ਮਹਿਂ ਮੇਰੇ।
ਆਗੇ ਮਰਜ਼ੀ ਦੁਹ ਦਿਸ਼ਿ ਜੈਸੀ।
ਕਰਿਬੇ ਬਿਖੇ ਆਇ ਹੈ ਤੈਸੀ ॥੧੧॥
ਸਭਾ ਬਿਖੈ ਮੈਂ ਜਿਸ ਬਿਧਿ ਕਹਜੋ।
ਤਿਮ ਪੂਰਨ ਭਾ ਆਨੰਦ ਲਹਜੋ।'
ਸੁਨਤਿ ਸ਼ਾਹੁ ਨੇ ਇਕ ਉਮਰਾਵ।
ਦੇ ਕੁਛ ਦਰਬ ਪਠਜੋ ਤਿਸ ਥਾਂਵ ॥੧੨॥
'ਜ਼ਾਫਤ ਦੇਹੁ ਬੰਦਗੀ ਕਰਿ ਕੈ।
ਬਹੁਰੋ ਬੂਝਜੋ ਬਿਨੈ ਉਚਰਿ ਕੈ।
ਦਰਸ਼ਨ ਪਰਸਨਿ ਕਰਿਬੋ ਕਬੈ।
ਮਿਲਨਿ ਹੋਹਿ ਤੁਮ ਭਾਖਹੁ ਜਬੈ' ॥੧੩॥
ਇਮ ਸੁਨਿ ਸਤਿਗੁਰ ਕੇ ਢਿਗ ਗਯੋ।
ਅੰਤਰ ਸੁਧਿ ਪਹੁਂਚਾਵਤਿ ਭਯੋ।
'ਪਠਜੋ ਸ਼ਾਹੁ ਨੇ ਅਪਨਿ ਮੁਸਾਹਬ।
ਆਯੋ ਚਹਤਿ ਨਿਕਟਿ ਗੁਰ ਸਾਹਿਬ' ॥੧੪॥
ਸ਼੍ਰੀ ਹਰਿਕ੍ਰਿਸ਼ਨ ਸੁਨਜੋ ਜਬਿ ਆਵਾ।
ਆਗੇ ਅਪਨਿ ਕਨਾਤ ਤਨਾਵਾ।
ਸੁਭਟਨਿ ਗਨ ਦੀਵਾਨ ਲਗਾਯੋ।
ਵਹਿਰ ਕਨਾਤ ਸੁ ਦਿਯੇ ਬਿਠਾਯੋ ॥੧੫॥

ਮਹਾਂ ਮਸੰਦ ਮੇਵਰੇ ਖਰੇ।
ਸੰਗਤਿ ਕੀ ਅਰਦਾਸਨਿ ਕਰੇ।
ਦਿੱਲੀ ਪੁਰਿ ਕੇ ਸਿਖ ਸਭਿ ਆਵੈਂ।
ਭਾਂਤਿ ਭਾਂਤਿ ਭੇਟਨਿ ਅਰਪਾਵੈਂ ॥੧੬॥
ਪਢਹਿਂ ਰਬਾਬੀ ਸ਼ਬਦ ਸ ਰਾਗ।
ਸੁਨਹਿਂ ਪ੍ਰੇਮ ਤੇ ਜਿਨ ਬਡਭਾਗ।
ਚਵਰਦਾਰ ਲੇ ਚਵਰ ਢੁਰਾਵਤਿ।
ਸਿਖ ਦਰਸਹਿਂ ਮਨ ਮੋਦ ਉਪਾਵਤਿ ॥੧੭॥
ਤਿਹ ਛਿਨ ਅੰਤਰ ਆਨਿ ਪ੍ਰਵੇਸ਼ਾ।
ਪਠਜੋ ਮੁਸਾਹਿਬ ਜੋ ਤੁਰਕੇਸ਼ਾ।
ਸ਼ੁਭਤ ਸਭਾ ਮਹਿਂ ਕਹਿ ਬੈਠਾਰਾ।
ਮਸਤਕ ਟੇਕਨਿ ਮੁਖਹੁਂ ਉਚਾਰਾ ॥੧੮॥
ਅਪਨਿ ਸ਼ਾਹੁ ਕੀ ਅਰਜ਼ ਗੁਜ਼ਾਰੀ।
ਦਰਬ ਪੁਚਾਯਹੁ ਧਰਜੋ ਅਗਾਰੀ।
'ਇਹ ਜ਼ਾਫਤ ਹਿਤ ਤੁਮ ਕਉ ਦੀਨਾ।
ਅਰ ਚਾਹਤਿ ਹੈ ਦਰਸ਼ਨ ਲੀਨਾ ॥੧੯॥
ਜਿਮ ਰਾਵਰ ਕੀ ਹੋਇ ਰਜ਼ਾਇ।
ਤਜੋਂ ਮੈਂ ਕਹੌਂ ਸ਼ਾਹੁ ਸੰਗ ਜਾਇ।'
ਥਿਤ ਕਨਾਤ ਕੇ ਅੰਤਰ ਅਹੇ।
ਸ੍ਰੀ ਹਰਿਕ੍ਰਿਸ਼ਨ ਬਾਕ ਸੁਨਿ ਕਹੇ ॥੨੦॥
'ਬਡੋ ਭ੍ਰਾਤ ਹਮਰੋ ਸਭਿ ਲਾਇਕ।
ਜਿਮ ਚਾਹਤਿ ਤਿਮ ਅਜ਼ਮਤ ਦਾਇਕ।
ਸੋ ਨਿਤ ਪਹੁਂਚਤਿ ਹੈ ਢਿਗ ਸ਼ਾਹੂ।
ਜਿਮ ਬੂਝਤਿ ਉੱਤਰ ਦੇ ਪਾਹੂ ॥੨੧॥
ਸਤਿਗੁਰ ਪੂਰਨ ਪਿਤਾ ਹਮਾਰੇ।
ਤਿਨ ਕੋ ਬਰਤਹਿਂ ਹੁਕਮ ਬਿਚਾਰੇ।
ਸ੍ਰੀ ਮੁਖ ਤੇ ਇਨ ਕੀਨਿ ਉਚਾਰਨ।
ਭਲੋ ਹੋਨਿ ਹਿਤ ਸੀਖ ਸਿਖਾਰਨ[੧] ॥੨੨॥
[੨]-ਬਡੋ ਭ੍ਰਾਤ ਮਤਿਵੰਤ ਤੁਮਾਰਾ।
ਗਯੋ ਪੁਰੀ ਮਹਿਂ ਸ਼ਾਹੁ ਹਕਾਰਾ।

---
[੧]ਸਾਡੇ ਭਲੇ ਦੀ ਸਿੱਖਿਆ ਸਿਖਾਉਣ ਹਿਤ ਉਚਾਰਨ ਕੀਤਾ।
[੨]ਗੁਰੂ ਹਰਿਕ੍ਰਿਸ਼ਨ ਜੀ ਹੁਣ ਆਪਣੇ ਪਿਤਾ ਜੀ ਦੇ ਵਾਕ ਕਹਿਣ ਲੱਗੇ ਹਨ:-।

ਲਾਯਕ ਕੋ ਲਖਿ ਤਿਸਹਿ ਪਠਾਯੋ।
ਕਰਾਮਾਤ ਮਹਿਂ ਅਧਿਕ ਬਨਾਯੋ ॥੨੩॥
ਜਥਾ ਸ਼ਾਹੁ ਚਾਹੈ ਗੋ ਹੇਰਾ।
ਸੋ ਦਿਖਾਇ ਹੈ ਸੁਘਰ ਬਡੇਰਾ।
ਤੁਮ ਨੇ ਤਹਿਂ ਪਹੁੰਚਨਿ ਕੀ ਚਾਹੂ।
ਨਹਿਂ ਕਰਨੀ ਅਪਨੇ ਮਨ ਮਾਂਹੂ ॥੨੪॥
ਕਿਸੀ ਹੇਤੁ ਕਰਿ ਦਿੱਲੀ ਜਾਵਹੁ।
ਸਿੱਖ ਸੰਗਤਿ ਕੋ ਦਰਸ ਦਿਖਾਵਹੁ।
ਤਊ ਸ਼ਾਹੁ ਸੰਗ ਮੇਲ ਜੁ ਕਰਨਾ।
ਇਹ ਨ ਮਨੋਰਥ ਕਰਹੁ ਅਚਰਨਾ ॥੨੫॥
ਏਕ ਸਥਲ ਹੋਵਨਿ ਜੁਗ ਭ੍ਰਾਤ।
ਮਤਸਰ ਉਪਜਹਿ ਉਰ ਬੱਖਜਾਤ।
ਅਪਰ ਸਖਾ ਨਹਿਂ ਭ੍ਰਾਤ ਸਮਾਨ।
ਜੇ ਕਰਿ ਹਿਰਦੈ ਪ੍ਰੇਮ ਮਹਾਨ ॥੨੬॥
ਭਾਇ ਪਨੋ ਮਹਿਂ ਮੁਖਤਾ ਅਹੈ।
ਰਾਮ ਲਖਨ ਆਦਿਕ ਜਬਿ ਕਹੈ।
ਸਹਤਿ ਪ੍ਰੇਮ ਕੇ ਜਹਿਂ ਜੁਗ ਭਾਈ।
ਦੁਲਭ ਬਾਤ ਸੋ ਭੀ ਬਨਿ ਜਾਈ ॥੨੭॥
ਦੁਤੀਏ ਸੁਨਹੁ ਭ੍ਰਾਤ ਸਮ ਬੈਰੀ।
ਅਪਰ ਨਹੀਂ ਖੋਟੋ ਸਿਰ ਪੈਰੀ।
ਦਸਮੁਖ[1] ਭ੍ਰਾਤ ਬਭੀਖਨ ਭਯੋ।
ਬਾਲੀ ਅਰ ਸੁਗ੍ਰੀਵ ਜੁ ਥਿਯੋ ॥੨੮॥
ਦਾਰਸ਼ਕੋਹ ਸ਼ਾਹੁ ਕੋ ਭ੍ਰਾਤਾ।
ਬੁਰਿਆਈ ਇਨ ਕੀਨਿ ਬੱਖਜਾਤਾ[2]।
ਇੱਤਜਾਦਿਕ ਜਗ ਭਏ ਅਨੇਕ।
ਗਿਨਹਿ ਸਭਿਨਿ, ਕੋ ਕਰਹਿ ਬਿਬੇਕ ॥੨੯॥
ਜੋ ਨਹਿਂ ਮਰਤਿ ਕਿਸੂ ਕੇ ਮਾਰੇ।
ਸੋ ਭ੍ਰਾਤਨਿ ਛਲ ਕਰਿ ਸੰਘਾਰੇ-।
ਇਮ ਲਖਿ ਕਰਿ ਉਰ ਪਿਤਾ ਹਮਾਰੇ।
ਮਿਲਨਿ ਸ਼ਾਹੁ ਸੋਂ ਕਹਿ ਹਟਕਾਰੇ ॥੩੦॥

---

[1]ਰਾਵਨ।
[2]ਇਸ ਸ਼ਾਹ ਨੇ ਪ੍ਰਗਟ ਉਸ ਨਾਲ ਬੁਰਿਆਈ ਕੀਤੀ ਹੈ।

ਇਤੀ ਸ਼ਕਤਿ ਹਮ ਧਰਹਿं ਨ ਕੈਸੇ।
ਪਿਤਾ ਬਾਕ ਤਜਿ ਬਰਤਹਿं ਜੈਸੇ।
ਕਹ੍ਯੋ ਗੁਰਨਿ ਕੋ ਦ੍ਰਿਢ ਬਡ ਮਾਨਾ।
ਜਿਮ ਸੁਮੇਰ ਨਹਿਂ ਕਬਹੁਂ ਪਯਾਨਾ ॥੩੧॥
ਪ੍ਰਾਨ ਜਾਨਿ ਲੌ ਬਚ ਮਹਿਂ ਰਹਿ ਹੌਂ।
ਨਹੀਂ ਚਲਾਇ ਮਾਨਤਾ ਲਹਿਹੌਂ।
ਇਹ ਆਸ਼ੈ ਹਮਰੇ ਉਰ ਕੇਰਾ।
ਕਹਹੁ ਸ਼ਾਹੁ ਸੋਂ ਇਮਹੁ ਬਡੇਰਾ ॥੩੨॥
ਇਹ ਸਭਿ ਬਾਤ ਦੇਹੁ ਸਮੁਝਾਈ।
-ਪਿਤ ਆਇਸੁ ਮਹਿਂ ਚਲਹਿਂ ਸਦਾਈ-।'
ਸੁਨਿ ਉਮਰਾਉ ਬਾਕ ਗੰਭੀਰ।
'ਬੈਸ ਅਲਪ ਮਹਿਂ ਬੁਧਿ ਬਰਬੀਰ ॥੩੩॥
ਦੀਰਘ ਦਰਸ਼ੀ ਮਹਦ ਮਹਾਨੇ।
ਕਰਾਮਾਤ ਸਾਹਿਬ ਪਹਿਚਾਨੇ।
ਨਾਂਹਿ ਤ ਪਾਤਿਸ਼ਾਹ ਕੋ ਸੰਗ।
ਕੋ ਨਹਿਂ ਚਾਹਤਿ ਸਹਿਤ ਉਮੰਗ ॥੩੪॥
ਜਿਸੁ ਢਿਗ ਜੈਬੇ ਮਹਦ ਬਡਾਈ।
ਤਿਸ ਕਰਿਬੇ ਕਉ ਨਹਿਂ ਲਲਚਾਈ।
ਆਜ ਜਗਤ ਮਹਿਂ ਕੋਇ ਨ ਐਸੇ।
ਹਿਤ ਕਰਿ ਸ਼ਾਹੁ ਹਕਾਰਹਿ ਕੈਸੇ ॥੩੫॥
ਨਹਿਂ ਮਾਨੈ ਧੀਰਜ ਧਰਿ ਰਹੈ।
ਇਨ ਕੇ ਸਮ ਏਹੀ ਇਕ ਅਹੈਂ।
ਹਿੰਦੂ ਤੁਰਕ ਪੀਰ ਗੁਰ ਹੋਈ।
ਕਹੈ ਸ਼ਾਹੁ, ਨਹਿਂ ਅਟਕਹਿ ਕੋਈ' ॥੩੬॥
ਕਰਿ ਤਰੀਫ ਉਮਰਾਉ ਬਡੇਰੀ।
ਹਾਥ ਜੋਰਿ ਬੰਦੇ ਤਿਸ ਬੇਰੀ।
ਬਿਸਮਯ ਹੋਇ ਗਮਨਿ ਕੋ ਠਾਨਾ।
ਰਿਦੇ ਬਡਾਈ ਗੁਨਤਿ ਮਹਾਨਾ ॥੩੭॥
ਜਾਇ ਸ਼ਾਹੁ ਸੰਗ ਕੀਨਿ ਸਲਾਮ।
ਕਹੀ ਹਕੀਕਤ ਗਾ ਜਿਸ ਕਾਮ।
'ਕਰੀ ਆਪ ਪਰ ਖੁਸ਼ੀ ਘਨੇਰੀ।
ਭਨੀ ਪ੍ਰਤੱਗਜਾ ਅਪਨਿ ਬਡੇਰੀ ॥੩੮॥

ਪਿਤ ਆਇਸੁ ਹਮਰੇ ਗਿਰ ਜੈਸੀ।
ਚਲੇ ਨ ਬਿਘਨ ਬਾਯੁ ਬਹਿ ਕੈਸੀ।'
ਇੱਤਯਾਦਿਕ ਸਭਿ ਬਾਤ ਸੁਨਾਈ।
ਜਿਮ ਭ੍ਰਾਤਨਿ ਕੀ ਹੋਤਿ ਸਦਾਈ ॥੩੯॥
ਸੁਨਿ ਨੌਰੰਗ ਸਮੁਝਯੋ ਮਨ ਮਾਂਹੀ।
-ਇਹ ਗੰਭੀਰਤਾ ਅਤਿ ਲਖਿ ਪਾਹੀ।
ਬਡੇ ਭ੍ਰਾਤ ਕੋ ਆਸ਼ੈ ਕਹਾਂ।
ਕਹਿ ਬੁਲਵਾਇ ਮਤਸਰੀ ਮਹਾਂ ॥੪੦॥
ਤਊ ਛਿਮਾਂ ਜੁਤਿ ਇਨ ਕੀ ਬਾਨੀ।
ਨਹੀਂ ਦ੍ਵੈਸ਼ ਕੀ ਬਿਧਿ ਕਿਮ ਠਾਨੀ।
ਅਰ ਗਾਦੀ ਪਰ ਬੈਠਯੋ ਜੋਈ।
ਅਜ਼ਮਤ ਬਿਖੇ ਅਧਿਕਤਾ ਹੋਈ ॥੪੧॥
ਤਿਨ ਕੀ ਰੁਚਿ ਕੇ ਬਿਨਾ ਬੁਲਾਵਨਿ।
ਮੁਝ ਕੋ ਨੀਕ ਨ ਕਰਵਿ ਅਵਾਹਨ।
-ਇਸ ਸਮੁਝਯੋ ਨੌਰੰਗ ਮਤਿ ਕਰਿ ਕੈ।
ਹੋਯੋ ਤੂਸ਼ਨਿ ਰਿਦੈ ਬਿਚਰਿ ਕੈ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

## ੪੧. [ਗੁਰੂ ਜੀ ਦੀ ਮਹਿਮਾਂ ਸੁਣਕੇ ਰਾਮਰਾਇ ਦੀ ਈਰਖਾ। ਸ੍ਰਾਪ]

੪੦<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੨

ਦੋਹਰਾ: ਦਿੱਲੀ ਪੁਰਿ ਕੀ ਸੰਗਤਾਂ,
ਆਇ ਉਪਾਇਨ ਲ਼ਜਾਇ।
ਦਰਸ਼ਨ ਪਰਸੈਂ ਗੁਰੂ ਕੋ,
ਚਹੈਂ ਕਾਮਨਾ ਪਾਇ ॥੧॥
ਚੌਪਈ: ਤਨ ਕੇ ਰੋਗੀ ਤਪ, ਦ੍ਰਿਗ, ਖਾਂਸੀ।
ਮਹਿਮਾ ਸੁਨਤਿ ਜਾਹਿਂ ਗੁਰ ਪਾਸੀ।
ਧਰਹਿਂ ਰਿਦੈ ਸ਼ਰਧਾ ਸੁਖਰਾਸੀ।
ਦਰਸਤਿ ਰੁਜ ਗਨ ਤੁਰਤ ਬਿਨਾਸੀ ॥੨॥
ਗੁਰ ਸਿੱਖਜਨਿ ਕੇ ਜਬਿ ਦੁਖ ਗਏ।
ਅਪਰ ਸਮੀਪ ਤਿਨਹੁਂ ਸੁਨਿ ਲਏ।
ਰੁਜ ਪੀੜਤਿ ਤਨ ਸੰਕਟ ਪਾਏ।
ਸੁਨਤਿ ਸੁਜਸੁ ਗੁਰ ਸ਼ਰਨ ਸਿਧਾਏ ॥੩॥
ਦ੍ਰਿਗ ਤੇ ਦਿਖਹਿਂ ਨ ਦਰਸ਼ਨ ਜਾਵਦ।
ਅਨਿਕ ਰੀਤਿ ਰੁਜ ਪੀੜਹਿਂ ਤਾਵਦ।
ਚਾਰੁ ਮੁਖਾਰ ਬਿੰਦ ਜਬਿ ਦਰਸੈਂ।
ਤਾਤਕਾਲ ਹੁਇ ਆਵਤਿ ਹਰਸ਼ੈ[1] ॥੪॥
ਪੁਰਿ ਮਹਿਂ ਘਰ ਘਰ ਕੀਰਤ ਫੂਲੀ।
ਮਨਹੁਂ ਮਾਲਤੀ ਬਿਗਸਤਿ ਝੂਲੀ।
ਸੁਨਿ ਸੁਨਿ ਪਹੁਂਚਤਿ ਹੈਂ ਰੁਜਵਾਰੇ[2]।
ਭਰੀ ਭੀਰ ਰਹਿ ਸਤਿਗੁਰ ਦ੍ਵਾਰੇ ॥੫॥
ਹੋਹਿ ਰੋਗ ਕੋ, ਦੋਖ ਬਿਨਾਸ਼ੇ।
ਜਿਮ ਤਮ ਤੋਮ ਤਰਨਿ ਕੇ ਪਾਸੇ[3]।
ਦਰਸ਼ਨ ਸਫਲ ਹੋਤਿ ਗੁਰ ਕੇਰਾ।
ਪਸਰਯੋ ਪੁਰੀ ਬ੍ਰਿਤਾਂਤ ਬਡੇਰਾ ॥੬॥
ਇਕ ਦਿਨ ਸਭਾ ਸੁਭਟ ਗਨ ਕੇਰੀ।
ਸ਼ਸਤ੍ਰ ਬਸਤ੍ਰ ਯੁਤਿ ਸਜਤਿ ਘਨੇਰੀ।
ਮਹਾਂ ਮਸੰਦ ਧਨੀ ਦਿਸ਼ਿ ਏਕ।

---
[1]ਅਨੰਦ, ਸੁਖ।
[2]ਰੋਗੀ।
[3]ਜਿਵੇਂ ਗਾੜ੍ਹਾ ਅੰਧੇਰਾ ਸੂਰਜ ਦੇ ਪਾਸ (ਗਿਆਂ ਨਾਸ਼ ਹੁੰਦਾ ਹੈ)।

ਬੈਠਹਿਂ ਸਤਿਗੁਰ ਨਿਕਟਿ ਅਨੇਕ ॥੭॥
ਖਰੇ ਮੇਵਰੇ ਹੁਇ ਅਰਦਾਸ।
ਕਰ ਜੋਰਹਿਂ ਸਿਖ ਠਾਢੇ ਪਾਸ।
ਕੋ ਮਾਂਗਹਿ 'ਸਿਮਰਨਿ ਸਤਿਨਾਮੁ।'
ਕੋ ਜਾਚਤਿ 'ਸੁਖ, ਸੁਤ, ਧਨ, ਧਾਨ' ॥੮॥
ਕੋ ਮਨ ਤੇ ਹੀ ਮਾਂਗਨਿ ਕਰੇ।
ਕੋ ਮੁਖ ਤੇ ਕਰਿ ਬਿਨੈ ਉਚਰੇ।
ਸਤਿਗੁਰ ਬਜਾਪ ਰਹੇ ਸਭਿ ਮਾਂਹਿ।
ਜਾਨਹਿਂ ਸਭਿ ਕੀ, ਦੇਂ ਪੁਨ ਤਾਂਹਿ[1] ॥੯॥
ਅਨਿਕ ਭਾਂਤਿ ਰੁਜ ਗਨ ਕੋ ਡੇਰਾ।
ਪੁਰਿ ਤੇ ਉਠਿ ਗਮਨਜੋ ਤਿਸ ਬੇਰਾ।
ਜ੍ਵਰ ਆਦਿਕ ਰੁਜ ਕਹਿਂ ਲੌ ਕਹੈਂ।
ਨਹੀਂ ਸਥਿਰਤਾ ਤਿਸ ਥਲ ਲਹੈਂ ॥੧੦॥
ਜਹਿਂ ਕਹਿਂ ਮਿਲਿ ਨਰ ਨਾਰਿ ਕਹੰਤੇ।
'ਪਰਮ ਪੁਰਖ ਇਨ ਪੁਰਿ ਦੁਖ ਹੰਤੇ।
ਬਡੋ ਭ੍ਰਾਤ ਸਭਿ ਅਜ਼ਮਤ ਲਾਇਕ।
ਤਊ ਦਿਖਾਇ ਤੁਰਕ ਗਨ ਨਾਇਕ ॥੧੧॥
ਇਹ ਤੋ ਸਭਿ ਦੀਨਨਿ ਕੇ ਦਾਨੀ।
ਦਰਸ਼ਨ ਦਿਖੇ ਦੋਖ ਦੁਖ ਹਾਨੀ।'
ਇੱਤਜਾਦਿਕ ਜਸੁ ਭਨਤਿ ਸੁਨਤਿ ਹੈਂ।
ਮਹਿਮਾਂ ਸਭਿ ਤੇ ਅਧਿਕ ਗੁਨਤਿ ਹੈਂ ॥੧੨॥
ਗੁਰ ਸਿਮਰੇ ਪੁਨ ਇਕ ਦਿਨ ਸ਼ਾਹੂ।
ਕਰਤਿ ਬਾਰਤਾਲਾਪ ਜਿ ਪਾਹੂ।
ਸੁਜਸੁ ਬਖਾਨਜੋ ਸਤਿਗੁਰ ਕੇਰਾ।
'ਪੁਰਿ ਤੇ ਨਾਸ਼ ਕੀਨਿ ਰੁਜ ਡੇਰਾ ॥੧੩॥
ਮਹਾਂ ਗੰਭੀਰ ਧੀਰ ਸੁਖ ਸਾਗਰ।
ਬਯ ਲਘੁ ਬੁੱਧੀ ਬ੍ਰਿਧ, ਬਡ ਨਾਗਰ।
ਸਰਬ ਲੋਕ ਜਸੁ ਪਾਵਨ ਕਹੈਂ।
ਧਨੀ ਰੰਕ ਜਿਨ ਕੋ ਸਮ ਅਹੈਂ' ॥੧੪॥
ਇਤਨੇ ਮਹਿਂ ਜੇਠੋ ਗੁਰ ਤਾਤ।
ਨਾਮ ਸੁ ਰਾਮਰਾਇ ਬੱਖਜਾਤ।

[1] ਤਿਸ ਨੂੰ (ਮਨ ਬਾਂਛਤ) ਦੇਂਦੇ ਹਨ?

ਸੁਨਿ ਸੁਨਿ ਅਨੁਜ ਸੁਜਸੁ ਸੁਖ ਨਾਂਹੀ।
ਜਥਾ ਬਿਲੋਕਿ ਚੰਦ੍ਰ ਬ੍ਰਿਹੁ ਮਾਂਹੀ[1]* ॥੧੫॥
ਸਭਾ ਮਝਾਰ ਆਇ ਸੋ ਗਯੋ।
ਜਥਾ ਜੋਗ ਤਹਿਂ ਬੈਠਤਿ ਭਯੋ।
ਅਨੁਜ ਪ੍ਰਸੰਗ ਸੁਨ੍ਯੋ ਜਸੁ ਕੇਰਾ।
ਮਤਸਰ ਪਾਵਕ ਜ੍ਵਲਤਿ ਬਡੇਰਾ ॥੧੬॥
-ਮਮ ਕੀਰਤਿ ਤੇ ਹੁਇ ਅਧਿਕਾਈ।
ਸੁਨਹਿ ਸ਼ਾਹੁ ਮੁਝ ਤੇ ਫਿਰਿ ਜਾਈ।
ਹਟ੍ਯੋ ਨ ਆਵਨਿ ਤੇ, ਚਲਿ ਆਯੋ।
ਗੁਰਗਾਦੀ ਪਾਇ ਨ ਤ੍ਰਿਪਤਾਯੋ ॥੧੭॥
ਸ਼ਾਹੁ ਸਮੀਪ ਰਹਨਿ ਕੋ ਚਾਹਤਿ।
ਲੇਨਿ ਬਡਾਈ ਦਰਬ ਉਮਾਹਤਿ।
ਮੁਝ ਸਮ ਹੋਇ ਕਿ ਹੁਇ ਅਧਿਕਾਈ।
ਕਰਾਮਾਤ ਕੁਛ ਦੇਹਿ ਦਿਖਾਈ ॥੧੮॥
ਅਬਿ ਲੌ ਪੁਰਿ ਮਹਿਂ ਮਮ ਬਡਿਆਈ।
ਹੁਤੀ ਬਿਸਾਲ ਬਧਤਿ ਅਧਿਕਾਈ।
ਤਿਹ ਰੋਕਨਿ ਕਹੁ ਇਹ ਚਲਿ ਆਏ।
ਅਪਨਿ ਪ੍ਰਭਾਵ ਬਿਲੰਦ ਦਿਖਾਏ ॥੧੯॥
ਇਹ ਤੋ ਮੋ ਤੇ ਜਰੀ ਨ ਜਾਇ।
ਦੈ ਹੌਂ ਸ੍ਰਾਪ ਦੇਹੁਂ ਬਿਨਸਾਇ।
ਅਪਰ ਉਪਾਇ ਚਲ੍ਯੋ ਨਹਿਂ ਕੋਈ।
ਬੁਰੀ ਕਰਤਿ ਭਲ ਹੋਵਤਿ ਸੋਈ ॥੨੦॥
ਇਹਾਂ ਬੁਲਾਯਹੁ ਕਾਜ ਬਿਗਾਰਨਿ।
ਸੋ ਨ ਭਯੋ ਸਭਿ ਕੀਨਿ ਸੁਧਾਰਨਿ।
ਸ਼ਾਹੁ ਸਮੀਪੀ ਤਿਹ ਜਸੁ ਕਹੈਂ।
ਅਰਪਨਿ ਕੀ ਕਜਾ ਗਿਨਤੀ ਅਹੈ ॥੨੧॥
ਮੁਝ ਤੇ ਕਰਹਿ ਬਡੋ ਅਧਿਕਾਰਾ।
ਮਮ ਜਸੁ ਹੁਇ ਹੈ ਅਲਪ ਅਕਾਰਾ[2]।

---

[1]ਜਿਵੇਂ ਚੰਦ ਵੇਖ ਕੇ (ਬਿਰਹਨੀ) ਵਿਛੋੜੇ ਵਿਚ (ਦੁਖੀ ਹੁੰਦੀ)।
*ਪਾ:-ਜਥੋਂ ਪਿਖਿ ਸਸਿ ਬਿਰਹਨ ਦੁਖ ਪਾਹੀਂ।
[2]ਮੇਰੇ ਜਸ ਦਾ ਆਕਾਰ ਛੋਟਾ ਹੋ ਜਾਊ।
(ਅ) ਮੇਰਾ ਜਸ ਥੋੜਾ ਤੇ (ਅ+ਕਾਰਾ =) ਵਿਅਰਥ ਹੋ ਜਾਊ।

ਸਿਖ ਸੰਗਤਿ ਫਿਰ ਜਾਵਹਿਂ ਸਾਰੇ।
ਦੇਖਾ ਦੇਖੀ ਅਪਨਿ ਮਝਾਰੇ ॥੨੨॥
ਯਾ ਤੇ ਇਨ ਕੋ ਰਹਨਿ ਨ ਨੀਕੋ।
ਇਸ ਤੇ ਬਧਹਿ ਮੋਹਿ ਦੁਖ ਜੀ ਕੋ-।
ਇੱਤਜਾਦਿਕ ਨਿਤ ਗਟੀ ਗਿਨੰਤਾ।
ਜਬਿ ਕੇ ਪੁਰਿ ਪ੍ਰਵਿਸ਼ੇ ਦੁਖ ਹੰਤਾ[1] ॥੨੩॥
ਸ਼ਾਹੁ ਸਮੀਪ ਸੁਨਤਿ ਜਸੁ ਸੁੰਦਰ।
ਜਰ ਬਰ ਗਯੋ ਰਿਦੇ ਕੇ ਅੰਦਰ।
ਕਹਨਿ ਲਗ੍ਯੋ ਸਭਿ ਸਭਾ ਮਝਾਰੀ।
'ਜਿਹ ਤੁਮ ਕੀਰਤਿ ਕਰਤਿ ਉਚਾਰੀ ॥੨੪॥
ਬਾਲਕ ਬਯ ਮਹਿਂ ਬਿਘਨ ਬਿਸਾਲੇ।
ਆਦਿ ਸੀਤਲਾ ਕਰਤੀ ਕਾਲੇ[2]।
ਇਨ ਤੇ ਉਬਰਨਿ ਦੁਸ਼ਤਰ ਅਹੈ।
ਬਡੇ ਹੋਨਿ ਪੁਨ ਪਾਛੇ ਲਹੈ ॥੨੫॥
ਦੋਹਰਾ: ਖਾਜ[3] ਸੀਤਲਾ ਕੋ ਅਹੈ,
ਕਹਾਂ ਭਯੋ ਜੇ ਆਇ।
ਕਿਮ ਉਬਰੈ ਜਬਿ ਨਿਕਸਿ ਹੈ,
ਸਮਾ ਭਯੋ ਨਿਕਟਾਇ ॥੨੬॥
ਚੌਪਈ: ਨਹੀਂ ਸੀਤਲਾ ਨਿਕਸੀ ਆਗੇ।
ਅਬਿ ਨਿਕਸੈ ਤੌਂ ਪ੍ਰਾਨਨਿ ਤਜਾਗੇ।
ਜਬਿ ਉਬਰਹਿ ਤਬਿ ਜੀਵਨ ਆਸਾ।
ਤੌਂ ਲਗਿ ਨਹਿਂ ਤਿਨ ਕੋ ਭਰਵਾਸਾ' ॥੨੭॥
ਨੌਰੰਗ ਸਹਿਤ ਸੁਨਤਿ ਬਿਸਮਾਏ।
-ਦ੍ਵੈਸ਼ ਅਨੁਜ ਸੋਂ ਸ੍ਰਾਪ ਅਲਾਏ।
ਹਮ ਸੋਂ ਨਹਿਂ ਮਿਲਿਬੇ ਤਿਸ ਚਾਹੂ[4]।
ਤਉ ਦੁਖਹਿ ਛੋਭਤਿ ਮਨ ਮਾਂਹੂ ॥੨੮॥
ਅਲਪ ਆਰਬਲ ਛਿਮਾ ਕਰਤਿ ਹੈ।
ਇਹ ਜੇਠੋ ਹੌਰਵਤਿ[5] ਧਰਤਿ ਹੈ।

---

[1]ਦੁਖ ਦੂਰ ਕਰਨ ਵਾਲੇ ਗੁਰੂ ਜੀ।
[2]ਕਾਲ ਕਰਨ ਵਾਲੀ।
[3]ਖਾਣਾ।
[4]ਭਾਵ ਗੁਰੂ ਜੀ ਨੂੰ ਚਾਹ ਨਹੀਂ।
[5]ਹੌਲਾਪਨ।

ਲਖੀ ਜਾਇ ਇਨ ਮਹਿਂ ਬਿੱਪ੍ਰੀਤ।
ਹੌਰਵ ਅਰੁ ਗੰਭੀਰ ਜੁ ਚੀਤ[1]- ॥੨੯॥
ਇੱਤਜਾਦਿਕ ਸਭਿ ਰਿਦੇ ਬਿਚਾਰਤਿ।
ਸੁਨਿ ਕੈ ਨੌਰੰਗਸ਼ਾਹੁ ਉਚਾਰਿਤ।
'ਕਸੋਂ ਤੁਮ ਰਿਸਹੁ ਭ੍ਰਾਤ ਢਿਗ ਜਾਨੇ[2]।
ਹਮ ਸੰਗ ਮੇਲ ਨਹੀਂ ਸੋ ਮਾਨੇ ॥੩੦॥
ਪੂਰਬ ਕਹਤਿ ਅਵਾਹਨਿ ਤਾਂਹੀ।
ਅਬਿ ਕਸੋਂ ਦੁਖਹੁ ਆਵਤਜੋਂ ਪਾਹੀ।
ਹੋਹੁ ਸੁਸ਼ੀਲ ਕਰਹੁ ਨਿਜ ਮੇਲਾ।
ਆਪਸ ਮਹਿਂ ਨਹਿਂ ਕਹੋ ਦੁਹੇਲਾ[3] ॥੩੧॥
ਤੁਮ ਦੋਨਹੁਂ ਕੇ ਨਿਫਲ ਨ ਬੈਨ।
ਕਹੋ ਸੁ ਹੋਇ ਦੁਖ ਕੈ ਸੁਖ ਚੈਨ।
ਅਬਿ ਰਿਸ ਕਰਿ ਬੋਲਹੁ ਜਿਮ ਆਪ।
ਉਚਰਹਿਂ ਸੋ ਪਿ, ਪਰਹਿ ਸੰਤਾਪ ॥੩੨॥
ਛਿਮਾ ਕਰੇ ਸੁਖ ਪ੍ਰਾਪਤਿ ਦੋਊ।
ਸਿਖ ਸੇਵਕ ਮਾਨਹਿਂ ਸਭਿ ਕੋਊ।
ਹਿੰਦੁਨਿ ਮਹਿਂ ਤੁਮ ਸੁਜਸੁ ਬਿਸਾਲ।
ਅਰਪਹਿਂ ਧਨ ਕੋ ਸ਼ਰਧਾ ਨਾਲ' ॥੩੩॥
ਸੁਨਿ ਸ਼੍ਰੀ ਰਾਮਰਾਇ ਪੁਨ ਕਹਜੋ।
'ਪਿਤ ਕੋ ਸਭਿ ਸਮਾਜ ਤਿਨ ਲਹਜੋ।
ਦ੍ਵੈ ਬਿਸੰਤ ਸ਼ਤ[4] ਬਲੀ ਤੁਰੰਗ।
ਬਹੁਤ ਸਮਾਜ ਅਪਰ ਤਿਨ ਸੰਗ ॥੩੪॥
ਸਜੰਦਨ ਸ਼ਿਵਕਾ ਬਾਹਨ ਘਨੇ।
ਸਦਨ ਸਮੱਗ੍ਰੀ ਕੋ ਸਭਿ ਗਿਨੇ।
ਅਨਿਕ ਪਦਾਰਥ ਪਿਤ ਕੇ ਲੀਨੇ।
ਮੁਝ ਕੋ ਸਭਿ ਤੇ ਖਾਰਜ ਕੀਨੇ ॥੩੫॥
ਅਬਿ ਦਿੱਲੀ ਪੁਰਿ ਸੰਗਤਿ ਸੇਵਾ।
ਸਭਿ ਕੋ ਆਨਿ ਬਨਜੋ ਗੁਰੁਦੇਵਾ।

---

[1]ਇਨ੍ਹਾਂ (ਦੋਹਾਂ) ਵਿਚ ਗੁਣਾਂ ਦੀ ਵਿਪ੍ਰੀਤੀ (ਉਲਟਤਾ) ਦਿੱਸਦੀ ਹੈ, (ਇਕ ਦੇ ਚਿਤ) ਹੌਲਾਪਨ ਹੈ ਦੂਸਰੇ ਦੇ ਗੰਭੀਰਤਾ।
[2]ਭਰਾ ਨੂੰ ਨੇੜੇ ਜਾਣ ਕੇ।
[3]ਦੁਖਦਾਈ (ਵਾਕ) ਨਾ ਕਹੋ।
[4]ਬਾਈ ਸੌ।

ਅਪਰ ਕਹਾਂ ਲਗ ਕਹੈਂ ਘਨੇਰੇ।
ਨਹਿਂ ਐਸ਼੍ਵਰਜ ਚਾਹਤੋ ਮੇਰੇ ॥੩੬॥
ਸਭਿ ਬਿਧਿ ਸੋਂ ਮੇਰੋ ਅਧਿਕਾਰਾ।
ਅਬਿ ਲੌ ਜਹਿਂ ਕਹਿਂ ਕਰਤਿ ਸੰਭਾਰਾ।'
ਸੁਨਿ ਕੈ ਸ਼ਾਹੁ ਸਭਾ[1] ਸਭਿ ਕਹਿਈ।
'ਤੁਮ ਜੇਠੇ ਕੋ ਛਿਮਾ ਸੁ ਚਹਿਈ' ॥੩੭॥
ਸਭਿ ਨੇ ਕਹਿ ਨੀਕੇ ਸਮੁਝਾਯੋ।
ਮਤਸਰ ਕਰਤਿ ਨ ਕਿਸ ਕੋ ਭਾਯੋ।
ਸਭਾ ਬਿਖੈ ਇਮ ਭਾ ਬਿਰਤਾਂਤ।
ਕਹਤਿ ਸੁਨਤਿ ਸਭਿ ਨਿਜ ਘਰ ਜਾਤਿ ॥੩੮॥
ਪਸਰਜੋ ਪੁਰਿ ਮਹਿਂ ਜਹਿਂ ਕਹਿਂ ਭਾਖਤਿ।
ਦੋਨਹੁ ਪੱਖਨਿ ਕਹੁ ਸਿਖ ਰਾਖਤਿ[2]।
ਕੋ ਕਹਿ 'ਸ਼੍ਰੀ ਹਰਿਕ੍ਰਿਸ਼ਨ ਬਡੇਰੇ।
ਥਿਤ ਗਾਦੀ ਪਰ ਗੁਨ ਬਹੁਤੇਰੇ ॥੩੯॥
ਛਿਮਾ ਆਦਿ ਤਿਨਹੂੰ ਮਹਿਂ ਪਈਅਤਿ।
ਕਰਾਮਾਤ ਮਹਿਂ ਅਧਿਕ ਲਖਈਅਤਿ।'
ਕੋ ਕਹਿ 'ਰਾਮਰਾਇ ਬਡ ਨੰਦ।
ਕਰਾਮਾਤ ਦਿਖਰਾਇ ਬਿਲੰਦ' ॥੪੦॥
ਇੱਤਜਾਦਿਕ ਸਿਖ ਝਗਰਾ ਪਾਈ।
ਭਾਖਹਿਂ ਲਘੁਤਾ ਅਰੁ ਬਡਿਆਈ।
ਤਊ ਗੁਰੂ ਹਰਿਕ੍ਰਿਸ਼ਨ ਮਹਾਨਾ।
ਉਦੈ ਹੋਤਿ ਨਿਤ ਭਾਨੁ ਸਮਾਨਾ ॥੪੧॥
ਨਿੰਦਕ ਸਮ ਉਲੂਕ ਦੁਖ ਪਾਵਤਿ।
ਸਿੱਖ ਤਾਮਰਸ[3] ਬਿਕਸਿ ਸੁਹਾਵਤਿ।
ਜਹਿਂ ਕਹਿਂ ਹੋਤਿ ਬਡੀ ਬਡਿਆਈ।
ਇੱਤਜਾਦਿਕ ਗੁਨ ਲਖਿ ਸਮੁਦਾਈ ॥੪੨॥
ਭਰੀ ਭੀਰ ਰਹਿ ਸਤਿਗੁਰ ਦ੍ਵਾਰੇ।
ਹੋਹਿਂ ਅਰੁਜ[4] ਆਨਹਿਂ ਉਪਹਾਰੇ।

---

[1]ਸ਼ਾਹ ਦੀ ਸਭਾ।
[2]ਸਿੱਖ ਰੱਖਦੇ ਹਨ।
[3]ਕੰਵਲ
[4]ਅਰੋਗ।

ਬੰਦਹਿਂ ਬੋਲਹਿਂ ਬਡਿ ਬਡਿਆਈ।
ਜਪਹਿਂ ਨਾਮ ਦਰਸਹਿਂ ਸੁਖ ਪਾਈ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

## ੪੨. [ਰਾਮਰਾਇ ਬਾਬਤ ਭਵਿੱਖਤ ਵਾਕ]

੪੧<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੩

ਦੋਹਰਾ: ਅਗਲੀ ਭਈ ਪ੍ਰਭਾਤਿ ਜਬਿ, ਸੌਚ ਸਮੇਤ ਸ਼ਨਾਨ।
ਕਰਿ ਬੈਠੇ ਸ਼੍ਰੀ ਸਤਿਗੁਰੂ, ਜਿਨ ਦਰਸਨ ਸੁਖ ਖਾਨ ॥੧॥
ਚੌਪਈ: ਆਦਿ ਗੁਰਬਖਸ਼ ਮਸੰਦ ਬਿਲੰਦ।
ਅਰੁ ਪੁਰਿ ਕੇ ਸਿਖ ਸੇਵਕ ਬ੍ਰਿੰਦ।
ਸਭਿ ਮਿਲਿ ਕਰਿ ਦਰਸ਼ਨ ਕਉ ਆਏ।
ਕਰਿ ਜੋਰਹਿਂ ਪਗ ਸੀਸ ਨਿਵਾਏ ॥੨॥
ਦਰਸ਼ਨ ਪਰ ਹੋਵਤਿ ਬਲਿਹਾਰੀ।
ਉਰ ਸ਼ਰਧਾ ਧਰਿ ਕਰਿ ਨਰ ਨਾਰੀ।
ਬਾਲ ਆਰਬਲ ਮਾਧੁਰ ਮੂਰਤਿ।
ਦਿਪਤਿ ਬਿਭੂਖਨ ਸੁੰਦਰ ਸੂਰਤਿ ॥੩॥
ਚਪਲ ਬਿਲੋਚਨ ਬੋਲਤਿ ਬਾਤੀ।
ਦੰਤ ਪੰਕਤੀ ਹੀਰਨ ਕ੍ਰਾਂਤੀ[1]।
ਜਿਸ ਦਿਸ਼ਿ ਦੇਖਿਤ ਦ੍ਰਿਗਨਿ ਚਲਾਏ।
ਰੁਜ ਹਰਿ, ਜਨੁ ਅੰਮ੍ਰਿਤ ਬਰਖਾਏ ॥੪॥
'ਧੰਨ ਗੁਰੂ ਗੁਰ ਧੰਨ' ਉਚਾਰੈਂ।
'ਸੁਖਦ ਸੁਸ਼ੀਲ ਸਿੱਖਜ ਹਿਤਕਾਰੈਂ।'
ਤਿਸ ਛਿਨ ਮਹਿਂ ਗੁਰਬਖਸ਼ ਮਸੰਦ।
ਬੋਲਯੋ ਬਾਕ ਹਾਥ ਜੁਗ ਬੰਦਿ ॥੫॥
'ਪੁਰਿ ਮਹਿਂ ਬਿਦਤਿ ਬਿਲੰਦ ਬ੍ਰਿਤਾਂਤ।
ਮਿਲਿ ਮਿਲਿ ਕਰਤਿ ਪਰਸਪਰ ਬਾਤ।
ਨੌਰੰਗ ਸ਼ਾਹੁ ਸਭਾ ਮਹਿਂ ਕਾਲੀ[2]।
ਜ਼ਿਕਰ ਆਪ ਕੋ ਭਯੋ ਬਿਸਾਲੀ ॥੬॥
ਬਡੋ ਭ੍ਰਾਤ ਤੁਮਰੋ ਤਹਿਂ ਗਯੋ।
ਤਿਨ ਭੀ ਕਹਨਿ ਸੁਨਨਿ ਬਹੁ ਕਿਯੋ[3]।
ਹੁਤੋ ਬੀਚ ਤਹਿਂ ਜੈਪੁਰਿ ਨਾਥ।
ਸੁਨੀ ਹੋਇਗੀ ਸਗਲੀ ਗਾਥ ॥੭॥
ਜਥਾ ਜੋਗ ਸੋ ਕਹੈ ਸੁਨਾਈ।

---

[1]ਹੀਰਿਆਂ ਵਾਂਗ ਸੋਭ ਰਹੀ ਹੈ।
[2]ਕੱਲ੍ਹ।
[3]ਬਹੁਤਾ ਕਹਿਣਾ ਸੁਣਨਾਂ ਕੀਤਾ।

ਸੁਨੀ ਸੁਨਾਈ ਕਹੀਅਹਿ ਕਾਇ[1]।'
ਏਵ ਬਾਰਤਾਲਾਪ ਕਰੰਤੇ।
ਬੋਲੇ ਸਤਿਗੁਰ ਧੀਰਜਵੰਤੇ ॥੮॥
'ਜਿਮ ਭਾਣਾ ਪਰਮੇਸ਼ਰ ਕੇਰਾ।
ਹੋਇ ਅਵੱਸ਼ਜ, ਫਿਰੈ ਨਹਿਂ ਫੇਰਾ।
ਕਿਸ ਕੀ ਸਜਾਨਪ ਚਲਿ ਹੈ ਨਾਂਹੀ।
ਪਚਹਿਂ ਸਿਆਨੇ ਬੁਧਿ ਬਲ ਮਾਂਹੀ ॥੯॥
ਅੰਗੀਕਾਰ ਸਭਿਨਿ ਕਹੁ ਸੋਈ।
ਜਿਮ ਰਜ਼ਾਇ ਈਸ਼੍ਵਰ ਕੀ ਹੋਈ।
ਸਹਿਜ ਸੁਭਾਇਕ ਹੋਇ ਸੁ ਹੋਇ।
ਹਰਖਹਿਂ ਹੇਰਿ ਭਗਤ ਜਨ ਜੋਇ ॥੧੦॥
ਬੇਮੁਖ ਦੋਸ਼ ਅਰੋਪਹਿਂ ਹਰਿ ਮੈਂ।
ਲਖਹਿਂ ਆਪ ਕੋ ਆਛੋ ਉਰ ਮੈਂ।
ਜੋ ਪਰਲੋਕ ਸੁਧਾਰਜੋ ਚਾਹਤਿ।
ਭਾਣੋ ਮਾਨਿ ਪ੍ਰਸੰਨ ਉਮਾਹਤਿ ॥੧੧॥
ਸੱਤਿਨਾਮ ਕੋ ਸਿਮਰਹਿਂ ਸਦਾ।
ਤਨ ਹੰਤਾ ਕਉ ਤਜਾਗਹਿਂ ਤਦਾ।
ਕੇਤਿਕ ਦਿਨ ਇਸ ਲੋਕ ਮਝਾਰਾ।
ਪੁਨ ਪਹੁੰਚਤਿ ਹਰਿ ਪ੍ਰਭ ਕੇ ਦ੍ਵਾਰਾ ॥੧੨॥
ਪਰਮਾਰਥ ਕਹੁ ਸਦਾ ਸੰਭਾਰਤਿ।
ਇਸ ਜਗ ਲਾਗਿ ਜਨਮ ਨਹਿਂ ਹਾਰਤਿ।
ਸਤਿਗੁਰ ਅੰਗ ਸੰਗ ਤਿਸ ਰਹੈਂ।
ਇਮ ਸੋ ਭਵਸਾਗਰ ਤਟ ਲਹੈ[2]' ॥੧੩॥
ਚਤੁਰ ਘਟੀ ਬੀਤੀ ਇਸ ਭਾਂਤਿ।
ਗੁਰ ਉਪਦੇਸ਼ਨਿ ਕੀ ਕਹਿ ਬਾਤ।
ਇਤਨੇ ਮਹਿਂ ਜੈ ਸਿੰਘ ਸਵਾਈ।
ਆਇ ਨਿਕਟਿ ਨਿਜ ਗ੍ਰੀਵ ਨਿਵਾਈ ॥੧੪॥
ਬੈਠਜੋ ਸਤਿਗੁਰ ਕੇਰ ਸਮੀਪ।
ਸਭਿਨਿ ਬਿਲੋਕਜੋ ਮਹਾਂ ਮਹੀਪ।
ਤਬਿ ਗੁਰਬਖ਼ਸ਼ ਹਾਥ ਕੋ ਜੋਰਿ।

---

[1](ਅਸੀਂ) ਸੁਣੀ ਸੁਣਾਈ ਕਾਹਨੂੰ ਕਹੀਏ।
[2]ਸੰਸਾਰ ਸਾਗਰ (ਨੂੰ ਤਰਕੇ) ਕੰਢੇ ਜਾ ਲਗਦਾ ਹੈ।

ਬੋਲ੍ਯੋ ਅਵਲੋਕਤਿ ਨ੍ਰਿਪ ਓਰ ॥੧੫॥
'ਪ੍ਰਿਥੀ ਨਾਥ ਜੀ! ਸ਼ਾਹੁ ਸਭਾ ਕੀ।
ਕਹਹੁ ਬਾਰਤਾ ਸੁਨੀ ਤਹਾਂ ਕੀ।
ਕਿਮ ਪ੍ਰਸੰਗ ਹੋਯਹੁ ਗੁਰ ਕੇਰਾ?
ਜਬਿ ਬੈਠ੍ਯੋ ਗੁਰ ਨੰਦ ਬਡੇਰਾ ॥੧੬॥
ਸਕਲ ਪੁਰਿ ਮਹਿਂ ਘਰ ਘਰ ਲਹ੍ਯੋ।
ਕਿਨਹੂੰ ਕਿਮ ਕਿਨਹੂੰ ਕਿਮ ਕਹ੍ਯੋ।
ਜਥਾ ਜੋਗ ਸੁਨਿ ਬਾਕ ਤਿਹਾਰੇ।
ਤਬਿ ਹਮ ਨਿਸ਼ਚੋ ਕਿਰ ਉਰ ਧਾਰੇਂ ॥੧੭॥
ਸੁਨ੍ਯੋ ਸਭਾ ਮਹਿਂ ਰਾਵਰ ਸਭੈ।
ਸਤਿਗੁਰ ਨਿਕਟਿ ਕਹੋ ਤਿਮ ਅਬੈ।'
ਸੁਨਤਿ ਰਾਉ ਲੇ ਦੀਰਘ ਸ੍ਵਾਸ।
ਸਿਰ ਧੁਨਿ ਕੀਨਸਿ ਬਾਕ ਪ੍ਰਕਾਸ਼ ॥੧੮॥
'ਕਹੌਂ ਕਹਾਂ ਕੁਛ ਕਹੀ ਨ ਜਾਇ।
ਨਾਹਕ ਦ੍ਵੈਸ਼ ਬਿਸ਼ੇਸ਼ ਉਪਾਇ।
ਮੈਂ ਢਿਗ ਸ਼ਾਹੁ ਅਪਰ ਉਮਰਾਵ।
ਕਰਤਿ ਸਰਾਹਨਿ ਇਨਹੁਂ ਸੁਭਾਵ ॥੧੯॥
ਰਾਮਰਾਇ ਇਤਨੇ ਮਹਿਂ ਆਏ।
ਸੁਨਤਿ ਸੁਜਸੁ ਗੁਰ ਉਰ ਬਿਸਮਾਏ।
ਪੂਰਬ ਚਹਤਿ ਹੀਨਤਾ ਕਰੀ।
ਭਈ ਬਡਾਈ ਜਾਇ ਨ ਜਰੀ ॥੨੦॥
ਚਹਤਿ ਨ ਸ਼ਾਹੁ ਇਨਹਿਂ ਬੁਲਵਾਏ।
ਬਾਰ ਬਾਰ ਕਹਿ ਤਾਂਹਿ ਅਨਾਏ।
ਆਵਤਿ ਪੁਨਹਿਂ ਦ੍ਵੈਸ਼ ਕੋ ਠਾਨਾ।
ਬੈਠਿ ਸਭਾ ਮਹਿਂ ਬਾਕ* ਬਖਾਨਾ ॥੨੧॥
-ਖਾਜ ਸੀਤਲਾ ਕੋ ਸਿਸ ਅਹੈ।
ਗੁਰਤਾ ਕਹਾਂ ਕਰਹਿ, ਮ੍ਰਿਤ ਲਹੈ-।
ਇੱਤ੍ਯਾਦਿਕ ਬੋਲ੍ਯੋ ਦੁਖ ਪਾਇ।
ਇਨ ਕੀ ਮਹਿਮਾ ਜਰੀ ਨ ਜਾਇ' ॥੨੨॥
ਸ੍ਰੀ ਹਰਿਕ੍ਰਿਸ਼ਨ ਅਛੋਭ[1] ਬਖਾਨੈਂ।

*ਪਾ:-ਸ੍ਰਾਪ।
[1]ਸ਼ਾਂਤ, ਘਬਰਾਹਟ ਬਿਨਾਂ।

'ਜੋ ਨਹਿਂ ਕਹੈਂ ਤ ਕੁਛ ਨਹਿਂ ਜਾਨੈ[+]।
ਯਾਂ ਤੇ ਹਮ ਭੀ ਤਿਸ ਕੋ ਕਹੈਂ।
ਅਪਨਿ ਕਹਿਨਿ ਕੋ ਜਿਮ ਫਲ ਲਹੈ ॥੨੩॥
ਤੁਰਕੇਸ਼ੁਰ ਸੋਂ ਹਮ ਨਹਿਂ ਮਿਲਿ ਹੈਂ।
ਕ੍ਯੋਂ ਮਤਸਰ ਜ੍ਵਾਲਾ ਸੋ ਜਲ ਹੈ।
ਯਾਂ ਤੇ ਜਬਿ ਲਗਿ ਜੀਵਤਿ ਰਹੈ।
ਤਨ ਮਨ ਤੇ ਜਲਨੋਂ ਬਹੁ ਲਹੈ ॥੨੪॥
ਚਿਤ ਚਾਹਤਿ ਸੰਤਤਿ[੧] ਬਹੁ ਮੇਰੀ।
ਪੁਜਹਿ[੨] ਜਗਤ ਮਹਿਂ ਫਲਹਿ ਬਡੇਰੀ।
ਹਾਰਹਿ ਕਰਤੋ ਬਜਾਹ ਉਪਾਇ।
ਤਊ ਪੁੱਤ੍ਰ ਕਹੁ ਕਿਮਹੁਂ ਨ ਪਾਇ ॥੨੫॥
ਰਹੈ ਅਪੁੱਤ੍ਰ ਬਿਸੂਰਤਿ ਜੀਵਹਿ।
ਸੁਖ ਸੰਤਤਿ ਕੋ ਕਬਹੁਂ ਨ ਥੀਵਹਿ।
ਅਵਗਤਿ ਮ੍ਰਿਤੁ ਹੋਇ ਹੈ ਐਸੇ।
ਜਿਸ ਤੇ ਜਾਨਿ ਸਕਹਿ ਨਹਿਂ ਕੈਸੇ ॥੨੬॥
ਅਵਰਨਿ ਕੀ ਇਹ ਮ੍ਰਿਤੂ ਬਤਾਵੈ।
ਨਿਜ ਮ੍ਰਿਤੁ ਬਿਖੈ ਗਜਾਨ ਬਿਸਰਾਵੈ।
ਤੀਨਹੁਂ ਸ੍ਰਾਪ ਹਮਾਰੇ ਸਹੈ।
ਮਿਟਹਿ ਨ ਕਿਮਹੁਂ ਜਤਨ ਕਰਿ ਰਹੈ ॥੨੭॥
ਹਮਰੇ ਜੀਵਨ ਮਰਨ ਸਮਾਨ[*]।
ਤਨ ਇਹ ਨਾਸ਼ਵੰਤ ਪਹਿਚਾਨ।

---

[+]ਅਸੀਂ ਕੁਛ ਨਾ ਆਖੀਏ ਤਾਂ ਜਾਣਨਗੇ ਕਿ ਕੁਛ ਨਹੀਂ ਹੈ, ਮੁਰਾਦ ਇਹ ਹੈ ਕਿ ਓਹ ਤੇ ਲੋਕੀਂ ਸਮਝਣਗੇ ਕਿ ਐਵੇਂ ਗੁਰੂ ਹਰਿਰਾਇ ਜੀ ਇਕ ਬੱਚੇ ਨੂੰ ਗੱਦੀ ਦੇ ਗਏ ਹਨ, ਇਨ੍ਹਾਂ ਵਿਚ ਆਤਮ ਬਲ ਗੁਰੂ ਸਾਹਿਬਾਂ ਵਾਲਾ ਕੋਈ ਨਹੀਂ ਹੈ।

[੧]ਔਲਾਦ।

[੨]ਪੂਜਨੀਕ ਹੋਵੇਗੀ।

[*]ਇਨ੍ਹਾਂ ਬਚਨਾਂ ਤੋਂ ਸਪੱਸ਼ਟ ਹੋ ਗਿਆ ਕਿ ਗੁਰੂ ਜੀ ਨੇ ਕ੍ਰੋਧ ਵਸ਼ਿ ਹੋ ਕੇ ਸ੍ਰਾਪ ਨਹੀਂ ਦਿਤਾ, ਸਗੋਂ ਇਕ ਤਰ੍ਹਾਂ ਨਾਲ ਅਗੰਮ ਵਾਚ ਕੇ ਭਵਿੱਖਤ ਦੀ ਵਾਰਤਾ ਦੱਸੀ ਹੈ, ਇਸ ਦੇ ਬੀ ਦੋ ਕਾਰਨ ਦੱਸੇ ਹਨ। ਇਕ ਇਹ ਕਿ ਲੋਕੀਂ ਆਖਦੇ ਕਿ ਇਹ ਬੱਚਾ ਹੈ, ਆਤਮ ਬਲ ਕੋਈ ਨਹੀਂ ਰੱਖਦਾ, ਇਸ ਦਾ ਉਲ੍ਹਾਮਾ ਇਕ ਤਰ੍ਹਾਂ ਗੁਰੂ ਹਰਿਰਾਇ ਜੀ ਦੀ ਦੇਣ ਤੇ ਜਾਂਦਾ ਹੈ। ਦੂਸਰੇ ਸੰਗਤਾਂ ਜੇ ਗੁਰੂ ਗੱਦੀ ਤੇ ਬਿਠਾਏ ਗਏ ਨੂੰ ਸ਼ਕਤੀਹੀਨ ਮੰਨ ਲੈਣ ਤਾਂ ਉਹਨਾਂ ਦੀ ਸ਼ਰਧਾ ਨਾਸ਼ ਹੋ ਜਾਏਗੀ, ਓਹ ਕਹਿਣਗੇ ਕਿ ਆਤਮ ਬਲਹੀਨ ਸਾਡੀ ਪ੍ਰਲੋਕ ਦੀ ਸਹਾਇਤਾ ਕਿਵੇਂ ਕਰੇਗਾ? ਇਸ ਤਰ੍ਹਾਂ ਸਾਧ ਸੰਗਤ ਸ਼ਰਧਾ ਰਹਿਤ ਹੋ ਕੇ ਨਾਮ ਬਾਣੀ ਸਾਧਨ ਸ਼ੁਭ ਗੁਣਾਂ ਤੋਂ ਰਹਿ ਜਾ ਕੇ ਪ੍ਰਲੋਕ ਵਿਗਾੜੇਗੀ। ਇਨ੍ਹਾਂ ਦੋ ਕਾਰਨਾਂ ਕਰਕੇ ਅਸਾਂ ਆਪਣਾ ਕੁਛਕ ਪ੍ਰਭਾਵ ਦੱਸਿਆ ਹੈ, ਆਪਣੀ ਕਿਸੇ ਸ਼ੋਭਾ ਲਈ ਨਹੀਂ ਪਰ ਜਗਤ ਦੇ ਭਲੇ ਤੇ ਗੁਰ ਗੱਦੀ ਦੀ ਸੱਤਜਾ ਦੀ ਖਾਤਰ। ਕ੍ਰੋਧ ਬ੍ਰਿਤੀ ਤੇ ਬਦਲੇ ਲੈਣ ਦੀ ਅਕਾਂਖਜਾ ਇਸ ਦਾ ਕਾਰਨ ਨਹੀਂ ਹਨ।

ਜੋ ਜਨਮੈ ਸੋ ਨਿਸ਼ਚੈ ਮਰਿ ਹੈ।
ਮੂਰਖ ਜਿਯਨਿ ਆਸ ਕਹੁ ਕਰਿ ਹੈ ॥੨੮॥
ਹਮ ਸੁਨਿ ਸ੍ਰਾਪ ਛਿਮਾ ਕਹੁ ਕਰਤੇ[1]।
ਲਖਿ ਕਰਿ ਸਿੱਖਜ ਨ ਸ਼ਰਧਾ ਧਰਤੇ।
-ਇਨ ਮਹਿਂ ਸਮਰਥ ਜੇ ਨਹਿਂ ਐਸੇ।
ਭਲੋ ਕਰਹਿਂ ਪਰਲੋਕ ਸੁ ਕੈਸੇ- ॥੨੯॥
ਇਮ ਬਿਚਾਰਿ ਹਮ ਅਪਨਿ ਪ੍ਰਭਾਵ।
ਕਹਿ ਕਰਿ ਕੀਨਸਿ ਕੁਛਕ ਦਿਖਾਵ।
ਦੁਹ ਸੁਭਾਵ[2] ਨਿਜ ਭ੍ਰਾਤਹਿ ਕੇਰਾ।
ਅਰੁ ਤਿਸ ਕੋ ਫਲ ਦਿਯਸਿ ਬਡੇਰਾ ॥੩੦॥
ਅਪਨੇ ਕਾਰਨ ਹਮ ਨਹਿਂ ਕਹਜੋ*।
ਦਿਯੋ ਸ੍ਰਾਪ ਇਹ ਦ੍ਵੈ ਬਿਧਿ ਲਹਜੋ।'
ਸੁਨਿ ਕਰਿ ਨ੍ਰਿਪ ਜੈ ਸਿੰਘ ਸਵਾਈ।
ਅਰ ਗੁਰਬਖ਼ਸ਼ ਆਦਿ ਸਮੁਦਾਈ ॥੩੧॥
ਕਰਹਿਂ ਸਤੁਤਿ ਬਹੁ 'ਤੁਮ ਗੰਭੀਰ।
ਧੀਰਜਵੰਤਨਿ ਮਹਿਂ ਪ੍ਰਭੁ ਧੀਰ।
ਲਖਿਯਤਿ ਜ਼ਾਹਰ ਕਲਾ ਤੁਮਾਰੀ।
ਗੁਰ ਨਾਨਕ ਗਾਦੀ ਅਧਿਕਾਰੀ ॥੩੨॥
ਤੁਮ ਸ਼੍ਰੀ ਗੁਰ ਹਰਿਰਾਇ ਸਪੂਤ।
ਜਾਨਤਿ ਹੈਂ ਜਿਨ ਕੀਮਤਿ ਪੂਤ[3]।
ਕੋ ਰਾਵਰ ਕੀ ਸਮਤਾ ਕਰਿ ਹੈ।
ਉਡਗਨ ਸਸਿ ਕਿਮ ਰਵਿ ਸਮਸਰ ਹੈ' ॥੩੩॥
ਇੱਤਯਾਦਿਕ ਆਦਰ ਕਰਿ ਸਾਰੇ।
ਮਹਿਮਾ ਭਾਖਤਿ ਅਪਰ ਅਪਾਰੇ।
ਲੈ ਆਗਜਾ ਸਤਿਗੁਰ ਕੀ ਫੇਰ।
ਜੈ ਸਿੰਘ ਉਠਜੋ ਸੁ ਦਰਸ਼ਨ ਹੇਰਿ ॥੩੪॥
ਗਯੋ ਸ਼ਾਹੁ ਕੀ ਸਭਾ ਮਝਾਰੇ।
ਪਹੁਂਚਜੋ ਨਿਕਟਿ ਬਿਨਾ ਹਟਕਾਰੇ[4]।

---
[1]ਜੇ ਛਿਮਾਂ ਨੂੰ ਧਾਰਨ ਕਰਦੇ ਹਾਂ......।
[2]ਕਰੜਾ ਸੁਭਾਵ।
[3]ਪਵਿੱਤ੍ਰ।
[4]ਬਿਨਾ ਰੋਕੇ।

ਸਿਰ ਨਿਵਾਇ ਤਹਿਂ ਜਾਇ ਪ੍ਰਵੇਸ਼ਾ।
ਹੁਤੇ ਜਹਾਂ ਉਮਰਾਵ ਅਸ਼ੇਸ਼ਾ ॥੩੫॥
ਕਯੋਹੂੰ ਗੁਰੂ ਪ੍ਰਸੰਗ ਚਲਾਏ।
ਮਹਦ ਸੁਜਸੁ ਕਹਿ ਕਰਿ ਬਿਦਤਾਏ।
ਅਨਿਕ ਪ੍ਰਕਾਰ ਸੁਨਾਵਤਿ ਗਾਥਾ।
ਸੁਨਤਿ ਸ਼੍ਰੋਨ ਦਿੱਲੀ ਪੁਰਿ ਨਾਥਾ ॥੩੬॥
ਤਿਸ ਪਾਛੇ ਗੁਰਬਖ਼ਸ਼ ਜਿ ਆਦਿ।
ਦੁਹਿਦਿਸ਼ਿ ਸ੍ਰਾਪ ਸੁਨੇ ਬਿਸਮਾਦ।
ਹਹਿਰਤਿ[1] ਰਿਦੈ ਨ ਆਛੀ ਮਾਨੇ।
ਸਫਲ ਬਚਨ ਦੁਹ ਭ੍ਰਾਤਨਿ ਜਾਨੇ ॥੩੭॥
-ਬਰਬਾਦ ਨ ਹੁਇ ਗੁਰਤਾ ਗਾਦੀ।
ਸਿੱਖਯ ਮਸੰਦਨਿ ਗਨ ਅਹਿਲਾਦੀ[2]-।
ਪਸਰੀ ਬਾਤ ਸਭਿਨਿ ਮਹਿਂ ਹੋਈ।
ਨਮੋ ਕਰਹਿਂ ਗਮਨੇ ਸਭਿ ਕੋਈ ॥੩੮॥
ਕੋ ਜਾਨਹਿ ਕੈਸੇ ਹੁਇ ਜਾਇ।
ਭ੍ਰਾਤ ਪਰਸਪਰ ਬਾਦ ਉਠਾਇਂ।
ਸ਼੍ਰੀ ਹਰਿਕ੍ਰਿਸ਼ਨ ਸਤਿਗੁਰੂ ਪੂਰੇ।
ਜਿਨ ਕੇ ਚਲਿਤ ਅਨਿਕ ਗੁਨ ਰੂਰੇ ॥੩੯॥

ਦੋਹਰਾ: ਸਭਿ ਤੇ ਭਏ ਇਕਾਂਤ ਪੁਨ, ਸਹਿਜ ਸਮਾਧਿ ਸੁਹਾਇ।
ਕਵਿ ਸੰਤੋਖ ਸਿੰਘ ਬੰਦਨਾ, ਸਤਿਗੁਰ ਕੇ ਜੁਗ ਪਾਇ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਬੈਤਾਲੀਸਮੋ ਅੰਸੂ ॥੪੨॥

---

[1]ਕੰਬ ਗਏ।
[2]ਸਾਰੇ ਸਿੱਖ ਤੇ ਮਸੰਦਾਂ ਨੂੰ ਅਨੰਦ ਦੇਣ ਵਾਲੀ (ਗੱਦੀ)।

## ੪੩. [ਸਹਿਜ਼ਾਦਾ ਭੇਟਾ ਲੈ ਕੇ ਆਇਆ]

੪੨<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੪

ਦੋਹਰਾ: ਸ਼ਾਹੁ ਸਭਾ ਮਹਿਂ ਸੁਜਸੁ ਸੁਨਿ,
'ਸ਼੍ਰੀ ਹਰਿਕ੍ਰਿਸ਼ਨ ਬਿਸਾਲ।
ਕਰਾਮਾਤ ਸਾਹਿਬ ਧਨੀ,
ਦਰਸ਼ਨ ਤੇ ਦੁਖ ਟਾਲ' ॥੧॥
ਚੌਪਈ: ਕਹਤਿ ਸ਼ਾਹੁ ਮਨ ਪ੍ਰੇਮ ਬਢਾਈ।
'ਸੁਨੀਏ ਭੋ ਜੈ ਸਿੰਘ ਸਵਾਈ!
ਹਮਰੇ ਸੰਗ ਮੇਲ ਕਿਮ ਹੋਇ।
ਹਰਖਤਿ ਹੁਇ ਚਹਿਂ ਕੈ ਨਹਿਂ ਸੋਇ[1] ॥੨॥
ਸੌਮ ਸਰੂਪ[2] ਆਰਬਲ ਬਾਲ।
ਉਰ ਗੰਭੀਰ ਸਧੀਰ ਬਿਸਾਲ।
ਏਕ ਬਾਰ ਮਿਲਿਬੋ ਕਹਿ ਲੀਜਹਿ।
ਤਿਨ ਪ੍ਰਸੰਨਤਾ ਯੁਤਿ ਠਹਿਰੀਜਹਿ' ॥੩॥
ਜੈਪੁਰਿ ਨਾਥ ਕਹਤਿ ਕਰ ਜੋਰੇ।
'ਕਿਸਹੂੰ ਪਠਹੁ ਸਤਿਗੁਰੂ ਓਰੇ।
ਮੈਂ ਗਮਨੌਂ ਸੰਗ ਬੂਝਹਿ ਜਾਈ।
ਜਿਮ ਹੁਇ ਮਰਜ਼ੀ, ਦੇਹਿਂ ਬਤਾਈ ॥੪॥
ਮਿਲਿਬੋ ਠਹਿਰਹਿ ਤੌ ਚਲਿ ਆਵਹਿਂ।
ਨਾਂਹਿਨ ਰਾਵਰ ਤਹਾਂ ਸਿਧਾਵਹਿਂ।
ਬਰਤਹਿਂ ਨਿਜ ਇੱਛਾ ਅਨੁਸਾਰੀ।
ਬੋਲਬਿ ਮਹਿਂ ਚਾਤੁਰ ਮਤਿ ਭਾਰੀ[3] ॥੫॥
ਲਾਖਹੁਂ ਸੰਗਤਿ ਦਰਸ਼ਨ ਪਾਵੈ।
ਕੋਸ ਹਜ਼ਾਰਨਿ ਤੇ ਚਲਿ ਆਵੈਂ।
ਕਹੈਂ ਆਨਿ -ਹਮ ਸੰਕਟ ਪਰਜੋ।
ਤਿਸ ਥਲ ਮਨ ਮਹਿਂ ਸਿਮਰਨਿ ਕਰਜੋ ॥੬॥
ਭਏ ਸਹਾਇਕ ਤਹਿਂ ਤਤਕਾਲਾ।
ਕਾਟਿ ਕਸ਼ਟ ਕੋ ਕਿਯੋ ਸੁਖਾਲਾ-।
ਕੋ ਕਹਿ -ਮੇਰੇ ਪੁੱਤ੍ਰ ਉਪੰਨਾ।

---

[1]ਪ੍ਰਸੰਨ ਹੋਕੇ (ਸਾਡਾ ਮੇਲ) ਓਹ ਚਾਹੁੰਦੇ ਹਨ ਕਿ ਨਹੀਂ ਚਾਹੁੰਦੇ।
[2]ਚੰਦ੍ਰਮਾ ਵਤ (ਪਿਆਰਾ) ਰੂਪ।
[3](ਸ੍ਰੀ ਗੁਰੂ ਜੀ) ਬੋਲਣ ਵਿਚ ਚਤੁਰ ਤੇ ਭਾਰੀ ਬੁਧੀਮਾਨ ਹਨ।

ਭਏ ਮੋਹਿ ਪਰ ਗੁਰੂ ਪ੍ਰਸੰਨਾ- ॥੭॥
ਇੱਤਯਾਦਿਕ ਭਾਖਤਿ ਅਰਦਾਸ।
ਅੰਤਰਜਾਮੀ ਪੂਰਹਿਂ ਆਸ।
ਦੇਸ਼ ਬਿਦੇਸ਼ਨਿ ਮਹਿਮਾ ਭਾਰੀ।
ਹੋਤਿ ਸੁਨੀ ਅਰੁ ਨੈਨ ਨਿਹਾਰੀ ॥੮॥
ਕਹੇ ਆਪ ਕੇ ਕਾਰਜ ਕੀਨਾ।
ਪ੍ਰੇਮ ਧਾਰਿ ਮੈਂ ਨਰ ਪਠਿ ਦੀਨਾ।
ਅਨਿਕ ਉਪਾਇਨ ਬਿਨੈ ਸਮੇਤ।
ਹੇਤ ਅਵਾਹਨ ਪਠੀ ਨਿਕੇਤ ॥੯॥
ਮੋਹਿ ਦੂਤ ਕਰਿ ਅਨਿਕ ਉਪਾਇ।
ਆਨੇ ਪੁਰਿ ਮਹਿਂ ਹਿਤ ਅਧਿਕਾਇ।'
ਕਹਿਤਿ ਸ਼ਾਹੁ 'ਕਹੁ, ਕਿਸੈ ਪਠਾਵੈਂ।
ਹਮ ਭੀ ਬਹੁ ਉਪਹਾਰ ਚਢਾਵੈਂ' ॥੧੦॥
ਇਤਨੇ ਬਿਖੈ ਸ਼ਜ਼ਾਦਾ, ਆਯੋ।
ਪੁੱਤ੍ਰ ਪੇਖਿ ਕਰਿ ਉਰ ਹਰਖਾਯੋ।
ਅੰਕ ਲੇਯ ਕਰਿ ਕਹ੍ਯੋ ਲਡਾਇ।
'ਤੁਮ ਹੀ ਗਮਨਹੁ ਗੁਰ ਨਿਕਟਾਇ ॥੧੧॥
ਜਿਮ ਬਾਲਿਕ ਬਯ ਅਹੈ ਤਿਹਾਰੀ।
ਤਿਮ ਗੁਰ ਹਿੰਦੁਨਿ ਕੀ ਇਕ ਸਾਰੀ।
ਏਕ ਰਕੇਬੀ ਭਰਹੁ ਜਵਾਹਰ।
ਇਕ ਮਹਿਂ ਧਰਿ ਦੀਨਾਰ ਸੁ ਜ਼ਾਹਰ ॥੧੨॥
ਅਰਪਹੁ ਜਾਇ ਭਲਾ ਨਿਜ ਜਾਚਹੁ।
ਹਿਤ ਕੇ ਬਾਕ ਕਹਿਨ ਮਹਿਂ ਰਾਚਹੁ।
ਹਮਰੀ ਮੁਲਾਕਾਤ ਠਹਿਰਾਵਹੁ।
ਜੇ ਨਹਿਂ ਮਾਨਹਿਂ, ਏਵ ਅਲਾਵਹੁ ॥੧੩॥
-ਅਪਨੋ ਸ਼ਬਦ ਦੇਹੁ ਲਿਖਵਾਇ-।
ਸੋ ਆਨਹੁ ਲਿਖਿ ਹਮਹੁ ਦਿਖਾਇ।'
ਸੁਨਤਿ ਸ਼ਜ਼ਾਦਾ ਹੋਯਹੁ ਤਯਾਰ।
ਬਹੁਤ ਮੋਲ ਕੇ ਲੇ ਉਪਹਾਰ ॥੧੪॥
ਗਮਨੇ ਸਾਥ ਕਿਤਿਕ ਉਮਰਾਵ।
ਬਿਸਤ੍ਰ ਬਿਭੂਖਨ ਰੁਚਿਰ ਬਨਾਵ।
ਚਲ੍ਯੋ ਸੰਗ ਜੈ ਸਿੰਘ ਸਵਾਈ।

ਬੁਲਤਿ ਨਕੀਬ ਸੁ ਬਾਜ[1] ਬਜਾਈ ॥੧੫॥
ਨਰ ਧਨਾਢ ਅਰੁ ਬੁੱਧਿ ਬਿਸਾਲੇ।
ਇਲਮ ਬਿਖੈ ਕਾਮਲ ਸੰਗ ਚਾਲੈ।
ਸਨੇ ਸਨੇ ਪੁਰਿ[2] ਬਿਖੈ ਸ਼ਜ਼ਾਦਾ।
ਗਮਨਤਿ ਦੇਤਿ ਸਭਿਨਿ ਅਹਿਲਾਦਾ ॥੧੬॥
ਸ੍ਰੀ ਹਰਿਕ੍ਰਿਸ਼ਨ ਨਿਕਟਿ ਸੁਧਿ ਗਈ।
ਆਇ ਸ਼ਜ਼ਾਦਾ ਭੇਟਨਿ ਲਈ।'
ਤਤਛਿਨ ਕਹਿ ਕਨਾਤ ਤਨਵਾਈ।
ਅਨਿਕ ਬਰਨ ਤੇ ਫਰਸ਼ ਡਸਾਈ ॥੧੭॥
ਸ਼ਸਤ੍ਰ ਬਸਤ੍ਰ ਸਜਿ ਕੈ ਬਿਧਿ ਨਾਨਾ।
ਬੈਠੇ ਆਨਿ ਸੁਭਟ ਬਲਵਾਨਾ।
ਬ੍ਰਿੰਦ ਮਸੰਦ ਮੇਵੜਾ ਆਏ।
ਚਵਰਦਾਰ ਲੇ ਚਵਰ ਢੁਰਾਏ ॥੧੮॥
ਕਰੀ ਕਨਕ ਰੁਪੇ ਸੁਠ ਛਰੀ[3]।
ਛਰੀਦਾਰ[4] ਕਰਿ ਪੰਕਤਿ ਖਰੀ।
ਖਰੀ ਸਭਾ ਆਲਸ ਪਰਹਰੀ[5]।
ਹਰੀ ਮਨਹੁਂ ਲਖਿ ਸ਼ੱਤ੍ਰੁਨਿ ਕਰੀ[6] ॥੧੯॥
ਸ਼ਬਦ ਰਬਾਬੀ ਗਾਵਹਿਂ ਰਾਗ।
ਰਾਗ[7] ਪ੍ਰਭੂ ਕੋ ਜਿਸ ਤੇ ਜਾਗ।
ਤਿਸ ਛਿਨ ਆਇ ਸ਼ਜ਼ਾਦਾ ਗਇਊ।
ਵਹਿਰ ਕਨਾਤ ਸੁ ਨੰਮ੍ਰੀ ਭਇਊ[8] ॥੨੦॥
ਕਨਕ[9] ਰਕੇਬੀ ਦੋਨਹੁਂ ਆਗੇ।
ਮੁਹਰ ਜਵਾਹਰ ਜੋਤਿ ਸੁ ਜਾਗੇ।
ਗਹੀ ਮੇਵੜੇ ਹਾਥ ਪਸਾਰਿ।

---

[1]ਵਾਜੇ।
[2]ਭਾਵ ਜੈ ਸਿੰਘ ਪੁਰੇ ਮਹੱਲੇ ਤੋਂ ਹੈ।
[3]ਹੱਥਾਂ ਵਿਚ ਸੋਨੇ ਚਾਂਦੀ ਦੀਆਂ ਸੁਹਣੀਆਂ ਚੋਬਾਂ।
[4]ਚੋਬਦਾਰ।
[5]ਭਾਵ ਸਾਵਧਾਨ।
[6]ਹਾਥੀ ਰੂਪ ਵੈਰੀਆਂ ਲਈ ਮਾਨੋ (ਇਹ) ਸ਼ੇਰ (-ਸਭਾ) ਲਖੀ ਜਾਂਦੀ ਹੈ (ਅ) ਸਭਾ ਲਖ ਰਹੀ ਹੈ (ਗੁਰੂ ਜੀ ਨੂੰ) ਸ਼ੇਰ ਰੂਪ, ਵੈਰੀ ਰੂਪ ਹਾਥੀਆਂ ਲਈ।
[7]ਪ੍ਰੇਮ।
[8]ਕਨਾਤ ਦੇ ਬਾਹਰੋਂ ਹੀ ਨੰਮ੍ਰੀ ਭੂਤ ਹੋਇਆ।
[9]ਸੋਨੇ ਦੀ।

ਕਰਿ ਊਚੀ ਅਰਦਾਸ ਉਚਾਰਿ ॥੨੧॥
ਸਾਦਰ ਸਭਿ ਉਮਰਾਵ ਸਮੇਤ।
ਸਥਿਤ ਸ਼ਜ਼ਾਦਾ ਬੀਚ ਨਿਕੇਤ।
ਸਿਰ ਨਿਵਾਇ ਸਭਿ ਬੈਠਤਿ ਭਏ।
ਜੈਪੁਰਿ ਨਾਥ ਅਗਾਊ ਕਿਏ ॥੨੨॥
ਕਰੀ ਬੰਦਗੀ ਸ਼ਾਹੁ ਦਿਸ਼ਾ ਤੇ।
ਬਹੁਰੋ ਕਹੀ[1] ਮਿਲਨਿ ਕੀ ਬਾਤੇਂ:-।
'ਹਜ਼ਰਤ ਰਿਦੈ ਲਾਲਸਾ ਅਹੈ[2]।
ਜਿਸ ਤੇ ਰਾਵਰਿ ਦਰਸ਼ਨ ਲਹੈ ॥੨੩॥
ਇਸੀ ਹੇਤੁ ਕਰਿ ਪਠਯੋ ਸ਼ਜ਼ਾਦਾ।
ਜੋ ਨਿਤ ਦੇ ਪਿਤ ਰਿਦ ਅਹਿਲਾਦਾ।
ਜੈਪੁਰਿ ਨਾਥ ਸਾਥ ਬਹੁ ਕਹੇ।
ਬੀਚ ਪਾਇ ਆਵਾਹਨਿ ਚਹੇ[3] ॥੨੪॥
ਕਰਤਿ ਪ੍ਰਤੀਖਨਿ ਮਿਲਿਬੇ ਕੇਰ।
ਮਗ ਖ਼ੁਦਾਇ ਕੇ ਚਲਤਿ ਬਡੇਰ।
ਤੁਮ ਸਮ ਦੇ ਦਰਸ਼ਨ ਕੋ ਚਾਹਤਿ।
ਸ਼ਰ੍ਹਾ ਬੀਚ ਦਿਨ ਰੈਨ ਉਮਾਹਤਿ ॥੨੫॥
ਕਹੈਂ ਕਹਾਂ ਲਗਿ ਸ਼ਾਹੁ ਬਡਾਈ।
ਰਾਖਤਿ ਸਾਚ ਪਾਜ ਉਘਰਾਈ[4]।
ਨਹੀਂ ਦੰਭ ਕੋ ਮਾਨਹਿਂ ਨਿਮੋਂ।
ਤੁਮ ਕੋ ਬਡ ਲਖਿ ਭੇਜਯੋ ਹਮੈਂ' ॥੨੬॥
ਸੁਨਿ ਜੈ ਸਿੰਘ ਬੋਲਯੋ ਕਰ ਜੋਰਿ।
ਸ਼ਾਹੁ ਪ੍ਰੇਮ ਕਰਤਾ ਤੁਮ ਓਰ।
ਪ੍ਰਥਮ ਲਾਲਸਾ ਮੇਲ ਕਰਨਿ ਕੀ।
ਬੈਠਿ ਨਿਕਟਿ ਮੁਖ ਸ਼ਬਦ ਸ਼੍ਰਵਨ ਕੀ ॥੨੭॥
ਹੁਇ ਪ੍ਰਸੰਨ ਜੇ ਤੁਮ ਉਰ ਚਾਹੋ।
ਤੌ ਹਜ਼ਰਤ ਕਰਿ ਮਿਲਨਿ ਉਮਾਹੋ।
ਜੇ ਰਾਵਰ ਕਹੁ ਨੀਕੀ ਨਾਹਿਨ।

---

[1]ਉਮਰਾਵਾਂ ਨੇ ਕਹੀ।
[2]ਪਾਤਸ਼ਾਹ ਦੇ ਜੀ ਵਿਚ ਲਾਲਸਾ ਹੈ (ਮਿਲਨ ਦੀ)।
[3](ਜੈ ਸਿੰਘ ਨੂੰ) ਵਿਚ ਪਾ ਕੇ ਬੁਲਾਇਆ ਚਾਹੁੰਦਾ ਹੈ।
[4](ਪਾਜ =) ਝੂਠ ਨੂੰ ਉਘਾੜ ਕੇ ਸੱਚ ਨੂੰ ਰੱਖਦਾ ਹੈ।

ਕਾਰਨ ਅਪਨੇ ਨੇਮ ਨਿਬਾਹਿਨਿ ॥੨੮॥
ਤੌ ਨਿਜ ਮੁਖ ਤੇ ਸ਼ਬਦ ਸੁਨਾਵਹੁ।
ਬੀਚ ਪਾਰਸੀ ਕੇ ਲਿਖਵਾਵਹੁ।
ਸੁਨਤਿ ਪ੍ਰਸੰਨ ਹੋਇ ਹੈ ਸ਼ਾਹੂ।
ਮਿਲਿਬੇ ਸਮ ਜਾਨਹਿ ਮਨ ਮਾਂਹੂ ॥੨੯॥
ਮੁਝ ਪਰ ਹੁਕਮ ਸ਼ਾਹ ਕੋ ਐਸੇ।
ਸਹਿਤ ਪ੍ਰਸੰਨਤਾ ਮਿਲਿ ਹੈਂ ਜੈਸੇ।
ਤੁਮਰੀ ਮਰਜ਼ੀ ਬਰਤੀ ਜਾਇ।
ਜਿਮ ਉਰ ਮੈਂ ਤਿਸ ਕਹੋ ਸੁਨਾਇ' ॥੩੦॥
ਸੁਨਿ ਜੈ ਸਿੰਘ ਤੇ ਸਭਿਨਿ ਬਖਾਨਜੋ।
ਜਥਾ ਜੋਗ ਇਮ ਮਤੋ ਸੁ ਮਾਨਜੋ।
ਸਹਤ ਸ਼ਜ਼ਾਦੇ ਸਭਿ ਕਹਿ ਲੀਨਸਿ।
ਤਬਿ ਸ੍ਰੀ ਸਤਿਗੁਰ ਉੱਤਰ ਦੀਨਸਿ ॥੩੧॥
'ਨਹਿਂ ਮਿਲਿਬੇ ਕੇ ਕਾਰਨ ਜੇਈ।
ਕਹਿ ਕਰਿ ਪਠੇ ਸ਼ਾਹੁ ਢਿਗ ਤੇਈ।
ਪ੍ਰਥਮ ਲਿਯੋ ਸੁਨਿ ਸਕਲ ਬ੍ਰਿਤਾਂਤ।
ਪੁਨ ਤਿਸ ਕੋ ਕਹਿਬੇ ਕਜਾ ਬਾਤ ॥੩੨॥
ਬਿਨਾ ਮਿਲਿਨਿ ਭਾ ਕਿਤਿਕ ਬਿਕਾਰ।
ਮਿਲੇ ਹੋਤਿ ਕਜਾ ਕਰਹਿ ਉਚਾਰ।
ਇੱਤਜਾਦਿਕ ਲਖਿ ਪਿਤਾ ਹਮਾਰੇ।
-ਸ਼ਾਹੁ ਨ ਮਿਲਹੁ- ਕੀਨਿ ਹਟਕਾਰੇ ॥੩੩॥
ਸੋ ਕਹਿਬੋ ਹਮਰੇ ਮਨ ਨਾਲ।
ਉਲੰਘ ਨ ਸਕਹਿਂ ਕਿਮਹੁਂ[1] ਕਿਸ ਕਾਲ।
ਸ਼ਾਹੁ ਮਹਾਂ ਮਤਿਵਾਨ ਸੁਜਾਨਾ।
ਅਸ ਬ੍ਰਿਤੰਤ ਸਭਿ ਲਖਹਿ ਮਹਾਨਾ ॥੩੪॥
ਸਤਿਗੁਰ ਘਰ ਕੋ ਸ਼ਬਦ ਲਿਖੀਜੈ।
ਪਠਹੁ ਬਿਚਾਰਹੁ ਰਿਦੈ ਧਰੀਜੈ।
ਚਲਹੁ ਪੰਥ ਤਿਸ ਸਭਿ ਸੁਖ ਪਾਵਹੁ।
ਜਨਮ ਮਰਨ ਕੋ ਕਸ਼ਟ ਮਿਟਾਵਹੁ' ॥੩੫॥
ਇਮ ਕਹਿ ਸਤ੍ਿਗਰ ਸਬਦ ਉਚਾਰਾ।
ਨਵੀਸਿੰਦ ਸੁਨਿ ਲਿਖਿਬੈ ਤਜਾਰਾ।

---
[1]ਕਿਸੇ ਤਰ੍ਹਾਂ।

ਸ਼੍ਰੀ ਗੁਰ ਨਾਨਕ ਕੇਰ ਬਨਾਯੋ।
ਬੀਚ ਪਾਰਸੀ ਕੇ ਲਿਖਵਾਯੋ ॥੩੬॥

ਸ਼੍ਰੀ ਮੁਖਵਾਕ:
ਮਃ ੧ ॥
ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ[1] ਖਵਾਸੀ[2] ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ[3] ॥੨॥

ਚੌਪਈ: ਸ਼੍ਰੀ ਮੁਖ ਤੇ ਕਹਿ ਸ਼ਬਦ ਲਿਖਾਯੋ।
ਬਿਨ ਸਤਿਨਾਮ ਵਿਰਾਗ ਜਨਾਯੋ।
ਸਭਿ ਤੂਸ਼ਨਿ ਹੁਇ ਬਾਕ ਸੁਨੰਤੇ।
ਗਿਰਾ ਮਧੁਰ ਤੇ ਧੰਨ ਭਨੰਤੇ ॥੩੭॥
ਦਯੋ ਸ਼ਜ਼ਾਦੇ ਕੋ ਸਿਰੁਪਾਇ।
ਮਧੁਰ ਪ੍ਰਸਾਦ ਦੀਨਿ ਮੰਗਵਾਇ।
ਸਾਦਰ ਤਬਿ ਰੁਖ਼ਸਦ ਕੋ ਕਰੇ।
ਨਿਕਸੇ ਉਰ ਪ੍ਰਸੰਨਤਾ ਧਰੇ ॥੩੮॥
ਗਏ ਸ਼ਾਹੁ ਢਿਗ ਬੈਠੇ ਜਾਇ।
ਸਭਿ ਪ੍ਰਸੰਗ ਤਹਿਂ ਕਹ੍ਯੋ ਸੁਨਾਇ।
ਸ਼ਬਦ ਲਿਖ੍ਯੋ ਲੇ ਕਰ ਮਹਿਂ ਸ਼ਾਹੁ।
ਪਠਨਿ ਲਗ੍ਯੋ ਚਿਤ ਧਾਰਿ ਉਮਾਹੂ ॥੩੯॥
-ਸੱਤਿਨਾਮ ਕੀ ਮਹਿਮਾ ਮਹਾਂ।
ਬਿਨ ਸਿਮਰੈ ਬਿਸ਼ਯੈ ਸੁਖ ਕਹਾਂ।
ਮਿੱਥਜਾ ਸਭਿ ਜਗ ਕੀ ਬਡਿਆਈ।
ਬਿਨਾ ਨਾਮ ਨਹਿਂ ਥਿਰਤਾ ਪਾਈ- ॥੪੦॥
ਹਰਖ੍ਯੋ ਉਰ ਅਵਰੰਗ ਲਖਿ ਸਾਚੀ।
ਸ਼ਬਦ ਪ੍ਰਭਾਵ ਬਿਖੈ ਰੁਧਿ ਰਾਚੀ।
ਨਹਿਂ ਆਵਨ ਕੋ ਹੇਤੁ ਸੁਨਾਯੋ।
ਰਿਸ੍ਯੋ ਭ੍ਰਾਤ ਮਤਸਰ ਤਪਤਾਯੋ- ॥੪੧॥
ਸਭਿ ਗੁਨ ਮਹਿਂ ਗੌਰਵ ਪਹਿਚਾਨੇ।

---
[1]ਚੋਬਦਾਰ।
[2]ਚੌਰੀ ਬਰਦਾਰ।
[3]ਸਾਰੇ ਪਦਾਰਥ ਨਾਸ਼ ਰੂਪ ਹਨ।

-ਬਾਲ ਬੈਸ ਬੁਧਿ ਬਲੀ ਮਹਾਨੇ।
ਇਨ ਸੋਂ ਮੇਲ ਕਰਨਿ ਹਠ ਧਰਿ ਕੈ।
ਨਹਿਂ ਨੀਕੀ ਮੁਝ ਲਗੀ-ਬਿਚਰਿਕੈ[1] ॥੪੨॥

ਦੋਹਰਾ: ਪੁਨ ਮਿਲਿਬੇ ਕਹੁ ਸ਼ਾਹਿ ਨੇ, ਹਠ ਕਰਿ ਭਾਖਯੋ ਨਾਂਹਿ।
ਮਨ ਮੈਂ ਅਸ ਨਿਸ਼ਚੈ ਕਰਯੋ, ਕਰਯੋ ਨ ਅਪਰੈ ਪਾਹਿ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ 'ਸ਼੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਤ੍ਰਿਤਾਲੀਸਮੋ ਅੰਸੂ ॥੪੩॥

---

[1]ਬਿਚਾਰਕੇ।

## ੪੪. [ਜੈ ਸਿੰਘ ਦੀ ਪਟਰਾਣੀ ਪ੍ਰੀਖਜਾ]

੪੩<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੫

ਦੋਹਰਾ: ਏਕ ਦਿਵਸ ਤੁਰਕੇਸ਼ ਕਹਿ,
ਜੈ ਪੁਰਿ ਨਾਥ ਕਿ ਸਾਥ।
'ਬਾਲ ਬੈਸ ਸ਼੍ਰੀ ਹਰਿਕ੍ਰਿਸ਼ਨ,
ਨਿਮਹਿਂ ਹਿੰਦੁ ਪਦ ਮਾਥ ॥੧॥

ਚੌਪਈ: ਅਪਰ ਲੋਕ ਜੁਤਿ ਤੁਮ ਭੀ ਕਹ੍ਯੋ।
ਕਰਾਮਾਤ ਸਾਹਿਬ ਬਡ ਲਹ੍ਯੋ।
ਸੁਜਸੁ ਸੁਨਾਵਤਿ ਹੈ ਸਭਿ ਕੋਈ।
ਇਕਿ ਤੇ ਸੁਨਿ ਦੂਸਰ ਸੁਧਿ ਹੋਈ ॥੨॥
ਕਹਾ ਕਹੀ ਹੈ ਸਭਿਹਿਨਿ ਬੀਚ।
ਦੇਖਾ ਦੇਖੀ ਊਚ ਰੁ ਨੀਚ।
ਤੁਮ ਭੀ ਕਬਿ ਪਰਖ੍ਯੋ ਕੈ ਨਾਹਿਂ?
ਪਿਤਾ ਲੀਨਿ ਕੋ ਇਕ ਬਿਧਿ ਕਾਹਿ[1]? ॥੩॥
ਜੇ ਪੂਰਬ ਪਰਖ੍ਯੋ ਨਾਂਹਿ ਕਬੈ।
ਉਚਿਤ ਪਤਾ ਲੈਬੇ ਕਹੁ ਅਬੈ।
ਜਿਮ ਅਜ਼ਮਤ ਕਾਮਲ ਪਹਿਚਾਨਹੁ।
ਸਹਿਤ ਨੰਮ੍ਰਿਤਾ ਤੈਸੇ ਠਾਨਹੁ' ॥੪॥
ਸੁਨਿ ਜੈ ਸਿੰਘ ਬੋਲ੍ਯੋ ਕਰ ਜੋਰਿ।
'ਕੁਛ ਦੁਰਬਾਕ ਨ ਕਹਿਂ ਮੁਝ ਓਰ।
ਅਸ ਪੁਰਖਨਿ ਕੋ ਪਰਖਨਿ ਕਰਨੋ।
ਲਘੁ ਸਰਪਨਿ ਸੋਂ ਖੇਲਨਿ ਬਰਨੋ[2] ॥੫॥
ਜਿਨ ਕੇ ਡਸੇ ਨ ਬਨੈ ਉਪਾਇ।
ਮਤਿ ਬਿਸਾਲ ਕੋ ਉਬਰਿ ਨ ਪਾਇ[3]।
ਤਊ ਆਪ ਕੇ ਕਹਿਬੇ ਕਰਿ ਕੈ।
ਸ਼ਰਧਾ ਦਾਸਨਿ ਸੱਦ੍ਰਸ ਧਰਿ ਕੈ ॥੬॥
ਰਚੌਂ ਬਿਧੀ ਕੋ ਪੂਜਨਿ ਕਰਿਹੌਂ।
ਪੁਨ ਮੈਂ ਤੁਮਰੇ ਨਿਕਟਿ ਉਚਰਿਹੌਂ।'
ਕਹਤਿ ਸ਼ਾਹੁ 'ਮਿਲਿਬੇ ਫਲ ਜੋਈ।

---

[1]ਕਿਸੇ ਤਰ੍ਹਾਂ ਕੋਈ ਇਕ ਪਤਾ (ਨੂੰ) ਬੀ ਲਿਆ ਹੈ?
[2]ਐਸਾ ਵਰਣਨ ਕੀਤਾ ਹੈ ਕਿ ਛੋਟੇ ਸੱਪਾਂ ਨਾਲ ਖੇਲਨ ਤੁੱਲ (ਖਤਰਨਾਕ ਹੈ)।
[3]ਵੱਡਾ ਬੁਧੀਮਾਨ ਭੀ ਕੋਈ ਬਚਾ ਨਹੀਂ ਸਕਦਾ।

ਪਰਖਨਿ ਤੇ ਮੈਂ ਪੈਹਹੁਂ ਸੋਈ' ॥੭॥
ਇਮ ਕਹਿ ਸੁਨਿ ਕੈ ਜੈਪੁਰਿ ਨਾਥ।
ਆਯਹੁ ਸਦਨ ਸੰਦੇਹਨਿ ਸਾਥ[1]।
-ਮੋਰ ਗਰੇ ਨਹਿਂ ਪਰਹਿ ਕੁਫੇਰੀ।
ਸੁਖ ਚਾਹਤਿ ਦੁਖ ਆਇ ਨ ਘੇਰੀ- ॥੮॥
ਦੋਹਰਾ: ਭਈ ਜਾਮਨੀ ਜਾਨਿ ਕੈ,
ਮਿਲੀ ਕਾਮਨੀ ਆਇ।
ਸੁੰਦਰ ਮੰਦਿਰ ਮਹਿਦ ਕੇ,
ਅੰਦਰ ਸੇਜ ਡਸਾਇ ॥੯॥
ਚੌਪਈ: ਨਿਜ ਰਮਨੀ[2] ਸੰਗ ਸਗਲ ਜਨਾਈ।
ਕਥਾ ਗੁਰਨਿ ਕੀ ਜਥਾ ਸੁਨਾਈ।
ਤਿਨ ਕੇ ਪਰਖਨਿ ਕੀ ਬਿਧਿ ਕਰਨੀ।
ਬਾਲ ਆਰਬਲ ਤਨ ਦੁਤਿ ਧਰਨੀ ॥੧੦॥
'ਗੁਰ ਅੰਤਹਿਪੁਰਿ ਆਨਹਿਂ ਕਾਲੀ।
ਪੂਜਹਿਂ ਪਦ ਦਿਖ ਲਿਹੁ ਸੁਖਾਲੀ।
ਮਿਲਹੁ ਸਮੂਹ ਸਗਲ ਰਣਵਾਸ।
ਸਭਿ ਕੀ ਪੂਰਹਿਂ ਸਤਿਗੁਰ ਆਸ ॥੧੧॥
ਜ਼ੇਵਰ ਜਬਰ ਜਵਾਹਰ ਜਰੇ।
ਜਗਮਗ ਜ਼ੇਬ ਜਿਨਹੁਂ ਕੀ ਕਰੇ।
ਮੁਕਤਾ ਲਰੀ ਲਰਕਤੀ ਲਾਰ[3]।
ਅਲੰਕਾਰ ਸਭਿ ਪਹਿਰਹਿਂ ਨਾਰਿ ॥੧੨॥
ਬਰਨ ਬਰਨ ਕੇ ਬਰ ਬਡ ਅੰਬਰ।
ਅਨਿਕ ਰੰਗ ਬਾਰਦ ਜਿਮ ਅੰਬਰ।
ਸਦ੍ਰਿਸ਼ ਦਾਮਨੀ ਦਮਕਹਿਂ ਬੀਚ।
ਰੰਗ ਮਹਿਲ[4] ਮਹਿਂ ਗੰਧਨਿ ਸੀਚਿ[5] ॥੧੩॥
ਸਭਿ ਬੈਠਹਿਂ ਸ਼ਿੰਗਾਰ ਬਨਾਇ।
ਬਸਤ੍ਰ ਬਿਭੂਖਨ ਬਪੁਖ[6] ਸੁਹਾਇ।

---

[1]ਸੰਸਿਆਂ (ਵਾਲੇ ਚਿਤ) ਨਾਲ।
[2]ਇਸਤ੍ਰੀ।
[3]ਨਾਲ। ਕਤਾਰ।
[4]ਰਣਵਾਸ।
[5]ਖੁਸ਼ਬੂਆਂ ਛਿੜਕਾ ਕੇ।
[6]ਸਰੀਰ।

ਸਭਿ ਰਾਨੀ ਮਹਿਂ ਮੁੱਖਜ ਮਹਾਨੀ।
ਮਮ ਮਨ ਕੀ ਪਜਾਰੀ ਪਟਰਾਨੀ! ॥੧੪॥
ਲੇਹੁ ਮੋਟ ਪਟ ਮਲਿਨ ਪੁਰਾਨਾ।
ਨਹਿਂ ਸ਼ਿੰਗਾਰ ਸਜਹੁ ਬਿਧਿ ਨਾਨਾ।
ਸਭਿ ਕੇ ਪਾਛੇ ਕੋਨ ਮਝਾਰ।
ਬੈਠਿ ਰਹਹੁ ਤਰ ਦ੍ਰਿਸ਼ਟੀ ਧਾਰਿ[੧] ॥੧੫॥
ਕਰਹੁ ਮਨੋਰਥ ਮਨ ਮਹਿਂ ਐਸੇ।
-ਜਿਮ ਉਰ ਗੁਰ ਜੌ ਜਾਨਤਿ ਤੈਸੇ[੨]।
ਤੌ ਮਮ ਅੰਕ ਬੈਠਿਹੈਂ ਆਇ[੩]।
ਦੇਉਂ ਉਪਾਇਨ ਕੋ ਪਰਿ ਪਾਇ[੪]- ॥੧੬॥
ਭਈ ਭੋਰ ਤੇ ਇਮ ਕ੍ਰਿਤ ਕੀਜਹਿ।
ਧਰਿ ਸ਼ਰਧਾ ਸਤਿਗੁਰ ਦਰਸੀਜਹਿ।
ਬਡੇ ਭਾਗ ਅਬਿ ਭਏ ਤਿਹਾਰੇ।
ਸਫਲ ਜਨਮ ਹੁਇ ਗੁਰੂ ਨਿਹਾਰੇ' ॥੧੭॥
ਮਤਿ ਇਮ ਕਰਿ ਕੈ ਦੰਪਤਿ ਸੋਏ।
ਸੁਖ ਸੋਂ ਉਠੇ ਪ੍ਰਾਤਿ ਜਬਿ ਹੋਏ।
ਰੰਗ ਮਹਲ ਨੀਕੇ ਸੁਧਰਾਯੋ।
ਮੁਕਰ ਮੂਰਤਨਿ ਬ੍ਰਿੰਦ ਸੁਹਾਯੋ[੫] ॥੧੮॥
ਰੰਗਦਾਰ ਬਰ ਤੁੰਗ ਅਟਾਰੀ।
ਭੀਤਨਿ ਚਾਮੀਕਰ ਲਿਪਕਾਰੀ।
ਤਰੁਵਰੁ ਫੂਲ ਫਲਨਿ ਸੋਂ ਲਿਖੇ।
ਬ੍ਰਿੰਦ ਬਿਹੰਗਮ ਕਰਿ ਤਿਨ ਬਿਖੇ ॥੧੯॥
ਰੁਚਿਰ ਬਚਿੱਤ੍ਰ ਪਵਿੱਤ੍ਰ ਕਰਾਏ।
ਸੱਦ੍ਰਿਸ਼ ਅਰਸ਼[੬] ਫਰਸ਼ ਡਸਵਾਏ।
ਜਹਿਂ ਨਾਨਾ ਬਿਧਿ ਤਨੇ ਬਿਤਾਨਾ[੭]।

---

[੧]ਹੇਠਾਂ ਨਜ਼ਰ ਪਾ ਕੇ।
[੨]ਜੇ ਗੁਰੂ ਜੀ ਉਵੇਂ ਜਾਣਦੇ ਹਨ ਜਿਵੇਂ (ਕਿਸੇ ਦੇ) ਦਿਲ ਵਿਚ ਹੈ। ਭਾਵ ਜੇ ਗੁਰੂ ਜੀ ਦਿਲ ਦੀਆਂ ਜਾਣਦੇ ਹਨ ਤਾਂ.....।
[੩]ਤਾਂ ਮੇਰੀ ਝੋਲੀ ਵਿਚ ਆ ਬੈਠਣ।
[੪]ਪੈਰੀਂ ਪੈ ਕੇ।
[੫]ਸ਼ੀਸ਼ੇ ਤੇ ਮੂਰਤੀਆਂ ਨਾਲ ਸਜਾਇਆ।
(ਅ) ਸ਼ੀਸ਼ੇ ਵਿਚ ਜੜੀਆਂ ਮੂਰਤਾਂ ਨਾਲ।
[੬]ਅਸਮਾਨ ਵਰਗੇ।
[੭]ਚੰਦੋਏ।

ਜ਼ਰੀਦਾਰ ਝਾਲਰ ਝਲਕਾਨਾ ॥੨੦॥
ਬਿਚ ਚੰਦਨ ਚੌਂਕੀ ਰਚਿ ਚਾਰੂ।
ਰਚਨਾ ਚਿੱਤ੍ਰ ਰਚੀ ਦਿਸ਼ਿ ਚਾਰੂ[1]।
ਫਰਸ਼ ਮਖ਼ਮਲੀ ਮੋਤਿਨਿ ਲਰੀ।
ਲਰਕਤਿ ਰੁਚਿਰ ਬਿਰਾਜਤਿ ਖਰੀ ॥੨੧॥
ਝੱਬੇ[2] ਝੂਲਤਿ ਦੁਹਿਦਿਸ਼ਿ ਜ਼ਰੀ।
ਬਡ ਉਪਧਾਨੁ[3] ਧਰਯੋ ਮ੍ਰਿਦੁ ਭਰੀ।
ਇੱਤਯਾਦਿਕ ਸੁਠਿ ਰਚਨ ਰਚਾਈ।
ਨਿਜ ਦੇਖਤਿ ਮਨ ਰਹਿ ਬਿਰਮਾਈ ॥੨੨॥
ਬਹੁਤ ਮੋਲ ਕੇ ਦਿਪਤਿ ਜਵਾਹਰ।
ਨਿਕਸਾਏ ਸੁ ਕੋਸ਼ ਤੇ ਬਾਹਰ।
ਬਸਤ੍ਰ ਬਿਭੂਖਨ ਬਰਨ ਬਰਨ ਕੇ।
ਆਗੈ ਸਤਿਗੁਰ ਹੇਤੁ ਧਰਨਿ ਕੇ ॥੨੩॥
ਸਰਬ ਤਯਾਰ ਵਸਤੂ ਕਰਿਵਾਇ।
ਘਰ ਲਯਾਵਨਿ ਹਿਤ ਚੌਂਪ ਚਢਾਇ।
ਸੁੰਦਰਤਾ ਸਭਿ ਬਿਧਿ ਸੁਧਰਾਈ।
ਜੈਪੁਰਿ ਪਤਿ ਜੈ ਸਿੰਘ ਸਵਾਈ ॥੨੪॥
ਇਤਿ ਸ਼੍ਰੀ ਸਤਿਗੁਰ ਸਭਿ ਬਿਧਿ ਜਾਨੀ।
ਹੇਤੁ ਪਰਖਿਬੇ ਜਸ ਕ੍ਰਿਤ ਠਾਨੀ।
ਅਤਿ ਚਿੰਤਾਤੁਰ ਚਿਤ ਮਹਿਂ ਹੋਏ।
-ਲੇਤਿ ਅੰਤ ਮਨ ਕੁਮਤਿ ਪਰੋਏ[4] ॥੨੫॥
ਹਮ ਜੋ ਚਾਹਤਿ ਵਸਤੁ ਛਪਾਈ।
ਸੋ ਚਿਤ ਬਾਂਛਤਿ ਇਹੁ[5] ਬਿਦਤਾਈ[6]।
ਪ੍ਰਭੁ ਕੇ ਸੰਤ ਜੁ ਲਖਹਿਂ ਭਲੀ ਨ।
ਤਿਮ ਕਰਿਬੇ ਮਹਿਂ ਇਨ ਮਤਿ ਭੀਨ ॥੨੬॥
ਕੁਛ ਤੇ ਕੁਛ ਕਰਤਾ ਧਰਿ ਚਾਉ[7]।

---

[1]ਚਾਰੋਂ ਪਾਸੀਂ ਚਿੱਤ੍ਰਕਾਰੀ ਦੀ ਰਚਨਾਂ ਰਚੀ ਹੈ।
[2]ਛੱਬੇ।
[3]ਤਕੀਆ
[4](ਜੈ ਸਿੰਘ) ਮਨ ਦੀ ਕੁਮਤ ਵਿਚ ਪਰੋਤਾ ਸਾਡਾ ਅੰਤ ਲੈਂਦਾ ਹੈ।
[5]ਭਾਵ ਜੈ ਸਿੰਘ।
[6]ਜ਼ਾਹਰ ਕੀਤੀ ਚਾਹੁੰਦਾ ਹੈ ਕਰਨਾ।
[7]ਚਾਉ ਧਾਰਕੇ ਕੁਛ ਤੋਂ ਕੁਛ ਕਰਨ ਵਾਲੇ ਭਾਵ ਚੇਟਕੀ ਲੋਕ।

ਸੋ ਜਗ ਮਹਿਂ ਦਿਖਰਾਇ ਪ੍ਰਭਾਉ[1]।
ਲੋਕਨਿ ਕੇ ਬਸ ਕਰਿਬੇ ਹੇਤੁ।
ਅਨਿਕ ਘਾਤ ਰਚਿ ਧਨ ਹਿਤ ਲੇਤਿ ॥੨੭॥
ਅਸ ਅਜ਼ਮਤਵਾਨਨਿ ਬਿਰਮਾਏ[2]।
ਨਹਿਂ ਪ੍ਰਲੋਕ ਗਤੀ ਲਖਿ ਪਾਏ।
ਦੋਨਹੁਂ ਭੂਲਤਿ ਹੈਂ ਪ੍ਰਭੁ ਪੰਥਾ।
ਜੋ ਉਪਦੇਸ਼ਕ ਅਰੁ ਲੇ ਸੰਥਾ[3] ॥੨੮॥
ਸਤਿਗੁਰ ਕੇ ਘਰਿ ਨਹਿਂ ਇਕ ਨੀਕੀ[4]।
ਜਿਸ ਤੇ ਹੁਇ ਕੱਲਯਾਨ ਨ ਜੀ ਕੀ।
ਨਾਟਕ ਚੇਟਕ ਕਰਿ ਦਿਖਲਾਵਨਿ।
ਅਨਿਕ ਬਿਧਿਨਿ ਕਰ ਨਰ ਬਿਰਮਾਵਨਿ ॥੨੯॥
ਸੋ ਹਮ ਨੇ ਕਰਨੀ ਬਿਧਿ ਨਾਂਹਿ ਨ।
ਕਰਾਮਾਤ ਦਿਖਰਾਵਹਿਂ ਕਾਹਿ ਨ।
ਇਕ ਅਵਿਲੋਕਤਿ ਦੂਸਰ ਚਾਹੈ[5]।
ਪੁਨ ਕਰਿ ਹਹਿਂ ਕਿਸ ਕਿਸ ਕੇ ਪਾਹੈ ॥੩੦॥
ਪ੍ਰਥਮ ਇਸੀ ਕਾਰਨ ਕੋ ਜਾਨੇ।
ਨਹਿਂ ਆਵਨਿ ਦਿੱਲੀ ਕਹੁ ਮਾਨੇ।
ਇਸ ਕੋ ਪ੍ਰੇਮ ਜਾਨਿ ਚਲਿ ਆਏ।
ਅਬਿ ਕਿਮ ਠਟਹਿਂ ਕੁਮਤਿ ਬਿਚਲਾਏ ॥੩੧॥
ਨਹਿਂ ਦੀਰਘ ਦਰਸੀ ਮਤਿਮੰਦ।
ਨਹਿਂ ਚਾਹਤਿ ਪਰਲੋਕ ਅਨੰਦ।
ਸੱਤਿਨਾਮ ਸਿਮਰਨਿ ਬਿਸਰਾਏ।
ਪ੍ਰਭੁ ਮਾਯਾ ਅਤਿ ਪ੍ਰਬਲ ਭੁਲਾਏ ॥੩੨॥
ਸੇਵਾ ਸੰਤਨਿ ਕੀ ਸ਼ੁਭ ਕਰਿ ਕੈ।
ਪ੍ਰਭੁ ਭਾਣੋ ਮੀਠੋ ਚਿਤ ਧਰਿ ਕੈ।
ਹਉਮੈ ਤਜਿ ਸਿਮਰਨਿ ਹਰਿਨਾਮੁ।
ਇਮ ਕਰਿ ਮਿਲਹਿ ਨਹੀਂ ਦੁਖ ਧਾਮ* ॥੩੩॥

---

[1]ਸੋ ਜਗਤ ਵਿਚ (ਆਪਣਾ) ਪ੍ਰਤਾਪ ਦਿਖਾਂਵਦੇ ਹਨ।
[2]ਐਸੇ ਕਰਾਮਾਤੀਏ (ਜੋ ਲੋਕਾਂ ਨੂੰ) ਭਰਮਾਉਂਦੇ ਹਨ।
[3]ਐਸੇ ਉਪਦੇਸ਼ ਦੇਣ ਵਾਲੇ ਤੇ ਸਿੱਖਿਆ ਲੈਣ ਵਾਲੇ ਦੋਵੇਂ ਰੱਬ ਦੇ ਰਸਤੇ ਤੋਂ ਖੁੰਝ ਜਾਂਦੇ ਹਨ।
[4]ਭਾਵ ਕਰਾਮਾਤ ਦੱਸਣੀ ਦਿਖਲਾਵੇ ਲਈ ਤੇ ਲੋਕਾਂ ਨੂੰ ਵੱਸ ਕਰਨ ਲਈ।
[5]ਇਕ ਦੇਖ ਕੇ (ਫਿਰ) ਦੂਸਰਾ ਚਾਹਵੇਗਾ (ਕਿ ਮੈਨੂੰ ਬੀ ਦਿਖਾਓ)।
*ਪਾ:-ਸਹੀ ਸੁਖ ਧਾਮ।

ਅੰਮ੍ਰਿਤ ਤਜਿ ਬਿਖ ਗਹਿਬੇ ਦੌਰਹਿਂ।
ਰੋਪਿ ਬੰਬੂਰ[1], ਕਲਪਤਰੁ ਤੋਰਹਿਂ।
ਅਤਿ ਅਮੋਲ ਕਰ ਡਾਰਹਿਂ ਹੀਰਾ[2]।
ਫਟਕ ਬਿਹਾਝਹਿਂ ਸ਼ੁਭ ਮਤ ਕੀਰਾ[3]- ॥੩੪॥
ਇੱਤਜਾਦਿਕ ਸੋਚਤਿ ਗਨ ਸੋਚਨਿ।
ਜਨਮ ਮਰਨ ਕੀ ਸੋਚ ਬਿਮੋਚਨ[4]।
ਨ੍ਰਿਪ ਕੋ ਆਵਨਿ ਸਮੈ ਪਛਾਨਿ।
ਇਕ ਘਰ ਪ੍ਰਵਿਸ਼ੇ ਕ੍ਰਿਪਾ ਨਿਧਾਨ ॥੩੫॥
ਸਰਬ ਨਰਨਿ ਕੋ ਤਜਾਗਜੋ ਸੰਗਿ।
ਭਏ ਇਕਾਕੀ ਗੁਰ ਇਕ ਰੰਗ।
ਸਿਹਜਾ ਸੁੰਦਰ ਅੰਦਰ ਘਰ ਕੇ।
ਮ੍ਰਿਦੁ ਡਸਵਾਇ ਪੌਢਿਬੋ ਕਰਿ ਕੇ ॥੩੬॥
ਸੂਖਮ ਬਿਸਦ ਬਸਤ੍ਰ ਤਨ ਲੈ ਕੇ।
ਸ਼੍ਰੀ ਸਤਿਗੁਰ ਥਿਰਤਾ ਨਿਜ ਕੈ ਕੈ।
ਗਤਿ ਲੋਕਨ ਕੀ ਕਰਤਿ ਬਿਚਾਰਨਿ।
-ਬਿਨ ਸੁਧ ਅੰਧੇ ਪਾਵਹਿਂ ਪਾਰ ਨ ॥੩੭॥
ਬਿਸ਼ੈ ਬਿਹਾਰਨਿ[5] ਫਸੇ ਬਿਸਾਲਾ।
ਜਾਇ ਨਰਕ ਪਕਰੇ ਜਮ ਜਾਲਾ।
ਅਨਿਕ ਜੋਨਿ ਜਨਮਨਿ ਅਰੁ ਮਰਨੋ।
ਮਤਿ ਮੂਰਖ ਨਹਿਂ ਕਰਿਬੇ ਹਰਨੋ ॥੩੮॥
ਚਾਹਤਿ ਹੈਂ ਅਜ਼ਮਤ ਕਹੁ ਦੇਖਾ।
ਅਪਨੋ ਲਖਹਿਂ ਨ ਕਾਜ ਬਿਸ਼ੇਖਾ-।
ਸਦਨ ਕਪਾਟ ਅਸੰਜਤਿ ਕਰੇ[6]।
ਅੰਤਰ ਸ਼੍ਰੀ ਹਰਿਕ੍ਰਿਸ਼ਨ ਸੁ ਥਿਰੇ ॥੩੯॥
ਲੋਕ ਨਿਕਟਿ ਤੇ ਸਕਲ ਹਟਾਏ।
ਬੈਠੇ ਦੂਰ ਜਾਇ ਸਮੁਦਾਏ[7]।

---

[1]ਲਗਾ ਕੇ ਕਿੱਕਰ।
[2]....... ਹੀਰਾ ਹੱਥੋਂ ਸੱਟ ਦਿੰਦੇ ਹਨ।
[3]ਸ਼ੁਭ ਮਤਿ ਤੋਂ ਕੰਗਾਲ ਭਾਵ ਮੂਰਖ।
[4]ਦੂਰ ਕਰਨ ਵਾਲੇ (ਸ਼੍ਰੀ ਗੁਰੂ ਜੀ)।
[5]ਵਿਸ਼ਿਆਂ ਤੇ ਵਿਵਹਾਰਾਂ ਵਿਚ।
[6]ਬੰਦ ਕਰ ਲਏ।
[7]ਸਾਰੇ।

ਤਿਨ ਕਪਾਟ ਕੀ ਸਿੰਖਲ ਭੇਰਿ[1]।
ਅੰਤਰ ਟਿਕੇ ਰਹੇ ਤਿਸ ਬੇਰ ॥੪੦॥

ਦੋਹਰਾ: ਜੈਪੁਰਿ ਪਤਿ ਹਰਖਤਿ ਸੁ ਚਿਤ,
ਕਰਿ ਇਕਠੋ ਰਣਵਾਸ।
ਚਹਤਿ ਲਜਾਇਬੋ ਸਤਿਗੁਰੂ,
ਨੰਮ੍ਰਿ ਹੋਇ ਕਰਿ ਦਾਸ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਜੈ ਸਿੰਘ' ਪ੍ਰਸੰਗ ਬਰਨਨੰ ਨਾਮ ਚੋਤਾਲੀਸਮੋ ਅੰਸੂ ॥੪੪॥

---

[1]ਕੁੰਡੇ ਬੰਦ ਕਰਕੇ।

## ੪੫. [ਜੈ ਸਿੰਘ ਗੁਰੂ ਜੀ ਨੂੰ ਲੈਣ ਆਯਾ]

੪੪<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੬

ਦੋਹਰਾ: ਦਿਵਸ ਦੁਪਹਿਰੋ ਢਰਜੋ ਜਬਿ ਸਕਲ ਤਯਾਰ ਕਰਿਵਾਇ।
ਜੈ ਸਿੰਘ ਛਿਤ ਪਤਿ ਤਜਿ ਸਦਨ ਨਿਕਸਜੋ ਵਹਿਰ ਸੁ ਆਇ ॥੧॥

ਚੌਪਈ: ਸਿੰਘ ਪੌਰ ਮਹਿਂ ਆਇ ਥਿਰਜੋ ਹੈ।
ਮੁਜਰੋ[1] ਨਰ ਪਰਧਾਨ ਕਰਜੋ ਹੈ।
ਤਿਸ ਤਿਸ ਥਲ ਪਰ ਸਕਲ ਹਟਾਏ।
ਸਾਦਰ ਸੋ ਕਹਿ ਕਹਿ ਬੈਠਾਏ ॥੨॥
ਏਕਾਕੀ ਆਗੇ ਚਲਿ ਆਯੋ।
ਜਹਿਂ ਸਤਿਗੁਰ ਕੋ ਸਿਵਰ ਕਰਾਯੋ।
ਆਨਿ ਪ੍ਰਵੇਸ਼ਜੋ ਪੌਰ ਮਝਾਰੇ।
ਸਭਿ ਆਗੇ ਉਠਿ ਖਰੇ ਨਿਹਾਰੇ ॥੩॥
ਜੈਪੁਰਿ ਨਾਥ ਅਚਾਨਕ ਆਵਨਿ।
ਲੋਕ ਬਿਲੋਕਤਿ ਭੇ ਬਿਸਮਾਵਨ।
ਜਿਸ ਕੇ ਸਾਥ ਨ ਮਾਨਵ ਭੀਰ।
ਸਭਾ ਪ੍ਰਵੇਸ਼ਨਿ ਕੇ ਨਹਿਂ ਚੀਰ ॥੪॥
-ਕਯੋਂ ਆਯੋਂ ਅਬਿ- ਗਟੀ ਗਿਨੰਤੇ।
-ਕਿਧੌਂ ਸ਼ਾਹੁ ਇਹ ਪਠਜੋ ਤੁਰੰਤੇ-।
ਇਤ ਉਤ ਦੇਖਤਿ ਦ੍ਰਿਗਨਿ ਚਲਾਇ।
ਕਿਸ ਥਲ ਪਿਖੇ ਨ ਗੁਰ ਸੁਖਦਾਇ ॥੫॥
ਸਿੱਖਜਨਿ ਸਾਥ ਨਾਥ ਜੈ ਪੁਰਿ ਕੇ।
ਬੂਝਨਿ ਕਰੇ ਉਤਾਇਲ ਕਰਿਕੇ।
'ਕਹਾਂ ਬਿਰਾਜੇ ਸੁਖਦ ਹਜ਼ੂਰ।
ਡੇਰੇ ਬਿਖੈ ਕਿ ਗਮਨੇ ਦੂਰ ॥੬॥
ਨਿਜ ਥਲ ਨਹੀਂ ਦ੍ਰਿਸ਼ਟਿ ਮੁਝ ਆਇ।
ਤੁਮ ਨਜਾਰੇ ਕਿਮ ਤੇ ਸਮੁਦਾਇ।'
ਸੁਨਿ ਸਿੱਖਜਨਿ ਸਭਿ ਕਹਜੋ ਬੁਝਾਈ।
'ਇਸ ਘਰ ਅੰਤਰ ਪ੍ਰਵਿਸ਼ੇ ਜਾਈ ॥੭॥
ਏਕਾਕੀ ਹੁਇ ਸਕਲ ਹਟਾਏ।
ਕੁਛ ਸਤਿਗੁਰ ਗਤਿ ਲਖੀ ਨ ਜਾਏ।'
ਕਰਿ ਨਿਰਨੈ ਗਮਨਜੋ ਤਿਸ ਘਰ ਕੋ।

---

[1] ਨਮਸਕਾਰ।

ਜਾਤਿ ਬਿਚਾਰਤਿ ਸੰਸੈ ਉਰ ਕੋ ॥੮॥
-ਕਿਸ ਕਾਰਨ ਤੇ ਇਮ ਗੁਰ ਹੋਏ।
ਮੁਖ ਪ੍ਰਸੰਨ ਜਿਨ ਲਖਿ ਸਭਿ ਕੋਏ।
ਮੈਂ ਅਬਿ ਕਰਿ ਕੈ ਸਰਬ ਪ੍ਰਕਾਰ।
ਕਰੌਂ ਖੁਸ਼ੀ ਤਿਨ ਰਿਦੈ ਉਦਾਰ ॥੯॥
ਮਮ ਘਰ ਆਇ ਅਨੰਦਤਿ ਰਹੈਂ।
ਤੌਂ ਕੱਲਯਾਨ ਹਮਾਰੀ ਅਹੈ-।
ਨਿਕਟਿ ਕਪਾਟਨਿ ਕੇ ਜਬਿ ਗਯੋ।
ਹਾਥਨਿ ਸਾਥ ਹਲਾਵਤਿ ਭਯੋ ॥੧੦॥
ਸਿੰਖਲ ਭਿਰੀ ਜਾਨਿ ਥਿਰ ਰਹਯੋ।
ਹੇਤੁ ਹਕਾਰਨਿ ਕੇ ਤਬਿ ਕਹਯੋ।
'ਪ੍ਰਭੁ ਜੀ! ਕਰਹੁ ਕਪਾਟ ਹਟਾਵਨਿ।
ਦਾਸ ਜਾਨਿ ਦਿਹੁ ਦਰਸ਼ਨ ਪਾਵਨ' ॥੧੧॥
ਦੁਇ ਤ੍ਰੈ ਬਾਰ ਹਕਾਰਨਿ ਕਰੇ।
ਬੋਲੇ ਗੁਰ ਨ, ਮੌਨਤਾ ਧਰੇ।
ਊਚੀ ਚੌਥੇ ਹਾਂਕ ਹਕਾਰੀ।
'ਗੁਰ ਜੀ! ਕਰਹੁ ਕਪਾਟ ਉਘਾਰੀ ॥੧੨॥
ਜੈਪੁਰਿ ਪਤਿ ਮੈਂ ਦਾਸ ਤੁਮਾਰਾ।
ਸ਼ਰਨ ਆਪ ਕੀ ਮਮ ਆਧਾਰਾ।
ਮੈਂ ਅਲਪੱਗਯ ਭੂਲ ਕੁਛ ਹੋਈ।
ਤੁਮ ਸਰਬੱਗਯ ਛਿਮਹੁ ਅਬਿ ਸੋਈ ॥੧੩॥
ਆਪ ਕਰਹੁ ਸਮੁਝਾਵਨਿ ਐਸੇ।
ਸੁਤ ਸੋਂ ਕਹਤਿ ਪਿਤਾ ਹਿਤ ਜੈਸੇ।
ਜੋ ਹਮ ਤੇ ਕੁਛ ਬਿਗਰਤਿ ਕਾਮੀ[1]।
ਦਾਸ ਜਾਨਿ ਕਰਿ ਰੋਕਹੁ, ਸ੍ਵਾਮੀ!' ॥੧੪॥
ਇੱਤਯਾਦਿਕ ਜਬਿ ਭਾਖੀ ਬਿਨਤੀ।
ਸੁਨਿ ਸਤਿਗੁਰ ਤਜਿ ਕਰਿ ਸਭਿ ਗਿਨਤੀ।
ਸਿੰਖਲ ਛੋਰਿ ਕਪਾਟ ਉਘਾਰੇ।
ਪੁਨ ਬੈਠੇ ਤਿਸ ਥਲ ਦੁਤਿਵਾਰੇ ॥੧੫॥
ਜੈਪੁਰਿ ਪਤਿ ਪ੍ਰਵੇਸ਼ ਤਬਿ ਭਯੋ।
ਅੰਤਰ ਹੋਇ ਦਰਸ ਗੁਰ ਲਯੋ।

---

[1]ਕੰਮ।

ਨੀਚੇ ਕਰੇ ਬਿਲੋਚਨ ਬੈਸੇ।
ਊਪਰ ਦ੍ਰਿਸ਼ਟਿ ਕੀਨਿ ਨਹਿਂ ਕੈਸੇ ॥੧੬॥
ਨ੍ਰਿਪ ਬੰਦਨ ਕਰਿ ਥਿਤ ਭਾ ਪਾਸ।
ਜੋਰਤਿ ਹਾਥ ਭਨਤਿ ਅਰਦਾਸ।
ਤਰੇ ਡਸਾਵਨਿ ਕੁਛ ਨਹਿਂ ਕਰਜੋ।
ਬੈਨਿ ਦੀਨ ਹੁਇ ਬਚਨ ਉਚਰਜੋ ॥੧੭॥
ਸ੍ਰੀ ਸਤਿਗੁਰ! ਕਿਮ ਚਿੰਤ ਮਝਾਰੇ?
ਕੋ ਕਾਰਨ ਭਾ ਕਰਹੁ ਉਚਾਰੇ?
ਮੇਰੋ ਸਦਨ ਆਪਨੋ ਜਾਨਹੁ।
ਸਭਿ ਪਰ ਮੁਖ ਤੇ ਹੁਕਮ ਬਖਾਨਹੁ ॥੧੮॥
ਅੰਤਹਪੁਰ ਮੈਂ ਦਾਸੀ ਗਨ ਹੈਂ।
ਕਰਹਿਂ ਸਰਬ ਸੇਵਾ ਚਹਿਂ ਮਨ ਹੈਂ[1]।
ਸੈਨਾ ਕੋਸ਼ ਦੇਸ਼ ਸਮੁਦਾਇ।
ਸਕਲ ਆਪ ਕੇ ਲਖਹੁਂ ਸਦਾਇ ॥੧੯॥
ਸਭਿ ਸਮਾਜ ਜੁਤਿ ਮੈਂ ਹੌਂ ਦਾਸ।
ਚਹਹੁ, ਕਹੀ ਜਹਿ ਸੋ ਮਮ ਪਾਸ[2]।
ਕੋ ਕੁਕਾਜ ਦਿਹੁ ਤਨਕ ਜਨਾਇ[3]।
ਸਭਿ ਤਜਿ ਤਿਸ ਕੋ ਕਰੌਂ ਉਪਾਇ ॥੨੦॥
ਸ਼ਾਹੁ ਸੰਗ ਰਾਖਜੋ ਰਸ ਰੰਗ।
ਉਤ ਕੀ ਚਿੰਤ ਨ ਕਰਹੁ ਨਿਸ਼ੰਗ।
ਸਭਿ ਕੇ ਕਾਰਜ ਆਪ ਪੁਜਾਵਹੁ।
ਅਪਨੋ ਨੀਕੋ ਕਜੋਂ ਨ ਬਨਾਵਹੁ ॥੨੧॥
ਹਮਰੇ ਮਹਿਂ ਕਜਾ ਸ਼ਕਤਿ ਗੁਸਾਈਂ!
ਜੋ ਰਾਵਰ ਕੇ ਹੋਇਂ ਸਹਾਈ।
ਕੇਵਲ ਦਾਸ ਦੇਨਿ ਬਡਿਆਈ।
ਸ੍ਰੀ ਮੁਖ ਤੇ ਕੁਛ ਦਿਹੁ ਫੁਰਮਾਈ ॥੨੨॥
ਅਬਿ ਮਿਲਿਬੇ ਕਹੁ ਸ਼ਾਹੁ ਨ ਚਾਹਤਿ।
ਤੁਮਰੀ ਮਰਜ਼ੀ ਬਿਖੈ ਉਮਾਹਤਿ।
ਜੇ ਕਰਿ ਮੁਝ ਤੇ ਭਯੋ ਬਿਗਾਰੇ।

[1]ਸਾਰੀਆਂ ਮਨ ਵਿੱਚ ਚਾਹੁੰਦੀਆਂ ਹਨ ਕਿ ਸੇਵਾ ਕਰੀਏ।
[2](ਜੇ) ਵਸਤੂ ਚਾਹੀਦੀ ਹੋਵੇ ਸੋ ਮੇਰੇ ਪਾਸ ਕਹੋ।
[3]ਕਿਹੜਾ ਕੰਮ ਖੋਟਾ ਹੋਇਆ ਹੈ ਰਤਾ ਮਾਤ੍ਰ ਜਣਾ ਦਿਓ।

ਛਿਮਹੁ ਆਪ ਦਿਹੁ ਬੁੱਧਿ ਉਦਾਰੇ* ॥੨੩॥
ਲੇਨਿ ਨ ਦੇਨਿ ਨ ਦਰਸ਼ਨ ਤੁਰਕਾ।
ਪੁਜਯੋ ਨੇਮ ਇਹ, ਕੀਨਿ ਜੁ ਧੁਰ ਕਾ।'
ਇੱਤਯਾਦਿਕ ਸੁਨਿ ਕੈ ਨ੍ਰਿਪ ਬੈਨ।
ਸ੍ਰੀ ਸਤਿਗੁਰੂ ਉਠਾਏ ਨੈਨ ॥੨੪॥
ਭੂਪਤਿ ਦਿਸ਼ਾ ਦੇਖਿ ਕਰਿ ਕਹ੍ਯੋ।
'ਗੁਰ ਸੰਤਨਿ ਜੁ ਛਪਾਵਨਿ ਚਹ੍ਯੋ।
ਸੋ ਜਗ ਕੇ ਨਰ ਚਹਿਂ ਬਿਦਤਾਵਨਿ।
ਪਰ ਪੂੰਜੀ ਕਹੁ ਕਰਿ ਦਰਸਾਵਨਿ ॥੨੫॥
ਕੋ ਅਪਨੋ ਧਨ ਦੇਹਿ ਦਿਖਾਈ[1]।
ਕਰਿ ਉਪਾਇ ਸਭਿ ਲੇਹਿਂ ਦੁਰਾਈ।
ਪਰ ਧਨ ਕੋ ਦੇਖਨਿ ਕੇ ਕਾਰਨ।
ਕਰਹਿਂ ਅਨਿਕ ਬਿਧਿ ਜੋ ਉਪਚਾਰਨਿ[2] ॥੨੬॥
ਧਨੀ ਨ ਆਛੋ ਮਾਨਹਿਂ ਤਾਂਹੀ।
ਅਨੁਸਾਰੀ ਹੁਇ ਦੁਖ ਤਿਸ ਨਾਂਹੀ[3]।'
ਕਹ੍ਯੋ ਗੁਰੂ ਕੋ ਸਮੁਝ੍ਯੋ ਰਾਇ।
ਤਊ ਠਟੀ ਬਿਧਿ ਕੋ ਚਿਤ ਚਾਇ ॥੨੭॥
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਸਭਿ ਅੰਤਹਿਪੁਰ ਜੋ ਮਮ ਨਾਰੀ।
ਰਾਵਰ ਕੇ ਦਰਸ਼ਨ ਕੋ ਬਾਂਛਹਿ।
ਸੁਨਿ ਸੁਨਿ ਸੁਜਸੁ ਸਭਿਨਿ ਤੇ ਆਛਹਿ ॥੨੮॥
ਬਹੁ ਤਯਾਰੀ ਕਰਿ ਕੈ ਰਣਵਾਸ।
ਮੈਂ ਬਿਲੋਕਿ ਆਯੋ ਤੁਮ ਪਾਸ।
ਹੋਹਿ ਅਵੱਗਯਾ ਛਮਾ ਕਰੀਜੈ।
ਦਾਸ ਜਾਨਿ ਨਿਜ ਬਿਰਦ ਰਖੀਜੈ ॥੨੯॥
ਦਰਸ ਦੇਖਿਬੇ ਚਾਹ ਬਿਸ਼ੇਖਨਿ।
ਸਭਿ ਹੀ ਕਰਹਿਂ ਪੰਥ ਕਉ ਦੇਖਨਿ।
ਪੂਰਨ ਪੁਰਖ ਪ੍ਰੇਮ ਕੇ ਬਸਿ ਹੋ।

---

*ਪਾ:-ਉਚਾਰੇ।
[1]ਕੌਣ ਆਪਣਾ ਧਨ ਦਿਖਾਉਂਦਾ ਹੈ।
[2]ਜੋ ਜਤਨ ਕਰਦੇ ਹਨ।
[3](ਪਰ ਜੋ) ਅਨੁਸਾਰੀ ਹੋਵੇ (ਭਾਵ ਪਰਾਇਆ ਧਨ ਦੇਖਣ ਦੀ ਚਾਹ ਨਾ ਰਖੇ) ਤਿਸਨੂੰ ਕੋਈ ਦੁੱਖ ਨਹੀਂ ਹੁੰਦਾ।

ਅਪਰਨਿ ਕੇਰ ਸ਼ਿਰੋਮਣਿ ਲਸ ਹੋ ॥੩੦॥
ਚਰਣਾਂਬੁਜ[1] ਕੋ ਪਾਇ ਨਿਕੇਤ।
ਮੁਝ ਕੋ ਸਭਿ ਪਰਿਵਾਰ ਸਮੇਤ।
ਕਰਹੁ ਕ੍ਰਿਤਾਰਥ ਦੀਨਾਨਾਥ!
ਸਿਰ ਪਰ ਧਰਹੁ ਸ ਕਰੁਨਾ ਹਾਥ[2] ॥੩੧॥
ਅਪਨੋ ਜਾਨਿ ਸੰਭਾਰਿ ਕਰਿਅਹਿ।
ਬਿਘਨ ਅਨੇਕਨਿ ਕੋ ਪਰਿਹਰੀਅਹਿ।
ਜਥਾ ਪੁੱਤ੍ਰ ਨਿਜ ਪਿਤਾ ਅਗਾਰੀ।
ਕਰਹਿ ਅਵੱਗਜਾ ਸੁਮਤਿ ਬਿਸਾਰੀ ॥੩੨॥
ਤਊ ਪਿਤਾ ਸੁ ਪ੍ਰਸੰਨਤਾ ਠਾਨਹਿ।
ਅਵਗੁਨ ਜਾਨਿ ਰਿਦੈ ਨਹਿਂ ਆਨਹਿ।
ਇਸ ਪ੍ਰਕਾਰ ਜੇ ਜਾਨਹੁ ਮੋਹੀ।
ਤੌ ਹਮਰੋ ਸਭਿ ਬਿਧਿ ਭਲ ਹੋਹੀ ॥੩੩॥
ਅਵਗੁਨ ਮਨ ਮਹਿਂ ਕੋ ਨ ਚਿਤਾਰਹੁ।
ਪਿਤਾ ਸਮਾਨ ਸਦਾ ਪ੍ਰਤਿਪਾਰਹੁ।
ਅਬਿ ਰਣਵਾਸਹਿ[3] ਪੂਰਹੁ ਆਸਾ।
ਮੈਂ ਦੇ ਕਰਿ ਆਯੋ ਭਰਵਾਸਾ' ॥੩੪॥
ਸ਼੍ਰੀ ਹਰਿਕ੍ਰਿਸ਼ਨ ਸੁਨੇ ਬਚ ਦੀਨ।
ਫੇਰਜੋ ਜਾਇ ਨ ਬਾਕ ਪ੍ਰਬੀਨ।
ਜੈਪੁਰਿ ਨਾਥ ਕੀਨਿ ਸੁਨਿ ਬਿਨਤੀ
ਸਰਬ ਪ੍ਰਕਾਰ ਤਜੀ ਗੁਰ ਗਿਨਤੀ ॥੩੫॥
ਹੋਏ ਤਯਾਰ ਚਲਨਿ ਕਹੁ ਸਾਥ।
ਭਰਯੋ ਪਰਖ ਹੇਰਤਿ ਨਰ ਨਾਥ।
ਵਹਿਰ ਆਇ ਬੈਠੇ ਗੁਨ ਖਾਨੀ।
ਦਾਸਨਿ ਤੇ ਮੰਗਵਾਇਵ ਪਾਨੀ ॥੩੬॥
ਕਰ ਅਰੁ ਚਰਨ ਪਖਾਰਨਿ ਕਰੇ।
ਬਦਨ ਪਖਾਰਯੋ ਅੰਜੁਲ ਭਰੇ।
ਸਾਥ ਰੁਮਾਲ ਪੌਂਛਿਬੋ ਕੀਨਿ।
ਸਿਰ ਚੀਰਾ ਬੰਧਯੋ ਦੁਤਿ ਭੀਨ ॥੩੭॥

---

[1]ਚਰਨ ਕਵਲ।
[2]ਮੇਹਰ ਵਾਲਾ ਹੱਥ।
[3]ਭਾਵ ਰਾਣੀਆਂ ਦੀ।

ਊਪਰ ਸੁੰਦਰ ਜਿਗਾ ਸੁਧਾਰੀ।
ਕੰਚਨ ਮਯ ਹੀਰਨਿ ਮੁਲ ਭਾਰੀ।
ਸ਼੍ਰੀ ਗੁਰ ਕੇ ਸਿਰ ਪਰ ਸ਼ੁਭ ਸਾਜੇ।
ਬਰ ਸਰੂਪ ਤੇ ਰਤਨ ਬਿਰਾਜੇ ॥੩੮॥
ਅਤਿ ਸੂਖਮ ਅੰਬਰ ਕੋ ਜਾਮਾ।
ਗੋਟਾ ਲਗਯੋ ਦੁਕੂਲ ਭਿਰਾਮਾ।
ਪਨਹੀ ਪਾਇਨਿ ਪਾਇ ਭਲੇਰੀ।
ਸੁੰਦਰ ਸਜਤਿ ਸ ਜ਼ਰੀ[1] ਘਨੇਰੀ ॥੩੯॥
ਹਾਥ ਗਹੀ ਫੂਲਨਿ ਕੀ ਛਰੀ।
ਬਹੁਤ ਮੋਲ ਕੀ ਸ਼ੋਭਤਿ ਖਰੀ।
ਭਏ ਤਯਾਰ ਚਲਿਬੇ ਕਹੁ ਸਾਥ।
ਦੇਖਤਿ ਹਰਖਯੋ ਜੈਪੁਰਿ ਨਾਥ ॥੪੦॥
ਸਭਿ ਸੇਵਕ ਤਹਿਂ ਬਰਜਨਿ ਕਰੇ।
'ਸਾਥ ਨ ਚਲਹੁ ਰਹਹੁ ਇਤ ਥਿਰੇ।'
ਆਪ ਗ਼ਰੀਬ ਨਿਵਾਜ ਸਿਧਾਰੇ।
ਤਿਸ ਮੂਰਤਿ ਪਰ ਕਵਿ ਬਲਿਹਾਰੇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਜੈ ਸਿੰਘ' ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮ ਅੰਸੂ ॥੪੫॥

[1]ਜ਼ਰੀ ਸਹਤ।

## ੪੬. [ਪਟਰਾਣੀ ਪਛਾਣੀ]

੪੫<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੭

ਦੋਹਰਾ: ਹੋਇ ਤਯਾਰ ਸ਼੍ਰੀ ਸਤਿਗੁਰੂ,
ਨਿਕਸੇ ਡੇਰਾ ਛੋਰਿ।
ਸੰਗ ਨਰਿੰਦ ਅਨੰਦ ਯੁਤਿ,
ਚਲਿ ਅੰਤਹਿ ਪੁਰਿ ਓਰ ॥੧॥
ਚੌਪਈ: ਸਾਦਰ ਬੋਲਤਿ ਸਤਿਗੁਰੁ ਸਾਥ।
ਨਗਨ ਪੈਰ ਗਮਨਤਿ ਨਰ ਨਾਥ।
ਸਿੰਘ ਪੌਰ ਜਬਿਹੂੰ ਚਲਿ ਆਏ।
ਹੇਰਤਿ ਉਠੇ ਲੋਕ ਸਮੁਹਾਏ ॥੨॥
ਰਾਜੇ ਕੋ ਸਭਿ ਮੁਜਰੋ[1] ਕਰੈਂ।
ਗੁਰ ਕੇ ਚਰਨ ਕਮਲ ਸਿਰ ਧਰੈਂ।
ਬੰਦਤਿ ਚਹੁੰ ਦਿਸ਼ਿ ਤੇ ਪ੍ਰਵਿਸ਼ਾਏ।
ਅੰਤਰ ਗਏ ਸਦਨ ਸੁਧਰਾਏ ॥੩॥
ਪਿਖ੍ਯੋ ਚੌਂਕ ਚੌਕੋਨ ਸੁ ਚਾਰੂ।
ਚਾਰਹੁੰ ਦਿਸ਼ਿ ਘਰ ਬਨੇ ਉਦਾਰੂ।
ਪੁਨ ਸੌਪਾਨਨਿ[2] ਪਰ ਆਰੂਢੇ।
ਮੰਦ ਮੰਦ ਸ਼੍ਰੀ ਗੁਰ ਗੁਨ ਗੂਢੇ ॥੪॥
ਫੂਲ ਛਰੀ ਕੋ ਚਪਲ ਕਰੰਤੇ।
ਕਬਹਿ ਭ੍ਰਮਾਇ ਉਤੰਗ ਉਠੰਤੇ।
ਮੰਦਿਰ ਸੁੰਦਰ ਅੰਦਰ ਗਏ।
ਚਿੱਤ੍ਰ ਬਚਿੱਤ੍ਰ, ਜਹਾਂ ਬਹੁ ਕਿਏ ॥੫॥
ਉਪਬਨ ਲਿਖ੍ਯੋ ਫੂਲ ਫਲ ਨਾਨਾ।
ਕੇਹਰਿ, ਕਰੀ[3], ਕੁਰੰਗ ਮਹਾਨਾ।
ਕੀਰ[4], ਕਬੂਤਰ, ਕੋਕਿਲ[5], ਕੇਕੀ[6]।
ਮ੍ਰਿਗ, ਖਗ, ਸੁੰਦਰ ਬਰਨ ਅਨੇਕੀ ॥੬॥
ਅਧਿਕ ਉਤੰਗ ਸ਼ਿਖਰ ਜਿਨ ਕੇਰੇ।

---

[1]ਨਮਸਕਾਰ।
[2]ਪੌੜੀਆਂ।
[3]ਹਾਥੀ।
[4]ਤੋਤੇ।
[5]ਕੋਇਲਾਂ।
[6]ਮੋਰ।

ਚਾਮੀਕਰ ਕੇ ਕਲਸ ਬਡੇਰੇ।
ਮਨਹੁਂ ਸਰਦ ਰਿਤੁ ਕੇ ਘਨ ਸੋਹੈਂ।
ਬਿਸਦ ਬਰਨ ਹੇਰਤਿ ਮਨ ਮੋਹੈਂ ॥੭॥
ਅਧਿਕ ਬਿਲੰਦ ਸਦਨ ਇਕ ਮਾਂਹੀ।
ਤਨਜੋ ਚੰਦੋਵਾ ਬਹੁ ਦੁਤਿ ਜਾਂਹੀ।
ਜ਼ਰੀਦਾਰ ਝਾਲਰ ਲਰਕੰਤੀ।
ਰੇਸ਼ਮ ਕੀ ਡੋਰੈਂ ਜਿਸ ਅੰਤੀ[੧] ॥੮॥
ਚੌਕੀ ਚੰਦਨ ਕੀ ਤਿਹ ਤਰੇ।
ਤਿਸ ਸਨਮੁਖ ਨ੍ਰਿਪ ਨੇ ਗੁਰ ਕਰੇ।
ਰਿਦੇ ਠਟੀ ਬਿਧਿ ਅਜ਼ਮਤ ਹੇਰਨਿ।
ਮੁਖ ਤੇ ਬੈਠਨਿ ਹਿਤ ਕਰਿ ਪ੍ਰੇਰਨਿ ॥੯॥
ਤਨ ਸੁਮੱਧਮਾ[੨], ਪੰਕਜ ਨੈਨੀ।
ਕੀਰ ਨਾਸਕਾ[੩], ਕੋਕਿਲ ਬੈਨੀ।
ਦੁਤਿ ਕਮਨੀਯ[੪] ਸੈਂਕਰੇ ਕਾਮਨਿ[੫]।
ਬੈਠੀ ਦੇਹ ਧਰੇ ਜਨੁ ਦਾਮਨਿ[੬] ॥੧੦॥
ਬਰਨ ਬਰਨ ਕੇ ਅੰਬਰ ਬਰ ਹੈਂ।
ਤਰੁਨ ਛਬੀਲੀ ਗਨ ਤਨ ਧਰਿ ਹੈਂ।
ਬਸਤ੍ਰ ਬਿਭੂਖਨ ਮੋਲ ਬਡੇਰੇ।
ਪਹਿਰੇ ਬੈਠੀ ਨਾਰਿ ਚੁਫੇਰੇ ॥੧੧॥
ਮੁਕਤਾ ਲਰੀ ਸੁ ਹੀਰਨਿ ਜਰੇ।
ਚਾਮੀਕਰ[੭] ਸੁੰਦਰ ਬਹੁ ਘਰੇ।
ਬਿਨਾ ਪਟੰਬਰ ਤੀਯ ਨ ਕੋਈ।
ਬਿਨਾ ਜਰਾਉ ਨ ਭੂਖਨ ਹੋਈ[੮] ॥੧੨॥
ਬਸਤ੍ਰ ਬਿਭੂਖਨ ਬਿਖੈ ਸਮਾਨ।
ਬਨਿ ਬੈਠਜੋ ਰਣਵਾਸ ਮਹਾਨ।

---

[੧]ਜਿਸ ਦੇ ਸਿਰੇ ਤੇ।
[੨]ਜੋਬਨ ਭਰੇ ਸਰੀਰ
[ਸੰਸ: ਮੱਧਜਮਾ = ਮੁਟਿਆਰ ਅਵਸਥਾ ਨੂੰ ਪ੍ਰਾਪਤ ਇਸਤ੍ਰੀ। ਸਮਧਜਮਾਂ = ਸੁੰਦਰ ਲੱਕ ਵਾਲੀ]
[੩]ਤੋਤੇ ਵਸ ਨਾਸਾਂ ਵਾਲੀਆਂ।
[੪]ਸ਼ੋਭਾ ਜਿਨ੍ਹਾਂ ਦੀ ਮਨੋਹਰ ਹੈ [ਸੰਸ: ਕਮਨੀਯ:]
[੫]ਇਸਤ੍ਰੀਆਂ।
[੬]ਮਾਨੋਂ ਬਿਜਲੀ ਸਰੀਰ ਧਾਰੀ ਬੈਠੀ ਹੈ।
[੭]ਸੋਨਾ।
[੮]ਭਾਵ ਗਹਿਣੇ ਸਾਰੇ ਜੜਾਊ ਸਨ।

ਸਰਬ ਸ਼ਿਰੋਮਨਿ ਸੁਠ ਪਟਰਾਨੀ।
ਮਲਿਨ ਬੇਸ ਕਰਿ ਇੱਛਾ ਠਾਨੀ ॥੧੩॥
-ਸਰਬ ਗਜਾਤ ਉਰ ਜੇ ਗੁਰ ਸ੍ਵਾਮੀ।
ਸਭਿ ਘਟ ਘਟ ਕੇ ਅੰਤਰਜਾਮੀ।
ਤੌ ਉਛੰਗ[1] ਮਮ ਬੈਠਹਿਂ ਆਈ।
ਪਿਖਿ ਅਜ਼ਮਤ ਮੈਂ ਪਰਿਹੌਂ ਪਾਈ- ॥੧੪॥
ਕਰੇ ਮਨੋਰਥ ਅਸ ਮਨ ਲੋਨੇ।
ਬਿਨ ਆਸਨ ਬੈਠੀ ਵਿਚ ਕੋਨੇ।
ਸ੍ਰੀ ਗੁਰ ਖੇਲਨਿ ਹੇਤੁ ਖਿਲੌਨੇ।
ਅਸੁ[2] ਘਰਿਵਾਇ ਰਖੇ ਢਿਗ ਤੌਨੇ[3] ॥੧੫॥
ਚਾਮੀਕਰ ਕੇ ਪੰਚ ਬਨਾਏ[4]।
ਹੀਰਨਿ ਮੁਕਤਾ ਬ੍ਰਿੰਦ ਜਰਾਏ।
ਪੰਚ ਰਜਤ ਤੇ ਸੁੰਦਰ ਘਰੇ।
ਜਨੁ ਕੁਦਤਿ ਅਸਵਾਰਨਿ ਤਰੇ ॥੧੬॥
ਪੰਚ ਮ੍ਰਿਤੱਕਾ ਕੇ ਕਰਿਵਾਏ।
ਅਨਿਕ ਭਾਂਤਿ ਕੇ ਰੰਗ ਲਗਾਏ।
ਬਸਤ੍ਰਨਿ ਸਾਥ ਅਛਾਦਨਿ ਕਰੇ।
-ਮਿਲੇ ਦੇਯ ਹੌਂ- ਢਿਗ ਨਿਜ ਧਰੇ ॥੧੭॥
ਸ੍ਰੀ ਸਤਿਗੁਰ ਜਬਿ ਕੀਨਿ ਪ੍ਰਵੇਸ਼ੂ।
ਸਮੁਖ ਬਿਲੋਚਨ ਕਰੇ ਅਸ਼ੇਸ਼ੂ[5]।
ਇੰਦੀਬਰ ਜਨੁ ਸੁੰਦਰ ਬਨੀ[6]।
ਅਰਕ[7] ਬਿਲੋਕੇ ਬਿਕਸੀ ਘਨੀ ॥੧੮॥
ਏਕ ਬਾਰ ਸਭਿਹਿਨਿ ਕਰ ਜੋਰੇ।
ਕਰੀ ਬੰਦਨਾ ਸਭਿ ਗੁਰ ਓਰੇ।
ਨ੍ਰਿਪ ਆਇਸੁ ਤੇ ਬਾਲ ਕੁਲੀਨ[8]।

---

[1]ਗੋਦੀ।
[2]ਘੋੜੇ।
[3]ਉਸ ਨੇ।
[4]ਪੰਜ (ਘੋੜੇ) ਸੋਨੇ ਦੇ ਬਣਵਾਏ ਸਨ।
[5]ਸਾਰੀਆਂ ਨੇ।
[6]ਮਾਨੋਂ ਕਵਲਾਂ ਦੀ ਸੁਹਣੀ ਬਗੀਚੀ ਹੈ।
[7]ਸੂਰਜ ਭਾਵ ਗੁਰੂ ਜੀ।
[8]ਕੁਲੀਨ ਇਸਤ੍ਰੀਆਂ।

ਨਿਜ ਨਿਜ ਥਲ ਥਿਤ ਰਹੀ ਉਠੀ ਨ ॥੧੯॥
ਨਿੰਮ੍ਰਿ ਹੋਇ ਹੇਰਤਿ ਗੁਰ ਸੂਰਤਿ।
ਸੁੰਦਰ ਮ੍ਰਿਦੁਲ ਮਨੋਹਰ ਮੂਰਤਿ।
ਬੈਠੀ ਅਬਲਾ ਸਭਿ ਧਰਿ ਮੌਨ।
ਪੂਰਨ ਭਰਜੋ ਭੌਨ ਚਹੁੰਕੌਨ ॥੨੦॥
ਇਸਤ੍ਰਿਨਿ ਮਹਿਂ ਗੁਰ ਪ੍ਰਵਿਸ਼ੇ ਜਾਈ।
ਫੂਲ ਛਰੀ ਨਿਜ ਹਾਥ ਉਠਾਈ।
ਨਿਕਟਿ ਤ੍ਰਿਯਾ ਕੇ ਸਿਰ ਪਰ ਹਨੀ।
'ਨਹਿਂ ਪਟਰਾਨੀ' ਮੁਖ ਇਮ ਭਨੀ ॥੨੧॥
ਪੁਨ ਦੂਸਰ ਕੇ ਸੀਸ ਲਗਾਈ।
'ਨਹਿਂ ਇਹੰ, ਪੁਨ ਤੀਸਰ ਸਿਰ ਲਾਈ।
ਇਸੀ ਰੀਤਿ ਸਭਿ ਕੇ ਸਿਰ ਮਾਰੈਂ।
'ਨਹਿਂ ਪਟਰਾਨੀ' ਮੁਖਹੁਂ ਉਚਾਰੈਂ ॥੨੨॥
ਸਭਿਨਿ ਉਲੰਘਤਿ ਜਾਤਿ ਅਗਾਰੀ।
ਮੁਖ ਤੇ ਕਹੈਂ ਸੀਸ ਪਰ ਮਾਰੀ।
ਅਬਲਾ ਘਨੀ ਸੰਘਨੀ ਬੈਸੀ।
ਗਮਨਤਿ ਅੱਗ੍ਰ ਕਰਤਿ ਬਿਧਿ ਤੈਸੀ ॥੨੩॥
ਫੂਲ ਛਰੀ ਦਾਹਨ ਕਰ ਮਾਂਹੀ।
ਤ੍ਰਿਯ ਪਰ ਬਾਂਮ[1] ਟਿਕਾਵਤਿ ਜਾਹੀਂ।
ਉਲੰਘਿ ਉਲੰਘਿ ਸਗਰੋ ਰਣਵਾਸੇ।
'ਨਹਿਂ ਪਟਰਾਨੀ' ਮੁਖਹੁਂ ਪ੍ਰਕਾਸ਼ੇ ॥੨੪॥
'ਬਸਤ੍ਰ ਬਿਭੂਖਨ ਆਸਨ ਆਛੇ[2]।'
ਕਹਿ ਇਮ ਤਜਾਗ ਚਲੇ ਤ੍ਰਿਯ ਪਾਛੇ।
ਬਿਸਮਹਿ ਜੈਪੁਰਿ ਨਾਥ ਬਡੇਰੇ।
ਪਾਛੇ ਚਲਜੋ ਜਾਤਿ ਗੁਰ ਹੇਰੇ ॥੨੫॥
ਸਭਿ ਅਬਲਾ ਮਨ ਮਾਨਿ ਅਚੰਭਾ।
-ਪ੍ਰਗਟ ਕਰਤਿ ਗੁਰ, ਕੀਨਿ ਜੁ ਦੰਭਾ-।
ਪਟਰਾਨੀ ਸਭਿ ਕੇ ਪਸ਼ਚਾਤੀ।
ਬੈਠੀ ਮਲਿਨ ਬੇਸ ਹਰਖਾਤੀ ॥੨੬॥
ਭੌਨ ਕੋਨ ਮਹਿਂ ਮੌਨ ਮਹਾਨੀ।

---

[1]ਖੱਬੇ ਪਾਸਿਓਂ।
[2]ਗਹਿਣੇ ਬਸਤਰ ਤੇ ਆਸਨ ਚੰਗੇ ਹਨ (ਪਰ ਪਟਰਾਣੀ ਨਹੀਂ)।

ਆਸਨ ਹੀਨ, ਆਸ ਗੁਰ ਠਾਨੀ[1]।
ਚਲਤਿ ਚਲਤਿ ਤਿਸ ਨਿਕਟਿ ਪਹੂਚੇ।
ਤਊ ਨ ਪਿਖਤਿ ਨੈਨ ਕਰਿ ਊਚੇ ॥੨੭॥
ਉਤਲਾਵਤਿ ਗੁਰ ਤਹਿਂ ਚਲਿ ਗਏ।
ਦਾਰ ਮਹੀਪ[2] ਸਮੀਪੀ ਭਏ।
ਖਰੇ ਹੋਇ ਕਹਿਂ ਸ਼੍ਰੀ ਮੁਖਬਾਨੀ।
'ਸਭਿਨਿ ਸ਼ਿਰੋਮਣਿ ਤੂੰ ਪਟਰਾਨੀ' ॥੨੮॥
ਸੁਨਤਿ ਸ਼੍ਰੋਨ ਉਰ ਭਈ ਪ੍ਰਮੋਦ।
ਗਹਿ ਪਦ ਪ੍ਰੇਮ ਬਿਠਾਰੇ ਗੋਦ।
ਬਿਸਮਤ ਹੁਇ ਅਜ਼ਮਤ ਬਡ ਜਾਨੀ।
'ਸਤਿਗੁਰ ਧੰਨ' ਬਖਾਨੀ ਬਾਨੀ ॥੨੯॥
ਸ਼੍ਰੀ ਮੁਖ ਕਹਿਂ 'ਤੂੰ ਉੱਤਮ ਤੀਯ।
ਇਹਾਂ ਬੈਠਿਬੇ ਉਚਿਤ ਨ ਥੀਯ[3]।
ਸ਼ੁਭ ਆਸਨ ਸ਼ੁਭ ਬਸਤ੍ਰ ਬਿਭੂਖਨ।
ਧਰਿਬੇ ਜੋਗ ਸਦੀਵ ਅਦੂਖਨ ॥੩੦॥
ਮਹਾਂਰਾਜ ਕੀ ਤੂੰ ਪਟਰਾਨੀ।
ਕਹਾਂ ਕਪਟ ਕਰਿਬੇ ਬਿਧਿ ਠਾਨੀ।
ਉਠਿ ਕਰਿ ਸ਼ੁਭ ਆਸਨ ਥਿਤ ਹੂਜੇ।
ਗੁਰ ਸੰਤਨਿ ਸੋਂ ਨਹਿਂ ਛਲ ਪੂਜੇ[4] ॥੩੧॥
ਇਸ ਕੋ ਫਲ ਤੁਮ ਕੋ ਹੁਇ ਬੁਰੋ।
ਸੁਖਦ ਸੰਤਤੀ ਸੋਂ ਨਹਿਂ ਫਰੋ[5]।'
ਅਸੁ ਕਹਿਤਜੋ ਮਹਿਖੀਂ[6] ਕਰਿ ਜੋਰੇ।
ਧਰੀ ਭੇਟ ਖੇਲਨਿ ਗਨ ਘੋਰੇ ॥੩੨॥
'ਤੁਮ ਨਿਤ ਰੁਚਿ ਕਰ ਇਨ ਸੋਂ ਖੇਲਤਿ।
ਚਾਰੁ ਬਿਭੂਖਨ ਹਿਤ ਕਰਿ ਮੇਲਤਿ[7]।
ਪੰਕਤਿ ਕਰਹੁ ਖਰੀ ਇਕਸਾਰ।

---

[1]ਘਰ ਦੇ ਕੋਨੇ ਵਿਚ ਮੂਲੋਂ ਚੁੱਪ ਚਾਪ ਭੁੰਜੇ ਬੈਠੀ ਪਰ ਗੁਰੂ ਜੀ ਦੀ ਆਸ ਠਾਣੀ ਹੋਈ ਹੈ।
[2]ਰਾਜੇ ਦੀ ਇਸਤ੍ਰੀ ਦੇ।
[3]ਇਥੇ ਬੈਠਣ ਦੇ ਯੋਗ ਨਹੀਂ ਹੈ।
[4]ਪੁੱਜਦਾ ਨਹੀਂ ਛਲ।
[5]ਸੁਖਦਾਈ ਉਲਾਦ ਨਾਲ ਫਲੋਗੇ ਨਹੀਂ।
[6]ਪਟਰਾਣੀ ਨੇ।
[7]ਪਾਂਵਦੇ ਹੋ।

ਪਰਚਤਿ ਰਹੁ ਹੇਰਤਿ ਬਹੁ ਬਾਰ ॥੩੩॥
ਮੈਂ ਸੁਨਿ ਕੈ ਇਸ ਰੀਤਿ ਸੁਭਾਵ।
ਹੇਤੁ ਆਪ ਕੇ ਇਹ ਕਰਿਵਾਵ।
ਸੁਪ੍ਰੰਸਨ ਹੁਇ ਕਰੁਨਾ ਕਰੀਅਹਿ।
ਸੁਖਦਾਈ ਮੁਖ ਬਾਕ ਉਚਰੀਅਹਿ' ॥੩੪॥
ਸੁਨਿ ਮਹਿਖੀ ਤੇ ਗੁਰੂ ਨ ਬੋਲੇ।
ਜੈਪੁਰਿ ਨਾਥ ਤਬੈ ਉਰ ਹੌਲੇ[੧]।
-ਸਹਜ ਸੁਭਾਇਕ ਜਿਮ ਇਹ ਕਹੈਂ।
ਸੋ ਸਭਿ ਹੋਇ ਨਿਫਲ ਨਹਿਂ ਰਹੈ ॥੩੫॥
'ਸੰਤਤਿ ਸੁਖਦ ਨ ਹੋਇ ਤਿਹਾਰੇ[*]।'
ਕੁਛਕ ਕੋਪਿ ਤੇ ਕੀਨਿ ਉਚਾਰੇ।
ਬਿਨੈ ਭਨੌਂ ਅਬਿ ਬਖਸ਼ਹਿਂ ਮੋਹੀ[੨]।
ਜਿਸ ਤੇ ਡਰਤਿ, ਭਈ ਗਤਿ ਓਹੀ- ॥੩੬॥
ਹਾਥ ਜੋਰਿ ਭੂਪਤਿ ਕਹਿ ਤਬੈ।
'ਗੁਰੂ ਜੀ! ਬੈਠਹੁ ਚੌਂਕੀ ਅਬੈ।
ਹਮ ਮਤਿਮੰਦ ਸਕਹਿਂ ਨਹਿਂ ਜਾਨਿ।
ਰਾਵਰਿ ਮਹਿਮਾਂ ਮਹਾਂ ਮਹਾਨ ॥੩੭॥
ਭੂਲ ਪਰੀ ਕਹੁ ਬਖ਼ਸ਼ਨਿ ਹਾਰੇ।
ਹਮ ਸੇ ਪਤਿਤਨਿ ਕਰਹੁ ਉਧਾਰੇ।'
ਅਸ ਕਹਿ ਨ੍ਰਿਪਤ ਉਛੰਗ[੩] ਉਚਾਏ।
ਚੰਦਨ ਚੌਂਕੀ ਪਰ ਬੈਠਾਏ ॥੩੮॥
ਸਭਿ ਰਣਵਾਸ ਆਇ ਤਹਿਂ ਖਰਯੋ।
ਭੀ ਉਦਬਿਗਨ ਹੇਰਿ[੪] ਨ੍ਰਿਪ ਡਰਯੋ।
ਸਭਿ ਕਰ ਜੋਰਿ ਅਗਾਰੀ ਖਰੀ।
ਭਾਂਤਿ ਭਾਂਤਿ ਬਿਨਤੀ ਮੁਖ ਰਰੀ ॥੩੯॥
'ਹਮ ਸੇਵਕ ਸਭਿ ਕੇ ਤੁਮ ਸ੍ਵਾਮੀ।
ਕ੍ਰਿਪਾਸਿੰਧੁ ਸਭਿ ਅੰਤਰਜਾਮੀ।

---

[੧]ਭੈ ਹੋਇਆ।
[*]ਖਾ: ਤ੍ਵਾ: ਵਿਚ ਇਸ ਸ੍ਰਾਪ ਦਾ ਜ਼ਿਕਰ ਨਹੀਂ ਹੈ, ਸਗੋਂ ਗੁਰੂ ਜੀ ਦੇ ਵਰ ਨਾਲ ਪਟਰਾਣੀ ਨੂੰ ਪੁੱਤ੍ਰ ਹੋਇਆ ਲਿਖਿਆ ਹੈ।
[੨]ਭਾਵ ਹੁਣ ਮੈਂ ਬਿਨੈ ਕਰਕੇ ਬਖਸ਼ਾ ਲਵਾਂ।
[੩]ਗੋਦੀ।
[੪]ਉਦਾਸ ਹੋਈਆਂ ਦੇਖ ਕੇ।

ਮਹਿਮਾ ਲਖੀ ਨ ਜਾਇ ਤੁਮਾਰੀ।
ਧਰਜੋ ਦੇਹਿ ਗੁਰ ਪਰਉਪਕਾਰੀ' ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਜੈ ਸਿੰਘ' ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋ ਅੰਸੂ ॥੪੬॥

## ੪੭. [ਰਾਜਾ ਸਿੱਖ ਹੋਇਆ]

੪੬<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੮

ਦੋਹਰਾ: ਸਭਿ ਅਬਲਾ ਕੇ ਸਹਿਤ ਨ੍ਰਿਪ, ਡਰਜੋ ਬਾਕ ਸੁਨਿ ਸ੍ਰਾਪ*।
ਚਹਤਿ ਪੁਨਹਿ ਕਰਿ ਅਨੰਦ ਕੋ, ਭਯੋ ਬੁਰੋ ਫਲ ਪਾਪ[੧] ॥੧॥
ਚੌਪਈ: ਤ੍ਰਸਤਿ ਭੂਪ ਨੇ ਪਾਗ ਉਤਾਰੀ।
ਪਦ ਪੰਕਜ ਪਰ ਧਰੀ ਅਗਾਰੀ।
ਹਾਥ ਜੋਰਿ ਹੁਇ ਦੀਨ ਮਹਾਨਾ।
ਗੁਰ ਪ੍ਰਸੰਨ ਹਿਤ ਬਾਕ ਬਖਾਨਾ ॥੨॥
'ਬਡਿਅਨਿ ਕੀ ਇਹ ਬਡ ਬਡਿਆਈ।
ਬਖਸ਼ਹਿਂ ਦਾਸ ਭੂਲ ਜੇ ਜਾਈ।
ਏਕ ਬਾਰ ਜੇ ਅਪਨੋ ਕਰਿਹੀਂ।
ਨਹਿਂ ਅਵਗੁਨ ਤਿਨ ਕੇਰ ਨਿਹਰਿਹੀਂ ॥੩॥
ਸਾਗਰ ਨੇ ਬੜਵਾਨਲ ਧਾਰੀ।
ਜਲ ਨਾਸਹਿ ਤਜਿ ਨਹੀਂ ਨਿਕਾਰੀ[੨]।
ਚੰਦ੍ਰ ਮੌਲ ਨੇ[੩] ਚੰਦ੍ਰ ਧਰਜੋ ਸਿਰ।
ਸਹਿਤ ਕਲੰਕ, ਨ ਕੀਨਸਿ ਪਰਹਰਿ[੪] ॥੪॥
ਤੈਸੇ ਕ੍ਰਿਪਾ ਦ੍ਰਿਸ਼ਟਿ ਅਵਿਲੋਕਹੁ।
ਅਵਗੁਨ ਦੇਖਿ ਕੋਪ ਕਹੁ ਰੋਕਹੁ।
ਹਿਤ ਕੀ ਸਿੱਖਜਾ ਦੇਹੁ ਅਗਾਰੀ।
ਚਰਣਾਂਮ੍ਰਿਤ ਲੈਬੇ ਇਛ ਧਾਰੀ ॥੫॥
ਸਿੱਖਜ ਆਪਨੋ ਕਰਹੁ ਗੁਸਾਈਂ।
ਸਫਲ ਹੋਇ ਕਾਯਾਂ ਨਰ ਪਾਈ[੫]।'
ਸੁਨਿ ਸਤਿਗੁਰ ਬੋਲੇ ਮਤਿ ਧੀਰ।
'ਭੋ ਜੈ ਸਿੰਘ ਸਵਾਈ ਬੀਰ! ॥੬॥
ਨਿਸ਼ਚਲ ਨਿਸ਼ਚੈ ਨਿਤ ਚਿਤ ਜਿਨ ਕੇ।
ਸ਼੍ਰੀ ਨਾਨਕ ਸੁਖਦਾਇਕ ਤਿਨ ਕੇ।
ਅੰਗ ਸੰਗ ਰਹਿਂ ਸਦਾ ਸਹਾਈ।
ਹਲਤ ਪਲਤ ਮਹਿਂ ਪ੍ਰਭੁ ਹਿਤ ਦਾਈ ॥੭॥

---

[੧](ਪਤੀਆਂ ਲੈਣ ਰੂਪੀ) ਪਾਪ ਦਾ ਫਲ ਬੁਰਾ ਹੋਇਆ ਹੈ।
[੨](ਜਲ ਦਾ) ਜਲਣਾ ਸਹਾਰਦਾ ਹੈ (ਪਰ ਆਪਣੇ ਵਿਚੋਂ) ਨਿਕਾਲ ਨਹੀਂ ਛੱਡਦਾ।
[੩]ਮੱਥੇ ਤੇ ਚੰਦ ਧਰਨ ਵਾਲੇ ਭਾਵ ਸ਼ਿਵਜੀ ਨੇ।
[੪](ਚੰਦ) ਕਲੰਕ ਵਾਲਾ ਹੈ ਪਰ ਉਸ ਨੂੰ ਦੂਰ ਨਹੀਂ ਕੀਤਾ।
[੫]ਮਾਨੁਖ ਸਰੀਰ ਪਾਇਆ ਹੈ ਇਹ ਸਫਲ ਹੋਵੇ।

ਸੰਸੈ ਗ੍ਰਸਤ ਜਿਨਹੁਂ ਕੇ ਮਨ ਹੈਂ।
ਕਬਹਿ ਅਸ਼ਰਧਾ ਸ਼ਰਧਾ ਜਨ ਹੈ[1]।
ਨਿਜ ਊਚੋ ਲਖਿ ਕਰਹਿਂ ਹੰਕਾਰ।
ਜਿਨ ਅਵਨੀ ਥਲ ਤੁੰਗ ਉਦਾਰ ॥੮॥
ਪ੍ਰੇਮ ਨੀਰ ਜਹਿਂ ਠਹਿਰਹਿ ਨਾਂਹੀ।
ਸੇਵਾ ਕ੍ਰਿਖਿ[2] ਕਿਮ ਤਹਿਂ ਉਪਜਾਹੀ।
ਸ਼੍ਰੇਯ ਫਲਨਿ[3] ਤੌਂ ਪਈਅਹਿ ਕਹਾਂ।
ਤ੍ਰਿਪਤਿ ਅਨੰਦ[4] ਨ ਸੁਪਨੇ ਤਹਾਂ ॥੯॥
ਅਪਰ ਕਹਾਂ ਕਹੀਐ ਤੁਝ ਸਾਥ।
ਸਮੁਝਿ ਦੇਖਿ ਚਿਤ ਮਹਿਂ, ਨਰ ਨਾਥ!'
ਸੁਨਿ ਨ੍ਰਿਪ ਕੁਛ ਲਜਾਇ ਦ੍ਰਿਗ ਨੀਚੇ।
ਜਲ ਸੋਂ ਭਰੇ ਧਰਾ ਕਹੁ ਸੀਂਚੇ ॥੧੦॥
'ਸ਼੍ਰੀ ਸਤਿਗੁਰ ਪ੍ਰੇਰਕ ਸਭਿ ਜਨ ਕੇ।
ਅੰਤਰ ਬਸਹੁ ਸੰਗ ਹੁਇ ਮਨ ਕੇ।
ਚਹਹੁ ਨਿਹਾਲ ਕਰਨਿ ਜਿਸ ਜੀ ਕੋ।
ਤਿਸਹਿ ਪੰਥ ਦਿਖਰਾਵਹੁ ਨੀਕੋ ॥੧੧॥
ਜਤੋਂ ਜਤੋਂ ਕਰਿ ਕੈ ਦਿਹੁ ਕੱਲਜਾਨ।
ਦੋਸ਼ ਨ ਚਿਤਹੁ ਆਪਨੋ ਜਾਨਿ।
ਜਥਾ ਪਿਤਾ ਨਿਜ ਪੁੱਤ੍ਰ ਪਛਾਨ।
ਸਭਿ ਬਿਧਿ ਕਰਿ ਚਾਹਿਤਿ ਕਲਿਆਨ ॥੧੨॥
ਪਾਛਲ ਦੋਸ਼ ਛਿਮਹੁ ਪ੍ਰਭੁ ਮੇਰੇ।
ਨੀਕੋ ਬਚਨ ਕਰਹੁ ਤਿਹ ਫੇਰੇ।
ਆਗੇ ਕੋ ਸ਼ੁਭ ਮਾਰਗ ਪਾਵਹੁ।
ਚਰਣਾਂਮ੍ਰਿਤ ਦੇ ਚਰਨੀ ਲਾਵਹੁ' ॥੧੩॥
ਬਿਨੈ ਸੁਨਤਿ ਸ਼੍ਰੀ ਗੁਰੂ ਉਚਾਰੀ।
'ਸੰਤਤਿ ਹੁਇ ਕੁਲ ਚਲਹਿ ਤੁਮਾਰੀ।
ਤਊ ਬੰਸ ਤਵ ਮਹਿਂ ਅਸ ਹੋਇ।
ਕਿਤਿਕ ਪੁਸ਼ਤ ਮਹਿਂ ਲਖੀਅਹਿ ਸੋਇ ॥੧੪॥

---

[1]ਕਦੇ ਅਸ਼ਰਧਾ ਹੁੰਦੀ ਹੈ ਕਦੇ ਸ਼ਰਧਾ ਪੈਦਾ ਹੋ ਜਾਂਦੀ ਹੈ।
[2]ਸੇਵਾ ਰੂਪੀ ਖੇਤੀ।
[3]ਮੁਕਤਿ ਰੂਪੀ ਫਲ।
[4]ਤ੍ਰਿਪਤੀ ਦਾ ਅਨੰਦ।

ਰਾਜ ਕਰਹਿ ਤੁਵ ਕੁਲ ਮਹਿਂ ਰਾਨੀ।
ਮੁੱਖਜ ਹੋਇ ਬਰਤੈ ਰਜਧਾਨੀ।
ਨਿਜ ਮਹਿਖੀ[1] ਮੁਖਿ ਕਰਿ ਸਭਿ ਦਿਸ਼ਿ ਤੇ।
ਹਮਰੀ ਅਜ਼ਮਤ ਪਰਖਤਿ ਜਿਸ ਤੇ ॥੧੫॥
ਹੋਇ ਤਨਕ ਫਲ ਯਾਂ ਤੇ ਤੋਹੀ।
ਅਪਰ ਸਰਬ ਬਿਧਿ ਕੋ ਸੁਖ ਹੋਹੀ।
ਹਮਰੀ ਸੇਵ ਕਰੀ ਸਭਿ ਭਾਂਤੀ।
ਯਾਂ ਤੇ ਸੁਖ ਲਹਿਂ ਸੀਤਲ ਛਾਤੀ ॥੧੬॥
ਬਧਹਿ ਤੇਜ ਹੁਇ ਨਾਮ ਬਡੇਰੋ।
ਭੋਗਹੁ ਰਾਜ ਸੁਜਸੁ ਬਹੁਤੇਰੋ।
ਜਹਿਂ ਕਹਿਂ ਸਤਿਗੁਰ ਕਰੈਂ ਸਹਾਇ।
ਔਖੀ ਘਰੀ ਨ ਦੇਖਨਿ ਪਾਇਂ' ॥੧੭॥
ਕ੍ਰਿਪਾ ਸੁਨੇ ਸੁਨਿ ਬੈਨ ਅਮੋਲੇ।
ਹਰਖ ਭਰਜੋ ਨ੍ਰਿਪ ਭਯੋ ਅਡੋਲੇ।
ਤਤਛਿਨ ਪਾਵਨ ਜਲ ਮੰਗਵਾਇ।
ਸ੍ਰੀ ਸਤਿਗੁਰ ਕੀ ਆਗਜਾ ਪਾਇ ॥੧੮॥
ਪਾਵਨ ਪੰਕਜ ਪਾਦ ਪਖਾਰੇ[2]।
ਰਕਤ[3] ਮ੍ਰਿਦੁਲ ਮੰਜੁਲ[4] ਦੁਤਿਵਾਰੇ।
ਅਧਿਕ ਭਾਵ ਤੇ ਪੀਵਨਿ ਕੀਨਸਿ।
ਜੁਗਲ ਬਿਲੋਚਨ ਕੋ ਕਰਿ ਭੀਨਸਿ[5] ॥੧੯॥
ਬਹੁਰੋ ਕਰਜੋ ਚਢਾਵਨਿ ਸੀਸ।
ਭਯੋ ਸਿੱਖਜ ਜੈ ਪੁਰੀ ਅਧੀਸ[6]।
ਪੁਨ ਪਾਛੇ ਦੀਨਸਿ ਪਟਰਾਨੀ।
ਕਰਜੋ ਪਾਨ ਬਹੁ ਉਰ ਹਰਖਾਨੀ ॥੨੦॥
ਤਿਸ ਪਾਛੇ ਸਗਰੋ ਰਣਵਾਸ।
ਚਰਣਾਂਮ੍ਰਿਤ ਲੇ ਹਰਖ ਪ੍ਰਕਾਸ਼।
ਪੁਨ ਰਾਜੇ ਧਰਿ ਭੇਟ ਜਵਾਹਰ।

---

[1]ਪਟਰਾਣੀ।
[2]ਪਵਿੱਤ੍ਰ ਚਰਨ ਕਵਲ ਧੋਤੇ।
[3]ਲਾਲ।
[4]ਉੱਜਲ।
[5]ਭੇਉਣਾਂ ਕੀਤਾ।
[6]ਰਾਜਾ।

ਜੋਤਿ ਜਗਹਿ ਜਗਮਗ ਜਿਨ ਜ਼ਾਹਰ ॥੨੧॥
ਬੰਦਿ ਪਦਾਰਬਿੰਦ ਕਰ ਬੰਦੇ।
ਕ੍ਰਿਤ ਕ੍ਰਿਤ ਮਾਨਜੋ ਰਿਦੈ ਅਨੰਦੇ।
ਪੁਨ ਪਟਰਾਨੀ[1] ਭੇਟ ਚਢਾਈ।
ਚਰਨ ਕਮਲ ਪਰ ਸਿਰ ਕੋ ਛ੍ਵਾਈ ॥੨੨॥
ਬਹੁਰ ਭਾਰਜਾ[2] ਸਭਿ ਨ੍ਰਿਪ ਕੇਰੀ।
ਧਰੀ ਆਨਿ ਦੀਨਾਰ ਘਨੇਰੀ।
ਰਿਦੇ ਪ੍ਰੇਮ ਕਰਿ ਹੁਇ ਬਲਿਹਾਰੀ।
'ਧੰਨ ਧੰਨ ਗੁਰ ਧੰਨ' ਉਚਾਰੀ ॥੨੩॥
ਦੁਇ ਘਟਿਕਾ ਬਾਸਰੁ ਜਬਿ ਰਹਜੋ।
ਹਿਤ ਭੋਜਨ ਕੇ ਭੂਪਤਿ ਕਹਜੋ।
ਲੇਹਜ ਆਦਿਕ ਚਾਰ ਪ੍ਰਕਾਰਾ[3]।
ਕੰਚਨ ਥਾਲ ਪਰੋਸਿ ਅਹਾਰਾ ॥੨੪॥
ਖਟ ਰਸ ਕੇ ਬਿੰਜਨ ਅਨਵਾਇ।
ਨਿਜ ਹਾਥਨਿ ਕਰਿ ਧਰੇ ਬਨਾਇ।
ਕਰਹਿ ਭਾਉ ਸੋਂ ਬਹੁ ਬਿਧਿ ਸੇਵਾ।
ਜਜੋਂ ਸੁ ਪ੍ਰਸੰਨ ਹੋਇੰ ਗੁਰਦੇਵਾ ॥੨੫॥
ਕਹਿ ਕਹਿ ਸ੍ਵਾਦ ਅਨੇਕ ਪ੍ਰਕਾਰਾ।
ਕਰਹਿ ਪਰੋਸਨਿ ਬਿਬਿਧ ਅਹਾਰਾ।
ਸੀਤਲ ਨੀਰ ਸੁਗੰਧ ਝਕੋਰਾ।
ਨਿਜ ਕਰ ਭਰਿ ਕਰਿ ਦੇਤਿ ਕਟੋਰਾ ॥੨੬॥
ਭੂਪ ਭਾਵਨਾ ਭੂਰ ਭਲੇਰੀ।
ਸ਼੍ਰੀ ਹਰਿਕ੍ਰਿਸ਼ਨ ਸ਼ੁੱਧ ਉਰ ਹੇਰੀ।
ਕਰਜੋ ਅਹਾਰ ਸ੍ਵਾਦ ਜਿਸ ਘਨੋ।
ਮਧੁਰ ਸਨਿਗਧ ਸੁਗੰਧਹਿੰ ਸਨੋ ॥੨੭॥
ਤ੍ਰਿਪਤਿ ਹੋਇ ਗੁਰ ਹਾਥ ਪਖਾਰੇ।
ਨਾਗ੍ਰਬੇਲ[4] ਨ੍ਰਿਪ ਕੀਨਿ ਅਗਾਰੇ।
ਇਲਾ[5] ਆਦਿ ਜਿਹ ਸਾਥ ਮਿਲਾਈ।

---

[1]ਪਟਰਾਣੀ ਨੇ।
[2]ਇਸਤ੍ਰੀਆਂ।
[3]ਲੇਹਜ, ਚੋਸਾ, ਭੱਖ, ਭੋਜ।
[4]ਪਾਨ।
[5]ਇਲਾਚੀਆਂ [ਸੰਸ: ਏਲਾ]

ਲੇ ਕਰਿ ਮੁਖ ਮੋਂ ਪਾਇ ਚਬਾਈ ॥੨੮॥
ਪੁਨ ਸਤਿਗੁਰ ਨੇ ਨ੍ਰਿਪ[1] ਦਸਤਾਰ।
ਇਕ ਦਿਸ਼ਿ ਤੇ ਨਿਜ ਕਰ ਮੈਂ ਧਾਰਿ।
ਕੀਨਿ ਬੰਧਾਵਨਿ ਕਰੁਨਾ ਠਾਨਿ।
ਕਹਿ ਬਚ ਮਧੁਰ ਕਰਜੋ ਸਵਧਾਨ ॥੨੯॥
ਅਪਨੀ ਸਿੱਖੀ ਬਖਸ਼ਨਿ ਕਰੀ।
ਪੂਰ ਭਾਵਨਾ ਨ੍ਰਿਪ ਕੀ ਕਰੀ।
ਦੀਨਹੁ ਸਕਲ ਪ੍ਰਕਾਰ ਦਿਲਾਸਾ।
ਹਲਤ ਪਲਤ ਰਖਿ ਗੁਰ ਭਰਵਾਸਾ ॥੩੦॥
ਬਿਦਾ ਹੋਇ ਨਿਕਸੇ ਤਜਿ ਮੌਨ।
ਦੇਖਤਿ ਸਭਿ ਨਰ ਬੰਦਤਿ ਔਨ[2]।
ਫੂਲ ਛਰੀ ਕਹੁ ਹਾਥ ਮਝਾਰ।
ਚੰਚਲ ਕਰਤਿ ਚਲਤਿ ਸੁਖ ਸਾਰ ॥੩੧॥
ਆਇ ਆਪਨੇ ਸਿਵਰ ਪ੍ਰਵੇਸ਼ੇ।
ਇਮ ਪੂਰੇ ਨ੍ਰਿਪ ਕਾਜ ਅਸ਼ੇਸ਼ੇ।
ਅਪਨਿ ਭਾਰਜਾ ਸੋਂ ਮਿਲਿ ਪਾਛੇ।
ਅਜ਼ਮਤ ਕੀ ਬਾਤਨਿ ਕਹਿ ਆਛੇ ॥੩੨॥
'ਸਭਿ ਮਹਿਂ ਬਜਾਪ ਰਹੇ ਸਤਿਗੁਰ ਹੈਂ।
ਜਾਨ ਜਾਤਿ ਜੋ ਠਾਨਤਿ ਉਰ ਹੈਂ[3]।
ਛਪੀ ਸਭਿਨਿ ਤੇ ਕੋਨ ਮਝਾਰੀ।
ਬੈਠੀ ਮਲਿਨ ਬੇਸ ਕੋ ਧਾਰੀ ॥੩੩॥
ਮਨ ਕੀ ਠਟੀ ਜਾਨਿ ਕਰਿ ਸੋਈ।
ਗਏ ਉਲੰਘਤਿ ਤ੍ਰਿਯ ਸਭਿ ਕੋਈ।
ਤੁਵ ਉਛੰਗ ਮਹਿਂ ਬੈਠੇ ਜਾਈ।
-ਮਹਿਖੀ[4] ਤੂੰ- ਕਹਿ ਸਕਲ ਸੁਨਾਈ ॥੩੪॥
ਧੰਨ ਗੁਰੂ ਸਾਹਿਬ ਅਜ਼ਮਤ ਕੇ।
ਸਭਿ ਥਲ ਰਾਖੇ ਦਾਸਨਿ ਪਤਿ ਕੇ[5]।'
ਇਮ ਗੁਰ ਪਾਛੇ ਸਤੁਤਿ ਬਖਾਨੀ।

---

[1]ਰਾਜੇ ਨੂੰ।
[2]ਧਰਤੀ ਤੇ।
[3]ਜੋ ਚਿੱਤ ਵਿਚ ਧਾਰੀਏ ਸੋ ਜਾਣ ਜਾਂਦੇ ਹਨ।
[4]ਪਟਰਾਣੀ।
[5]ਦਾਸਾਂ ਦੀ ਸਭ ਥਾਂ ਪਤ ਰੱਖਣ ਵਾਲੇ ਹਨ।

ਭੂਪਤਿ ਮਹਿਖੀ ਅਰੁ ਸਭਿ ਰਾਨੀ ॥੩੫॥
ਅਪਨੇ ਸੇਵਕ ਨ੍ਰਿਪਤਿ ਬੁਲਾਏ।
ਸਕਲ ਉਪਾਇਨ ਕਰਿ ਇਕਠਾਏ।
ਰੁਚਿਰ ਜਵਾਹਰ ਅਰੁ ਦੀਨਾਰ।
ਪਸ਼ਮੰਬਰ ਪਾਟੰਬਰ ਚਾਰੁ ॥੩੬॥
ਗੁਰ ਡੇਰੇ ਮਹਿਂ ਸਕਲ ਪਠਾਏ।
ਲੇ ਕੋਸ਼ਪ ਨੇ ਨਿਕਟਿ ਰਖਾਏ।
ਸ਼੍ਰੀ ਗੁਰ ਡੇਰੇ ਬਿਖੈ ਬਿਰਾਜੇ।
ਜਿਨ ਕੇ ਦਰਸ਼ਨ ਸਭਿ ਅਘ ਭਾਜੇ ॥੩੭॥
ਆਵਹਿ ਦਿੱਲੀ ਪੁਰਿ ਕੀ ਸੰਗਤਿ।
ਬੰਦਤਿ ਨਾਨਾ ਸੁਖ ਕੋ ਮੰਗਤ।
ਦਿਨ ਪ੍ਰਤਿ ਬਹੁਤ ਉਪਾਇਨ ਆਨਹਿ।
ਪਾਵਨ ਪੰਕਜ ਪਾਇਨਿ ਮਾਨਹਿ ॥੩੮॥
ਇਕ ਸਤਿਗੁਰ ਸਭਿਹਿਨਿ ਕਹੁ ਦਾਤਾ।
ਮੋਖ ਲੇਤਿ ਜਿਨ ਮਨ ਪਦ ਰਾਤਾ।
ਸੱਤਜ ਨਾਮ ਦੇ ਪੰਥ ਬਤਾਵਹਿਂ।
ਤਜਾਗ ਬਿਕਾਰ ਸਾਚੁ ਸੁਖ ਪਾਵਹਿਂ ॥੩੯॥
ਪੁਨ ਸ੍ਰੀ ਸਤਿਗੁਰ ਰਿਦੈ ਬਿਚਾਰੀ।
ਕੀਨਸਿ ਕਾਂਯਾਂ ਤਜਾਗਨਿ ਤਜਾਰੀ।
ਹੋਨਹਾਰ ਕੋ ਸਮੋ ਪਛਾਨਿ।
ਚਾਹਿਤਿ ਹੋਯਹੁ ਅੰਤਰ ਧਜਾਨ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਜੈ ਸਿੰਘ ਕੋ' ਪ੍ਰਸੰਗ ਬਰਨਨੰ ਨਾਮ ਸੈਤਾਲੀਸਮੋ ਅੰਸੂ ॥੪੭॥

## ੪੮. [ਸ੍ਰੀ ਗੁਰੂ ਜੀ ਦੇ ਸ਼ਰੀਰ ਨੂੰ ਖੇਚਲ। ਸ਼ਹਿਰੋਂ ਬਾਹਰ ਡੇਰਾ]

੪੭<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੪੯

ਦੋਹਰਾ: ਰਿਦੇ ਬਿਚਾਰਯੋ ਸਤਿਗੁਰੂ, -ਨ੍ਰਿਪ ਅਜ਼ਮਤ ਲਖਿ ਲੀਨਿ।
ਕਰਹਿ ਬਿਦਤਿ ਸਭਿਹਿਨਿ ਬਿਖੈ, ਸ਼ਾਹੁ ਆਦਿ ਲੇਂ ਚੀਨ ॥੧॥
ਚੌਪਈ: ਤੁਰਕੇਸ਼ੁਰ ਸੰਗ ਮਿਲਹਿਂ ਨ ਕੈਸੇ।
ਨੇਮ ਨਿਬਾਹਨਿ ਕਰਿ ਹੈਂ ਐਸੇ।
ਸੁਨਹਿ ਭੂਪ ਤੇ ਗਹੁ[1] ਬਹੁ ਕਰੈ।
ਮਿਲਿਬੇ ਹੇਤੁ ਜਤਨ ਕੋ ਧਰੈ ॥੨॥
ਦੁਤੀਏ ਭ੍ਰਾਤਾ ਸ੍ਰਾਪ ਪ੍ਰਕਾਸ਼ਾ।
ਜਿਸ ਕੇ ਮੁਖ ਮਹਿਂ ਗੁਰ ਕੋ ਬਾਸਾ।
ਕਹਿਬੋ ਸਾਚ ਬਨਹਿ ਤਿਸ ਕੇਰਾ।
ਰਿਦੈ ਨਹੀਂ ਸਤਿਗੁਰ ਕੋ ਡੇਰਾ ॥੩॥
ਜਿਸ ਤੇ ਮਤਸਰ ਰਿਸ ਤੇ ਆਦਿ।
ਉਪਜਹਿ ਉਰ ਮਹਿਂ ਠਾਨਹਿਂ ਬਾਦ।
ਪੁਨ ਸ੍ਰੀ ਤੇਗ ਬਹਾਦਰ ਭਾਰੇ।
ਗੁਰਿਆਈ ਸੋ ਪਾਇਂ ਉਦਾਰੇ ॥੪॥
ਸ੍ਰੀ ਹਰਿਗੋਵਿੰਦ ਬਡੇ ਹਮਾਰੇ।
'ਹੋਹਿਂ ਗੁਰੂ[2] ਇਹ' ਬਾਕ ਉਚਾਰੇ-।
ਇੱਤਯਾਦਿਕ ਕਾਰਨ ਬਹੁ ਜਾਨਿ।
ਚਾਹਤਿ ਚਿਤ ਪ੍ਰਲੋਕ ਕੋ ਜਾਨਿ ॥੫॥
ਸੋ ਰਜਨੀ ਕਰਿ ਬਾਸ ਬਿਤਾਈ।
ਜਾਮ ਰਹੀ ਤੋ ਉਠੇ ਗੁਸਾਈਂ।
ਸੌਚ ਸ਼ਨਾਨੇ ਭਈ ਪ੍ਰਭਾਤੀ।
ਕੀਰਤਨ ਸੁਨਤਿ ਦਾਸ ਢਿਗ ਪਾਂਤੀ ॥੬॥
ਤਨ ਮਹਿਂ ਤਪ[3] ਤਬਿ ਹੀ ਹੁਇ ਆਵਾ।
ਪਰੇ ਪ੍ਰਯੰਕ ਬਦਨ ਅਲਸਾਵਾ।
ਮਾਤਹਿ ਜਾਇ ਬਿਲਕੋਨਿ ਕੀਨੇ।
ਅਤਿਸ਼ੈ ਚਿਤ ਚਿੰਤਾ ਮਹਿਂ ਭੀਨੇ ॥੭॥
ਕਹਤਿ ਭਈ 'ਤੁਮ ਦਰਸ਼ਨ ਕਰੇ।

---

[1]ਖਿਆਲ। (ਅ) ਹਠ।
[2]ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰੂ ਹੋਣਗੇ।
[3]ਤਾਪ।

ਰੋਗ ਅਨੇਕਨਿ ਕੇ ਪਰਹਰੇ।
ਸ਼੍ਰੀ ਨਾਨਕ ਗਾਦੀ ਪਰ ਆਪ।
ਜਗ ਕੇ ਨਾਸਹੁ ਪਾਪ ਸੰਤਾਪ ॥੮॥
ਸੰਗਤਿ ਕੋਟ ਭਰੋਸਾ ਧਰੈ।
ਕਸ਼ਟ ਦੁਹੂੰ ਲੋਕਨਿ ਕੇ ਹਰੈਂ।
ਕਹਾਂ ਖੇਲ ਇਹ ਆਪ ਉਪਾਯੋ।
ਜਿਸ ਕੋ ਦੇਖੇ ਭਰਮ ਉਪਾਯੋ' ॥੯॥
ਇੱਤਯਾਦਿਕ ਭਾਖਹਿ ਕਰਿ ਪ੍ਰੇਮ।
ਭਈ ਸਚਿੰਤ ਚਹਿਤ ਸੁਤ ਛੇਮ।
ਸ਼੍ਰੀ ਹਰਿਕ੍ਰਿਸ਼ਨ ਕਹਯੋ ਤਿਹ ਸਮੈਂ।
'ਤਯਾਰੀ ਕਰਹੁ ਵਹਿਰ ਹਮ ਗਮੈਂ ॥੧੦॥
ਡੇਰਾ ਅਪਰ ਥਾਨ ਹੀ ਕਰੈਂ।
'ਇਹਾਂ ਨ ਚਿਤ ਅਨੰਦ ਕੋ ਧਰੈ।'
ਸੁਨਤਿ ਦਾਸ ਵਾਹਿਨ ਕਰਿ ਤਯਾਰੀ।
ਸਯੰਦਨ ਸਿਵਕਾ ਸੁਖ ਅਸਵਾਰੀ ॥੧੧॥
ਆਨਿ ਦਈ ਸੁਧ 'ਭੇ ਸਭਿ ਤਯਾਰੇ।
ਖਰੇ ਪੌਰ ਪਰ ਸਾਜ ਸੁਧਾਰੇ।'
ਤਤਛਿਨ ਸੁਨਿ ਕੈ ਸਤਿਗੁਰ ਪੂਰੇ।
ਗਮਨੇ* ਚਰਨ ਕਮਲ ਜਿਨ ਰੂਰੇ ॥੧੨॥
ਛਾਦਿ ਬਸਤ੍ਰ ਤੇ ਸਰਬ ਸ਼ਰੀਰਾ।
ਨਿਕਸੇ ਪੌਰ, ਸੰਗ ਜਿਨ ਭੀਰਾ।
ਸਿਵਕਾ ਪਰ ਹ੍ਵੈ ਕਰਿ ਅਸਵਾਰ।
ਲੇ ਆਇਸੁ ਧਰਿ ਕੰਧ ਕਹਾਰ ॥੧੩॥
ਜਹਾਂ ਜੋਗ ਮਾਯਾ ਕੇ ਮੰਦਰ। {ਵਿਸ਼ੇਸ਼ ਟੂਕ}
ਪੂਜਹਿਂ ਲੋਕ ਕਾਲਕਾ+ ਅੰਦਰ।
ਦੇ ਆਗਯਾ ਤਿਤ ਓਰ ਚਲਾਏ।
ਪੀਛੇ ਆਇ ਦਾਸ ਸਮੁਦਾਏ ॥੧੪॥
ਸਨੇ ਸਨੇ ਚਲਿਵਾਇ ਕਹਾਰ।
ਪਹੁੰਚੇ ਦੇਵੀ ਕੇ ਦਰਬਾਰ।

---

*ਜਿਸ ਥਾਂ ਹੁਣ ਤੱਕ ਆਪਦਾ ਡੇਰਾ ਸੀ ਇਥੇ ਬੰਗਲਾ ਸਾਹਿਬ ਨਾਮੇ ਗੁਰਦੁਆਰਾ ਵਿਦਮਾਨ ਹੈ। ਇਸ ਇਲਾਕੇ ਨੂੰ ਤਦੋਂ ਜੈਪੁਰਾ ਕਹਿੰਦੇ ਸਨ, ਪਰ ਹੁਣ ਜੈ ਸਿੰਘ ਰੋਡ ਨਾਮ ਹੈ ਤੇ ਗੁਰਦੁਆਰਾ ਇਸ ਸੜਕ ਤੇ ਛਾਵਣੀ ਦੀ ਸੜਕ ਦੇ ਵਿਚਾਲੇ ਹੈ।

ਤਜਾਗਿ ਪਾਲਕੀ ਅੰਤਰ ਬਰੇ।
ਪੌਰ ਕਿਵਾਰ ਅਸੰਜਤਿ ਕਰੇ[1] ॥੧੫॥
ਮਾਨਵ ਰਹਜੋ ਨਹੀਂ ਤਹਿਂ ਕੋਇ।
ਬੈਠੇ ਗੁਰੂ ਇਕਾਕੀ ਹੋਇ।
ਡੇਢ ਜਾਮ ਲੌ ਅੰਤਰ ਥਿਰੇ।
ਬਾਕ ਬਿਲਾਸ ਕਛੂ ਤਹਿਂ ਕਰੇ ॥੧੬॥
ਇਤਿ ਜੈ ਸਿੰਘ ਸੁਨੀ ਸਭਿ ਬਾਤੀ।
'ਗੁਰ ਚਢਿ ਗਏ ਵਹਿਰ ਕਿਸ ਭਾਂਤੀ।'
ਨਿਜ ਪਰਧਾਨ ਪਠਜੋ ਸਹਿਸਾਹੀ।
ਆਯਹੁ ਭੀਰ ਸੰਗ ਨਰ ਤਾਂਹੀ ॥੧੭॥
ਖਰੋ ਰਹਜੋ ਮੰਦਿਰ ਤੇ ਬਾਹਰ।
ਧਰਿ ਪ੍ਰਤੀਖਨਾ -ਨਿਕਸਹਿਂ ਜ਼ਾਹਰ-।
ਆਏ ਅਪਰ ਲੋਕ ਸਿਖ ਜੇਈ।
ਦਰਸ਼ਨ ਹੇਤੁ ਭੀਰ ਕਰਿ ਤੇਈ ॥੧੮॥
ਸਕਲ ਉਡੀਕਤਿ ਦਰਸ਼ਨ ਪਾਵੈਂ।
ਸਨੇ ਸਨੇ ਚਲਿ ਨਰ ਬਹੁ ਆਵੈਂ।
ਢਰੇ ਦੁਪਹਿਰੇ ਨਿਕਸੇ ਜਬੈ।
ਨਿਕਟਿ ਹੋਇ ਦਰਸੇ ਗੁਰ ਸਬੈ ॥੧੯॥
ਕਰ ਬੰਦਹਿਂ ਅਭਿਬੰਦਨ ਠਾਨਹਿਂ।
ਕੀਰਤਿ ਅਨਿਕ ਪ੍ਰਕਾਰ ਬਖਾਨਹਿਂ।
ਨਿਕਟਿ ਹੋਇ ਨ੍ਰਿਪ ਕੋ ਪਰਧਾਨ।
ਕਰੀ ਬੰਦਨਾ ਜੋਰਤਿ ਪਾਨ ॥੨੦॥
ਪੁਨ ਰਾਜੇ ਕੀ ਨਮੋ ਬਖਾਨੀ।
'ਰਾਵਰਿ ਗਮਨ ਸੁਨਜੋਂ ਜਬਿ ਕਾਨੀ।
ਹੁਇ ਸਚਿੰਤ ਮੁਹਿ ਤੁਰਤ ਪਠਾਯੋ।
ਉਤਲਾਵਤਿ ਹੀ ਮੈਂ ਚਲਿਆਯੋ ॥੨੧॥
-ਨਿਜ ਤਸ਼ਰੀਫ਼ ਕਹਾਂ ਲੇ ਚਾਲੇ[2]-।
ਇਮ ਸੰਸੈ ਕੀਨਸਿ ਮਹਿਪਾਲੇ।'
ਸੁਨਿ ਕੈ ਸ਼੍ਰੀ ਹਰਿ ਕ੍ਰਿਸ਼ਨ ਬਖਾਨਾ।

---

[1]ਬੰਦ ਕੀਤੇ।
[2]ਕਿਧਰ ਆਪਣੇ ਬਜ਼ੁਰਗ ਆਪੇ ਨੂੰ ਲੈ ਚਲੇ ਹੋ [ਅ਼ਰ: ਤਸ਼ਰੀਫ = ਬਜ਼ੁਰਗ ਕਰਨਾ]

'ਡੇਰਾ ਕਰਹਿਂ ਵਹਿਰ ਕਿਸ ਥਾਨਾ ॥੨੨॥
ਨਰ ਸਮੁਦਾਇਨਿ ਕੀ ਤਹਿਂ ਭੀਰ।
ਆਵਨ ਜਾਨੋ ਰਹੈ ਵਹੀਰ।
ਕੁਛਕ ਫਰਕ ਪੁਰਿ ਤੇ ਕਰਿ ਜਾਇਂ।
ਥਿਰਹਿਂ ਤਹਾਂ ਪਿਖਿ ਸੁੰਦਰ ਥਾਇਂ ॥੨੩॥
ਬਾਸ ਕਦੀਮੀ ਹਮਰੋ ਹੋਇ।
ਐਸੋ ਥਾਨ ਖੋਜ ਹੈਂ ਕੋਇ।'
ਭੇਵ ਨ ਜਾਨਿ ਸਕੇ ਸੁਨਿ ਬਾਨੀ।
ਹਾਥ ਜੋਰਿ ਪਰਧਾਨ ਬਖਾਨੀ ॥੨੪॥
'ਮੁਝ ਕੋ ਨ੍ਰਿਪ ਕੀ ਆਇਸੁ ਅਹੈ।
ਚਲੌਂ ਸੰਗ ਜਹਿਂ ਤੁਮ ਚਿਤ ਚਹੈ।
ਕਰਹੁਂ ਬਿਲੋਕਨ ਜਿਸ ਦਿਸ਼ਿ ਮਾਂਹੀ।
ਥਿਰਹੁ, ਅਨੰਦ ਰਿਦਾ ਹੁਇ ਜਾਹੀਂ ॥੨੫॥
ਤਹਾਂ ਕਰਹੁ ਬਿਸਰਾਮ ਸੁਖਾਰੇ।
ਪਹੁਂਚਹਿਂ ਪੁਨ ਸਮਾਜ ਜੇ ਸਾਰੇ।'
ਇਮ ਕਹਿ ਸੁਨਿ ਕਰਿ ਭੇ ਅਸਵਾਰ।
ਸ਼ਿਵਕਾ ਲਈ ਉਠਾਇ ਕਹਾਰ ॥੨੬॥
[1]ਪਾਇਨਿ ਸੰਗ, ਸੰਗ ਪਰਧਾਨ।
ਸਤਿਗੁਰ ਢਿਗ ਹੀ ਕਰਹਿ ਪਯਾਨ[1]।
ਹਾਥ ਜੋਰਿ ਬਾਤਨਿ ਬਤਰਾਵਤਿ।
ਸੁੰਦਰ ਥਲ ਜਹਿਂ, ਜਾਤਿ ਬਤਾਵਤਿ[2] ॥੨੭॥
ਸਨੇ ਸਨੇ ਸ਼ਿਵਕਾ ਮਗ ਚਾਲੇ।
'ਸੁਨਹੁ ਗੁਰੂ ਜੀ! ਥਾਨ ਬਿਸਾਲੇ।
ਜੋਗ ਆਪ ਕੇ ਮੈਂ ਮਨ ਜਾਨਾ।
ਰਹੇ ਬਿਰਾਜ ਆਪ ਤਿਸ ਥਾਨਾ ॥੨੮॥
ਤਟ ਜਮਨਾਂ ਕੇ ਸੁੰਦਰ ਧਰਾ।
ਨ੍ਰਿਪ ਜੈ ਸਿੰਘ ਸੁ ਡੇਰਾ ਕਰਾ[3]।
ਸਕਲ ਤੋਪਖਾਨਾ ਤਹਿਂ ਰਹੈ।
ਕਿਤਿਕ ਚਮੂੰ ਭੂੰ ਥਿਰਤਾ ਗਹੈ ॥੨੯॥

---

[1]ਸਤਿਗੁਰ ਦੇ ਨੇੜੇ ਨੇੜੇ ਹੋ ਕੇ ਪਰਧਾਨ ਪੈਦਲ ਹੀ ਨਾਲ ਟੁਰ ਪਿਆ।
[2]ਦੱਸੀ ਜਾਂਦਾ ਹੈ।
[3]ਰਾਜੇ ਜੈ ਸਿੰਘ ਦੇ ਡੇਰੇ ਨੇ (ਟਿਕਾਣਾ) ਕੀਤਾ ਹੈ।

ਜੇ ਰਾਵਰ ਕੇ ਆਇ ਪਸਿੰਦ।
ਕਰਹੁ ਬਿਲੋਕਨਿ ਲਹਹੁ ਅਨੰਦ।
ਪੁਰਿ ਕੀ ਦਿਸ਼ਿ ਦੱਛਣ ਮਹਿਂ ਜਾਨੋ।
ਕਰਹੁ ਪ੍ਰਥਮ ਹੀ ਤਹਾਂ ਪਯਾਨੋ' ॥੩੦॥
ਸਤਿਗੁਰ ਸੁਨਿ ਕਰਿ ਤਿਸ ਤੇ ਮਾਨੀ।
'ਗਮਨਹੁ ਤਹਾਂ' ਕਹੀ ਮੁਖ ਬਾਨੀ।
ਇਸ ਬਿਧਿ ਕਹਤਿ ਸੁਨਿਤ ਮਗ ਚਾਲੇ।
ਹੇਤੁ ਬਿਲੋਕਨਿ ਕੋ ਥਲ ਭਾਲੇ[੧] ॥੩੧॥
ਬਹੁ ਮਾਨਵ ਸਭਿ ਚਲਤਿ ਪਿਛਾਰੀ।
ਆਇ ਤਹਾਂ ਤਬਿ ਧਰਾ ਨਿਹਾਰੀ।
ਤੋਪਾਂ ਬ੍ਰਿੰਦ ਖਰੀ ਨ੍ਰਿਪ ਕੇਰੀ।
ਨਿਕਟਿ ਤਿਨਹੁਂ ਕੇ ਚਮੂੰ ਬਡੇਰੀ ॥੩੨॥
ਤਿਨ ਤੇ ਪਰੇ ਥਾਨ ਸ਼ੁਭ ਹੇਰੇ।
ਕਰਯੋ ਬਿਲੋਕਨਿ ਲਾਇਕ ਡੇਰੇ।
ਹਰਖਤਿ ਹੁਇ ਗੁਰ ਬਾਕ ਉਚਾਰਾ।
'ਇਸ ਥਲ ਉਤਰਹਿ ਸਿਵਰ ਹਮਾਰਾ' ॥੩੩॥
ਕਹਿ ਸ਼ਿਵਕਾ ਤਿਹ ਠਾਂ ਉਤਰਾਈ।
ਖਰੇ ਹੋਇ ਹੇਰੀ ਸਭਿ ਜਾਈ[੨]।
ਸ਼ਯਾਮਲ ਜਲ ਪ੍ਰਵਾਹ ਜਹਿਂ ਜਮਨਾ।
ਪਾਵਨ ਕਰਨਿ, ਕਲੁਖਨਿ ਦਮਨਾ[੩] ॥੩੪॥
ਜਿਸ ਕੇ ਤੀਰ ਤੀਰ ਸਭਿ ਜਾਈ[੪]।
ਖਰੀ ਦੂਰਬਾ[੫] ਅਵਨੀ ਛਾਈ।
ਤਹਾਂ ਪ੍ਰਯੰਕ ਡਸਾਵਨਿ ਕੀਨਿ।
ਆਸਤਰਨ ਤੇ ਛਾਦਿ[੬] ਸੁ ਦੀਨੀ ॥੩੫॥
ਦਾਸਨਿ ਸਾਥ ਕਹਯੋ ਤਤਕਾਲਾ।
'ਅਪਨੋ ਜੋ ਸਮਾਜ ਹੈ ਜਾਲਾ[੭]।

---

[੧]ਭਲਾ, ਚੰਗਾ। (ਅ) ਭਾਲਕੇ।
[੨]ਸਭ ਥਾਂ।
[੩]ਪਾਪ ਨਾਸ਼ਕ।
[੪]ਕੰਢੇ ਕੰਢੇ ਸਾਰੇ ਥਾਂ ਤੇ।
[੫]ਖੱਬਲ ਘਾਹ।
[੬]ਢਕ।
[੭]ਸਾਵਾ।

ਲੇ ਆਵਹੁ ਤੁਮ ਸਭਿਹੀ ਜਾਇ।
ਸ਼ਮਿਯਾਨਾ[1] ਅਬਿ ਦੇਹੁ ਲਗਾਇ' ॥੩੬॥
ਸੁਨਿ ਆਗਜਾ ਦਾਸਨਿ ਤਿਮ ਕਰਜੋ।
ਢਿਗ ਪਰਧਾਨ ਹੁਤੋ ਜੋ ਖਰਜੋ।
ਸ੍ਰੀ ਮੁਖ ਤੇ ਫੁਰਮਾਵਨਿ ਕੀਨਾ।
'ਮਹਿਪਾਲਕ ਸੰਗ ਕਹੋ ਪ੍ਰਬੀਨਾ ॥੩੭॥
ਥਲ ਪਸਿੰਦ ਹਮਰੇ ਇਹੁ ਆਵਾ।
ਸਰਬ ਸਿਵਰ ਕੋ ਚਹੈਂ ਲਗਾਵਾ।
ਅੰਤਰ ਹੁਤੋ ਥਾਨ ਤੁਮ ਜੈਸਾ।
ਇਹੀ ਭੀ ਲਖਹੁ ਆਪਨੋ ਤੈਸਾ ॥੩੮॥
ਹਮ ਦਿਸ਼ਿ ਤੇ ਨਹਿਂ ਕਰਹੁ ਅੰਦੇਸ਼ਾ।
ਜਮਨਾ ਤਟ ਰਮਣੀਕ[2] ਵਿਸ਼ੇਸ਼ਾ।'
ਸੁਨਿ ਪਰਧਾਨ ਜਾਨਿ ਕਿਯ ਡੇਰਾ।
ਬੰਦਨ ਕਰਿ ਗਮਨਜੋ ਤਿਸ ਬੇਰਾ ॥੩੯॥
ਅਪਰ ਦਾਸ ਵਸਤੁ ਹਿਤ ਲੈਬੇ[3]।
ਗਏ ਤੁਰਤ ਮਾਤਾ ਸੁਧਿ ਦੈਬੇ।
ਕਹਜੋ ਜਾਇ 'ਬਾਹਰ ਕਿਯ ਡੇਰਾ।
ਆਏ ਲੈਨਿ ਸਮਾਜ ਬਡੇਰਾ' ॥੪੦॥
ਮਰਜ਼ੀ ਜਾਨਿ ਪੁੱਤ੍ਰ ਕੀ ਤਬੈ।
ਵਸਤੁ ਸੰਭਾਰਨਿ ਕਰਿ ਕਰਿ ਸਬੈ।
ਸਰਬ ਸਿਵਰ ਕੋ ਸੰਗ ਲਵਾਇਿ[4]।
ਮਾਤਾ ਗਈ ਗੁਰੂ ਜਿਸ ਥਾਇਂ ॥੪੧॥
ਤਪ ਸਮੇਤ ਤਨ ਜਾਇ ਬਿਲੋਕਾ।
ਤੂਸ਼ਨਿ ਬੈਠੀ ਹੋਇ ਸਸ਼ੋਕਾ।
ਜਿਤਕ ਸੰਗ ਨਰ ਸਭਿ ਚਲਿ ਆਏ।
ਹੇਰਿ ਹੇਰਿ ਨਿਜ ਡੇਰ ਲਗਾਏ ॥੪੨॥
ਤੰਬੂ ਸ਼ਮਿਯਾਨੇ ਗਨ ਤਾਨੇ।
ਖਰੀ ਕਨਾਤ ਬਨਾਤ ਮਹਾਨੇ।

---

[1]ਤੰਬੂ।
[2]ਸੁੰਦਰ, ਸੁਹਾਉਣਾ।
[3]ਲੈਣ ਵਾਸਤੇ।
[4]ਨਾਲ ਲੈ ਕੇ (ਅ) ਲਦਵਾਕੇ।

ਰੇਸ਼ਮ ਕੀ ਡੋਰੈਂ ਗਨ ਸੁੰਦਰ।
ਸਹਜੋ ਪਟੰਬਰ ਚਿੱਤ੍ਰਤਿ ਅੰਦਰ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਪੁਰਿ ਵਹਿਰ ਡੇਰਾ ਕਰਨਿ' ਪ੍ਰਸੰਗ ਬਰਨਨੰ ਨਾਮ ਅਠਤਾਲੀਸਵੋਂ ਅੰਸੂ ॥੪੮॥

{ਵਿਸ਼ੇਸ਼ ਟੂਕ} ਕਵੀ ਜੀ ਨੇ 'ਯੋਗ ਮਾਯਾ ਦਾ ਮੰਦਰ, ਕਾਲਕਾ ਦਾ ਮੰਦਰ ਸਮਝਿਆ ਹੈ। 'ਜੈ ਪੁਰੇ' ਯਾ 'ਜੈ ਸਿੰਘ ਪੁਰੇ' ਦੇ ਕਿਤੇ ਨੇੜੇ ਤੇੜੇ ਖਿਆਲ ਕੀਤਾ ਹੈ, ਪਰੰਤੂ ਇਹ ਮੰਦਰ ਬੰਗਲਾ ਸਾਹਿਬ ਤੋਂ, ਜਿੱਥੇ ਗੁਰੂ ਹਰਿਕ੍ਰਿਸ਼ਨ ਜੀ ਠਹਿਰੇ ਸਨ, ਲਗਪਗ ਅੱਠ ਮੀਲ ਦੀ ਵਿੱਥ ਤੇ ਕੁਤਬ ਦੀ ਲਾਠ ਦੇ ਨੇੜੇ ਵਾਰ ਹੈ, ਲੋਹੇ ਦੀ ਲੱਠ ਤੋਂ ੨੬੦ ਗਜ਼ਾਂ ਦੀ ਕਰੀਬਨ ਵਿੱਥ ਹੈ, ਵਿਚਕਾਹੇ ਸੜਕ ਬੀ ਪੈਂਦੀ ਹੈ। ਇਹ ਨਾਂ ਤਾਂ ਕਾਲਿਕਾ ਦਾ ਮੰਦਿਰ ਹੈ ਤੇ ਨਾਂ ਹੀ ਸੀਤਲਾ ਦਾ। ਏਥੇ ਲੋਕੀਂ ਸੀਤਲਾ ਪੂਜਨ ਬੀ ਨਹੀਂ ਜਾਂਦੇ ਤੇ ਨਾਂ ਹੀ ਮਾਸ ਸ਼ਰਾਬ ਦਾ ਭੋਗ ਲਗਦਾ ਹੈ। ਕਾਲੀ ਬਾੜੀ ਯਾ ਜੁਆਲਾ ਜੀ ਦੇ ਦੁਰਗਾ ਮੰਦਰ ਵਾਂਛੂ ਬਕਰੇ ਬਲੀ ਨਹੀਂ ਦਿੱਤੇ ਜਾਂਦੇ। ਇਥੇ ਮਠਿਆਈ ਤੇ ਫੁੱਲ ਆਦਿ ਭੇਟਾ ਹੁੰਦੇ ਹਨ। ਪ੍ਰਿਥਵੀ ਰਾਜ ਦੇ ਕਿਲ੍ਹੇ ਦੇ ਅੰਦਰ ਇਹ ਟਿਕਾਣਾ ਹੈ।

ਜਾਪਦਾ ਐਉਂ ਹੈ ਕਿ ਪ੍ਰਿਥਵੀ ਰਾਜ ਦੇ ਕਿਲ੍ਹੇ ਦੇ ਅੰਦਰਲੇ ਕਿਸੇ ਭਾਗ ਦਾ (ਗਾਲਬਨ ਅੰਤਹਪੁਰ ਦਾ) ਇਕ ਟਿਕਾਣਾ ਹੈ। ਕਿਲ੍ਹੇ ਦੀ ਕੰਧ ਦੇ ਖੰਡਰਾਤ ਕੁਛ ਕੁਛ ਬਾਹਰ ਦਿੱਸਦੇ ਹਨ। ਜਦੋਂ ਪ੍ਰਿਥਵੀ ਰਾਜ ਸ਼ਹਾਬੁੱਦੀਨ ਨਾਲ ਲੜਦਾ ਮਾਰਿਆ ਗਿਆ ਹੈ ਤਾਂ ਉਸ ਦੀ ਪਤਿਬ੍ਰਿਤਾ-ਇਸਤ੍ਰੀ ਸੰਜੋਗਤਾ ਨੇ ਆਪਣੇ ਆਪ ਨੂੰ ਜੀਉਂਦਿਆਂ ਸਾੜ ਦਿੱਤਾ ਹੈ ਤੇ ਉਸ ਦੀ ਬੇਟੀ ਬੇਲਾ ਭੁਆਨੀ ਬੀ ਨਾਲ ਹੀ ਸੜੀ ਹੈ। ਗਾਲਬਨ ਇਹ ਟਿਕਾਣਾ ਸੰਜੋਗਤਾ ਦੇ ਸਤੀ ਹੋਣ ਦਾ ਹੈ ਤੇ ਪਹਿਲਾਂ ਇਸ ਦਾ ਨਾਮ 'ਸੰਜੋਗਤਾ ਮਾਤਾ' ਯਾ 'ਸੰਜੋਗਤਾ ਮਾਈ' ਸੀ, ਫਿਰ ਬਦਲਦਾ ਬਦਲਦਾ 'ਜੋਗ ਮਾਯਾ' ਰਹਿ ਗਿਆ ਹੈ। ਪਰੰਤੂ ਇਸ ਮੰਦਰ ਦੀ ਪੁਰਾਤਨਤਾ ਦੱਸਣੇ ਲਈ ਮੰਦਰ ਦੇ ਸੇਵਕ ਆਖਦੇ ਹਨ ਕਿ ਇਹ 'ਯੋਗ ਮਾਯਾ' ਜਸੋਧਾਂ ਦੀ ਬੇਟੀ, ਕ੍ਰਿਸ਼ਨ ਦੇਵ ਜੀ ਦੀ ਭੈਣ ਦਾ ਟਿਕਾਣਾ ਹੈ, ਜੋ ਕੰਸ ਦੇ ਮਾਰਿਆਂ ਬਿਜਲੀ ਬਣ ਗਈ ਸੀ, ਜਿਸ ਦੇ ਪੈਰ ਮੁਗ਼ਲ ਸਰਾਇ ਪਾਸ ਢੱਠੇ ਤੇ ਧੜ ਏਥੇ ਆ ਡਿੱਗਾ ਸੀ, ਅਤੇ ਸ਼੍ਰੀ ਕ੍ਰਿਸ਼ਨ ਜੀ ਨੇ ਇੰਦਰ ਪ੍ਰਸਤ ਬਣਨ ਵੇਲੇ ਪਾਂਡਵਾਂ ਨੂੰ ਪਤਾ ਦੇਕੇ ਇਹ ਮੰਦਰ ਬਣਵਾਇਆ ਸੀ ਤੇ ਫਿਰ ਇਹ ਮੰਦਰ ਪ੍ਰਿਥਵੀ ਰਾਜ ਦੇ ਰਣਵਾਸ ਵਿਚ ਆ ਗਿਆ ਤੇ ਉਸ ਨੇ ਨਵੇਂ ਸਿਰੇ ਬਣਵਾਇਆ। ਪਰ ਜੋ ਮੰਦਰ ਹੁਣ ਖੜਾ ਦਿੱਸ ਰਿਹਾ ਹੈ ਇਹ ੧੯੨੭ ਈ: ਵਿਚ ਬਣਿਆ ਹੈ।

ਗੁਰੂ ਸਾਹਿਬ ਜੀ ਦੇ ਉਥੇ ਜਾਣ ਦਾ ਕੋਈ ਨਿਸ਼ਾਨ ਮੌਜੂਦ ਨਹੀਂ। ਇਕ ਥੜ੍ਹਾ ਹੈ ਜਿਸ ਨੂੰ 'ਅਚਾਨਚੱਕ ਜੀ' ਦੀ ਸਮਾਧੀ ਦਸਦੇ ਹਨ ਪਰ ਉਹ ਥੜ੍ਹਾ ਹੀ ਜਾਪਦਾ ਹੈ। ਦੱਸਦੇ ਹਨ ਕਿ ਮੁਸਲਮਾਨ ਲੋਕੀਂ ਮੰਦਰ ਦੀ ਹੱਤਕ ਕਰਿਆ ਕਰਦੇ ਸਨ, ਇਕ ਪੁਜਾਰੀ ਤੰਗ ਆ ਕੇ ਸਤੀ ਹੋਣ ਲੱਗਾ ਸੀ ਕਿ ਇਕ ਮਹਾਂ ਪੁਰਖ ਅਚਾਨਕ ਆ ਗਏ ਤੇ ਉਸ ਨੂੰ ਖੁਦਕਸ਼ੀ ਕਰਨੋਂ ਰੋਕ ਕੇ ਪਾਤਸ਼ਾਹ ਤੋਂ ਆਗਜਾ ਲੈ ਦਿੱਤੀ ਕਿ ਇਰਦ ਗਿਰਦ ਦੇ ਮੁਸਲਮਾਨ ਉਸ ਨੂੰ ਪੂਜਾ ਵਿਚ

ਤੰਗ ਨਾ ਕਰਿਆ ਕਰਨ। ਹੋ ਸਕਦਾ ਹੈ ਕਿ ਕਿਸੇ ਦੁਖੀ ਪੁਜਾਰੀ ਦੀ ਜਾਚਨਾ ਕਰਨੇ ਪਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜੈ ਸਿੰਘ ਰਾਜੇ ਦੀ ਮਦਦ ਨਾਲ ਉਸ ਦੇ ਧਰਮ ਵਿਚ ਦਖਲ ਦੇਣੋਂ ਮੁਸਲਮਾਨਾਂ ਨੂੰ ਰੁਕਵਾ ਦਿੱਤਾ ਹੋਵੇ ਤੇ ਉਸ ਵਾਕਿਆ ਦੀ ਯਾਦ ਇਉਂ ਰਹਿ ਗਈ ਹੋਵੇ ਤੇ ਕਵੀ ਜੀ ਨੂੰ ਰਵਾਇਤ ਵਿਗੜ ਵਿਗੜ ਕੇ ਐਉਂ ਅੱਪੜੀ ਹੋਵੇ ਜਿਵੇਂ ਉਨ੍ਹਾਂ ਨੇ ਲਿਖੀ ਹੈ।

ਯੋਗ ਮਾਯਾ ਦਾ ਅਰਥ ਹੈ ਯੋਗ ਦੀ ਸ਼ਕਤੀ। ਤੇ ਕ੍ਰਿਸ਼ਨ ਜੀ ਦੀ ਭੈਣ ਦਾ ਨਾਮ ਬੀ ਦੱਸਦੇ ਹਨ। ਸਾਰੀ ਖੋਜ ਪੜਤਾਲ ਤੋਂ ਇਹ ਗੱਲ ਸਹੀ ਜੋ ਜਾਂਦੀ ਹੈ ਕਿ ਇਹ ਸੀਤਲਾ ਯਾ ਕਾਲੀ ਦਾ ਮੰਦਰ ਨਹੀਂ, ਤੇ ਕਿਸੇ ਸਤਿਕਾਰ ਲਈ ਗੁਰੂ ਜੀ ਦਾ ਏਥੇ ਜਾਣਾ ਅਨਿਸਚਿਤ ਹੈ।

## ੪੯. [ਸਰੀਰ ਨੂੰ ਖੇਚਲ]

੪੮<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫੦

ਦੋਹਰਾ: ਨ੍ਰਿਪ ਜੈ ਸਿੰਘ ਉਠਿ ਭੋਰ ਕੋ, ਸ਼ਾਹੁ ਸਮੀਪ ਸਿਧਾਇ।
ਸਾਥ ਅਦਾਇਬ ਦੇਖਿ ਕੈ, ਪਹੁੰਚਜੋ ਸੀਸ ਨਿਵਾਇ ॥੧॥
ਚੌਪਈ: ਨੌਰੰਗ ਦ੍ਰਿਗ ਅਵਲੋਕ ਨਰੇਸ਼ਾ।
ਬੂਝੀ ਗੁਰ ਕੀ ਗਾਥ ਵਿਸ਼ੇਸ਼ਾ।
'ਕਿਮ ਸੇਵਾ ਕਰਿ ਕੈ ਪਹਿਚਾਨੇ।
ਬੈਸ ਇਆਨੇ ਪਰਮ ਸੁਜਾਨੇ ॥੨॥
ਕਰਾਮਾਤ ਕੁਛ ਪਰਖਨਿ ਕਰੀ।
ਅਹੈ ਕਿ ਨਹਿਂ ਬਡ ਸ਼ਕਤੀ ਧਰੀ।
ਰਹੈ ਸਮੀਪ ਪਿਖਤਿ ਅਰੁ ਬੋਲਨਿ।
ਕੇਤਿਕ ਬਾਰ ਕਰਜੋ ਤੈਂ ਤੋਲਨਿ' ॥੩॥
ਸੁਨਿ ਮਹਿਪਾਲਕ ਹਾਥਨਿ ਬੰਦ।
ਕਰਜੋ ਕਿ 'ਅਹੈਂ ਅਤੋਲ ਬਿਲੰਦ।
ਕੋ ਸਮਰਥ ਜੋ ਪਰਖਹਿ ਭਾਰ।
ਮਹਾਂ ਗੰਭੀਰ ਸਦੀਰ ਉਦਾਰ ॥੪॥
ਪਟਰਾਨੀ ਮੈਂ ਕੋਨ ਬਿਠਾਈ।
ਅਪਰ ਭਲੇ ਥਲ ਮੈਂ ਸਮੁਦਾਈ।
-ਜੇ ਅੰਤਰਜਾਮੀ ਗੁਰ ਅਹੈਂ।
ਮਹਿਖੀ ਅੰਕ ਜਾਇ ਕਰਿ ਬਹੈਂ- ॥੫॥
ਇਮ ਚਿਤਵਤਿ ਕਰਿ ਕੈ ਸਭਿ ਤਜਾਰੀ।
ਆਇ ਕੀਨਿ ਮੈਂ ਬਿਨੈ ਅਗਾਰੀ।
-ਹਮ ਤੇ ਪਤਾ ਚਹੈ- ਮਨ ਜਾਨਿ।
ਯਾਂ ਤੇ ਰੁਖ਼ ਫੇਰਨਿ ਕੋ ਠਾਨਿ ॥੬॥
ਤਉ ਹੋਇ ਨੰਮ੍ਰੀ ਬਹੁ ਭਾਂਤੀ।
ਕਹਿ ਕਹਿ ਕੀਰਤਿ ਕੀ ਗਨਿ ਬਾਤੀ।
ਲੇ ਗਮਨਜੋਂ ਮੰਦਿਰ ਰਣਵਾਸ।
ਜਬਿ ਪਹੁੰਚੇ ਸਭਿ ਤ੍ਰੀਯਨਿ ਪਾਸ ॥੭॥
ਫੂਲ ਛਰੀ ਸਿਰ ਧਰਿ ਕਹਿ ਬਾਨੀ।
-ਨਹਿਂ ਭੂਪਤਿ ਕੀ ਇਹ ਪਟਰਾਨੀ-।
ਸਗਰੀ ਨਾਰਿ ਉਲੰਘਤਿ ਗਏ।
ਬੈਠੀ ਜਹਾਂ ਮਲਿਨ ਪਟ ਲਿਏ ॥੮॥

ਧਰੇ ਮਨੋਰਥ ਇਮ ਉਰ ਮਾਂਹੀ।
ਮੋ ਬਿਨ ਅੰਕ ਨ ਬੈਠਹਿਂ ਕਾਂਹੀ।
ਸੋ ਮਨ ਜਾਨਿ ਗਏ ਤਿਸ ਪਾਸ।
-ਇਹ ਪਟਰਾਨੀ- ਬਾਕ ਪ੍ਰਕਾਸ਼ ॥੯॥
ਬੈਠੇ ਜਾਇ ਅੰਕ ਤਤਕਾਲਾ।
ਭਈ ਬਿਸਮ ਅਵਿਲੋਕਤਿ ਬਾਲਾ।
ਪਰਖਨਿ ਕੀ ਬਿਧਿ ਸਗਰੀ ਜਾਨੀ।
ਕੁਛਕ ਕੋਪ ਤੇ ਗਿਰਾ ਬਖਾਨੀ ॥੧੦॥
ਸੁਨਿ ਹਮ ਹਾਥ ਜੋਰਿ ਬਖਸ਼ਾਈ।
ਇਮ ਅਜ਼ਮਤ ਕਾਮਲ ਪਤਿਆਈ।'
ਸੁਨਿ ਨੌਰੰਗ ਮਨ ਸਾਚੀ ਜਾਨਿ।
'ਭੋ ਜੈ ਸਿੰਘ! ਮੇਲ ਮਮ ਠਾਨਿ ॥੧੧॥
ਜਯੋਂ ਕਯੋਂ ਕਰਿ ਦਰਸ਼ਨ ਕਰਿਵਾਵਹੁ।
ਅਜ਼ਮਤ ਤਿਨ ਕੀ ਤਬਹਿ ਦਿਖਾਵਹੁ।
ਨਿਜ ਦਿਸ਼ਿ ਤੇ ਕਹਿ ਕੈ ਬਹੁ ਰੀਤਿ।
ਕੀਜਹਿ ਬਿਰਮਾਵਨ ਸ਼ੁਭ ਚੀਤ' ॥੧੨॥
ਤਬਿ ਜੈ ਸਿੰਘ ਕਹਯੋ ਕਰ ਜੋਰਿ।
'ਕਯੋਂ ਨ ਕਰੌਂ ਮੈਂ ਰਾਵਰਿ ਲੋਰ।
ਪੂਰਬ ਬਹੁਤ ਬਾਰ ਮੈਂ ਭਾਖਾ।
ਮਿਲਿਨਿ ਤੁਮਾਰੀ ਜਸ ਅਭਿਲਾਖਾ ॥੧੩॥
ਅਬਿ ਭੀ ਜਤਨ ਕਰੌਂ ਕਹਿ ਬਿਨੈ।
ਜਥਾ ਮਿਲਨਿ ਰਾਵਰ ਕੋ ਬਨੈ।'
ਇਮ ਕਹਿ ਸੁਨਿ ਕੇ ਭੂਪਤਿ ਆਯੋ।
ਬੈਠਿ ਸਦਨ ਪਰਧਾਨ ਬੁਲਾਯੋ ॥੧੪॥
'ਕਹੁ ਸਤਿਗੁਰ ਕੀ ਬਾਤ ਬੁਝਾਇ।
ਜਾਇ ਵਹਿਰ ਕਿਮ ਸਿਵਰ ਲਗਾਇ।
ਮੋ ਪਰ ਕੋਪ ਨਹੀਂ ਹੁਇ ਗਏ।
ਢਿਗ ਤੇ ਦੂਰ ਸਿਧਾਰਤਿ ਭਏ' ॥੧੫॥
ਹਾਥ ਜੋਰਿ ਪਰਧਾਨ ਬਖਾਨੇ।
'ਸਦਾ ਪ੍ਰਸੰਨ ਪਰਹਿਂ ਸੇ ਜਾਨੇ।
ਨਹਿਂ ਰਿਸ ਕੀ ਕੁਛ ਬਾਤ ਸੁਨਾਈ।
ਮੈਂ ਤਿਨ ਸੰਗ ਰਹਯੋ ਅਗਵਾਈ ॥੧੬॥

ਪ੍ਰਥਮ ਗਏ ਦੇਵੀ ਕੇ ਮੰਦਿਰ।
ਕੇਤਿਕ ਕਾਲ ਰਹੇ ਥਿਤ ਅੰਦਰ*।
ਨਿਕਸੇ ਤੁਮਰੀ ਬਿਨੈ ਸੁਨਾਈ।
ਸੇਵਕ ਸੰਗ ਹੁਤੇ ਸਮੁਦਾਈ ॥੧੭॥
ਤੁਮਰੀ ਤਪਨਿ ਕੇ ਅਸਥਾਨ।
ਪਿਖਿ ਜਨਮਾ ਜਲ ਹਰਖ ਮਹਾਨ।
ਮੁਝ ਸੋਂ ਕਹ੍ਯੋ -ਭੀਰ ਬਹੁ ਅੰਤਰ[1]।
ਆਇੰ ਜਾਇੰ ਨਰ ਅਨਿਕ ਨਿਰੰਤਰ ॥੧੮॥
ਇਹਾਂ ਰਹਨਿ ਮਹਿਂ ਹਰਖ ਹਮਾਰੇ।
ਮਹਿਪਾਲਕ ਸੋਂ ਦੇਹੁ ਉਚਾਰੇ।
ਨਹੀਂ ਅੰਦੇਸ਼ਾ ਕੀਜਹਿ ਕੈਸੇ।
ਜੈਸੇ ਤਹਾਂ ਇਹਾਂ ਹਮ ਤੈਸੇ- ॥੧੯॥
ਸੁਨਹੁ ਪਰੰਤੁ ਲਖ੍ਯੋ ਨਹਿਂ ਜਾਈ।
ਜਿਨਹੁਂ ਸਭਿਨ ਕੋ ਰੁਜਹਿ[2] ਨਸਾਈ।
ਤਨ ਮਹਿਂ ਜੁਰ[3] ਤਿਨ ਕੇ ਹੁਇ ਆਵਾ।
ਅਸ਼ਟ ਜਾਮ ਇਕ ਸਮ ਦਰਸਾਵਾ' ॥੨੦॥
ਸੁਨਿ ਸਤਿਗੁਰ ਕੋ ਸਰਬ ਬ੍ਰਿਤਾਂਤ।
ਰਾਜੇ ਕਰੀ ਬਿਤਾਵਨਿ ਰਾਤਿ।
ਭਈ ਪ੍ਰਾਤਿ ਤੇ ਸੌਚ ਸ਼ਨਾਨਾ।
ਸ਼੍ਰੀ ਹਰਿਕ੍ਰਿਸ਼ਨ ਸਮੀਪ ਪਯਾਨਾ ॥੨੧॥
ਬ੍ਰਿੰਦ ਨਰਨਿ ਕੀ ਭੀਰ ਘਨੇਰੀ।
ਸੁਭਟਨਿ ਪੰਕਤਿ ਚਲਹਿ ਅਗੇਰੀ।
ਗੁਰ ਕੋ ਸਿਵਰ ਜਬਹਿ ਦ੍ਰਿਸ਼ਟਾਯੋ।

---

*ਇੱਕ ਛਾਪੇ ਦੇ ਨੁਸਖੇ ਵਿਚ ਇਸ ਤੋਂ ਅੱਗੇ ਇਕ ਚੌਪਈ ਵਾਧੂ ਹੈ, ਲਿਖਤੀ ਨੁਸਖਿਆਂ ਵਿਚ ਨਹੀਂ ਹੈ; ਜੋ ਇਉਂ ਹੈ:-

ਤਹਿਂ ਕਿਸ ਸਾਥ ਬਚਨ ਕਰ ਧੁਨੀ।
ਸੂਖਮ ਸੀ ਕਛੁ ਮੈਂ ਭੀ ਸੁਨੀ।
ਲਗੇ ਕਿਵਾਰ ਉਘਾਰੇ ਬਿਕਸੇ।
ਵਹਿਰ ਏਕਲੇ ਫਿਰਤੇ ਨਿਕਸੇ।

ਇਸ ਤੋਂ ਸ਼ੱਕ ਪੈਂਦਾ ਹੈ ਜਿਵੇਂ ਇਹ ਚਾਰ ਤੁਕਾਂ ਆਖੇਪਕ ਹੋਈਆਂ ਹਨ, ਤਿਵੇਂ ਜੋਗ ਮਾਯਾ ਦੇ ਮੰਦਰ ਜਾਣ ਵਾਲੀਆਂ ਸਾਰੀਆਂ ਤੁਕਾਂ ਬੀ ਕਿਸੇ ਦਾ ਹਸਤਾਖੇਪ ਹੀ ਨਾ ਹੋਣ।

[1](ਸ਼ਹਿਰ) ਅੰਦਰ ਭੀੜ ਹੈ।
[2]ਰੋਗ।
[3]ਤਾਪ।

ਵਾਹਨ ਤਜਾਗਿ ਚਰਨ ਤੇ ਆਯੋ ॥੨੨॥
ਪ੍ਰਥਮ ਖਬਰ ਅਪਨੀ ਪਹੁੰਚਾਈ।
ਫਰਸ਼ਾਦਿਕ ਤਜਾਰੀ ਕਰਿਵਾਈ।
ਹਾਥ ਜੋਰ ਕਰਿ ਪੌਰ ਅਗਾਰੀ।
ਨੰਮ੍ਰਿ ਹੋਇ ਅਭਿਬੰਦਨ ਧਾਰੀ ॥੨੩॥
ਅੰਤਰ ਤਬਿ ਪ੍ਰਵੇਸ਼ ਹੁਇ ਗਯੋ।
ਗੁਰ ਪ੍ਰਯੰਕ ਪਰ ਹੇਰਤਿ ਭਯੋ।
ਬਸਤ੍ਰ ਅਛਾਦਤਿ ਤਨ ਪਰ ਸਾਰੇ।
ਨ੍ਰਿਪ ਪਹੁੰਚੇ ਤੇ ਬਦਨ ਉਘਾਰੇ ॥੨੪॥
ਨੰਮ੍ਰਿ ਹੋਇ ਕਰਿ ਨਮੋ ਅਗਾਰੀ।
ਬੈਠਜੋ ਰਾਵ ਨਰਨਿ ਹਟਕਾਰੀ।
ਔਰ ਪੌਰ ਪਰ ਰੋਕੇ ਰਹੇ।
ਦਰਸ਼ਨ ਦੇਖਤਿ ਨ੍ਰਿਪ ਬਚ ਕਹੇ ॥੨੫॥
'ਸ਼੍ਰੀ ਸਤਿਗੁਰ ਜੀ ਕੈਸੇ ਪਰੇ?
ਸਭਾ ਲਗਾਇ ਨ ਬੈਠਨਿ ਕਰੇ।'
ਇਕ ਦੁਇ ਨਿਕਟਿ ਦਾਸ ਜੇ ਅਹੇ।
ਪ੍ਰਭੁ ਤੂਸ਼ਨਿ ਤੇ ਤਿਨ ਪੁਨ ਕਹੇ[1] ॥੨੬॥
'ਪ੍ਰਥਮ ਤਾਪ ਤਨ ਮਹਿਂ ਅਧਿਕਾਈ।
ਆਜ ਸੀਤਲਾ ਦਈ ਦਿਖਾਈ।
ਥੋਰਾ ਬੋਲਤਿ ਹੈਂ ਮੁਖ ਆਪ।
ਚਢਜੋ ਅਧਿਕ ਅਬਿ ਭੀ ਤਨ ਤਾਪ' ॥੨੭॥
ਹਾਥ ਬੰਦਿ ਮਹਿਪਾਲ ਬਖਾਨੇ।
'ਮਹਾਂਰਾਜ ਕੈਸੀ ਕ੍ਰਿਤ ਠਾਨੇ।
ਦਰਸ ਆਪ ਕੇ ਨਾਸਹਿਂ ਰੋਗ।
ਭਏ ਨਗਰ ਗਨ ਲੋਗ ਅਰੋਗ ॥੨੮॥
ਕਜਾ ਲੀਲਾ ਦਿਖਰਾਵਨਿ ਲਾਗੇ।
ਤੁਮਰੇ ਨਾਮ ਲੇਤਿ ਦੁਖ ਭਾਗੇ।
ਸਰਬ ਸ਼ਕਤਿ ਪੂਰਨ ਸਮਰੱਥ।
ਭੰਜਨ ਗੜਨ ਆਪ ਕੇ ਹੱਥ ॥੨੯॥
ਦਰਸ਼ਨ ਚਹੈਂ ਬ੍ਰਿੰਦ ਨਰ ਨਾਰੀ।
ਹਜ਼ਰਤ ਬਿਨਤੀ ਕੀਨਿ ਅਗਾਰੀ।

[1] ਤਿਨ੍ਹਾਂ ਦਾਸਾਂ ਨੇ ਕਹਿਆ।

ਸਾਵਧਾਨ ਬਨਿ ਬੈਠਹੁ ਆਪ।
ਹਰਹੁ ਸ਼ਕਤਿ ਤੇ ਤਾਪ ਸੰਤਾਪ ॥੩੦॥
ਸ੍ਰੀ ਨਾਨਕ ਪਰਮੇਸ਼੍ਵਰ ਰੂਪ।
ਜਿਨ ਕੇ ਗੁਨ ਗਨ ਅਧਿਕ ਅਨੂਪ।
ਤਿਸ ਗਾਦੀ ਕੇ ਮਾਲਿਕ ਆਪ।
ਸਭਿ ਬਿਧਿ ਕੇ ਦਾਤਾ ਬਰ ਸ੍ਰਾਪ' ॥੩੧॥
ਨ੍ਰਿਪ ਤੇ ਸੁਨਿ ਸ੍ਰੀ ਸਤਿਗੁਰ ਕਹ੍ਯੋ।
'ਜਿਸ ਕਿਸ ਜਗ ਸਰੀਰ ਕੋ ਲਹ੍ਯੋ।
ਸੁਖ ਦੁਖ ਸੰਗ ਸਦਾ ਹੀ ਰਹੈਂ।
ਬੇਦ ਪੁਰਾਨ ਸੰਤ ਸਭਿ ਕਹੈਂ ॥੩੨॥
ਹੋਨਹਾਰ ਨਹਿਂ ਮਿਟਹਿ ਕਦਾਈ।
ਜੋ ਸਭਿ ਕੇ ਸਿਰ ਬੀਤਤਿ ਆਈ।
ਰਾਮਚੰਦ੍ਰ ਕੀਨਸਿ ਬਨਬਾਸਾ।
ਕ੍ਰਿਸ਼ਨਚੰਦ੍ਰ ਕੋ ਬੰਸ ਬਿਨਾਸ਼ਾ ॥੩੩॥
ਚੰਦ ਕਲੰਕਤਿ, ਸਾਗਰ ਖਾਰਾ।
ਰੁੱਦ੍ਰ[1] ਹਲਾਹਲ[2] ਕੋ ਗਲ ਧਾਰਾ।
ਕੌਨ ਕੌਨ ਗਿਨੀਅਹਿ ਸਮਰੱਥ।
ਸਕਲ ਚਲੇ ਭਾਵੀ ਕੇ ਹੱਥ[*] ॥੩੪॥
ਜਿਮ ਪਰਮੇਸ਼ੁਰ ਕ੍ਰਿਤ ਕੌ ਠਾਨੈ।
ਰਿਦੇ ਅਨੰਦ ਧਾਰਿ ਸੋ ਮਾਨੈ।
ਇਹ ਸੰਤਨਿ ਕੋ ਮਤ ਹੈ ਸਾਚਾ।
ਸ੍ਰੀ ਨਾਨਕ ਬਿਚ ਸਬਦ ਉਬਾਚਾ[3] ॥੩੫॥
ਜਥਾ ਜੋਗ ਈਸ਼ੁਰ ਸਭਿ ਕਰਤਾ।
ਮੂਢ ਅਜਾਨ ਤਰਕ ਤਿਸ ਧਰਤਾ।
ਭੋਗਹਿ ਬਹੁਰ ਗੁਨਾਹੀ ਹੋਇ।

---

[1]ਸ਼ਿਵਜੀ।
[2]ਜ਼ਹਿਰ।
[*]ਗੁਰੂ ਜੀ ਪਰਮੇਸ਼ੁਰ ਦੇ 'ਹੁਕਮ' ਨੂੰ ਸਭ ਕੁਛ ਮੰਨਦੇ ਹਨ, ਭਾਣੇ ਯਾ ਹੁਕਮ ਤੋਂ ਛੁਟ ਕਿਸੇ ਭਾਵੀ ਨੂੰ ਆਪ ਨਹੀਂ ਸਨ ਮੰਨਦੇ। ਉਨ੍ਹਾਂ ਨੂੰ ਉਦਾਹਰਨਾਂ ਦੇ ਕੇ ਭਾਵੀ ਦੀ ਪ੍ਰਬਲਤਾ ਦੱਸਣ ਦੀ ਕੋਈ ਲੋੜ ਨਹੀਂ ਸੀ। ਪ੍ਰਭੂ ਤੇ ਪ੍ਰਭੂ ਦੇ ਹੁਕਮ ਦੇ ਗਿਆਤਾ ਦੇ ਵਾਕ ਮਹਾਨ ਉੱਚੇ ਤੇ ਚੜ੍ਹਦੇ ਰੰਗਾਂ ਦੇ ਹੁੰਦੇ ਹਨ। ੩੪ ਅੰਗ ਤੋਂ ਮਗਰੋਂ ਗੁਰਮਤ ਸਿਧਾਂਤ ਗੁਰੂ ਜੀ ਦੇ ਮੁਖਾਰਬਿੰਦ ਤੋਂ ਆਰੰਭ ਹੋ ਜਾਂਦਾ ਹੈ, ਤਾਂ ਤੇ ਇੱਥੇ ਅੰਕ ੩੨, ੩੩, ਵਿਚ ਬੀ ਭਾਵੀ ਦੇ ਅਰਥ ਵਾਹਿਗੁਰੂ ਜੀ ਰਜ਼ਾ ਹੀ ਲਾਉਣੇ ਠੀਕ ਰਹਿਣਗੇ।
[3]ਕਹਿਆ ਹੈ।

ਭਾਣੇ ਕੋ ਨ ਮਾਨਿ ਹੈ ਜੋਇ ॥੩੬॥
ਯਾਂ ਤੇ ਸੁਨਹੁ ਨਰੇਸ਼ੁਰ! ਧਰੀਏ[1]।
ਪ੍ਰਭੁ ਭਾਣੇ ਕੋ ਤਰਕ ਨ ਕਰੀਏ।
ਈਸ਼ੁਰ ਕੀ ਮਰਜ਼ੀ ਮਹਿਂ ਚਾਲੇ।
ਹਰਖ ਸਹਤਿ ਮਤਿ ਸੰਤ ਬਿਸਾਲੇ' ॥੩੭॥
ਸੁਨਿ ਭੂਪਤਿ ਗੁਰਬਾਣੀ ਸਾਰ।
ਰਿਦੈ ਬਿਚਾਰਤਿ ਤੂਸ਼ਨਿ ਧਾਰਿ।
-ਕਹਾਂ ਕਹਨਿ ਸਰਬੱਗਨਿ ਸੰਗ।
ਜੋ ਕੁਛ ਕਰਹਿਂ ਸੁ ਅਪਨਿ ਉਮੰਗ- ॥੩੮॥
ਬੈਠਜੋ ਰਹਜੋ ਸੁ ਕੇਤਿਕ ਕਾਲ।
ਦੇਖਿ ਗੁਰੂ ਤਨ ਚਿੰਤ ਬਿਸਾਲ।
-ਹਜ਼ਰਤ ਮੇਲ ਨਹੀਂ ਬਨਿ ਆਵੈ।
ਜਬਿ ਲੌ ਬੈਠਿ ਨ ਸਭਾ ਲਗਾਵੈਂ- ॥੩੯॥
ਕਰਨਿ ਉਪਾਇ ਅਨੇਕੈ ਭਾਂਤਿ।
ਦਾਸਨਿ ਸਾਥ ਕਹੀ ਬਹੁ ਬਾਤ।
ਅੰਤਰ ਮਾਤਾ ਪਰਦੇ ਮਾਂਹਿ।
ਮਸਤਕ ਟੇਕਿ ਪਠਜੋ ਨਰਨਾਹਿ[2] ॥੪੦॥
ਗੁਰ ਆਇਸੁ ਲੇ ਬੰਦਨ ਠਾਨਿ।
ਉਠਜੋ ਨਰੇਸ਼ੁਰ ਕਰਨਿ ਪਯਾਨ।
ਵਹਿਰ ਪੌਰ ਪਰ ਬੰਦਨ ਕਰਿ ਕੈ।
ਗਮਨਜੋ ਨਿਜ ਵਾਹਨ ਪਰ ਚਰਿ ਕੈ ॥੪੧॥
ਸਦਨ ਆਪਨੇ ਪਹੁੰਚਜੋ ਆਇ।
ਨਾਨਾ ਰਸ ਕੇ ਭੋਜਨ ਖਾਇ।
ਅਵਰੰਗ ਨਿਕਟਿ ਜਾਇ ਸਭਿ ਗਾਈ।
'ਪ੍ਰਥਮ ਦੇਹਿ ਜ੍ਵਰ[3] ਸੋਂ ਹੁਇ ਆਈ ॥੪੨॥
ਅਬਹਿ ਸੀਤਲਾ ਦਈ ਦਿਖਾਈ।
ਪੌਢਿ ਰਹੇ ਗੁਰ ਪਿਖੇ ਸੁ ਜਾਈ।'
ਸੁਨਿਤ ਸ਼ਾਹੁ ਚਿਤ ਮਹਿਂ ਲਖਿ ਆਪ।
-ਬਿਦਤਜੋ ਰਾਮਰਾਇ ਕੋ ਸ੍ਰਾਪ- ॥੪੩॥

---

[1]ਸੁਣੇ ਤੇ ਧਾਰਨ ਕਰੋ।
[2]ਰਾਜੇ ਨੇ।
[3]ਤਾਪ।

ਜੈ ਸਿੰਘ ਸੰਗ ਕਹ੍ਯੋ ਤਿਹ ਸਮੈ।
'ਸੁਧਿ ਲਿਹੁ ਨਿਤ, ਦਿਹੁ ਸਭਿ ਪੁਨ ਹਮੈ।'
ਬਹੁਰ ਅਪਰ ਪਰਸੰਗ ਚਲਾਏ।
ਸ਼ਾਹੁ ਸਭਾ ਸਭਿ ਹੀ ਬਿਸਮਾਏ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸੀਤਲਾ ਨਿਕਸਨ' ਪ੍ਰਸੰਗ ਬਰਨਨੰ ਨਾਮ ਨਵ ਚਤਵਾਰਿੰਸਤੀ ਅੰਸੂ ॥੪੯॥

## ੫੦. [ਸੀਤਲਾ ਨਿਕਲੀ]

੪੯<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫੧

ਦੋਹਰਾ: ਤਿਸ ਦਿਨ ਤੇ ਸ਼੍ਰੀ ਹਰਿਕ੍ਰਿਸ਼ਨ, ਆਇਸੁ ਕੀਨਸਿ ਦਾਸ।
'ਸਿਖ ਸੰਗਤਿ ਢਿਗ ਦੂਰ ਕੇ, ਆਇ ਨਹੀਂ ਕੋ ਪਾਸ ॥੧॥
ਚੌਪਈ: ਜੋ ਜ਼ਰੂਰ ਹੀ ਚਹੀਅਹਿ ਆਇ।
ਸੋ ਬੂਝਹਿ ਪੁਨਰਪਿ ਪ੍ਰਵਿਸ਼ਾਇ[1]।'
ਬੰਦੁਬਸਤ ਸਭਿ ਹੀ ਕਰਿ ਦੀਨਿ।
ਨਿਕਟਿ ਨਹੀਂ ਕੋ ਪਹੁੰਚਹਿ ਚੀਨ ॥੨॥
ਤਨ ਪਰ ਨਿਕਸੇ ਗਨ ਬਿਸਫੋਟ[2]।
ਸਘਨ ਅਧਿਕ ਕੋ ਦੀਰਘ, ਛੋਟ[3]।
ਅਰੁਨ ਬਰਨ ਸਗਰੋ ਹੁਇ ਆਯੋ।
ਸੋਜਾ ਕੁਛੁਕ ਦੇਹਿ ਦ੍ਰਿਸ਼ਟਾਯੋ ॥੩॥
ਦਿਨ ਪ੍ਰਤਿ ਅਧਿਕ ਅਧਿਕ ਹੀ ਭਯੋ।
ਭਰਿਬੋ ਬਿਸਫੋਟਨਿ ਹੁਇ ਗਯੋ।
ਜੋ ਸੁਧਿ ਲੈਬੇ ਆਇ ਮਸੰਦ।
ਕੈ ਸੰਗਤਿ ਨਰ ਕਿਧੌਂ ਬਿਲੰਦ ॥੪॥
ਸਭਿ ਕੇ ਖ਼ਬਰ ਵਹਿਰ ਹੀ ਦੇਤਿ।
ਸਤਿਗੁਰ ਪੌਢੇ ਬੀਚ ਨਿਕੇਤ।
ਸ਼ਾਹੁ ਹਮੇਸ਼ ਪਠਹਿ ਉਮਰਾਵ।
ਅਰੁ ਆਵਤਿ ਨਿਤ ਜੈ ਸਿੰਘ ਰਾਵ ॥੫॥
ਸਭਿ ਤੇ ਉਦਾਸੀਨ ਬ੍ਰਿਤਿ ਕਰਿ ਕੈ।
ਪੌਢੇ ਰਹੈਂ ਤੂਸ਼ਨੀ ਧਰਿ ਕੈ।
ਜਾਨਜੋ ਸਭਿਨਿ ਪ੍ਰਥਮ ਜਿਮ ਭਯੋ।
-ਰਾਮਰਾਇ ਜੈਸੇ ਬਚ ਕਿਯੋ ॥੬॥
ਸੋ ਅਬਿ ਸਾਚ ਹੋਇ, ਨਹਿਂ ਟਰੈ।
ਨਾਂਹਿ ਤ ਕਿਮ ਸਤਿਗੁਰ ਇਮ ਪਰੈਂ।
ਜਿਨ ਕੇ ਦਰਸ਼ਨ ਤੇ ਮਿਟਿ ਜਾਇ।
ਆਦਿ ਸੀਤਲਾ ਰੁਜ ਸਮੁਦਾਇ ॥੭॥
ਸਿਖ ਆਦਿਕ ਪੁਰਿ ਮਹਿਂ ਨਰ ਘਨੇ।

---

[1]ਓਹ ਪੁੱਛਕੇ ਫੇਰ ਮੰਦਰ ਆਵੇ।
[2]ਛਾਲੇ।
[3](ਕੋਈ) ਛੋਟਾ।

ਕਰਿ ਕਰਿ ਦਰਸ ਰੋਗ ਸਭਿ ਹਨੇ।
ਰਿਦੇ ਭਾਵਨਾ ਜੋ ਦਰਿ ਆਏ।
ਸਭਿਹਿਨਿ ਕੇ ਰੁਜ ਗੁਰੂ ਗਵਾਏ ॥੮॥
ਤਿਨ ਕੇ ਤਨ ਕੋ ਕਜਾ ਦੁਖ ਗ੍ਰਾਸੇ।
ਕਿਮ ਤਮ ਤੋਮ ਤਰਨਿ ਕੇ ਪਾਸੇ[1]? -।
ਮਿਲਹਿਂ ਗੁਰੂ ਕੇ ਪੌਰ ਜਿ ਆਵਹਿਂ।
ਇਸ ਬਿਧਿ ਆਪਸ ਬਿਖੈ ਸੁਨਾਵਹਿਂ ॥੯॥
'ਬੈਸੇ ਅਲਪ ਗੁਰਤਾ ਅਬਿ ਪਾਈ।
ਨਹਿਂ ਆਗੈ ਸੰਤਤਿ ਉਪਜਾਈ।
ਦਾਸ ਨਹੀਂ ਅਸ ਲਾਇਕ ਕੋਈ।
ਪੁਨ ਗਾਦੀ ਪਰ ਕੋ ਗੁਰ ਹੋਈ? ॥੪੦॥
ਜੇਸ਼ਟ ਪੁੱਤ੍ਰ ਨ ਪਦ ਇਹ ਪਾਇ।
ਖਾਰਜ ਕਰਯੋ ਗੁਰੂ ਹਰਿਰਾਇ।
ਭੂਤ ਬਾਰਤਾ ਜਾਨੀ ਪਰੈ[2]।
ਜੇ ਸਿਖ ਸੰਗਤ ਪ੍ਰਜਾ ਕਰੈ ॥੧੧॥
ਸਭਿ ਮਹਿਂ[3] ਪਰ ਜੈ ਹੈ ਅਸ ਰੌਰਾ।
-ਕੋ ਅਬਿ ਗੁਰੂ, ਬਾਸ ਕਿਸ ਠੌਰਾ-?
ਅਦਭੁਤ ਗਤਿ ਸ਼੍ਰੀ ਸਤਿਗੁਰ ਕੇਰੀ।
ਕੋ ਲਖਿ ਸਕਹਿ ਅਗੰਮ ਘਨੇਰੀ' ॥੧੨॥
ਦਿੱਲੀ ਪੁਰਿ ਕੀ ਸੰਗਤਿ ਸਾਰੀ।
ਮਿਲਿ ਆਪਸ ਮਹਿਂ ਕਰਤਿ ਉਚਾਰੀ।
'ਰਾਮਰਾਇ ਬਿਨ ਸੰਤਤਿ ਰਹੈ।
ਇਹ ਗੁਰ ਸ੍ਰਾਪ ਸਾਚ ਹੀ ਲਹੈਂ' ॥੧੩॥
ਜਾਇ ਪੌਰ ਪਰ ਨਮੋਂ ਕਰੰਤੇ।
ਲੇ ਲੇ ਸੁਧਿ ਨਿਜ ਧਾਮ ਸਿਧੰਤੇ।
ਚੇਤ ਮਾਸ ਪਾਛਲਿ ਪਖ ਮਾਂਹੀ।
ਗਏ ਪੰਚਮੀ ਕੋ ਗੁਰ ਤਾਂਹੀਂ ॥੧੪॥
ਬਿਦਤ ਸੀਤਲਾ ਦਿਨ ਖਸ਼ਟੀ ਕੋ।

---

[1]ਸੂਰਜ ਦੇ ਕੋਲ ਗਾੜ੍ਹਾ ਹਨੇਰਾ ਕਿਵੇਂ?
[2]ਬੀਤ ਗਈ ਗੱਲ ਜਾਣ ਪੈਂਦੀ ਹੈ (ਭਾਵ ਕੀਰਤਪੁਰਿ ਵਿਚ ਪਹਾੜੀ ਉਤੇ ਜੋ ਸ਼੍ਰੀ ਗੁਰੂ ਹਰਿਰਾਇ ਜੀ ਨੇ ਸਿੱਖੀ ਰੂਪ ਜਹਾਜ਼ ਦਾ ਗੁਣ ਜਾਣਾ ਕਹਿਆ ਸੀ)।
[3]ਜੋ ਸਿੱਖ ਸੰਗਤ ਪੂਜਾ ਕਰਨ ਵਾਲੀ ਹੈ (ਤਿਨਾਂ) ਸਾਰਿਆਂ ਵਿਚ।

ਛੋਟ ਬਡੀ ਬਿਸਫੋਟ ਭਰੀ ਕੋ।
ਦਿਵਸ ਤ੍ਰੌਦਸੀ ਲੌ ਭਰਿ ਆਈ।
ਸੇਵਹਿਂ ਦਾਸ ਨਿਕਟਿ ਜੇ ਜਾਈ ॥੧੫॥
ਹੋਤਿ ਅਚੰਭੇ ਗਤਿ ਪਿਖਿ ਮਨ ਕੀ।
'ਹੇ ਗੁਰ! ਕਹਾਂ ਦਿਸ਼ਾ ਕਿਯ ਤਨ ਕੀ।
ਦੁਖ ਸੁਖ ਸਭਿਹਿਨਿ ਕੋ ਤੁਮ ਹਾਥ।
ਸਭਿ ਪ੍ਰਕਾਰ ਸਮਰਥ ਜਗਨਾਥ!' ॥੧੬॥
ਮਾਤ ਜਾਇ ਅਵਲੋਕਨਿ ਕਰੈ।
ਲਖਹਿ ਗੁਰੂ ਗਤਿ ਚਿੰਤਾ ਧਰੈ।
ਇਕ ਪੁੱਤ੍ਰਾ ਪੁਨ ਬਾਲਿਕ ਸੋਇ।
ਆਗੈ ਸੰਤਤਿ ਭਈ ਨ ਕੋਇ ॥੧੭॥
ਦੇਖਿ ਦੇਖਿ ਦੁਖ ਪਾਇ ਬਿਚਾਰੀ।
ਅਧਿਕ ਬਿਸੂਰਤਿ ਸੰਸੈ ਧਾਰੀ।
'ਹੇ ਸੁਤ! ਕਯੋਂ ਨ ਬਨਹੁ ਅਹਿਲਾਦੀ।
ਤੁਮ ਬੈਠੇ ਸ਼੍ਰੀ ਨਾਨਕ ਗਾਦੀ ॥੧੮॥
ਕਯਾ ਇਹ ਦਸ਼ਾ ਅਰੰਭਨਿ ਕੀਨਿ।
ਸਤਿਗੁਰ ਕੋ ਘਰ ਅਨਦ ਬਿਹੀਨ।
ਆਪ ਅਲੰਬ ਸੰਗਤਾ ਕੇਰੀ।
ਚਹੁੰ ਦਿਸ਼ਿ ਕੀ ਚਲਿ ਆਇ ਘਨੇਰੀ ॥੧੯॥
ਸਭਿ ਬਿਧਿ ਕੀ ਜਾਚਤਿ ਹੈਂ ਛੇਮ।
ਦੇਤਿ ਆਪ ਜਿਹ ਸ਼ਰਧਾ ਨੇਮ[1]।
ਨਿਜ ਤਨ ਦਿਸ਼ਿ ਕਯੋਂ ਦੇਖਤਿ ਨਾਂਹੀ।
ਅਜਹੂੰ ਬਾਲ ਆਰਬਲ ਮਾਂਹੀ ॥੨੦॥
ਪੂਰਬ ਤੇ ਬੈਠਤਿ ਚਲਿ ਆਈ[2]।
ਲਾਇਕ ਬਨੇ ਪਾਇ ਗੁਰਿਆਈ[3]।
ਅਸ ਨਹਿਂ ਕਰਹੁ, ਮਿਟਹਿ ਗੁਰ ਗਾਦੀ।
ਸੋਢੀ ਸਭਿ ਸ਼ਰੀਕ ਸੋ ਬਾਦੀ[4] ॥੨੧॥
ਤਿਨ ਕੋ ਤਜਿ ਤੁਮਰੇ ਘਰ ਆਈ।

---

[1](ਇਹ) ਨੇਮ ਹੈ (ਆਪ ਦਾ ਕਿ) ਜਿਸ ਨੂੰ ਸ਼ਰਧਾ ਹੈ ਆਪ ਉਸ ਨੂੰ ਦੇਂਦੇ ਹੋ (ਛੇਮ ਆਦਿ)।
[2]ਪਹਿਲੋਂ ਤੋਂ (ਗੁਰੂ ਦੇ ਬਾਦ ਗੁਰੂ ਦੇ ਗੱਦੀ) ਬੈਠਣ ਨਾਲ (ਗੱਦੀ ਕਾਇਮ) ਟੁਰੀ ਆਈ ਹੈ।
[3]ਤੁਸੀਂ (ਬਚਪਨ ਵਿਚ ਹੀ) ਲਾਇਕ ਹੋ ਕੇ ਗੁਰਿਆਈ ਪਾਈ ਹੈ।
[4]ਓਹ ਝਗੜਾਲੂ ਹਨ।

ਕਰਹੁ ਜੋਗਤਾ ਜੀਵਨ ਪਾਈ[੧]।'
ਦੇਖਿ ਸ਼ਰੀਰ ਮਾਤ ਇਮ ਕਹੈ।
ਭਈ ਦੀਨ ਉਰ ਝੂਰਤਿ ਅਹੈ ॥੨੨॥
ਸੁਨਿ ਕਰਿ ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾਲਾ।
ਦੇ ਜਨਨੀ ਕੋ ਧੀਰ ਬਿਸਾਲਾ।
'ਰਚੀ ਬਿਧਾਤੇ ਹੋਨੀ ਸੋਇ।
ਮਿਟੈ ਨ ਕਰੇ ਉਪਾਇ ਜਿ ਕੋਇ ॥੨੩॥
ਜੇ ਨਹਿਂ ਹੋਨੀ, ਬਨਹਿ ਸੁ ਨਾਂਹੀ।
ਕਰਹਿ ਸੁ ਜਤਨ ਸਕਲ ਥਲ[*] ਮਾਂਹੀ[੨]।
ਸਾਚੀ ਸ਼੍ਰੀ ਨਾਨਕ ਕੀ ਗਾਦੀ।
ਸੰਗਤਿ ਬਿਖੈ ਸਦੀਵ ਅਬਾਦੀ ॥੨੪॥
ਅਬਚਲ ਨੀਵ ਅਹੈ ਗੁਰ ਕੇਰੀ।
ਰਹੈ ਸਦਾ ਦਿਢ ਸਖਦ ਬਡੇਰੀ।
ਤੂੰ ਮਮ ਮਾਤ ਨ ਇਮ ਬਨਿ ਆਵੈ।
ਸਮ ਅਪਰਨਿ ਕੇ ਮੋਹ ਉਪਾਵੈਂ ॥੨੫॥
ਪ੍ਰਭੁ ਮਰਜ਼ੀ ਮਹਿਂ ਰਹੁ ਨਿਤ ਰਾਜ਼ੀ।
ਜਗ ਰਚਨਾ ਜਾਨਹੁਂ ਅਸ ਪਾਜੀ[੩]।
ਥਿਰ ਨ ਰਹੈ ਨਿਤ ਬਿਨਸਨਹਾਰੀ।
ਇਸ ਮਹਿਂ ਪ੍ਰੀਤਿ ਸੁਮਤਿ ਨਹਿਂ ਧਾਰੀ ॥੨੬॥
ਹਰਿ ਚੰਦੌਰੀ[੪], ਜਿਮ ਘਨ ਛਾਯਾ।
ਸੁਪਨਾ, ਜਿਮ ਬਾਜ਼ੀਗਰ ਮਾਯਾ[੫]।
ਇਨਹਿਂ ਸਾਚ ਲਖਿ ਕਰਿ ਦ੍ਰਿਢ ਗਹੈ।
ਕਹਾਂ ਸੁ ਪ੍ਰਾਨੀ ਨਿਜ ਕਰ ਲਹੈ[੬] ॥੨੭॥
ਬਿਨਸਹਿ ਕੋ ਆਗੈ ਕੋ ਪਾਛੇ।
ਇਸ ਮਹਿਂ ਮੂਰਖ ਥਿਰਤਾ ਬਾਂਛੇ।
ਚਲਜੋ ਜਾਤਿ ਜਿਮ ਨਦੀ ਪ੍ਰਵਾਹੂ।

---

[੧](ਆਪਣਾ) ਜੀਵਨ ਪਾਕੇ ਭਾਵ ਜੀਉਂਦੇ ਰਹਿਕੇ ਯੋਗਤਾ ਨਾਲ (ਗੁਰਿਆਈ) ਕਰੋ।
[*]ਪਾ:-ਬਿਧਿ।
[੨]ਚਾਹੇ ਸਾਰੇ ਬਲ ਵਿਚ (ਹੋ ਕੇ ਕੋਈ) ਜਤਨ ਕਰੋ।
[੩]ਝੂਠ। ਪਾਜ ਵਾਲੀ।
[੪]ਗੰਧਰਬ ਨਗਰੀ, ਅਕਾਸ਼ ਦੀ ਇਕ ਕਲਪਤ ਨਗਰੀ।
[੫]ਬਾਜ਼ੀਗਰ ਦੀ ਮਾਇਆ।
[੬]ਪ੍ਰਾਪਤ ਕਰ ਸਕਦਾ ਹੈ।

ਭਰਜੋ ਰਹਹਿ ਦਿਖਿਯਤਿ ਬਿਧ ਤਾਹੂ ॥੨੮॥
ਉਪਜਨਿ ਬਿਨਸਨਿ ਕਾਰ ਹਮੇਸ਼।
ਸਭਿ ਕੇ ਸੀਸ ਠਟੀ ਜਗਤੇਸ਼।
ਇਮ ਬਿਚਾਰ ਕਰਿ ਧੀਰਜ ਧਾਰਹੁ।
ਪ੍ਰਭੁ ਕ੍ਰਿਤ ਸਮੁਝਿ ਸ਼ੋਕ ਨਿਰਵਾਰਹੁ' ॥੨੯॥
ਸੁਨਤਿ ਪੁੱਤ੍ਰ ਕੇ ਬਾਕਨਿ ਮਾਤਾ।
ਚਖਿ ਜਲਜਾਤਨ ਤੇ ਜਲ ਜਾਤਾ[1]।
ਤੂਸ਼ਨਿ ਭਈ ਨ ਬੋਲੀ ਫੇਰ।
ਹੇਰਤਿ ਸੁਤ ਤਨ ਸੋਚ ਬਡੇਰ ॥੩੦॥
ਔਰੰਗ ਕੋ ਨਰ ਸੁਧਿ ਕੋ ਆਵੈ।
ਬਹੁਰ ਜਾਇ ਅਹਿਵਾਲ ਸੁਨਾਵੈ।
'ਅਧਿਕ ਸੀਤਲਾ ਕੇ ਬਿਸਫੋਟ[2]।
ਪਿਲਪਿਲ ਕਰਤਿ ਬਡੇ ਕੋ ਛੋਟ' ॥੩੧॥
ਸੁਨਤਿ ਸ਼ਾਹੁ ਨਿਸ਼ਚੈ ਮਨ ਜਾਨਾ।
-ਬਿਨਸਹਿ ਤਨ ਜਿਸ ਸ੍ਰਾਪ ਬਖਾਨਾ।
ਕਹਜੋ ਨ ਬਿਰਥਾ ਇਨ ਕੋ ਜਾਤਿ।
ਪਰਖਜੋ ਕਈ ਬਾਰ ਸਭਿ ਭਾਂਤਿ- ॥੪੩॥
ਅਪਨਿ ਸਭਾ ਮਹਿਂ ਕੇਤਿਕ ਬਾਰਾ।
ਗੁਰ ਪ੍ਰਸੰਗ ਕੋ ਬਦਨ ਉਚਾਰਾ।
ਜੈ ਪੁਰਿ ਨਾਥ ਸਾਥ ਬਹੁ ਬਾਰੀ।
ਬੂਝਿ ਬਾਰਤਾ ਕਰਤਿ ਉਚਾਰੀ ॥੩੩॥
ਬ੍ਰਿੰਦ ਮਸੰਦ ਬਿਲੰਦ ਸਚਿੰਤ।
ਮਿਲਿ ਮਿਲਿ ਬਹੁ ਬਿਚਾਰ ਬਿਰਤੰਤ।
-ਗੁਰਤਾ ਗਾਦੀ ਨਹਿਂ ਮਿਟਿ ਜਾਇ।
ਹਮ ਅਲੰਬ ਜਿਸ ਕੇ ਸਮੁਦਾਇ- ॥੩੪॥
ਸੰਗਤਿ ਮਿਲਹਿ ਸੁਨਤਿ ਪਛੁਤਾਵਹਿ।
-ਹਮ ਕਿਸ ਕੇ ਪੁਨ ਦਰਸ਼ਨ ਪਾਵਹਿਂ।
ਸਕਲ ਕਾਮਨਾ ਸਿੱਖਜਨਿ ਦਾਨੀ।
ਜੋ ਜਾਚਹਿ ਸਭਿ ਪੂਰਨਿ ਠਾਨੀ ॥੩੫॥
ਮੰਦ ਭਾਗ ਬਹੁ ਭਏ ਹਮਾਰੇ।

---

[1]ਨੇਤ੍ਰ ਕਵਲਾਂ ਵਿਚੋਂ ਪਾਣੀ ਚਲਿਆ ਜਾ ਰਿਹਾ ਹੈ।
[2]ਛਾਲੇ।

ਜਿਸ ਤੇ ਗੁਰ ਨਹਿਂ ਪਰਹਿਂ ਨਿਹਾਰੇ।
ਜਿਨ ਕੋ ਦਰਸ਼ਨ ਪਾਵਨ ਕਰੈਂ।
ਜਨਮ ਅਨੇਕ ਪਾਪ ਪਰਹਰੈਂ- ॥੩੬॥
ਇੱਤਯਾਦਿਕ ਸਭਿਹਿਨਿ ਮਹਿਂ ਠੌਰਾ।
ਪੁਰਿ ਮਹਿਂ ਭਯੋ ਅਨਿਕ ਹੀ ਠੌਰਾ।
ਰਾਮਰਾਇ ਸੁਨਿ ਕੈ ਸੁਧਿ ਸਾਰੀ।
ਬੁਰਾ ਭਲਾ ਨਹਿਂ ਕਰਤਿ ਉਚਾਰੀ ॥੩੭॥
ਭ੍ਰਾਤ ਪਰਸਪਰ ਜੇ ਬਚ ਕਹੈ।
ਕੋ ਸਮਰੱਥ ਹਟਾਵਨਿ ਚਹੈ।
ਸ੍ਰੀ ਨਾਨਕ ਕੀ ਜੋਤਿ ਅਪਾਰਾ।
ਕੋ ਨਹਿਂ ਪਾਇ ਸਕਹਿ ਤਿਹ ਪਾਰਾ ॥੩੮॥
ਸ੍ਰੀ ਹਰਿ ਕ੍ਰਿਸ਼ਨ ਮਹਾਂ ਸਮਰੱਥ।
ਸਕਲ ਬਾਰਤਾ ਜਿਨ ਕੇ ਹੱਥ।
ਅੰਗੀਕਾਰ ਤਊ ਬਚ ਕਰਯੋ।
ਜੋ ਭ੍ਰਾਤਾ ਕਰਿ ਬੈਰ ਉਚਰਯੋ ॥੩੯॥
ਬਹੁ ਕਾਰਨ ਤਿਸ ਮਹਿਂ ਮਨ ਜਾਨੇ।
-ਗੁਰ ਸ੍ਰੀ ਤੇਗ ਬਹਾਦਰ ਠਾਨੇ।
ਤਿਨ ਕੇ ਸੁਤ ਹ੍ਵੈ ਪੰਥ ਚਲਾਵਨਿ।
ਗਨ ਤੁਰਕਨਿ ਕੀ ਜਰਾਂ ਨਸਾਵਨਿ ॥੪੦॥
ਬਾਕ ਪਿਤਾਮੇ ਪਿਤ ਸਫਲਾਵੈ[1]।
ਹਮ ਤਨ ਤਜਹਿਂ ਸਕਲ ਬਨਿਆਵੈ[*]-।
ਗੁਰ ਸਰਬੱਗਜ ਬਿਸਾਲ ਉਦਾਰਾ।
ਇੱਤਯਾਦਿਕ ਸਭਿ ਰਿਦੈ ਬਿਚਾਰਾ ॥੪੧॥
ਚਾਹਤਿ ਭੇ ਸਰੀਰ ਕੋ ਤਯਾਗਿਨ।
ਦੇ ਕਰਿ ਦਰਸ ਸਿੱਖ ਅਨੁਰਾਗਨਿ।
ਕਾਰਨ ਕਰਨ ਆਪ ਸਭਿ ਜਾਨੈ।
ਨਰ ਅਜਾਨ ਕਯਾ ਤਿਨਹੁਂ ਬਖਾਨੈ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਗੁਰੂ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

---

[1]ਭਾਵ ਬਾਬਾ ਗੁਰਦਿੱਤਾ ਜੀ ਦੇ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਵਾਕ ਸਫਲਾ ਹੋਵੇ।

[*]ਇਸ ਤੋਂ ਅੱਗੇ ਇੱਕ ਛਾਪੇ ਦੇ ਨੁਸਖੇ ਵਿਚ ਇਕ ਚੌਪਈ ਵਾਧੂ ਹੈ ਜੋ ਹੋਰ ਕਿਸੇ ਲਿਖਤੀ ਨੁਸਖੇ ਵਿਚ ਨਹੀਂ ਮਿਲੀ, ਜਿਸਦਾ ਪਾਠ ਇਹ ਹੈ:-ਯਦਿ ਹਮ ਭ੍ਰਾਤ ਸ੍ਰਾਪ ਨਿਫਲਾਵੈਂ। ਨਿਜ ਗੁਰ ਘਰ ਕੋ ਅਦਬ ਘਟਾਵੈਂ। ਦੁਤੀ ਬ੍ਰਿਧਨ ਮਿਰਯਾਦਾ ਟਾਰੈਂ। ਯਾਤੇ ਸ੍ਰਾਪ ਸੁ ਅੰਗੀਕਾਰੈਂ।

## ੫੧. [ਸੰਗਤਾਂ ਨੂੰ ਉਪਦੇਸ਼]

੫੦<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫੨

ਦੋਹਰਾ: ਚੇਤ ਚਤਰ ਦਸਮੀ[1] ਭਈ, ਚਾਹਤਿ ਭੇ ਪਰਲੋਕ।
ਬਜਾਕੁਲ ਤਨ ਕੀ ਦਸ਼ਾ ਬਹੁ, ਦੇਖਤਿ ਦਾਸ ਸ ਸ਼ੋਕ ॥੧॥
ਚੌਪਈ: ਸੇਵਾ ਹੇਤੁ ਦਾਸ ਜੋ ਨੇਰੇ।
ਨੇਤ੍ਰ ਉਘਾਰਿ ਤਿਨਹੁਂ ਦਿਸ਼ਿ ਹੇਰੇ।
ਕਰਜੋ ਹੁਕਮ 'ਹਮ ਚਲਹਿਂ ਪ੍ਰਲੋਕ।
ਜੇ ਦਰਸ਼ਨ ਕਾਂਖੀ ਸਭਿ ਲੋਕ ॥੨॥
ਹੈ ਮਸੰਦ ਗੁਰਬਖਸ਼ ਸਿ ਮਾਲਾ[2]।
ਦਿੱਲੀ ਨਗਰ ਬਿਖੈ ਸਭਿ ਕਾਲਾ।
ਤਿਸ ਤੇ ਆਦਿਕ ਅਪਰ ਜਿ ਅਹੈਂ।
ਅਰੁ ਸਿੱਖ ਸੰਗਤਿ ਦਰਸ ਜਿ ਚਹੈਂ ॥੩॥
ਤਿਨ ਸਭਿਹਿਨਿ ਕੋ ਆਨਿ ਹਕਾਰਿ।
ਪਾਵਹਿਂ ਦਰਸ ਆਨਿ ਦਰਬਾਰ।'
ਸੁਨਤਿ ਬਿਲੋਚਨ ਦਾਸਨਿ ਭਰੇ।
ਤਤਛਿਨ ਅੱਸ਼੍ਰ ਬੂੰਦ ਗਿਰ ਪਰੇ ॥੪॥
ਮਾਤਾ ਆਦਿਕ ਸਭਿਨਿ ਸੁਨਾਇ।
ਸਮਦਾਇਨਿ ਕੋ ਸ਼ੋਕ ਉਪਾਇ।
ਪੁਨ ਗੁਰਬਖਸ਼ ਹਕਾਰਨਿ ਕਰਜੋ।
ਸੁਨਿ ਕਰਿ ਨੇਤ੍ਰਨਿ ਮਹਿਂ ਜਲ ਭਰਜੋ ॥੫॥
ਅਪਰ ਸਿੱਖ ਸੰਗਤਿ ਬੁਲਿਵਾਏ।
ਦਰਸ਼ਨ ਕੇ ਕਾਰਨ ਚਲਿ ਆਏ।
ਰਿਦੇ ਬਿਸੂਰਤਿ ਮੁਖ ਮੁਰਝਾਏ।
ਤੂਸ਼ਨਿ ਠਾਨਿ ਪਹੁਂਚਿ ਤਿਸ ਥਾਏਂ ॥੬॥
ਜੈ ਸਿੰਘ ਆਦਿ ਅਪਰ ਨਰ ਘਨੇ।
ਉਤਲਾਵਤਿ ਚਿਤ ਚਿੰਤਾ ਸਨੇ।
ਸਕਲ ਆਨਿ ਪਹੁਂਚੇ ਜਬਿ ਪੌਰ।
ਭਈ ਭੀਰ ਥਿਰ ਭੇ ਤਿਸ ਠੌਰ ॥੭॥
ਅੰਤਰ ਸਤਿਗੁਰ ਨਿਕਟਿ ਜਨਾਯਹੁ।
'ਸੁਨਿ ਸੁਧਿ ਜੈ ਪੁਰਿ ਕੋ ਪਤਿ ਆਯਹੁ।

---

[1]ਚੇਤ ਦੀ ਚੌਦਸ।
[2]ਗੁਰਬਖ਼ਸ਼ ਮੱਲ।

ਬ੍ਰਿੰਦ ਮਸੰਦ ਸੰਗਤਾਂ ਸਾਰੀ।
ਆਨ ਥਿਰੀ ਸਭਿ ਪੌਰ ਅਗਾਰੀ' ॥੮॥
ਸੁਨਿ ਕਰਿ ਸ਼੍ਰੀ ਹਰਿ ਕ੍ਰਿਸ਼ਨ ਉਚਾਰਾ।
'ਫਰਸ਼ ਡਸਾਵਹੁ ਬਿਬਿਧਿ ਪ੍ਰਕਾਰਾ।
ਆਨਿ ਸਭਿਨਿ ਕੋ ਦੇਹੁ ਬਿਠਾਇ।
ਦਰਸ਼ਨ ਕਰਹਿਂ ਕਾਮਨਾ ਪਾਇ' ॥੯॥
ਗਯੋ ਮੇਵੜਾ ਆਇਸੁ ਲੈ ਕੇ।
ਅੰਤਰ ਸਕਲ ਹਕਾਰਨਿ ਕੈ ਕੇ।
ਸ਼੍ਰੀ ਸਤਿਗੁਰ ਤਬਿ ਹ੍ਵੈ ਸਵਧਾਨਾ।
ਬੈਠੇ ਦਰਸਨ ਦੇਨਿ ਸੁਜਾਨਾ ॥੧੦॥
ਪਿਖਿ ਗੁਰਬਖਸ਼ਹਿ ਜੈਪੁਰਿ ਨਾਥ।
ਪ੍ਰਵਿਸ਼ਜੋ ਅੰਤਰ ਗਹਿ ਤਿਸ ਹਾਥ।
ਇਨ ਦੋਇਨ ਤੇ ਪੀਛੈ ਸਾਰੇ।
ਆਨਿ ਬਰੇ ਚਿੰਤਾ ਚਿਤ ਧਾਰੇ ॥੧੧॥
ਗੁਰ ਤਨ ਪਿਖਜੋ ਬ੍ਰਿੰਦ ਬਿਸਫੋਟ।
ਭਰੇ ਸਰਬ ਦੀਰਘ ਕੋ ਛੋਟ।
ਕਰ ਬੰਦਹਿਂ ਬੰਦਨ ਕੋ ਧਾਰਹਿਂ।
ਕੇਚਿਤ ਹੇਰਿ ਹੋਤਿ ਬਲਿਹਾਰੈਂ ॥੧੨॥
ਜਥਾ ਉਚਿਤ ਬੈਠੇ ਧਰਿ ਮੌਨ।
ਕਰਤਿ ਬਿਲੋਕਨ, ਬੋਲਹਿ ਕੌਨ।
ਜੈਪੁਰਿ ਪਤਿ ਕੋ ਰੁਖ਼ ਲਖਿ ਕਰਿ ਕੈ।
ਕਹਿ ਗੁਰਬਖਸ਼ ਨੰਮ੍ਰਿਤਾ ਧਰਿ ਕੈ ॥੧੩॥
'ਸ਼੍ਰੀ ਸਤਿਗੁਰੂ ਆਪ ਸਰਬੱਗਜ।
ਕਜਾ ਕਹਿ ਸਕਹਿਂ ਜਿ ਨਰ ਅਲਪੱਗਜ।
ਤਊ ਆਪਨੋ ਹਿਤ ਚਿਤ ਚਹੈਂ।
ਸਮਰੱਥਨਿ ਢਿਗ ਬਿਨਤੀ ਕਹੈਂ* ॥੧੪॥
ਆਗੈ ਭਏ ਸਪਤ ਗੁਰ ਜੋਇ।
ਦਾਸ ਕਿਧੌਂ ਲਾਇਕ ਸੁਤ ਹੋਇ।
ਸਭਿ ਬਿਧਿ ਤੇ ਸਮਰਥ ਤਿਸ ਕਰਿ ਕੈ।
ਗੁਰਤਾ ਗਾਦੀ ਪਰ ਬੈਠਰਿ ਕੈ ॥੧੫॥
ਸਕਲ ਸੰਗਤਾਂ ਆਦਿ ਮਸੰਦ।

*ਪਾ:-ਸਮਰੱਥ ਪ੍ਰਭੁ ਪਹਿ ਬਿਨਤੀ ਅਹੈ।

ਕਰ ਗਹਿਵਾਇ ਦਾਸ ਜੇ ਬ੍ਰਿੰਦ।
ਬਹੁਰ ਚਹੈਂ ਪਰਲੋਕ ਪਯਾਨਾ।
ਕਰਤਿ ਰਹੇ ਜਨ ਗਨ ਦੁਖਹਾਨਾ ॥੧੬॥
ਜੈਪੁਰਿ ਨਾਥ ਸਹਿਤ ਇਸ ਬੇਰੀ।
ਬਿਨਤੀ ਸੁਨਹੁ ਸੰਗਤਾਂ ਕੇਰੀ।
ਸਭਿ ਦਾਸਨਿ ਪਰ ਕਰੁਨਾ ਕਰੀਏ।
ਭੋਗਹੁ ਬਪੁ ਕੋ ਦਰਸ ਦਿਖਰੀਏ ॥੧੭॥
ਤਰੁਨ ਹੋਇ ਸੰਤਤਿ ਉਪਜਾਵਹੁ।
ਬਨਹੁ ਉਚਿਤ ਜਬਿਹੂੰ ਲਖਿ ਆਵਹੁ।
ਅਪਨੇ ਥਾਨ ਬਿਠਾਵਨਿ ਕੀਜੈ।
ਪੁਨ ਪ੍ਰਲੋਕ ਜਾਨੇ ਮਨ ਦੀਜੈ ॥੧੮॥
ਮ੍ਰਿਤੁ ਸੁਛੰਦ ਤੁਮ ਕੋ ਸਮਰੱਥ[1]।
ਤਨ ਧਾਰਨਿ ਤਜਾਗਨਿ ਨਿਜ ਹੱਥ।
ਯਾਂ ਤੇ ਸਭਿ ਕੋ ਕਹਿਬੋ ਬਨੈ।
ਰਚਹੁ ਤਥਾ ਜਿਮ ਬਾਂਛਹੁ ਮਨੈ ॥੧੯॥
ਅਪਰਨਿ ਕੀ ਮ੍ਰਿਤੁ ਕਿਮ ਹੁਇ ਜਾਇ।
ਜੇ ਅਭਿਲਾਖਹੁ ਸਕਹੁ ਜਿਵਾਇ।
ਇਹ ਕੁਛ ਨਈ ਨਹੀਂ ਹਮ ਕਹੀ।
ਗੁਰ ਘਰ ਮਹਿਂ ਨਿਤ ਹੋਵਤਿ ਰਹੀ ॥੨੦॥
ਕੌਨ ਕੌਨ ਹਮ ਕਰੈਂ ਬਤਾਵਨਿ।
ਜੇਤਿਕ ਮ੍ਰਿਤਕ ਕੀਨਿ ਜੀਵਾਵਨ।
ਬਿਦਤ ਜਗਤ ਮੈਂ ਛਪੀ ਨ ਕੋਇ।
ਸਰਬ ਕਲਾ ਸਮਰੱਥ ਗੁਰ ਹੋਇ ॥੨੧॥
ਅਨਿਕ ਮ੍ਰਿਤਕ ਜੇ ਦਏ ਜਿਵਾਇ।
ਨਿਜ ਜੀਵਨ ਮੈਂ ਸੰਸੈ ਕਾਇ।
ਬਾਲ ਅਵਸਥਾ ਮਹਿਂ ਤੁਮ ਅਹੈਂ।
ਅਸਮੰਜਸ ਲਖਿ ਸਭਿ ਹਮ ਕਹੈਂ' ॥੨੨॥
ਸੁਨੀ ਬਾਰਤਾ ਸਤਿਗੁਰ ਸਾਰੀ।
ਅਪਰ ਸਭਾ ਸਭਿ ਤੂਸ਼ਨਿ ਧਾਰੀ।
ਹਾਥ ਜੋਰਿ ਦੇਖਤਿ ਮੁਖ ਪਦਮ[2]।

[1](ਜਨਮ ਤੇ) ਮੌਤ ਤੋਂ ਤੁਸੀਂ ਸੁਤੰਤਰ ਹੋ ਕੇ (ਸਭ ਤਰ੍ਹਾਂ) ਸਮਰੱਥ ਹੋ।
[2]ਮੁਖ ਕਵਲ।

-ਅਜ਼ਮਤ ਲੌ ਬਖਸ਼ਨਿ ਕੋ ਸਦਮ[1] ॥੨੩॥
ਸੰਗਤਿ ਬਿਨਤੀ ਤੇ ਕਜਾ ਭਨਹਿ-।
ਸਗਰੇ ਮਨ ਮਹਿਂ ਇਸ ਬਿਧਿ ਗੁਨਹਿਂ।
ਕ੍ਰਿਪਾ ਨਿਧਾਨ ਬਚਨ ਪੁਨ ਭਨਜੋ।
ਮੌਨ ਠਾਨਿ ਸਭਿਹਿਨਿ ਤਬਿ ਸੁਨਜੋ ॥੨੪॥
'ਜਥਾ ਜੋਗ ਸੰਗਤਿ ਕਿਯ ਅਰਜ਼ੀ।
ਤਊ ਸੁਨਹੁ ਪਰਮੇਸ਼੍ਵਰ ਮਰਜ਼ੀ।
ਹਮਰੇ ਤਨ ਤਜਾਗਨਿ ਬਹੁ ਕਾਰਨ।
ਆਛੋ ਨਹੀਂ ਜਿ ਕਰਹਿਂ ਉਚਾਰਨਿ ॥੨੫॥
ਗੁਰ ਗਾਦੀ ਅਵਚਲ ਜਗ ਮਾਂਹੀ।
ਵਧਹਿ ਪ੍ਰਤਾਪ ਮਿਟਹਿ ਕਿਮ ਨਾਂਹੀ।
ਮਨੋਕਾਮਨਾ ਸੰਗਤਿ ਪਾਵਹਿ।
ਲੈ ਗੁਰ ਤੇ ਉਪਦੇਸ਼ ਕਮਾਵਹਿ ॥੨੬॥
ਗੁਰੂ ਗ੍ਰੰਥ ਸਾਹਿਬ ਸਭਿ ਕੇਰਾ।
ਜੋ ਹਮਰੋ ਚਹਿ ਦਰਸ਼ਨ ਹੇਰਾ।
ਸੋ ਸ਼ਰਧਾ ਧਰਿ ਹੇਰਨਿ ਕਰੈ।
ਪਾਪਨਿ ਗਨ ਕੌ ਤਤਛਿਨ ਹਰੈ ॥੨੭॥
ਹਮ ਸੋਂ ਬਾਤ ਕਰਨਿ ਕੋ ਚਾਹਹਿ।
ਪਠਹਿ ਸੁਨਹਿ ਗੁਰ ਗ੍ਰੰਥ ਉਮਾਹਹਿ।
ਤਿਸ ਮਹਿਂ ਕਹਜੋ ਜੁ ਕਰਹਿ ਕਮਾਵਨਿ।
ਚਾਰ ਪਦਾਰਥ ਲੇ ਮਨ ਪਾਵਨ[2] ॥੨੮॥
ਹੋਹਿ ਕਾਮਨਾ ਸਿਖ ਕੈ ਕੋਈ।
ਬਿਘਨ ਪਰਹਿ ਕੈ ਸੰਕਟ ਹੋਈ।
ਸ਼ਰਨ ਗ੍ਰੰਥ ਸਾਹਿਬ ਕੀ ਜਾਇ।
ਤਤਛਿਨ ਸਤਿਗੁਰ ਬਨਹਿਂ ਸਹਾਇ ॥੨੯॥
ਸ਼ਰਧਾਲੂ ਕੋ ਸਭਿ ਕਿਛ ਅਹੈ।
ਹੋਹਿ ਅਸ਼ਰਧਕ ਕਿਮਹੁ ਨ ਲਹੈ।
ਤਨ ਸਦੀਵ ਥਿਰ ਹੋਇ ਨ ਕੋਇ।
ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ ॥੩੦॥
ਨਿਤ ਦਰਸ਼ਨ ਕਰਿ ਮਸਤਕ ਟੇਕਹੁ।

---

[1]ਕਰਾਮਾਤ ਤੱਕ ਦੀ ਬਖਸ਼ਿਸ਼ ਦਾ ਘਰ ਹੈ।
[2]ਪਾ ਲਵੇ।

ਹਨਹੁ ਬਿਕਾਰਨਿ ਪਾਇ ਬਿਬੇਕਹੁ।'
ਇਮ ਸੁਨਿ ਕਰਿ ਸਤਿਗੁਰ ਕੀ ਬਾਨੀ।
ਸਭਿਨਿ ਬਿਲੋਚਨ ਤੇ ਬਹਿ ਪਾਨੀ ॥੩੧॥
ਗੁਰ ਜੀਵਨ ਕੀ ਆਸ ਚੁਕਾਈ।
ਦੁਰਲਭ ਦਰਸ਼ ਨਹੀ ਪੁਨ ਪਾਈ।
ਪੁਨ ਜੈ ਸਿੰਘ ਕਹ੍ਯੋ ਕਰ ਜੋਰੇ।
'ਸ਼ਾਹ ਚਹਹਿ ਤੁਮ ਚਰਨ ਨਿਹੋਰੇ ॥੩੨॥
ਮਿਲਿਬੇ ਕੀ ਲਾਲਸ ਹੀ ਰਹੀ।
ਤਾਂਹਿ ਕਾਮਨਾ ਪੂਰੀ ਨਹੀਂ।
ਮੁਝ ਸੋਂ ਕਹਤਿ ਰਹ੍ਯੋ ਬਹੁ ਬਾਰੀ।
ਮੈਂ ਰਾਵਰ ਕੀ ਮਰਜ਼ੀ ਧਾਰੀ ॥੩੩॥
ਅਬਿ ਕਜਾ ਹੁਕਮ ਕਹੌਂ ਢਿਗ ਸ਼ਾਹੂ।
ਬੂਝਹਿ ਜਬਹਿ ਜਾਇ ਹੌਂ ਪਾਹੁ।'
ਸ੍ਰੀ ਹਰਿਕ੍ਰਿਸ਼ਨ ਰਾਵ ਸੋਂ ਕਹ੍ਯੋ।
'ਤਿਸ ਢਿਗ ਭ੍ਰਾਤ ਹਮਾਰੋ ਰਹ੍ਯੋ ॥੩੪॥
ਮਨ ਭਾਵਤਿ ਅਜ਼ਮਤ ਦਿਖਲਾਈ।
ਜਿਮ ਭਾਖ੍ਯੋ ਤਿਮ ਹੀ ਕਰਿਵਾਈ।
ਸਾਢੇ ਤ੍ਰੈ ਸੈ ਵਾਰ ਬਿਲੰਦ।
ਕਰਾਮਾਤ ਹੇਰੀ ਬਿਧਿ ਬ੍ਰਿੰਦ ॥੩੫॥
ਅਪਰ ਕਹਾਂ ਗੁਰ ਘਰ ਤੇ ਚਾਹਤਿ।
ਮਿਲਿਬੇ ਹਿਤ ਜੋ ਬਹੁਤ ਉਮਾਹਤਿ।
ਦੂਤੀ ਬਾਤ ਪਰਲੋਕ ਸਿਧਾਵਨਿ।
ਬਿਨ ਸੰਕਟ ਰਹਿ ਆਨੰਦ ਪਾਵਨ ॥੩੬॥
ਤਿਸ ਹਿਤ ਸ਼ਬਦ ਪਠਾਵਨਿ ਕਰ੍ਯੋ।
ਸ੍ਰੀ ਗੁਰ ਨਾਨਕ ਯਥਾ ਉਚਰ੍ਯੋ।
ਕਰਹਿ ਕਮਾਵਨਿ ਸ਼ੁਭ ਗਤਿ ਪਾਵੈ।
ਬਿਨਾ ਕਮਾਏ ਹਾਥ ਨ ਆਵੈ ॥੩੭॥
ਹਮ ਸੋਂ ਮਿਲਨਿ ਕਾਜ ਹੈਂ ਦੋਇ।
ਪੂਰਬ ਹੀ ਪ੍ਰਾਪਤਿ ਤਿਹ ਸੋਇ।
ਅਪਰ ਤੀਸਰੋ ਕਾਜ ਨ ਕੋਈ।
ਜਿਸ ਤੇ ਮੇਲ ਹਮਾਰੋ ਹੋਈ ॥੩੮॥
ਇਹੀ ਬਾਰਤਾ ਕਹੀਅਹਿ ਜਾਇ।

ਸਿਮਰਹੁ ਸੱਤਿਨਾਮੁ ਸੁਖ ਪਾਇ।
ਸੰਤਨਿ ਸੰਗ ਨਹੀਂ ਕਰਿ ਅਰਨਾ।
ਤਿਨ ਕੋ ਕਹਯੋ ਆਪ ਸਿਰ ਜਰਨਾ[੧]' ॥੩੯॥
ਇਮ ਕਹਿ ਮੌਨ ਧਰੀ ਗੁਨ ਖਾਨੀ।
ਉਠਯੋ ਭੂਪ ਤਬਿ ਬੰਦਨ ਠਾਨੀ।
ਗਮਨਯੋ ਨੌਰੰਗ ਕੇ ਢਿਗ ਗਯੋ।
ਸਰਬ ਬ੍ਰਿਤਾਂਤ ਸੁਨਾਵਤਿ ਭਯੋ ॥੪੦॥
ਤਬਹਿ ਸ਼ਾਹੁ ਬੋਲਯੋ ਨ੍ਰਿਪ ਸਾਥ।
'ਰਾਖਹੁ ਸੁਧਿ ਤੁਮ ਜੈਪੁਰ ਨਾਥ!
ਤਨ ਕੋ ਤਜਹਿਂ ਆਨਿ ਸੁਧਿ ਦੀਜੈ।
ਮੋ ਬਿਨ ਕਹੇ ਦਾਹੁ ਨਹਿਂ ਕੀਜੈ ॥੪੧॥
ਨਿਸ ਕੈ ਦਿਨ ਹੋਵੈ ਤਿਸ ਕਾਲ।
ਤਨ ਤਜਾਗੈਂ ਸੁਧਿ ਦੇਹੁ ਉਤਾਲ।'
ਇਤੋ ਪ੍ਰਸੰਗ ਸ਼ਾਹੁ ਢਿਗ ਭਯੋ।
ਜੈ ਸਿੰਘ ਨਿਜ ਘਰ ਕੇ ਚਲਿ ਗਯੋ ॥੪੨॥
ਸੁਧਿ ਹਿਤ ਅਪਨੇ ਮਨੁਜ ਪਠਾਏ।
ਕਹਯੋ ਕਿ 'ਸੁਨਿ ਆਵਹੁ ਉਤਲਾਏ।'
ਇਸ ਪ੍ਰਕਾਰ ਦਿਨ ਭਯੋ ਬ੍ਰਿਤੰਤ।
ਸੰਧਯਾ ਸਮੈਂ ਗੁਰੂ ਭਗਵੰਤ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਮੋ ਅੰਸੂ ॥੫੧॥

---
[੧]ਸਹਾਰਨਾ।

## ੫੨. [ਸੰਗਤ ਨੂੰ ਉਪਦੇਸ਼]

੫੧<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫੩

ਦੋਹਰਾ: ਸੂਰਜ ਅਸਤਜੋ ਪ੍ਰਾਂਚ* ਦਿਸ਼ਿ, ਭਾ ਸੰਧਜਾ ਕੋ ਕਾਲ[1]।
ਆਇਂ ਜਾਇਂ ਸਿਖ ਪੁਰੀ ਤੇ, ਦਰਸਤਿ ਗੁਰੂ ਕ੍ਰਿਪਾਲ ॥੧॥
ਚੌਪਈ: ਬ੍ਰਿੰਦ ਮਸੰਦ ਥਿਰੇ ਸਭਿ ਆਇ।
ਜੇ ਗੁਰਬਖਸ਼ ਆਦਿ ਮੁਖਿ ਗਾਇ।
ਅੰਤਰ ਵਹਿਰ ਭੀਰ ਬਹੁ ਹੋਈ।
ਧਰੇ ਸ਼ੋਕ ਬੋਲਤਿ ਨਹਿਂ ਕੋਈ ॥੨॥
ਦਰਸ਼ਨ ਕਰਹਿਂ ਵਹਿਰ ਥਿਰ ਹੋਇ।
ਵਾਹਿਗੁਰੂ ਸਿਮਰਤਿ ਸਭਿ ਕੋਇ।
ਪੁਰਿ ਕੀ ਸੰਗਿਤ ਕੇ ਸਿਖ ਸਜਾਨੇ।
ਗੁਰ ਚਰਿਤ੍ਰ ਤੇ ਉਰ ਬਿਸਮਾਨੇ ॥੩॥
ਸਭਿ ਗੁਰਬਖਸ਼ ਸੰਗ ਮਿਲਿ ਕਹਜੋ।
'ਅਬਿ ਮਿਲਿ ਗੁਰ ਦਰਸ਼ਨ ਕੋ ਲਹਜੋ।
ਸਮਾਂ ਕਹਨਿ ਕੋ ਲਖਿ ਮਨ ਮਾਂਹੀ।
ਬੂਝਹੁ ਸਕਲ ਹੋਇ ਕਰਿ ਪਾਹੀ ॥੪॥
ਜਬਿ ਹੁਇ ਜੈ ਹੈਂ ਅੰਤਰ ਧਜਾਨ।
ਰਿਦੇ ਬਿਸੂਰਤਿ ਰਹਹੁ ਮਹਾਨ।
ਨਹੀਂ ਸੰਦੇਹ ਹੋਇ ਜਿਸ ਭਾਂਤਿ।
ਸੁਨਿਯਹਿ ਗੁਰੂ ਬਾਕ ਬੱਖਜਾਤ' ॥੫॥
ਜਥਾ ਕਰਨਿ ਅਰਦਾਸ ਅਗਾਰੀ।
ਮਿਲਿ ਸਭਿਹੂੰ ਤਿਮ ਭਲੇ ਬਿਚਾਰੀ।
ਤਬਿ ਗੁਰਬਖਸ਼ ਭਲੇ ਸਮੁਝਾਯੋ।
ਜਿਮ ਇਸ ਸਮੇ ਕਹਨਿ ਬਨਿ ਆਯੋ ॥੬॥
ਠਹਿਰਜੋ ਮਤ ਜਿਮ ਸਭਿਹਿਨਿ ਕੇਰਾ।
ਕਹਿਬੇ ਹਿਤ ਅਗੇਰ ਸੋ ਪ੍ਰੇਰਾ।
ਭਏ ਸੰਗ ਤਿਸ ਕੇ ਸਿਖ ਸਜਾਨੇ।

---

*ਇਥੇ ਪਦ ਪ੍ਰਾਂਚ ਪਿਆ ਹੈ, ਇਸਦੇ ਅਰਥ ਹਨ 'ਪੂਰਬ' ਕਿਸੇ ਲਿਖਤੀ ਨੁਸਖੇ ਵਿਚ ਪਾਠ ਹੈ 'ਸੂਰਜ ਅਥਜੇ ਅਵਾਂਚੀ ਦਿਸਿ' ਇਸਦੇ ਅਰਥ ਹਨ ਦੱਖਣ। ਸੂਰਜ ਨਾ ਪੂਰਬ ਡੁਬਦਾ ਹੈ ਨਾ ਦੱਖਣ। ਇਹ ਸੰਭਵ ਜਾਪਦਾ ਹੈ ਕਿ ਉਸ ਦਾ ਦਰੁਸਤ ਪਾਠ ਐਉਂ ਸੀ 'ਸੂਰਜ ਅਥਯੋ ਅਪ੍ਰਾਂਚ ਦਿਸ਼।' ਅਪ੍ਰਾਂਚ ਨਾਮ ਪੱਛੋਂ ਦਾ ਹੈ। ਸੋ ਲਿਖਾਰੀਆਂ ਦੀ ਕ੍ਰਿਪਾ ਨਾਲ ਅਪ੍ਰਾਂਚ ਦਾ ਪ੍ਰਾਂਚ ਹੋ ਗਿਆ ਹੋਣਾ ਹੈ। ਯਾ ਅਸਤਜਾਪ੍ਰਾਚ [ਅਸਤਿ+ਅਪ੍ਰਾਂਚ] ਪਾਠ ਹੋਵੇ ਜਿਸ ਤੋਂ ਅਸਤਜੋ ਪ੍ਰਾਂਚ ਲਿਖਾਰੀਆਂ ਨੇ ਬਣਾ ਲਿਆ।

[1]ਸੂਰਜ ਡੁਬ ਗਿਆ, ਪੂਰਬ ਦਿਸ਼ਾ ਵਲ ਸੰਧਿਆ ਪੈ ਗਈ।

ਗੁਰ ਮ੍ਰਿਜਾਦ ਜੇ ਚਹਤਿ ਮਹਾਨੇ ॥੭॥
ਆਗੇ ਸਤਿਗੁਰ ਕੀਨਸਿ ਤਯਾਰੇ।
ਕੁਸ਼ ਕੋ ਆਸਤਰਨ ਛਿਤ ਡਾਰੇ।
ਦਾਸਨਿ ਸੋਂ ਕਹਿ ਕਹਿ ਕਰਿਵਾਵੈਂ।
ਸੁਨਤਿ ਬਿਲੋਚਨ ਜਲ ਦ੍ਰਿਗ ਛਾਵੈ ॥੮॥
ਘਟਿਕਾ ਚਾਰ ਬਿਤੀਤਨਿ ਕਰੇ।
ਤਬਿ ਗੁਰਬਖਸ਼ ਅੱਗ੍ਰ ਹੁਇ ਖਰੇ।
ਸਭਿ ਕੇ ਹਿਤ ਕੀ ਸ਼ੁਭ ਅਰਦਾਸ।
ਕਰੀ ਗੁਰੂ ਕੇ ਪਾਸ ਪ੍ਰਕਾਸ਼ ॥੯॥
ਪ੍ਰਥਮ ਲੀਏ ਸਭਿ ਗੁਰ ਕੇ ਨਾਮ।
ਜਿਨ ਕੇ ਸੁਜਸੁ ਜਗਤ ਅਭਿਰਾਮ।
'ਸਭਿ ਸੰਗਤਿ ਕੀ ਬਿਨੈ ਸੁਨੀਜੈ।
ਬਿਰਦ ਕ੍ਰਿਪਾਲੁ ਕ੍ਰਿਪਾ ਨਿਜ ਕੀਜੈ ॥੧੦॥
ਸਪਤਮ ਸਤਿਗੁਰੂ ਸ਼੍ਰੀ ਹਰਿਰਾਇ।
ਸੁਤ ਤਜਿ ਬਡੋ ਨ ਉਚਿਤ ਲਖਾਇ।
ਅਪਨੇ ਬਦਨ[1] ਲਗਾਯਵ ਨਹੀਂ।
ਗੁਰਤਾ ਦੇਨੀ ਤੌਂ ਕਿਤ ਰਹੀ ॥੧੧॥
ਤੁਮ ਕੌਂ ਨਿਜ ਅਸਥਾਨ ਬਿਠਾਏ।
ਸਭਿ ਬਿਧਿ ਉਚਿਤ ਜਾਨਿ ਹਰਖਾਏ।
ਕਿਤਿਕ ਮਾਸ ਜੁਗ ਸੰਮਤ[2] ਬੀਤੇ।
ਜਬਿ ਕੇ ਜਗਤ ਗੁਰੂ ਤੁਮ ਕੀਤੇ ॥੧੨॥
ਤਬਿ ਕੀ ਸੰਗਤ ਸਰਬ ਸਮ੍ਹਾਲੀ।
ਸਿੱਖੀ ਰੀਤਿ ਭਲੇ ਪ੍ਰਤਿਪਾਲੀ।
ਚਹਤਿ ਭਏ ਅਬਿ ਅੰਤਰ ਧਯਾਨ।
ਨਹੀਂ ਬਿਠਾਯੋ ਕੋ ਨਿਜ ਥਾਨ ॥੧੩॥
ਅਬਿ ਸਭਿ ਸੰਗਤਿ ਮਿਲੀ ਬਿਸੂਰਤਿ।
ਨਹਿੰਨ ਬਿਲੋਕਹਿੰਗੇ ਤੁਮ ਮੂਰਤਿ।
ਰਾਵਰ ਨੇ ਕਿਸ ਕੇ ਲੜ ਲਾਈ।
ਰੀਤਿ ਪ੍ਰਥਮ ਗੁਰੂਅਨਿ[3] ਚਲਿ ਆਈ ॥੧੪॥

---

[1]ਮੁਖ।
[2]ਦੋ ਬਰਸ।
[3]ਗੁਰੂਆਂ ਤੋਂ।

ਕਰਹੁ ਆਪ ਭੀ ਤਿਨਹੁं ਸਮਾਨ।
ਜਿਸ ਤੇ ਸਿੱਖੀ ਰਹੈ ਜਹਾਨ।
ਜੇ ਨਾ ਕਰਹੁਗੇ ਪੂਰਬ ਰੀਤਿ।
ਜਾਨੀ ਪਰਹਿ ਸੁ ਹੁਇ ਬਿਪਰੀਤ ॥੧੫॥
ਬਿਚਲ ਜਾਇਗੀ ਸੰਗਿਤ ਸਾਰੀ।
ਕੇਚਿਤ ਹੁਇੰ ਮੀਣਨਿ ਅਨੁਸਾਰੀ[1]।
ਧੀਰਮੱਲ ਕੌ ਮਾਨਹਿ ਕੋਈ।
ਕੋ ਸਿਖ ਰਾਮਰਾਇ ਕੋ ਹੋਈ ॥੧੬॥
ਇੱਤਜਾਦਿਕ ਸੋਢੀ ਜੇ ਔਰ।
ਲੇ ਬਿਰਮਾਇ[2] ਆਪਨੀ ਠੌਰ।
ਬਿਨ ਗੁਰ ਸੰਗਤਿ ਹ੍ਵੈ ਥਿਰ ਕੋਇ ਨ।
ਜਥਾ ਨ੍ਰਿਪਤਿ ਬਿਨ ਸੈਨਾ ਹੋਇ ਨ ॥੧੭॥
ਰਹੈ ਨ ਜਬਿ ਗਾਦੀ ਕੋ ਮਾਲਿਕ।
ਧਨ ਹਿਤ[3] ਅਪਰ ਬਨਹਿਂ ਤਤਕਾਲਿਕ।
ਸ਼ਕਤਿ ਹੀਨ ਜੇ ਹੁਇ ਗੁਰ ਔਰਾ।
ਆਪਸ ਬਿਖੈ ਪਾਇੰ ਬਡ ਰੌਰਾ ॥੧੮॥
ਸਜਾਨੇ ਸਮਝਹਿਂ ਤਬਿ ਹਟਿ ਜਾਇੰ।
ਇਮ ਗੁਰ ਸਿੱਖੀ ਜਗਹਿ ਬਿਲਾਇ[4]।
ਸ਼੍ਰੀ ਨਾਨਕ ਤੇ ਆਦਿਕ ਭਏ।
ਜਗ ਮਹਿਂ ਸਿੱਖੀ ਕੋ ਦਿਢ ਕਿਏ ॥੧੯॥
ਸੋ ਨਹਿਂ ਬਿਨਸਹਿ ਜਿਮ ਜਗ ਮਾਂਹੀ।
ਉਚਿਤ ਕਰਨਿ ਕੇ ਹੋ ਬਿਧਿ ਤਾਂਹੀ[5]।
ਨਾਂਹਿ ਤ ਡੋਲ ਜਾਇਗੀ ਸੰਗਤਿ।
ਬੈਠਨਿ ਲਗਹਿਂ ਅਪਰ ਕੀ ਪੰਗਤਿ ॥੨੦॥
ਜੋ ਗੁਰੁ ਗ੍ਰੰਥ ਆਪ ਨੇ ਭਨਜੋਂ।
ਸੋ ਸਗਰੇ ਸਿੱਖਨਿ ਹੂੰ ਸੁਨਜੋਂ।
ਲਿਖਿ ਲੈ ਹੈਂ ਅਬਿ ਸੋਢੀ ਸਾਰੇ।
ਬੈਠਹਿਂ ਮਾਨੀ ਗੁਰ ਹੁਇ ਭਾਰੇ ॥੨੧॥

---

[1]ਅਧੀਨ।
[2]ਭਰਮਾ ਲੈਣਗੇ।
[3]ਧਨ ਲਈ।
[4]ਜਗਤ ਤੋਂ ਦੂਰ ਹੋ ਜਾਏਗੀ।
[5]ਉਸ ਬਿਧੀ ਦੇ ਕਰਨ ਜੋਗ ਆਪ ਹੀ ਹੋ।

ਯਾਂ ਤੇ ਸੰਗਤਿ ਕਿਸ[1] ਲੜ ਲਾਵਹੁ।
ਗੁਰਤਾ ਉਚਿਤ ਜਾਂਹਿ ਲਖਿ ਪਾਵਹੁ।
ਪੁਰਿ ਕੀ ਸੰਗਤਿ ਮਿਲਿ ਸਮੁਦਾਈ।
ਇਮ ਅਰਦਾਸ ਕਰਤਿ ਅਗੁਵਾਈ' ॥੨੨॥
ਸੁਨਿ ਕਰਿ ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾਲਾ।
ਜਥਾ ਜੋਗ ਜਾਨੀ ਤਿਸ ਕਾਲਾ।
-ਗੁਰੂ ਹੋਇ ਸੋ ਛਪੈ ਨ ਕੈਸੇ।
ਬਿਦਤਹਿ ਗਗਨ ਚਢੇ ਰਵਿ ਜੈਸੇ ॥੨੩॥
ਤਊ ਰੀਤਿ ਪੂਰਬ ਗੁਰ ਕੇਰੀ।
ਹਮ ਕੋ ਕਰੀ ਚਹਿਯ ਇਸ ਬੇਰੀ-।
ਇਮ ਬਿਚਾਰ ਕਰਿ ਨਿਰਨੈ ਲਹਯੋ।
ਬੋਲੇ 'ਜਥਾਜੋਗ ਤੁਮ ਕਹਯੋ ॥੨੪॥
ਪੈਸੇ ਪੰਚ ਨਲੇਰ ਮੰਗਾਵਹੁ।
ਸਭਿ ਸੰਗਤਿ ਕੋ ਨਿਕਟਿ ਬਿਠਾਵਹੁ।
ਭਾਰੀ ਗੁਰ ਬਿਦਤਹਿ ਜਗ ਮਾਂਹੀ।
ਜਿਸ ਤੇ ਦੰਭੀ ਗੁਰ ਦੁਰ[2] ਜਾਂਹੀ ॥੨੫॥
ਸਿੱਖ ਹਜ਼ਾਰਹੁੰ, ਲਾਖਹੁੰ, ਕੋਟ।
ਉਧਰਹਿੰਗੇ ਜਿਸ ਕੀ ਲੇ ਓਟ।
ਧਰਹਿਂ ਧਰਾ ਸਮ ਧੀਰਜ ਭਾਰੀ।
ਸਸਿ[3] ਸੂਰਜ ਸਮ ਪਰਉਪਕਾਰੀ ॥੨੬॥
ਸਿੱਖੀ ਦਿਢ ਐਸੀ ਜਗ ਕਰੈਂ।
ਜੇ ਬੇਮੁਖ ਸਭਿ ਪੈਰੀ ਪਰੈਂ।
ਮਹਾਂ ਪ੍ਰਤਾਪ ਸਭਿਨਿ ਪਰ ਛਾਵੈ।
ਕੁਛ ਤੇ ਕੁਛ ਕਰਿ ਕੈ ਦਿਖਰਾਵੈਂ' ॥੨੭॥
ਸੁਨਿ ਸ਼੍ਰੀ ਮੁਖ ਤੇ ਬਚਨ ਸੁਹਾਏ।
ਸੁਨਤਿ ਜਿ ਸਗਰੇ ਸੀਸ ਨਿਵਾਏ।
ਧਾਇ ਗਯੋ ਆਨਯੋ ਤਤਕਾਲਾ।
ਪੈਸੇ ਪੰਚ ਨਰੇਲ ਬਿਸਾਲਾ ॥੨੮॥
ਕੰਚਨ ਥਾਰ ਬਿਖੈ ਧਰਿ ਦੀਨਿ।

---
[1]ਕਿਸੇ ਦੇ।
[2]ਛਪ।
[3]ਚੰਦ।

ਚੰਦਨ ਪੁਸ਼ਪ ਧੂਪ ਸ਼ੁਭ ਕੀਨਿ।
ਸੰਗਤਿ ਸਗਰੀ ਨਿਕਟਿ ਬੁਲਾਈ।
ਜਿਸ ਮਹਿਂ ਸਜਾਨੇ ਸਿਖ ਸਮੁਦਾਈ ॥੨੯॥
ਹਾਥਨਿ ਜੋਰਿ ਨਾਥ ਗੁਰ ਆਗੇ।
ਨਮੋ ਕਰਹਿ ਕੋ ਚਰਨੀ ਲਾਗੇ।
ਘ੍ਰਿਤ ਕੀ ਜਰਹਿ ਮਸਾਲ ਅਗਾਰੀ।
ਅਪਰ ਸੁਗੰਧਨਿ ਬਹੁ ਮਹਿਕਾਰੀ ॥੩੦॥
ਸਭਾ ਲਗਾਇ ਜਥੋਚਿਤ ਸਾਰੇ[1]।
ਬੈਠੇ ਚਹੁੰਦਿਸ਼ਿ ਗੁਰ ਪਰਵਾਰੇ।
ਧਰੇ ਮੌਨ ਸਭਿ ਹੇਰਨਿ ਕਰੈਂ।
ਸਨੈ ਸਨੈ ਗੁਰ ਸਿਮਰਨਿ ਧਰੈਂ ॥੩੧॥
ਸ੍ਰੀ ਹਰਿਕ੍ਰਿਸ਼ਨ ਦਰਸ ਕਹੁ ਦਾਨ।
ਦੀਨਹੁ, ਕੀਨਿ ਜਨਨ[2] ਕਲਜਾਨ।
ਤਜਜੋ ਪ੍ਰਯੰਕ ਤਰੇ ਗੁਰ ਭਏ।
ਕੁਸ਼ ਕੋ ਆਸਤਰਨ ਥਿਰ ਥਿਏ ॥੩੨॥
ਕੰਚਨ ਥਾਰ ਨਿਕਟਿ ਕਰਿਵਾਯੋ।
ਦੇਖਿ ਦਾਹਿਨੋ ਹਾਥ ਉਠਾਯੋ।
ਮ੍ਰਿਦੁਲ ਮਨਿੰਦ ਕਮਲ ਕੇ ਜੋਇ।
ਪ੍ਰੇਰਨ ਕਰਜੋ ਪਿਖਹਿਂ ਗਨ ਸੋਇ ॥੩੩॥
ਪੈਸੇ ਪੰਚ ਉਠਾਵਨਿ ਕਰੇ।
ਸ੍ਰੀ ਫਲ ਸਾਥ ਹਾਥ ਮਹੁ ਧਰੇ।
ਕੀਨਿ ਮੰਡਲਾਕ੍ਰਿਤ ਤ੍ਰੈ ਬਾਰੀ[3]।
ਧਰਜੋ ਸੁ ਧਜਾਨ ਪ੍ਰਕ੍ਰਮਾ ਧਾਰੀ[4] ॥੩੪॥
ਲੇਪਨ ਕਰੀ ਭੂਮ ਜਹਿਂ ਪਾਵਨ।
ਨਿਜ ਕਰ ਤੇ ਤਹਿਂ ਕਰੇ ਟਿਕਾਵਨਿ।
ਹਾਥ ਜੋਰਿ ਪੁਨ ਬੰਦਨ ਠਾਨੀ।
ਨੇਤ੍ਰ ਉਘਾਰਿ ਕਹੀ ਮੁਖ ਬਾਨੀ ॥੩੫॥
'ਬਾਬਾ ਬਸਹਿ ਜਿ ਗ੍ਰਾਮ ਬਕਾਲੇ।

---

[1]ਜਿਵੇਂ ਉਚਿਤ ਸੀ ਭਾਵ ਆਪੋ ਆਪਣੇ ਟਿਕਾਣੇ।
[2]ਦਾਸਾਂ ਦੀ।
[3]ਹੱਥ ਗੋਲਾਕਾਰ ਤਿੰਨ ਵਾਰੀ ਕੀਤਾ।
[4]ਭਾਵ ਧਿਆਨ ਵਿਚ ਪ੍ਰਕ੍ਰਮਾਂ ਕੀਤੀ।

ਬਨਿ ਗੁਰ, ਸੰਗਤਿ ਸਕਲ ਸਮਾਲੇ*।'
ਇਮ ਸੁਨਾਇ ਸਭਿਹਿਨਿ ਸੋਂ ਕਹਯੋ।
ਸਿੱਖਨਿ ਉਰ ਨਿਸ਼ਚੈ ਤਬਿ ਲਹਯੋ ॥੩੬॥
-ਨਹੀਂ ਨਾਮ ਲੀਨਸਿ ਤਿਸ ਬੇਰਾ-।
ਤਉ ਲਖ਼ਯੋ ਸਭਿ -ਗੁਰੂ ਬਡੇਰਾ।
ਬਿਦਤਹਿ ਆਪ ਛਪਯੋ ਨਹਿਂ ਰਹੈ-।
ਇਮ ਬਿਚਾਰ ਕਰਿ ਕੋਇ ਨ ਕਹੈ ॥੩੭॥
ਸਭਿ ਕੀ ਇੱਛਾ ਪੂਰਨ ਕਰੀ।
ਗ੍ਰੀਵ ਨਿਵਾਇ ਨੰਮ੍ਰਤਾ ਧਰੀ।
ਨਮੋ ਕਰਹਿਂ ਸਭਿ ਆਦਿ ਮਸੰਦ।
ਧਰੇ ਸ਼ੋਕ ਉਰ ਅਧਿਕ ਅਨੰਦ ॥੩੮॥
ਕਰਯੋ ਹੁਕਮ ਸਤਿਗੁਰ ਢਿਗ ਦਾਸ।
'ਅਬਿ ਸੰਗਤਿ ਕੀ ਪੂਰਨ ਆਸ।
ਕਹੋ ਸਭਿਨਿ ਸੋਂ ਪੌਰ ਅਗਾਰੀ।
ਥਿਰਹੁ ਕਰਹੁ ਸਤਿਨਾਮ ਉਚਾਰੀ ॥੩੯॥
ਪਠਹਿਂ ਸੁਨਹਿਂ ਇਕ ਚਿਤ ਗੁਰ ਬਾਨੀ।
ਜਾਗ੍ਰਨਿ ਕਰਹਿਂ ਹੋਇ ਸਵਧਾਨੀ।
ਲੇਹੁ ਬੁਲਾਇ ਰਬਾਬੀ ਜੋਇ।
ਕਰਹਿਂ ਸ ਪ੍ਰੇਮ ਕੀਰਤਨ ਸੋਇ ॥੪੦॥
ਬਿਨਾ ਭਜਨ ਕਰਿਬੋ ਸਤਿਨਾਮ।
ਨਹਿਂ ਕੋ ਬੋਲਹਿ ਥਿਰਹਿ ਜੁ ਧਾਮ।
ਅਬਿ ਹਮ ਕਰਹਿਂ ਪ੍ਰਲੋਕ ਪਯਾਨਾ।
ਬਨਹਿਂ ਇਕਾਂਕੀ ਨਿਜ ਅਸਥਾਨਾ' ॥੪੧॥
ਸੁਨਿ ਗੁਰ ਹੁਕਮ ਸਭਾ ਸਭਿ ਜੋਇ।

---

*ਇਹ ਖਿਆਲ ਕਰਨਾ ਕਿ 'ਗੁਰੂ ਹਰਿਕ੍ਰਿਸ਼ਨ ਜੀ ਨੇ ਜੋ ਵਾਕ ਕਹੇ ਹਨ ਉਹ ਅਨਿਸ਼ਚਿਤ ਹਨ, ਸਾਫ ਨਾਮ ਕਿਉਂ ਨਾ ਕਿਹਾ' ਠੀਕ ਨਹੀਂ। ਬਕਾਲੇ ਵਿਚ ਤਦੋਂ ਕੋਈ ਹੋਰ ਸੋਢੀ ਨਹੀਂ ਸਨ ਰਹਿੰਦੇ, ਅਰ ਕੋਈ ਐਸਾ ਸਨਬੰਧੀ ਗੁਰੂ ਹਰਿਕ੍ਰਿਸ਼ਨ ਜੀ ਦਾ ਨਹੀਂ ਸੀ ਰਹਿੰਦਾ ਜੋ ਰਿਸ਼ਤੇ ਵਿਚ ਉਨ੍ਹਾਂ ਦਾ ਬਾਬਾ ਆ ਢੁੱਕੇ। ਇਕੋ ਸ਼੍ਰੀ ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਬਾਬੇ ਸ਼੍ਰੀ ਗੁਰਦਿੱਤਾ ਜੀ ਦੇ ਭਿਰਾਉ ਵਸਦੇ ਸਨ। ਸਾਕ ਵਿਚ ਵੱਡੇ ਤੇ ਅੱਗੋਂ ਗੁਰੂ ਬਣਨ ਕਰਕੇ ਤੇ ਛੇਵੇਂ ਗੁਰਾਂ ਦੇ ਬਖਸ਼ੇ ਹੋਏ ਗੁਰ ਪਦ ਦੇ ਮਾਲਿਕ ਹੋਣ ਦੇ ਵਰ ਨਾਲ ਵਰੇ ਹੋਏ ਹੋਣ ਕਰਕੇ ਉਨ੍ਹਾਂ ਨੇ ਅਦਬ ਨਾਲ 'ਬਾਬਾ ਬਕਾਲੇ' ਕਿਹਾ ਹੈ। ਇਹ ਵਾਕ ਸੁਣਕੇ ੨੨ ਮੰਜੀਆਂ ਲਾਕੇ ਸੋਢੀ ਓਥੇ ਕਰਤਾਰਪੁਰ ਕੋਠੇ ਆਦਿ ਥਾਵਾਂ ਤੋਂ ਮਗਰੋਂ ਜਾ ਬੈਠੇ ਸਨ। ਜਿਸ ਵੇਲੇ ਆਪ ਨੇ ਵਾਕ ਕਹੇ ਸਨ, ਉਸ ਵੇਲੇ ਉਥੇ ਸਿਰਫ ਸ਼੍ਰੀ ਗੁਰੂ ਤੇਗ ਬਹਾਦਰ ਜੀ ਉਨ੍ਹਾਂ ਤੋਂ ਬਾਬਾ ਕਹਿਲਾਉਣ ਦੇ ਅਧਿਕਾਰੀ ਵੱਸਦੇ ਸਨ, ਹੋਰ ਕੋਈ ਸੋਢੀ ਐਸਾ ਨਹੀਂ ਸੀ ਵਸਦਾ ਜੋ ਉਨ੍ਹਾਂ ਦਾ ਬਾਬਾ ਕਹਿਲਾ ਸਕੇ। ਸੋ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵਾਕ ਅਨਿਸ਼ਚਿਤ ਨਹੀਂ ਸਨ।

ਉਠਿ ਉਠਿ ਹਾਥ ਜੋਰਿ ਕਰਿ ਦੋਇ।
ਨਮੋ ਕਰਹਿਂ ਦਰਸ਼ਨ ਕੋ ਦੇਖਿ।
ਜਿਨ ਕੇ ਮਸਤਕ ਭਾਗ ਵਿਸ਼ੇਖਾ ॥੪੨॥
ਅਪਰ ਕਾਮਨਾ ਜੋ ਜੋ ਧਰੀ।
ਪੂਰਨ ਕੀਨਿ ਗੁਰੂ ਤਿਸ ਘਰੀ।
ਅਧਿਕ ਪ੍ਰੇਮ ਜੁਤਿ ਬਿਛੁਰੇ ਗੁਰ ਤੇ।
ਸ਼ੋਕ ਬਿਸਾਲ ਦੀਨ[1] ਬਡ ਉਰ ਤੇ ॥੪੩॥
ਸਿਖ ਸਮੁਦਾਇ ਪੌਰ ਪਰ ਥਿਰੈਂ।
ਸੱਤਿਨਾਮ ਕੋ ਸਿਮਰਨਿ ਕਰੈਂ।
ਲਗੇ ਰਬਾਬੀ ਕਿਰਤਨ ਕਰਿਬੇ।
ਜਿਹ ਸੁਨਿਬੇ ਸਭਿ ਕਲਮਲ ਹਰਿਬੇ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਤਾ ਅਰਪਨ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

---

[1]ਨਿਮਾਣੇ। ਉਦਾਸ।

## ੫੩. [ਸੱਚਖੰਡ ਪਯਾਨ]

੫੨<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫੪

ਦੋਹਰਾ: ਇਸ ਕ੍ਰਿਤ ਕੋ ਕਰਤੇ ਗੁਰੂ,
ਕਹਨਿ ਸੁਨਨਿ ਬਿਸਤਾਰ।
ਬੀਤ ਗਈ ਅਧ ਜਾਮਨੀ,
ਚਹੈਂ ਪ੍ਰਲੋਕ ਪਧਾਰਿ ॥੧॥
ਚੌਪਈ: ਅੰਤ ਸਮਾ ਲਖਿ ਜਨਨੀ[1] ਆਈ।
ਦੇਖਤਿ ਪੁੱਤ੍ਰ ਗਾਤ[2] ਮੁਰਝਾਈ।
ਅੱਸ੍ਰ ਬਿਲੋਚਨਿ ਤੇ ਬਹੁ ਡਾਰਹਿ।
ਸੰਕਟ ਸ਼ੋਕ ਰਿਦੈ ਬਹੁ ਧਾਰਹਿ ॥੨॥
ਸਰਬ ਪ੍ਰਕਾਰ ਗੁਰੂ ਸਮਰੱਥ।
ਲਘੁ ਦੀਰਘ ਟੇਕਹਿ ਪਦ ਮੱਥ।
ਅੰਤਰਜਾਮੀ ਸਭਿ ਮਨ ਕੇਰੇ।
ਬਡ ਤੇ ਲਘੁ, ਲਘੁ ਕਰਹਿਂ ਬਡੇਰੇ ॥੩॥
ਤਜਾਗਨਿ ਧਰਬੋ ਕਰਨਿ ਸਰੀਰ[3]।
ਜਿਨ ਕੇ ਹੈ ਅਧੀਨ ਉਰ ਧੀਰ।
ਮਹਿਮਾ ਸੁਤ ਕੀ ਜਾਨਤਿ ਸਾਰੀ।
ਗਜਾਤਾ ਦੇਸ਼ ਕਾਲ ਕੀ ਭਾਰੀ ॥੪॥
ਭੂਤ ਭਵਿੱਖਜਤ ਮਹਿਂ ਗਤਿ ਹੋਇ।
ਸਗਰੀ ਜਾਨਤਿ ਹੈ ਮਨ ਸੋਇ।
ਨਿਤ ਸਰਬੱਗ ਸ਼ਕਤਿ ਮਹਿਂ ਭਾਰੀ।
ਜਿਨ ਕੀਰਤਿ ਜਗ ਬਹੁ ਬਿਸਤਾਰੀ ॥੫॥
ਨਿਕਟਿ ਬੈਠਿ ਮੁਖ ਕਮਲ ਬਿਲੋਕਾ।
ਸਦਾ ਪ੍ਰਫੁੱਲਜਤਿ ਕਬਹੁਂ ਨ ਸ਼ੋਕਾ।
ਭਈ ਦੀਨ ਮੁਖ ਬੋਲੀ ਬਾਨੀ।
'ਸੁਨਹੁ ਪੁੱਤ੍ਰ! ਤੁਮ ਗੁਨ ਗਨ ਖਾਨੀ ॥੬॥
ਕਹੌਂ ਕਹਾਂ ਮੈਂ ਬਾਤ ਬਨਾਈ?
ਆਗੇ ਕਹੀ ਸੁ ਆਪ ਹਟਾਈ।
ਗੁਰਤਾ ਆਦਿਕ ਦੈਬੇ ਕਾਰ।

---

[1]ਮਾਤਾ।
[2]ਸਰੀਰ।
[3]ਸਰੀਰ ਦਾ ਧਾਰਨ ਕਰਨਾ ਯਾ ਤਿਆਗਣ ਕਰਨਾ।

ਕਰੀ ਸਰਬ ਹੀ ਭਲੇ ਸੁਧਾਰਿ ॥੭॥
ਮੈਂ ਨਿਸ਼ਪੁੱਤ੍ਰਾ[1] ਹ੍ਵੈ ਕਿਮ ਜੀਵੌਂ।
ਤੁਮਹਿਂ ਬਿਲੋਕੇ ਆਨੰਦ ਥੀਵੌਂ।
ਪਤਿ[2] ਪਾਛੇ ਕੁਛ ਸ਼ੋਕ ਨ ਕੀਨਿ।
ਹਰਖੀ ਪਿਖਿ ਗੁਰਤਾ ਤੁਮ ਲੀਨਿ ॥੮॥
ਆਪ ਕਰਹੁ ਪਰਲੋਕ ਪਯਾਨਾ।
ਮੈਂ ਝੂਰਤਿ ਕਰਿ ਸ਼ੋਕ ਮਹਾਨਾ।
ਬਡੇ ਭਾਗ ਸਤਿਗੁਰ ਘਰ ਆਈ।
ਤੁਮ ਜਨਮੇ ਅਤਿ ਭਈ ਬਧਾਈ ॥੯॥
ਅਬਿ ਡੂਬੌਂ ਦੁਖ ਸਿੰਧੁ ਮਝਾਰੇ।
ਕੋ ਕੇਵਟ ਹੁਇ ਪਾਰ ਉਤਾਰੇ।
ਤੁਮ ਬਿਨ ਦੇਖੇ ਜਿਯੌਂ ਨ ਕੈਸੇ।
ਜਲ ਤੇ ਬਿਛੁਰੀ ਮਛਰੀ ਜੈਸੇ' ॥੧੦॥
ਇੱਤ੍ਯਾਦਿਕ ਮਾਤਾ ਬਚ ਕਹੇ।
ਜਿਸ ਕੇ ਸੁਨਤਿ ਦਾਸ ਦੁਖ ਲਹੇ।
ਸ੍ਰੀ ਹਰਿ ਕ੍ਰਿਸ਼ਨ ਬਿਲੋਕਿ ਦੁਖਾਰੀ।
ਬਹੁ ਪ੍ਰਕਾਰ ਕਰਿ ਧੀਰ ਉਚਾਰੀ ॥੧੧॥
'ਤਨ ਜਾਨਹੁਂ ਸਭਿ ਬਿਨਸਨ ਹਾਰੇ।
ਇਸ ਤੇ ਕਯੋਂ ਅਤਿਸ਼ੈ ਦੁਖ ਧਾਰੇ।
ਰਹੀ ਕਿਤਿਕ ਬਾਕੀ ਬਯ[3] ਤੇਰੀ?
ਤਨ ਤਜਿ ਪਹੁਂਚਹਿਂ ਸੁਖ ਬਹੁ ਹੇਰੀ ॥੧੨॥
ਜਨਮ ਮਰਨ ਦੁਖ ਲੇਸ਼ ਨ ਜਹਾਂ।
ਮਮ ਪਿਤ ਨਿਕਟਿ ਪਹੂਚਹਿਂ ਤਹਾਂ।'
ਇਮ ਕਹਿ ਮਾਯਾ ਮੋਹ ਮਿਟਾਯਹੁ।
ਜਨਨੀ ਮਨ ਮਹਿਂ ਗ੍ਯਾਨ ਉਪਾਯਹੁ ॥੧੩॥
ਭਈ ਮਗਨ ਕੁਛ ਆਇ ਨ ਬਾਨੀ।
ਲਖਿ ਸੁਤ ਮਹਿਮਾ ਮਹਾਂ ਮਹਾਨੀ।
ਅਰਧ ਰਾਤਿ ਊਪਰ ਇਕ ਘਰੀ।
ਚਢਨਿ ਹੇਤੁ ਗੁਰ ਤ੍ਯਾਰੀ ਕਰੀ ॥੧੪॥

---

[1] ਪੁੱਤ੍ਰ ਰਹਿਤ।
[2] ਭਾਵ ਸ੍ਰੀ ਗੁਰੂ ਹਰਿਰਾਇ ਜੀ ਦੇ।
[3] ਆਯੂ।

ਕਿਤਿਕ ਦਾਸ ਢਿਗ ਮਾਤ ਨਿਹਾਰਹਿਂ।
ਤੂਸ਼ਨਿ ਹੋਇ ਸਥਿਰਤਾ ਧਾਰਹਿਂ।
ਬੋਲਤਿ ਕੋਮਲ ਬਾਕ ਸੁਹਾਏ।
ਸ਼੍ਰੀ ਮੁਖ ਪਰ ਕਰ ਸੋਂ ਪਟ[1] ਪਾਏ ॥੧੫॥
ਲਿਯੋ ਅਛਾਦਿ, ਛਿਨਕ ਮਹਿਂ ਪਯਾਨੇ।
ਸ਼੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਮਾਨੇ।
ਬ੍ਰਹਮਾਦਿਕ ਨਾਰਦ ਮੁਨਿ ਸਾਥ।
ਸਕਲ ਦੇਵ ਯੁਤਿ ਦੇਵਨਨਾਥ[2] ॥੧੬॥
ਗੁਰ ਆਗਵਨ ਜਾਨਿ ਸਭਿ ਆਏ।
ਬਾਦਤਿ ਦੁਂਦਿਭ[3] ਆਦਿ ਬਜਾਏ।
ਪੁਸ਼ਪਨਿ ਮਾਲ ਬਿਸਾਲ ਅਨੰਦਤਿ।
ਧੂਪ ਧੁਖਾਵਤਿ ਗੁਰ ਕੋ ਬੰਦਿਤ ॥੧੭॥
ਅਨਿਕ ਪ੍ਰਕਾਰਨ ਕੇ ਉਤਸਾਹੂ।
ਰਚਹਿਂ ਦੇਵ ਮਿਲਿ ਆਪਸ ਮਾਂਹੂ।
ਚਢਿ ਬਿਬਾਨ ਪਰ ਗੁਰੂ ਪਯਾਨੇ।
ਮਣੀਅਨਿ ਮੁਕਤਾ[4] ਗਨ ਲਰਕਾਨੇ ॥੧੮॥
ਦੇਵਬਧੂ[5] ਨਾਚਤਿ ਅਗਵਾਈ।
ਚਲੇ ਜਾਤਿ ਹ੍ਵੈ ਅਨਿਕ ਬਧਾਈ।
ਕਿੰਨਰ ਗੰਧ੍ਰਬ ਮਿਲਿ ਸਮੁਦਾਯਾ।
ਸਭਿਹਿਨਿ ਮਹਿਂ ਅਨੰਦ ਬਡ ਛਾਯਾ ॥੧੯॥
ਪਹੁੰਚੇ ਪ੍ਰਭੁ ਬੈਕੁੰਠ ਸਥਾਨ।
ਅਤਿ ਅਨੰਦ ਮਹਿਂ ਗੁਰ ਭਗਵਾਨ।
ਸੁਰ ਸਭਿ ਨਿਜ ਨਿਜ ਥਾਨ ਸਿਧਾਏ।
ਕੀਰਤਿ ਕਰਤਿ ਗੁਰਨਿ ਕੀ ਜਾਏ ॥੨੦॥
ਜਬਿ ਤਨ ਤਜਾਗਯੋ ਜਨਨੀ ਜਾਨਾ।
ਦਾਸਨਿ ਸੋਂ ਤਬਿ ਬਾਕ ਬਖਾਨਾ।
'ਦੇਖਹੁ ਸਤਿਗੁਰ ਕੀ ਅਬਿ ਦੇਹਿ।
ਪ੍ਰਾਨ ਨਹੀਂ ਜਾਨੇ ਮਨ ਏਹ' ॥੨੧॥

---
[1] ਬਸਤ੍ਰ।
[2] ਇੰਦ੍ਰ।
[3] ਵਾਜੇ ਧੌਂਸੇ।
[4] ਮੋਤੀ।
[5] ਅਪਸਰਾਂ।

ਤਬਿ ਉਘਾਰਿ ਮੁਖ ਦਾਸ ਨਿਹਾਰਾ।
ਜਥਾ ਪ੍ਰਫੁੱਲਿਤਿ ਕਮਲ ਉਦਾਰਾ।
ਮ੍ਰਿਤਕ ਚਿੰਨ੍ਹ ਇਕ, ਪ੍ਰਾਣ ਨ ਆਵਤਿ।
ਅਪਰ ਪ੍ਰਭਾ ਤਿਮ ਕੀ ਦ੍ਰਿਸ਼ਟਾਵਤਿ ॥੨੨॥
ਬਹੁਰੋ ਬਦਨ ਅਛਾਦਨਿ ਕਰਜੋ[1]।
ਸਭਿ ਕੇ ਦ੍ਰਿਗ ਪੂਰਨ ਜਲ ਢਰਜੋ।
ਰੁਦਿਤਿ ਭਏ ਜਬਿ ਅੰਤਰ ਸਾਰੇ।
ਵਹਿਰ ਪੌਰ ਪਰ ਸੁਨੀ ਪੁਕਾਰੇ ॥੨੩॥
ਜਾਨਜੋ ਸਭਿਨਿ ਸਮਾਵਤਿ ਭਏ।
ਅਪਨਿ ਪੁਰੀ ਕੋ ਪ੍ਰਾਪਤ ਥਿਏ।
ਸਿਮਰਤਿ ਸੱਤਿਨਾਮ ਸਹਿ ਸ਼ੋਕਾ।
ਹੁਤੇ ਪੌਰ ਪਰ ਜੇਤਿਕ ਲੋਕਾ ॥੨੪॥
ਸੁਨਿ ਜੈ ਸਿੰਘ ਕੋ ਦੂਤ ਸਿਧਾਰਜੋ।
ਜਾਇ ਪਾਸ ਤਿਸ ਭੇਵ ਉਚਾਰਜੋ।
ਨ੍ਰਿਪ ਸੁਨਿ ਸ਼ੋਕ ਬਿਸਾਲ ਉਪਾਯੋ।
ਸਿਮਰਿ ਸਿਮਰਿ ਗੁਰ ਗੁਨ ਪਛੁਤਾਯੋ ॥੨੫॥
ਸ਼ਾਹੁ ਨਿਕਟਿ ਸੁਧਿ ਤਬਿ ਪਹੁੰਚਾਈ।
'ਜਾਮ ਜਾਮਨੀ ਤੀਨ ਬਿਤਾਈ।'
ਸੁਨਿ ਕੈ ਸੁਧਿ ਤਗੀਦ ਪੁਨ ਕਰੀ।
'ਮੈਂ ਆਵੌਂ ਚਲਿ ਕਰਿ ਜਿਸ ਘਰੀ ॥੨੬॥
ਤਬਿ ਕਰਨੋ ਸਸਕਾਰ ਸਰੀਰ।
ਬਾਲ ਗੁਰੂ ਹਰਿਕ੍ਰਿਸ਼ਨ ਸਧੀਰ।'
ਨ੍ਰਿਪ ਕੋ ਆਨਿ ਸਕਲ ਸਮੁਝਾਈ।
'ਸ਼ਾਹੁ ਆਪ ਸੋਂ ਇਮ ਫੁਰਮਾਈ' ॥੨੭॥
ਸੁਨਿ ਜੈ ਸਿੰਘ ਗਯੋ ਤਤਕਾਲ।
ਅੰਮ੍ਰਤ ਵੇਲਾ ਹੁਤੋ ਬਿਸਾਲ।
ਜਾਇ ਪੌਰ ਪਰ ਬੈਠਜੋ ਸੋਇ।
ਆਇ ਅਪਰ ਬੈਠਹਿਂ ਸਭਿ ਕੋਇ ॥੨੮॥
ਭਈ ਪ੍ਰਭਾਤਿ ਸੁਨਜੋਂ ਪੁਰਿ ਸਾਰੇ।
ਸਿਖ ਸੰਗਤਿ ਭਾ ਮੇਲ ਉਦਾਰੇ।
ਚੰਦਨ ਲੇ ਲੇ ਪਹੁੰਚੇ ਕੋਇ।

---

[1]ਢੱਕ ਦਿੱਤਾ।

ਤਿਲ ਅਰੁ ਘਿੱਤ੍ਰ ਘਨੋ ਲੇ ਸੋਇ ॥੨੯॥
ਅਨਿਕ ਸੁਗੰਧਨਿ ਲਜਾਵਨਿ ਕਰੈਂ।
ਸ਼ੋਕ ਬਿਸਾਲ ਸਿੱਖਜ ਬਹੁ ਧਰੈਂ।
ਭਈ ਭੀਰ ਨਰ ਮਿਲੇ ਹਜ਼ਾਰੋਂ।
ਸੁਨਿ ਸੁਧਿ ਚਲੇ ਆਇ ਦੁਖ ਧਾਰੋ ॥੩੦॥
ਬੈਠਹਿਂ ਸਿਮਰਹਿਂ ਗੁਰ ਗੁਨ ਘਨੇ।
'ਕਸ਼ਟ ਅਨਿਕ ਦਰਸ਼ਨ ਤੇ ਹਨੇ।
ਜਬਿ ਕੇ ਪੁਰਿ ਮਹਿਂ ਭਏ ਪ੍ਰਵੇਸ਼।
ਤਬਿ ਤੇ ਨਾਸ਼ੇ ਰੋਗ ਅਸ਼ੇਸ਼' ॥੩੧॥
ਜੈਪੁਰਿ ਨਾਥ ਆਦਿ ਸਭਿ ਕਹੈਂ।
'ਸਰਬ ਕਲਾ ਸਮਰਥ ਪ੍ਰਭੁ ਲਹੈਂ।'
ਕੇ ਚਿਤ ਰਾਮਰਾਇ ਕੋ ਨਿੰਦਹਿਂ।
'ਮਤਸਰ ਧਰਤਾ ਬਹੁ' ਉਰ ਬਿੰਦਹਿਂ[1] ॥੩੨॥
'ਸ਼ਾਹੁ ਨਿਕਟਿ ਕਹਿ ਪ੍ਰਥਮ ਹਕਾਰੇ।
ਪੁਰਿ ਪ੍ਰਵਿਸ਼ੇ ਪਿਖਿ ਸ੍ਰਾਪ ਉਚਾਰੇ।
ਇਨਹੁਂ ਨ ਚਹਯੋ ਸ਼ਾਹੁ ਸੋਂ ਮੇਲਾ।
ਦਰਸ਼ਨ ਦੀਨਿ ਨ ਲੀਨਿ ਸੁਹੇਲਾ[2] ॥੩੩॥
ਕਹੇ ਪਿਤਾ ਕੇ ਮਹਿਂ ਇਹ ਰਹੇ।
ਦੇਨੀ ਕਰਾਮਾਤ ਨਹਿਂ ਚਹੇ।
ਧੰਨ ਗੁਰੂ ਹਰਿਕ੍ਰਿਸ਼ਨ ਮਹਾਨੇ।
ਧੀਰ ਗੰਭੀਰ ਅਭੀਰ ਸੁਜਾਨੇ ॥੩੪॥
ਨਿਜ ਪ੍ਰਣ ਤੇ ਨਹਿਂ ਚਲੇ[3] ਗੁਸਾਈਂ।
ਨਹਿਂ ਮਿਲਿਬੇ ਕੀ ਲਖੀ ਬਡਾਈ।
ਧਨ ਪੂਜਾ ਕੀ ਚਾਹ ਨ ਕੋਈ।
ਸਦਾ ਸਹਾਇਕ ਦਾਸਨਿ ਹੋਈ' ॥੩੫॥
ਇੱਤਜਾਦਿਕ ਗੁਨ ਬਰਨਨ ਕਰੈਂ।
ਸ਼ੀਲ ਸਰੂਪ ਮ੍ਰਿਦੁਲ ਸ਼ੁਭ ਧਰੈਂ।
ਭਈ ਪੌਰ ਆਗੇ ਬਹੁ ਭੀਰ।
ਤਜਹਿਂ ਬਿਲੋਚਨ ਤੇ ਸਿਖ ਨੀਰ ॥੩੬॥

---

[1]ਸਮਝਦੇ ਹਨ।
[2]ਨਾ ਦਰਸ਼ਨ ਕੀਤਾ ਨਾ ਸੁਹਣਾ ਦਰਸ਼ਨ ਦਿੱਤਾ।
[3]ਹਟੇ।

ਅੰਤਰ ਦਾਸੀ ਦਾਸ ਘਨੇਰੇ।
ਰੋਦਤਿ ਉਪਜਯੋ ਸ਼ੋਕ ਬਡੇਰੇ।
ਸੁਤ ਕੇ* ਸਿਮਰਿ ਸਿਮਰਿ ਗੁਨ ਭਾਰੀ।
ਦੁਖੀ ਹੋਤਿ ਅਤਿਸ਼ੈ ਮਹਿਤਾਰੀ ॥੩੭॥
ਤਯਾਰੀ ਕਰਨਿ ਲਗੇ ਸਸਕਾਰਨਿ।
ਨਿਕਟਿ ਸਥਲ ਸ਼ੁਭ ਕਰਯੋ ਨਿਹਾਰਨਿ।
ਸਕਲ ਸਮਿੱਗ੍ਰੀ ਲੇ ਪਹੁੰਚਾਈ।
ਸ਼ਾਹੁ ਪ੍ਰਤੀਖਤਿ ਜੈਪੁਰਿ ਰਾਈ[1] ॥੩੮॥
ਇਤਨੇ ਮਹਿਂ ਇਕ ਨਰ ਤਹਿਂ ਆਯੋ।
ਨ੍ਰਿਪ ਸੋਂ ਸਕਲ ਬ੍ਰਿਤੰਤ ਸੁਨਾਯੋ।
ਆਵਤਿ ਸ਼ਾਹੁ ਦੇਰ ਨਹਿਂ ਕੋਈ।
ਅਸਵਾਰੀ ਢਿਗ ਪਹੁੰਚਨਿ ਹੋਈ[2] ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ਼੍ਰੀ ਹਰਿਕ੍ਰਿਸ਼ਨ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤੀ ਅੰਸੂ ॥੫੩॥

---

*ਪਾ:-ਕੋ।
[1]ਜੈਪੁਰ ਦਾ ਰਾਜਾ ਉਡੀਕਦਾ ਹੈ ਬਾਦਸ਼ਾਹ ਨੂੰ।
[2]ਅਸਵਾਰੀ ਪਾਸ ਪਹੁੰਚੀ ਹੋਈ ਹੈ।

## ੫੪. [ਸਰੀਰ ਦਾ ਸਸਕਾਰ]

੫੩<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫੫

ਦੋਹਰਾ: ਸ਼ਾਹੁ ਸਨਾਨ ਪ੍ਰਭਾਤਿ ਕਰਿ,
ਪੋਸ਼ਿਸ਼ ਪਹਿਰਿ ਨਵੀਨ।
ਪਿਖਨਿ ਚਲ੍ਯੋ ਚਿਤਵੰਤਿ ਚਿਤ,
-ਦਰਸੌਂ ਗੁਰੂ ਪ੍ਰਬੀਨ ॥੧॥
ਚੌਪਈ: ਜਿਯਤਿ ਮੇਲ ਨਹਿਂ ਮੋ ਸੰਗ ਕਰ੍ਯੋ।
ਕਹਿ ਬਹੁ ਰਹ੍ਯੋ ਅਧਿਕ ਹਠ ਧਰ੍ਯੋ।
ਅਬਿ ਸਰੂਪ ਮੈਂ ਦੇਖੌਂ ਜਾਈ।
ਅਜ਼ਮਤ ਹੈ ਕਿ ਨਹੀਂ ਬਿਧਿ ਕਾਈ- ॥੨॥
ਏਵ ਬਿਚਾਰਤਿ ਤੂਰਨ ਆਯੋ।
ਭੀਰ ਸੈਂਕਰੇ ਨਰ ਕੀ ਲ੍ਯਾਯੋ।
ਹੇਰਨਿ ਹੇਤੁ ਹਜ਼ਰਾਹੁਂ ਆਵੈਂ।
ਸ਼ਾਹੁ ਪਿਛਾਰੀ ਚਲਿ ਉਤਲਾਵੈਂ ॥੩॥
ਆਇ ਪੌਰ ਪਰ ਉਤਰ੍ਯੋ ਤਬਿਹੂੰ।
ਦੇਖਤਿ ਉਠੇ ਆਦਿ ਨ੍ਰਿਪ ਸਭਿਹੂੰ।
ਨੰਮ੍ਰਿ ਹੋਇ ਸਨਮਾਨ ਕਰੰਤੇ।
ਭਈ ਭੀਰ ਬਹੁ ਕੋ ਹਟਕੰਤੇ ॥੪॥
ਜੈ ਸਿੰਘ ਸੰਗ ਬੂਝਿ ਬਿਰਤੰਤਾ।
ਅੰਤਰ ਬਰ੍ਯੋ ਪਿਖਨਿ ਉਮਕੰਤਾ[1]।
ਰਿਦੇ ਮਨੋਰਥ ਕੋ ਇਮ ਕਰ੍ਯੋ।
-ਨਹਿਂ ਮਿਲਿਬੇ ਕੋ ਹਠ ਬਹੁ ਧਰ੍ਯੋ ॥੫॥
ਸਿੱਖ੍ਯਾ ਦੀਨਸਿ ਬਡੇ ਹਮਾਰੇ।
ਸੋ ਹਮ ਨੇਮ ਨਿਬਾਹ੍ਯੋ ਸਾਰੇ।
ਜੀਵਤਿ ਜਾਵਤ ਤਾਵਤ ਰਹ੍ਯੋ।
ਅਬਿ ਸੋ ਮਿਟੈ ਦਰਸ ਕੋ ਲਹ੍ਯੋ ॥੬॥
ਕਿਸ ਉਪਾਇ ਤੇ ਨੇਮ ਨ ਰਹੈ।
ਪਿਤਾ ਸੀਖ ਕੋ ਜਿਸ ਬਿਧਿ ਕਹੈ।
ਕ੍ਯਾ ਅਜ਼ਮਤ ਕੋ ਕਰਹਿਂ ਦਿਖਾਵਨਿ।
ਦੇਖਿ ਲੇਉਂ ਮੈਂ ਦਰਸ਼ਨ ਪਾਵਨ[2]- ॥੭॥

---

[1]ਦੇਖਣਾ ਚਾਹੁੰਦਾ ਹੋਇਆ।
[2]ਪਵਿੱਤ੍ਰ।

ਇਮ ਚਿਤਵਤਿ ਸਭਿ ਲੋਕ ਹਟਾਏ।
ਏਕਲ ਪ੍ਰਵਿਸ਼ਯੋ ਅੰਤਰ ਜਾਏ।
ਮਾਤ ਆਦਿ ਦਾਸੀ ਗਨ ਦਾਸ।
ਤਤਛਿਨ ਪ੍ਰਵਿਸ਼ੇ ਅਪਰ ਅਵਾਸ[1] ॥੮॥
ਖਰੋ ਰਹਯੋ ਇਕ ਸੇਵਕ ਤੀਰ।
ਤੂਸ਼ਨਿ[2] ਤਜਤਿ ਬਿਲੋਚਨ ਨੀਰ।
ਨਹੀਂ ਹਟਾਇ ਸਕਹਿ ਤਬਿ ਕੋਇ।
ਤੁਰਕੇਸ਼ਰ ਦਿੱਲੀਪਤਿ ਜੋਇ ॥੯॥
ਜਨਨੀ ਮਨ ਮਹਿਂ ਕੁਛਕ ਬਿਚਾਰੈ।
-ਨਹਿਂ ਸਮਰੱਥ ਭਈ ਹਟਕਾਰੈ।
ਤਤਛਿਨ ਆਇ ਬਿਲੋਕਨਿ ਕਰੇ।
ਬਸਤ੍ਰ ਅਛਾਦਤਿ ਤਨ ਪਰ ਪਰੇ- ॥੧੦॥
ਠਾਂਢੋ ਭਯੋ ਜਾਇ ਢਿਗ ਸ਼ਾਹੂ।
-ਪਿਖੌਂ ਬਦਨ- ਇਮ ਠਟਿ ਮਨ ਮਾਂਹੂ।
ਕਹਯੋ ਦਾਸ ਸੋਂ ਨਿਕਟਿ ਜਿ ਠਾਂਢੋ।
'ਬਸਤ੍ਰ ਟਾਰਿ ਇਨ ਕੋ ਮੁਖ ਕਾਢੋ ॥੧੧॥
ਮੁਝ ਕੋ ਦਰਸ਼ਨ ਦੇਹ ਕਰਾਈ।
ਆਯਹੁ ਇਸ ਕਾਰਨ ਉਤਲਾਈ।'
ਸੁਨਿ ਸੇਵਕ ਅਵਰੰਗ ਢਿਗ ਹ੍ਵੈ ਕੈ।
ਬਸਤ੍ਰ ਗਹਯੋ ਕਰ, ਬੰਦਨ ਕੈ ਕੈ[3] ॥੧੨॥
ਜਬਿ ਊਚੋ ਕਰਿ ਲਗਯੋ ਦਿਖਾਵਨਿ।
ਕਿਸ ਤੇ ਕਰਯੋ ਨ ਜਾਇ ਹਟਾਵਨਿ।
ਜਬਿ ਨੌਰੰਗ ਤਿਤ ਦ੍ਰਿਸ਼ਟਿ ਲਗਾਈ।
ਧਰਾ ਦਰਜ[4] ਦੀਰਘ ਲਖਿ ਪਾਈ ॥੧੩॥
ਸਤਿਗੁਰ ਦੇਹ ਨਹੀਂ ਦ੍ਰਿਸ਼ਟਾਵੈ।
ਦੀਹ[5] ਦਰਜ ਮਹਿਂ ਦ੍ਰਿਸ਼ਟਿ ਚਲਾਵੈ।
ਤਹਾਂ ਭਯਾਨਕ ਅਤਿ ਕੁਛ ਦੇਖਾ।
ਦੇਖਤਿ ਉਪਜਯੋ ਕੰਪ ਵਿਸ਼ੇਖਾ ॥੧੪॥

---

[1]ਹੋਰ ਘਰ ਵਿੱਚ।
[2]ਚੁੱਪ।
[3]ਹੱਥ ਨਾਲ ਬਸਤ ਫੜਿਆ ਬੰਦਨਾਂ ਕਰਕੇ।
[4]ਦਰਾੜ, ਤ੍ਰੇੜ।
[5]ਭਾਰੀ।

ਦੰਤ ਗਏ ਮਿਲਿ ਕਹ੍ਯੋ ਨ ਜਾਈ।
ਭਯੋ ਸਥੰਭ ਅਚਲ ਕੀ ਨ੍ਯਾਈ[1]।
ਜੜੀ ਭੂਤ ਐਸੇ ਹੁਇ ਗਯੋ[2]।
ਇੰਦ੍ਰੈ ਗਨ ਸਰੀਰ ਥਿਰ ਭਯੋ[3] ॥੧੫॥
ਆਇ ਘੁਮੇਰੀ ਗਿਰਿਬੇ ਚਾਹੀ।
ਬਿਹਬਲ ਹੋਤਿ ਜਾਤਿ ਸੁਧਿ ਨਾਂਹੀ।
ਬਿਖਰੇ ਜਾਹਿਂ ਅੰਗ ਬਰਿਆਈ[4]।
ਅਧਿਕ ਤ੍ਰਾਸ ਤੇ ਥਿਰ੍ਯੋ ਨ ਜਾਈ ॥੧੬॥
ਬਾਂਹੁ ਏਕ ਹੀ ਬਾਰ ਪਸਾਰੀ।
ਨਿਕਟਿ ਦਾਸ ਗੁਰ, ਤਿਸ ਪਰ ਡਾਰੀ।
ਪਰ੍ਯੋ ਭਾਰ ਛੁਟ੍ਯੋ ਪਟ ਕਰ ਤੇ।
ਹੋਇ ਸ਼ਾਹੁ ਦਿਸ਼ ਗਿਰਤਿ ਸੰਭਰਤੇ[5] ॥੧੭॥
ਛਾਦ੍ਯੋ ਸਤਿਗੁਰ ਕੋ ਤਨ ਜਬੈ।
ਭੈ ਬਿਨ ਹੋਤਿ ਭਯੋ ਕੁਛ ਤਬੈ।
ਸੁਧਿ ਪ੍ਰਾਪਤਿ ਤੂਰਨ ਤਬਿ ਚਾਲਾ।
ਨਿਕਸ੍ਯੋ ਵਹਿਰ ਜਹਾਂ ਨਰ ਜਾਲਾ ॥੧੮॥
ਜੈ ਸਿੰਘ ਮਿਲ੍ਯੋ ਅਗਾਊ ਹੋਇ।
ਦੇਖਤਿ ਮੁਖ ਕੋ ਬਿਸਮ੍ਯੋ ਸੋਇ।
ਅਧਿਕ ਅਧੀਰਜ ਦ੍ਰਿਗ ਜਲ ਚਾਲਾ।
ਬੋਲ੍ਯੋ ਜਾਇ ਨਹੀਂ ਤਿਸ ਕਾਲਾ ॥੧੯॥
ਪਿਖ੍ਯੋ ਕਹਾਂ, ਨਹਿਂ ਜਾਇ ਬਤਾਯਹੁ।
ਡਰਤਿ ਰਿਦਾ ਬਿਹਬਲ ਦ੍ਰਿਸ਼ਟਾਯਹੁ।
ਪੁਨ ਉਮਰਾਵ ਅਪਰ ਚਲਿ ਆਏ।
ਤਿਨ ਕੰਧੇ ਪਰ ਹਾਥ ਟਿਕਾਏ ॥੨੦॥
ਕਰੀ ਹਕਾਰਨਿ ਸੁਖ ਅਸਵਾਰੀ।
ਗਮਨ੍ਯੋ ਦੁਰਗ ਦਿਸ਼ਾ ਡਰ ਧਾਰੀ।
ਨਹਿਂ ਕਿਸਹੂੰ ਸੋਂ ਕਛੂ ਜਨਾਈ।
ਆਵਤਿ ਲਾਜ ਨ ਜਾਇ ਬਤਾਈ ॥੨੧॥

---

[1]ਥੰਭ ਕੇ ਰੁਕ ਗਿਆ ਜਿਵੇਂ ਪਰਬਤ (ਅ) ਥੰਮੇ ਵਾਂਙੂ ਅਹਿਲ ਹੋ ਗਿਆ।
[2]ਐਉਂ ਜੜ੍ਹ ਹੋ ਗਿਆ।
[3]ਭਾਵ ਸਾਰੇ ਇੰਦਰੇ ਤੇ ਸਰੀਰ ਪਥਰਾ ਗਏ।
[4]ਜ਼ੋਰੋ ਜ਼ੋਰੀ।
[5]ਸ਼ਾਹ ਵਾਲੇ ਪਾਸੇ ਹੋਕੇ ਡਿੱਗਦੇ (ਸ਼ਾਹ ਨੂੰ ਸਿੱਖ ਨੇ) ਸੰਭਾਲਿਆ।

ਜਿਮ ਸੰਘਰ ਮਹਿਂ ਖੜਗ ਚਲੰਤੇ।
ਸ਼੍ਰੋਣਤ ਨਿਕਸਤਿ ਅੰਗ ਕਟੰਤੇ।
ਕਾਤੁਰ ਤ੍ਰਾਸ ਪਾਇ ਕਰਿ ਭਾਜੈ।
ਨਹਿਂ ਨਿਜ ਦਿਸ਼ਾ ਕਹਤਿ ਜਿਮ ਲਾਜੈ ॥੨੨॥
ਜਿਸ ਪ੍ਰਕਾਰ ਕਹਕਹ ਦੀਵਾਰ[1]।
ਦਿਖਹਿ ਜੁ ਕਰੀ ਨ ਜਾਇ ਉਚਾਰਿ।
ਤਿਮ ਤੂਸ਼ਨਿ ਹੁਇ ਬਹੁ ਪਛੁਤਾਵਾ।
ਭੈ ਤੇ ਅਤਿ ਸੰਕਟ ਕੋ ਪਾਵਾ ॥੨੩॥
ਨਹਿਂ ਕਿਸ ਆਗੇ ਕਬਹੁਂ ਉਚਾਰੀ।
ਕਹੈ ਤਹਾਂ, ਨਹਿ ਬੁੱਧਿ ਮਝਾਰੀ।
ਤਿਸ ਪੀਛੇ ਜੈ ਸਿੰਘ ਤੇ ਆਦਿ।
ਕਰਨਿ ਲਗੇ ਸਭਿ ਜਿਮ ਮਿਰਜਾਦ ॥੨੪॥
ਰੋਦਤਿ ਮਾਤਾ ਸਕਲ ਬਤਾਵੈ[2]।
ਦੌਰਤਿ ਦਾਸ ਸਕਲ ਸੋ ਲਜਾਵੈ।
ਮਿਲਿ ਸਭਿਹੂੰ ਕਰਿਵਾਇ ਸ਼ਨਾਨ।
ਸੀਂਚਿ ਸੁਗੰਧੈਂ ਬ੍ਰਿੰਦ ਮਹਾਨ ॥੨੫॥
ਬਸਤ੍ਰ ਨਵੀਨ ਰੁਚਿਰ ਪਹਿਰਾਏ।
ਕਹਿ ਕਰਿ ਭਲੋ ਬਿਵਾਨ ਬਨਾਏ।
ਤਿਸ ਪਰ ਸਤਿਗੁਰ ਕੋ ਪੌਢਾਯਹੁ।
ਚਹੁਂ ਦਿਸ਼ਿ ਫੂਲ ਮਾਲ ਲਰਕਾਯਹੁ ॥੨੬॥
ਧੂਪ ਧੁਖਾਵਤਿ ਅਨਿਕ ਪ੍ਰਕਾਰੇ।
ਕੰਧ ਉਠਾਇ ਮਸੰਦ ਸਿਧਾਰੇ।
ਸ਼ਬਦ ਰਬਾਬੀ ਗਾਵਤਿ ਜਾਤਿ।
ਸਿਮਰਤਿ ਸੱਤਿਨਾਮ ਸੁਖਦਾਤ ॥੨੭॥
ਕ੍ਰਿਸ਼ਨ ਕੁਇਰ ਜਨਨੀ[3] ਮਨ ਗਜਾਨ।
ਤਉ ਸ਼ੋਕ ਉਪਜੰਤਿ ਮਹਾਨ।
ਗੁਨ ਸਪੂਤ ਕੇ ਸਿਮਰਿ ਬਿਸਾਲੇ।
ਅਤਿ ਸਨੇਹ ਤੇ ਦ੍ਰਿਗ ਜਲ ਚਾਲੇ ॥੨੮॥

[1]ਕਹਿ ਕਹਿ ਦੀਵਾਰ-ਮੁਸਲਮਾਨਾਂ ਨੇ ਮੰਨਿਆਂ ਹੈ ਕਿ ਕਾਫ ਪਹਾੜ ਪਰ ਇਕ ਕੰਧ ਹੈ, ਉਸਦੇ ਪਾਰ ਜੋ ਤੱਕੇ ਸੋ ਹੱਸੀ ਜਾਂਦਾ ਹੈ ਪਰ ਦੱਸ ਕੁਛ ਨਹੀਂ ਸਕਦਾ।
[2]ਸਭ (ਕੁਛ) ਦੱਸੀ ਜਾਂਦੀ ਹੈ।
[3]ਮਾਤਾ ਦੇ।

ਦਾਸੀ ਦਾਸ ਪ੍ਰਕਾਸ਼ਹਿਂ ਸ਼ੋਕ।
ਰੁਦਤਿ ਬਿਲੋਕਤਿ ਸੰਗਤਿ ਲੋਕ।
ਜਿਸ ਥਲ ਕੋ ਤਿਲੋਖਰੀ* ਨਾਮ।
ਨਿਕਟਿ ਵਹੈ ਜਨਮਾ ਅਭਿਰਾਮ ॥੨੯॥
ਤਹਿਂ ਚੰਦਨ ਕੇ ਭਾਰ ਗਿਰਾਏ।
ਤਿਲ ਘ੍ਰਿਤ ਆਦਿ ਲਜਾਇ ਸਮੁਦਾਏ।
ਸ਼ੋਕ ਬਿਸਾਲ ਸਮੇਤ ਬਿਵਾਨ।
ਕਰਜੋ ਉਤਾਰਨਿ ਸੋ ਤਿਸ ਥਾਨ ॥੩੦॥
ਆਦਿ ਮਸੰਦ ਚਿਖਾ ਰਚਿ ਕਰਿ ਕੈ।
ਸੰਦਲ[1] ਬ੍ਰਿੰਦ ਭਲੀ ਬਿਧਿ ਧਰਿ ਕੈ।
ਪੁਨ ਊਪਰ ਸਤਿਗੁਰ ਪੌਢਾਏ।
ਜੌਂ ਤਿਲ ਘ੍ਰਿੱਤ ਪਾਇ ਸਮੁਦਾਏ ॥੩੧॥
ਲਾਂਬੂ ਤਬਿ ਲਗਾਇ ਤਤਕਾਲਾ।
ਪੁਨਰਪਿ[2] ਕੀਨਸਿ ਕ੍ਰਿਆ ਕਪਾਲਾ[3]।
ਮਸਤਕ ਟੇਕਿ ਸਕਲ ਤਿਸ ਥਾਨ।
ਗਮਨੇ ਜਮਨਾ ਕਰਨਿ ਸ਼ਨਾਨ ॥੩੨॥
ਗੁਰ ਕੀਰਤਿ ਕੋ ਕਰਿਤ ਉਚਾਰਿ।
ਬਾਰਿ ਬਾਰਿ ਸਿਮਰਤਿ ਸੁਖਕਾਰ।
ਸਭਿ ਮੱਜਨ ਕਰਿ ਕੈ ਚਲਿ ਆਏ।
ਜਹਾਂ ਬਸਨਿ ਕੋ ਥਾਨ ਸੁਹਾਏ ॥੩੩॥
ਪੁਰਿ ਤੇ ਨਰ ਹਜ਼ਾਰ ਹੀ ਆਵੈਂ।
ਬੈਠਹਿਂ ਗੁਰੂ ਪ੍ਰਸੰਗ ਚਲਾਵੈਂ।
'ਬਾਲਿਕ ਬਯ ਤੇ ਬਡੇ ਨ ਹੋਏ।'
ਅਧਿਕ ਅਚੰਭਾ ਸਭਿਹਿਨਿ ਜੋਏ ॥੩੪॥
ਕ੍ਰਿਸ਼ਨ ਕੁਇਰ ਗੁਰ ਜਨਨੀ ਪਾਸ।
ਕਰਹਿਂ ਪ੍ਰੇਮ ਕੇ ਬਾਕ ਪ੍ਰਕਾਸ਼।
'ਮੰਦ ਭਾਗ ਸੰਗਤਿ ਕੇ ਜਾਨੇ।
ਜਿਨ ਸਮੀਪ ਤੇ ਗੁਰੂ ਸਿਧਾਨੇ' ॥੩੫॥

---

*ਗੁਰੂ ਜੀ ਦੇ ਦੇਹੁਰੇ 'ਬਾਲਾ ਸਾਹਿਬ' ਤੋਂ ਅੱਧ ਕੁ ਮੀਲ ਪਰੇ ਇਹ ਗਿਰਾਂ ਹੁਣ ਤੱਕ ਹੈ।
[1]ਚੰਦਨ।
[2]ਫਿਰ।
[3]ਕਪਾਲ ਕ੍ਰਿਯਾ।

ਬੂਝਤਿ ਗੁਰਨਿ ਬਾਰਤਾ ਸਾਰੀ।
ਕ੍ਰਿਸ਼ਨ ਕੁਇਰ ਤਿਨ ਪਾਸ ਉਚਾਰੀ।
'ਇਨ ਕੇ ਪਿਤ ਕੀਰਤਪੁਰਿ ਬਾਸੇ।
ਮੈਂ ਸੇਵਾ ਠਾਨੀ ਕਰਿ ਆਸੇ ॥੩੬॥
ਭਏ ਪ੍ਰਸੰਨ ਮੋਹਿ ਵਰ ਦੀਨਿ।
ਤਬਿ ਤੇ ਮੈਂ ਗ੍ਰਭ ਧਾਰਨਿ ਕੀਨ।
ਸ੍ਰਾਵਣ ਵਦੀ ਦਯੋਸ ਦਸਮੀ ਕੋ।
ਹੁਤੋ ਨਛੱਤ੍ਰ ਪੁਨਰਬਸ[1] ਨੀਕੋ ॥੩੭॥
ਸੰਮਤ ਸੱਤ੍ਰਾਂ ਸੈ ਅਰੁ ਤੇਰਾਂ[2]।
ਸਸਿ ਸੁਤਵਾਰ[3] ਹੁਤੋ ਤਿਸ ਬੇਰਾ।
ਸਾਢੇ ਸਪਤ ਘਰੀ ਦਿਨ ਚਰ੍ਹਯੋ।
ਤਬਿ ਮੁਝ ਤੇ ਇਨ ਜਨਮ ਸੁ ਧਰਯੋ ॥੩੮॥
ਪ੍ਰਤਿਪਾਲਾ ਪੁਨ ਕਰਿਬੇ ਲਾਗੀ।
ਸਭਿ ਤੇ ਜਾਨਿ ਆਪ ਬਡਭਾਗੀ।
ਜਿਮ ਜਿਮ ਦੇਹ ਬ੍ਰਿਧਤਿ ਮੁਖ ਸੁੰਦਰ।
ਧੀਰਜ ਖਿਮਾ ਆਦਿ ਗੁਨ ਮੰਦਰ ॥੩੯॥
ਤਿਮ ਤਿਮ ਪਿਤ ਸਤਿਗੁਰ ਇਨ ਕੇਰੇ।
ਕ੍ਰਿਪਾ ਠਾਨਿਤੇ ਰਹੇ ਬਡੇਰੇ।
ਜਬਿ ਤੇ ਰਾਮਰਾਇ ਚਲਿ ਆਯਹੁ।
ਨਿਜ ਕਰਤੂਤ ਇਹਾਂ ਬਿਦਤਾਯਹੁ ॥੪੦॥
ਖਿਮਾ ਨ ਧੀਰਜ, ਅਜਰ ਨ ਜਰਨ।
ਬਡੇ ਗੁਰਨਿ ਬਚ ਬਿੱਪ੍ਰੈ ਕਰਨਿ।
ਸਕਲ ਬਾਤ ਸੁਨਿ ਰਿਦੈ ਬਿਚਾਰੀ।
-ਬਡ ਸੁਤ ਨਹਿਂ ਗਾਦੀ ਅਧਿਕਾਰੀ- ॥੪੧॥
ਪੁਨ ਮਮ ਸੁਤ ਪਰ ਕ੍ਰਿਪਾ ਵਿਸੇਸ਼।
ਜਾਨਯੋਂ ਧਾਰਹਿ ਭਾਰ ਅਸ਼ੇਸ਼*।
ਅੰਤ ਸਮਾ ਜਬਿ ਅਪਨਿ ਨਿਹਾਰਾ।
ਇਨ ਕੌ ਆਪਨੇ ਥਾਨ ਬਿਠਾਰਾ ॥੪੨॥

---

[1]ਸੱਤਵੇਂ ਨਛੱਤ੍ਰ ਦਾ ਨਾਮ।
[2]ਸੰ: ੧੭੧੩।
[3]ਬੁੱਧਵਾਰ।
*ਪਾ:-ਜਾਨਹਿ ਅਧਿਕਾਰੀ ਗੁਰ ਏਸ਼।

ਪੰਚ ਬਰਖ ਦੁਇ ਮਾਸ ਬਿਤਏ।
ਦਿਨ ਉਨਤੀਸ ਬੈਸ ਕੇ ਭਏ।
ਸਮਾ ਬਿਚਾਰਨਿ ਕਰਿ ਕੈ ਨੀਕਾ।
ਮਮ ਸੁਤ ਕਹੁ ਦੀਨਹੁੰ ਸ਼ੁਭ ਟੀਕਾ ॥੪੩॥
ਆਪ ਗੁਰੂ ਬੈਕੁੰਠ ਸਿਧਾਏ।
ਸ਼੍ਰੀ ਹਰਿਕ੍ਰਿਸ਼ਨ ਜੋਤਿ ਸਭਿ ਪਾਏ।
ਜਗਤ ਬਿਖੈ ਕਛੁ ਨਾਂਹਿ ਨ ਛਾਨੀ।
ਜੇ ਸਿਖ ਗਜ਼ਾਨੀ ਸਭਿਹਿਨਿ ਜਾਨੀ ॥੪੪॥
ਰਾਮਰਾਇ ਮਤਸਰ ਕੋ ਧਾਰਿ।
ਦੂਤੀ ਸ਼ਾਹੁ ਸਮੀਪ ਉਚਾਰਿ।
ਜਜੋਂ ਕਜੋਂ ਕਹਿ ਇਹ ਠਾਂ ਬੁਲਿਵਾਏ।
ਸਗਰੀ ਸੰਗਤਿ ਮਿਲੀ ਮਨਾਏ ॥੪੫॥
ਦੇਖਿ ਪ੍ਰਭਾਉ ਸ੍ਰਾਪ ਤਬਿ ਕਹਜੋ।
ਸਮ ਚਿਤ ਸਮ ਸੁਤ ਸੋ ਸਭਿ ਸਹਜੋ।
ਦੋਇ ਬਰਖ ਅਰੁ ਪੰਚ ਮਹੀਨੇ।
ਦਿਨ ਉਨੀਸ ਗੁਰਤਾ ਪਦ ਲੀਨੇ ॥੪੬॥
ਅਬਿ ਮੋ ਕਹੁ ਦੁਖ ਦੈ ਕਰਿ ਗਏ।
ਨਿਸ ਬਾਸੁਰ ਸਿਮਰੋਂ ਸੁਖ ਛਏ।'
ਇਮ ਕਹਿ ਕ੍ਰਿਸ਼ਨ ਕੁਇਰ ਗੁਰ ਮਾਤਾ।
ਰੁਦਿਤਿ ਬਿਲੋਚਨ ਤੇ ਜਲ ਜਾਤਾ ॥੪੭॥
ਸੁਨਿ ਸੰਗਤਿ ਬਹੁ ਬਜਾਕੁਲ ਹੋਈ।
ਧੀਰ ਬੰਧਾਇ ਬੰਧਿ ਕਰ ਦੋਈ।
'ਹੇ ਮਾਤਾ! ਸਭਿ ਬਿਧਿ ਸਮਰੱਥ।
ਤਨ ਤਜਾਗਨਿ ਰਾਖਨਿ ਜਿਨ ਹੱਥ ॥੪੮॥
ਕਛੂ ਨ ਕਹਿਬੋ ਤਿਨ ਕੋ ਬਨੈ।
ਗੁਰ ਸਰਬੱਗ ਸੁ ਅਜ਼ਮਤ ਸਨੈ[1]।
ਕਹਾਂ ਸ਼ੋਕ ਤਿਨ ਕੋ ਅਬਿ ਕਰੀਅਹਿ।
ਪਰਮ ਧਾਮ ਨਿਜ ਗਏ ਬਿਚਰੀਅਹਿ ॥੪੯॥
ਰਾਮਰਾਇ ਕੇ ਸੀਸ ਕਲੰਕ।
ਦੇ ਕਰਿ ਤਜਾਗਜੋ ਦੇਹਿ ਨਿਸ਼ੰਕ।
ਮਸਤਕ ਟੇਕਨਿ ਹਮਰੋ ਬਨੈ।

---

[1]ਸਹਿਤ।

ਬੈਠਿ ਬੈਠਿ ਗੁਰ ਕੇ ਗੁਨ ਭਨੈਂ ॥੫੦॥
ਸਦਾ ਸਹਾਇਕ ਜਹਿਂ ਕਹਿਂ ਹੋਇਂ।
ਸਿਮਰੇ ਹਾਜ਼ਰ ਸਭਿ ਦਿਨ ਸੋਇ।'
ਇਮ ਕਹਿ ਧੀਰਜ ਦੇ ਸਭਿ ਗਏ।
ਪੁਰਿ ਕੀ ਸੰਗਤਿ ਜੇ ਸਿਖ ਆਏ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ਼੍ਰੀ ਹਰਿਕ੍ਰਿਸ਼ਨ ਸਸਕਾਰ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੂ ॥੫੪॥

## ੫੫. [ਸੰਗਤਿ ਵਿੱਚ ਵਿਚਾਰ]

੫੪<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>੫੬

ਦੋਹਰਾ: ਸੰਮਤ ਸੱਤ੍ਰਾਂ ਸੈ ਬਿਤੇ, ਪੁਨ ਊਪਰ ਇਕ ਬੀਸ[1]।
ਚੇਤ ਸੁਦੀ ਚੌਦਸ਼ ਹੁਤੀ, ਵਾਰ ਨੰਦ ਰਜਨੀਸ਼[2] ॥੧॥
ਚੌਪਈ: ਸ਼੍ਰੀ ਹਰਿਕ੍ਰਿਸ਼ਨ ਬਾਲ ਬਯ ਧਾਰੇ।
ਬਹੁ ਕਾਰਨ ਕੋ ਰਿਦੇ ਬਿਚਾਰੇ।
ਪਰਮ ਧਾਮ ਬੈਕੁੰਠ ਪਧਾਰੇ।
ਜੋ ਸਤਿਸੰਗਤਿ ਕੇ ਬਹੁ ਪਜਾਰੇ ॥੨॥
ਤੀਨ ਦਿਵਸ ਪੁਨ ਬੀਤੇ ਜਬਿਹੂੰ।
ਮਿਲੇ ਮਸੰਦ ਆਦਿ ਸਿਖ ਸਭਿਹੂੰ।
ਪੁਸ਼ਪ ਬੀਨਿਬੇ ਕਾਰਨ[3] ਗਏ।
ਸ਼ੋਕਾਕੁਲ[4] ਗੁਰ ਸਿਮਰਤਿ ਭਏ ॥੩॥
ਦੇਖਿ ਰਹੇ ਕੁਛ ਹਾਥ ਨ ਆਏ।
ਭਸਮ ਸਕੇਲਤਿ ਸਭਿ ਬਿਸਮਾਏ।
ਤਰਨਿ ਤਨੁਜਾ ਨੀਰ ਮਝਾਰੀ[5]।
ਸਕਲ ਮੇਲ ਕਰਿ ਬੰਦਨ ਧਾਰੀ ॥੪॥
ਸਭਿ ਸੰਗਤਿ ਪੁਨ ਮਾਤਾ ਪਾਸ।
ਬੈਠਤਿ ਬੋਲਤਿ ਸ਼ੋਕ ਪ੍ਰਕਾਸ਼।
ਇਕ ਦੁਇ ਬਾਰੀ ਜੈ ਪੁਰਿ ਨਾਥ।
ਬੈਠਜੋ ਆਇ ਬੰਦਿ ਕਰਿ ਹਾਥ ॥੫॥
ਕ੍ਰਿਸ਼ਨ ਕੁਇਰ ਕਹੁ ਬੰਦਿਨ ਕੀਨਿ।
ਕਹਿ ਬਹੁ ਰੀਤਿ ਧੀਰ ਉਰ ਦੀਨਿ।
'ਗੁਰ ਸਭਿਹਿਨਿ ਕੇ ਅਤਿਸ਼ੈ ਪਜਾਰੇ।
ਦਰਸ਼ਨ ਦੇਤਿ ਅਨਿਕ ਦੁਖ ਟਾਰੇ ॥੬॥
ਪੁਰਿ ਮਹਿਂ ਘਰ ਘਰ ਕੀਰਤਿ ਹੋਈ।
ਹਿੰਦੂ ਯਮਨ[6] ਨਿਵੈਂ ਜਿਨ ਦੋਈ।
ਮੇਟਨਿ ਸ੍ਰਾਪ ਭ੍ਰਾਤ ਕੋ ਕਹਜੋ।

---

[1]ਸੰ: ੧੭੨੧।
[2]ਬੁੱਧਵਾਰ। ਰਜਨੀ+ਈਸ਼+ਨੰਦ = ਰਾਤ ਦੇ ਈਸ਼੍ਵਰ ਚੰਦ੍ਰਮਾ ਦਾ ਪੁੱਤ੍ਰ = ਬੁਧ]
[3]ਫਲ ਚੁਣਨ ਲਈ।
[4]ਸ਼ੋਕ ਨਾਲ ਬੇਚੈਨ।
[5]ਸੂਰਜ ਦੀ ਪੁੱਤ੍ਰੀ (= ਜਮਨਾ) ਦੇ ਜਲ ਵਿੱਚ।
[6]ਮੁਸਲਮਾਨ।

ਹੁਤੇ ਸਮਰਥ[1] ਤਊ ਤਨ ਸਹਜੋ ॥੭॥
ਮਿਲਿਨਿ ਸ਼ਾਹੁ ਸੋਂ ਭਨਜੋਂ ਘਨੇਰੇ।
ਰਾਖੀ ਧੀਰ ਅਭੀਰ ਬਡੇਰੇ।
ਧੰਨ ਗੁਰੂ ਹਰਿਕ੍ਰਿਸ਼ਨ ਸੁਜਾਨ।
ਅਜਰ ਜਰਨ ਮਹਿਂ ਕੋ ਨ ਸਮਾਨ ॥੮॥
ਗੁਰ ਸਿੱਖੀ ਹਿਤ ਅਜ਼ਮਤ ਕੀਨਿ[2]।
ਅਪਰ ਹੇਤੁ ਕਰਿ ਕਜੋਂਹੁਂ ਨ ਦੀਨਿ।
ਬਲ ਇਤਨੋ ਜਿਮ ਚਹੈਂ ਸੁ ਕਰੈਂ।
ਤਊ ਨ ਆਇਸੁ ਪ੍ਰਭੁ ਪਰਹਰੈਂ ॥੯॥
ਤਿਨ ਹਿਤ ਕਹਾਂ ਸ਼ੋਕ ਬਨਿ ਆਵੈ।
ਸੁਤੋ ਧਰਨਿ ਤਨ, ਆਇ, ਸੁ ਜਾਵੈ[3]।
ਕਾਰਨ ਕਰਿਬੇ ਬਿਖੈ ਸਛੰਦ[4]।
ਸਦਾ ਗਜਾਨ ਮੈਂ ਸਚਿਦਾਨੰਦ ॥੧੦॥
ਹੋਹਿਂ ਪ੍ਰਸੰਨ ਦੇਹਿਂ ਕੱਲਜਾਨ।
ਜਨਮ ਮਰਨ ਕੇ ਬੰਧਨ ਹਾਨਿ।
ਪਤਿ ਸੁਤ ਕੇ ਗੁਨ ਸਿਮਰਤਿ ਰਹੀਅਹਿ।
ਤਨ ਕੇ ਅੰਤ ਮਿਲਨਿ ਕੋ ਚਹੀਅਹਿ ॥੧੧॥
ਸਕਲ ਸੰਗਤਾਂ ਅਹੈਂ ਤੁਮਾਰੀ।
ਸੇਵਾ ਕਰਹਿਂ ਅਨੇਕ ਪ੍ਰਕਾਰੀ।
ਜਹਿਂ ਸੁਖ ਦੇਖਹੁ ਤਿਹਠਾਂ ਰਹੀਅਹਿ।
ਕੁਛ ਕਾਰਜ ਹੁਇ ਮੋ ਕਹੁ ਕਹੀਅਹਿ ॥੧੨॥
ਤੁਮਰੇ ਨੰਦਨ ਕੋ ਮੈਂ ਦਾਸ।
ਤਿਮ ਅਪਨੋ ਜਾਨਹੁ ਨਿਰਜਾਸ[5]।
ਕਰ ਜੋਰੇ ਸੇਵਾ ਮਹਿਂ ਖਰੋ।
ਨਿਜ ਲਖਿ, ਆਗਜਾ ਮੋ ਪਰ ਕਰੋ' ॥੧੩॥
ਕ੍ਰਿਸ਼ਨ ਕੁਇਰ ਗੁਰ ਮਾਤਾ ਤਬੈ।
ਮਹਿਪਾਲਕ ਤੇ ਸੁਨਿ ਕਰਿ ਸਬੈ।
ਕੁਛ ਧੀਰਜ ਧਰਿ ਗਿਰਾ ਉਚਾਰੀ।

---

[1]ਭਰਾ ਦੇ ਕਹੇ ਸ੍ਰਾਪ ਦੇ ਮੇਟਨ ਨੂੰ ਆਪ ਸਮਰੱਥ ਸੇ ਪਰ........।
[2]ਗੁਰ ਸਿੱਖੀ ਦੇ ਰੱਖਣ ਲਈ ਕਰਾਮਾਤ ਕੀਤੀ।
[3]ਸੁਭਾਵਕ ਹੀ ਸਰੀਰ ਧਾਰਕੇ ਆਉਂਦੇ ਤੇ ਜਾਂਦੇ ਹਨ।
[4]ਸੁਤੰਤ੍ਰ।
[5]ਨਿਰਨੇ ਕਰਕੇ ਭਾਵ ਪੱਕ ਅਪਣਾ ਦਾਸ ਜਾਣੇ।

'ਉਰ ਸ਼ਰਧਕ ਗੁਰ ਸੇਵਕ ਭਾਰੀ ॥੧੪॥
ਤੋਹਿ ਪ੍ਰੇਮ ਕਰਿ ਇਤ ਗੁਰ ਆਏ।
ਪੁਰਿ ਮਹਿਂ ਸਿਖ ਸੰਗਤਿ ਸਮੁਦਾਏ।
ਸਭਿਹਿਨਿ ਭਾਉ ਕਰਯੋ ਬਹੁਤੇਰਾ।
ਬਡੇ ਗੁਰਨਿ ਸਮਸਰ ਸਭਿ ਹੇਰਾ ॥੧੫॥
ਅਬਿ ਮਮ ਰਹਿਨਿ ਬਨਹਿ ਨਹਿਂ ਈਹਾਂ।
ਕੀਰਤਪੁਰਿ ਪਹੁੰਚਨਿ ਕੀ ਪ੍ਰੀਹਾ[1]।
ਕੇਤਿਕ ਦਿਵਸ ਬਾਸ ਇਸ ਥਾਨ।
ਪੁਨ ਅਭਿਲਾਖੌਂ ਕਰਨਿ ਪਯਾਨ' ॥੧੬॥
ਸੁਨਿ ਕਰਿ ਕਹਤਿ ਭਯੋ ਨਰ ਰਾਈ।
'ਸਰਬ ਗੁਰਨਿ ਤੇ ਜਿਮ ਚਲਿ ਆਈ।
ਨਿਜ ਗਾਦੀ ਪਰ ਪ੍ਰਥਮ ਬਿਠਾਏ।
ਬਹੁਰ ਬਿਕੁੰਠ ਬਸਨਿ[2] ਪਧਰਾਏ ॥੧੭॥
ਸੋ ਗਤਿ ਇਨ ਤੇ ਕਿਮ ਬਨਿ ਆਈ।
ਕਿਸ ਕੋ ਦੀਨਿ ਜਗਤਿ ਗੁਰਿਆਈ?
ਅਬਿ ਜਿਸ ਕੋ ਦੀਜਹਿ ਉਪਹਾਰ[3]।
ਸਰਬ ਸਮਾਜ ਆਦਿ ਦਸਤਾਰ' ॥੧੮॥
ਥਿਰ ਗੁਰਬਖਸ਼ ਮਸੰਦ ਅਗਾਊ।
ਤਿਹ ਸੋਂ ਇਮ ਬੂਝਯੋ ਜਬਿ ਰਾਊ।
ਤਬਿ ਸਗਰੋ ਬਿਰਤਾਂਤ ਬਖਾਨਾ।
'ਸਭਿ ਸੰਗਤਿ ਢਿਗ ਕ੍ਰਿਪਾਨਿਧਾਨਾ ॥੧੯॥
ਪੌਢੇ ਚਹਿਤ ਪ੍ਰਲੋਕ ਪਧਾਰੇ।
ਤਬਿ ਸਿੱਖਨਿ ਮਿਲਿ ਬਾਕ ਉਚਾਰੇ।
-ਆਪ ਸਮਾਵਨਿ ਲਗੇ ਸੁਛੰਦ।
ਕੋ ਬੈਠਹਿ ਅਬਿ ਗੁਰ ਮਸਨੰਦ[4]? ॥੨੦॥
ਕਿਸ ਆਗੈ ਹਮ ਮਸਤਕ ਟੇਕਹਿਂ।
ਕੋ ਉਪਦੇਸ਼ਹਿ ਦਾਸ ਬਿਬੇਕਹਿ।
ਪੂਰਬ ਰੀਤਿ ਗੁਰਨਿ ਕੀ ਜੋਈ।

---
[1]ਇੱਛਾ।
[2]ਵੱਸਣ ਲਈ।
[3]ਭੇਟਾ।
[4]ਗੁਰ ਗਾਦੀ ਉੱਤੇ।

ਕਿਮ ਕੀਨਸਿ? ਕੈ ਮਿਟਿਹੈ ਸੋਈ? - ॥੨੧॥
ਇੱਤਯਾਦਿਕ ਸੁਨਿ ਉਠਿ ਕਰਿ ਬੈਠੇ।
ਚਹੁੰਦਿਸ਼ਿ ਦੇਖੈਂ ਸਿੱਖ ਇਕੈਠੇ।
-ਗੁਰੂ ਗ੍ਰਿੰਥ ਹੈ- ਪ੍ਰਥਮ ਬਖਾਨਾ।
-ਸੱਤਿਨਾਮ ਮਹਿਮਾ ਮਹਿਯਾਨਾ- ॥੨੨॥
ਪੈਸੇ ਪੰਚ ਨਲੇਰ ਮੰਗਾਏ।
ਗਹਿ ਕਰ ਧਰਿ ਕਰਿ ਸੀਸ ਨਿਵਾਏ।
ਬੋਲੇ ਸਭਿਨਿ ਸੁਨਾਇ ਬਿਸਾਲੇ।
-ਬਾਸਹਿ ਬਾਬਾ ਬੀਚ ਬਕਾਲੇ- ॥੨੩॥
ਨਾਮ ਉਚਾਰਨਿ ਕਰਯੋ ਨ ਕਿਸ ਕੋ।
ਸੁਨਤਿ ਰਹੇ ਦੇਖਤਿ ਮੁਖ ਦਿਸ਼ ਕੋ।
ਪੁਨ ਪੌਢੇ ਸ਼੍ਰੀ ਗੁਰੂ ਕ੍ਰਿਪਾਲਾ।
ਤ੍ਰਿਨ ਸਮ ਤਨ ਤਯਾਗਯੋ ਤਤਕਾਲਾ ॥੨੪॥
ਗ੍ਰਾਮ ਬਕਾਲਾ ਨਿਰਨੈ ਹੋਵਾ।
ਕੋ ਗੁਰ ਥਪਯੋ, ਨ ਸੰਸੈ ਖੋਵਾ।
ਨਹਿਂ ਕਿਸ ਹੂੰ ਤੇ ਜਾਨਯੋ ਗਯੋ।
ਪੁਨ ਗੁਰ ਬੂਝਿ ਨ ਉੱਤਰ ਲਯੋ ॥੨੫॥
ਤਊ ਸੁਨਹੁ ਹੇ ਪ੍ਰਿਥਵੀ ਨਾਥ!
ਬਨਯੋ ਜੁ ਗੁਰ ਹੁਇ ਅਜ਼ਮਤ ਸਾਥ।
ਸੂਰਜ ਸਮ ਨਹਿਂ ਛਪਹਿ ਕਦਾਈਂ।
ਸਿਖ ਸੰਗਤ ਲੇ ਖੋਜਿ ਗੁਸਾਈਂ ॥੨੬॥
ਬਹੁ ਨਿਕੇਤ ਹੈਂ ਤਹਿਂ ਸੋਢੀਨ।
ਬਾਸੈ ਸਤਿਗੁਰ ਬੰਸ ਪ੍ਰਬੀਨ*।
ਗੁਰਤਾ ਕਹੁ ਕਾਰਜ ਜਬਿ ਪਰੈ।
ਆਪਾ ਬਿਦਤ ਆਪ ਹੀ ਕਰੈਂ ॥੨੭॥
ਰਾਮਰਾਇ ਉਰ ਮਤਸਰ ਧਾਰੀ।
ਇਹ ਨ ਰਹਯੋ ਗੁਰਤਾ ਅਧਿਕਾਰੀ।
ਸਤਿਗੁਰ ਪਿਤ ਨੇ ਕਾਰਜ ਕਰਯੋ।

---

*ਇਹ ਗੱਲ ਠੀਕ ਨਹੀਂ ਧੀਰਮਲ ਆਦਿਕ ਕਰਤਾਰ ਪੁਰ ਆਦਿਕ ਥਾਵਾਂ ਤੋਂ ਇਹ ਵਾਕ ਸੁਣਕੇ ਗੱਦੀਆਂ ਲਾ ਕੇ ਜਾ ਬੈਠੇ ਸਨ (ਦੇਖੋ ਅੰਸੁ ੫੬ ਅੰਕ ੧੩ ਤੇ ੩੨) ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਬਾਬਾ ਲੱਗਣ ਵਾਲਾ ਸੋਢੀ ਓਥੇ (ਉਸ ਵੇਲੇ ਕਿ ਜਿਸ ਵੇਲੇ ਵਾਕ ਹੋਇਆ ਹੈ) ਕੋਈ ਨਹੀਂ ਸੀ, ਸਿਵਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ।

ਸਭਿ ਸੰਗਤਿ ਮਹਿਂ ਬਿਦਤਿ ਉਚਰਜੋ ॥੨੮॥
ਬੈਰ ਭਾਵ ਕੋ ਇਹ ਫਲ ਹੋਵਾ।
ਗੁਰਤਾ ਪਦ ਨਿਜ ਘਰ ਤੇ ਖੋਵਾ।
ਸ਼੍ਰੀ ਗੁਰਦਿੱਤੇ ਸੁਤ ਹਰਿਰਾਇ।
ਸਭਿ ਸੁਤ ਤਜਿ ਗੁਰਤਖਤ ਬਿਠਾਇ[1] ॥੨੯॥
ਤਿਨਹੁਂ ਅਪਨੇ ਸਦਨ ਟਿਕਾਈ।
ਰਾਮਰਾਇ ਕਰਿ ਬਾਦ ਗਵਾਈ।
ਸੋਢੀ ਅਬਿ ਸ਼ਰੀਕ ਗੁਰ ਹੋਇ।
ਤਿਸ ਮਾਨਹਿ ਸਿਖ ਜੇ ਸਭਿ ਕੋਇ ॥੩੦॥
ਕਜਾ ਅਬਿ ਹਾਥ ਆਇ ਹੈ ਤਾਂ ਕੇ।
ਦੇਖਿ ਅਨੁਜ ਕੋ ਮਤਸਰ ਜਾਂ ਕੇ।
ਨਹਿਂ ਸਜਾਨਨਿ ਕੀ ਹੈ ਇਹ ਰੀਤਿ।
ਜਿਨ ਜਿਨ ਸੁਨੀ ਸੁ ਭਨੀ ਅਨੀਤ ॥੩੧॥
ਪ੍ਰਥਮ ਪਿਤਾ ਕੇ ਸਾਥ ਬਿਗਾਰੀ।
ਪੁਨ ਸੁਤ ਹਤਿ ਮਾਤਹਿ ਦੁਖਕਾਰੀ।'
ਸੁਨਿ ਮਸੰਦ ਤੇ ਜੈ ਸਿੰਘ ਰਾਊ।
ਕਹਜੋ 'ਬਿਮਾਤਨਿ ਭ੍ਰਾਤ ਸੁਭਾਊ[2] ॥੩੨॥
ਅਜ਼ਮਤ ਮਹਿਂ ਸਮਰਥ ਬਲਵੰਤੇ।
ਪਿਤ ਗਾਦੀ ਪਰ ਥਿਰਨਿ ਚਹੰਤੇ।
ਹੋਨਹਾਰ ਗਤਿ ਮਿਟਹਿ ਨ ਕੈਸੇ।'
ਕਰਜੋ ਪਰਸਪਰ ਬੋਲਨਿ ਐਸੇ ॥੩੩॥
ਨ੍ਰਿਪ ਕਰ ਜੋਰਿ ਮਾਤ ਸੋਂ ਭਾਖਾ।
'ਖੁਸ਼ੀ ਕਰਹੁ ਮੁਝ ਚਲਨਿ ਭਿਲਾਖਾ।'
ਅਭਿਬੰਦਨ ਕਰਿ ਉਠਜੋ ਪ੍ਰਬੀਨਾ।
ਪਿਖਿ ਮਾਤਾ ਤਬਿ ਆਸ਼ਿਖ ਦੀਨਾ ॥੩੪॥
'ਸ਼੍ਰੀ ਸਤਿਗੁਰ ਆਵਤਿ ਤੁਮ ਚੀਤ।
ਸ਼੍ਰੀ ਹਰਿਕ੍ਰਿਸ਼ਨ ਸਹਾਇਕ ਨੀਤ।
ਸ਼ਾਹੁ ਸਭਾ ਮਹਿਂ ਪਤਿ ਰਹਿ ਆਵੈ।
ਮਨੋ ਕਾਮਨਾ ਗੁਰ ਤੇ ਪਾਵੈਂ' ॥੩੫॥
ਬਿਦਾ ਹੋਇ ਗਮਨਜੋ ਮਹਿਪਾਲਾ।

---

[1](ਸੂਰਜ ਮੱਲ ਆਦਿ ਸਾਰੇ) ਪੁੱਤ੍ਰ ਛੱਡਕੇ ਗੁਰ ਗੱਦੀ ਤੇ ਬਿਠਾਏ ਸਨ।
[2]ਮਤ੍ਰੇਏ ਭਰਾਵਾਂ ਦਾ ਇਹ ਹੀ ਸੁਭਾਵ ਹੁੰਦਾ ਹੈ।

ਲੇ ਜਨਨੀ ਤਬਿ ਸ੍ਵਾਸ ਬਿਸਾਲਾ।
ਸੁਤ ਕੋ ਸਿਮਰਨਿ ਕਰਿ ਕੁਛ ਰੋਈ।
ਗਯਾਨ ਪਾਇ ਪੁਨ ਧੀਰਜ ਹੋਈ ॥੩੬॥
ਕੇਤਿਕ ਬਾਸੁਰ ਬਾਸਾ ਕੀਨਿ।
ਸਭਿ ਸੰਗਤਿ ਪਿਖਿ ਭਾਉ ਪ੍ਰਬੀਨ।
ਸੇਵਾ ਠਾਨਹਿਂ ਸਰਬ ਪ੍ਰਕਾਰ।
ਆਇ ਕਰਹਿਂ ਤਿਮ ਹੀ ਦਰਬਾਰ ॥੩੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਨ੍ਰਿਪ ਜੈ ਸਿੰਘ ਮਿਲਨਿ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

## ੫੬. [ਮਸੰਦਾਂ ਦਾ ਜ਼ੋਰ। ਗੁਰੂ ਦੀ ਭਾਲ]

੫੫<<ਪਿਛਲਾ ਅੰਸੂ ਤਤਕਰਾ ਰਾਸਿ ੧੦ ਅਗਲਾ ਅੰਸੂ>>

ਦੋਹਰਾ: ਕੇਤਿਕ ਦਿਨ ਬੀਤੇ ਜਬੈ, ਦੇਸ਼ ਬਿਦੇਸ਼ ਅਸ਼ੇਸ਼।
ਆਇ ਸੰਗਤਾਂ ਚਹੁੰਦਿਸ਼ਨਿ, ਲੇ ਉਪਹਾਰ ਵਿਸ਼ੇਸ਼ ॥੧॥
ਚੌਪਈ: ਸਤਿਗੁਰ ਕੋ ਦਿੱਲੀ ਮਹਿਂ ਜਾਨਹਿ।
ਸ਼੍ਰਮ ਬਡ ਧਾਰਿ ਆਇਬੋ ਠਾਨਹਿਂ।
ਅਧਿਕ ਥਕਤਿ ਹੁਇ ਪਹੁੰਚੈਂ ਜਬੈ।
'ਗੁਰ ਬਿਕੁੰਠ ਗੇ' ਸੁਨਿ ਸੁਨਿ ਸਬੈ ॥੨॥
ਦੀਰਘ ਸ੍ਵਾਸ ਲੇਤਿ ਰੁਦਨੰਤੇ।
'ਭਾਗ ਬਿਹੀਨ ਨ ਗੁਰ ਦਰਸੰਤੇ।
ਅਧਿਕ ਮੇਲ ਹਮ ਖਰਚਨ ਕੀਨਿ।
ਵਸਤੁ ਅਜਾਇਬ ਤਹਿਂ ਤੇ ਲੀਨਿ ॥੩॥
ਅਰਪਹਿਂ ਗੁਰ ਪ੍ਰਸੰਨਤਾ ਲੈਹੈਂ।
ਭਈ ਨਿਫਲ ਅਬਿ ਕਿਸ ਕੋ ਦੈਹੈਂ।'
ਰਿਦੇ ਬਿਸੂਰਤਿ ਦੁਖਿ ਸਿਖ ਸਾਰੇ।
-ਆਇ ਦੂਰ, ਨਹਿਂ ਗੁਰੂ ਨਿਹਾਰੇ ॥੪॥
ਕਿਸ ਤੇ ਮਨੋ ਕਾਮਨਾ ਪਾਵੈਂ।
ਕਿਸ ਆਗੇ ਹਮ ਸੀਸ ਨਿਵਾਵੈਂ।
ਸਕਲ ਸ਼ਰੀਕ ਜਿ ਸੋਢੀ ਅਹੈਂ।
ਗੁਰ ਘਰ ਕੇ ਦ੍ਰੋਹੀ ਨਿਤ ਰਹੈਂ ॥੫॥
ਪ੍ਰਥਮੇ ਪ੍ਰਿਥੀਏ ਬੈਰ ਕਮਾਯੋ।
ਚਿਤਵਤਿ ਬੁਰਾ ਪ੍ਰਲੋਕ ਸਿਧਾਯੋ।
ਧੀਰਮੱਲ ਤੇ ਆਦਿਕ ਔਰ।
ਗੁਰ ਬਨਿ ਰਹੇ ਆਪਨੀ ਠੌਰ ॥੬॥
ਗੁਰੂ ਬੰਸ ਮਹਿਂ ਇਕ ਇਹ ਜਨਮੇ[1]।
ਸਹਸ ਗੁਨੇ ਘਟ, ਨਹਿਂ ਗੁਨ ਮਨ ਮੈਂ[2]।
ਗੁਰ ਸਮ ਅਜ਼ਮਤ ਤੌਂ ਕਿਤ ਪਈਯਤਿ।
ਚਹੈਂ ਮਨੌਤ ਇਹੀ ਇਕ ਲਈਯਤ[3] ॥੭॥
ਰਾਮਰਾਇ ਗੁਰ ਕੋ ਸੁਤ ਜੇਠਾ।

---

[1]ਭਾਵ ਗੁਰਬੰਸ ਵਿਚ ਇਕ ਜਨਮ ਲੈਣ ਮਾਤ੍ਰ ਹੀ ਇਨ੍ਹਾਂ (ਧੀਰਮੱਲ ਆਦਿਕਾਂ) ਦਾ ਸੰਬੰਧ ਹੈ।
[2](ਸ਼੍ਰੀ ਗੁਰੂ ਜੀ ਨਾਲੋਂ) ਹਜ਼ਾਰ ਗੁਣਾਂ ਘੱਟ ਹਨ, ਮਨ ਵਿਚ (ਕੋਈ) ਗੁਣ ਨਹੀਂ।
[3]ਇਕ ਇਹੀ ਚਾਹੁੰਦੇ ਹਨ ਕਿ ਮਨੌਤਾਂ ਲਈਏ।

ਨਹਿਂ ਗੁਰਤਾ ਗਾਦੀ ਪਰ ਬੈਠਾ।
ਸ਼੍ਰੀ ਹਰਿਰਾਇ ਆਪ ਫੁਰਮਾਏ।
-ਹਮਰੋ ਸਿਖ ਤਿਸ ਨਿਕਟਿ ਨ ਜਾਏ- ॥੮॥
ਕਰੀ ਜੁ ਬਾਤ, ਅਹੈ ਬਖਜਾਤੀ।
ਤਿਸ ਢਿਗ ਨਹਿਂ ਪਹੁਂਚਹਿਂ ਕਿਸ ਭਾਂਤੀ।
ਗੁਰ ਸਿੱਖੀ ਤੇ ਹੋਇ ਜਿ ਖਾਰਜ।
ਮਿਲਹਿ ਜਾਇ ਸੋ ਬਨੈ ਅਨਾਰਜ[1] ॥੯॥
ਗੁਰ ਕੋ ਵਾਕ ਉਲੰਘਹਿ ਜੋਇ।
ਕਿਮ ਸਿੱਖੀ ਤਿਸ ਕੇ ਥਿਰ ਹੋਇ।'
ਇੱਤਜਾਦਿਕ ਬੋਲਹਿਂ ਸਿਖ ਸਜਾਨੇ।
ਸੂਖਮ ਕਰਹਿਂ ਬਿਚਾਰ ਮਹਾਨੇ ॥੧੦॥
ਲਏ ਅਕੋਰਨਿ ਕੋ ਫਿਰ ਜਾਏਂ।
ਦਿੱਲੀ ਮਹਿਂ ਕਿਸ ਨਹਿਂ ਅਰਪਾਏਂ।
ਕੇਤਿਕ ਅਪਨੇ ਸਦਨ ਸਿਧਾਰੇ।
ਸਤਿਗੁਰ ਕੌਨ, ਨ ਨਿਰਨੈ ਧਾਰੇ ॥੧੧॥
ਕੇਚਿਤ ਸੁਨਹਿਂ ਬਕਾਲੇ ਮਾਂਹਿ।
ਖੋਜਨਿ ਹੇਤੁ ਤਹਾਂ ਚਲਿ ਜਾਹਿਂ।
ਸਭਿ ਸੋਢੀਨਿ ਬਿਖੈ ਬਿਦਤਾਈ।
-ਸ਼੍ਰੀ ਹਰਿਕ੍ਰਿਸ਼ਨ ਗਿਰਾ ਇਮ ਗਾਈ ॥੧੨॥
ਗੁਰੂ ਬਕਾਲੇ ਮਹਿਂ ਬਿਦਤਾਵੈਂ-।
ਸੰਗਤਿ ਚਲੀ ਹਜ਼ਾਰੋਂ ਆਵੈ।
ਲਘੁ ਦੀਰਘ ਸੋਢੀ ਜਹਿਂ ਕਹਾਂ।
ਕੀਨਸਿ ਬਾਸ ਜਾਇ ਕਰਿ ਤਹਾਂ* ॥੧੩॥
ਦਰਬ ਲੋਭ ਤੇ ਉਰ ਬਿਰਮਾਏ।
ਗੁਰ ਬਨਿ ਜਾਇਂ ਬਕਾਲੇ ਆਏ।
ਹਰਖ ਕਰਤਿ ਬਹੁ ਬਾਤ ਬਨਾਵੈਂ।
ਬ੍ਰਿੰਦ ਮਸੰਦਨਿ ਕੋ ਅਪਨਾਵੈਂ[2] ॥੧੪॥
ਅਧਿਕ ਮੋਲ ਕੀ ਪੋਸ਼ਿਸ਼ ਦੇਤਿ।

---

[1]ਅਨ+ਆਰਜ = ਨਾ ਸ੍ਰੇਸ਼ਟ, ਬੁਰਾ।
*ਇਥੇ ਕਵੀ ਜੀ ਆਪ ਮੰਨ ਰਹੇ ਹਨ ਕਿ ਸੋਢੀ ਹੁਣ ਬਕਾਲੇ ਨੂੰ ਗਏ ਹਨ। ਦੇਖੋ ਪਿਛਲੇ ਅੰਸੂ ਦੇ ਅੰਕ ੨੭ ਦੀ ਟੂਕ।
[2]ਅਪਣਾ ਪੱਖੀ ਬਣਾਂਵਦੇ ਹਨ।

ਜਤੋਂ ਕਤੋਂ ਕਰਿ ਬੁਲਵਾਇ ਨਿਕੇਤ।
ਦਰਬ ਦੇਨਿ ਕੋ ਕਹੈਂ ਬਿਸਾਲਾ।
ਬਨਹਿਂ ਦੀਨ ਤਿਨ ਅੱਗ੍ਰ ਕੁਢਾਲਾ ॥੧੫॥
'ਮਮ ਮਹਿਮਾ ਕਹੁ ਸੰਗਤਿ ਮਾਂਹਿ।
-ਇਹ ਗੁਰ ਅਹੈ ਅਪਰ ਕੋ ਨਾਂਹਿ-।
ਜਤੋਂ ਕਤੋਂ ਕਰਿ ਇਤ ਕੋ ਲੇ ਆਵਹੁ।
ਚਢਹਿ ਜੁ ਧਨ ਆਧੋ ਤੁਮ ਪਾਵਹੁ ॥੧੬॥
ਜੇ ਇਤਨੇ ਮਹਿਂ ਰਾਜ਼ੀ ਨਾਂਹਿਨ।
ਸਭਿ ਤੁਮ ਲੇਹੁ ਹਮੈਂ ਕੁਛ ਚਾਹ ਨ।
ਜੋ ਨਿਜ ਕਰ ਤੇ ਦੇਵਨਿ ਕਰੇ।
ਸੋ ਹਮ ਬਰਤਹਿਂਗੇ ਨਿਜ ਘਰੇਂ' ॥੧੭॥
ਬਨਹਿਂ ਮਸੰਦਨਿ ਕੇਰ ਅਧੀਨ।
ਕਹਿ ਇੱਤਜਾਦਿ ਬਾਕ ਹੁਇ ਦੀਨ।
ਕਰਹਿਂ ਜਤਨ ਗਨ ਕੋ ਇਸ ਰੀਤਿ।
ਬਨਨਿ ਗੁਰੂ ਹਰਖਤਿ ਚਹਿਂ ਚੀਤ ॥੧੮॥
ਖਰਚਹਿਂ ਦਰਬ ਜੁ ਪੂਰਬ ਘਰ ਕੋ।
ਦੇਤਿ ਆਦਿ ਪਟ ਵਸਤੂ ਬਰ ਕੋ[੧]।
ਦੀਨ ਭਏ ਸੋਢੀ ਇਮ ਜਬੈ।
ਗਰਬੇ ਬਹੁ ਮਸੰਦ ਗਨ ਤਬੈ ॥੩੯॥
ਨਿਸ਼ਚੈ ਕਰਿ ਜਾਨੀ ਇਮ ਗਾਥਾ।
'ਗੁਰੂ ਬਨਾਵਨਿ ਹਮਰੇ ਹਾਥਾ।
ਗੁਰ ਕੇ ਸੁਤ ਪੋਤੇ ਬਹੁ ਨਾਤੀ[੨]।
ਜੋ ਅਨੁਸਾਰ ਰਹਹਿਂ ਸਭਿ ਭਾਂਤੀ ॥੨੦॥
ਤਿਸ ਢਿਗ ਸੰਗਤਿ ਕੋ ਲੈ ਜੈ ਹੈਂ।
ਦਰਬ ਅਕੋਰਨਿ ਕੋ ਅਰਪੈ ਹੈਂ।
ਜਿਸ ਕੋ ਨਹਿਂ ਦੇਖਹਿਂ ਅਨੁਸਾਰੀ।
ਤਿਸ ਤੇ ਕਰਹਿਂ ਹਟਾਵਨਿ ਸਾਰੀ ॥੨੧॥
ਬੈਠਜੋ ਰਹੈ ਕਛੂ ਨਹਿਂ ਸਰੈ।
ਸਭਿ ਸੋਢੀ ਹਮ ਤੇ ਤਬਿ ਡਰੈਂ।
ਜਿਸ ਹਮ ਚਾਹੈਂ ਗੁਰੂ ਬਨਾਵੈਂ।

---

[੧]ਵਸਤ੍ਰ ਆਦਿ ਸ੍ਰੇਸ਼ਟ ਵਸਤੂ ਨੂੰ।
[੨]ਪੋਤੇ। (ਅ) ਦੋਹਤ੍ਰੇ।

ਬਨੇ ਗੁਰੂ ਕੋ ਤੁਰਤ ਹਟਾਵੈਂ' ॥੨੨॥
ਮਿਲਹਿਂ ਮਸੰਦ ਪਰਸਪਰ ਕਹੈਂ।
'ਤੌ ਇਸ ਬਿਧਿ ਹਮ ਆਛੀ ਅਹੈ।
[1]ਕਰਹਿਂ ਨਮੂਨਾ ਸੋਢੀ ਕੋਇ।
ਬੈਠਜੋ ਰਹੈ ਅਪਨਿ ਘਰ ਸੋਇ ॥੨੩॥
ਲੇਨਿ ਦੇਨਿ ਸਭਿ ਹਮਰੇ ਹਾਥ[1]।
ਸੰਚਹੁ ਧਨ, ਭੁਗਤਹੁ ਸੁਖ ਸਾਥ।'
ਇਮ ਨਿਰਭੈ ਹੁਇ ਬਿਚਰਨਿ ਲਾਗੇ।
ਜਿਸ ਕੋ ਪਿਖਹਿਂ ਦੀਨ ਨਿਜ ਆਗੇ ॥੨੪॥
ਤਿਸ ਕੇ ਨਿਕਟਿ ਜਾਹਿਂ ਲੇ ਸੰਗਤਿ।
ਮਹਿਮਾ ਕਹੈਂ ਬੈਠਿ ਵਿਚ ਪੰਗਤਿ।
'ਅਬਿ ਇਸ ਕੇ ਢਿਗ ਹੈ ਗੁਰਿਆਈ।
ਪੁਰਹੁ ਕਾਮਨਾ ਲਗਿ ਕਰਿ ਪਾਈ' ॥੨੫॥
ਅਨਿਕ ਰੀਤਿ ਕੇ ਕਰਿ ਉਪਦੇਸ਼।
ਲੇ ਸਿੱਖਨਿ ਤੇ ਦਰਬ ਵਿਸ਼ੇਸ਼[*]।
ਇਸ ਪ੍ਰਕਾਰ ਰੌਰਾ[+] ਪਰਿ ਗਇਊ।
ਸਭਿ ਬਿਵਹਾਰ ਬਿਪਰਜੈ[2] ਭਇਊ ॥੨੬॥
ਕਿਸ ਕਾਰਨ ਤੇ ਜਿਮ ਭੂਪਾਲਾ।
ਛਪਿ ਕਰਿ ਬੈਠਹਿ ਬਨੈ ਨਿਰਾਲਾ।
ਪ੍ਰਜਾ ਬਿਖੈ ਸਭਿ ਦੇਸ਼ਨਿ ਠੌਰਾ।
ਉਚਿਤ ਅਨੁਚਿਤ ਪਰਹਿ ਬਡ ਰੌਰਾ ॥੨੭॥
ਜਥਾ ਪੁਰੰਦਰ[3] ਅੰਦਰ ਤੋਇ[4]।
ਕਮਲ ਨਾਲਕਾ[5] ਮਹਿ ਥਿਰ ਹੋਇ।
ਛਪ ਕਰਿ ਰਹਜੋ ਨ ਜਾਨਜੋਂ ਕਾਹੂੰ।
ਪਰਜੋ ਰੌਰ ਸਭਿ ਦੇਵਨ ਮਾਹੂੰ ॥੨੮॥

---

[1]ਭਾਵ ਕਿਸੇ ਸੋਢੀ ਨੂੰ ਨਮੂਨੇ ਮਾਤ੍ਰ ਗੁਰੂ ਬਨਾ ਦੇਈਏ ਜੋ ਅਪਣੇ ਘਰ ਬੈਠਾ ਰਹੇ ਤੇ ਲੈਣ ਦੇਣ ਸਭ ਸਾਡੇ ਹੱਥ ਰਹੇ।
[*]ਪਾ:-ਸਿੱਖਨਿ ਤੇ ਦ੍ਰਬ ਹਰਹਿਂ ਵਿਸ਼ੇਸ਼।
[+]ਇੱਥੇ ਕੇਵਲ ਰੌਲੇ ਮਾਤ੍ਰ ਦੇ ਦ੍ਰਿਸ਼ਟਾਂਤ ਦਿੱਤੇ ਹਨ, ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ।
[2]ਉਲਟ।
[3]ਇੰਦ੍ਰ।
[4]ਜਲ।
[5]ਇੰਦਰ ਦੇ ਛਪ ਜਾਣ ਤੇ ਜੋ ਘਬਰਾਹਟ ਦੇਵਤਿਆਂ ਵਿਚ ਹੋਈ, ਉਸ ਘਬਰਾਹਟ ਮਾਤ੍ਰ ਦਾ ਦ੍ਰਿਸ਼ਟਾਂਤ ਹੈ। ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ।

ਤਿਮ ਸਤਿਗੁਰ ਕੇ ਘਰ ਮੈ ਹੋਵਾ+।
ਨਹਿਂ ਕਸੋਂਹੂੰ++ ਨਿਰਨੇ ਕਰਿ ਜੋਵਾ।
ਸਿਖ ਸੰਗਤਿ ਸਭਿ ਭੂਲੀ ਫਿਰੈ।
ਗੁਰੂ ਨ ਜਾਨਹਿਂ, ਸੰਸੈ ਧਰੈ ॥੨੯॥
ਬੀਚ ਬਕਾਲੇ ਮੰਜੀ ਲਾਇ।
ਗੁਰ ਬਾਈਸ ਭਏ ਮੁਦ ਪਾਇ।
ਆਪ ਆਪ ਕੋ ਬਡੇ ਕਹਾਵੈ।
ਸੰਗ ਸ਼ਰੀਕਨਿ ਦ੍ਰੋਹ ਕਮਾਵੈਂ ॥੩੦॥
ਨਿੰਦਾ ਕਰਹਿਂ 'ਕਹਾਂ ਸੋ ਜਾਨੈ[1]?
'ਕਹਾਂ ਸ਼ਕਤਿ ਅਪਰਨਿ ਮਹਿਂ' ਠਾਨੈ[2]।
'ਮੈਂ ਗੁਰ ਬਨਜੋਂ ਪਾਇ ਗੁਰਿਆਈ।
ਅਪਰ ਲੋਭ ਹਿਤ ਕਹਿਂ ਪੁਜਵਾਈ' ॥੩੧॥
ਧੀਰਮੱਲ ਤੇ ਆਦਿਕ ਬ੍ਰਿੰਦ।
ਨਿਜ ਘਰ ਤਜਾਗੇ ਰਿਦੇ ਅਨੰਦ।
ਬਸੇ ਆਇ ਕਰਿ ਬੀਚ ਬਕਾਲੇ*।
ਬਿਸਤਾਰਹਿਂ ਪਾਖੰਡ ਬਿਸਾਲੇ ॥੩੨॥
ਧਨ ਕੀ ਬਿਭੌਂ[3] ਜਿਤਿਕ ਜਿਸ ਪਾਹੀ।
ਸੰਗਤਿ ਕੋ ਨਿਕਾਸਿ ਦਿਖਰਾਹੀਂ।
ਭੋਰੇ ਸਿਖ ਦੇਖਿ ਬਿਰਮਾਵੈਂ।
ਆਨਿ ਦਰਬ ਕੋ ਭੇਟ ਚਢਾਵੈਂ ॥੩੩॥
ਤਿਨ ਕੋ ਬਹੁ ਬਿਧਿ ਦੇਤਿ ਦਿਲਾਸਾ।
'ਪੂਰਨ ਕਰਹਿਂ ਸਕਲ ਤੁਮ ਆਸਾ।
ਮੋ ਬਿਨ ਗੁਰ ਸੋਢੀ ਨਹਿਂ ਕੋਊ।
ਕਬਹਿ ਨ ਮਿਲਹੁ ਕਹਹਿ ਕਿਮ ਸੋਊ' ॥੩੪॥
ਇਮ ਧਨ ਲੋਭ ਦੇਖਿ ਸਿਖ ਸਜਾਨੇ।
ਕਰਾਮਾਤ ਛੂਛੇ ਪਹਿਚਾਨੇ।

---

+ਦੇਖੋ ਪਿਛਲੇ ਪੰਨੇ ਤੇ ਇਸੇ ਨਿਸ਼ਾਨ ਦੀ ਟੂਕ।
++ਪਾ:-ਕਿਨਹੂੰ।
[1]ਨਿੰਦਾ ਕਰਦੇ ਹਨ:-ਕਿ ਓਹ ਕੀ ਜਾਣਦਾ ਹੈ!
[2]ਹੋਰਨਾਂ ਵਿਚ ਕਿੱਥੇ ਸ਼ਕਤੀ ਹੈ? (ਇਹ ਗੱਲ) ਪੱਕੀ ਕਰਦੇ ਹਨ ਅਥਵਾ ਇਹ ਗੱਲ ਮਨ ਵਿਚ ਪੱਕੀ ਕਰਦੇ ਹਨ।
*ਬਾਹਰੋਂ ਆਕੇ ਵੱਸੇ ਹਨ, ਪਹਿਲਾਂ ਬਕਾਲੇ ਨਹੀਂ ਸਨ ਵਸਦੇ; ਕਵਿ ਜੀ ਆਪ ਦੱਸਦੇ ਹਨ।
[3]ਵਿਭੂਤੀ।

ਹਟਕ ਰਹੇ, ਨਹਿਂ ਮਿਲਿਬੋ ਠਾਨਹਿਂ।
ਗੁਰ ਕੋ ਗੁਨ ਜਾਨੈ ਤਊ ਮਾਨਹਿਂ ॥੩੫॥
ਕਹੌਂ ਪ੍ਰਸੰਗ ਕਹਾਂ ਲਗਿ ਔਰਾ।
ਸਿਖ ਸੰਗਤਿ ਮਹਿਂ ਜੇਤਿਕ ਰੌਰਾ।
ਸ੍ਰੀ ਗੁਰ ਤੇਗ ਬਹਾਦਰ ਚੰਦ।
ਸਦਾ ਲੇਤਿ ਰਸ ਗਜਾਨਾਨੰਦ ॥੩੬॥
ਨਹੀਂ ਅਪਨਪੌ ਕਰਹਿਂ ਲਖਾਈ।
ਘਰ ਅੰਤਰ ਥਿਰ ਰਹਹਿਂ ਗੁਸਾਈਂ।
ਮਾਤ ਨਾਨਕੀ ਸਭਿ ਮਨ ਜਾਨੀ।
ਸਿਮਰਤਿ ਭਰਤਾ ਕੀ ਬਰ ਬਾਨੀ ॥੩੭॥
-ਸੋ ਅਬਿ ਸਮਾ ਪਹੂਚਯੋ ਆਈ।
ਮਮ ਸੁਤ ਕੋ ਹੁਇ ਹੈ ਗੁਰਿਆਈ-।
ਘਰ ਅੰਤਰ ਬੈਠਹਿ ਨਿਤ ਹੇਰਹਿ।
ਬਿਦਤਨਿ ਹੇਤੁ ਪੁੱਤ੍ਰ ਤੋ ਪ੍ਰੇਰਹਿ ॥੩੮॥
ਅਪਰ ਸੋਢੀਅਨਿ ਕੀ ਪਿਖਿ ਗਾਥਾ।
ਕਹਿ ਬਹੁ ਬਾਰ ਆਤਮਜ[1] ਸਾਥਾ।
'ਗਾਦੀ ਕੇ ਮਾਲਿਕ ਤੁਮ ਬਨਹੁ।
ਰੌਰਾ ਪਰਯੋ ਸਰਬ ਕੋ ਹਨਹੁਂ' ॥੩੯॥
ਸੁਨਿ ਸ੍ਰੀ ਤੇਗ ਬਹਾਦਰ ਸ੍ਰੌਨ।
ਇਕ ਰਸ ਥਿਰੇ ਧਰੇ ਮੁਖ ਮੌਨ।
ਆਗੇ ਕਥਾ ਕਹੌਂ ਇਨ ਕੇਰੀ।
ਜਿਮ ਬਿਦਤਹਿਂ ਪਿਖਿ ਪ੍ਰੀਤਿ ਘਨੇਰੀ ॥੪੦॥
ਦਸਮ ਰਾਸਿ ਅਬਿ ਪੂਰਨ ਕੀਨਿ।
ਸਤਿਗੁਰ ਚਰਨ ਕਮਲ ਚਿਤ ਦੀਨਿ।
ਕਵਿ ਸੰਤੋਖ ਸਿੰਘ ਦ੍ਵੈ ਕਰ ਜੋਰਿ।
ਬਾਰੰਬਾਰ ਨਿਹੋਰਿ ਨਿਹੋਰਿ[2] ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਸ੍ਰੀ ਹਰਿਕ੍ਰਿਸ਼ਨ ਕਥਾ ਪ੍ਰਸੰਗ' ਬਰਨਨੰ ਨਾਮ ਛਠ ਪੰਚਾਸਤੀ ਅੰਸੂ ॥੫੬॥

ਦਸਮੀ ਰਾਸ ਸੰਮਾਪਤੰ ਮਸਤੁ ਸ਼ੁਭ ਮਸਤ ॥

[ਦਸਵੀਂ ਰਾਸ਼ਿ ਸੰਪੂਰਨ ਹੋਈ]

---

[1]ਪੁੱਤ੍ਰ।
[2]ਨਮਸਕਾਰ ਕਰ ਕਰਕੇ।